
Digitized by Arya Samaj Foundation Chennai and eGangotri

# ਭੁੱਲੀਆਂ ਵਿਸਰੀਆਂ ਯਾਦਾਂ



ਪਿਆਰਾ ਸਿੰਘ ਦਾਤਾ

CC-0. In Public Domain. Gurukul Kangri Collection

# ਭੁੱਲੀਆਂ ਵਿਸਰੀਆਂ ਯਾਦਾਂ

ਪਿਆਰਾ ਸਿੰਘ ਦਾਤਾ

Samai Foundation Chennai

ਮੈਂ, ਦਾਤਾ ਜੀ ਦੇ ਹਸਦੇ ਪਰਿਵਾਰ, ਦਾਤਾ ਜੀ ਦੇ 'ਅਪ੍ਰੈਲ ਫੂਲਾਂ', 'ਆਪ ਬੀਤੀਆਂ' ਤੇ ਉਨ੍ਹਾਂ ਦੇ ਮੂੰਹ ਮੀਟੀ ਲਾਚੀ ਵਾਂਗ ਐਨ ਵੇਲੇ ਸਿਰ ਮਹਿਕ ਦੇਣ ਦਾ ਬੇਹਦ ਦੇਣਦਾਰ ਹਾਂ, ਤੇ ਉਨ੍ਹਾਂ ਦੀ ਲੰਮੀ ਉਮਰ, ਤੇ ਖਿੜਖਿੜਾਂਦੀ ਸਫਲਤਾ ਲਈ ਪ੍ਰਾਰਥਨਾ ਕਰਦਾ ਹਾਂ।

**ਗੁਰਬਖ਼ਸ਼ ਸਿੰਘ ਪ੍ਰੀਤਲੜੀ**

ਪਿਆਰਾ ਸਿੰਘ 'ਦਾਤਾ' ਨੂੰ ਹਸਣ ਹਸਾਣ ਦੀ ਆਦਤ ਹੀ ਨਹੀਂ, ਠਰਕ ਵੀ ਹੈ। ਉਸ ਦੇ ਮੂੰਹੋਂ ਨਿਕਲੀ ਹਰ ਗੱਲ, ਚੁਟਕਲਾ, ਹਰ ਇਕ ਸੰਬੋਧਨ 'ਛੇੜ ਛਾੜ' ਤੇ ਹਰ ਮਜ਼ਮੂਨ 'ਗੋਲ ਗੱਪਾ' ਹੁੰਦਾ ਹੈ। ਰੋਂਦਿਆਂ ਨੂੰ ਹਸਣ ਹਸਾਣ ਦੀ ਕਲਾ, ਜੇ ਮੈਂ ਕਿਸੇ ਵਿਚ ਵੇਖੀ ਹੈ, ਤਾਂ ਬਸ ਇਸੇ ਬੰਦੇ ਵਿਚ। **ਨਾਨਕ ਸਿੰਘ ਨਾਵਲਕਾਰ**

. . .ਦਾਤਾ ਜੀ ਦਾ ਮੁਸਕਰਾਹਟਾਂ ਦਾ ਖੇੜਾ ਤੇ ਹਾਸਿਆਂ ਦੀ ਛਣਕਾਰ ਉਹੀ ਹੈ। ਸਤਿਕਾਰ ਦੀ ਨਿਮਰਤਾ ਤੇ ਪਿਆਰ ਦਾ ਨਿਘ ਡੂੰਘੇਰਾ ਹੁੰਦਾ ਜਾ ਰਿਹਾ ਹੈ। ਉਮਰ ਇਨ੍ਹਾਂ ਨੂੰ ਬੁਢਿਆਂ ਨਹੀਂ ਕਰ ਸਕੀ, ਕਿਉਂਕਿ ਇਨ੍ਹਾਂ ਦੀ ਆਤਮਾ ਪ੍ਰਕਾਸ਼ਵਾਨ ਹੈ। ਇਨ੍ਹਾਂ ਦੇ ਦਿਲ ਤੇ ਕੋਈ ਭਾਰ ਨਹੀਂ। ਮੇਰੀ ਅਰਦਾਸ ਹੈ, ਕਿ ਇਹ ਸਾਹਿਤ ਦੇ ਇਸ ਅਣਛੋਹੇ ਭਾਗ ਦੀ ਚਿਰਾਂ ਤਕ ਸੇਵਾ ਕਰਦੇ ਰਹਿਣ, ਵਧਦੇ ਰਹਿਣ, ਫੁਲਦੇ ਰਹਿਣ, ਤੇ ਫਲਦੇ ਰਹਿਣ।

**ਸੋਭਾ ਸਿੰਘ ਆਰਟਿਸਟ**

ਸ੍ਰੀ ਪਿਆਰਾ ਸਿੰਘ ਦਾਤਾ ਨੇ ਆਪਣੀ ਉਮਰ ਦੇ ਪੈਰਾਂ ਅਗੇ ਕਈ ਪਰਬਤਾਂ ਦੀ ਯਾਤਰਾ ਵਿਛਾਈ ਹੋਈ ਹੈ। ਕਈ ਘਾਟੀਆਂ ਦਾ ਵੇਰਵਾ ਉਨ੍ਹਾਂ ਨੇ ਕਲਮਬੰਦ ਕੀਤਾ ਹੈ। ਕਈ ਪਹਾੜੀ ਝਰਨਿਆਂ ਦੀਆਂ ਬੂੰਦਾਂ ਨੂੰ ਉਨ੍ਹਾਂ ਅੱਖਰ ਬਣਾਇਆ ਹੈ। **ਅੰਮ੍ਰਿਤਾ ਪ੍ਰੀਤਮ**

ਪਿਆਰਾ ਸਿੰਘ 'ਦਾਤਾ' ਦਾ ਹਾਸਾ, ਸ਼ੁਧ, ਨਿਰਮਲ, ਉਜਲ ਹਾਸਾ ਹੈ। ਉਹ ਮੇਰੇ ਮਨ ਵਿਚ ਕਿਸੇ ਬਾਰੇ ਵਿਸ ਨਹੀਂ ਘੋਲਦਾ। ਇਸੇ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਇਹ ਸ਼ਬਦ ਮੈਂ ਉਨ੍ਹਾਂ ਪ੍ਰਤੀ ਸੁਹਿਰਦ ਸ਼ਰਧਾਂਜਲੀ ਦੇ ਰੂਪ ਵਿਚ ਲਿਖੇ ਹਨ। **ਡਾ: ਹਰਿਭਜਨ ਸਿੰਘ**

ਪਿਆਰਾ ਸਿੰਘ ਨਾਲੋਂ ਮੈਂ 'ਦਾਤੇ' (ਪਿੰਡ ਦਾਤਾ) ਨੂੰ ਵਧੀਕ ਜਾਣਦਾ ਹਾਂ। ਜੀਵਣ ਯਾਤਰਾ ਵਿਚ ਪਿਆਰਾ ਸਿੰਘ ਨਾਲੋਂ 'ਦਾਤੇ' ਨਾਲ ਮੇਰੀਆਂ ਮੁਲਾਕਾਤਾਂ ਵੀ ਬੜੀਆਂ ਹੋਈਆਂ। ਪਿਆਰਾ ਸਿੰਘ 'ਦਾਤਾ' ਨੂੰ ਪੜ੍ਹਕੇ ਮੈਂ ਸਮਝ ਗਿਆ, ਕਿ ਇਹ ਸਭ 'ਦਾਤੇ' ਦੀ ਬਰਕਤ ਹੈ।

**ਗਿ: ਗੁਰਮੁਖ ਸਿੰਘ ਮੁਸਾਫ਼ਰ**

ai and eGangotri
ollection, Haridwar

Digitized by Arya Samaj Foundation Chennai and eGangotri

DONATION

8595

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭੁੱਲੀਆਂ ਵਿਸਰੀਆਂ ਯਾਦਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਲੇਖਕ ਦੀਆਂ ਚੋਣਵੀਆਂ ਰਚਨਾਵਾਂ

*ਸਫ਼ਰਨਾਮਾ :*
ਮੇਰੀ ਪਰਬਤ ਯਾਤਰਾ, ਬਿਖੜੇ ਪੈਂਡੇ, ਸੈਲਾਨੀ ਦੀ ਪ੍ਰਦੇਸ ਯਾਤਰਾ, ਸੈਲਾਨੀ ਦੀ ਦੇਸ ਯਾਤਰਾ, ਸੈਲਾਨੀ ਦੀ ਦੇਸ-ਪ੍ਰਦੇਸ ਯਾਤਰਾ, ਯਾਤਰੀ ਦੇ ਸਫ਼ਰਨਾਮੇ, ਸੈਲਾਨੀ, ਪਹਾੜੀ ਯਾਤਰਾ

*ਹਾਸ ਵਿਅੰਗ :*
ਆਪ ਬੀਤੀਆਂ, ਅਕਾਸ਼ਬਾਣੀ, ਅਪ੍ਰੈਲ ਫੂਲ, ਦੁਰਗਤੀਆਂ, ਅਠਖੇਲੀਆਂ, ਜ਼ਿੰਦਾ ਸ਼ਹੀਦ, ਲੂਣ ਦਾ ਪਹਾੜ, ਨਵਾਂ ਰੇਡੀਓ, ਮਿਠੀਆਂ ਟਕੋਰਾਂ,
ਪਿਆਰਾ ਸਿੰਘ ਦਾਤਾ ਤੇ ਉਸਦਾ ਹਾਸ ਵਿਅੰਗ

*ਇਤਿਹਾਸ :*
ਸਿਖ ਇਤਿਹਾਸ ਦੇ ਖੂਨੀ ਪਤਰੇ, ਸਿਖ ਸ਼ਹੀਦ, ਇਨਕਲਾਬੀ ਯੋਧਾ, ਮਹਾਰਾਜਾ ਦਲੀਪ ਸਿੰਘ, ਸਭ ਤੋਂ ਵੱਡਾ ਸਤਿਗੁਰ ਨਾਨਕ, ਵਤਨ ਦੇ ਸ਼ਹੀਦ, ਦੇਸ਼ ਭਗਤ ਪਰਵਾਨੇ, ਜਵਾਹਰਲਾਲ ਨਹਿਰੂ, ਆਜ਼ਾਦ ਹਿੰਦ ਫੌਜ

The Sikh Empire
Baba Banda Singh Bahadur

*ਖੋਜ ਪ੍ਰਬੰਧ :*
ਪਿਆਰਾ ਸਿੰਘ ਦਾਤਾ ਦੇ ਸਫ਼ਰਨਾਮੇ
(ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ)
ਪਿਆਰਾ ਸਿੰਘ ਦਾਤਾ ਤੇ ਉਸਦਾ ਹਾਸ ਵਿਅੰਗ
(ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭੁੱਲੀਆਂ ਵਿਸਰੀਆਂ ਯਾਦਾਂ

DONATION
पुस्तकालय
पुस्तकालय
गुरुकुल कांगड़ी विश्वविद्यालय

ਪਿਆਰਾ ਸਿੰਘ 'ਦਾਤਾ'

85995

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ,
ਦਿੱਲੀ-110006

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Bhulian Visrian Yadan (Memoirs)
By : Piara Singh Data

ISBN 81-7116-138-3

1993

ਪ੍ਰਕਾਸ਼ਕ
ਨੈਸ਼ਨਲ ਬੁਕ ਸ਼ਾਪ,
ਪਲੱਈਅਰ ਗਾਰਡਨ ਮਾਰਕਿਟ
ਚਾਂਦਨੀ ਚੌਕ, ਦਿੱਲੀ-110006

ਪ੍ਰਿੰਟਰ
ਨੈਸ਼ਨਲ ਪ੍ਰੈਸ ਆਫ਼ ਇੰਡੀਆ,
ਚਾਂਦਨੀ ਚੌਕ (ਮੋਤੀ ਸਿਨਮਾ ਦੇ ਸਾਹਮਣੇ)
ਦਿੱਲੀ 110006

ਆਰਟਿਸਟ-ਸੁਖਵੰਤ

ਮੁੱਲ 200 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਮਰਪਨ

ਉਸ ਦੇਸ਼ ਪੰਜਾਬ ਨੂੰ
ਜੋ ਪਿਸ਼ਾਵਰ ਤੋਂ ਲੈਕੇ ਦਿੱਲੀ ਤਕ
ਪਸਰਿਆ ਹੋਇਆ ਸੀ।

ਭੈਣ ਨਾਨਕੀ ਤੇ ਨੰਦ ਕੌਰ ਨੂੰ
ਜੋ ਭਰ ਜਵਾਨੀ ਵਿਚ ਹੀ
ਪਰਿਵਾਰ ਨੂੰ ਵਿਛੋੜਾ ਦੇ ਗਈਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੂਚੀ


| | | |
|---|---|---|
| ਸ਼ੁਭ ਕਾਮਨਾਵਾਂ | ਪ੍ਰਿੰ. ਸੁਜਾਨ ਸਿੰਘ ਕਹਾਣੀਕਾਰ | 1 |
| ਆਪਣੀ ਗੱਲ | | ੩ |
| ਸਾਡਾ ਪਿੰਡ | | ੭ |
| ਸਾਡਾ ਪਰਿਵਾਰ | | 20 |
| ਉਬਰਾਏ ਜਾਤੀ | | 24 |
| ਪੋਠੋਹਾਰ | | 28 |
| ਖ਼ਾਲਸਾ ਹਾਈ ਸਕੂਲ ਸੁਖੋ, ਸੱਯਦ | | 33 |
| ਅਕਾਲੀ ਲਹਿਰ ਵਿੱਚ ਸ਼ਾਮਲ | | 48 |
| ਰਾਵਲਪਿੰਡੀ | | 55 |
| ਸ਼ਾਦੀ | | 71 |
| ਲੂਣ ਦੇ ਪਹਾੜ ਦੀ ਪ੍ਰਾਪਤੀ | | 83 |
| ਰਾਜਸੀ ਸਰਗਰਮੀਆਂ | | 99 |
| ਕਸ਼ਮੀਰ ਦੀ ਸਾਈਕਲ ਯਾਤਰਾ | | 107 |
| ਪ੍ਰੀਤ ਨਗਰ | | 114 |
| ਲਾਹੌਰ | | 134 |
| ਮੁੜ ਪ੍ਰੀਤ ਨਗਰ | | 149 |
| ਪ੍ਰੀਤ ਨਗਰੋਂ ਅੰਮ੍ਰਿਤਸਰ | | 162 |
| ਪ੍ਰੀਤ ਕਾਫ਼ਲਾ ਦਿੱਲੀ ਨੂੰ | | 168 |
| ਲਾਹੌਰ ਯਾਤਰਾ | | 197 |
| ਕਰਜ਼ | | 206 |
| ਬੈਂਕਾਕ ਯਾਤਰਾ | | 212 |
| ਜ਼ਿੰਦਗੀ ਤੇ ਮੌਤ ਵਿੱਚਕਾਰ | | 221 |
| ਮਨੁੱਖਤਾ ਅਜੇ ਜੀਉਂਦੀ ਹੈ | | 231 |




CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri

ਨਵਾਂ ਸਾਹਿਤ ਦਾ ਅਰੰਭ ਤੇ ਅੰਤ 235
ਤਿੰਨ ਮਹਾਨ ਸ਼ਖਸੀਅਤਾਂ
1. ਬਾਊ ਕਪੂਰ ਸਿੰਘ ਜੀ 240
2. ਡਾ: ਰਾਮ ਸਿੰਘ ਜੀ 245
3. ਪ੍ਰੋ. ਉਜਾਗਰ ਸਿੰਘ ਜੀ 249
ਮਿੱਤਰ ਸਾਹਿਤਕਾਰ 256
1. ਸ: ਗੁਰਬਖਸ਼ ਸਿੰਘ 257
2. ਸ: ਨਾਨਕ ਸਿੰਘ 263
3. ਕਲਾਕਾਰ ਸੋਭਾ ਸਿੰਘ 270
4. ਸ਼੍ਰੀ ਬਲਰਾਜ ਸਾਹਨੀ 279
5. ਡਾ: ਐਮ. ਐਸ. ਰੰਧਾਵਾ 285
6. ਸ੍ਰ. ਦੀਵਾਨ ਸਿੰਘ ਮਫਤੂੰ 291
ਅੰਤਕਾ:
ਜ਼ਿੰਦਗੀ ਦੀ ਸ਼ਾਮ 295



CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri



*ਪਿਆਰਾ ਸਿੰਘ 'ਦਾਤਾ' 1991*

CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri



ਪੰਜਾਬੀ ਅਕਾਦਮੀ ਦਿੱਲੀ 1985 ਐਵਾਰਡ ਰਾਜਪਾਲ ਸ੍ਰੀ ਐਮ:ਕੇ: ਵਲੀ
ਹਥੋਂ ਪ੍ਰਾਪਤ ਕਰਦਿਆਂ ਹੋਇਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭੂਤਪੂਰਵ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਇਕ ਮੁਲਾਕਾਤ

DONATION

CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri



ਪਿਆਰਾ ਸਿੰਘ 'ਦਾਤਾ' ਕਲਾਕਾਰ ਸੋਭਾ ਸਿੰਘ ਤੇ ਡਾ: ਜਸਵੰਤ ਗਿੱਲ ਨਾਲ

CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri



ਪਿਆਰਾ ਸਿੰਘ ਦਾਤਾ ਤੇ ਉਹਨਾਂ ਦਾ ਪਰਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਿਆਰਾ ਸਿੰਘ 'ਦਾਤਾ' ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾ
ਨਾਲ ਇਕ ਮੁਲਾਕਾਤ ਸਮੇਂ

CC-0. In Public Domain. Gurukul Kangri Collection, Haridwar


Digitized by Arya Samaj Foundation Chennai and eGangotri



ਭੂਤਪੂਰਵ ਰਾਸ਼ਟਰਪਤੀ ਵਨਕੱਟਰਮਨ ਨੂੰ ਪੁਸਤਕ ਭੇਟ ਕਰਦਿਆਂ ਹੋਇਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਜਿਉਂ: ਗਿਆਨੀ ਜ਼ੈਲ ਸਿੰਘ, ਸ੍ਰੀਮਤੀ ਸਤਵੰਤ ਕੌਰ ਤੇ ਪਿਆਰਾ ਸਿੰਘ 'ਦਾਤਾ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਸ਼ੁਭ ਕਾਮਨਾਵਾਂ!

ਪਿਆਰਾ ਸਿੰਘ ' ਦਾਤਾ' ਦਾ ਅਧੁਨਿਕ ਪੰਜਾਬੀ ਸਾਹਿਤ ਦੀ ਵਾਰਤਕ ਵਿੱਚ ਇੱਕ ਨਿਸਚਿਤ ਸਥਾਨ ਹੈ। ਅਧੁਨਿਕ ਪੰਜਾਬੀ ਵਾਰਤਕ ਵਿੱਚ ਹਾਸ-ਰਸ ਦੇ ਲੇਖਕ ਪੋਟਿਆਂ ਤੇ ਗਿਣੇ ਜਾਣ ਵਾਲੇ ਹੀ ਹੋਏ ਹਨ। ਵਾਰਤਕ ਹਾਸ-ਰਸ ਦਾ ਮੁੱਢ ਸ. ਸ. ਚਰਨ ਸਿੰਘ ਸ਼ਹੀਦ ਦੇ ਬਾਬਾ ਵਰਿਆਮਾ ਉਪਨਾਮ ਹੇਠਾਂ ਉਨ੍ਹਾਂ ਦੇ ਮੌਜੀ ਅਖਬਾਰ ਵਿਚ ਪ੍ਰਕਾਸ਼ਿਤ ਹੋਏ ਲੇਖਾਂ ਤੋਂ ਹੀ ਸਮਝਣਾ ਚਾਹੀਦਾ ਹੈ। ਹਾਸ ਰਸ ਦੀ ਕੀਮਤ ਵਧ ਜਾਂਦੀ ਹੈ, ਜੇ ਉਸ ਵਿੱਚ ਵਿਅੰਗ ਵੀ ਸ਼ਾਮਲ ਹੋਵੇ। ਇਹੋ ਜੇਹੀ ਰਚਨਾ ਨੂੰ ਹਾਸ ਵਿਅੰਗ ਕਹਿੰਦੇ ਹਨ। ਬਾਬਾ ਵਰਿਆਮਾ ਤੋਂ ਗੁਰਨਾਮ ਸਿੰਘ ਤੀਰ (ਚਾਚਾ ਚੰਡੀਗੜੀਆ) ਤਕ ਕੇਵਲ ਚਾਰ-ਪੰਜ ਈ ਵਾਰਤਕ ਹਾਸ ਵਿਅੰਗ ਲੇਖਕ ਹੋਏ ਹਨ। ਇਸ ਲੜੀ ਵਿੱਚ ਪਿਆਰਾ ਸਿੰਘ 'ਦਾਤਾ' ਇਕ ਵਿਸ਼ੇਸ਼ ਚਮਕਦਾ ਮੋਤੀ ਹੈ।

ਦਾਤਾ ਜੀ ਨੇ ਕੇਵਲ ਹਾਸ-ਵਿਅੰਗ ਹੀ ਨਹੀਂ ਲਿਖਿਆ। ਉਸ ਨੇ ਗੰਭੀਰ ਵਾਰਤਕ ਰਚਨਾਵਾਂ ਵੀ ਕੀਤੀਆਂ ਹਨ। ਉਹ ਸ੍ਵੈ ਨਿਰਮਿਤ ਵਿਅਕਤੀ ਹੈ। ਉਸ ਨੇ ਆਪਣੇ ਜੀਵਣ ਵਿੱਚ ਕਈ ਉਚਾਈਆਂ ਨੀਵਾਈਆਂ ਦੇਖੀਆਂ ਹਨ। ਉਸ ਦੇ ਆਪਣੇ ਜੀਵਨ-ਅਨੁਭਵ ਬਹੁ ਭਾਂਤੀ ਹਨ। ਇਸ ਲਈ ਉਸ ਨੇ ਆਪਣੀਆਂ ਯਾਦਾਂ ਵਿਚੋਂ ਕਈ ਕੀਮਤੀ ਲੇਖ ਲਿਖੇ ਹਨ। ਔਖਾਂ-ਸੌਖਾਂ ਭਰੀ ਜ਼ਿੰਦਗੀ ਦੇ ਹੁੰਦਿਆਂ ਵੀ ਉਹ ਅਸਾਧ ਯਾਤਰੂ ਰਿਹਾ ਹੈ। ਪਹਾੜਾਂ ਦੀ ਸੁੰਦਰਤਾ ਉਸ ਨੂੰ ਆਕਰਸ਼ਿਤ ਕਰਦੀ ਰਹਿੰਦੀ ਹੈ। ਔਖਾਂ ਦੀ ਪਰਵਾਹ ਨਾ ਕਰਦਿਆਂ ਕਈ ਵਾਰ ਉਹ ਆਪਣੇ ਦੋਸਤਾਂ ਨਾਲ, ਤੇ ਜੇ ਉਹ ਨਾ ਹੋਣ, ਤਾਂ ਇਕੱਲਾ ਹੀ ਪਹਾੜਾਂ ਦੀ ਸੈਰ ਨੂੰ ਨਿਕਲ ਜਾਂਦਾ ਹੈ। ਉਸ ਨੇ ਪੈਦਲ ਤੁਰ ਕੇ ਹਿਮਾਲੇ ਦੇ ਕਈ ਉਚੇ ਜੰਗਲ, ਨਦੀਆਂ-ਨਾਲੇ, ਝੀਲਾਂ, ਗਲੇਸ਼ੀਅਰ ਸਰ ਕੀਤੇ ਹਨ। ਇਨ੍ਹਾਂ ਯਾਤਰਾਂ ਬਾਰੇ ਉਸ ਨੇ ਖੂਬਸੂਰਤ ਲੇਖ ਲਿਖੇ ਹਨ।

ਹੁਣ ਉਸ ਨੇ ਆਪਣੀ ਸ੍ਵੈ ਜੀਵਨੀ ਲਿਖੀ ਹੈ। ਉਸ ਦੀ ਕਰੜੀ ਜ਼ਿੰਦਗੀ ਦੇ ਤਜਰਬੇ ਬੜੇ ਕੀਮਤੀ ਹਨ। ਕਿੱਦਾਂ ਇੱਕ ਸਿਦਕੀ ਜਿਊੜਾ ਲਗਾਤਾਰ ਮਿਹਨਤ ਨਾਲ ਸਫ਼ਲਤਾਵਾਂ-ਅਸਫ਼ਲਤਾਵਾਂ ਨੂੰ ਪਾਰ ਕਰ ਕੇ ਮਾਨਸਿਕ ਤੇ ਰੂਹਾਨੀ ਸਫ਼ਲਤਾ ਤਕ ਪਹੁੰਚਦਾ ਹੈ, ਉਹ ਸਾਰੇ ਪੜਾ ਇਸ ਵਿਚ ਦਰਜ ਹਨ। ਨਿਰਾਸ ਵਿਅਕਤੀਆਂ ਨੂੰ ਆਸ ਬਨ੍ਹਾਉਣ ਵਾਲੀ ਇਹ ਰਚਨਾ ਹੈ। ਜਿਸ ਲਈ ਮੈਂ ਦਾਤਾ ਜੀ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਘਲਦਾ ਹਾਂ।

ਸੁਜਾਨ ਸਿੰਘ

ਬੀ-1/160,
ਸਬਜ਼ੀ ਮੰਡੀ,
ਗੁਰਦਾਸਪੁਰ (ਪੰਜਾਬ)


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਆਪਣੀ ਗੱਲ

ਭੁੱਲੀਆਂ ਵਿਸਰੀਆਂ ਯਾਦਾਂ, ਮੇਰੀ ਸੰਪੂਰਨ ਸ੍ਵੈ ਜੀਵਨੀ ਨਹੀਂ ਕਹੀ ਜਾ ਸਕਦੀ। ਇਸ ਦਾ ਬਚਪਨ, ਜਵਾਨੀ ਤੇ ਉਸ ਤੋਂ ਅਗਲੇਰਾ ਹਿੱਸਾ, ਜਿਸਨੂੰ ਮਨੂ ਸਿਮਰਤੀ ਨੇ ਸੰਨਿਆਸ ਕਰਾਰ ਦਿਤਾ ਸੀ, ਉਹ ਵੀ ਅਧੂਰਾ ਹੈ। ਜਨਵਰੀ 1948 ਦੇ ਪਹਿਲੇ ਹਫਤੇ ਅਸੀਂ ਆਪਣੇ ਸਵੱਰਗਵਾਸੀ ਮਿੱਤਰ ਕੰਵਰ ਮਨਮੋਹਨ ਸਿੰਘ ਦੇ ਸੱਦੇ ਤੇ ਦਿੱਲੀ ਪਹੰਚ ਗਏ ਸਾਂ, ਤਾਂ ਜੋ ਜ਼ਿੰਦਗੀ ਦੇ ਅਗਲੇ ਸਾਲ ਇਥੇ ਹੀ ਕਟੇ ਜਾਣ। ਦਿੱਲੀ ਪਹੁੰਚ ਕੇ ਹੀ ਮੈਨੂੰ ਪਤਾ ਲੱਗਾ ਕਿ ਇਨ੍ਹੀਂ ਦਿਨੀਂ ਸ੍. ਗੁਰਬਖਸ਼ ਸਿੰਘ ਵੀ ਸ੍. ਮਹਿੰਦਰ ਸਿੰਘ ਰੰਧਾਵਾ ਡਿਪਟੀ ਕਮਿਸ਼ਨਰ ਦਿੱਲੀ ਦੇ ਸੱਦੇ ਤੇ ਦਿੱਲੀ ਪਹੁੰਚੇ ਹੋਏ ਹਨ। ਉਨ੍ਹਾਂ ਨੂੰ ਮਿਲਣ ਤੇ ਉਨ੍ਹਾਂ ਪ੍ਰੇਰਨਾ ਦਿਤੀ, "ਦਾਤਾ ਜੀ! ਤੁਸੀਂ ਵੀ ਪ੍ਰੀਤ ਕਾਫਲੇ ਨਾਲ ਆਪਣੇ ਪਰਿਵਾਰ ਸਣੇ ਦਿੱਲੀ ਆ ਜਾਓ।" ਇਸਤਰ੍ਹਾਂ ਅਸੀਂ 18 ਜਨਵਰੀ 1948 ਨੂੰ ਦਿੱਲੀ ਪਹੁੰਚ ਗਏ। ਪੂਰੇ ਸਤ ਸਾਲ ਸਾਡਾ ਪਰਿਵਾਰ ਮਹਿਰੋਲੀ ਰਿਹਾ। ਸੰਨ 1955 ਵਿਚ ਅਸੀਂ ਜਮਨਾ ਪਾਰ ਗਾਂਧੀ ਨਗਰ ਜਾ ਪੁਜੇ। ਉਨ੍ਹਾਂ ਦਿਨਾਂ ਵਿਚ ਹੀ ਜਮਨਾ ਪਾਰ ਦਾ ਅਲਾਕਾ ਹੜਾਂ ਦੀ ਮਾਰ ਹੇਠਾਂ ਆ ਗਿਆ। ਦੋ ਵਾਰ ਅਸੀਂ ਆਪਣਾ ਜੁਲੀ ਚੱਪੜ ਚੁਕ ਕੇ ਹੜ ਦੀ ਮਾਰ ਤੋਂ ਦੂਰ ਇਕ ਸੁਰੱਖਯਤ ਧਰਮਸ਼ਾਲਾ ਵਿਚ ਜਾ ਡੇਰਾ ਲਾਇਆ। ਜਦੋਂ ਵਾਪਸ ਗਾਂਧੀ ਨਗਰ ਆਏ, ਤਾਂ ਸਾਰਾ ਨਗਰ ਹੀ ਮੱਛਰ, ਮੱਖੀਆਂ, ਬੂ ਮਾਰੇ ਗੰਦੇ ਪਾਣੀ ਨਾਲ ਭਰਪੂਰ ਨਿਰਾ ਸਮੁੰਦਰ ਜਾਪਦਾ ਸੀ। ਸੋ ਤਿੰਨ ਕੁ ਸਾਲ ਗਾਂਧੀ ਨਗਰ ਰਹਿਣ ਮਗਰੋਂ ਅਸੀਂ ਇਕ ਨਵੀਂ ਉਸਰੀ ਕਾਲੋਨੀ ਕ੍ਰਿਸ਼ਨਾ ਨਗਰ ਵਿਚ ਜਾ ਡੇਰਾ ਲਾਇਆ। ਇਨ੍ਹਾਂ ਦਿਨਾਂ ਵਿਚ ਸਾਡੇ ਨੇੜੇ ਹੀ ਬਾਵਾ ਬਲਵੰਤ, ਗਿ. ਜਸਵੰਤ ਸਿੰਘ ਜਨਤਕ ਪ੍ਰੈਸ, ਕੁਲਬੀਰ ਸਿੰਘ ਕਾਂਗ ਤੇ ਪ੍ਰੀਤਮ ਸਿੰਘ ਪੰਛੀ ਆਦਿ ਸੂਝਵਾਨ ਸੱਜਣ ਮਿੱਤਰ ਵੀ ਨਿਵਾਸ ਰਖਦੇ ਸਨ। ਇਹ ਦਿਨ ਵੀ ਬੜੇ ਹੁਸੀਨ ਤੇ ਰਾਂਗਲੇ ਸਨ।

ਉਪ੍ਰੋਕਤ ਮਿੱਤਰਾਂ ਨਾਲ ਮਿਲ ਬੈਠਣਾ, ਸਾਹਿਤਕ ਗੋਸ਼ਟੀਆਂ ਹੋਣੀਆਂ, ਬਾਵਾ ਬਲਵੰਤ ਪਾਸੋਂ ਉਸਦੀਆਂ ਨਵੀਆਂ ਸਿਰਜੀਆਂ ਕਵਿਤਾਵਾਂ, ਗੀਤ ਤੇ ਗਜ਼ਲਾਂ ਸੁਣ ਅਸੀਂ ਅਨੰਦ ਮਾਣਦੇ ਸਾਂ।

ਸੰਨ 1960 ਵਿਚ ਅਸੀਂ ਕ੍ਰਿਸ਼ਨ ਨਗਰ ਤੁੋਂ ਮਹਿਰੋਲੀ ਤੇ ਹੌਜ਼ ਖਾਸ ਦੇ ਨੇੜੇ ਉਸਰ ਰਹੀ ਕਾਲੋਨੀ – ਮਾਲਵੀਆ ਨਗਰ–ਵਿੱਚ ਆ ਗਏ। ਦੋ ਕਮਰਿਆਂ ਦੇ ਉਸਰੇ ਇਕ ਸੌ ਗਜ਼ ਦੇ ਮਕਾਨ ਨੂੰ ਅਸੀਂ 1975 ਵਿਚ ਨਵੇਂ ਸਿਰਿਓਂ ਡੇਗ ਕੇ ਆਪਣੀ ਲੋੜ ਮੁਤਾਬਿਕ ਉਸਾਰ ਲਿਆ। ਆਰਥਕ ਪਖੋਂ ਤਾਂ ਅਸੀਂ ਸਦਾ ਵਾਂਗ ਹੀ ਉਸ ਸਮੇਂ ਵੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੜੇ ਔਖੇ ਸਾਂ, ਪਰ ਆਪਣੇ ਮਿੱਤਰ ਸ੍ਰ. ਪ੍ਰੀਤਮ ਸਿੰਘ ਆਰਸੀ ਵਾਲਿਆਂ ਦੀ ਹੱਲਾ ਸ਼ੇਰੀ ਤੇ ਮਾਇਕ ਸਹਾਇਤਾ ਨਾਲ ਆਪਣੇ ਬੇਟੇ ਰਜਿੰਦਰ ਸਿੰਘ ਤੇ ਪਰਮਜੀਤ ਸਿੰਘ ਦੇ ਪਰਿਵਾਰਾਂ ਲਈ ਮੌਜੂਦਾ ਠਿਕਾਣਾ ਬਣ ਗਿਆ, ਜਿਸ ਲਈ ਅਸੀਂ ਸਰਬ ਸ਼ਕਤੀਮਾਨ ਪ੍ਰਭੂ ਦੇ ਰਿਣੀ ਹਾਂ।

ਮਾਲਵੀਆ ਨਗਰ ਰਹਿੰਦਿਆਂ ਹੋਇਆਂ ਅਸੀਂ ਹਰ ਐਤਵਾਰ ਕੁਝ ਸਜਣ ਮਿੱਤਰ ਰਲ ਕੇ ਮਹਿਰੋਲੀ ਤੋਂ ਥੋਹੜਾ ਦੂਰ ਨਵਯੁੱਗ ਫਾਰਮ ਵਿਚ ਪਿਕਨਿਕ ਕਰਨ ਜਾਂਦੇ ਹਾਂ। ਸਵੇਰੇ ਅਠ ਵਜੇ ਤੋਂ ਦਿਨੇ ਇਕ ਵਜੇ ਤੀਕ ਉਥੇ ਹੀ ਬੈਠ ਨਾਸ਼ਤਾ, ਚਾਹ ਫਲ ਆਦਿ ਦਾ ਸੇਵਨ ਕਰਨ ਦੇ ਨਾਲ ਹੀ ਤਾਸ਼ ਦੀ ਚੌਂਕੜੀ ਚਲਦੀ ਰਹਿੰਦੀ ਹੈ। ਇਹ ਕਾਰਜ ਸ੍ਰ. ਗੁਰਬਖ਼ਸ਼ ਸਿੰਘ ਹੋਰਾਂ ਦੇ ਸਹਿਯੋਗ ਨਾਲ ਅਸੀਂ ਸੰਨ 1940 ਵਿਚ ਪ੍ਰੀਤ ਨਗਰ ਕਲੱਬ ਦੇ ਨਾਲ ਵਾਲੇ ਘਾਹ ਦੇ ਸੁੰਦਰ ਪਾਰਕ ਵਿਚ ਅਰੰਭਿਆ ਸੀ, ਜੋ ਅਜ ਤੀਕ ਅਧੀ ਸਦੀ ਤੋਂ ਵਧ ਤੀਕ ਚਲਿਆ ਆ ਰਿਹਾ ਹੈ। ਇਸ ਮਨੋਰੰਜਨ ਨਾਲ ਹਰ ਤਰਾਂ ਦੀਆਂ ਤੰਗੀਆਂ ਤੁਰਸ਼ੀਆਂ, ਮਾਨਸਕ ਤਨੌਂ ਤੇ ਆਰਥਕ ਰੋਗ ਹਰਨ ਹੋ ਜਾਂਦੇ ਹਨ। ਤਬੀਅਤ ਮਚਲ ਮਚਲ ਪੈਂਦੀ ਹੈ। ਮਨ, ਹਸੂੰ ਹਸੂੰ ਕਰਦਾ ਸਦਾ ਖਿੜੀ ਬਹਾਰ ਵਾਂਗੂ ਲਗਦਾ ਹੈ।

ਮਹਿਰੋਲੀ, ਗਾਂਧੀ ਨਗਰ, ਕ੍ਰਿਸ਼ਨ ਨਗਰ ਤੇ ਮਾਲਵੀਆ ਨਗਰ ਵਿਖੇ ਲਗਪਗ ਪੈਂਤੀ-ਛੱਤੀ ਸਾਲ ਅਸੀਂ ਬੜੇ ਚੈਨ ਨਾਲ ਆਪਣੇ ਅਜ਼ਾਦ ਭਾਰਤ ਵਿਚ ਬਿਤਾਏ, ਪਰ ਜੂਨ ਸੰਨ 1984 ਦੇ ਅਰੰਭ ਵਿਚ ਫੌਜ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਘੇਰੇ ਵਿਚ ਲੈ ਲਿਆ। ਤੋਪਾਂ ਦੇ ਗੋਲਿਆਂ ਨਾਲ ਅਕਾਲ ਤਖ਼ਤ ਨੂੰ ਢਾਹ ਦਿਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਕਈ ਸੈਂਕੜੇ ਗੋਲੀਆਂ ਦਾਗੀਆਂ ਗਈਆਂ। ਸਿੱਖ ਅਜਾਇਬ ਘਰ ਤੇ ਰੈਂਫਰੈਂਸ ਲਾਇਬ੍ਰੇਰੀ ਬਰਬਾਦ ਹੋ ਗਈ। ਬੇ ਗਿਣਤ ਯਾਤਰੀ ਫੌਜ ਦੇ ਘੇਰੇ ਵਿਚ ਆ ਗਏ। ਸੈਂਕੜੇ ਮਾਰੇ ਗਏ। ਬਹੁਤ ਸਾਰੇ ਜ਼ਖ਼ਮੀ ਹੋ ਗਏ। ਬਾਕੀਆਂ ਨੂੰ ਜੇਲ੍ਹ ਵਿਚ ਬੰਦ ਕਰ ਦਿਤਾ ਗਿਆ। ਇਸ ਹਾਦਸੇ ਨਾਲ ਮਨ ਬਹੁਤ ਦੁਖੀ ਹੋਇਆ। ਸਰਕਾਰੀ ਤੌਰ ਤੇ ਇਸ ਹਮਲੇ ਨੂੰ "ਨੀਲਾ ਤਾਰਾ ਸਾਕਾ" ਕਰਾਰ ਦਿਤਾ ਗਿਆ।

ਨੀਲਾ ਤਾਰਾ ਸਾਕੇ ਤੋਂ ਪੰਜ ਕੁ ਮਹੀਨੇ ਮਗਰੋਂ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦੋ ਪੁਲਸ ਕਰਮਚਾਰੀਆਂ ਨੇ ਗੋਲੀ ਮਾਰ ਦਿਤੀ। ਸਾਰੇ ਦੇਸ਼ ਵਿਚ ਹਾਹਾਕਾਰ ਮਚ ਗਈ। ਭਾਵੇਂ ਪ੍ਰਧਾਨ ਮੰਤਰੀ ਤੇ ਕੀਤੇ ਗਏ ਇਸ ਘਾਤਕ ਹਮਲੇ ਦਾ ਸਮੁੱਚੀ ਸਿੱਖ ਕੌਮ ਨਾਲ ਕੋਈ ਸਬੰਧ ਨਹੀਂ ਸੀ, ਪਰ ਦੇਸ਼ ਵਿਚ ਜਿਥੇ ਕਿਥੇ ਵੀ ਕੋਈ ਸਿੱਖ ਨਜ਼ਰ ਆਇਆ, ਉਸਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ। ਉਨ੍ਹਾਂ ਦੇ ਮਕਾਨ, ਕੋਠੀਆਂ, ਕਾਰਾਂ ਟਰੱਕਾਂ ਤੇ ਫੈਕਟਰੀਆਂ ਆਦਿ ਨੂੰ ਸਾੜ ਦਿਤਾ ਗਿਆ। ਸਰਕਾਰੀ ਆਂਕੜਿਆਂ ਅਨੁਸਾਰ ਤਿੰਨ ਕੁ ਹਜ਼ਾਰ ਸਿੱਖ ਮਾਰੇ ਗਏ। ਉਸ ਸਮੇਂ ਦੇਸ਼ ਵਿਚ ਕਿਸੇ ਥਾਂ ਵੀ ਸਿੱਖ ਆਪਣੇ ਆਪ ਨੂੰ ਸੁਰੱਖਯਤ ਨਹੀਂ ਸਨ ਸਮਝਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨ੍ਹੀਂ ਦਿਨੀਂ ਸਾਡੀ ਮਾਲਵੀਆ ਨਗਰ ਵਿਚ ਹੀ ਰਿਹੈਸ਼ ਸੀ। ਮਾਲਵੀਆ ਨਗਰ ਦੀ ਸਮੁੱਚੀ ਆਬਾਦੀ ਪਾਕਿਸਤਾਨ ਤੋਂ ਆਏ ਹਿੰਦੂ, ਸਿੱਖ ਪੰਜਾਬੀਆਂ ਦੀ ਸੀ। ਉਹ ਆਪੋ ਵਿਚ ਘਿਉ ਖਿਚੜੀ ਸਨ। ਕਈ ਸਾਲਾਂ ਤੋਂ ਉਹ ਭਰਾਵਾਂ ਵਾਂਗ ਰਹਿੰਦੇ ਸਨ। ਤੀਜੇ ਦਿਨ ਮਾਲਵੀਆ ਨਗਰ ਦੇ ਹਿੰਦੂ ਸੱਜਣਾਂ ਨੇ ਇਕ ਵਿਸ਼ਾਲ ਜਲੂਸ ਕੱਢਿਆ। ਆਪਣੇ ਗਵਾਂਢੀ ਸਿੱਖਾਂ ਨੂੰ ਉਨ੍ਹਾਂ ਨਾਲ ਲਿਆ। "ਹਿੰਦੂ ਸਿੱਖ ਭਾਈ ਭਾਈ" ਦੇ ਆਕਾਸ਼ ਗੁੰਜਾਊ ਨਾਹਰਿਆਂ ਨਾਲ ਉਹ ਥਾਣੇ ਜਾ ਪੁੱਜੇ। ਉਨ੍ਹਾਂ ਨੇ ਪੁਲਸ ਵਾਲਿਆਂ ਨੂੰ ਕਿਹਾ, "ਅਸੀਂ ਹਿੰਦੂ ਸਿੱਖ, ਵੀਰ ਵੀਰ ਹਾਂ। ਸਾਨੂੰ ਕਿਸੇ ਤੋਂ ਕੋਈ ਖ਼ਤਰਾ ਨਹੀਂ, ਪਰ ਜੇ ਕੋਈ ਬਾਹਰੋਂ ਹਮਲਾਵਰ ਆਵੇਗਾ, ਤਾਂ ਅਸੀਂ ਸਾਰੇ ਡੱਟ ਕੇ ਉਸ ਦਾ ਮੁਕਾਬਲਾ ਕਰਾਂਗੇ। ਇਸ ਦੇ ਨਾਲ ਹੀ ਪੁਲਸ ਦੀ ਵੀ ਜ਼ਿੰਮੇਵਾਰੀ ਹੈ, ਕਿ ਇਸ ਨਗਰ ਵਿਚ ਅਮਨ ਅਮਾਨ ਰਹੇ।"

ਇਸ ਤਰ੍ਹਾਂ ਸੱਚ ਮੁੱਚ ਸਾਡੇ ਨਗਰ ਵਿਚ ਅਮਨ ਅਮਾਨ ਹੀ ਰਿਹਾ।

ਕੁਝ ਦਿਨਾਂ ਮਗਰੋਂ ਅਸੀਂ ਮਾਲਵੀਆ ਨਗਰ ਤੋਂ ਬਾਲਾ ਸਾਹਿਬ, ਇਨ੍ਹਾਂ ਦੰਗਿਆਂ ਦੇ ਸ਼ਿਕਾਰ ਸਿੱਖ ਪਰਿਵਾਰਾਂ ਲਈ ਲੰਗਰ ਲੈ ਕੇ ਗਏ। ਉਥੇ ਪਹੁੰਚ ਅਸੀਂ ਇਹ ਵੇਖ ਕੇ ਦੰਗ ਰਹਿ ਗਏ, ਕਿ ਦਿੱਲੀ ਯੂਨੀਵਰਸਟੀ, ਜਾਮੀਆ ਮਿਲੀਆ ਤੇ ਹੋਰ ਜੰਤਕ ਸਭਾਵਾਂ ਦੇ ਵਿਦਿਆਰਥੀ, ਵਿਦਿਆਰਥਣਾਂ ਤੇ ਵਾਲੰਟੀਅਰ, ਘਰੋਂ ਬੇ ਘਰ ਹੋਏ ਸਿੱਖ ਪਰਿਵਾਰਾਂ ਨੂੰ ਗਰਮ ਕਪੜੇ ਤੇ ਕੰਬਲ ਆਦਿ ਵੰਡ ਰਹੇ ਹਨ। ਬੀਮਾਰ ਤੇ ਜ਼ਖ਼ਮੀ ਮਰਦ ਇਸਤ੍ਰੀਆਂ ਤੇ ਬੱਚਿਆਂ ਨੂੰ ਦਵਾਈਆਂ ਤੇ ਦੁਧ ਵੰਡਿਆ ਜਾ ਰਿਹਾ ਸੀ। ਇਹ ਲੋਕ ਵੀ ਤਾਂ ਗੈਰ ਸਿੱਖ ਸਨ, ਜੋ ਭਿਜੀਆਂ ਪਲਕਾਂ ਨਾਲ ਲੋੜਵੰਦਾਂ ਦੀ ਸੇਵਾ ਵਿਚ ਜੁਟੇ ਹੋਏ ਹਨ। ਉਹ ਗੁੰਡਿਆਂ ਹਥੋਂ ਬੇ-ਗੁਨਾਹਾਂ ਦੇ ਕਤਲ ਦੀ ਝਾਕੀ ਵੇਖ ਖ਼ੂਨ ਦੇ ਅਥਰੂ ਕੇਰ ਰਹੇ ਸਨ।

ਇਹ ਘਟਨਾ, "ਨੀਲਾ ਤਾਰਾ ਸਾਕਾ" ਤੋਂ ਮਗਰੋਂ ਦੂਜਾ ਭਿਆਨਕ ਘੱਲੂਘਾਰਾ ਸੀ, ਜੋ ਅਸੀਂ ਆਪਣੀ ਅੱਖੀਂ ਵੇਖੀ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਮਗਰੋਂ ਜੋ ਦੇਸ਼ ਦੇ ਸਿੱਖਾਂ ਤੇ ਜ਼ੁਲਮ ਢਾਹੇ ਗਏ, ਉਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਸਦਾ ਯਾਦ ਰਖਣਗੀਆਂ।

ਦਿੱਲੀ, ਕਾਨਪੁਰ, ਰਾਂਚੀ ਤੇ ਬੁਖਾਰੋ ਆਦਿ ਸ਼ਹਿਰਾਂ ਦੇ ਸਿੱਖਾਂ ਨੇ ਆਪਣੇ ਸ਼ਹਿਰਾਂ ਤੋਂ ਹਿਜਰਤ ਕਰ ਕੇ ਪੰਜਾਬ ਜਾਣ ਦੀ ਸੋਚੀ। ਭਾਰੀ ਗਿਣਤੀ ਵਿਚ ਸਿੱਖ ਪਰਿਵਾਰ ਪੰਜਾਬ ਜਾ ਵੀ ਪੁੱਜੇ; ਪਰ ਆਪਣੇ ਸ਼ਹਿਰਾਂ ਵਿਚ ਕਈ ਵਰ੍ਹਿਆਂ ਤੋਂ ਜੰਮੇ ਹੋਏ ਵਪਾਰ , ਫੈਕਟਰੀਆਂ ਤੇ ਦੁਕਾਨਾਂ ਆਦਿ ਲਈ ਪੰਜਾਬ ਵਿਚ ਕਿਥੇ ਥਾਂ ਸੀ? ਸੋ ਕੁਝ ਮਹੀਨਿਆਂ ਵਿਚ, ਜਦੋਂ ਦੇਸ਼ ਵਿਚ ਅਮਨ ਅਮਾਨ ਹੋਇਆ, ਤਾਂ ਬਹੁਗਿਣਤੀ ਪੰਜਾਬ ਤੋਂ ਵਾਪਸ ਪਰਤ ਆਈ। ਦਿੱਲੀ ਵਾਸੀ ਤਾਂ ਇਸ ਬਿਪਤਾ ਸਮੇਂ ਵੀ ਦਿੱਲੀ ਨਹੀਂ ਛੱਡ ਸਕੇ। ਉਨ੍ਹਾਂ ਭਾਣੇ ਸ਼ਾਇਰ ਜ਼ੌਕ ਦੇ ਕਹਿਣ ਅਨੁਸਾਰ, "ਜ਼ੌਕ ਕੌਨ ਜਾਏ ਦਿੱਲੀ ਕੀ ਗਲੀਆਂ ਛੋੜ ਕਰ..............." ਵਾਲੀ ਗੱਲ ਸੀ। ਇਸ ਤਰ੍ਹਾਂ ਅਸੀਂ ਵੀ ਹਾਲੀ ਤੀਕ ਦਿੱਲੀ ਵਿੱਚ ਡਟੇ ਹੋਏ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਭੁੱਲੀਆਂ ਵਿਸਰੀਆਂ ਯਾਦਾਂ", ਵਿਚ 'ਨੀਲਾ ਤਾਰਾ ਸਾਕਾ' ਤੇ ਸੰਨ ੧੯੮੪ ਦੇ ਦੰਗਿਆਂ ਵਿਚ ਬੇਗੁਨਾਹ ਸਿੱਖਾਂ ਦੇ ਕਤਲੋ ਖੂਨ ਨਾਲ ਖੇਡੀ ਗਈ ਹੋਲੀ ਦਾ ਜ਼ਿਕਰ ਵੀ ਕਰਨਾ ਬੜਾ ਜ਼ਰੂਰੀ ਸੀ।

ਕਈ ਗੈਰ ਸਿੱਖ, ਤੇ ਸਰਕਾਰੀ ਕਮਿਸ਼ਨਾਂ ਵਲੋਂ ਇਕੱਤਰ ਕੀਤੀ ਗਈ ਜਾਣਕਾਰੀ ਦੇ ਆਧਾਰ ਤੇ ਲੋਕਾਂ ਨੂੰ ਉਕਸਾ ਕੇ ਸਿੱਖਾਂ ਨੂੰ ਕਤਲ ਕਰਾਣ ਵਾਲੇ ਨੇਤਾ, ਹਾਲੀ ਤੀਕ ਖੁਲ੍ਹੇ ਫਿਰਦੇ ਦਨ ਦਨਾ ਰਹੇ ਹਨ। ਇਸੇ ਕਾਰਨ ਭਾਰਤ ਵਿਚ ਰਹਿਣ ਵਾਲਾ ਸਮੁੱਚਾ ਸਿੱਖ ਭਾਈਚਾਰਾ ਦੁਖੀ ਹੈ। ਉਹ ਹਾਲੀ ਤੀਕ ਆਪਣੇ ਆਪ ਨੂੰ ਉਖੜਿਆ ਉਖੜਿਆ ਮਹਿਸੂਸ ਕਰਦਾ ਹੈ।

"ਭੁੱਲੀਆਂ ਵਿਸਰੀਆਂ ਯਾਦਾਂ" – ਮੇਰੀ ਸ੍ਵੈ ਜੀਵਨੀ ਦੇ ਕੁਝ ਮਹੱਤਵ ਪੂਰਨ ਅੰਗ ਹਨ। ਇਸ ਵਿਚ ਪਰਿਵਾਰ, ਪਰਿਵਾਰਕ ਜੀਵਣ, ਆਪਣੇ ਬਚਪਨ ਦੇ ਮਿੱਤਰਾਂ, ਸੰਗੀ ਸਾਥੀਆਂ ਅਧਿਆਪਕਾਂ, ਪਿੰਡ, ਉਸਦਾ ਆਲਾ-ਦੁਆਲਾ, ਪਿੰਡ ਵਾਸੀਆਂ ਦਾ ਕਰਦਾਰ ਦਰਸਾਣ ਦਾ ਮੈਂ ਯਤਨ ਕੀਤਾ ਹੈ। ਅਪਣੀ ਜਨਮ ਭੂਮੀ ਪੋਠੋਹਾਰ ਦੀ ਅਲੋਕਾਰ ਵਿਚੱਤਰ ਸੁੰਦਰਤਾ ਦਾ ਜ਼ਿਕਰ ਹੈ। ਪੋਠੋਹਾਰੀ ਸੁੰਦਰੀਆਂ, ਉਨ੍ਹਾਂ ਦੀ ਮਾਖਿਉਂ ਮਿੱਠੀ ਬੋਲੀ, ਉਨ੍ਹਾਂ ਦਾ ਸੁਭਾ, ਰਹਿਣੀ ਬਹਿਣੀ, ਤੇ ਰਸਮੋ ਰਿਵਾਜ ਦਰਸਾਉਣ ਦੀ ਵੀ ਮੈਂ ਕੋਸ਼ਿਸ਼ ਕੀਤੀ ਹੈ।

ਜਵਾਨੀ ਵੇਲੇ ਦੇ ਸੰਘਰਸ਼ਾਂ ਮੁਸੀਬਤਾਂ, ਸਿਰ ਤੇ ਅਚਾਨਕ ਆ ਪਈਆਂ, ਰੋਜ਼ੀ ਰੋਟੀ ਤੇ ਮਕਾਨ ਦੀਆਂ ਉਲਝਨਾਂ, ਨੌਕਰੀ ਦੀ ਤਲਾਸ਼ ਲਈ ਮਾਰੇ ਮਾਰੇ ਫਿਰਨਾ, ਰੋਜ਼ੀ ਰੋਟੀ ਲਈ ਕਈ ਕਿੱਤੇ ਅਪਨਾਣਾ, ਸਿਆਸੀ ਸਰਗਰਮੀਆਂ ਬਾਰੇ ਵੀ ਮੈਂ ਯਥਾਰਥਕ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਹੈ।

ਜ਼ਿੰਦਗੀ ਵਿਚ ਆਏ ਕਈ ਮਹਾਂ ਪੁਰਸ਼ਾਂ ਦੀ ਸੰਗਤ ਤੇ ਸਾਹਿਤਕ ਸ਼ਖਸੀਅਤਾਂ ਦਾ ਮਨ ਤੇ ਪਿਆ ਪ੍ਰਭਾਵ ਮੇਰਾ ਨਾਯਾਬ ਸਰਮਾਇਆ ਹੈ। ਉਨ੍ਹਾਂ ਮਹਾਨ ਵਿਅਕਤੀਆਂ ਦਾ ਜ਼ਿਕਰ ਵੀ ਜ਼ਰੂਰੀ ਸੀ। ਮੇਰੀ ਸ੍ਵੈ ਜੀਵਨੀ ਮਹਿਜ਼ ਇਕ ਕਹਾਣੀ ਨਹੀਂ, ਇਹ ਉਦੋਂ ਦੀ ਵਾਰਤਾ ਹੈ, ਜਿਸ ਸਮੇਂ ਆਮ ਲੋਕਾਂ ਦੀ ਬਹੁ ਗਿਣਤੀ ਸੱਚ ਪਲੇ ਬੰਨ੍ਹੀ ਰਖਦੀ ਸੀ। ਇਕ ਸਿਆਣੇ ਦੇ ਮਤ ਅਨੁਸਾਰ "ਉਸ ਸਮੇਂ ਝੂਠ ਹਾਲੀਂ ਜੰਮਿਆ ਹੀ ਨਹੀਂ ਸੀ।" ਲੋਕੀਂ, ਸਾਫ ਸਪੱਸ਼ਟ, ਬਿਨਾ ਹੇਰ ਫੇਰ ਦੇ ਸਿਧੀ ਗਲ ਕਰਨ ਦੇ ਆਦੀ ਸਨ। ਸੱਚੀ ਗੱਲ ਮੂੰਹ ਤੇ ਮਾਰਨੀ ਤੇ ਝੂਠ ਲਾਗਿਉਂ ਨਹੀਂ ਲੰਘਣਾ। ਉਸ ਸਮੇਂ ਦੇਸ਼ ਗੁਲਾਮ ਸੀ। ਇਸ ਲਈ ਦੇਸ਼ ਦੀ ਅਜ਼ਾਦੀ ਲਈ ਆਪਣੀ ਜਾਨ ਨਛਾਵਰ ਕਰ ਦੇਣਾ, ਕੋਈ ਮਾਹਰਕੇ ਦੀ ਗਲ ਨਹੀਂ ਸੀ ਸਮਝੀ ਜਾਂਦੀ, ਸਗੋਂ :-

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰ ਤਲੀ ਗਲੀ ਮੇਰੀ ਆਉ।
ਵਾਲੀ ਗਲ ਸੀ।

"ਭੁੱਲੀਆਂ ਵਿਸਰੀਆਂ ਯਾਦਾਂ" ਵਿਚ ਕਿੰਨਾ ਯਥਾਰਥ ਹੈ, ਇਹ ਮੇਰੇ ਸ਼ਬਦਾਂ ਦੀ ਮੂੰਹ ਬੋਲਦੀ ਤਸਵੀਰ ਤੋਂ ਸਿਆਣੇ ਪਾਠਕ ਖ਼ੁਦ ਅੰਦਾਜ਼ਾ ਲਗਾ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਸਫ਼ਰਨਾਮਾਕਾਰ ਹੋਣ ਦੇ ਨਾਤੇ ਇਹ ਕਹਿ ਸਕਦਾ ਹਾਂ, ਕਿ ਮੇਰੇ ਸਫ਼ਰਨਾਮਿਆਂ ਦੇ ਬਹੁਤ ਸਾਰੇ ਪਾਠਕਾਂ ਨੇ ਯਾਤਰਾਵਾਂ ਦੇ ਮਾਹਰਕੇ ਦੇ ਕਾਰਜ ਕੀਤੇ ਹਨ। ਸ੍ਰ: ਕਿਰਪਾਲ ਸਿੰਘ ਪਰੇਸ਼ਾਨ ਨਾਂ ਦਾ ਇਕ ਗਜ਼ਲਗੋ ਤੇ ਕਿਸਾਨ ਨੌਜਵਾਨ ਯਾਤਰੀ ਮੇਰੇ ਸਫ਼ਰ ਦੀ ਕਹਾਣੀ ਤੋਂ ਪ੍ਰੇਰਨਾ ਲੈ ਕੇ ਅਪਣੇ ਕੁਝ ਸਾਥੀਆਂ ਨੂੰ ਆਪਣੇ ਟਰੈਕਟਰ ਤੇ ਬਿਠਾ ਕੇ ਹਰਦਵਾਰ, ਰਿਸ਼ੀਕੇਸ਼, ਪ੍ਰਯਾਗ ਤੋਂ ਹੁੰਦਾ ਹੋਇਆ ਹਮਾਲੀਆ ਪਰਬਤ ਦੇ ਦਾਮਨ ਵਿਚ ਵਸੇ ਹੋਏ ਮਹਾਂ ਤੀਰਥ ਅਸਥਾਨ ਬਦਰੀਨਾਥ ਜਾ ਪੁੱਜਾ। ਆਕਾਸ਼ ਨਾਲ ਗੱਲਾਂ ਕਰ ਰਹੇ ਹਿਮਾਲੀਆ ਦੀ ਪਹਿਲੀ ਛੋਹ, ਉਸ ਟਰੈਕਟਰ ਤੇ ਯਾਤਰੀਆਂ ਨੇ ਪ੍ਰਾਪਤ ਕੀਤੀ।

ਭੁੱਲੀਆਂ ਵਿਸਰੀਆਂ ਯਾਦਾਂ, ਨੇ ਸ੍ਵੈ ਜੀਵਨੀ ਸਾਹਿਤ ਵਿਚ ਕੋਈ ਨਿਗਰ ਵਾਧਾ ਕੀਤਾ ਹੈ, ਜਾਂ ਨਹੀਂ, ਇਹ ਪਾਠਕ ਹੀ ਦਸ ਸਕਣਗੇ।

ਅਜ ਕਲ੍ਹ ਮੈਂ ਆਪਣੇ ਲਿਖਣ ਪੜ੍ਹਨ ਦਾ ਕਾਰਜ ਘਰ ਰਹਿ ਕੇ ਕਰਦਾ ਹਾਂ। ਆਪਣੇ ਮਕਾਨ ਦੇ ਬਾਹਰ ਵਾਲੀ ਬਾਲਕੋਨੀ ਵਿਚ ਡਠੇ ਸਦੀਆਂ ਪੁਰਾਣੇ ਦੀਵਾਨ ਤੇ ਘੰਟਿਆਂ ਬੱਧੀ ਬੈਠ ਕੇ ਕੰਮ ਕਰੀਦਾ ਹੈ। ਥਕ ਜਾਣ ਤੇ ਉਥੇ ਹੀ ਲੇਟ ਜਾਂਦਾ ਹਾਂ। ਮੇਰੇ ਸਾਹਮਣੇ ਸੰਨ 1993 ਦਾ ਸੁੰਦਰ ਕੈਲੰਡਰ ਟੰਗਿਆ ਹੋਇਆ ਹੈ। ਇਕ ਪਾਸੇ ਸੰਤ ਅਤਰ ਸਿੰਘ ਜੀ ਤੇ ਦੂਜੇ ਪਾਸੇ ਸਵਾਮੀ ਵਿਵੇਕਾਨੰਦ ਜੀ ਦੇ ਚਿੱਤਰ ਲਟਕੇ ਹੋਏ ਹਨ। ਇਹ ਦੋਵੇਂ ਪ੍ਰਭਾਵਸ਼ਾਲੀ ਮਹਾਨ ਸ਼ਖਸੀਅਤਾਂ ਮੈਨੂੰ ਪ੍ਰੇਰਨਾ ਦੇਂਦੀਆਂ ਲਗਦੀਆਂ ਹਨ :

"ਆਪਣੇ ਕੰਮਾਂ ਵਿਚ ਜੁਟੇ ਰਹੋ। ਲੋਕਾਈ ਦੀ ਸੇਵਾ ਕਰੋ। ਕਿਸੇ ਦੀ ਨਿੰਦਾ-ਚੁਗਲੀ ਨਾ ਕਰੋ। ਲੋਕਾਂ ਨੂੰ ਸੁਧਾਰਣ ਦੀ ਥਾਂ ਆਪਣੇ ਆਪ ਦਾ ਸੁਧਾਰ ਕਰੋ। ਇਹੀ ਸਭ ਤੋਂ ਵੱਡੀ ਪ੍ਰਾਪਤੀ ਹੈ।"

ਪਿਆਰਾ ਸਿੰਘ ਦਾਤਾ

80/14 ਬੀ, ਮਾਲਵੀਆ ਨਗਰ
ਨਵੀਂ ਦਿੱਲੀ-110017

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਾਡਾ ਪਿੰਡ

ਸਾਡਾ ਪਿੰਡ--ਦਾਤਾ, ਜ਼ਿਲਾ ਰਾਵਲਪਿੰਡੀ (ਪਾਕਿਸਤਾਨ) ਵਿੱਚ ਵਾਕਿਆ ਹੈ। ਉਸ ਸਮੇਂ ਇਸ ਦੀ ਆਬਾਦੀ ਹਜ਼ਾਰ ਕੁ ਟੱਬਰਾਂ ਦੀ ਹੋਵੇਗੀ, ਜਿਨ੍ਹਾਂ 'ਚੋਂ ਦੋ ਕੁ ਸੌ ਘਰ ਸਿੱਖਾਂ ਹਿੰਦੂਆਂ ਦੇ, ਤੇ ਅੱਠ ਕੁ ਸੌ ਮੁਸਲਮਾਨਾਂ ਦੇ ਹੋਣਗੇ। ਸਿੱਖ ਹਿੰਦੂ ਲਗਪਗ ਸਾਰੇ ਹੀ ਸ਼ਾਹੂਕਾਰਾ ਕਰਦੇ ਸਨ, ਮਤਲਬ ਇਹ ਕਿ ਸੂਦ ਤੇ ਰੁਪਿਆ ਪਿੰਡਾਂ ਦੇ ਜੱਟਾਂ ਨੂੰ ਦੇਣਾ ਤੇ ਉਨ੍ਹਾਂ ਪਾਸੋਂ ਸਾਰੀ ਉਮਰ ਸੂਦ ਲਈ ਜਾਣਾ। ਤੇ ਇਹ ਸੂਦ ਦਿਨ ਦੂਣੀ ਤੇ ਰਾਤ ਚੌਗੁਣੀ ਉਨਤੀ ਕਰਦਾ ਰਹਿੰਦਾ ਸੀ। ਜੋ ਪੇਂਡੂ ਇਕ ਵਾਰ ਕਿਸੇ ਸ਼ਾਹੂਕਾਰ ਪਾਸੋਂ ਸੂਦੀ ਰੁਪਿਆ ਲੈ ਲੈਂਦਾ ਸੀ, ਉਹ ਮੁੜ ਕੇ ਮੂਲ ਮੋੜ ਸਕਣ ਜੋਗਾ ਵੀ ਨਹੀਂ ਸੀ ਰਹਿੰਦਾ, ਤੇ ਸੂਦ ਵਧਦਾ ਵਧਦਾ ਇੰਨਾ ਵਧ ਜਾਂਦਾ ਸੀ, ਕਿ ਖਾਲੀ ਸੂਦ ਵਾਪਸ ਕਰਨ ਲਈ ਵੀ ਜਟਾਂ ਨੂੰ ਹਰ ਸਾਲ ਆਪਣੀਆਂ ਪੈਲੀਆਂ ਵੇਚਣੀਆਂ ਪੈਂਦੀਆਂ ਸਨ। ਖੈਰ, ਸਾਡੇ ਨੇੜ ਤੇੜ ਦੇ ਹਰ ਪਿੰਡ ਦਾ ਇਹੀ ਹਾਲ ਸੀ, ਪਰ ਕਈ ਗੱਲਾਂ ਵਿੱਚ ਸਾਡਾ ਪਿੰਡ ਬਾਕੀ ਪਿੰਡਾਂ ਨਾਲੋਂ ਬਿਲਕੁਲ ਨਿਆਰਾ ਸੀ। ਸਾਡੇ ਪਿੰਡ ਦੇ ਜਟ, ਜਿਨ੍ਹਾਂ ਪਾਸ ਮਸਾਂ ਇਕ ਦੋ ਪੈਲੀਆਂ ਹੀ ਹੁੰਦੀਆਂ, ਤੇ ਦਾਲ ਰੋਟੀ ਦਾ ਡੰਗ ਵੀ ਮੁਸ਼ਕਲ ਨਾਲ ਹੀ ਟਪਦਾ ਸੀ, ਉਹ ਵੀ ਆਪਣੇ ਆਪ ਨੂੰ 'ਰਾਜਾ' ਅਖਵਾਂਦੇ ਸਨ, ਤੇ ਸਾਰੇ ਸ਼ਾਹੂਕਾਰ ਜੱਟਾਂ ਦੇ ਆਹੂ ਲਾਹੁਣ ਸਮੇਂ ਉਨ੍ਹਾਂ ਨੂੰ ਸਤਿਕਾਰ ਨਾਲ ਰਾਜਾ ਜੀ, ਕਹਿ ਕੇ ਹੀ ਬੁਲਾਂਦੇ ਸਨ, ਭਾਵੇਂ ਅੰਤ ਸਮੇਂ ਉਨ੍ਹਾਂ ਦੇ ਕਫਨ-ਦਫਨ ਲਈ ਪਿੰਡ ਵਾਲਿਆਂ ਨੂੰ ਉਗਰਾਹੀ ਹੀ ਕਿਉਂ ਨਾ ਕਰਨੀ ਪਵੇ।

ਸਾਡੇ ਪਿੰਡ ਦੇ ਮੁਸਲਮਾਨ ਬੜੇ ਜਾਬਰ ਸਨ। ਉਹ ਸਦਾ ਆਪੋ ਵਿੱਚ ਲੜਦੇ ਰਹਿੰਦੇ ਸਨ। ਮਸਾਂ ਹੀ ਦੋ-ਚਾਰ ਮਹੀਨੇ ਸੁਖੀ ਸਾਂਦੀਂ ਲੰਘਦੇ ਸਨ, ਤੇ ਫਿਰ ਉਹੀ ਲੜਾਈਆਂ ਤੇ ਕਤਲ । ਕਤਲ ਪਿਛੋਂ ਮੁਕਦਮੇ ਚਲਦੇ। ਵਕੀਲਾਂ ਤੇ ਗਵਾਹਾਂ ਦੇ ਖੀਸੇ ਭਰੇ ਜਾਂਦੇ। ਪੈਲੀਆਂ ਵੇਚੀਆਂ ਜਾਂਦੀਆਂ ਤੇ ਅਖੀਰ 'ਕਾਤਲ ਰਾਜੇ' ਫਾਂਸੀ ਪੁਰ ਲਟਕ ਜਾਂਦੇ।

ਸਾਡੇ ਪਿੰਡ ਵਿੱਚ ਤਾਂ ਕੀ, ਉਸ ਦੇ ਨੇੜੇ ਤੇੜੇ ਵੀ ਪੀਣ ਜੋਗਾ ਪਾਣੀ ਨਹੀਂ ਸੀ ਮਿਲਦਾ। ਪਿੰਡ ਵਿੱਚ ਕਈ ਖੂਹ ਸਨ। ਹਜ਼ਾਰਾਂ ਰੁਪਏ ਪਾਣੀ ਕਢਣ ਤੇ ਖਰਚ ਹੋ ਗਏ, ਪਰ ਲੋੜੀਂਦਾ ਪਾਣੀ ਨਾ ਪ੍ਰਾਪਤ ਹੋ ਸਕਿਆ। ਲੋਕ ਸਵੇਰੇ ਤੀਜੇ ਪਹਿਰ ਉਠਦੇ ਤੇ ਪਿੰਡੋਂ ਤਿੰਨ ਕੁ ਮੀਲ ਦੂਰ ਉਚੇ ਉਚੇ ਟਿਲੇ ਚਟਾਨਾਂ ਨੂੰ ਟਪਦੇ ਕਲਰੀ ਖੂਹੀ ਤੋਂ ਪਾਣੀ ਦੇ ਘੜੇ ਭਰ ਭਰ ਲਿਆਂਦੇ। ਘਰ ਦੀਆਂ ਤੀਵੀਆਂ, ਨੌਜਵਾਨ ਤੇ ਬਜ਼ੁਰਗ, ਸਾਰੇ ਸਵੇਰੇ ਸ਼ਾਮੀਂ ਦੋਵੇਂ ਵੇਲੇ ਕਈ ਕਈ ਵਾਰ ਪਾਣੀ ਭਰ ਕੇ ਲਿਆਂਦੇ, ਤਾਂ ਗਰਮੀਆਂ ਦੇ ਦਿਨ ਟਪਦੇ। ਨਹਾਣ-ਧੋਣ ਲਈ ਦੋ ਤਿੰਨ ਬੰਨ੍ਹਾਂ (ਤਲਾਬ) ਸਨ, ਜਿਨ੍ਹਾਂ ਵਿੱਚ ਬਾਰਸ਼ ਸਮੇਂ ਪਾਣੀ ਇਕੱਠਾ ਹੋ ਜਾਂਦਾ ਸੀ। ਉਸ ਪਾਣੀ ਦੇ ਸੁਕ ਜਾਣ ਤੀਕ ਪਿੰਡ ਵਾਸੀ ਉਥੇ ਇਸ਼ਨਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਰਦੇ, ਕਪੜੇ ਧੋਂਦੇ, ਮੱਝੀਆਂ ਗਾਈਆਂ, ਘੋੜੀਆਂ ਖਚਰਾਂ ਤੇ ਖੋਤੀਆਂ ਪਾਣੀ ਪੀਂਦੀਆਂ, ਤੇ ਨਾਲੇ ਪਿਸ਼ਾਬ ਕਰਦੀਆਂ ਰਹਿੰਦੀਆਂ।

ਨਹਾਣ ਵਾਲੀ ਵਡੀ ਬੰਨ੍ਹ ਤੋਂ ਥੋੜੀ ਦੂਰ ਇਕ ਹੋਰ ਬੰਨ੍ਹ ਸੀ, ਜਿਸ ਨੂੰ 'ਬਾਵੇ ਦੀ ਬੰਨ੍ਹ' ਕਹਿੰਦੇ ਸਨ। ਉਸ ਬੰਨ੍ਹ ਦੇ ਨਾਲ ਕਰ ਕੇ ਦੋ ਕਚੇ ਕੋਠੇ ਬਣੇ ਹੋਏ ਸਨ, ਜਿਥੇ ਆਏ ਗਏ ਸਾਧੂ ਮਹਾਤਮਾ ਟਿਕਿਆ ਕਰਦੇ ਸਨ। ਉਨ੍ਹਾਂ ਰਮਤੇ ਯਾਤਰੀਆਂ ਲਈ ਪਿੰਡੋਂ ਰੋਟੀ ਆ ਜਾਂਦੀ ਸੀ। ਇਸ ਬੰਨ੍ਹ ਦੇ ਕਿਨਾਰੇ ਬਹੁਤ ਸਾਰੇ ਛਾਂ-ਦਾਰ ਪੇੜ ਸਨ। ਜਿਨ੍ਹਾਂ ਹੇਠਾ ਯਾਤਰੀ ਗਰਮੀਆਂ ਵਿੱਚ ਆਰਾਮ ਕਰਦੇ ਸਨ। ਬੰਨ੍ਹ ਦੇ ਨਾਲ ਕਰ ਕੇ ਇਕ ਪੁਰਾਣਾ ਕਿੱਕਰ ਸੀ। ਉਸ ਬ੍ਰਿਛ ਬਾਰੇ ਇਕ ਬ੍ਰਿਧ ਸਾਧੂ ਸਾਨੂੰ ਦਸਿਆ ਕਰਦਾ ਸੀ, "ਇਸ ਪੇੜ ਕੇ ਸਾਥ ਸਾਰੀ ਉਮਰ ਹਜੂਰੀਆ ਕਾ ਬੈਲ ਅਪਣੇ ਮੋਢੇ ਮਾਰ ਮਾਰ ਕੁਸ਼ਤੀ ਕਰਦਾ ਸੀ।" ਹਜ਼ੂਰਾ ਸਿੰਘ ਸਾਡਾ ਪੜਦਾਦਾ ਸੀ। ਉਸ ਦੇ ਛੋਟੇ ਬੇਟੇ ਨੂੰ ਉਹ ਸਾਧ 'ਹਜ਼ੂਰਿਆ ਕਾ ਬੈਲ' ਕਹਿੰਦਾ ਸੀ। ਵਡਾ ਬੇਟਾ ਕਰਮ ਸਿੰਘ ਸਾਡਾ ਦਾਦਾ ਸੀ। ਕਰਮ ਸਿੰਘ ਦੇ ਚਾਰ ਪੁਤਰ ਸਨ, ਰਾਮ ਸਿੰਘ, ਬੇਲਾ ਸਿੰਘ, ਕਾਹਨ ਸਿੰਘ ਤੇ ਬੁਧ ਸਿੰਘ। ਇਕ ਬੇਟੀ ਮਾਇਆ ਸੀ। ਸਾਡੀ ਭੂਆ ਸਾਡੇ ਵਡੇ ਮਾਮਾ ਨੰਦ ਸਿੰਘ ਨਾਲ ਵਿਆਹੀ ਹੋਈ ਸੀ। ਸ੍ਰ: ਰਾਮ ਸਿੰਘ ਦੇ ਦੋ ਬੇਟੇ ਸਨ, ਗੁਰਬਖਸ਼ ਸਿੰਘ ਤੇ ਪਿਆਰਾ ਸਿੰਘ, ਦੋ ਬੇਟੀਆਂ ਨਾਨਕੀ ਤੇ ਨੰਦ ਕੌਰ। ਆਪਣੇ ਦਾਦੇ ਦਾਦੀ ਦੇ ਮੈਂ ਦਰਸ਼ਨ ਨਹੀਂ ਸਨ ਕੀਤੇ। ਦਾਦੀ ਭਾਨ ਦੇਵੀ ਮੇਰੇ ਬਚਪਨ ਵਿੱਚ ਹੀ ਰਬ ਨੂੰ ਪਿਆਰੀ ਹੋ ਗਈ ਸੀ।

## ਮੇਰਾ ਜਨਮ

ਭਾਵੇਂ ਮਦਰਸੇ ਵਿੱਚ ਮੇਰਾ ਜਨਮ 15 ਜੁਲਾਈ ਸੰਨ 1910 ਲਿਖਿਆ ਗਿਆ ਸੀ, ਪਰ ਉਨ੍ਹੀਂ ਦਿਨੀਂ ਦੇਸੀ ਤ੍ਰੀਕਾਂ ਪਰਚਲਤ ਸਨ। ਘਰ ਦੀ ਵਹੀ ਤੇ ਲਿਖੀ ਦੇਸੀ ਤ੍ਰੀਕ ਦੇ ਅਟੇ ਸਟੇ ਮੁਤਾਬਕ ਇਹ ਜਨਮ ਤਿਥੀ ਲਿਖੀ ਗਈ। ਉਨ੍ਹੀਂ ਦਿਨੀਂ ਦਿਨ ਮਹੀਨਾ ਆਦਿ ਸਭ ਕੁਝ ਅਟਕਲ ਪਚੂ ਹੀ ਹੁੰਦਾ ਸੀ।

ਮੇਰੇ ਨਾਂ ਦਾ ਗੁਰੂ ਗ੍ਰੰਥ ਸਾਹਿਬ 'ਚੋਂ ਅਖਰ 'ਪਪਾ' ਨਿਕਲਿਆ ਸੀ। ਜਿਸ ਦੇ ਆਧਾਰ ਤੇ ਮੇਰਾ ਨਾਂ ਪ੍ਰਦੁਮਨ ਸਿੰਘ ਰਖਿਆ ਗਿਆ। ਇਹ ਸ਼ਬਦ ਮੇਰੀ ਦਾਦੀ ਭਾਨ ਦੇਵੀ ਦੀ ਜ਼ਬਾਨ ਤੇ ਨਹੀਂ ਸੀ ਚੜ੍ਹਦਾ, ਇਸ ਲਈ ਸੌਖਾ ਨਾਂ ਉਸ ਨੇ ਆਪਣੇ ਲਈ ਪ੍ਰਦੁਮਨ ਸਿੰਘ ਦੀ ਥਾਂ ਪਿਆਰਾ ਸਿੰਘ ਰਖ ਦਿਤਾ। ਸੋ ਅਸਲ ਨਾਂ ਪ੍ਰਦੁਮਨ ਸਿੰਘ ਨੂੰ ਸਭ ਭੁਲ ਗਏ ਤੇ ਪਿਆਰਾ ਸਿੰਘ ਹੀ ਸਭ ਦੀ ਜ਼ਬਾਨ ਤੇ ਚੜ੍ਹ ਗਿਆ।

ਸਾਡਾ ਪਰਿਵਾਰ ਪਿੰਡ ਦੇ ਚੌਧਰੀਆਂ ਵਿੱਚੋਂ ਸੀ। ਪਿੰਡ ਵਿੱਚ ਉਬਰਾਅ ਤੇ ਘੂਰੇ ਦੋ ਖਤਰੀ ਜਾਤੀਆਂ ਰਹਿੰਦੀਆਂ ਸਨ। ਪਿੰਡ ਦੀ ਅਧੀ ਤੋਂ ਵਧ ਆਬਾਦੀ ਉਬਰਾਵਾਂ ਦੀ ਸੀ, ਜਿਨ੍ਹਾਂ 'ਚੋਂ ਸਾਡਾ ਪਰਿਵਾਰ ਵੀ ਸੀ। ਸਾਡੇ ਪੁਸ਼ਤਾਨੀ ਘਰ ਦੇ ਬਾਹਿਰਵਾਰ ਗਲੀ ਕਿਨਾਰੇ ਵਡੀ ਡਿਉਢੀ ਸੀ, ਜਿਸ ਨੂੰ ਪਿੰਡ ਵਾਲੇ ਚੌਧਰੀਆਂ ਜਾਂ ਉਬਰਾਵਾਂ ਦੀ ਡਿਉਢੀ ਕਹਿੰਦੇ ਸਨ।

ਸਾਡੇ ਪਿੰਡ ਵਿੱਚ ਇਕੋ ਗੁਰਦਵਾਰਾ ਸੀ, ਜਿਸ ਨੂੰ 'ਧਰਮਸਾਲਾ' ਕਿਹਾ ਜਾਂਦਾ ਸੀ। ਉਥੇ ਹਰ ਗੁਰਪੁਰਬ ਚਾਈਂ ਚਾਈਂ ਮਨਾਇਆ ਜਾਂਦਾ ਸੀ। ਪਿੰਡ ਦੀ ਸਮੁਚੀ ਆਬਾਦੀ 'ਚੋਂ ਤੀਜਾ ਹਿਸਾ ਗਿਣਤੀ ਸਿੱਖਾਂ ਦੀ ਸੀ, ਜਿਨ੍ਹਾਂ ਨੂੰ 'ਖਤਰੀ' ਕਿਹਾ ਜਾਂਦਾ ਸੀ। ਪਿੰਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿੱਚ ਦੋ ਘਰ ਬ੍ਰਾਹਮਣਾਂ ਦੇ ਸਨ। ਜਿਨ੍ਹਾਂ ਨੂੰ ਸਾਡੇ ਵਡਕਿਆਂ ਨੇ ਕਿਸੇ ਹੋਰ ਪਿੰਡ ਵਿੱਚੋਂ ਲਿਆ ਕੇ ਵਸਾਇਆ ਸੀ। ਉਨ੍ਹਾਂ ਨੂੰ ਮਿਸ਼ਰ ਕਿਹਾ ਜਾਂਦਾ ਸੀ। ਇਕ ਬਜ਼ੁਰਗ ਮਿਸ਼ਰ ਤਾਏ ਦੇਸੇ ਨੂੰ ਸਾਡੀ ਹਵੇਲੀ ਵਿੱਚ ਹੀ ਤਿੰਨ-ਚਾਰ ਕਮਰੇ ਬਣਾ ਕੇ ਵਸਾ ਦਿਤਾ ਗਿਆ ਸੀ। ਅਸੀਂ ਸਾਰੀ ਉਮਰ ਤਾਏ ਦੇਸੇ ਨੂੰ ਸਵੇਰੇ ਉਠਦਿਆਂ ਸਾਰ ਪੈਰੀ ਪੌਣਾ ਕਹਿੰਦੇ ਸਾਂ। ਉਹ ਬੜਾ ਭਲਾ ਲੋਕ ਨੇਕ ਤੇ ਸਜਣ ਬਜ਼ੁਰਗ ਸੀ। ਸਾਵਣ ਦੀਆਂ ਝੜੀਆਂ ਸਮੇਂ ਤਾਇਆ ਦੇਸਾ ਰੋਜ਼ ਪੂੜੇ ਤਲਦਾ ਸੀ। ਤੇ ਆਵਾਜ਼ ਦੇ ਕੇ ਉਹ ਸਾਨੂੰ ਬੜੇ ਸਵਾਦੀ ਪੂੜੇ ਤੇ ਖੀਰ ਖਵਾਦਾ ਸੀ। ਸਾਡੇ ਪਿਤਾ ਪੁਰਖੀ ਚੌਧਰੀਆਂ ਦੇ ਘਰ ਦੀ ਡਿਉਢੀ ਸਾਹਮਣੇ ਸਾਡੇ ਪਿਤਾ ਜੀ ਨੇ ਸ਼ਾਦੀ ਮਗਰੋਂ ਨਵਾਂ ਮਕਾਨ ਉਸਾਰ ਲਿਆ ਸੀ। ਇਹ ਘਰ ਮੇਰੇ ਜਨਮ ਤੋਂ ਪਹਿਲਾਂ ਹੀ ਉਸਰਿਆ ਸੀ। ਸਾਡੇ ਤਿੰਨ ਚਾਚੇ ਤੇ ਉਨ੍ਹਾਂ ਦੇ ਪਰਿਵਾਰ ਸਾਹਮਣੇ ਵਡੀ ਹਵੇਲੀ ਵਿੱਚ ਰਹਿੰਦੇ ਸਨ। ਸਾਡੇ ਵਾਂਗ ਸਾਡੇ ਤਿੰਨੇ ਚਾਚੇ, ਤੇ ਉਨ੍ਹਾਂ ਦੇ ਬਚੇ ਸਭ ਤਾਏ ਦੇਸੇ ਦੀ ਬੜੀ ਇਜ਼ਤ ਕਰਦੇ ਸਨ। ਮੈਨੂੰ ਯਾਦ ਨਹੀਂ, ਤਾਏ ਦੇਸੇ ਦੀ ਕਦੋਂ ਮ੍ਰਿਤੂ ਹੋਈ? ਪਰ ਐਸਾ ਜਾਪਦਾ ਹੈ, ਕਿ ਮੇਰੇ ਖਾਲਸਾ ਸਕੂਲ ਸੱਯਦ ਪੜ੍ਹਨ ਜਾਣ ਮਗਰੋਂ ਹੀ ਉਸ ਪਿਆਰੇ ਬਜ਼ੁਰਗ ਦੀ ਮੌਤ ਹੋ ਗਈ ਹੋਵੇਗੀ।

ਚੌਧਰੀਆਂ ਦੇ ਵਡੇ ਪਰਿਵਾਰ ਨੇ ਤਾਏ ਦੀ ਮੌਤ ਮਗਰੋਂ ਬੜਾ ਸੋਗ ਮਨਾਇਆ ਸੀ। ਤਾਇਆ ਦੇਸਾ ਸਾਡੇ ਨਾਲ ਇੱਕਲਾ ਰਹਿੰਦਾ ਸੀ, ਪਰ ਉਸ ਦੇ ਭਤੀਜੇ ਭਤੀਜੀਆਂ ਤੇ ਉਨ੍ਹਾਂ ਦੇ ਅਗੋਂ ਦੇ ਬਚੇ ਵਖਰੇ ਇਕ ਵਡੇ ਮਕਾਨ ਵਿੱਚ ਰਹਿੰਦੇ ਸਨ। ਤਾਇਆ ਦੇਸੇ ਨੂੰ ਦਿਨ ਵਿੱਚ ਕਿੰਨੀ ਵਾਰ ਉਹ ਪਰਿਵਾਰ ਮਿਲਣ ਆਉਂਦਾ ਸੀ। ਸਾਡੇ ਪਿੰਡ ਦੇ ਭਗਵਾਨ ਦਾਸ ਤੇ ਰਾਮ ਦਾਸ ਦੋਵੇਂ ਭਰਾ ਉਸ ਦੇ ਭਤੀਜੇ ਸਨ। ਸਿੱਖ, ਤੇ ਮਿਸ਼ਰ ਪਰਿਵਾਰ ਰੋਜ਼ ਸਵੇਰੇ ਸ਼ਾਮੀਂ ਮਥਾ ਟੇਕਣ ਧਰਮਸਾਲਾ ਜ਼ਰੂਰ ਜਾਂਦੇ ਸਨ। ਸਾਰੇ ਸਿੱਖ ਤੇ ਮਿਸ਼ਰ ਜਿਮੀਂਦਾਰੀ ਕਰਦੇ ਸਨ। ਕਈ ਆਪ ਹਲ ਵਾਹੀ ਕਰਦੇ ਸਨ ਤੇ ਕਈਆਂ ਨੇ ਅਧ ਤੇ ਜ਼ਮੀਨ ਦਿਤੀ ਹੋਈ ਸੀ।

ਉਸ ਸਮੇਂ ਪੰਜਾਬ ਦੇ ਕੁਝ ਦਰਿਆਵਾਂ 'ਚੋਂ ਨਹਿਰਾਂ ਕਢੀਆਂ ਗਈਆਂ ਸਨ, ਪਰ ਸਾਡੇ ਪਿੰਡਾਂ ਤੋਂ ਬੜੀ ਦੂਰ ਸਿਰਫ ਜਿਹਲਮ ਦਰਿਆ ਵਹਿੰਦਾ ਸੀ, ਤੇ ਉਸ 'ਚੋਂ ਹਾਲੀਂ ਨਹਿਰਾਂ ਨਹੀਂ ਸਨ ਕਢੀਆਂ ਗਈਆਂ। ਪਾਕਿਸਤਾਨ ਬਣ ਜਾਣ ਮਗਰੋਂ ਉਧਰੋਂ ਸ਼ਾਇਦ ਕੋਈ ਨਹਿਰ ਨਿਕਲੀ ਹੋਵੇ। ਇਸ ਲਈ ਸਾਡੇ ਇਲਾਕੇ ਵਿੱਚ ਜਦੋਂ ਬਾਰਸ਼ਾਂ ਹੋ ਜਾਂਦੀਆਂ, ਉਦੋਂ ਕਣਕ ਤੇ ਬਾਜਰਾ ਆਦਿ ਦੀ ਫਸਲ ਹੋ ਜਾਂਦੀ ਸੀ, ਵਰਨਾ ਨੀਲੀ ਛਤਰੀ ਵਾਲੇ ਦੀ ਸਾਰਾ ਸਾਰਾ ਸਾਲ ਲੋਕਾਈ ਉਡੀਕ ਕਰਦੀ ਰਹਿੰਦੀ ਸੀ।

ਸਾਡੇ ਪਰਿਵਾਰ ਨੂੰ ਸਿੰਘ ਸਭੀਏ ਕਹਿੰਦੇ ਸਨ। ਵੀਹਵੀਂ ਸਦੀ ਦੇ ਅਰੰਭ ਵਿੱਚ ਸਿੱਖੀ ਦਾ ਪ੍ਰਚਾਰ ਬਾਬਾ ਖੇਮ ਸਿੰਘ ਬੇਦੀ ਨੇ ਕੀਤਾ ਸੀ। ਇਸ ਲਈ ਪੋਠੋਹਾਰ ਦੇ ਸਾਰੇ ਸਿੱਖ ਹਿੰਦੂ ਉਨ੍ਹਾਂ ਦਾ ਬੜਾ ਸਤਿਕਾਰ ਕਰਦੇ ਸਨ। ਉਹ ਹਰ ਸਾਲ ਕਈ ਵਾਰ ਪਿੰਡਾਂ ਦੇ ਆਪਣੇ ਸਿੱਖ ਸੇਵਕਾਂ ਦੇ ਪਰਿਵਾਰਾਂ ਤੋਂ ਉਗਰਾਹੀ ਕਰਨ ਆਉਂਦੇ ਸਨ। ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਉਹ ਗੱਦੀ ਲਾ ਕੇ ਬੈਠਦੇ, ਨਜ਼ਰਾਨਾ ਲੈਂਦੇ ਤੇ ਪਿੰਡਾਂ ਦੇ ਝਗੜਿਆਂ ਦਾ ਨਬੇੜਾ ਕਰਦੇ ਸਨ। ਉਨ੍ਹਾਂ ਦੇ ਨਾਲ ਦੋ-ਦੋ ਚਾਰ-ਚਾਰ ਦਰਜਨ ਸ਼ਰਧਾਲੂ ਹੁੰਦੇ ਸਨ। ਬਾਬਾ ਖੇਮ ਸਿੰਘ, ਨਾਮੀ ਗਰਾਮੀ ਘੋੜਿਆਂ ਤੇ ਸਵਾਰ ਦਗੜ ਦਗੜ ਕਰਦੇ ਪਿੰਡਾਂ ਵਿੱਚ ਰਾਜਿਆਂ, ਨਵਾਬਾਂ ਵਾਂਗ ਵਿੱਚਰਦੇ ਸਨ। ਉਨ੍ਹਾਂ ਦੇ ਸੇਵਕਾਂ ਪਾਸ ਬੰਦੂਕਾਂ, ਸਫਾਜੰਗ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭਾਲੇ ਤੇ ਤਲਵਾਰਾਂ ਹੋਇਆ ਕਰਦੀਆਂ ਸਨ। ਉਹ ਰਾਹ ਵਿੱਚ ਸ਼ਿਕਾਰ ਖੇਡਦੇ ਆਂਦੇ ਸਨ। ਉਨ੍ਹਾਂ ਦੇ ਸੇਵਕ ਸ਼ਿਕਾਰ ਕੀਤੇ ਪੰਛੀਆਂ ਨੂੰ ਪਿੰਡ ਵਿੱਚ ਲਿਆ ਕੇ, ਮਾਸ ਦੀ ਦੇਗ ਚੜ੍ਹਾ ਦੇਂਦੇ ਸਨ, ਤੇ ਨਾਲ ਹੀ ਸ਼ਰਾਬ ਦਾ ਸੇਵਨ ਕਰਦੇ ਸਨ।

ਉਨ੍ਹਾਂ ਦੇ ਪਿੰਡਾਂ ਵਿੱਚ ਪਹੁੰਚਣ ਤੇ ਨਾਚੀਆਂ ਵੀ ਬੁਲਾ ਲਈਆਂ ਜਾਂਦੀਆਂ, ਜੋ ਆਪਣੇ ਨ੍ਰਿਤ ਤੇ ਗਾਣ ਬਜਾਣ ਨਾਲ ਦਰਸ਼ਕਾਂ ਨੂੰ ਮੁਗਧ ਕਰ ਦੇਂਦੀਆਂ ਸਨ। ਇਨ੍ਹਾਂ ਬਾਬਿਆਂ ਦਾ ਹੈਡਕਵਾਰਟਰ ਕਲਰ (ਤਹਿਸੀਲ ਕਹੂਟਾ) ਵਿਖੇ ਹੁੰਦਾ ਸੀ। ਉਨ੍ਹਾਂ ਦੀ ਸਰਕਾਰੇ-ਦਰਬਾਰੇ ਬੜੀ ਪਹੁੰਚ ਸੀ। ਉਨ੍ਹਾਂ ਨੂੰ ਸਰਕਾਰ ਵਲੋਂ ਆਨਰੇਰੀ ਮੈਜਿਸਟਰੇਟ ਦੀਆਂ ਪਦਵੀਆਂ ਪ੍ਰਾਪਤ ਸਨ। ਆਪਣੇ ਬੰਗਲਿਆਂ ਸਾਹਮਣੇ ਰਾਜਿਆਂ ਵਾਂਗ ਉਹ ਦਰਬਾਰ ਲਾਂਦੇ। ਆਪਸੀ ਝਗੜੇ ਉਹਨਾਂ ਦੀਆਂ ਕਚਹਿਰੀਆਂ ਵਿੱਚ ਪੇਸ਼ ਹੁੰਦੇ, ਜਿਨ੍ਹਾਂ ਦਾ ਫੈਸਲਾ ਉਹ ਮਨਮਰਜ਼ੀ ਨਾਲ ਕਰਦੇ ਸਨ।

ਵੀਹਵੀਂ ਸਦੀ ਦੇ ਅਰੰਭ ਵਿੱਚ, ਸਿੰਘ ਸਭਾ ਲਹਿਰ ਅਰੰਭ ਹੋ ਚੁਕੀ ਸੀ। ਇਸ ਲਈ ਪੋਠੋਹਾਰ ਦੇ ਕਈ ਘਰਾਣੇ ਉਨ੍ਹਾਂ ਦੀ ਸਿੱਖੀ ਸੇਵਕੀ ਦੇ ਦਾਇਰੇ 'ਚੋਂ ਬਾਹਰ ਨਿਕਲ ਗਏ ਸਨ। ਉਨ੍ਹਾਂ 'ਚੋਂ ਹੀ ਇਕ ਸਾਡਾ ਪਰਿਵਾਰ ਵੀ ਸੀ। ਸਾਡੇ ਪਿਤਾ ਜੀ ਉਨ੍ਹਾਂ ਬੇਦੀ ਬਾਬਿਆਂ ਦੇ ਸਿਕਾਰ, ਕੁਤਿਆਂ, ਸ਼ਰਾਬਾਂ 'ਤੇ ਧਰਮਸਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਗੱਦੀ ਲਾ ਕੇ ਬੈਠਣ ਦੀ ਵਰੋਧਤਾ ਕਰਦੇ ਸਨ। ਬਾਬਾ ਖੇਮ ਸਿੰਘ ਦੀ ਸਿੱਖੀ ਸੇਵਕੀ ਨੂੰ ਪੋਠੋਹਾਰ ਵਿੱਚ ਉਦੋਂ ਸਖਤ ਢਾਹ ਲਗੀ, ਜਦੋਂ 1921-22 ਵਿੱਚ ਅਕਾਲੀ ਲਹਿਰ ਅਰੰਭ ਹੋਈ। ਮੈਂ ਆਪਣੇ ਬਚਪਨ ਵਿੱਚ ਬਾਬਾ ਪਰਿਵਾਰ ਦੇ ਕਿਸੇ ਮਹਾਂ ਜਨ ਨੂੰ ਧਰਮਸਾਲ ਵਿੱਚ ਗਦੀ ਲਾ ਕੇ ਬੈਠਿਆਂ ਨਹੀਂ ਵੇਖਿਆ। ਉਪ੍ਰੋਕਤ ਬ੍ਰਿਤਾਂਤ ਮੇਰੇ ਜਨਮ ਤੋਂ ਪਹਿਲਾਂ ਦੇ ਹੀ ਕਹੇ ਜਾ ਸਕਦੇ ਹਨ। ਅਕਾਲੀ ਲਹਿਰ ਸਮੇਂ ਬੇਦੀ ਬਾਬਿਆਂ ਨੂੰ ਸਰਕਾਰ-ਪ੍ਰਸਤ, ਟੋਡੀ, ਤੇ ਸਰਕਾਰੀਏ ਆਦਿ ਉਪਨਾਵਾ ਨਾਲ ਪੁਕਾਰਿਆ ਜਾਂਦਾ ਸੀ। ਇਸ ਲਈ ਉਨ੍ਹਾਂ ਦੀ ਉਹ ਪਹਿਲਾਂ ਵਾਂਗ ਪੁਛ ਗਿਛ ਨਹੀਂ ਸੀ ਰਹੀ।

ਅਕਾਲੀ ਲਹਿਰ ਸਮੇਂ ਮੇਰੇ ਪਿਤਾ ਜੀ, ਵੀਰ ਗੁਰਬਖਸ਼ ਸਿੰਘ, ਹਕੀਮ ਪ੍ਰੇਮ ਸਿੰਘ ਚੱਕਰਵਰਤੀ ਤੇ ਤਰਲੋਕ ਸਿੰਘ ਆਦਿ ਕਈ ਨੌਜਵਾਨ ਅਕਾਲੀ ਜਥਿਆਂ ਵਿੱਚ ਸ਼ਾਮਲ ਹੋ ਗਏ। ਮੇਰਾ ਵਡਾ ਵੀਰ ਗੁਰਬਖਸ਼ ਸਿੰਘ ਕਸ਼ਮੀਰ ਦੇ ਅਕਾਲੀ ਜਥੇ ਵਿੱਚ ਸ਼ਾਮਲ ਹੋ ਕੇ ਗਰਿਫਤਾਰ ਹੋਇਆ। ਉਨ੍ਹਾਂ ਨੂੰ ਤਿੰਨ ਮਹੀਨੇ ਦੀ ਸਜ਼ਾ ਹੋਈ। ਵੀਰ ਗੁਰਬਖਸ਼ ਸਿੰਘ ਫੌਜੀ ਨੌਕਰੀ ਤੋਂ ਰੀਟਾਇਰ ਹੋ ਕੇ ਸ੍ਰੀ ਨਗਰ ਵਿੱਚ ਕਿਸੇ ਸੇਠ ਪਾਸ ਨੌਕਰੀ ਕਰਦੇ ਸਨ।

## ਮਦਰੱਸਾ

ਸਾਡੇ ਪਿੰਡ ਵਿੱਚ ਪਹਿਲਾ ਪ੍ਰਾਇਮਰੀ ਸਕੂਲ (ਮਦਰੱਸਾ) ਸੰਨ 1918 ਵਿੱਚ ਖੁਲ੍ਹਿਆ ਸੀ। ਇਹ ਸਕੂਲ ਸਾਡੇ ਪਿੰਡ ਦੇ ਉਰਦੂ ਤੇ ਪੰਜਾਬੀ ਪੜ੍ਹੇ ਲਿਖੇ ਮੁਣਸ਼ੀ ਫਰੋਜ਼ ਖਾਨ ਨੇ ਖੋਲ੍ਹਿਆ ਸੀ। ਪਹਿਲੀਆਂ ਦੋ ਜਮਾਤਾਂ ਮੈਂ ਇਸੇ ਸਕੂਲ ਵਿੱਚ ਹੀ ਪੜ੍ਹੀਆਂ। ਸਾਡੇ ਪਿੰਡ ਤੋਂ, ਤਿੰਨ ਕਿਲੋਮੀਟਰ ਦੂਰ, ਇਕ ਬਰਸਾਤੀ ਨਾਲਾ ਟਪ ਕੇ ਸਾਡੇ ਪਿੰਡ ਨਾਲੋਂ ਬਹੁਤ ਛੋਟਾ ਬੈਂਸ ਨਾਂ ਦਾ ਗਰਾਂ ਸੀ, ਜਿਥੇ ਮੈਂ ਤੀਜੀ ਤੇ ਚੌਥੀ ਜਮਾਤ ਪਾਸ ਕੀਤੀ। ਉਸ ਪਿੰਡ ਵਿੱਚ ਮੇਰੀ ਮਾਸੀ ਸੁਰੱਸਤੀ ਰਹਿੰਦੀ ਸੀ। ਉਨ੍ਹਾਂ ਦੇ ਘਰ ਹੀ ਮੈਂ ਰਹਿੰਦਾ ਸਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



## ਮਾਸੜ ਭਗਵਾਨ ਸਿੰਘ

ਸ੍ਰ: ਭਗਵਾਨ ਸਿੰਘ ਤੇ ਮੇਰੇ ਪਿਤਾ ਰਾਮ ਸਿੰਘ ਸਾਂਢੂ ਸਨ। ਮਾਸੜ ਭਗਵਾਨ ਸਿੰਘ ਨੂੰ ਅਸੀਂ ਪਿਤਾ ਜੀ ਦੇ ਭਰਾ ਹੀ ਸਮਝਦੇ ਸਾਂ। ਇਨ੍ਹਾਂ ਦਾ ਆਪੋ ਵਿੱਚ ਬੜਾ ਪਿਆਰ ਸੀ। ਜਦ ਮਾਸੜ ਭਗਵਾਨ ਸਿੰਘ ਮੈਨੂੰ 'ਦਾਤੇ' ਛਡਣ ਜਾਂਦੇ, ਤਾਂ ਉਨ੍ਹਾਂ ਨਾਲ ਹੀ ਮੇਰੇ ਪਿਤਾ ਜੀ ਉਹਨਾਂ ਨੂੰ 'ਬੈਂਸੇ' ਛਡਣ ਤੁਰ ਪੈਂਦੇ। ਰਾਹ ਦੀਆਂ ਢਕੀਆਂ ਤੋਂ ਤੇਜ਼ ਤੇਜ਼ ਤੁਰਦੇ ਉਹ ਨਾਲਾ ਟਪ ਸਾਹਮਣੀਆਂ ਢਕੀਆਂ ਤੇ ਜਾ ਪਹੁੰਚਦੇ। ਮਾਸੜ ਜੀ, ਮੇਰੇ ਪਿਤਾ ਜੀ ਨੂੰ ਫਤੇ ਬੁਲਾ ਕੇ ਵਾਪਸ ਪਿੰਡ ਵਲ ਤੋਰਦੇ ਤਾਂ ਢਕੀ ਉਤਰਣ ਤੋਂ ਪਹਿਲਾਂ ਹੀ ਪਿਛੋਂ ਉਨ੍ਹਾਂ ਨੂੰ ਮਾਸੜ ਭਗਵਾਨ ਸਿੰਘ ਆ ਮਿਲਦੇ। "ਮੈਂ ਕਿਹਾ, ਰਾਮ ਸਿੰਘਾ! ਮੈਂ ਸੋਚਿਆ ਤੈਨੂੰ ਜ਼ਰਾ ਅਗੇ ਲੰਘਾ ਆਵਾਂ. . .।"

ਬਸ ਫਿਰ ਕੀ ਹੁੰਦਾ? ਦੋਵੇਂ ਨਾਂਹ ਮੁਕਣ ਵਾਲੀਆਂ ਕਥਾ ਕਹਾਣੀਆਂ ਵਿੱਚ ਗਵਾਚ ਜਾਂਦੇ। ਪਤਾ ਉਦੋਂ ਲਗਦਾ, ਜਦੋਂ ਉਹ 'ਦਾਤੇ' ਪਿੰਡ ਪਹੁੰਚ ਜਾਂਦੇ। ਜਦੋਂ ਮਾਸੜ ਭਗਵਾਨ ਸਿੰਘ ਫਤੇ ਬੁਲਾ ਕੇ ਵਾਪਸ ਤੁਰਨ ਲਗਦੇ, ਤਾਂ ਲਾਲਾ ਜੀ ਕਹਿੰਦੇ, "ਗੱਲ ਸੁਣ! ਨਗੈਨਿਆਂ! ਲਸੀ ਤਾਂ ਪੀ ਕੇ ਜਾ। ਐਵੇਂ ਸੁਕੇ ਮੂੰਹ ਤੁਰੀ ਜਾਨੈਂ। ਬੈਂਸੇ, ਕੋਈ ਤੇਰਾ ਕੰਮ ਰੁਕਿਆ ਪਿਐ?"

ਮਾਸੜ ਭਗਵਾਨ ਸਿੰਘ ਉਨ੍ਹੀਂ ਕਦਮੀਂ ਸਾਡੇ ਘਰ ਅੰਦਰ ਆ ਜਾਂਦੇ। ਲਸੀ ਪਾਣੀ ਪੀ ਕੇ ਵਾਪਸ ਪਰਤਣ ਲਗਦੇ, ਤਾਂ ਬੇ ਜੀ ਕਹਿੰਦੇ "ਭਾਈਆ! ਰੋਟੀ ਤਾਂ ਖਾ ਕੇ ਜਾ। ਵੇਖ ਨਾਹ ਨੇਜੇ ਨੇਜੇ ਸੂਰਜ ਸਿਰ ਤੇ ਆ ਗਿਐ! ਜ਼ਰਾ ਸਾਹ ਕਢ ਕੇ ਜਾ।"

ਮਾਸੜ ਭਗਵਾਨ ਸਿੰਘ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਲਾਲਾ ਜੀ ਕਹਿੰਦੇ, "ਭਾਈਆ ਭਗਵਾਨ ਸਿੰਹਾਂ! ਤੇਰੀ ਬੇਬੇ ਠੀਕ ਹੀ ਤਾਂ ਕਹਿੰਦੀ ਹੈ।" ਉਹ ਆਪਣੀ ਸਾਲੀ ਨੂੰ ਬੇਬੇ ਕਹਿੰਦੇ ਸਨ, ਤੇ ਇਸ ਤਰ੍ਹਾਂ ਮੇਰੀ ਮਾਸੀ ਸੁਰੱਸਤੀ ਨੂੰ ਮੇਰੇ ਲਾਲਾ ਜੀ ਬੇਬੇ ਕਰ ਕੇ ਸੱਦਦੇ ਸਨ। "ਸੁਕੇ ਮੂੰਹ ਤੈਨੂੰ ਜਾਣ ਨਹੀਂ ਦੇਣਾ, ਰੋਟੀ ਖਾ ਕੇ, ਮੈਂ ਤੈਨੂੰ ਢਕੀਓਂ ਅਗੇ ਲੰਘਾ ਆਸਾਂ।"

ਤੇ ਇਹ ਸਿਲਸਿਲਾ ਕਈ ਵਾਰ ਸਾਰਾ ਸਾਰਾ ਦਿਨ ਹੀ ਚਲਦਾ ਰਹਿੰਦਾ ਤੇ ਕਈ ਵਾਰ ਦੂਜੇ ਚੌਥੇ ਰੋਜ਼। ਮੇਰਾ ਵਡਾ ਭਰਾ ਗੁਰਬਖਸ਼ ਸਿੰਘ, ਮਾਸੀ ਦੀ ਧੀ ਦੇਵਤੀ ਦੇ ਹਾਣ ਦਾ ਸੀ। ਤੇ ਇਨ੍ਹਾਂ ਦਾ ਆਪੋ ਵਿੱਚ ਬੜਾ ਪਿਆਰ ਸੀ।

ਸਾਡੀ ਇਕ ਮਾਸੀ ਹਰੀ ਪੁਰ ਹਜ਼ਾਰੇ ਦੇ ਸਹਿਜਧਾਰੀ ਪਰਿਵਾਰ ਵਿੱਚ ਵਿਆਹੀ ਹੋਈ ਸੀ। ਜਦੋਂ ਤੀਕ ਮੇਰੇ ਮਾਤਾ ਪਿਤਾ, ਮਾਮਾ ਦਿਆਲ ਸਿੰਘ ਜੀ ਤੇ ਮਾਸੀ ਸੁਰੱਸਤੀ ਜੀਂਦੇ ਸਨ, ਉਨ੍ਹਾਂ ਪਰਿਵਾਰਾਂ ਨਾਲ ਆਪੋ ਵਿੱਚ ਬੜੀ ਸਾਂਝ ਸੀ। ਪਰ ਦੇਸ਼ ਵੰਡ ਮਗਰੋਂ ਸ਼ਭ ਕੁਝ ਖੇਰੂੰ ਖੇਰੂੰ ਹੋ ਗਿਆ। ਪਿਆਰ ਮੁਹੱਬਤ ਮੇਲ ਮਿਲਾਪ, ਰਿਸ਼ਤੇ ਨਾਤੇ ਸਭ ਕੁਝ ਟੁਟ ਫੁਟ ਗਏ। ਮੇਰੀ ਮਾਸੀ ਦਾ ਪੁਤਰ ਅਮ੍ਰੀਕ ਸਿੰਘ ਤੇ ਉਸ ਦੀ ਵਡੀ ਭੈਣ ਦੇਵਤੀ ਅੰਬਾਲੇ ਰਹਿੰਦੇ ਸਨ। ਵਰ੍ਹੇ ਛਮਾਹੀ ਮੈਂ ਉਨ੍ਹਾਂ ਤੇ ਉਨ੍ਹਾਂ ਦੇ ਬਚਿਆਂ ਨੂੰ ਮਿਲਣ ਜਾਂਦਾ ਸਾਂ। ਪਿਛਲੇ ਸਾਲ ਅਮ੍ਰੀਕ ਸਿੰਘ ਦੀ ਮ੍ਰਿਤੂ ਹੋ ਗਈ। ਇਸ ਪਰਿਵਾਰ 'ਚੋਂ ਮੈਂ ਤੇ ਭੈਣ ਦੇਵਤੀ (ਉਮਰ 97 ਸਾਲ ਸੰਨ 1992) ਇਸ ਘੜੀ ਜੀਵਤ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਦੋਂ ਦੀ ਮੈਂ ਆਪਣੀ ਸੁਰਤ ਸੰਭਾਲੀ, ਮੈਂ ਆਪਣੇ ਲਾਲਾ ਜੀ ਤੇ ਬੇ ਜੀ ਨੂੰ ਆਪੋ ਵਿੱਚ ਲੜਦਿਆਂ ਝਗੜਦਿਆਂ ਨਹੀਂ ਵੇਖਿਆ। ਉਨ੍ਹਾਂ ਦਾ ਆਪੋ ਵਿੱਚ ਬੜਾ ਨਿਘਾ ਤੇ ਰਬੀ ਪਿਆਰ, ਹਮਦਰਦੀ, ਦੁਖ ਸੁਖ ਦੀ ਭਾਈਵਾਲੀ ਸੀ। ਕੋਈ ਨਵਾਂ ਕੰਮ ਕਰਨ ਸਮੇਂ ਉਹ ਦੋਵੇਂ ਇਕੋ ਰਾਅ ਰਖਦੇ। ਔਖੇ ਤੋਂ ਔਖੇ ਸਮੇਂ ਵੀ ਉਨ੍ਹਾਂ ਦੀ ਆਪੋ ਵਿੱਚ ਸਾਂਝ ਬਣੀ ਰਹੀ। ਪਿੰਡ ਵਿੱਚ ਸਾਡੀ ਥੋੜੀ ਬਹੁਤ ਮਰੂਸੀ ਜ਼ਮੀਨ ਸੀ, ਤੇ ਨਾਲ ਹੀ ਬਜ਼ਾਜ਼ੀ ਦੀ ਦੁਕਾਨ। ਵੀਰ ਗੁਰਬਖਸ਼ ਸਿੰਘ, ਸੰਨ 1914ਦੀ ਲਾਮ ਮਗਰੋਂ ਸਰਕਾਰੀ ਫੌਜੀ ਨੌਕਰੀ ਤੋਂ ਨਾਵਾਂ ਕਟਾ ਕੇ ਘਰ ਆ ਗਿਆ। ਉਸ ਮਗਰੋਂ ਉਸ ਨੇ ਕਸ਼ਮੀਰ ਦੇ ਸੇਠਾਂ ਪਾਸ ਡਰਾਇਵਰੀ ਕਰ ਲਈ। ਉਹ ਹਰ ਮਹੀਨੇ ਕੁਝ ਰਕਮ ਘਰ ਭੇਜ ਦੇਂਦਾ ਸੀ।

ਬਜ਼ਾਜ਼ੀ ਦੀ ਦੁਕਾਨਦਾਰੀ ਵੀ ਬੜੀ ਦਿਲਚਸਪ ਸੀ। ਮਹੀਨੇ ਕੁ ਮਗਰੋਂ ਲਾਲਾ ਜੀ ਗੁਜਰਖਾਨ 20 ਕੁ ਕਿਲੋਮੀਟਰ ਦੀ ਦੂਰੀ ਤੇ ਬਜ਼ਾਜ਼ੀ ਲੈਣ ਜਾਂਦੇ! ਪਿਛੋਂ ਬੇ ਜੀ ਸਾਰਾ ਕੰਮ ਸੰਭਾਲਦੇ। ਮਝਾਂ ਲਈ ਮੈਰੇ (ਜੋ ਘਰੋਂ ਅਠ ਦਸ ਕਿਲੋਮੀਟਰ ਦੀ ਦੂਰੀ ਤੇ ਸੀ) ਤੋਂ ਦਾਣਾ ਫਕਾ ਮਣ ਡੇਢ ਮਣ ਦੀ ਬੋਰੀ ਸਿਰ ਤੇ ਚੁਕ ਕੇ ਲਿਆਂਦੇ। ਲਾਲਾ ਜੀ ਦੀ ਗ਼ੈਰ-ਹਾਜ਼ਰੀ ਵਿੱਚ ਉਹ ਕਪੜਾ ਵੇਚਦੇ। ਮਝ ਸੰਭਾਲਦੇ। ਸਵੇਰ ਸਾਰ ਚਾਰ ਵਜੇ ਦੋਵੇਂ ਜੀਅ ਉਠਦੇ। ਬੇ ਜੀ, ਚਕੀ ਪੀਂਹਦੇ, ਉਨ੍ਹਾਂ ਦਾ ਸਾਥ ਲਾਲਾ ਜੀ ਦੇਂਦੇ। ਫਿਰ ਉਹ ਦਹੀਂ ਰਿੜਕ ਕੇ ਮਖਣ ਕਢਦੇ ਤੇ ਸਾਰੇ ਪਰਿਵਾਰ ਨੂੰ ਰਾਤ ਦੀ ਪਕੀ ਤੰਦੂਰੀ ਰੋਟੀ ਨਾਲ ਲਸੀ ਤੇ ਮਖਣ ਦੇਂਦੇ। ਫਿਰ ਰੋਜ਼ਾਨਾ ਉਹ ਇਕ ਜਾਂ ਦੋ ਚਕਰ ਦੋ-ਦੋ ਘੜੇ ਸਿਰ ਤੇ ਚੁਕ ਕੇ ਤਿੰਨ ਚਾਰ ਕਿਲੋਮੀਟਰ ਦੀ ਦੂਰੀ ਤੋਂ ਪੀਣ ਵਾਲਾ ਮਿਠਾ ਤੇ ਠੰਡਾ ਪਾਣੀ ਕਲਰੀ ਖੂਹੀ ਤੋਂ ਭਰ ਕੇ ਘਰ ਲਿਆਂਦੇ।

ਨਿਤਨੇਮ ਪੂਰਾ ਕਰ ਕੇ ਉਹ ਧਰਮਸਾਲਾ ਜਾਂਦੇ। ਰੋਟੀ ਖਾਣ ਵੇਲੇ ਸਭ ਤੋਂ ਪਹਿਲਾਂ ਲਾਲਾ ਜੀ ਲਈ ਰੋਟੀ ਪਰੋਸੀ ਜਾਂਦੀ। ਰੋਟੀ ਖਾਣ ਦੇ ਨਾਲ ਉਨ੍ਹਾਂ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ। ਮਹੱਲੇ ਦੀਆਂ, ਰਿਸ਼ਤੇਦਾਰਾਂ ਬਾਰੇ ਤੇ ਕਾਰੋਬਾਰ ਸਬੰਧੀ। ਰੋਟੀ ਖਾਣ ਮਗਰੋਂ ਜਦੋਂ ਇਕ ਹੋਰ ਮਖਣ ਵਿੱਚ ਗੜੁੱਚ ਫੁਲਕਾ ਆਂਦਾ, ਤਾਂ ਲਾਲਾ ਜੀ ਕਹਿੰਦੇ, "ਆਤਮ ਕੌਰੇ! ਖਾ ਲਵਾਂ?" ਬੇ ਜੀ ਕਹਿੰਦੇ, "ਜੀ! ਖਾ ਲਉ।" ਇਹ ਸੁਣ ਲਾਲਾ ਜੀ ਨਾਂਹ ਭੁਖ ਹੋਣ ਦੇ ਬਾਵਜੂਦ ਵੀ ਖਾ ਲੈਂਦੇ। ਉਸ ਪਿਛੋਂ ਬੇ ਜੀ ਰੋਟੀ ਖਾਂਦੇ। ਇੰਨੇ ਨੂੰ ਲਾਲਾ ਜੀ ਉਨ੍ਹਾਂ ਨੂੰ ਲਸੀ ਦਾ ਗਲਾਸ ਫੜਾਂਦੇ। ਦੋਵੇਂ ਜੀਅ ਸਵੇਰੇ ਸ਼ਾਮੀਂ ਦੋਵੇਂ ਵਕਤ ਧਰਮਸਾਲਾ ਜਾਂਦੇ। ਦੁਪਹਿਰੀਂ ਘਰ ਦੇ ਕੰਮਾਂ ਤੋਂ ਵਿਹਲੇ ਹੋ, ਉਹ ਰੋਟੀ ਟੁਕ ਮੁਕਾ ਕੇ ਦਰਖਤਾਂ ਦੀ ਛਾਂ ਹੇਠਾਂ ਅਰਾਮ ਕਰਦੇ। ਲਾਲਾ ਜੀ ਅਗੇ ਅਗੇ ਸ਼ਬਦ ਪੜ੍ਹਦੇ ਤੇ ਬੇ ਜੀ ਉਹਨਾਂ ਦੇ ਪਿਛੇ ਪਿਛੇ। ਇਸਤਰ੍ਹਾਂ ਹੀ ਉਨ੍ਹਾਂ ਦਾ ਜੀਵਣ ਸੰਨ 1934 ਤੀਕ ਪਿੰਡ ਹੀ ਬੀਤਿਆ, ਮਗਰੋਂ ਉਹ ਰਾਵਲਪਿੰਡੀ ਆ ਗਏ। ਉਨ੍ਹੀਂ ਦਿਨੀਂ ਮੈਂ ਆਪਣੀ ਸ਼ੇਵਰਲੈਟ ਕਾਰ ਕੋਹਮਰੀ ਵਲ ਚਲਾਂਦਾ ਤੇ ਵੀਰ ਗੁਰਬਖਸ਼ ਸਿੰਘ ਆਪਣੀ ਡਾਜ ਗਡੀ ਕਸ਼ਮੀਰ ਚਲਾਂਦੇ। ਪਰਿਵਾਰ ਦਾ ਬੜਾ ਸੋਹਣਾ ਗੁਜ਼ਾਰਾ ਚਲ ਰਿਹਾ। ਸਾਡੇ ਤਿੰਨੇ ਚਾਚੇ, ਪਹਿਲਾਂ ਹੀ ਗਜ ਮੰਡੀ ਰਾਵਲਪਿੰਡੀ ਆ ਕੇ ਵਸ ਚੁਕੇ ਸਨ।

## ਇਕ ਦਿਲਚਸਪ ਘਟਨਾ

ਮੇਰੇ ਬਚਪਨ ਸਮੇਂ ਦੀ ਮੇਰੀ ਅਖੀਂ ਵੇਖੀ ਇਹ ਘਟਨਾ ਹੈ। ਇਕ ਵਾਰ ਲਾਲਾ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਿੰਡੀ ਗਏ ਹੋਏ ਸਨ। ਉਨ੍ਹਾਂ ਦੀ ਗ਼ੈਰਹਾਜ਼ਰੀ ਵਿੱਚ ਸਾਡਾ ਗੁਮਾਸ਼ਤਾ ਫਜ਼ਲਾ ਸਾਡੇ ਘਰ ਆਇਆ ਤੇ ਉਸ ਨੇ ਭਾਬੀ ਜੀ ਨੂੰ ਪੈਰੀ ਪੈਣਾ ਕਿਹਾ। ਬੇ ਜੀ ਨੂੰ ਪਿੰਡ ਵਾਲੇ ਭਾਬੀ ਕਹਿ ਕੇ ਬੁਲਾਂਦੇ ਸਨ। ਫਜ਼ਲਾ ਕਈ ਵਾਰ ਕਪੜਾ ਤੇ ਕਰਜ਼ ਲੈ ਜਾਂਦਾ ਤੇ ਜਦੋਂ ਉਸ ਹਥ ਰਕਮ ਆਉਂਦੀ, ਉਹ ਵਾਪਸ ਮੋੜ ਦੇਂਦਾ ਸੀ। ਉਸ ਦਾ ਖਾਤਾ-ਵਹੀ ਵਿੱਚ ਚੜ੍ਹਿਆ ਹੋਇਆ ਸੀ। ਉਸ ਨੇ ਬੇ ਜੀ ਤੋਂ ਵਹੀ ਵੇਖਣ ਲਈ ਮੰਗੀ। ਵਹੀ ਵੇਖਦਿਆਂ ਉਸ ਨੇ ਉਨ੍ਹਾਂ ਨੂੰ ਕੋਈ ਕਪੜਾ ਵਿਖਾਣ ਲਈ ਕਿਹਾ। ਕਪੜਾ ਉਸ ਨੂੰ ਪਸੰਦ ਨਾਂਹ ਆਇਆ, ਤਾਂ ਉਹ ਚੌਧਰੀ ਜੀ ਦੇ ਆਣ ਤੇ ਫਿਰ ਆਣ ਲਈ ਕਹਿ ਕੇ ਤੁਰ ਗਿਆ।

ਦੂਜੇ ਦਿਨ ਪਿੰਡੀ ਤੋਂ ਵਾਪਸ ਆ ਕੇ ਲਾਲਾ ਜੀ ਨੇ ਵਹੀ ਵੇਖੀ ਤਾਂ ਫਜ਼ਲੇ ਦੇ ਹਿਸਾਬ ਦਾ ਵਰਕਾ ਹੀ ਗ਼ਾਇਬ ਸੀ। ਜਦੋਂ ਫਜ਼ਲੇ ਨੇ ਬੇ ਜੀ ਨੂੰ ਕਪੜਾ ਵਿਖਾਣ ਲਈ ਕਿਹਾ, ਉਦੋਂ ਉਸ ਦੇ ਦਿਲ ਵਿੱਚ ਇਕ ਦਮ ਬੇਈਮਾਨੀ ਆ ਗਈ। ਉਹ ਆਪਣੇ ਲੇਖੇ ਵਾਲਾ ਵਰਕਾ ਫਾੜ ਕੇ ਲੈ ਗਿਆ। ਉਸ ਦੇ ਨਾਂ ਚਾਰ ਸੌ ਰੁਪਿਆ ਬਾਕੀ ਸੀ। ਉਨ੍ਹਾਂ ਦਿਨਾਂ ਵਿੱਚ ਚਾਰ ਸੌ ਰੁਪਏ ਦੀ ਡੰਝ ਸਹਿਣੀ ਸੌਖੀ ਨਹੀਂ ਸੀ। ਅਜ ਦੇ ਸਮੇਂ ਇਹ ਰਕਮ ਕਈ ਹਜ਼ਾਰ ਦੇ ਕਰੀਬ ਬਣਦੀ ਹੈ।

ਅਗਲੇ ਦਿਨ ਲਾਲਾ ਜੀ, ਉਸ ਨੂੰ ਮੈਰੇ ਜਾ ਕੇ ਮਿਲੇ, ਤਾਂ ਉਹ ਪੈਰੀਂ ਪਾਣੀ ਹੀ ਨਾਂਹ ਪੈਣ ਦੇਵੇ। ਉਹ ਕਹੇ, "ਭਾਈਆ ਜੀ! ਬਾਕੀ ਮਾਨ! ਮੈਂ ਤਾਂ ਆਪਣੀ ਰਕਮ ਤੁਹਾਨੂੰ ਕਦੋਂ ਦੀ ਮੋੜ ਚੁਕਾ ਹਾਂ। ਬਾਕੀ ਮਾਨ, ਤੁਹਾਨੂੰ ਗਲਤੀ ਲਗੀ ਹੈ। ਬਾਕੀ ਮਾਨ! ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਮੈਂ ਤੁਹਾਡਾ ਕੁਝ ਦੇਣਾ ਨਹੀਂ।"

"ਬਾਕੀ ਮਾਨ" ਫਜ਼ਲੇ ਦਾ ਤਕੀਆ ਕਲਾਮ ਸੀ। ਲਾਲਾ ਜੀ ਨਿਰਾਸ ਹੋ ਕੇ ਘਰ ਆ ਗਏ।

ਬੇ ਜੀ ਰੋਣ ਹਾਕੇ ਹੋ ਕੇ ਕਹਿਣ ਲਗੇ "ਜੀਅ! ਉਹ ਹਰਾਮੀ "ਬਾਕੀ ਮਾਨ" ਇੰਨੀ ਵਡੀ ਰਕਮ ਹੜੱਪ ਕਰ ਗਿਆ ਹੈ। ਮੈਨੂੰ ਤਾਂ ਰਾਤੀਂ ਨੀਂਦ ਨਹੀਂ ਪੈਂਦੀ।"

ਲਾਲਾ ਜੀ ਬੋਲੇ, "ਭਲੀਏ ਲੋਕੇ! ਤੂੰ ਕਿਉਂ ਫਿਕਰ ਕਰਦੀ ਏਂ। ਹਰਾਮ ਦਾ ਮਾਲ ਫਜ਼ਲੇ ਨੂੰ ਪਚਣਾ ਨਹੀਂ।"

ਸਾਰੇ ਪਿੰਡ ਵਿੱਚ ਇਹ ਅਫਵਾਹ ਫੈਲ ਗਈ ਕਿ ਫਜ਼ਲਾ, ਚੌਧਰੀਆਂ ਨੂੰ ਥੁਕ ਲਾ ਗਿਆ ਹੈ। ਉਧਰ ਲੋਟੂ ਸ਼ਾਹ ਤੇ ਹੋਰ ਸ਼ਾਹੂਕਾਰ, ਜਿਨ੍ਹਾਂ ਦਾ ਕਿੱਤਾ ਸੂਦ ਖੋਰੀ ਸੀ, ਕਹਿਣ, "ਚੰਗਾ ਹੋਇਐ, ਚੌਧਰੀ ਨੂੰ 'ਬਾਕੀ ਮਾਨ' ਜਿਹਾ ਬੰਦਾ ਟਕਰਿਆ ਹੈ। ਸਾਡੇ ਮੁਕਾਬਲੇ ਤੇ ਚੌਧਰੀ ਨੇ ਪਿਛਲੇ ਸਮੇਂ ਤੋਂ ਥੋਹੜੇ ਸੂਦ ਤੇ ਰੁਪਿਆ ਦੇਣਾ ਅਰੰਭ ਕੀਤਾ ਸੀ। ਹੁਣ ਉਸ ਨੂੰ ਹੋਸ਼ ਆ ਜਾਇਗੀ, ਕਿ ਕਿੰਨੀਆਂ ਵੀਹਾਂ ਦਾ ਸੌ ਹੁੰਦਾ ਹੈ।"

ਪਿੰਡ ਦੀ ਦੂਜੀ ਪਤੀ ਵਿੱਚ ਲਾਲਾ ਜੀ ਦਾ ਦੋਸਤ ਬਿਸ਼ਨ ਸਿੰਘ ਓਬਰਾ ਰਹਿੰਦਾ ਸੀ। ਉਸ ਨੇ ਫਜ਼ਲੇ ਦੇ ਲੇਖੇ ਤੇ ਉਸ ਦੇ ਅੰਗੂਠੇ ਤੇ ਟੁਟੇ ਫੁਟੇ ਦਸਖਤਾਂ ਨਾਲ ਆਪਣੀ ਗਵਾਹੀ ਪਾਈ ਹੋਈ ਸੀ। ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲਗਾ, ਤਾਂ ਉਹ ਸਾਡੇ ਘਰ ਦੌੜਦਾ ਆਇਆ। ਉਸ ਨੇ ਵਹੀ ਦੇਖੀ, ਤਾਂ ਸਚ ਮੁਚ ਫਜ਼ਲੇ ਦੇ ਲੇਖੇ ਵਾਲਾ ਸਫਾ ਹੀ ਗ਼ਾਇਬ ਸੀ। ਉਸ ਸਫੇ ਦੇ ਨਾਲ ਦਾ ਸਫਾ ਜਿਉਂ ਦਾ ਤਿਉਂ ਮੌਜੂਦ ਸੀ, ਜਿਸ ਵਿੱਚ ਫਜ਼ਲੇ ਨੇ ਪਹਿਲੇ ਕਰਜ਼ੇ ਤੇ ਦਸਖਤ ਕੀਤੇ ਸਨ, ਪਰ ਕਰਜ਼ ਵਾਪਸ ਕਰਨ ਮਗਰੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਸ ਸਫੇ ਤੇ ਲਕੀਰ ਮਾਰੀ ਹੋਈ ਸੀ। ਨਾਲ ਹੀ ਲਾਲਾ ਜੀ ਵਲੋਂ ਲਿਖਿਆ ਹੋਇਆ ਸੀ, "ਲੇਖਾ ਸਾਫ ਹੋ ਗਿਐ।"

ਬਿਸ਼ਨ ਸਿੰਘ ਵਹੀ ਆਪਣੇ ਨਾਲ ਲੈ ਗਿਆ। ਚੌਂਤਰੇ ਇਕ ਪਟਵਾਰੀ ਸੀ, ਜਿਸ ਦਾ ਕੰਮ, ਦਸਖਤਾਂ ਦੀ ਹੂ ਬਹੂ ਨਕਲ ਉਤਾਰ ਲੈਣਾ ਸੀ। ਉਸ ਨੂੰ ਵਹੀ ਵਿਖਾਈ ਗਈ। ਉਸ ਨੇ ਦਸ ਰੁਪਏ ਲੈ ਕੇ ਨਵੇਂ ਸਫੇ ਤੇ ਪੰਜ ਸੌ ਰੁਪਏ ਦਾ ਫਜ਼ਲੇ ਦੇ ਨਾਂ ਤੇ ਕਰਜ਼ਾ ਲਿਖ ਦਿਤਾ। ਨਾਲ ਫਜ਼ਲੇ ਦਾ ਅੰਗੂਠਾ ਤੇ ਦਸਖਤ ਬਣਾ ਦਿਤੇ। ਬਿਸ਼ਨ ਸਿੰਘ ਨੇ ਆਪਣੀ ਗਵਾਹੀ ਪਾਈ ਤੇ ਲਾਲਾ ਜੀ ਨੇ ਫਜ਼ਲੇ ਦੇ ਖਿਲਾਫ ਰਾਵਲਪਿੰਡੀ ਦੀ ਕਚਹਿਰੀ ਵਿੱਚ ਦਾਹਵਾ ਠੋਕ ਦਿਤਾ। ਫਜ਼ਲੇ ਦੇ ਘਰ ਸਮਨ ਆ ਗਏ। ਛੇ ਮਹੀਨੇ ਮੁਕਦਮਾ ਚਲਦਾ ਰਿਹਾ। ਫਜ਼ਲਾ ਆਖੇ, "ਮੈਂ ਕਰਜ਼ਾ ਲਿਆ ਹੀ ਨਹੀਂ, ਇਹ ਜਾਹਲੀ ਦਸਖਤ ਹਨ।" ਅਖੀਰ ਦਸਖਤਾਂ ਦੇ ਮਾਹਿਰ (ਐਕਸਪਰਟ) ਪਾਸ ਫਲੌਰ ਵਹੀ ਭੇਜੀ ਗਈ। ਉਸ ਨੇ ਨਵੀਨ ਸਾਇੰਸੀ ਖੋਜ ਮਗਰੋਂ ਨੋਟ ਲਿਖਿਆ, "ਇਹ ਦਸਖਤ ਤੇ ਅੰਗੂਠਾ ਫਜ਼ਲੇ ਦਾ ਹੀ ਹੈ, ਜੋ ਪਹਿਲੇ ਸਫੇ ਤੇ ਉਸਦੇ ਕੀਤੇ ਦਸਖਤਾਂ ਤੇ ਅੰਗੂਠੇ ਨਾਲ ਹੂ-ਬਹੂ ਮਿਲਦਾ ਹੈ।" ਫਜ਼ਲੇ ਦੇ ਖਿਲਾਫ ਡਿਗਰੀ ਹੋ ਗਈ ਤੇ ਉਸਦੀ ਜਾਇਦਾਦ ਤੇ ਮਾਲ ਡੰਗਰ ਦੀ ਕੁਰਕੀ ਦੇ ਵਰੰਟ ਆ ਗਏ।

ਉਸ ਦੀ ਜਾਇਦਾਦ ਤੇ ਮਾਲ ਡੰਗਰ ਦੀ ਬੋਲੀ ਹੋਈ। ਬਿਸ਼ਨ ਸਿੰਘ ਨੇ ਪੰਜ ਸੌ ਵਿੱਚ ਉਸਦਾ ਘਰ ਤੇ ਮਾਲ ਡੰਗਰ ਸਭ ਕੁਝ ਖ੍ਰੀਦ ਲਿਆ। ਫਜ਼ਲਾ, ਲਾਲਾ ਜੀ ਤੇ ਬਿਸ਼ਨ ਸਿੰਘ ਦੇ ਪੈਰੀਂ ਪੈ ਗਿਆ। ਅਖੀਰ ਉਸ ਨੇ ਕਿਧਰੋਂ ਦੋ ਸੌ ਰੁਪਿਆ ਕਰਜ਼ ਲੈ ਕੇ ਬਾਕੀ ਦੇ ਤਿੰਨ ਸੌ ਰੁਪਏ ਸਾਡੀ ਵਹੀ ਵਿੱਚ ਕਰਜ਼ਾ ਲਿਖ ਦਿਤਾ। ਉਸ ਦੀ ਜ਼ਮੀਨ ਤੇ ਘਰ ਤੇ ਮਾਲ ਡੰਗਰ ਉਸ ਦੇ ਪਾਸ ਹੀ ਰਹੇ।

ਚਹੁੰ ਪਾਸੀਂ ਫਜ਼ਲੇ ਦੀ ਤੇ ਉਸ ਨੂੰ ਉਕਸਾਣ ਵਾਲੇ ਲੋਟੂ ਸ਼ਾਹ ਹੋਰਾਂ ਦੀ ਹੋ. . ਹੋ ਹੋ ਗਈ। ਫਜ਼ਲੇ ਨੇ ਪਹਿਲਾਂ ਵਾਂਗ ਹੁਣ ਸਾਡੇ ਘਰ ਆਣਾ ਸ਼ੁਰੂ ਕਰ ਦਿਤਾ। ਘਰ ਆ ਕੇ ਉਹ ਬੇ ਜੀ ਦੇ ਪੈਰੀਂ ਪਵੇ ਤੇ ਲਾਲਾ ਜੀ ਨੂੰ ਸਾਹਬ ਸਲਾਮ ਆਖ ਕੇ ਕਿਹਾ ਕਰੇ, "ਭਾਈਆ! ਬਾਕੀ ਮਾਨ, ਕਸਮ ਖੁਦਾ ਦੀ, ਇਕ ਗੱਲ ਧਰਮ ਨਾਲ ਦਸੀਂ। ਜਦ ਮੈਂ ਤੁਹਾਡੀ ਵਹੀ ਚੋਂ ਉਹ ਵਰਕਾ ਹੀ ਉਡਾ ਲਿਆ ਸੀ, ਤਾਂ ਇਹ ਮਾਦਰ ਚੋ. . . ਮੇਰੇ ਦਸਖਤ ਤੇ ਅੰਗੂਠਾ ਕਿਸ ਅਕਾਸ਼ੋਂ ਵਹੀ ਤੇ ਆ ਗਿਆ ਹੈ?"

ਲਾਲਾ ਜੀ ਹਸ ਕੇ ਉਸ ਨੂੰ ਟਾਲ ਦਿਤਾ ਕਰਨ। ਤੇ ਇਹ ਸੀ ਸਾਡੀ ਸ਼ਾਹੂਕਾਰੇ ਦੀ ਪਹਿਲੀ ਤੇ ਆਖਰੀ ਅਸਾਮੀਂ ਫਜ਼ਲਾ 'ਬਾਕੀ ਮਾਨ'। ਉਸ ਮਗਰੋਂ ਲਾਲਾ ਜੀ ਨੇ ਇਹ ਕੁਤਾ ਕਿੱਤਾ ਹੀ ਤਿਆਗ ਦਿਤਾ।

## ਸਾਡੇ ਪਿੰਡ ਦੀ ਵਿਲੱਖਣਤਾ

ਸਾਡੇ ਪਿੰਡ ਦਾਤਾ ਵਿੱਚ ਬਾਕੀ ਦੀ ਦੁਨੀਆਂ ਨਾਲੋਂ ਨਿਆਰੇ ਲੋਕ ਵਸਦੇ ਸਨ। ਇਕ ਸੀ ਕਰਤਾਰ ਸਿੰਘ - ਜਿਸ ਨੂੰ ਲੋਕੀ ਕਰਤਾਰਾ ਝੱਲਾ ਕਹਿੰਦੇ ਸਨ। ਉਹ ਸਵੇਰੇ ਮੂੰਹ ਝਾਖਰੇ ਉਠਦਾ। 'ਵਾਹਿਗੁਰੂ' 'ਵਾਹਿਗੁਰੂ' ਆਖਦਾ ਆਖਦਾ ਕਹੀ ਮੋਢੇ ਤੇ ਰਖ ਕੇ ਪਿੰਡੋਂ ਦੂਰ ਤਲਾਬ ਦੇ ਪਿਛੇ ਪਾਸੇ ਹੇਠਾਂ ਡੂੰਘਾਈ ਵਿੱਚ ਜਾ ਕੇ ਖੂਹੀ ਖੋਦਦਾ ਰਹਿੰਦਾ। ਜਿੰਨਾ ਚਿਰ ਮੈਂ ਆਪਣੇ ਪਿੰਡ ਰਿਹਾ, ਉਸ ਨੂੰ ਖੂਹੀ ਖੋਦਦਿਆਂ ਵੇਖਦਾ ਰਿਹਾ, ਪਰ ਪਾਣੀ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨਿਕਲਣਾ ਸੀ ਤੇ ਨਾ ਹੀ ਨਿਕਲਿਆ।

ਅਸਪਾਤ ਵਰਗਾ ਮਜ਼ਬੂਤ ਉਸ ਦਾ ਇਰਾਦਾ - ਆਪਣੀ ਸਾਰੀ ਉਮਰ ਉਸ ਨੇ ਇਸੇ ਕੰਮ ਤੇ ਲਾ ਦਿਤੀ, ਤੇ ਅਖੀਰ ਮੈਂ ਸੁਣਿਆ, ਕਿ ਖੂਹੀ ਖੋਦਦਾ ਖੋਦਦਾ ਉਹ ਉਸ ਵਿੱਚ ਹੀ ਜਾ ਡਿਗਾ, ਤੇ ਉਥੇ ਹੀ 'ਹਰ ਕੇ ਲੇਖੇ' ਲਗ ਗਿਆ।

ਇਕ ਗਿਆਨੀ ਗੁਪਾਲ ਸਿੰਘ ਸੀ। ਪਤਾ ਨਹੀਂ ਕਿਹੜੇ ਕਾਲਜੋਂ ਉਹ ਗਿਆਨੀ ਪੜ੍ਹ ਕੇ ਆਇਆ ਸੀ, ਜਾਂ ਗਿਆਨੀ ਉਸਦੀ ਐਵੇਂ ਅੱਲ ਹੀ ਪੈ ਗਈ ਸੀ। ਉਹ ਹਰ ਰੋਜ਼ ਸ਼ਾਮੀਂ ਗੁਰਦਵਾਰੇ ਕਥਾ ਕਰਦਾ। ਅਰਥਾਂ ਵੇਲੇ ਬੜੀ ਲਮਕਾ ਕੇ ਗੱਲ ਕਰਦਾ ''ਮਹਾਰਾਜ ਜੀ ਕਰ ਕਰ ਕੇ ਕਹਿੰਦੇ ਭਏ, ਕਿ ਹੇ ਮਰਦਾਨਿਆਂ! ਤੂੰ ਕਰ ਕਰ ਕੇ ਹਰੀ ਕਾ ਨਾਮ ਜਪਿਆ ਕਰ, ਆਣ ਕਰ ਕਰ ਕੇ।''

ਗੁਰਦਵਾਰੇ ਦਾ ਗ੍ਰੰਥੀ ਸ਼ਬਦ ਦੀ ਤੁਕ ਅਗੇ ਅਗੇ ਪੜ੍ਹਦਾ ਤੇ ਉਸ ਪਿਛੋਂ 'ਆਣ ਕਰ ਕਰ ਕੇ' ਗਿਆਨੀ ਹੋਰੀਂ ਉਸ ਦੇ ਅਰਥ ਕਰਦੇ। ਮੈਂ ਆਪਣੀ ਯਾਦ ਤੇ ਬੋਝ ਪਾ ਕੇ ਗਿਆਨੀ ਜੀ ਦੀ ਵਿਆਖਿਆ ਦਾ ਨਮੂਨਾ ਪੇਸ਼ ਕਰਦਾ ਹਾਂ,-

ਭਾਈ ਜੀ, ਸੁਖਮਨੀ ਸਾਹਿਬ ਦੀ ਤੁਕ ਅੱਗੇ ਅੱਗੇ ਪੜ੍ਹਦੇ ''ਪ੍ਰਭ ਕਉ ਸਿਮਰਹਿ ਤਿਨ ਸਦ ਬਲਹਾਰੀ'' ਤੇ ਗਿਆਨੀ ਜੀ ਅਰਥ ਕਰਦੇ

ਗੁਰੂ ਮਹਾਰਾਜ ਕਹਿੰਦੇ ਭਏ, ਆਣ ਕਰ ਕਰ ਕੇ।

''ਪ੍ਰਭ ਕਉ ਸਿਮਰਹਿ ਤਿਨ ਸਦ ਬਲਹਾਰੀ, ਹਾਂ ਸਦ ਬਲਿਹਾਰੀ, ਆਣ ਕਰ ਕਰ ਕੇ।''

ਫਿਰ ਭਾਈ ਜੀ ਅਗਲੀ ਤੁਕ ਬੋਲਦੇ, ''ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ।''

''ਆਹਾ ਕਿਡਾ ਸੁੰਦਰ ਬਚਨ ਹੈ, ਆਣ ਕਰ ਕਰ ਕੇ 'ਮੁਖ ਸੁਹਾਵੇ' ਆਣ ਕਰ ਕਰ ਕੇ।'' ਤੇ ਇਸੇ ਤਰ੍ਹਾਂ ਘੰਟਾ ਭਰ ਰੋਜ਼ਾਨਾ ਗਿਆਨੀ ਜੀ ਅਰਥ ਕਰਦੇ, ਵਿਆਖਿਆ ਕਰਦੇ ਜਾਂ ਭਾਸ਼ਨ ਦੇਂਦੇ, ਤੇ ਸਰੋਤੇ ਝੂਮ ਝੂਮ ਕੇ ਸਰਵਣ ਕਰਦੇ ਰਹਿੰਦੇ। ਕਈ ਵਾਰ ਕਥਾ ਕਰਦਿਆਂ ਕਰਦਿਆਂ ਗਿਆਨੀ ਗੁਪਾਲ ਸਿੰਘ ਹੋਰੀ ਆਪਣੀ ਢਿੱਲੀ ਪਗੜੀ ਵਿੱਚ ਇਕ ਪਾਸਿਉਂ ਹੱਥ ਪਾ ਕੇ ਦੂਜੇ ਪਾਸੇ ਜਾ ਕਢਦੇ। ਤੇ ਜੇ ਇਸਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਪਗੜੀ ਅਗੇ ਵਲ ਨੂੰ ਢਲਕ ਆਉਂਦੀ, ਤਾਂ, ਉਹ ਸਿਰ ਜ਼ੋਰ ਦਾ ਪਿਛਾਂਹ ਛੰਡਦੇ, ਜਿਸ ਨਾਲ ਉਨ੍ਹਾਂ ਦੀ ਪਗੜੀ ਮੁੜ ਆਪਣੀ ਥਾਂ ਸਿਰ ਆ ਜਾਂਦੀ।

ਗਿਆਨੀ ਜੀ ਤੋਂ ਬਿਨਾਂ ਇਕ ਸਨ ਹਕੀਮ ਪ੍ਰੇਮ ਸਿੰਘ ਜੀ ਵੈਦਰਾਜ ਚੱਕਰਵਰਤੀ। ਉਹ ਚੰਗੇ ਸਿਆਣੇ ਹਕੀਮ ਸਨ। ਲੋਕੀ ਉਨ੍ਹਾਂ ਨੂੰ ਨਬਜ਼ ਵਿਖਾਂਦੇ, ਉਨ੍ਹਾਂ ਤੋਂ ਦਵਾਈ ਲੈਂਦੇ ਪਰ 'ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿਧ' ਅਨੁਸਾਰ ਉਨ੍ਹਾਂ ਨੂੰ ਕਦੀ ਆਪਣੇ ਪਿੰਡੋਂ ਹਿਕਮਤ ਕਰਦਿਆਂ ਕਚੀ ਕੌਡੀ ਨਹੀਂ ਸੀ ਪ੍ਰਾਪਤ ਹੋਈ। ਤੇ ਉਨ੍ਹਾਂ ਨੂੰ ਸਦਾ ਆਪਣੇ ਗੁਜ਼ਾਰੇ ਲਈ ਪਿੰਡੋਂ ਬਾਹਰ ਦੂਰ-ਦੁਰਾਡੇ ਚਕਰ ਲਾਣਾ ਪੈਂਦਾ ਸੀ। ਸ਼ਾਇਦ ਇਸੇ ਕਰ ਕੇ ਉਨ੍ਹਾਂ ਆਪਣਾ ਨਾਂ 'ਚੱਕਰਵਰਤੀ' ਰਖਿਆ ਹੋਇਆ ਸੀ।

ਤੇ ਇਕ ਸੀ ਸੁਖਾ ਸਿੰਘ ਖੱਤਰੀ। ਉਸ ਦੇ ਦਾਦੇ ਮੁਖਾ ਸਿੰਘ ਨੇ ਅਜ ਤੋਂ ਇਕ ਸਦੀ ਪਹਿਲਾਂ ਪਿੰਡ ਦੇ ਗੁਰਦਵਾਰੇ ਵਿੱਚ ਮਹਾਰਾਜ ਦੀ ਬੀੜ ਲਿਆਂਦੀ ਸੀ। ਉਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਸ ਭੇਟਾ ਕਰ ਕੇ ਹੀ ਸੁਖਾ ਸਿੰਘ ਨੂੰ ਸਾਰੀ ਉਮਰ ਗੁਰਦਵਾਰੇ ਵਿੱਚੋਂ ਕੜਾਹ ਦਾ ਦੋਹਰਾ ਗੱਫਾ ਮਿਲਦਾ ਰਿਹਾ। ਉਸ ਪਿਛੋਂ ਉਸ ਦਾ ਪੁਤਰ ਨਥਾ ਸਿੰਘ, ਤੇ ਨਥਾ ਸਿੰਘ ਦੀ ਮੌਤ ਪਿਛੋਂ ਮੌਜੂਦਾ ਚੌਧਰੀ ਸੁਖਾ ਸਿੰਘ, ਦੂਹਰੇ ਕੜਾਹ ਪ੍ਰਸ਼ਾਦਿ ਦੇ ਗੱਫੇ ਲੈਂਦਾ ਰਿਹਾ ਤੇ ਇਹ ਪ੍ਰਥਾ ਉਦੋਂ ਤੀਕ ਚਲਦੀ ਰਹੀ, ਜਦ ਤੀਕ ਕਿ ਦੇਸ਼ ਦੀ ਵੰਡ ਵਿੱਚ ਚੌਧਰੀ ਸੁਖਾ ਸਿੰਘ ਦਾ ਪੁਤਰ ਚੌਧਰੀ ਕਥਾ ਸਿੰਘ ਪਾਕਿਸਤਾਨ ਛਡ ਕੇ ਦਿੱਲੀ ਨਾ ਪੁਜ ਗਿਆ।

ਪਿੰਡ ਦਾ ਇਕ ਇਕ ਬੰਦਾ - ਕੀ ਇਸਤਰੀ, ਕੀ ਮਰਦ, ਹਰ ਵਿਅਕਤੀ ਦੁਨੀਆਂ ਨਾਲੋਂ ਨਿਆਰਾ ਸੀ। ਸਾਡੇ ਗੁਆਂਢ ਹੀ ਇਕ ਮੁਸਲਮਾਨ ਵਿਧਵਾ ਜ਼ਨਾਨੀ ਕੰਮੋ ਰਹਿੰਦੀ ਸੀ। ਉਹ ਸਵੇਰ ਤੋਂ ਸ਼ਾਮ ਤੀਕ ਆਪਣੇ ਖੇਤਾਂ ਵਿੱਚ ਹਲ ਵਾਂਹਦੀ। ਆਪ ਕਣਕ ਬੀਜਦੀ, ਕਟਾਈ ਕਰਦੀ, ਤੇ ਅਖੀਰ ਛੱਟ ਛਾਣ ਕੇ ਆਪ ਹੀ ਖੋਤੀਆਂ ਤੇ ਲਦ ਕੇ ਘਰ ਲੈ ਆਂਦੀ। ਲੜਾਈ ਸਮੇਂ ਉਹ ਮਰਦਾਂ ਵਾਂਗ ਮੈਦਾਨ ਵਿੱਚ ਨਿੱਤਰ ਪੈਂਦੀ, ਕੀ ਮਜਾਲ ਕਿ ਪਿੰਡ 'ਚ ਕੋਈ ਆਕੜਖਾਨ, ਮਾਈ ਕੰਮੋ ਦੇ ਟਾਕਰੇ ਤੇ ਨਿਕਲਦਾ।

ਜਦੋਂ ਪਾਕਿਸਤਾਨ ਬਣਿਆ, ਉਦੋਂ ਸਾਡੇ ਪਿੰਡ ਦੇ ਨੇੜੇ ਤੇੜੇ ਦੇ ਸਿੱਖਾਂ ਦੇ ਤਕੜੇ ਗੜ੍ਹ - ਬੰਦਾ, ਬਸਾਲੀ, ਸੁੱਖੋ, ਸੱਯਦ, ਢੁਡਿਆਲ ਤੇ ਦੋਲਤਾਲਾ, ਦੁਬੇਹਰਨ, ਕਹੂਟਾ, ਕਲਰ ਆਦਿ ਭੜਕੇ ਹੋਏ ਮੁਸਲਮਾਨਾਂ ਨੇ ਸਾੜ ਕੇ ਸੁਆਹ ਕਰ ਦਿਤੇ। ਹਜ਼ਾਰਾਂ ਹਿੰਦੂ ਸਿੱਖ ਮਰਦਾਂ ਤੇ ਤੀਵੀਆਂ ਨੂੰ ਕਤਲ ਕੀਤਾ ਗਿਆ। ਕਿੰਨੀਆਂ ਦੇਵੀਆਂ ਆਪਣਾ ਸਤ ਬਚਾਣ ਖਾਤਰ ਖੂਹਾਂ ਵਿੱਚ ਛਾਲਾਂ ਮਾਰ ਕੇ ਸ਼ਹੀਦ ਹੋ ਗਈਆਂ। ਉਨ੍ਹੀਂ ਦਿਨੀਂ ਮੈਂ ਆਪਣੇ ਪਿੰਡੋਂ ਦੂਰ, ਲਾਹੌਰ ਵਿੱਚ ਸਾਂ। ਜਦੋਂ ਰੇਡੀਓ ਤੇ ਆਪਣੇ ਇਲਾਕੇ ਦੇ ਤਕੜੇ ਸਿੱਖਾਂ ਦੇ ਗੜ੍ਹਾਂ ਨੂੰ ਤਬਾਹ ਕਰਨ ਤੇ ਉਨ੍ਹਾਂ ਤੇ ਕੀਤੇ ਜਾਣ ਵਾਲੇ ਜ਼ੁਲਮਾਂ ਦੀਆਂ ਖਬਰਾਂ ਸੁਣਦਾ, ਤਾਂ ਮੈਨੂੰ ਆਪਣੇ ਪਿੰਡ ਵਾਸੀ ਹਿੰਦੂ ਸਿੱਖਾਂ ਦੀ ਤਬਾਹੀ ਦਾ ਯਕੀਨ ਹੋ ਜਾਂਦਾ। ਪਰ ਜਦੋਂ ਇਹ ਅੱਗ ਠੰਡੀ ਹੋ ਜਾਣ ਤੇ ਮੈਂ ਰਾਵਲਪਿੰਡੀ ਪੁੱਜਾ ਤਾਂ ਆਪਣੇ ਪਿੰਡ ਬਾਰੇ ਹਾਲਾਤ ਤੋਂ ਜਾਣੂੰ ਹੋ ਕੇ ਬੜੀ ਹੈਰਾਨੀ ਹੋਈ, ਕਿ ਇਸ ਕਹਿਰਾਂ ਦੇ ਜ਼ਮਾਨੇ ਵਿੱਚ ਵੀ ਇਸ ਪਿੰਡ ਨੇ ਦੁਨੀਆਂ ਤੋਂ ਨਿਆਰੀ ਗੱਲ ਕੀਤੀ ਹੈ। ਮੈਨੂੰ ਪਤਾ ਲਗਾ ਕਿ ਹਜ਼ਾਰਾਂ ਦੇ ਮਜਮੇ ਚੜ੍ਹ ਕੇ ਸਾਡੇ ਪਿੰਡ ਤੇ ਆਉਂਦੇ ਰਹੇ, ਪਰ ਉਨ੍ਹਾਂ ਦੇ ਮੁਕਾਬਲੇ ਤੇ ਪਿੰਡ ਦੇ ਹਿੰਦੂ ਸਿੱਖ ਨਹੀਂ ਸਨ ਨਿਤਰਦੇ, ਸਗੋਂ ਮੁਸਲਮਾਨ ਨਿਤਰਦੇ ਸਨ ਤੇ ਉਹ ਵੰਗਾਰ ਕੇ ਬਾਹਰੋਂ ਆਈਆਂ ਵਾਹਰਾਂ ਨੂੰ ਕਹਿੰਦੇ, "ਜੇ ਕੋਈ ਸਾਡੇ ਪਿੰਡ ਦੇ ਕਿਸੇ ਹਿੰਦੂ ਸਿੱਖ ਵਲ ਅੱਖ ਉਠਾ ਕੇ ਵੇਖੇਗਾ, ਤਾਂ ਉਸ ਦੀ ਅੱਖ ਕਢ ਦਿਤੀ ਜਾਵੇਗੀ। ਕੋਈ ਬਾਂਹ ਉਠਾਏਗਾ ਤਾਂ ਉਸ ਦੀ ਗਰਦਨ ਸਿਰ ਨਾਲੋਂ ਵਖ ਕਰ ਦਿਤੀ ਜਾਵੇਗੀ।" ਜਨੂਨੀ ਮੌਲਵੀਆਂ ਤੇ ਲੀਗੀਆਂ ਨੇ ਬੜੇ ਯਤਨ ਕੀਤੇ, ਕਿ ਇਸ ਪਿੰਡ ਦੇ ਮੁਸਲਮਾਨਾਂ ਨੂੰ ਭੜਕਾ ਕੇ ਸਿੱਖਾਂ ਹਿੰਦੂਆਂ ਨੂੰ ਕਤਲ ਕਰ ਕੇ ਉਨ੍ਹਾਂ ਦੀਆਂ ਜਾਇਦਾਦਾਂ ਲੁਟ ਲਈਆਂ ਜਾਣ, ਪਰ ਸਾਡੇ ਪਿੰਡ ਦੇ 'ਰਾਜਿਆਂ' ਤੇ ਇਸ ਦਾ ਕੱਖ ਅਸਰ ਨਾ ਹੁੰਦਾ। ਤੇ ਜਦੋਂ ਉਹ ਅਲੀ ਅਲੀ ਦਾ ਨਾਹਰਾ ਲਾ ਕੇ ਬਾਹਰੋਂ ਆਏ ਲੁਟੇਰਿਆਂ ਦੇ ਮੁਕਾਬਲੇ ਤੇ ਡਾਂਗਾਂ ਬਰਛੀਆਂ ਤੇ ਕੁਹਾੜੀਆਂ ਨਾਲ ਸਨਧਬੰਦ ਹੋ ਕੇ ਨਿਕਲਦੇ, ਤਾਂ ਲੁਟੇਰਿਆਂ ਨੂੰ ਭਜਦਿਆਂ ਰਾਹ ਨਾ ਲੱਭਦਾ।

ਮੇਰੀ ਭਣੇਵੀਂ - ਗੁਰਚਰਨ - ਸਾਥੋਂ ਪੰਜ ਕੁ ਮੀਲ ਦੇ ਫਾਸਲੇ ਤੇ ਤੱਲਾ ਨਾਂ ਦੇ ਪਿੰਡ ਵਿੱਚ ਵਿਆਹੀ ਹੋਈ ਸੀ। ਉਸ ਪਿੰਡ ਨੂੰ ਮੁਸਲਮਾਨਾਂ ਨੇ ਅੱਧੀ ਰਾਤੀਂ ਘੇਰ ਕੇ ਅੱਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਲਾ ਦਿਤੀ। ਪਿੰਡ ਵਾਸੀ ਕਈ ਹਿੰਦੂ ਸਿੱਖ ਮਾਰੇ ਗਏ ਤੇ ਕੁਝ ਬਚ ਨਿਕਲਣ ਵਿੱਚ ਕਾਮਯਾਬ ਹੋ ਗਏ। ਉਨ੍ਹਾਂ ਵਿੱਚੋਂ ਸਾਡੀ ਭਣੇਵੀਂ ਦਾ ਪਰਿਵਾਰ ਵੀ ਸੀ।

ਇਹ ਲੋਕ ਰਾਤ ਦੇ ਅਨ੍ਹੇਰੇ ਵਿੱਚ ਬਚਦੇ ਬਚਾਂਦੇ, ਪੰਜ ਛੇ ਮੀਲ ਦੇ ਫਾਸਲੇ ਤੇ ਇਕ ਮੁਸਲਮਾਣੀ ਪਿੰਡ ਵਿੱਚ ਆਪਣੇ ਇਕ ਮੁਸਲਮਾਣ ਮਿੱਤਰ ਦੇ ਘਰ ਜਾ ਪੁਜੇ। ਉਸ ਮਿੱਤਰ ਨੇ ਪਨਾਹ ਦਿਤੀ, ਪਰ ਇੰਨੇ ਚਿਰ ਵਿੱਚ ਪਿੰਡ ਵਾਸੀਆਂ ਨੂੰ ਪਤਾ ਲੱਗ ਗਿਆ। ਘੰਟੇ ਦੋ ਘੰਟੇ ਵਿੱਚ ਪਿੰਡ ਵਾਲਿਆਂ ਗੁਆਂਢ ਦੇ ਪਿੰਡਾਂ ਵਿੱਚ ਖਬਰ ਦੇ ਦਿਤੀ। ਸਵੇਰੇ ਦਸ ਵਜੇ ਤੀਕ ਕਈ ਹਜ਼ਾਰ ਲੁਟੇਰਿਆਂ ਨੇ ਉਸ ਪਿੰਡ ਨੂੰ ਘੇਰ ਲਿਆ। ਐਨ ਇਸ ਵੇਲੇ ਸਾਡੇ ਪਿੰਡ ਦੇ ਰਾਜਿਆਂ ਨੂੰ ਕਿਸੇ ਖਬਰ ਪੁਚਾਈ, ''ਤੁਹਾਡੇ ਪਿੰਡ ਦੀ ਬੇਟੀ ਦਾ ਪਰਿਵਾਰ ਫਲਾਣੇ ਪਿੰਡ ਵਿੱਚ ਘਿਰਿਆ ਹੋਇਆ ਹੈ, ਤੇ ਜੇ ਉਸ ਪਰਿਵਾਰ ਨੇ ਮੁਸਲਮਾਨ ਬਣਨਾ ਪ੍ਰਵਾਨ ਨਾ ਕੀਤਾ ਤਾਂ ਸਭ ਨੂੰ ਕਤਲ ਕਰ ਦਿਤਾ ਜਾਵੇਗਾ।''

ਇਹ ਖਬਰ ਅੱਗ ਵਾਂਗ ਸਾਰੇ ਪਿੰਡ ਵਿੱਚ ਪਸਰ ਗਈ। ਨੌਜਵਾਨਾਂ ਤੇ ਬਿਰਧਾਂ ਨੇ ਆਪਣੇ ਬਰਛੇ ਸੰਭਾਲੇ ਤੇ ਸੈਂਕੜਿਆਂ ਦੀ ਗਿਣਤੀ ਵਿੱਚ ''ਅਲੀ ਅਲੀ'' ਕਰਦੇ ਉਸ ਘਿਰੇ ਪਿੰਡ ਵਲ ਨੱਠ ਤੁਰੇ। ਜਦੋਂ ਲੁਟੇਰਿਆਂ ਨੂੰ ਪਤਾ ਲਗਾ, ਕਿ 'ਦਾਤੇ' ਪਿੰਡ ਦੇ ਰਾਜੇ ਆ ਰਹੇ ਹਨ, ਤਾਂ ਉਹ ਸਿਰਾਂ ਤੇ ਪੈਰ ਰਖ ਕੇ ਨੱਠ ਉਠੇ। ਇਹ ਰਾਜੇ ਉਸ ਸਿੱਖ ਪਰਿਵਾਰ ਨੂੰ ਢੂੰਡ ਕੇ ਆਪਣੇ ਨਾਲ ਲੈ ਆਏ। ਪਿੰਡ ਵਿੱਚ ਪੁਚਾ ਕੇ ਤੇ ਉਹਨਾਂ ਦੇ ਰਾਸ਼ਨ ਪਾਣੀ ਦਾ ਪ੍ਰਬੰਧ ਕਰ ਕੇ, ਉਨ੍ਹਾਂ ਆਪ ਦੋ ਦੋ ਰੁਪਏ ਉਸ ਬੱਚੀ ਦੀ ਤਲੀ ਤੇ ਰਖੇ, ਕਿਉਂਕਿ ਉਹ ਉਸ ਪਿੰਡ ਦੀ ਬੇਟੀ ਸੀ, ਤੇ ਅਜ ਉਹ ਆਪਣੇ ਪੇਕੇ ਪਿੰਡ ਵਿੱਚ ਆਈ ਸੀ।

ਜਦੋਂ ਮੈਂ ਇਹ ਗੱਲ ਸੁਣੀ, ਤਾਂ ਮੇਰੀਆਂ ਅੱਖਾਂ 'ਚੋਂ ਅਥਰੂ ਨਿਕਲ ਗਏ। ਪਿਛੋਂ ਪਤਾ ਲਗਾ, ਕਿ ਉਸ ਪਿੰਡ ਵਿੱਚ ਸਿੱਖ ਹਿੰਦੂ, ਪਾਕਿਸਤਾਨ ਬਣਨ ਤੀਕ ਅਮਨ ਅਮਾਨ ਨਾਲ ਵਸਦੇ ਰਹੇ ਤੇ ਅਖੀਰ ਜਦੋਂ ਪਿੰਡ ਦੇ 'ਰਾਜਿਆਂ' ਵੇਖਿਆ ਕਿ ਇਲਾਕੇ ਦੇ ਹਾਲਾਤ ਹੱਦ ਤੋਂ ਵਧ ਖਰਾਬ ਹੋ ਗਏ ਹਨ ਤੇ ਹਕੂਮਤ ਵੀ ਉਹਨਾਂ ਦਾ ਸਾਥ ਨਹੀਂ ਦੇ ਸਕੇਗੀ, ਤਾਂ ਪਿੰਡ ਵਾਸੀ ਸਾਰੇ ਸਿੱਖਾਂ ਨੂੰ ਉਨ੍ਹਾਂ ਇਕੱਠਾ ਕੀਤਾ। ਉਨ੍ਹਾਂ ਦਾ ਸਾਮਾਨ ਟਰੱਕਾਂ ਤੇ ਲਦਵਾ ਕੇ ਆਪਣੀ ਹਿਫਾਜ਼ਤ ਵਿੱਚ ਰਾਵਲਪਿੰਡੀ ਛਡਣ ਆਏ -'ਤੇ ਮੈਂ ਉਸ ਦਿਨ ਸਿੰਘ ਸਭਾ' ਗੁਰਦਵਾਰੇ, ਰਾਵਲਪਿੰਡੀ ਵਿੱਚ ਮੌਜੂਦ ਸਾਂ, ਜਦੋਂ ਸਕੱਤਰ ਨੇ ਉਪ੍ਰੋਕਤ ਹਾਲਾਤ ਸੁਣਾ ਕੇ ਰਾਵਲਪਿੰਡੀ ਸ਼ਹਿਰ ਛਡਣ ਆਏ 'ਰਾਜਿਆਂ' ਨੂੰ ਸੰਗਤਾਂ ਦੇ ਪੇਸ਼ ਕੀਤਾ। ਸਜਲ ਨੇਤਰ ਸੰਗਤਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਤੇ ਸਟੇਜ ਤੇ ਲਿਆ ਕੇ 'ਰਾਜਿਆਂ' ਦੇ ਗੱਲਾਂ ਵਿੱਚ ਫੁਲਾਂ ਦੇ ਹਾਰ ਪਾਏ, ਤੇ ਸਰੋਪਾ ਬਖਸ਼ੇ।

ਇਸ ਪਿਛੋਂ ਦੀ ਝਾਕੀ ਮੈਨੂੰ ਸਾਰੀ ਉਮਰ ਨਹੀਂ ਭੁਲ ਸਕੇਗੀ। ਉਸ ਸਮੇਂ ਜਦ ਕਿ ਸਿੰਘ ਸਭਾ ਵਿੱਚ ਹਜ਼ਾਰਾਂ ਉਜੜ ਕੇ ਆਏ ਸਿੱਖ ਅਤੇ ਹਿੰਦੂ ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਲੱਖ ਲੱਖ ਗਾਹਲਾਂ ਕਢ ਰਹੇ ਸਨ, ਉਸ ਘੜੀ ਸਾਡੇ ਪਿੰਡ ਦੇ ਹਿੰਦੂ ਸਿੱਖ ਆਪਣੇ ਪਿੰਡ ਦੇ ਮੁਸਲਮਾਨ ਰਾਜਿਆਂ ਨੂੰ ਗਲੇ ਮਿਲ ਕੇ ਢਾਹੀਂ ਮਾਰ ਜ਼ਾਰੋ ਜ਼ਾਰ ਰੋ ਰਹੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਾਡਾ ਪਰਿਵਾਰ

ਸਾਡੇ ਦਾਦਾ ਕਰਮ ਸਿੰਘ ਚੌਧਰੀ ਨੂੰ ਪਿੰਡ ਵਾਲੇ 'ਸ਼ਾਹ ਜੀ' ਕਰ ਕੇ ਬੁਲਾਂਦੇ ਸਨ। ਉਨ੍ਹਾਂ ਦੀ ਪਿੰਡ ਵਿੱਚ ਬੜੀ ਚੜ੍ਹਤ ਸੀ। ਦਾਦੀ ਭਾਨ ਦਈ ਨੇ ਮੇਰੇ ਜਨਮ ਦੀ ਖ਼ੁਸ਼ੀ ਵਿੱਚ ਕੜਾਹ ਬਣਾਇਆ 'ਤੇ ਗਲਤੀ ਨਾਲ ਖੰਡ ਦੀ ਥਾਂ ਉਸ ਨੇ ਲੂਣ ਠੇਲ੍ਹ ਦਿਤਾ। ਜਦੋਂ ਸਾਰੇ ਰਿਸ਼ੇਤਾਦਾਰਾਂ ਵਿੱਚ ਪ੍ਰਸ਼ਾਦ ਵੰਡਿਆ ਗਿਆ, ਤਾਂ ਹੀ ਇਸ ਦਾ ਭੇਦ ਖੁਲ੍ਹਿਆ। ਦੋਬਾਰਾ ਕੜਾਹ ਬਣਾ ਕੇ ਸਭ ਨੂੰ ਛਕਾਇਆ ਗਿਆ। ਇਸ ਨੂੰ ਸ਼ੁਭ ਸ਼ਗਨ ਕਰਾਰ ਦਿਤਾ ਗਿਆ।

ਮੇਰੀ ਭੂਆ ਮਾਇਆ, ਪਿਤਾ ਜੀ ਦੀ ਸਭ ਤੋਂ ਛੋਟੀ ਭੈਣ ਸੀ। ਉਹ ਲਾਲਾ ਜੀ ਦੀ ਦੁਆਠੀ ਮੇਰੇ ਵਡੇ ਮਾਮਾ ਨੰਦ ਸਿੰਘ ਚੱਕ ਬੇਲੀ ਖਾਨ ਨਾਲ ਵਿਆਹੀ ਹੋਈ ਸੀ।

ਮੇਰੇ ਤੋਂ ਵਡਾ ਵੀਰ ਗੁਰਬਖਸ਼ ਸਿੰਘ ਮੈਥੋਂ 15 ਕੁ ਸਾਲ ਵਡਾ ਸੀ। ਭੈਣ ਨਾਨਕੀ, ਦਸ ਸਾਲ ਵਡੀ, ਤੇ ਮੇਰੇ ਤੋਂ ਛੋਟੀ ਭੈਣ ਨੰਦ ਕੋਰ ਮੇਰੇ ਤੋਂ ਪੰਜ ਸਾਲ ਛੋਟੀ ਸੀ। ਵਡੀ ਭੈਣ ਨਾਨਕੀ, ਜੋ ਬੰਦੇ ਦੇ ਸ੍ਰ: ਬੇਅੰਤ ਸਿੰਘ ਨਾਲ ਵਿਆਹੀ ਹੋਈ ਸੀ, ਨਾਲ ਮੇਰਾ ਬੜਾ ਪਿਆਰ ਸੀ। ਜਦੋਂ ਕਦੀ ਉਹ ਬੀਮਾਰ ਹੁੰਦੀ, ਮੈਨੂੰ ਉਹ ਸੁਨਿਹਾ ਘਲਦੀ ''ਵੀਰ ਆ ਕੇ ਮਿਲ ਜਾ।'' ਤਦ ਮੈਂ ਦੌੜਦਾ ਉਸ ਪਾਸ ਪਹੁੰਚ ਜਾਂਦਾ। ਬਸ ਛਿੰਨਾਂ ਪਲਾਂ ਵਿੱਚ ਉਸ ਦਾ ਬੁਖ਼ਾਰ ਕਾਫ਼ੂਰ ਹੋ ਜਾਂਦਾ।

ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ ਵਾਲਿਆਂ ਕੋਲ ਜਦ ਮੈਂ ਸੰਨ 1936-37 ਵਿੱਚ ਮਾਡਲ ਟਾਊਨ ਲਾਹੌਰ ਕੰਮ ਕਰਦਾ ਸਾਂ, ਤਾਂ ਮੈਨੂੰ ਤਾਰ ਮਿਲੀ, ''ਤੁਹਾਡੀ ਭੈਣ ਨਾਨਕੀ ਬੀਮਾਰ ਹੈ, ਫੌਰਨ ਰਾਵਲਪਿੰਡੀ ਪਹੁੰਚ ਜਾਉ।'' ਬੜੀ ਦੌੜ ਭਜ ਕਰਦਿਆਂ ਜਦੋਂ ਮੈਂ ਰਾਵਲਪਿੰਡੀ ਪਹੁੰਚਿਆਂ, ਤਾਂ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਹੋ ਗਈ ਸੀ। ਮੈਂ ਸਾਰੀ ਉਮਰ ਆਪਣੇ ਆਪ ਨੂੰ ਮਾਫ ਨਹੀਂ ਕਰ ਸਕਿਆ। ਮੇਰੇ ਦੇਰ ਨਾਲ ਪਹੁੰਚਣ ਕਾਰਣ ਹੀ ਭੈਣ ਦੀ ਮੌਤ ਹੋਈ ਸੀ। ਮੇਰਾ ਦਿਲ ਸ਼ਾਹਦੀ ਦੇਂਦਾ ਸੀ, ਕਿ ਜੇ ਮੈਂ ਕੁਝ ਘੜੀਆਂ ਪਹਿਲਾਂ ਪਹੁੰਚ ਜਾਂਦਾ, ਤਾਂ ਉਸ ਨੇ ਹਾਲੀਂ ਸੰਸਾਰ ਨਹੀਂ ਸੀ ਤਿਆਗਣਾ। ਆਪਣੀ ਪਿਆਰੀ ਭੈਣ ਨੂੰ ਯਾਦ ਕਰਦਿਆਂ ਹੁਣ ਵੀ ਮੈਂ ਭਾਵੁਕ ਹੋ ਜਾਂਦਾ ਹਾਂ।

ਵਡੇ ਵੀਰ ਗੁਰਬਖਸ਼ ਸਿੰਘ ਦੀ ਮ੍ਰਿਤੂ ਸੰਨ 1935 ਵਿੱਚ ਹੋਈ। ਉਸ ਦੀ ਮੌਤ ਦਾ ਗ਼ਮ ਹਾਲੀਂ ਤਾਜ਼ਾ ਹੀ ਸੀ ਕਿ ਦੋ ਸਾਲ ਮਗਰੋਂ ਸੰਨ੍ਹ 1937 ਵਿੱਚ ਭੈਣ ਨਾਨਕੀ ਵਿਛੋੜਾ ਦੇ ਗਈ।

ਮੇਰੀ ਛੋਟੀ ਭੈਣ ਨੰਦ ਕੌਰ ਵਡੇ ਵੀਰ ਦੀ ਦੁਆਠੀ ਵਿਆਹੀ ਗਈ ਸੀ। ਭੈਣ ਨੰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੌਰ ਵੀ ਸਾਰੀ ਉਮਰ ਦੁਖੀ ਹੀ ਰਹੀ। ਜਦੋਂ ਉਹ ਪੇਕੇ ਆਂਦੀ, ਤਾਂ ਉਸ ਦਾ ਸਹੁਰੇ ਜਾਣ ਨੂੰ ਜੀਅ ਨਹੀਂ ਸੀ ਕਰਦਾ। ਉਸ ਨੂੰ ਵੇਖ ਅਸੀਂ ਸਾਰੇ ਦੁਖੀ ਹੁੰਦੇ। ਮੈਂ ਆਪਣਾ ਦੁਖ ਆਪਣੀ ਬੇ ਜੀ ਨਾਲ ਸਾਂਝਾ ਕਰਦਾ। ਅਸੀਂ ਦੋਵੇ ਮਾਂ-ਪੁਤ ਕਈ ਘੰਟੇ ਉਸ ਦੇ ਦੁਖ ਵਿੱਚ ਗਲਤਾਨ ਰਹਿੰਦੇ। ਆਪਣਾ ਦੁਖ ਅਸੀਂ ਲਾਲਾ ਜੀ ਤੇ ਵੀਰ ਗੁਰਬਖਸ਼ ਸਿੰਘ ਨੂੰ ਵੀ ਨਾਂਹ ਦਸਦੇ, ਤਾਂ ਜੋ ਉਹ ਦੁਖੀ ਨਾਂਹ ਹੋਣ।

ਇਕ ਵਾਰ ਕਿਸੇ ਬਹਾਨੇ ਮੈਂ ਭੈਣ ਨੰਦ ਕੌਰ ਨੂੰ ਰਾਵਲਪਿੰਡੀ ਬੁਲਾ ਲਿਆ ਤੇ ਫਿਰ ਉਸ ਨੂੰ ਸਹੁਰੇ ਘਰ ਨਾਂਹ ਭੇਜਿਆ। ਕਈ ਸੁਨੇਹੇ ਆਏ। ਮੈਂ ਤੇ ਬੇ ਜੀ ਨੇ ਫੈਸਲਾ ਕੀਤਾ, ਕਿ ਹੁਣ ਅਸੀਂ ਨੰਦ ਕੌਰ ਨੂੰ ਸਹੁਰੇ ਤੋਰਨਾ ਨਹੀਂ। ਉਨ੍ਹੀਂ ਦਿਨੀਂ ਸ੍ਰ: ਗੁਰਬਖਸ਼ ਸਿੰਘ ਨੁਸ਼ਹਿਰੇ ਰਹਿੰਦੇ ਸਨ। ਉਹ ਕਈ ਵਾਰ ਮੈਨੂੰ ਰਾਵਲਪਿੰਡੀ ਆ ਕੇ ਮਿਲੇ ਸਨ। ਉਹ ਪ੍ਰੀਤਲੜੀ ਦਾ ਪਰਚਾ ਭਾਈ ਵੀਰ ਸਿੰਘ ਹੋਰਾਂ ਦੇ ਵਜ਼ੀਰ ਹਿੰਦ ਪ੍ਰੈਸ 'ਚੋਂ ਛਪਵਾਣ ਅੰਮ੍ਰਿਤਸਰ ਜਾਂਦੇ ਸਨ। ਮੈਂ, ਉਨ੍ਹਾਂ ਨੂੰ ਚਿੱਠੀ ਲਿਖੀ, ਕਿ ਵਾਪਸੀ ਤੇ ਉਹ ਮੈਨੂੰ ਮਿਲ ਜਾਣ। ਮੈਂ ਉਨ੍ਹਾਂ ਨਾਲ ਆਪਣੀ ਭੈਣ ਦੇ ਭਵਿਸ਼ ਬਾਰੇ ਸਲਾਹ ਕਰਨੀ ਹੈ।

ਉਨ੍ਹਾਂ ਮੇਰੀ ਬੇਨਤੀ ਪ੍ਰਵਾਨ ਕਰ ਲਈ। ਮੈਨੂੰ ਯਾਦ ਹੈ, ਜਦ ਸ੍ਰਦਾਰ ਸਮੇਤ ਨਵਤੇਜ ਸਾਡੇ ਘਰ ਆਏ, ਤਾਂ ਉਸ ਤੋਂ ਪਹਿਲਾਂ ਅਸੀਂ ਆਪਣੇ ਘਰ ਦੀ ਚੰਗੀ ਤਰ੍ਹਾਂ ਸਫਾਈ ਕੀਤੀ। ਆਪਣਾ ਵਿਹੜਾ ਧੋਤਾ। ਗਲੀ ਤੇ ਨਾਲ ਲਗਦੀਆਂ ਨਾਲੀਆਂ ਸਾਫ ਕਰਵਾਈਆਂ। ਉਨ੍ਹਾਂ ਨੂੰ ਅਸੀਂ ਚੁਬਾਰੇ ਵਿੱਚ ਟਿਕਾਇਆ। ਸਵੇਰ ਸਾਰ ਸ੍ਰਦਾਰ ਜੀ ਤੇ ਮੈਂ ਮਰੀੜਾਂ ਦੇ ਪੁਲ ਵਲ ਸੈਰ ਕਰਨ ਗਏ। ਬੜੀਆਂ ਗੱਲਾਂ ਹੋਈਆਂ। ਪਰ ਰਾਹ ਵਿੱਚ ਮੈਂ ਆਪਣੀ ਭੈਣ ਨੰਦ ਕੌਰ ਬਾਰੇ ਕੋਈ ਗੱਲ ਨਾਂਹ ਕੀਤੀ। ਮੈਂ ਸੋਚਿਆ ਘਰ ਜਾ ਕੇ ਇਕਾਂਤ ਵਿੱਚ, ਮੈਂ ਉਨ੍ਹਾਂ ਨਾਲ ਗੱਲ ਕਰਾਂਗਾ।

ਸੈਰ ਕਰ ਕੇ ਘਰ ਪਹੁੰਚੇ, ਤਾਂ ਸਾਰਾ ਵਿਹੜਾ ਆਪਣੇ ਚਾਚਿਆਂ ਤੇ ਹੋਰ ਰਿਸ਼ਤੇਦਾਰਾਂ ਨਾਲ ਭਰਿਆ ਹੋਇਆ ਸੀ। ਭੈਣ ਨੰਦ ਦਾ ਸਹੁਰਾ ਤੇ ਉਸ ਦੇ ਸਾਥੀ, ਸਾਡੇ ਰਿਸ਼ਤੇਦਾਰਾਂ ਨੂੰ ਲੈ ਕੇ ਸਾਡੇ ਘਰ ਆ ਗਏ ਸਨ, ਕਿ ਚੌਧਰੀ ਹੋਰੀ ਸਾਡੀ ਨੂੰਹ ਨੂੰ ਨਹੀਂ ਤੋਰਦੇ।

ਸਾਡੇ ਲਾਲਾ ਜੀ ਤੇ ਵੀਰ ਗੁਰਬਖਸ਼ ਸਿੰਘ ਨੂੰ ਨਹੀਂ ਸੀ ਪਤਾ ਕਿ ਮੈਂ ਤੇ ਬੇ ਜੀ ਨੇ ਕਿਸੇ ਵਿਉਂਤ ਅਧੀਨ ਉਸ ਨੂੰ ਹਮੇਸ਼ਾ ਲਈ ਆਪਣੇ ਘਰ ਰਖਣ ਲਈ ਲਿਆਂਦਾ ਸੀ ਤਾਂ ਜੋ ਉਹ ਸਹੁਰੇ ਘਰ ਦੇ ਭੈੜੇ ਵਰਤਾਵੇ ਤੋਂ ਬਚ ਸਕੇ।

ਮੇਰੇ ਤੇ ਸ੍ਰ. ਗੁਰਬਖਸ਼ ਸਿੰਘ ਹੋਰਾਂ ਦੇ ਸੈਰ ਤੋਂ ਵਾਪਸ ਪਰਤਣ ਤੋਂ ਪਹਿਲਾਂ ਹੀ ਲਾਲਾ ਜੀ ਨੇ ਕਠੀ ਹੋਈ ਪੰਚਾਇਤ ਨੂੰ ਕਹਿ ਦਿਤਾ, ''ਕੁੜੀ ਤੁਹਾਡੀ ਅਮਾਨਤ ਹੈ, ਜਦੋਂ ਤੁਹਾਡੀ ਮਰਜ਼ੀ ਹੈ ਲੈ ਜਾਉ।''

ਸਾਡੇ ਘਰ 'ਚ ਕਦਮ ਰਖਣ ਤੋਂ ਪਹਿਲਾਂ ਹੀ ਭੈਣ ਨੰਦ ਕੌਰ ਨੂੰ ਸਹੁਰੇ ਘਰ ਜਾਣ ਲਈ ਤਿਆਰ ਕਰ ਦਿਤਾ ਗਿਆ ਸੀ।

ਲਾਲਾ ਜੀ ਦੇ ਇਸ ਫੈਸਲੇ ਤੇ ਮੈਂ ਤੇ ਬੇ ਜੀ ਬੜੇ ਦੁਖੀ ਹੋਏ। ਭੈਣ ਦਾ ਰੋਣਾ ਝਲਿਆ ਨਹੀਂ ਸੀ ਜਾਂਦਾ। ਪਰ ਸਾਡੇ ਘਰਾਂ ਵਿੱਚ ਪਿਤਾ ਪੁਰਖੀ ਰਿਵਾਜ ਸੀ, ਕਿ ਜੋ ਵਡਿਆਂ ਨੇ ਕਹਿ ਦਿਤਾ, ਉਹ 'ਤਥਾਅਸਤੂ' ਹੋ ਗਿਆ। ਅਸੀਂ ਟੁਟੇ ਦਿਲ ਨਾਲ ਭੈਣ ਨੂੰ ਸਹੁਰੇ ਘਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਤੋਰਿਆ। ਆਪਣੇ ਮਨ ਨੂੰ ਸ਼ਾਂਤ ਕਰਨ ਦੀ ਬੜੀ ਕੋਸ਼ਿਸ਼ ਕੀਤੀ. ਨਾਸ਼ਤਾ ਲੈ ਕੇ ਉਪਰ ਚਬਾਰੇ ਵਿੱਚ ਪਹੁੰਚਿਆਂ। ਉਥੇ ਵੀ ਮੇਰੇ ਅਥਰੂ ਠਲ੍ਹੇ ਨਹੀਂ ਸਨ ਜਾਂਦੇ। ਸ੍ਰ. ਗੁਰਬਖਸ਼ ਸਿੰਘ ਹੋਰਾਂ ਨੇ ਅਧਾ ਦੁਖਾਂਤ ਤਾਂ ਆਪਣੀ ਅਖੀਂ ਵੇਖ ਲਿਆ ਸੀ, ਹੁਣ ਸਾਰੀ ਕਥਾ ਮੈਂ ਸੁਣਾ ਦਿਤੀ। ਸੁਣ ਕੇ ਉਹ ਵੀ ਬੜੇ ਦੁਖੀ ਹੋਏ। ਅਖੀਰ ਉਨ੍ਹਾਂ ਕਿਹਾ, ''ਦਾਤਾ ਜੀ! ਜੇ ਤੁਹਾਡੀ ਭੈਣ ਨੂੰ ਸਹੁਰੇ ਨਾਂਹ ਤੋਰਿਆ ਗਿਆ ਹੁੰਦਾ. ਤਾਂ ਵੀ ਮੈਂ ਇਹੀ ਸਲਾਹ ਦੇਣੀ ਸੀ. ਕਿ ਜਿਥੇ ਸਾਡਾ ਸਮਾਜ ਅਜ ਖੜੋਤਾ ਹੈ. ਉਸ ਹਿਸਾਬ ਨਾਲ ਉਸ ਨੂੰ ਸਹੁਰੇ ਘਰ ਹੀ ਭੇਜਣਾ ਬਣਦਾ ਹੈ। ਹੋਰ ਕੋਈ ਚਾਰਾ ਹੀ ਨਹੀਂ ਸੀ।''

ਥੋੜ੍ਹੀ ਦੇਰ ਰੁਕ ਕੇ ਉਹ ਫਿਰ ਕਹਿਣ ਲਗੇ, ''ਤੁਸੀਂ ਆਪਣੇ ਜੀਜੇ ਤੇ ਭੈਣ ਦੋਹਾਂ ਨੂੰ ਸਾਡੇ ਪਾਸ ਨੁਸ਼ਿਹਰੇ ਭੇਜ ਦਿਓ। ਨੰਦ ਕੌਰ ਦੇ ਪਤੀ ਨੂੰ ਅਸੀਂ ਆਪਣੀ ਫਾਰਮ ਵਿੱਚ ਨੌਕਰੀ ਦੇ ਦਿਆਂਗੇ। ਪੈਸੇ ਵਲੋਂ ਉਹ ਸੌਖੇ ਹੋ ਜਾਣਗੇ ਤੇ ਸਾਡੇ ਪਰਿਵਾਰ ਦੇ ਮਾਹੌਲ ਵਿੱਚ ਰਹਿੰਦਿਆਂ ਅਵੱਸ਼ ਉਸ ਨੌਜਵਾਨ ਦੇ ਘਟੀਆ ਸਲੂਕ ਵਿੱਚ ਤਬਦੀਲੀ ਆ ਜਾਵੇਗੀ। ਉਸ ਵੇਲੇ ਗੱਲ ਗੱਲ ਵਿੱਚ ਮਾਰ ਕੁਟਾਈ ਤੇ ਗਾਲੀ ਗਲੋਚ ਤੋਂ ਬੇਟੀ ਨੰਦ ਕੌਰ ਬਚ ਜਾਵੇਗੀ।''

ਸ੍ਰਦਾਰ ਜੀ ਦੀਆਂ ਗੱਲਾਂ ਨਾਲ ਮੈਨੂੰ ਧੀਰਜ ਆਇਆ. ਪਰ ਲਖ ਕੋਸ਼ਿਸ਼ ਕਰਨ ਦੇ ਬਾਵਜੂਦ ਮੇਰੇ ਪਾਸੋਂ ਰੋਟੀ ਦੀ ਗਰਾਹੀ ਅੰਦਰ ਨਾ ਜਾ ਸਕੀ।

ਸ੍ਰ: ਗੁਰਬਖਸ਼ ਸਿੰਘ ਜੀ ਨੇ ਸ਼ਾਮ ਦੀ ਗਡੀ ਤੇ ਨੋਸ਼ਹਿਰੇ ਜਾਣਾ ਸੀ। ਉਸ ਸਮੇਂ ਤੀਕ ਮੈਂ ਹੌਸਲੇ ਵਿੱਚ ਰਿਹਾ. ਪਰ ਉਨ੍ਹਾਂ ਦੇ ਚਲੇ ਜਾਣ ਮਗਰੋਂ ਮੇਰਾ ਰੋਣ ਨਿਕਲ ਗਿਆ ਤੇ ਬੇ ਜੀ ਨੇ ਆਪਣੇ ਅਥਰੂ ਰੋਕਦਿਆਂ ਹੋਇਆਂ ਬੜੀ ਮੁਸ਼ਕਲ ਨਾਲ ਮੈਨੂੰ ਸੰਭਾਲਿਆ।

ਸੰਨ 1935 ਵਿੱਚ ਵਡੇ ਵੀਰ ਗੁਰਬਖਸ਼ ਸਿੰਘ ਦੀ ਦੂਜੀ ਸ਼ਾਦੀ ਹੋਈ। ਅਸੀਂ 1933-34 ਦੇ ਦਿਨਾਂ ਵਿੱਚ ਲਈ, ਮਦਨ ਪੁਰਾ ਗਵਾਲ ਮੰਡੀ ਨਾਂ ਦੇ ਨਾਲੇ ਤੋਂ ਪਾਰ ਆਪਣਾ ਮਕਾਨ ਉਸਾਰ ਲਿਆ। ਮਾਤਾ ਪਿਤਾ ਨੂੰ ਪਿੰਡੋਂ ਰਾਵਲਪਿੰਡੀ ਬੁਲਾ ਲਿਆ। ਭੈਣ ਨੰਦ ਕੌਰ ਵੀ ਕਦੀ ਕਦਾਈਂ-ਇਥੇ ਆ ਜਾਂਦੀ ਸੀ। ਉਨ੍ਹੀਂ ਦਿਨੀਂ ਸਾਰਾ ਪਰਿਵਾਰ ਸੁਖੀ ਜੀਵਨ ਬਿਤਾ ਰਿਹਾ ਸੀ। ਪਰ ਅਸਾਂ ਦੋਵਾਂ ਭਰਾਵਾਂ ਦੀ ਆਰਥਕ ਹਾਲਤ ਡਾਵਾਂਡੋਲ ਸੀ। ਸਿਰ ਤੇ ਕਰਜ਼ ਚੜ੍ਹ ਗਿਆ ਸੀ। ਸੂਦ ਵੀ ਮੋੜਿਆ ਨਹੀਂ ਸੀ ਜਾਂਦਾ। ਉਨ੍ਹੀਂ ਦਿਨੀਂ ਹੀ 'ਰਾਜ' ਦੀ ਮੰਗਣੀ ਕਿਸੇ ਹੋਰ ਥਾਂ ਕਰ ਦਿਤੀ ਗਈ ਸੀ। ਜਿਸ ਦਾ ਸੀਨੇ ਅਜਿਹਾ ਘਾਉ ਲਗਾ ਕਿ ਮੁੜ ਸਾਰੇ ਜੀਵਣ ਵਿੱਚ ਆਪਣੇ ਆਪ ਨੂੰ ਮੈਂ ਸੰਭਾਲ ਨਾਹ ਸਕਿਆ। ਉਧਰ ਬੇਕਾਰੀ ਜ਼ੋਰਾਂ ਤੇ ਸੀ। ਅਖੀਰ ਆਪਣੇ ਸਧਰਾਂ ਨਾਲ ਉਸਾਰੇ ਸਦਾ ਬਹਾਰ 'ਰੈਣ ਬਸੇਰੇ' ਨੂੰ ਵੇਚ ਦੇਣ ਦਾ ਫੈਸਲਾ ਕੀਤਾ। ਕਰਜ਼ ਲੈਣ ਵਾਲੇ ਤਿੰਨ-ਚਾਰ ਬੰਦਿਆਂ ਨੇ ਘਰ ਅਗੇ ਡੇਰੇ ਪਾਏ ਹੋਏ ਸਨ। ਬਾਹਰ ਡੌਂਡੀ ਪਿਟੀ ਜਾ ਰਹੀ ਸੀ। ਆਪਣੇ ਗਾੜ੍ਹੇ ਪਸੀਨੇ ਦੀ ਕਮਾਈ 'ਚੋਂ ਬਣੇ ਮਕਾਨ ਦੀ ਬੋਲੀ ਦਿਤੀ ਜਾ ਰਹੀ ਸੀ। ਸਾਰਾ ਪਰਿਵਾਰ ਸ਼ੋਕ ਗ੍ਰਸਤ ਸੀ। ਲਾਲਾ ਜੀ ਤੇ ਬੇ ਜੀ ਦੇ ਆਂਸੂ ਨਹੀਂ ਸਨ ਥੰਮਦੇ। ਕਈ ਦਿਨਾਂ ਤੋਂ ਸਾਰਾ ਪਰਿਵਾਰ ਫ਼ਾਕਾ ਮਸਤੀ ਦੇ ਗੇੜ ਵਿੱਚ ਸੀ। ਵਡਾ ਵੀਰ ਇਸ ਸੱਟ ਨੂੰ ਸਹਿ ਨਹੀਂ ਸੀ ਸਕਿਆ। ਉਹ ਬੀਮਾਰ ਪੈ ਗਿਆ।

ਕਿਸੇ ਦਸ ਪਾਈ ਕਿ ਇਸ ਬੀਮਾਰੀ ਦਾ ਇਲਾਜ ਤਰਨ ਤਾਰਨ ਹੋ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵੀਰ ਗੁਰਬਖਸ਼ ਸਿੰਘ ਕੁਝ ਦਿਨਾਂ ਲਈ ਭਾਈ ਮੋਹਣ ਸਿੰਘ ਵੈਦ ਤੋਂ ਇਲਾਜ ਕਰਾਣ ਤਰਨ ਤਾਰਨ ਚਲੇ ਗਏ। ਸਿਹਤ ਵਿੱਚ ਕੁਝ ਠੱਲ ਪੈ ਗਈ ਸੀ ਪਰ ਘਰ ਵਾਪਸ ਆਣ ਤੇ ਮਕਾਨ ਦੀ ਨੀਲਾਮੀ ਦੇ ਢੋਲ ਦੀ ਗੜ੍ਹਗੜ੍ਹਾਟ ਨਾਲ ਫਿਰ ਮੰਜੇ ਤੇ ਪੈ ਗਏ।

ਅਖੀਰ ਮਕਾਨ ਨਿਲਾਮ ਹੋ ਗਿਆ। ਅਸਾਂ ਆਪਣਾ ਸਮਾਨ ਚੁਕ ਕੇ ਨਾਲ ਦੇ ਲਾਲਾ ਦੀਵਾਨ ਚੰਦ ਸਾਹਨੀ ਦੇ ਹਵਾਲੀ-ਨੁਮਾ ਗੁਦਾਮ ਵਿੱਚ ਆ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਉਬਰਾਏ ਜਾਤੀ

ਜਾਤੀਆਂ ਤੇ ਉਪ-ਜਾਤੀਆਂ ਦੇ ਇਕ ਵਿਦਵਾਨ ਖੋਜੀ ਨੇ ਲਿਖਿਆ ਹੈ, ਕਿ ਉਬਰਾਏ ਖਾਨਦਾਨ ਅਰੰਭ ਵਿੱਚ ਮੱਧ ਭਾਰਤ ਵਿੱਚ ਰਹਿੰਦਾ ਸੀ। ਉਸ ਸਮੇਂ ਇਸ ਖਾਨਦਾਨ ਦਾ ਮੁਖੀ 'ਉਬੇ ਰਾਜਾ' ਅਖਵਾਂਦਾ ਸੀ।

ਦਿੱਲੀ, ਜੋ ਇਸ ਸਮੇਂ ਭਾਰਤ ਦੀ ਰਾਜਧਾਨੀ ਹੈ, ਕਈ ਵਾਰ ਉਜੜੀ ਤੇ ਕਈ ਵਾਰ ਵਸੀ। ਵਡੀ ਉਥਲ ਪੁਥਲ ਤੇ ਲੁਟਮਾਰ ਨਾਦਰਸ਼ਾਹ ਦੇ ਹਮਲੇ ਸਮੇਂ ਹੋਈ। ਦਿੱਲੀ ਦੇ ਪੜ੍ਹੇ ਲਿਖੇ ਮੂਰਖ ਬਾਦਸ਼ਾਹ ਮੁਹੰਮਦ ਤੁਗ਼ਲਕ ਨੇ ਦਿੱਲੀ ਨੂੰ ਉਜਾੜ ਕੇ ਦੌਲਤਾਬਾਦ ਨੂੰ ਵਸਾਇਆ ਸੀ।

ਮੁਹੰਮਦ ਤੁਗਲਕ ਨੂੰ ਦਿੱਲੀ ਦੀ ਥਾਂ ਦੌਲਤਾਬਾਦ ਬੜਾ ਪਸੰਦ ਸੀ। ਉਸ ਨੇ ਹੁਕਮ ਦਿਤਾ ਕਿ ਦਿੱਲੀ ਨੂੰ ਇਕ ਦਮ ਖਾਲੀ ਕਰ ਦਿਤਾ ਜਾਏ। ਸਭ ਦਿੱਲੀ ਵਾਸੀ ਆਪਣਾ ਲਟਾ ਪਟਾ ਚੁਕ ਦੌਲਤਾਬਾਦ ਚਲੇ ਜਾਣ। ਕਈ ਦਿਨ ਇਹ ਉਜਾੜਾ ਜਾਰੀ ਰਿਹਾ। ਉਜਾੜੇ ਦੇ ਨਾਲ ਹੀ ਲੁਟ ਘਸੁਟ ਵੀ ਚਲਦੀ ਰਹੀ। ਅੰਤ ਦਿੱਲੀ ਬਿਲਕੁਲ ਖਾਲੀ ਹੋ ਗਈ ਤੇ ਦਿੱਲੀ ਵਾਸੀ, ਸ਼ਰਨਾਰਥੀਆਂ ਵਾਂਗ ਆਪਣਾ ਬਚਿਆ-ਖੁਚਿਆ ਘਰ ਦਾ ਸਾਮਾਨ ਸਮੇਟ ਕੇ ਦੌਲਤਾਬਾਦ ਰਵਾਨਾ ਹੋ ਗਏ।

ਇੰਨ੍ਹੀਂ ਦਿਨੀਂ ਕੰਨਾਂ ਦੇ ਕਚੇ ਤੇ ਮੂਰਖ ਬਾਦਸ਼ਾਹ ਦੇ ਕੰਨੀ ਕਿਸੇ ਮਨਚਲੇ ਨੇ ਇਹ ਅਫਵਾਹ ਫੂਕ ਦਿਤੀ, ਕਿ ਅਜੇ ਤੀਕ ਕਈ ਬੰਦੇ ਆਪਣੇ ਘਰਾਂ, ਖ਼ੋਲਿਆਂ ਤੇ ਖੰਡਰਾਂ ਵਿੱਚ ਲੁਕੇ ਛੁਪੇ ਹੋਏ ਸਨ। ਬਾਦਸ਼ਾਹ ਤੁਗਲਕ ਨੇ ਫੌਰਨ ਸਿਪਾਹੀਆਂ ਨੂੰ ਦਿੱਲੀ ਦੀ ਇਕ ਇਕ ਗਲੀ, ਇਕ ਇਕ ਘਰ, ਤੇ ਘਰ ਦੀ ਹਰ ਨੁਕਰ ਦੀ ਤਲਾਸ਼ੀ ਲੈਣ ਦਾ ਹੁਕਮ ਸਾਦਰ ਕੀਤਾ। ਦਿੱਲੀ ਦੇ ਘਰ-ਘਰ ਦੀ ਤਲਾਸ਼ੀ ਮਗਰੋਂ ਜਦ ਸਿਪਾਹੀਆਂ ਨੇ ਇਕ ਲੰਗੜੇ ਤੇ ਇਕ ਅੰਨ੍ਹੇ ਨੂੰ, ਜੋ ਕਿਸੇ ਖੋਲੇ ਵਿੱਚ ਛੁਪ ਕੇ ਬੈਠੇ ਸਨ, ਹਜ਼ੂਰ ਬਾਦਸ਼ਾਹ ਸਲਾਮਤ ਦੇ ਪੇਸ਼ ਕੀਤਾ, ਤਾਂ ਮੂਰਖ਼ ਬਾਦਸ਼ਾਹ, ਨੇ ਉਨ੍ਹਾਂ ਨੂੰ ਹੁਕਮ ਅਦੂਲੀ ਦਾ ਇਹ ਨਾਦਰਸ਼ਾਹੀ ਹੁਕਮ ਦਿਤਾ "ਇਨ੍ਹਾਂ ਦੋਹਾਂ ਦੀਆਂ ਮੁਸ਼ਕਾਂ ਕਸ ਕੇ ਹਾਥੀ ਦੇ ਪੈਰਾਂ ਨਾਲ ਬੰਨ੍ਹ ਕੇ ਹਾਥੀ ਨੂੰ ਦਿਲੀਓਂ ਦੌਲਤਾਬਾਦ ਵਲ ਦੌੜਾ ਦਿਤਾ ਜਾਵੇ।" ਪਤਾ ਨਹੀਂ, ਦੌਲਤਾਬਾਦ ਪਹੁੰਚ ਕੇ ਉਨ੍ਹਾਂ ਦੀ ਕੋਈ ਹੱਡੀ ਪਸਲੀ ਬਚੀ ਵੀ ਕਿ ਨਾਂਹ, ਪਰ ਬਾਦਸ਼ਾਹ ਸਲਾਮਤ ਨੇ ਪੂਰੀ ਤਰ੍ਹਾਂ ਦਿੱਲੀ ਨੂੰ ਖਾਲੀ ਕਰਵਾ ਦਿਤਾ।

ਸੰਨ 1857 ਦੇ ਗ਼ਦਰ ਮਗਰੋਂ ਵੀ ਇਕ ਵਾਰ ਦਿੱਲੀ ਉਜੜੀ ਸੀ। ਅੰਗ੍ਰੇਜ਼ਾਂ ਦੀ ਜਿਤ ਮਗਰੋਂ ਲੋਕੀ ਡਰਦੇ ਮਾਰੇ ਦਿੱਲੀ ਛਡ ਕੇ ਭਜ ਗਏ। ਦਿੱਲੀ ਨੂੰ ਅੰਗ੍ਰੇਜ਼ੀ ਫ਼ੌਜ ਦੇ ਸਿਪਾਹੀਆਂ ਨੇ ਦਿਲ ਖੋਲ੍ਹ ਕੇ ਲੁਟਿਆ, ਤੇ ਦਿੱਲੀ ਵਾਸੀਆਂ ਦੇ ਖੂਨ ਨਾਲ ਦਿਲ ਖੋਲ੍ਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੇ ਹੋਲੀ ਖੇਡੀ। ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੀਆਂ ਨੂੰ ਫਾਸੀਆਂ ਤੇ ਲਟਕਾਇਆ ਗਿਆ।

ਇਕ ਰਵਾਇਤ ਅਨੁਸਾਰ ਸੰਨ 1857 ਦੇ ਗ਼ਦਰ ਸਮੇਂ ਜਾਂ ਉਸ ਤੋਂ ਪਹਿਲਾਂ ਦੀਆਂ ਦਿੱਲੀ ਦੀਆਂ ਲੁਟਾਂ ਵਿੱਚ ਰਾਜਾ ਉਬੇ ਦੀ ਵੰਸ਼ ਦੇ ਲੁਟੇਰੇ ਵੀ ਸ਼ਾਮਲ ਸਨ। ਇਸੇ ਕਰ ਕੇ ਇਸ ਲੁਟਮਾਰ ਕਾਰਣ ਉਨ੍ਹਾਂ ਦਾ ਨਾਂ 'ਦਿੱਲੀ ਲੁਟ' ਪੈ ਗਿਆ ਸੀ।

ਸਿੱਖ ਰਾਜ ਦੀ ਕਾਇਮੀ ਤੋਂ ਕੁਝ ਸਾਲ ਪਹਿਲਾਂ ਜਦੋਂ ਪੰਜਾਬ ਵਿੱਚ ਸਿੱਖ ਮਿਸਲਾਂ ਦਾ ਰਾਜ ਸੀ, ਤਾਂ ਕੁਝ ਉਬਰਾਏ ਵੰਸ਼ੀ ਜਾਂ ਰਾਜਾ ਉਬੇ ਰਾਏ ਦੇ ਅਨੁਆਈ ਹਿੰਦੁਸਤਾਨ ਨੂੰ ਖੈਰਬਾਦ ਕਹਿ ਕੇ ਦੇਸ਼ ਪੰਜਾਬ (ਉਸ ਸਮੇਂ ਪੰਜਾਬ ਨੂੰ ਭਾਰਤ ਤੋਂ ਵਖਰਾ ਦੇਸ਼ ਸਮਝਿਆ ਜਾਂਦਾ ਸੀ ਤੇ ਦੇਸ਼ ਪੰਜਾਬ ਦੀਆਂ ਸਰਹੱਦਾਂ ਪੇਸ਼ਾਵਰ ਤਕ ਜਾ ਪੁਜਦੀਆਂ ਸਨ) ਵਿੱਚ ਆਣ ਪੁਜੇ। ਕੁਝ ਪਰਿਵਾਰ ਸਿਆਲਕੋਟ ਵਲ ਤੇ ਕੁਝ ਜੇਹਲਮ ਤੇ ਰਾਵਲਪਿੰਡੀ ਦੇ ਪਿੰਡਾਂ ਚਕਵਾਲ, ਭੌਣ (ਜ਼ਿਲਾ ਜੇਹਲਮ) ਵਿੱਚ ਆਣ ਵਸੇ।

ਉਸ ਸਮੇਂ ਰਾਵਲਪਿੰਡੀ ਦੇ ਜ਼ਿਲੇ ਦਾ ਇਕ ਗੁਮਨਾਮ ਪਿੰਡ 'ਦਾਤਾ ਭੱਟ' (ਤਹਿਸੀਲ ਗੁਜਰਖਾਨ) ਸੀ। ਕਿਹਾ ਜਾਂਦਾ, ਕਿ ਇਸ ਪਿੰਡ ਦੀ ਨੀਂਹ ਅਜ ਤੋਂ ਦੋ ਸਦੀਆਂ ਪਹਿਲਾਂ 'ਦਾਤਾ' ਤੇ 'ਭੱਟ' ਨਾਂ ਦੇ ਦੋ ਭਰਾਵਾਂ ਨੇ ਰਖੀ ਸੀ। ਉਸ ਪਿੰਡ ਵਿੱਚ ਦੋ ਸੌ ਦੇ ਲਗਭਗ ਘਰ ਮੁਸਲਮਾਨਾਂ ਤੇ ਇਕ ਸੌ ਦੇ ਕਰੀਬ ਘਰ ਸਿੱਖਾਂ ਦੇ ਸਨ। ਉਸ ਸਮੇਂ ਇਕ ਉਬਰਾਏ ਵੰਸ਼ੀ ਨੌਜਵਾਨ ਚਕਵਾਲ ਜਾਂ ਭੌਣ ਪਿੰਡ ਤੋਂ ਆਪਣੇ ਘਰ ਵਾਲਿਆਂ ਨਾਲ ਲੜ ਕੇ 'ਦਾਤਾ ਭੱਟ' ਪਿੰਡ ਵਿੱਚ ਆ ਵਸਿਆ। ਉਸ ਨੌਜਵਾਨ ਨੇ ਉਥੇ ਹੀ ਸ਼ਾਦੀ ਕਰਵਾ ਲਈ। ਉਸ ਦੇ ਕਈ ਬੱਚੇ ਹੋਏ। ਇਸ ਪਿੰਡ ਵਿਚ 50 ਕੁ ਪਰਿਵਾਰ ਉਸ ਵਡਕੇ ਦੀ ਵੰਸ਼ ਵਿਚੋਂ ਸਨ, (ਜਿਨ੍ਹਾਂ 'ਚੋਂ ਇਕ ਇਨ੍ਹਾਂ ਸਤਰਾਂ ਦਾ ਲਿਖਾਰੀ ਵੀ ਸੀ) ਜੋ ਸੰਨ 1947 ਵਿਚ ਉਜੜ ਕੇ ਨਦੀ ਮਹੱਲਾ ਅੰਬਾਲਾ ਸ਼ਹਿਰ, ਤੋਪਖਾਨਾ ਬਜ਼ਾਰ, ਅੰਬਾਲਾ ਛਾਵਨੀ, ਲੁਧਿਆਣਾ, ਯਮੁਨਾ ਨਗਰ, ਜਗਾਧਰੀ (ਹਰਿਆਣਾ) ਤੇ ਤਿਲਕ ਨਗਰ (ਨਵੀਂ ਦਿੱਲੀ) ਆਦਿ ਸ਼ਹਿਰਾਂ ਵਿਚ ਆਣ ਵਸੇ।

ਓਬਰਾਵਾਂ ਬਾਰੇ ਹਰਦੁਆਰ ਦੇ ਪਾਂਡਿਆਂ ਅਨੁਸਾਰ ਸਾਰੇ ਉਬਰਾਅ, ਅਭੇ ਰਾਏ ਨਾਂ ਦੇ ਰਾਜੇ ਦੀ ਵੰਸ਼ ਵਿੱਚੋਂ ਹਨ। ਉਹ ਰਾਜਾ ਕਦੋਂ ਅਤੇ ਕਿਥੇ ਹੋਇਆ, ਇਸ ਬਾਰੇ ਜਾਣਕਾਰੀ ਨਹੀਂ ਮਿਲਦੀ।

ਦੇਸ਼ ਵੰਡ ਤੋਂ ਪਹਿਲਾਂ ਪੰਜਾਬ ਦੇ ਖਤਰੀਆਂ ਦਾ ਹਰ ਸਾਲ ਵਾਰਸ਼ਿਕ ਸੰਮੇਲਨ ਦੀਪਾਲਪੁਰ ਜ਼ਿਲਾ ਮਿੰਟਗੁਮਾਰੀ (ਪਾਕਿਸਤਾਨ) ਵਿੱਚ ਹੋਇਆ ਕਰਦਾ ਸੀ। ਇਹ ਥਾਂ ਅਬੋਹਰ ਦੇ ਨੇੜੇ ਹੀ ਸੀ। ਅਬੋਹਰ ਦਾ ਪੁਰਾਣਾ ਨਾਂ ''ਅਭੈ ਨਗਰ'' ਜਾਂ ''ਅਭੈ ਪੁਰ'' ਸੀ। ਸ਼ਾਇਦ ਇਥੋਂ ਦਾ ਰਾਜਾ ਹੀ ਕੋਈ ਅਭੈ ਰਾਏ ਹੋਇਆ ਹੋਵੇ।

ਅਲਾਉਦੀਨ ਖਿਲਜੀ ਦੇ ਰਾਜ ਕਾਲ ਸਮੇਂ ਸਤੀ ਦੇ ਪ੍ਰਸ਼ਨ ਤੇ ਫੁਟ ਪੈ ਗਈ। ਰਾਜਾ ਖਿਲਜੀ, ਸਤੀ ਪ੍ਰਥਾ ਖਤਮ ਕਰਨਾ ਚਾਹੁੰਦਾ ਸੀ। ਜੋ ਲੋਕ ਉਸ ਦਾ ਹੁਕਮ ਮੰਨ ਗਏ, ਉਨ੍ਹਾਂ ਨੂੰ ਦੂਜਿਆਂ ਨੇ ਸ਼ਰਾ ਆਈਨ ਵਾਲੇ ਜਾਂ 'ਸਰੀਨ' ਕਹਿਣਾ ਸ਼ੁਰੂ ਕਰ ਦਿਤਾ। ਜੋ ਨਾ ਮੰਨੇ, ਉਨ੍ਹਾਂ ਨੇ ਖਿਲਜੀ ਵਿਰੁਧ ਬਗਾਵਤ ਕਰ ਦਿਤੀ। ਉਨ੍ਹਾਂ ਸਾਰੇ ਲੋਕਾਂ ਨੂੰ ਖਿਲਜੀ ਦੇ ਹੁਕਮ ਅਨੁਸਾਰ ਉਜਾੜ ਦਿਤਾ ਗਿਆ।

ਉਹ ਉਜੜੇ ਹੋਏ ਲੋਕ ਮਗਰੋ ਵਪਾਰੀ ਬਣ ਗਏ, ਜਿਵੇਂ ਕਿ ਰਾਜ ਸਤਾ ਤੋਂ ਹਥ ਧੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੇ ਯਹੂਦੀਆਂ ਨੇ ਵੀ ਵਪਾਰ ਦਾ ਕਿੱਤਾ ਅਪਣਾ ਲਿਆ ਸੀ। ਖਿਲਜੀ ਨਾਲ ਸਹਿਯੋਗ ਕਰਨ ਵਾਲਿਆਂ ਵਿੱਚੋਂ ਬੇਦੀ, ਸੋਢੀ ਆਦਿ ਮਗਰੋਂ ਹਿੰਦੂ ਮੁਸਲਮ ਏਕਤਾ ਦੇ ਮੋਢੀ ਬਣੇ, ਪਰ 'ਉਬਰਾਅ' ਸ਼ਾਇਦ ਉਨ੍ਹਾਂ ਜ਼ਿੱਦੀ ਲੋਕਾਂ ਵਿੱਚੋਂ ਸਨ, ਜੋ ਲਕੀਰ ਦੇ ਫਕੀਰ ਹੀ ਬਣੇ ਰਹੇ।

ਵੀਹਵੀਂ ਸਦੀ ਵਿੱਚ ਸਿਆਲਕੋਟ ਵਿੱਚ ਸ੍ਰ: ਸ਼ਿਵਦੇਵ ਸਿੰਘ ਉਬਰਾਅ ਸਿੱਖਾਂ ਦੇ ਇਕ ਸਿਰਕੱਢ ਨੇਤਾ ਸਨ। ਕਈਆਂ ਦਾ ਵਿਚਾਰ ਹੈ, ਕਿ ਪਹਿਲਾਂ ਸਾਰੇ ਉਬਰਾਅ ਸਿਆਲਕੋਟ ਵਿੱਚ ਹੀ ਰਹਿੰਦੇ ਸਨ।

ਅਜ ਤੋਂ ਅਧੀ ਸਦੀ ਪਹਿਲਾਂ ਸਿਆਲਕੋਟ (ਪਾਕਿਸਤਾਨ) ਤੋਂ ਖੇਡਾਂ ਦਾ ਸਾਮਾਨ ਤਿਆਰ ਹੋ ਕੇ ਵਲਾਇਤ ਤੀਕ ਜਾਂਦਾ ਸੀ। ਉਸ ਸਮੇਂ ਸ੍ਰ: ਠਾਕਰ ਸਿੰਘ ਉਬਰਾਏ ਦੀ 'ਉਬਰਾਏ ਸਪੋਰਟਸ' ਨਾਂ ਦੀ ਹਾਕੀਆਂ ਤੇ ਹੋਰ ਖੇਡਾਂ ਦੇ ਸਾਮਾਨ ਦੀ ਬਹੁਤ ਵੱਡੀ ਇੰਡਸਟਰੀ ਸੀ। ਸ੍ਰ: ਠਾਕਰ ਸਿੰਘ ਉਬਰਾਏ ਨੇ ਆਪਣੇ ਕਾਰੋਬਾਰ ਦੇ ਸਬੰਧ ਵਿੱਚ ਸੰਨ 1924 ਵਿੱਚ ਸਿਆਲਕੋਟ ਤੋਂ ਇੰਗਲੈਂਡ ਜਾਣ ਦਾ ਪ੍ਰੋਗਰਾਮ ਬਣਾਇਆ। ਉਸ ਨੇ ਸਿਆਲਕੋਟ ਤੋਂ ਸੈਕੰਡ ਕਲਾਸ ਦਾ ਟਿਕਟ ਖ੍ਰੀਦ ਕੇ ਜੇਬ ਵਿੱਚ ਰਖ ਲਿਆ। ਉਹ ਬੜੇ ਆਰਾਮ ਨਾਲ ਦੋ ਰਾਤਾਂ ਤੇ ਦੋ ਦਿਨ ਆਪਣੇ ਰੀਜ਼ਰਵ ਡਬੇ ਵਿੱਚ ਦਿਨੇ ਕਿਤਾਬਾਂ ਪੜ੍ਹਦਾ ਤੇ ਰਾਤੀਂ ਸੁਤਾ ਰਹਿੰਦਾ। ਸਿਆਲਕੋਟ ਤੋਂ ਹੀ 'ਜੇਬ ਕਤਰੇ' ਸ੍ਰ: ਠਾਕਰ ਸਿੰਘ ਦੇ ਪਿਛੇ ਲਗ ਤੁਰੇ। ਜਦੋਂ ਉਹ ਪੰਜਾਬੋਂ ਦਿੱਲੀ ਪੁਜਾ, ਤਾਂ ਜੇਬ ਕਤਰਿਆਂ ਨੇ ਸੁਤੇ ਪਏ ਸ੍ਰ: ਠਾਕਰ ਸਿੰਘ ਦੀ ਕਈ ਵਾਰ ਤਲਾਸ਼ੀ ਲਈ। ਉਸ ਨੂੰ ਸੁੰਘਾ ਕੇ ਵੀ ਉਨ੍ਹਾਂ ਵੇਖ ਲਿਆ, ਪਰ ਉਸ ਤੋਂ ਕੁਝ ਪ੍ਰਾਪਤ ਨਾ ਹੋਇਆ। ਉਹ ਹੈਰਾਣ ਸਨ ਕਿ ਇੱਡਾ ਵਡਾ ਵਪਾਰੀ ਸ੍ਰਦਾਰ, ਜੋ ਵਿਦੇਸ਼ਾਂ ਵਿੱਚ ਕਾਰੋਬਾਰ ਲਈ ਜਾ ਰਿਹਾ ਹੈ, ਉਸ ਦੇ ਖੀਸੇ ਖਾਲੀ ਹੀ ਰਹੇ। ਉਨ੍ਹਾਂ ਆਪਣੇ ਸ਼ਿਕਾਰ ਨੂੰ ਦਸ ਹਜ਼ਾਰ ਰੁਪਏ ਤੋਂ ਅਗਲੇ ਜੇਬ ਕਤਰਿਆਂ ਹਥ ਵੇਚ ਦਿਤਾ। ਇਸ ਤੋਂ ਅਗਲੇ ਸਫਰ ਵਿੱਚ ਸ੍ਰਦਾਰ ਦੀ ਕੀਮਤ ਦੂਣੀ ਚੌਣੀ ਹੁੰਦੀ ਰਹੀ। ਅੰਤ ਜੇਬ ਕਤਰਿਆਂ ਨੇ ਆਪਣੇ ਸ਼ਿਕਾਰ ਨੂੰ ਅਗਲੇ ਜੇਬ ਕਤਰਿਆਂ ਪਾਸ ਡੇਢ ਲਖ ਰੁਪਏ ਵਿੱਚ ਵੇਚ ਦਿਤਾ। ਜਦ ਬੰਬਈ ਪਹੁੰਚਣ ਤੀਕ ਉਸ ਦੀ ਤਲਾਸ਼ੀ ਲੈਣ ਉਪ੍ਰੰਤ ਉਸ ਦੇ ਖੀਸਿਆਂ 'ਚੋਂ ਸੈਕੰਡ ਕਲਾਸ ਦੇ ਟਿਕਟ ਅਤੇ ਦੋ ਚਾਰ ਰੁਪਏ ਦੇ ਭਾਨ ਤੋਂ ਬਿਨਾਂ ਕੁਝ ਨਾਂਹ ਪ੍ਰਾਪਤ ਹੋਇਆ, ਤਾਂ ਆਖਰੀ ਜੇਬ ਕਤਰਾ, ਸ੍ਰ: ਠਾਕਰ ਸਿੰਘ ਉਬਰਾਏ ਦੇ ਪੈਰੀਂ ਪੈ ਗਿਆ, ਤੇ ਕਹਿਣ ਲਗਾ, "ਸਰਦਾਰ ਠਾਕਰ ਸਿੰਘ ਜੀ! ਮੈਂ ਤਾਂ ਲੁਟਿਆ ਪੁਟਿਆ ਗਿਆ। ਆਪ ਨੂੰ ਪਤਾ ਨਹੀਂ ਕਿ ਸਿਆਲਕੋਟ ਤੋਂ ਲੈ ਕੇ ਬੰਬਈ ਤੀਕ ਦਸ ਜੇਬ ਕਤਰਿਆਂ ਨੇ ਆਪ ਨੂੰ ਇਕ ਦੂਜੇ ਅਗੇ ਵੇਚਿਆ ਤੇ ਅਖੀਰ ਤੁਹਾਡੇ ਬੰਬਈ ਅਪੜਨ ਤੀਕ ਤੁਹਾਡੀ ਕੀਮਤ ਡੇਢ ਲਖ ਰੁਪਿਆ ਪਈ। ਪਰ ਅਲਾ ਕਸਮ! ਤੁਹਾਡੇ ਪਾਸੋਂ ਫੁਟੀ ਕੌਡੀ ਨਹੀਂ ਨਿਕਲੀ। ਹੁਣ ਤਾਂ ਭੇਦ ਭਰੀ ਗੱਲ ਦਸ ਦਿਓ, ਤੁਸੀਂ ਆਪਣੀ ਮਾਇਆ ਕਿਥੇ ਛੁਪਾਈ ਹੋਈ ਸੀ?"

ਸ੍ਰ: ਠਾਕਰ ਸਿੰਘ, ਜੇਬ ਕਤਰੇ ਦੀ ਗੱਲ ਸੁਣ ਕੇ ਖਿੜਖੜਾ ਕੇ ਹਸਿਆ ਤੇ ਕਹਿਣ ਲਗਾ, "ਲੌ ਬਈ ਮੈਂ ਤੁਹਾਨੂੰ ਅਸਲੀ ਗੱਲ ਦਸਦਾ ਹਾਂ।" ਇਹ ਕਹਿ ਕੇ ਉਸ ਨੇ ਆਪਣੇ ਬੂਟਾਂ ਨੂੰ ਪੈਰਾਂ 'ਚੋਂ ਉਤਾਰਿਆ ਤੇ ਚਾਕੂ ਨਾਲ ਬੂਟਾਂ ਦੇ ਤਲੇ ਨੂੰ ਉਖੇੜਿਆ। ਉਸ ਨੇ ਕਾਗਜ਼ ਵਿੱਚ ਲਪੇਟੇ ਬਹੁਤ ਸਾਰੇ ਨੋਟ ਕਢ ਕੇ ਜੇਬ ਕਤਰੇ ਨੂੰ ਵਿਖਾਏ ਤਾਂ ਜੇਬ ਕਤਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸ੍ਰਦਾਰ ਠਾਕਰ ਸਿੰਘ ਦੀ ਚੁਸਤੀ ਤੇ ਉਸਦੀ ਨਵੀਂ ਕਾਢ ਵੇਖ ਹੈਰਾਨ ਰਹਿ ਗਿਆ।

ਸ਼ੁਕਰਚਕੀਆ ਮਿਸਲ ਦੇ ਸ੍ਰ. ਚੜਤ ਸਿੰਘ ਨੇ ਜਦ ਰੋਹਤਾਸ ਦਾ ਕਿਲ੍ਹਾ ਜਿਤਿਆ ਤਾਂ ਕੁਝ ਸਿਆਲਕੋਟ ਵਾਸੀ ਉਬਰਾਅ ਜੇਹਲਮ ਤੇ ਪੋਠੋਹਾਰ ਵਿੱਚ ਜਾ ਵਸੇ। ਮਹਾਰਾਜਾ ਰਣਜੀਤ ਸਿੰਘ ਸਮੇਂ ਫ਼ੌਜ ਦੇ ਨਾਲ ਹੀ ਉਬਰਾਵਾਂ ਦੇ ਵਡਕੇ 100 ਕੁ ਮੀਲ ਪਛਮ ਵਲ ਸਿੰਧ ਨਦੀ ਦੇ ਕੰਢੇ ਜਾ ਵਸੇ।

ਇਕ ਰਵਾਇਤ ਮੁਤਾਬਕ ਲਾਤੀਨੀ ਅਮਰੀਕਾ ਦੇ ਮਹਾਨ ਇਨਕਲਾਬੀ ਚੇ-ਗ੍ਰੀਵ (Che Greev) ਦੇ ਵਡਕੇ ਸਪੇਨ 'ਚੋਂ ਉਜੜ ਕੇ ਹੋਰੀ ਥਾਈਂ ਜਾਂ ਵਸੇ ਸਨ। ਉਸ ਵੰਸ਼ ਦੀ ਇਕ ਤੀਵੀਂ ਨੇ ਜਦ ਚੇ ਦਾ ਇਸ ਗੱਲ ਵਲ ਧਿਆਨ ਦੁਆਇਆ, ਤਾਂ ਉਸ ਨੇ ਉਤਰ ਦਿਤਾ, "ਉਥੋਂ ਦੇ ਲੋਕਾਂ ਬਾਰੇ ਬਹੁਤ ਕੁਝ ਤਾਂ ਪਤਾ ਨਹੀਂ, ਪਰ ਹਰ ਉਹ ਬੰਦਾ ਜੋ ਜ਼ੁਲਮ ਤੇ ਬੇਇਨਸਾਫੀ ਦੇਖ ਕੇ ਤੜਪ ਉਠਦਾ ਹੈ, ਉਹ ਆਪਣੀ ਵੰਸ਼ 'ਚੋਂ ਹੀ ਜਾਪਦਾ ਹੈ।"

ਉਬਰਾਏ ਇੰਟਰਨੈਸ਼ਨਲ ਦੇ ਮਾਲਕ ਐਮ.ਐਸ. ਉਬਰਾਏ ਵੀ ਇਸ ਬਰਾਦਰੀ ਦੇ ਹਨ, ਅਤੇ ਡਾ. ਮੋਹਨ ਸਿੰਘ ਉਬਰਾਏ ਸੱਯਦ ਜ਼ਿਲਾ ਰਾਵਲਪਿੰਡੀ ਦੇ ਪ੍ਰਸਿੱਧ ਵਿਦਵਾਨ, ਜੋ ਪਿਛਲੇ ਸਾਲਾਂ ਵਿੱਚ ਚੰਡੀਗੜ੍ਹ ਵਿਖੇ ਹੀ ਪੂਰੇ ਹੋ ਗਏ ਸਨ, ਵੀ ਉਬਰਾਏ ਵੰਸ਼ ਦੇ ਪ੍ਰਸਿੱਧ ਰੁਕਨ ਸਨ।

ਉਬਰਾਵਾਂ ਬਾਰੇ ਕਿਹਾ ਜਾਂਦੈ, ਕਿ ਇਹ ਕਿਸੇ ਦੀ ਟੈਂ ਨਹੀਂ ਮੰਨਦੇ। ਇਸ ਲਈ ਇਨ੍ਹਾਂ ਦਾ ਨਾਂ 'ਹਬੇ ਰਾਅ' ਯਾਨੀ ਕਿ ਸਾਰੇ ਹੀ ਆਪਣੇ ਆਪ ਨੂੰ ਨਾਢੂ ਖਾਂ ਸਮਝਦੇ ਹਨ। ਉਬਰਾਵਾਂ 'ਚੋਂ ਕੋਈ ਵੀ ਦੂਜਿਆਂ ਦੇ ਪਿਛੇ ਲਗ ਕੇ ਤੁਰਨ ਨੂੰ ਤਿਆਰ ਨਹੀਂ। ਸਾਰੇ ਉਬਰਾਅ, ਜਥੇਦਾਰ (ਨੇਤਾ) ਹੀ ਹੁੰਦੇ ਹਨ, ਦੂਜਿਆਂ ਦੇ ਪਿਛਲਗ ਨਹੀਂ ਹੁੰਦੇ।*

---

* ਪ੍ਰੋ. ਮਨਮੋਹਨ ਸਿੰਘ ਪਟਿਆਲਾ, ਤੇ ਸ੍ਰ. ਦੀਦਾਰ ਸਿੰਘ ਉਬਰਾ ਜਲੰਧਰ ਰਾਹੀਂ ਪ੍ਰਾਪਤ ਜਾਣਕਾਰੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੋਠੋਹਾਰ

ਪੋਠੋਹਾਰ, ਪਛਮੀ ਪੰਜਾਬ ਦਾ ਵਿਸ਼ੇਸ਼ ਭੂਗੋਲਕ ਤੇ ਪ੍ਰਾਕ੍ਰਿਤਕ ਖੰਡ ਹੈ, ਜੋ ਜਿਹਲਮ ਦਰਿਆ ਦੇ ਪਛਮੀ ਕੰਢੇ ਤੋਂ ਇਲਾਕਾ ਕੈਮਲਪੁਰ ਤੇ ਹਜ਼ਾਰੇ ਤੀਕ ਪਸਰਿਆ ਹੋਇਆ ਹੈ। ਦੂਜੇ ਬੰਨੇ ਇਹ ਸ਼ਿਵਾਲਕ ਪਰਬਤ ਮਾਲਾ ਦੀਆ ਨਿਕੀਆਂ ਪਹਾੜੀਆਂ ਦੇ ਦਾਮਨ ਵਿੱਚ ਸਥਿਤ ਹੈ। ਇਸ ਦੀ ਧਰਤੀ ਪਠਾਰੀ ਹੈ। ਛੋਟੀਆਂ ਛੋਟੀਆਂ ਪਹਾੜੀਆਂ, ਟਿਲੇ ਤੇ ਢਕੀਆਂ ਦੀ ਇਸ ਸੁਹਾਵਣੀ ਧਰਤੀ ਵਿੱਚ ਸੁਆਂ ਨਦੀ ਵਹਿੰਦੀ ਹੈ। ਅਣਗਿਣਤ ਕੱਸੀਆਂ, ਝਰਨੇ, ਚੋਏ ਤੇ ਜਲ-ਧਾਰਾਵਾਂ ਦੀਆਂ ਲੰਮੀਆਂ ਪਤਲੀਆਂ ਚਾਂਦੀ ਤਾਰਾਂ ਦਾ ਅਦਭੁਤ ਜਾਲ ਵਿਛਿਆ ਹੋਇਆ ਹੈ। ਕਿਤੇ ਕਿਤੇ ਬਨਸਪਤੀ ਰਹਿਤ ਪਥਰੀਲੀਆਂ ਚੱਟਾਨਾਂ ਵੀ ਨਜ਼ਰ ਆਉਂਦੀਆਂ ਹਨ, ਪਰ ਬਹੁਤ ਥਾਈਂ ਹਰਿਆਵਲ ਵੀ ਮਨ ਨੂੰ ਮੋਹਣ ਵਾਲੀ ਹੈ। ਸਮੁਚੇ ਤੌਰ ਤੇ ਇਹ ਧਰਤੀ ਛੋਟੇ ਛੋਟੇ ਸ਼ਹਿਰਾਂ, ਕਸਬਿਆਂ ਤੇ ਨਿਕੇ ਨਿਕੇ ਪਿੰਡਾਂ ਵਿੱਚ ਵੰਡੀ ਹੋਈ ਹੈ।

ਇਸੇ ਪ੍ਰਦੇਸ਼ ਵਿੱਚ ਪੁਰਾਤਨ ਵੈਦਿਕ ਸੰਸਕ੍ਰਤੀ ਲੋਕ ਭਾਸ਼ਾ ਦੇ ਰੂਪ ਵਿੱਚ ਹਾਲੀਂ ਤੀਕ ਸੁਰਖਿਅਤ ਹੈ। ਗੰਧਾਰ ਕਲਾ ਰਾਹੀਂ ਬੋਧੀ ਸੰਸਕ੍ਰਿਤੀ ਦੇ ਬਚੇ ਖੁਚੇ ਚਿੰਨ੍ਹ ਹਾਲੀਂ ਵੀ ਮਿਲਦੇ ਹਨ। ਤਕਸ਼ਸ਼ਿਲਾ ਵਿਸ਼ਵ ਵਿਦਿਆਲੇ ਦੇ ਖੰਡਰ, ਪੁਰਾਣੀਆਂ ਯਾਦਾਂ ਤਾਜ਼ਾ ਕਰਾਂਦੇ ਹਨ। ਯੂਨਾਨੀ ਸੰਸਕ੍ਰਿਤੀ ਦਾ ਪ੍ਰਭਾਵ ਵੀ ਪ੍ਰਤੱਖ ਹੈ। ਜੋ ਇਥੋਂ ਦੇ ਵਸਨੀਕਾਂ ਦੇ ਨੈਣ ਨਕਸ਼ਾਂ ਤੇ ਚਿਹਰਿਆਂ ਦੀ ਦੇਖ ਰੇਖ ਤੋਂ ਪਰਗਟ ਹੈ। ਸੁੰਦਰਤਾ ਤੇ ਖੁਲ੍ਹ ਦੇ ਪ੍ਰੇਮੀ ਇਹ ਲੋਕ ਹਾਲੀਂ ਅਣਗਿਣਤ ਕਥਾਵਾਂ ਨੂੰ ਆਪਣੀਆਂ ਹਿਕਾਂ ਵਿੱਚ ਸਾਂਭੀ ਬੈਠੇ ਹਨ। ਜਿਥੇ ਅਜ ਤੋਂ ਲਗਪਗ ਪੰਜ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ ਪਵਿੱਤਰ ਪੰਜੇ ਨਾਲ ਇਸ ਧਰਤੀ ਨੂੰ ਨਿਵਾਜ ਦਿਤਾ, ਤੇ ਹਸਨ-ਅਬਦਾਲ ਸਦਾ ਲਈ ਪੰਜਾ ਸਾਹਿਬ ਬਣ ਗਿਆ।

ਮਰਦਾਂ ਤੇ ਤੀਵੀਆਂ ਦੇ ਰੰਗ ਗੋਰੇ, ਜੁੱਸੇ ਨਰੋਏ, ਨਕਸ਼ ਤਿਖੇ ਤੇ ਆਕਰਸ਼ਕ ਅਤੇ ਦਿਲ ਜੀਣ ਥੀਣ ਦੇ ਚਾਅ ਤੇ ਮਨੁੱਖੀ ਹੁਬ ਨਾਲ ਭਰਪੂਰ ਹਨ। ਅਜਿਹੀ ਖਿਚ ਇਸ ਧਰਤੀ ਵਿੱਚ ਮੌਜੂਦ ਹੈ, ਕਿ ਮੁੜ ਮੁੜ ਮਨੁੱਖੀ ਜਨਮ ਧਾਰਨ ਨੂੰ ਜੀ ਕਰਦਾ ਹੈ।*

## ਸੁਹਾਂ ਨਦੀ ਦੇ ਕਿਨਾਰੇ

ਸਾਡੇ 'ਦਾਤਾ' ਗਰਾਂ ਦੇ ਨੇੜੇ ਹੀ ਵਡਾਲਾ ਹੈ। 'ਦਾਤੇ' ਦੇ ਨੇੜੇ ਤਿੰਨ ਚਾਰ ਪ੍ਰਸਿੱਧ

*ਪ੍ਰੋ: ਪੂਰਨ ਸਿੰਘ ਦੀ ਜੀਵਨ ਕਥਾ, ਕਿਰਪਾਲ ਸਿੰਘ ਕਸੇਲ ਪੰਜਾਬੀ ਯੂਨੀਵਰਸਿਟੀ ਪਟਿਆਲਾ - ਸਫਾ 1, 2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਿੰਡ-ਅਧਵਾਲ, ਬੰਦਾ ਤੇ ਚੌਂਤਰਾ ਆਦਿ ਹਨ। ਉਨ੍ਹਾਂ ਪਿੰਡਾਂ ਤੋਂ ਦਾਤੇ ਆਣ ਲਈ ਰਸਤੇ ਵਿੱਚ ਵਡਾਲਾ ਪੈਂਦਾ ਹੈ। ਕਦੀ ਕਦੀ ਇਸ ਨਾਲੇ ਵਿੱਚ ਗਿਟੇ ਗਿਟੇ ਪਾਣੀ ਹੁੰਦਾ ਹੈ, ਪਰ ਥੋੜ੍ਹੀ ਦੇਰ ਨੂੰ ਗੋਡੇ ਗੋਡੇ ਤੇ ਫਿਰ ਅਚਾਨਕ ਗੱਲ ਤੀਕ ਪਹੁੰਚ ਜਾਂਦਾ ਹੈ। ਫਿਰ ਬੰਦੇ ਨੂੰ ਇਸ ਡੋਬੂ ਪਾਣੀ 'ਚੋਂ ਤਰ ਕੇ ਲੰਘਣਾ ਪੈਂਦਾ ਹੈ। ਸੁਆਂ ਨਦੀ ਵੀ ਸਾਡੇ ਪਿੰਡ ਤੋਂ ਬਹੁਤੀ ਦੂਰ ਨਹੀਂ। ਸੁਆਂ ਲਫਜ਼ 'ਸੌ-ਵਹਿਣ' 'ਚੋਂ ਨਿਕਲਿਆ ਹੈ। ਸੁਆਂ ਵਿੱਚ ਸੌ ਕੁ ਛੋਟੇ ਵੱਡੇ ਨਾਲੇ ਆਣ ਮਿਲਦੇ ਹਨ। ਇਸ ਤੋਂ ਅਗਲੇ ਪੜਾਅ ਵਿੱਚ ਸੁਆਂ ਹੋਰ ਨਾਲਿਆਂ ਨੂੰ ਆਪਣੀ ਲਪੇਟ ਵਿੱਚ ਲੈ ਕੇ ਸਿੰਧ ਦਰਿਆ ਵਿੱਚ ਜਾ ਪੈਂਦੀ ਹੈ।

ਸੁਆਂ ਨਦੀ ਦਾ ਨਿਕਾਸ ਕੋਹਮਰੀ ਦੀਆਂ ਪਹਾੜੀਆਂ 'ਚੋਂ ਹੁੰਦਾ ਹੈ। ਇਕ ਛੋਟੇ ਜਿਹੇ ਪਿੰਡ ਮਸਿਆੜੀ 'ਚੋਂ ਨਿਕਲ ਕੇ ਇਹ ਰਾਵਲਪਿੰਡੀ ਦੇ ਮੈਦਾਨਾਂ 'ਚੋਂ ਹੋ ਕੇ ਨਰੜਾਂ ਕੋਲੋਂ ਲੰਘਦੀ ਹੈ। ਮਗਰੋਂ ਉਹ ਡੂੰਘੀਆਂ ਖੱਡਾਂ ਤੇ, ਵੀਰਾਨ ਜੰਗਲ ਬੇਲਿਆਂ ਵਿੱਚ ਦੀ ਹੁੰਦੀ ਹੋਈ 'ਚੋਰ-ਰਾਹ' ਗਰਾਂ 'ਦੇ ਕੋਲ ਦੀ ਹੁੰਦੀ ਨਰੜਾਂ ਕੋਲ ਜਾ ਪੁਜਦੀ ਹੈ। ਫਰਵਾਲਾ ਪਾਸ ਪਹੁੰਚ ਕੇ ਉਹ ਰਾਵਲਪਿੰਡੀ ਦੀ ਹਦ ਟਪਦਾ, ਫਤਹਿ ਜੰਗ ਤਸੀਲ ਦੇ ਪਿੰਡ ਚੌਂਤਰੇ ਪਾਸ ਜਾ ਪਹੁੰਚਦੀ ਹੈ। ਚੌਂਤਰਾ ਅੰਗ੍ਰੇਜ਼ਾਂ ਵੇਲੇ ਦੀ ਪੁਲਸ ਚੌਕੀ ਸੀ। ਇਹ ਪਿੰਡ ਸਾਡੇ ਪਿੰਡ ਦਾਤੇ ਤੋਂ ਦਸ ਕੁ ਮੀਲ ਦੀ ਦੂਰੀ ਤੇ ਹੈ। ਕੋਹਮਰੀ ਦੀਆਂ ਪਹਾੜੀਆਂ ਵਿੱਚੋਂ ਸ਼ੂਕਦੀ ਲੰਘਦੀ ਸੁਆਂ ਮੈਦਾਨ ਵਿੱਚ ਪਹੁੰਚ, ਬੜੇ ਅਰਾਮ ਨਾਲ ਸਹਿਜੇ ਸਹਿਜੇ ਕੀੜੀ ਚਾਲ ਚਲਦਾ ਹੈ। ਸਾਡੇ ਪਿੰਡ ਦੇ ਨੇੜੇ ਬਰਸਾਤੀ ਨਾਲੇ ਵਡਾਲੇ ਵਾਂਗ ਸੁਆਂ ਦਾ ਵੀ ਕੋਈ ਇਤਬਾਰ ਨਹੀਂ। ਅਚਾਨਕ ਕਿਸੇ ਵੇਲੇ ਗਿਟੇ ਗੋਡਿਆਂ ਤੋਂ ਉਚੀ ਹੁੰਦੀ ਹੋਈ ਉਹ ਡੋਬੂ ਹੋ ਜਾਂਦੀ ਹੈ। ਜਦੋਂ ਸੁਆਂ ਨਦੀ ਕੰਢੇ ਪਿੰਡਾਂ ਦੀਆਂ ਸੁਆਣੀਆਂ ਕਪੜੇ ਧੋਣ ਬੈਠਦੀਆਂ ਹਨ, ਤਾਂ ਉਹ ਬੜੀਆਂ ਚੁਕੰਨੀਆਂ ਹੁੰਦੀਆਂ ਹਨ। ਪਤਾ ਨਹੀਂ ਕਿਸ ਘੜੀ ਇਹ ਧੋਖੇਬਾਜ਼ ਨਦੀ ਅਤੇ ਸੁੰਦਰ ਜਵਾਨ ਤੇ ਮਿਠ ਬੋਲੀਆਂ ਕੁੜੀਆਂ ਚਿੜੀਆਂ, ਸੂਹੇ ਗੁਲਾਬ ਵਾਂਗ ਖਿੜੀਆਂ ਪੋਠੋਹਾਰਣਾਂ ਨੂੰ ਕਪੜਿਆਂ ਸਮੇਤ ਹੀ ਰੋਹੜ ਕੇ ਲੈ ਜਾਏ।

ਮਸਿਆਸੜੀ ਦੀ ਪਹਾੜੀ ਤੋਂ ਹੇਠਾਂ ਆ ਕੇ ਰਾਵਲਪਿੰਡੀ ਤੋਂ ਥੋੜੀ ਦੂਰ ਹੀ ਸ਼ੇਰਸ਼ਾਹ ਸੂਰੀ ਨੇ ਸ਼ਾਹ ਰਾਹ ਬਣਾਇਆ ਸੀ। ਉਸ ਦੇ ਨੇੜੇ ਕਰ ਕੇ ਸੁਆਂ ਨਦੀ ਵਹਿੰਦੀ ਹੈ। ਥੋੜ੍ਹੀ ਦੂਰ ਆ ਕੇ ਸੀਲ ਨਾਲਾ, ਸੁਆਂ ਵਿੱਚ ਆ ਪੈਂਦਾ ਹੈ। ਰਾਵਲਪਿੰਡੀ ਤਸੀਲ ਟਪ ਕੇ ਸੁਆਂ ਫਤਹਿ ਜੰਗ ਦੀ ਤਹਿਸੀਲ ਵਿੱਚ ਜਾ ਪੁਜਦੀ ਹੈ। ਮਗਰੋਂ ਵਿੰਗ ਟੇਢ ਮਾਰਦੀ ਮੁੜ ਉਹ ਰਾਵਲਪਿੰਡੀ ਦੀ ਗੁਜਰਖਾਨ ਤਸੀਲ ਦੇ ਇਕ ਛੋਟੇ ਪਿੰਡ ਰਵਾਤ ਦੇ ਮੈਦਾਨ ਵਿੱਚ ਵਡਾਲਾ ਇਸ ਵਿੱਚ ਆਣ ਪੈਂਦਾ ਹੈ। ਰਾਵਲਪਿੰਡੀ ਜ਼ਿਲੇ ਦੇ ਛੋਟੇ ਵਡੇ ਕਈ ਨਾਲੇ ਸੁਆਂ ਵਿੱਚ ਪੈਂਦੇ ਹਨ, ਜਿਨ੍ਹਾਂ 'ਚੋਂ ਪ੍ਰਸਿੱਧ ਲਿੰਗ, ਕੁਰੰਗ ਤੇ ਲਈ ਹਨ। ਲਈ ਨਾਂ ਦਾ ਨਾਲਾ ਸਾਰਾ ਸਾਲ ਖੁਸ਼ਕ ਰਹਿੰਦਾ ਹੈ। ਇਹ ਰਾਵਲਪਿੰਡੀ ਸ਼ਹਿਰ ਦੇ ਵਿੱਚੋਂ ਦੀ ਹੋ ਕੇ ਲੰਘਦਾ ਹੈ। ਬਰਸਾਤਾਂ ਦੇ ਦਿਨਾਂ ਵਿੱਚ ਹੀ ਇਹ ਨਾਲਾ ਆਪਣੇ ਜੋਬਨ ਤੇ ਹੁੰਦਾ ਹੈ। ਸੁਆਂ, ਜਿਨ੍ਹਾਂ ਪਿੰਡਾਂ ਵਿੱਚੋਂ ਦੀ ਹੋ ਕੇ ਲੰਘਦੀ ਹੈ, ਉਸ ਇਲਾਕੇ ਨੂੰ ਸੁਆਈਂ ਕਹਿੰਦੇ ਹਨ। ਪੋਠੋਹਾਰੀ, ਸੁਆਈਂ, ਧੰਨੀ ਤੇ ਘੇਬੇ ਲੋਕ ਕੈਮਲ ਪੁਰ, ਜੇਹਲਮ ਤੇ ਰਾਵਲਪਿੰਡੀ ਦੇ ਵਡੇ ਵਡੇ ਕਸਬਿਆਂ ਤੇ ਪਿੰਡਾਂ ਵਿੱਚ ਆਬਾਦ ਹਨ।

ਦੇਸ਼ ਵੰਡ ਤੋਂ ਪਹਿਲਾਂ ਇਸ ਆਬਾਦੀ 'ਚੋਂ ਸਿੱਖ ਹਿੰਦੂ ਮਸਾਂ 10 ਫੀ ਸਦੀ ਸਨ, ਬਾਕੀ ਸਾਰੇ ਮੁਸਲਮਾਨ ਸਨ। ਦੇਸ਼ ਵੰਡ ਮਗਰੋਂ ਤਾਂ ਪੋਠੋਹਾਰੀ, ਸੁਆਈਂ, ਧੰਨੀ ਵਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਤੇ ਘੇਬੇ ਲੋਕ ਇਧਰਲੇ ਪੰਜਾਬ, ਯੂ.ਪੀ. ਤੇ ਬਿਹਾਰੀ ਲੋਕਾਂ ਵਿੱਚ ਆਣ ਸ਼ਾਮਲ ਹੋਏ ਹਨ। ਹੁਣ ਇਸ ਰਲ-ਗੱਡ ਪੋਠੋਹਾਰ, ਧੰਨੀ ਤੇ ਸੁਆਂ 'ਚੋਂ ਪਹਿਲਾਂ ਵਾਲੇ ਚੱਜ ਆਚਾਰ, ਸੰਸਕ੍ਰਤੀ ਪਹਿਰਾਵੇ ਤੇ ਸ਼ਹਿਦ ਵਾਂਗ ਮਿਠੀ ਬੋਲੀ ਵਿੱਚ ਮਿਲਗੋਭਾ ਹੋ ਗਿਆ ਹੈ।

ਮੇਰਾ ਜਨਮ ਸੁਆਂ ਦੇ ਇਕ ਮੁਸਲਮ-ਸਿੱਖ ਸਾਂਝੇ ਪਿੰਡ 'ਦਾਤਾ ਭੱਟ' ਵਿੱਚ ਹੋਇਆ। ਸੰਨ 1930 ਤੇ 1934 ਈ. ਤੀਕ ਕੋਹਮਰੀ ਤੋਂ ਰਾਵਲਪਿੰਡੀ ਮੇਰਾ ਇਕ ਚਕਰ ਰੋਜ਼ਾਨਾ ਲਗਦਾ ਸੀ। ਰਾਵਲਪਿੰਡੀ ਤੋਂ ਕੋਹਮਰੀ ਜਾਂਦਿਆਂ ਪਹਿਲਾ ਪੜਾਅ ਸਤਰਾ-ਮੀਲ ਆਉਂਦਾ ਹੈ। ਉਸ ਤੋਂ ਅਗੇ ਛੱਰਾ ਪਾਣੀ। ਛੱਰਾ ਪਾਣੀ ਦੇ ਠੰਡੇ ਮਿਠੇ ਚਸ਼ਮੇ ਕਿਵੇਂ ਕਿਸੇ ਪੋਠੋਹਾਰੀ ਨੂੰ ਭੁਲ ਸਕਦੇ ਹਨ? ਸੱਨੀ ਬੈਂਕ ਤੋਂ ਤਿੰਨ ਚਾਰ ਮੀਲ ਅਗੇ ਕੋਹਮਰੀ ਦਾ ਪਹਾੜ ਆ ਜਾਂਦਾ ਹੈ। ਕੋਹਮਰੀ ਦੀਆਂ ਖੁਸ਼ਬੂਆਂ ਛਡਦੀਆਂ ਠੰਡੀਆਂ ਹਵਾਵਾਂ, ਆਲੇ ਦਵਾਲੇ ਦੀਆਂ ਅਤ ਸੁੰਦਰ ਤੇ ਆਕਰਸ਼ਕ ਵਾਦੀਆਂ, ਘੋੜਾ ਗਲੀ ਤੇ ਅਗੇ 25 ਮੀਲ ਉਤਰਾਈ ਤੇ ਕੋਹਾਲਾ। ਕੋਹਾਲੇ ਦਾ ਪੁਲ ਪਾਰ ਕਰ ਕੇ ਦੁਮੇਲ, ਹਟੀਆ ਤੇ ਮਹੂਰੇ ਤੋਂ ਬਾਰਾਂ ਮੂਲੇ ਤੇ ਸ੍ਰੀਨਗਰ। ਕੋਹਮਰੀ ਜਾਂਦਿਆ ਰਾਹ ਵਿੱਚ ਹੀ ਤਾਂ ਮਸਿਆੜੀ ਆਂਦੀ ਹੈ। ਉਥੋਂ ਹੀ ਸੁਆਂ ਨਿਕਲਦਾ ਹੈ, ਜਿਵੇਂ ਜਿਹਲਮ ਦਰਿਆ ਦੇ ਨਿਕਾਸ ਤੇ ਵੈਰੀ ਨਾਗ ਵਿਖੇ ਜਹਾਂਗੀਰ ਨੇ ਆਪਣੀ ਪਿਆਰੀ ਬੇਗਮ ਨੂਰਜਹਾਂ ਦੀ ਯਾਦ ਨੂੰ ਸਮਰਪਤ ਬੜੀ ਸੁੰਦਰ ਯਾਦਗਾਰ ਬਣਾਈ ਸੀ, ਜਦੋਂ ਦੋਵੇਂ ਪ੍ਰੇਮੀ ਪਹਿਲੀ ਵਾਰ ਕਸ਼ਮੀਰ ਰੂਪੀ ਜੰਨਤ ਦੇ ਦਰਸ਼ਨਾਂ ਲਈ ਗਏ ਸਨ। ਦੋ ਪ੍ਰੇਮੀਆਂ ਦੀ ਕਥਾ ਹਰ ਦਰਿਆ ਦੇ ਨਾਲ ਜ਼ਰੂਰ ਜੁੜੀ ਹੁੰਦੀ ਹੈ। ਇਸੇ ਤਰ੍ਹਾਂ ਜਿਵੇਂ ਸ਼ੀਰੀਂ ਤੇ ਫ਼ਰਹਾਦ ਦੀ ਪ੍ਰੇਮ ਕਥਾ ਮਸਿਆੜੀ 'ਚੋਂ ਨਿਕਲਦੇ ਸੁਹਾਂ ਨਾਲ ਸਬੰਧਤ ਹੈ, ਜੋ ਨੀਲ ਬਾਦਸ਼ਾਹ ਦੇ ਸਮੇਂ ਵਾਪਰੀ ਸੀ। ਨੀਲ ਬਾਦਸ਼ਾਹ ਦੇ ਜ਼ਮਾਨੇ ਵਿੱਚ ਨੀਲੇ ਪਿੰਡ, ਜ਼ਿਲਾ ਜਿਹਲਮ ਦੇ ਨੇੜੇ ਦੀ ਪਹਾੜੀ ਤੇ ਮੌਜੂਦ ਖੰਡਰਾਂ ਦੇ ਰੂਪ ਵਿੱਚ ਖੜੋਤਾ ਕਿਲ੍ਹਾ ਸ਼ੀਰੀਂ ਫ਼ਰਹਾਦ ਦੀ ਪਿਆਰ-ਕਹਾਣੀ ਅਜ ਵੀ ਪੁਕਾਰ ਪੁਕਾਰ ਕੇ ਸੁਣਾ ਰਿਹਾ ਹੈ।

ਇਸ ਕਿਲ੍ਹੇ ਬਾਰੇ ਇਕ ਰਵਾਇਤ ਹੈ, ਕਿ ਉਸ ਦੀ ਉਸਾਰੀ ਸਮੇਂ ਕਈ ਹਜ਼ਾਰ ਮਜ਼ਦੂਰਾਂ ਤੇ ਮਜ਼ਦੂਰਨੀਆਂ ਵਿੱਚ ਇਕ ਬਾਂਕਾ ਛੈਲ ਛਬੀਲਾ ਬੜਾ ਖੂਬਸੂਰਤ ਲਟਬੌਰਾ ਫ਼ਰਹਾਦ ਨਾਂ ਦਾ ਨੌਜਵਾਨ ਇੰਜੀਨੀਅਰ ਸੀ। ਕਿਲ੍ਹੇ ਦੀ ਉਸਾਰੀ ਦੇ ਦੌਰਾਨ ਉਸ ਨੌਜਵਾਨ ਦੀ ਅਖ ਨੀਲ ਬਾਦਸ਼ਾਹ ਦੀ ਪੁਤਰੀ ਖੂਬਸੂਰਤ ਸ਼ੀਰੀਂ ਨਾਲ ਲੜ ਗਈ। ਬਸ ਦੋਵੇਂ ਇਕ ਦੂਜੇ ਨੂੰ ਵੇਖਦਿਆਂ ਸਾਰ ਇਕ ਦੂਜੇ ਦੇ ਹੋ ਗਏ। ਜਵਾਨੀ ਮਸਤਾਨੀ ਹੁੰਦੀ ਹੈ। ਦੋਹਾਂ ਨੇ ਉਚੀ ਪਹਾੜੀ ਤੇ ਉਸਰ ਰਹੇ ਕਿਲ੍ਹੇ ਦੀ ਕਸਮ ਖਾ ਕੇ ਪ੍ਰਣ ਕੀਤਾ, ਕਿ ਜੇ ਜੀਂਦਿਆਂ ਜੀਅ, ਅਸੀਂ ਇਕ ਦੂਜੇ ਦੇ ਨਾਹ ਹੋ ਸਕੇ, ਤਾਂ ਮਰਨ ਮਗਰੋਂ ਤਾਂ ਸਾਨੂੰ ਮਿਲਣ ਤੋਂ ਕੋਈ ਨਹੀਂ ਰੋਕ ਸਕਦਾ।

ਉਚੀ ਪਹਾੜੀ ਤੇ ਉਸਰਿਆ ਨੀਲ ਕਿਲ੍ਹਾ ਤਿਆਰ ਹੋ ਗਿਆ। ਨੀਲ ਬਾਦਸ਼ਾਹ ਨੇ ਸਾਰੇ ਮਜ਼ਦੂਰਾਂ ਵਿੱਚ ਸ਼ੀਰਨੀ ਵੰਡੀ, ਤੇ ਸਭ ਨੂੰ ਇਨਾਮ ਇਕਰਾਮ ਦੇ ਕੇ ਘਰ ਤੋਰਿਆ, ਪਰ ਉਹ ਛੈਲ ਛਬੀਲਾ ਗਭਰੂ ਫ਼ਰਹਾਦ ਉਥੇ ਧਰਨਾ ਮਾਰ ਕੇ ਬੈਠ ਗਿਆ। ਉਸ ਦਾ ਖਾਣ-ਪੀਣ ਸਭ ਕੁਝ ਰਹਿ ਗਿਆ। ਜਦੋਂ ਇਸ ਗੱਲ ਦੀ ਖਬਰ ਨੀਲ ਬਾਦਸ਼ਾਹ ਨੂੰ ਮਿਲੀ, ਤਾਂ ਉਹ ਉਸ ਨੂੰ ਵੇਖਣ ਆਇਆ। ਇਡਾ ਪਿਆਰਾ ਗਭਰੇਟ, ਉਸ ਨੇ ਕਦੀ ਨਹੀਂ ਸੀ ਵੇਖਿਆ। ਲਟਬੌਰੀਆਂ ਚਮਕਦੀਆਂ ਅੱਖਾਂ। ਘੁੰਗਰਾਲੇ ਵਾਲ, ਚੜ੍ਹਦੀ ਜਵਾਨੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਅਤਿ ਸੁੰਦਰ, ਜਿਵੇਂ ਉਹ ਕਿਸੇ ਮੁਲਕ ਦਾ ਸ਼ਹਿਜ਼ਾਦਾ ਹੋਵੇ।

ਨੀਲ ਬਾਦਸ਼ਾਹ ਨੇ ਉਸ ਨੂੰ ਕਿਲ੍ਹੇ ਦੇ ਦਰਵਾਜ਼ੇ ਅਗੇ ਚਿਟਾਈ ਤੇ ਬੈਠਾ ਵੇਖ ਕੇ ਪੁਛਿਆ, ''ਜਵਾਨ! ਤੈਨੂੰ ਕੀ ਚਾਹੀਦਾ ਹੈ? ਤੇਰੀ ਹਰ ਮੰਗ ਮੈਂ ਮੰਨਣ ਨੂੰ ਤਿਆਰ ਹਾਂ।''

ਫ਼ਰਹਾਦ ਬੋਲਿਆ, ''ਹਜ਼ੂਰ! ਜੇ ਤੁਸੀਂ ਤੁਠੇ ਹੋ, ਤਾਂ ਮੇਰੀ ਮੰਗ ਪ੍ਰਵਾਨ ਕਰਨ ਦਾ ਵਚਨ ਦਿਓ।''

ਨੀਲ ਬਾਦਸ਼ਾਹ ਦੇ ਵਚਨ ਦੇਣ ਤੇ ਫ਼ਰਹਾਦ ਕਹਿਣ ਲੱਗਾ, ''ਹਜ਼ੂਰ! ਮੈਨੂੰ ਆਪ ਦੀ ਬੇਟੀ ਸ਼ੀਰੀਂ ਨਾਲ ਪਿਆਰ ਹੈ। ਉਸ ਨੂੰ ਮੇਰੇ ਲੜ ਲਾ ਦਿਉ। ਬਸ ਇਹੀ ਮੇਰੀ ਮੰਗ ਹੈ।''

ਨੀਲ ਬਾਦਸ਼ਾਹ ਫ਼ਰਹਾਦ ਦੀ ਗੱਲ ਸੁਣ ਕੇ ਸੁੰਨ ਹੋ ਗਿਆ, ਪਰ ਚੂੰਕਿ ਉਹ ਬਚਨ ਦੇ ਬੈਠਾ ਸੀ, ਇਸ ਲਈ ਬੋਲਿਆ, ''ਫ਼ਰਹਾਦ! ਮੈਨੂੰ ਇਹ ਸਭ ਕੁਝ ਮੰਨਜ਼ੂਰ ਹੈ, ਪਰ ਇਕ ਸ਼ਰਤ ਹੈ। ਉਹ ਇਹ ਕਿ ਇਸ ਇਲਾਕੇ ਵਿੱਚ ਪਾਣੀ ਦੀ ਬੜੀ ਕੰਮੀ ਹੈ। ਜੇ ਤੂੰ ਸੁਆਂ ਨਦੀ 'ਚੋਂ ਨਹਿਰ ਕਢ ਕੇ ਏਥੇ ਲਿਆ ਸਕੇਂ, ਤਾਂ ਸ਼ਹਿਜ਼ਾਦੀ ਤੇਰੀ। ਜੇ ਅਜਿਹਾ ਨਾਂਹ ਕਰ ਸਕਿਆ ਤਾਂ ਨੀਲ ਦੀ ਬਾਦਸ਼ਾਹੀ ਵਿੱਚ ਤੂੰ ਕਦਮ ਨਹੀਂ ਰਖ ਸਕਦਾ।''

ਫ਼ਰਹਾਦ ਨੇ ਤਥਾਅਸਤੂ ਕਿਹਾ, ਤੇ ਵਡੇ ਸਾਰੇ ਤੇਸੇ ਨੂੰ ਲੈ ਕੇ ਮਸਿਆੜੀ ਦੇ ਨੇੜਿਓਂ ਛੱਰੇ ਪਾਣੀ ਦੀ ਉਪਰਲੀ ਪਹਾੜੀ ਨਾਲ ਵਹਿ ਰਹੀ ਸੁਆਂ ਦੇ ਕੰਢਿਉਂ ਨਹਿਰ ਖੋਦਣੀ ਸ਼ੁਰੂ ਕਰ ਦਿੱਤੀ। ਕਈ ਵਰ੍ਹੇ ਉਸ ਨੂੰ ਇਸ ਕਾਰਜ ਵਿੱਚ ਲਗ ਗਏ। ਛੱਰਾ-ਪਾਣੀ ਦੇ ਮਿਠੇ ਪਾਣੀ ਦੇ ਚਸ਼ਮੇਂ, ਸੁਆਂ ਦੀ ਉਸੇ ਨਹਿਰ ਦੀ ਦੇਣ ਹਨ।

ਜਦੋਂ ਪਹਾੜੀਆਂ ਕਟਦਾ ਕਟਦਾ ਫ਼ਰਹਾਦ ਪਿੰਡੀ ਦੇ ਮੈਦਾਨਾਂ 'ਚੋਂ ਨਹਿਰ ਚੀਰਦਾ ਨੀਲੇ ਤੋਂ ਕੁਝ ਮੀਲਾਂ ਦੀ ਵਿਥ ਤੇ ਪਹੁੰਚਿਆ, ਤਾਂ ਨੀਲ ਬਾਦਸ਼ਾਹ ਨੂੰ ਪਤਾ ਲਗਾ, ਕਿ ਸੁਆਂ ਤੋਂ ਕਢੀ ਨਹਿਰ ਇਸ ਬੰਜਰ ਧਰਤੀ ਨੂੰ ਸੈਰਾਬ ਕਰਦੀ ਹੋਈ ਵਾਹੋਦਾਹੀ ਚਲੀ ਆ ਰਹੀ ਹੈ, ਤਾਂ ਉਸ ਨੂੰ ਪਿਸੂ ਪੈ ਗਏ। ਉਹ ਸ਼ੀਰੀਂ ਨੂੰ ਕਿਸੇ ਸ਼ਹਿਜ਼ਾਦੇ ਨਾਲ ਵਿਆਹੁਣਾ ਚਾਹੁੰਦਾ ਸੀ ਨਾ ਕਿ ਇਕ ਅਵਾਰਾਗਰਦ, ਟਟ ਪੂੰਜੀਏ, ਬੰਦੇ ਨਾਲ। ਉਧਰ ਸ਼ੀਰੀਂ ਨੂੰ ਵੀ ਅਪਣੇ ਪਿਆਰੇ ਦੀ ਆਮਦ ਦਾ ਪਤਾ ਲਗ ਗਿਆ। ਉਸ ਦਾ ਪ੍ਰੇਮੀ ਕੁਝ ਦਿਨਾਂ ਵਿੱਚ ਹੀ ਨੀਲ ਮਹੱਲ ਦੇ ਕੰਢਿਉਂ ਨਹਿਰ ਲੈ ਆਵੇਗਾ। ਨੀਲ ਬਾਦਸ਼ਾਹ ਨੇ ਆਪਣੇ ਦਰਬਾਰੀਆਂ ਨਾਲ ਸਲਾਹ ਕੀਤੀ। ਇਕ ਵਜ਼ੀਰ ਨੇ ਇਕ ਫਫੇ ਕੁਟਣੀ ਨੂੰ ਬੁਲਾ ਕੇ ਸਾਰੀ ਗੱਲ ਸਮਝਾਈ। ਫਫੇ ਕੁਟਣੀ ਸਿਰ ਤੇ ਹਲਵੇ ਤੇ ਪੂਰੀਆਂ ਦੀ ਪਰਾਤ ਟਿਕਾਈ, ਨਹਿਰ ਦਾ ਰਸਤਾ ਖੋਦਦੇ ਫ਼ਰਹਾਦ ਨੂੰ ਅਗੋਂ ਦੀ ਆ ਮਿਲੀ। ਪੁਛਣ ਤੇ ਉਸ ਨੇ ਦਸਿਆ, ਕਿ ਨੀਲ ਬਾਦਸ਼ਾਹ ਦੀ ਬੇਟੀ ਸ਼ੀਰੀਂ ਦੀ ਮੌਤ ਹੋ ਗਈ ਹੈ। ਸੋ ਨੀਲ ਬਾਦਸ਼ਾਹ ਨੇ ਆਪਣੇ ਪਿਤਾ ਪੁਰਖੀ ਰਿਵਾਜ ਅਨੁਸਾਰ ਇਸ ਸਾਰੇ ਦੇਸ਼ ਵਿੱਚ ਸ਼ੀਰਨੀ ਵੰਡੀ ਹੈ।

ਇਹ ਗੱਲ ਸੁਣਦਿਆਂ ਸਾਰ ਫ਼ਰਹਾਦ ਆਪਣੀ ਪ੍ਰੇਮਕਾ ਦਾ ਵਿਛੋੜਾ ਸਹਿਨ ਨਾਂਹ ਕਰ ਸਕਿਆ ਤੇ ਤੇਸਾ ਅਪਣੇ ਸਿਰ ਵਿੱਚ ਮਾਰ ਕੇ ਅਪਣੇ ਆਪ ਨੂੰ ਉਸੇ ਨਹਿਰ ਵਿੱਚ ਸੁਟ ਦਿਤਾ। ਜਦ ਫ਼ਰਹਾਦ ਦੀ ਲਾਸ਼ ਕਿਲ੍ਹੇ ਪਾਸੋਂ ਲੰਘੀ ਤਾਂ ਆਪਣੇ ਪ੍ਰੇਮੀ ਨੂੰ ਰੁੜ੍ਹੇ ਜਾਂਦਿਆਂ ਵੇਖ ਸ਼ੀਰੀਂ ਨੇ ਵੀ ਨਹਿਰ ਵਿੱਚ ਛਾਲ ਮਾਰ ਦਿਤੀ।

ਇਸ ਮਗਰੋਂ ਇਨ੍ਹਾਂ ਦੋਹਾਂ ਪ੍ਰੇਮੀਆਂ ਦੀਆਂ ਕਬਰਾਂ ਨੀਲ ਮਹੱਲ ਦੇ ਨੇੜੇ ਹੀ ਬਣਾਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਗਈਆਂ. ਪਰ ਹੈਰਾਨੀ ਦੀ ਗੱਲ ਕਿ ਜਦੋਂ ਦੋਹਾਂ ਕਬਰਾਂ ਵਲ ਝਾਤ ਮਾਰ ਕੇ ਵੇਖੋ, ਤਾਂ ਦੋਵੇਂ ਪ੍ਰੇਮੀ ਇਕੋ ਕਬਰ ਵਿੱਚ ਅਜ਼ਲ ਦੀ ਨੀਂਦ ਸੁਤੇ ਪਏ ਵਿਖਾਈ ਦੇਂਦੇ ਹਨ। ਇਹ ਦੰਦ ਕਥਾ ਇਸ ਇਲਾਕੇ ਵਿੱਚ ਪ੍ਰਚਲਤ ਹੈ। ਹਰ ਸਾਲ ਇਨ੍ਹਾਂ ਕਬਰਾਂ ਦੇ ਨੇੜੇ ਮੇਲਾ ਲਗਦਾ ਹੈ. ਤੇ ਲੋਕੀ ਸਤਿਕਾਰ ਵਜੋਂ ਇਨ੍ਹਾਂ ਕਬਰਾਂ ਤੇ 'ਚਾਦਰ ਚੜ੍ਹਾਂਦੇ ਹਨ।*

---

*ਹਵਾਲਾ - ਤੀਰਥ ਸਿੰਘ ਕੋਹਲੀ - ਪੋਠੋਹਾਰੀ ਲੋਕ ਜੀਵਨ ਵਿਚ ਸੂਆਂ ਦੀ ਮਹੱਤਾ (ਪੰਜਾਬੀ ਟ੍ਰਿਬਿਊਨ, ਚਾਰ ਜੂਨ, 1990)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਖਾਲਸਾ ਹਾਈ ਸਕੂਲ ਸੁਖੋ ਤੇ ਸਯੱਦ

ਸਾਡੇ ਪਿੰਡ ਦਾਤਾ ਤੋਂ 10 ਕਿਲੋਮੀਟਰ ਦੂਰ ਖਾਲਸਾ ਹਾਈ ਸਕੂਲ ਸੁਖੋ ਸੀ। ਉਨ੍ਹੀਂ ਦਿਨੀਂ ਰਾਵਲਪਿੰਡੀ ਜ਼ਿਲੇ ਵਿੱਚ ਪੰਜ ਖਾਲਸਾ ਹਾਈ ਸਕੂਲ ਸਨ। ਰਾਵਲਪਿੰਡੀ, ਕਲਰ, ਗੁਜਰਖਾਨ, ਸੁਖੋ ਤੇ ਸਯੱਦ। ਮੇਰੀ ਭੈਣ ਨਾਨਕੀ ਦਾ ਦੇਵਰ ਅਤਰ ਸਿੰਘ ਬੰਦਾ ਨਿਵਾਸ ਉਨ੍ਹੀਂ ਦਿਨੀਂ ਸੁਖੋ ਸਕੂਲ ਵਿੱਚ ਪੜ੍ਹਦਾ ਸੀ। ਬੰਦੇ ਦੇ ਇਕ ਦਰਜਨ ਦੇ ਕਰੀਬ ਵਿਦਿਆਰਥੀ ਸੁਖੋ ਪੜ੍ਹਦੇ ਸਨ। ਇਸ ਲਈ ਚੌਥੀ ਪਾਸ ਕਰਨ ਮਗਰੋਂ ਮੈਨੂੰ ਖਾਲਸਾ ਹਾਈ ਸਕੂਲ ਸੁਖੋ ਵਿੱਚ ਦਾਖਲ ਕਰਾਇਆ ਗਿਆ। ਪੰਜਵੀਂ ਤੇ ਛੇਵੀਂ ਮੈਂ ਇਸ ਸਕੂਲ ਵਿੱਚ ਪੜ੍ਹੀ। ਇਸੇ ਸਕੂਲ ਦੇ ਹੈਡ ਮਾਸਟਰ ਸ੍ਰ: ਸੁਚੇਤ ਸਿੰਘ ਤੇ ਸੈਕੰਡ ਮਾਸਟਰ ਸ੍ਰ: ਅਵਤਾਰ ਸਿੰਘ ਬੜੇ ਵਧੀਆ ਮਨੁੱਖ ਸਨ। ਸਾਡੇ ਉਰਦੂ ਦੇ ਬੜੇ ਵਿਦਵਾਨ, ਹਰ ਸ਼੍ਰੇਣੀ ਵਿੱਚ ਅਵਲ ਨੰਬਰ ਤੇ ਆਣ ਵਾਲੇ, ਬੜੇ ਪਿਆਰੇ, ਹਮਦਰਦ, ਤੇ ਨੇਕ ਸੁਭਾ ਦੇ ਬਜ਼ੁਰਗ ਸ੍ਰ: ਨਰੈਣ ਸਿੰਘ ਸਨ।* ਉਨ੍ਹਾਂ ਨੂੰ ਸ਼ਾਇਰੀ ਦਾ ਬੜਾ ਸ਼ੌਕ ਸੀ। ਗ਼ਾਲਬ, ਜ਼ੌਕ, ਫੈਜ਼ ਆਦਿ ਪ੍ਰਸਿੱਧ ਉਰਦੂ ਸ਼ਾਇਰਾਂ ਦਾ ਕਲਾਮ ਉਨ੍ਹਾਂ ਨੂੰ ਜ਼ਬਾਨੀ ਯਾਦ ਸੀ।

ਉਦੋਂ ਤੀਕ ਮੈਂ ਪੰਜਾਬੀ ਦੀਆਂ ਛਪੀਆਂ ਸਭ ਕਿਤਾਬਾਂ ਪੜ੍ਹ ਲਈਆਂ ਸਨ। ਭਾਈ ਮੋਹਣ ਸਿੰਘ ਵੈਦ ਤਰਨਤਾਰਨ ਦੀ ਸਵਦੇਸ਼ੀ ਪ੍ਰਚਾਰ ਲੜੀ ਦੀਆਂ ਸਾਰੀਆਂ ਪੁਸਤਕਾਂ, ਲਗਪਗ 250 ਦੇ ਕਰੀਬ ਮੈਂ ਪੜ੍ਹ ਲਈਆਂ ਸਨ। ਪੰਜਾਬੀ ਅਧਿਆਪਕ ਗਿਆਨੀ ਅਵਤਾਰ ਸਿੰਘ ਮੇਰੀ ਸੁੰਦਰ ਲਿਖਾਈ ਦੀ ਕਾਪੀ ਸਤਵੀਂ ਅਠਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿਖਾਣ ਲੈ ਜਾਂਦੇ ਸਨ।

## ਖਾਲਸਾ ਸਕੂਲ ਸਯੱਦ

ਖਾਲਸਾ ਹਾਈ ਸਕੂਲ ਸੁਖੋ ਨੂੰ ਮੈਂ ਸੰਨ 1924 ਈ. ਵਿੱਚ ਛਡ ਦਿਤਾ। ਉਸ ਤੋਂ ਨੇੜੇ ਦੇ ਹੀ ਇਕ ਹੋਰ ਖਾਲਸਾ ਹਾਈ ਸਕੂਲ ਸਯੱਦ ਵਿੱਚ ਮੈਂ ਦਾਖਲਾ ਲੈ ਲਿਆ। ਇਸ ਸਕੂਲ ਵਿੱਚ ਸਾਡੇ ਪਿੰਡ ਦੇ ਦੋ ਵਿਦਿਆਰਥੀ ਭਗਤ ਸਿੰਘ ਤੇ ਭਾਗ ਸਿੰਘ ਵੀ ਉਥੇ ਪੜ੍ਹਦੇ ਸਨ।

ਸੰਨ 1924 ਤੋਂ ਲੈ ਕੇ 1929 ਤੀਕ ਮੈਂ ਨੈਸ਼ਨਲ ਖਾਲਸਾ ਹਾਈ ਸਕੂਲ ਸਯੱਦ ਵਿੱਚ ਪੜ੍ਹਦਾ ਰਿਹਾ। ਸਕੂਲ ਦਾ ਵਾਤਾਵਰਣ ਬੜਾ ਦਿਲਚਸਪ ਤੇ ਬੜੇ ਰੰਗੀਲੇ ਉਸਤਾਦ ਅਤੇ ਸਾਥੀ ਸਨ। ਬਚਪਨ ਤੇ ਜਵਾਨੀ ਦੇ ਵਿੱਚਕਾਰਲੇਂ ਅਧੀ ਕੁ ਦਰਜਨ ਇਥੇ ਗੁਜ਼ਾਰੇ

---

* ਡੇਸੂ ਦੇ ਚੇਅਰਮੈਨ, ਪ੍ਰਸਿੱਧ ਕਾਂਗਰਸੀ ਨੇਤਾ ਸ੍ਰ: ਕੁਲਦੀਪ ਸਿੰਘ ਗੁਜਰਾਲ, ਜੰਗਪੁਰਾ ਦਿੱਲੀ ਦੇ ਪਿਤਾ ਜੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸਾਲਾਂ ਦੀ ਯਾਦ ਕਦੀ ਭੁਲ ਨਹੀਂ ਸਕਦੀ। ਇਸ ਸਮੇਂ ਬੇਹੱਦ ਦਿਲ ਪ੍ਰਚਾਵੇ ਸਨ। ਹੈਡ ਮਾਸਟਰ ਸ੍ਰ: ਗੋਪਾਲ ਸਿੰਘ ਬੜੀ ਰੰਗੀਲੀ ਤਬੀਅਤ ਤੇ ਅਤਿ ਚੰਗੇ ਦਿਲ ਦੇ ਮਾਲਕ ਸਨ। ਸਕੂਲ ਦੇ ਉਸਤਾਦਾਂ ਵਿਦਿਆਰਥੀਆਂ ਤੇ ਸ਼ਹਿਰੀ ਲੋਕਾਂ ਵਿੱਚ ਉਨ੍ਹਾਂ ਦਾ ਬੜਾ ਮਾਣ ਸਤਿਕਾਰ ਸੀ। ਸਰੀਰ ਦੇ ਉਹ ਬਹੁਤ ਤਕੜੇ ਸਨ। ਐਸਾ ਜਾਪਦਾ ਸੀ ਜਿਵੇਂ ਜਵਾਨੀ ਵਿੱਚ ਉਨ੍ਹਾਂ ਜ਼ਰੂਰ ਗਾਮੇ ਪਹਿਲਵਾਨ ਨੂੰ ਪਛਾੜਿਆ ਹੋਵੇਗਾ। ਬੱਚਿਆਂ ਨੂੰ ਉਹ ਰਜ ਕੇ ਪਿਆਰ ਕਰਦੇ ਸਨ, ਪਰ ਜਦੋਂ ਗੁੱਸਾ ਆ ਜਾਵੇ, ਉਦੋਂ ਚੰਡਕਾ ਦਾ ਰੂਪ ਧਾਰ, ਦਿਲ ਖੋਲ੍ਹ ਕੇ ਮੁੰਡਿਆਂ ਨੂੰ ਕੁੱਟਦੇ ਸਨ। ਮੈਨੂੰ ਯਾਦ ਏ, ਇਕ ਵਾਰ ਮੈਨੂੰ ਮਾਰਣ ਪਿਛੋਂ ਉਨ੍ਹਾਂ ਦੀਆਂ ਅੱਖਾਂ 'ਚ ਆਂਸੂ ਆ ਗਏ ਸਨ। ਉਸੇ ਵੇਲੇ ਉਨ੍ਹਾਂ, ਦੁਧ ਮੰਗਾ ਕੇ ਮੈਨੂੰ ਪਿਲਾਇਆ ਸੀ। ਗੱਲ ਕੀ, ਪਿਆਰ ਤੇ ਹਮਦਰਦੀ ਉਨ੍ਹਾਂ ਵਿੱਚ ਕੂਟ ਕੂਟ ਕੇ ਭਰੀ ਹੋਈ ਸੀ। ਬਚਿਆਂ ਵਿੱਚ ਪੜ੍ਹਨ ਤੋਂ ਇਲਾਵਾ ਉਚਾ ਚਾਲ ਚਲਨ ਪੈਦਾ ਕਰਨ ਦੀ ਸਦਾ ਉਨ੍ਹਾਂ ਦੀ ਤੀਬਰ ਇੱਛਾ ਰਹਿੰਦੀ ਸੀ।

## ਪੀ:ਟੀ:ਆਈ: ਮਾਸਟਰ ਤਾਰਾ ਸਿੰਘ ਉਰਫ ਮੌਜੀ

ਉਹ ਰੀਟਾਇਰਡ ਫੌਜੀ ਸਨ। ਸੋਹਣਾ ਗਠਿਆ ਹੋਇਆ ਸਰੀਰ, ਬੜੀ ਢੁਕਵੀਂ ਟੋਪੀ ਨੁਮਾ ਪਗੜੀ, ਸਾਦਾ ਪਰ ਡਾਢਾ ਫਬਿਆ ਹੋਇਆ ਪਹਿਰਾਵਾ, ਤੇ ਹਸੂੰ ਹਸੂੰ ਕਰਦਾ ਚੇਹਰਾ। ਬੜੀਆਂ ਦਿਲਚਸਪ ਗੱਲਾਂ ਸੁਣਾਂਦੇ ਸਨ। ਉਹ ਪਿਛਲੇਰੀ 1914 ਦੀ ਲੜਾਈ ਵਿੱਚ ਯੂਰਪ ਹੋ ਆਏ ਸਨ। ਸਾਨੂੰ ਉਹ ਯੂਰਪ ਦੀ ਹੁਸੀਨ ਧਰਤੀ ਦੀਆਂ ਬੜੀਆਂ ਦਿਲਚਸਪ ਤੇ ਰੋਮਾਂਚਿਕ ਵਾਰਤਾ ਸੁਣਾਂਦੇ। ਸਾਰੇ ਸਕੂਲ ਦੇ ਵਿਦਿਆਰਥੀ ਇਨ੍ਹਾਂ ਨੂੰ ਬੜਾ ਸਲਾਹੁੰਦੇ ਸਨ।

ਸੈਕੰਡ ਮਾਸਟਰ ਸ੍ਰ: ਬਲਵੰਤ ਸਿੰਘ ਸਨ। ਉਹ ਪੁਰਾਣੇ ਕਹਾਣੀਕਾਰ ਸਨ। ਉਨ੍ਹਾਂ ਦੀਆਂ ਕਹਾਣੀਆਂ 'ਪ੍ਰੀਤਮ' ਮਾਸਕ ਪਤਰ ਵਿੱਚ ਛਪਦੀਆਂ ਰਹਿੰਦੀਆਂ ਸਨ। ਉਦੋਂ ਪੰਜਾਬੀ ਦਾ ਇਕੋ ਇਕ ਮਾਸਕ 'ਪ੍ਰੀਤਮ' ਹੀ ਸੀ। ਉਨ੍ਹਾਂ ਦੀ ਕਹਾਣੀ ਦੇ ਹੇਠਾਂ ਉਨ੍ਹਾਂ ਦਾ ਨਾਂ ਇਸ ਤਰ੍ਹਾਂ ਛਪਿਆ ਹੁੰਦਾ ਸੀ "ਸ੍ਰ. ਬਲਵੰਤ ਸਿੰਘ ਜੀ ਚਤਰਥ ਬੀ.ਏ.ਬੀ.ਟੀ. ਖਾਲਸਾ ਹਾਈ ਸਕੂਲ, ਸਯੱਦ ਜ਼ਿਲਾ ਰਾਵਲਪਿੰਡੀ।" ਛੋਟਾ ਕਦ, ਤੇ ਲੰਮੀ ਦਾਹੜੀ। "ਲੈ ਕੇ" ਉਨ੍ਹਾਂ ਦਾ ਤਕੀਆ ਕਲਾਮ ਸੀ। ਝਾੜ ਝੰਭ ਵੇਲੇ "ਲੈ ਕੇ" ਸ਼ਬਦ ਬਹੁਤ ਵਰਤਦੇ ਸਨ, ਜਿਵੇਂ ਕਿ "ਯਾਵੇ ਦਾ ਚੋਰ ਲੈ ਕੇ ਅਜ ਤੂੰ ਘਰੋਂ ਕੰਮ ਕਿਉਂ ਨਹੀਂ ਕਰ ਕੇਂ ਆਇਆ।" ਲੈ ਕੇ ਦਾ ਦਿਲ ਬੜਾ ਚੰਗਾ ਸੀ, ਪਰ ਮੁੰਡੇ ਆਮ ਕਰ ਕੇ ਇਨ੍ਹਾਂ ਤੋਂ ਤ੍ਰਹਿੰਦੇ ਸਨ, ਕਿਉਂਕਿ ਉਨ੍ਹਾਂ ਆਪਣੀ ਜਵਾਨੀ ਵਿੱਚ ਵੀ ਕਿਸੇ ਖੇਡ ਤਮਾਸ਼ੇ ਵਿੱਚ ਹਿਸਾ ਨਹੀਂ ਸੀ ਲਿਆ ਜਾਪਦਾ।

ਇਨ੍ਹਾਂ ਤੋਂ ਹੇਠਾਂ ਸਾਇੰਸ ਮਾਸਟਰ ਸ੍ਰ: ਗੁਰਦਿਤ ਸਿੰਘ ਸਨ। ਇਨ੍ਹਾਂ ਦੀ ਦੁਨੀਆਂ ਸਾਇੰਸ ਦੇ ਕਮਰੇ ਤੀਕ ਹੀ ਸੀਮਤ ਸੀ। ਕਿਸੇ ਵਕ਼ਤ ਵੀ ਇਹ ਸਾਇੰਸ ਰੂਮ ਤੋਂ ਬਾਹਰ ਨਹੀਂ ਸਨ ਨਜ਼ਰ ਆਉਂਦੇ। ਕਦੀ ਆਕਸੀਜਨ ਤਿਆਰ ਹੋ ਰਹੀ ਹੈ, ਤੇ ਕਦੀ ਨਾਈਟਰੋਜਨ ਦੀ ਖੈਰ ਨਹੀਂ। ਵਿੱਚਕਾਰਲਾ ਕਦ, ਪਤਲਾ ਜਿਸਮ, ਸੋਹਣੇ ਨਕਸ਼ ਨੈਣ, ਛੋਟੀ ਜਿਹੀ ਦਾਹੜੀ, ਉਪਰ ਚਮਕਦੀ ਐਨਕ। ਏਨਾ ਚੰਗਾ ਦਿਲ ਮੈਂ ਕਿਸੇ ਮਾਸਟਰ ਦਾ ਨਹੀਂ ਵੇਖਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪ੍ਰੇਮ ਸਿੰਘ ਸਾਡੇ ਅੰਗ੍ਰੇਜ਼ੀ ਮਾਸਟਰ ਸਨ। ਬੜੇ ਮਿਹਨਤੀ ਹਮਦਰਦ ਦਿਲ. ਪਰ ਬਹੁਤ ਭੋਲੇ-ਭਾਲੇ ਸਨ। ਮੁੰਡੇ ਵੀ ਮਖੌਲ ਕਰ ਜਾਣ, ਤਾਂ ਉਨ੍ਹਾਂ ਨੂੰ ਪਤਾ ਨਾ ਲਗੇ।

ਇਕ ਹੋਰ ਮਾਸਟਰ ਨਾਨਕ ਸਿੰਘ ਸਨ, ਜਿਨ੍ਹਾਂ ਦੀ ਇਕ ਟੰਗ ਖਰਾਬ ਸੀ। ਉਹ ਸੋਟੀ ਨਾਲ ਤੁਰਦੇ ਸਨ। ਅੰਗ੍ਰੇਜ਼ੀ ਦੇ ਬੜੇ ਕਾਬਲ ਮਾਸਟਰ ਸਨ। ਮੁੰਡਿਆਂ ਨੂੰ ਸਜ਼ਾ ਦੇਣ ਵਾਸਤੇ ਇਕ ਛੋਟਾ ਜਿਹਾ ਰੂਲ ਪਾਸ ਰਖਦੇ ਸਨ। ਪਰ ਮੁੰਡੇ ਬੜੇ ਸ਼ਰਾਰਤੀ ਸਨ. ਉਹ ਦੌੜ ਕੇ ਅਗੇਰੇ ਹੋ ਜਾਂਦੇ. ਤੇ ਇਨ੍ਹਾਂ ਨੂੰ ਉਨ੍ਹਾਂ ਤੀਕ ਪਹੁੰਚਣ ਵਿੱਚ ਦੇਰੀ ਲਗ ਜਾਂਦੀ। ਪਰ ਅਖੀਰ ਇਨ੍ਹਾਂ ਇਕ ਵਿਉਂਤ ਕਢ ਹੀ ਲਈ। ਉਹ ਇਉਂ, ਕਿ ਮੁੰਡਿਆਂ ਨੂੰ ਪਹਿਲਾਂ ਹੀ ਨੁਕਰ ਵਿੱਚ ਘੁਸੇੜ ਲਿਜਾਂਦੇ - ਜਿਥੇ ਮੁੰਡਾ ਫਸ ਕੇ ਰਹਿ ਜਾਂਦਾ. ਤੇ ਉਹ ਸਜਿਉਂ ਖਬਿਉਂ ਖ਼ੂਬ ਮੌਲਾ ਬਖਸ਼ ਟਿਕਾਈ ਜਾਂਦੇ।

ਇਕ ਉਰਦੂ ਦੇ ਮਾਸਟਰ ਸਨ ਬਾਵਾ ਹਰਬੰਸ ਸਿੰਘ ਬੇਦੀ। ਉਨ੍ਹਾਂ ਨੂੰ ਵਹਿਮ ਸੀ ਕਿ ਉਹ ਬੜੇ ਸਿਆਣੇ ਹਨ. ਪਰ ਉਨ੍ਹਾਂ ਤੋਂ ਬਿਨਾਂ ਉਨ੍ਹਾਂ ਦੀ ਸਿਆਣਪ ਦਾ ਕਿਸੇ ਨੂੰ ਵਿਸ਼ਵਾਸ਼ ਨਹੀਂ ਸੀ। ਫਿਰ ਵੀ ਉਹਨਾਂ ਦੇ ਦਿਨ ਚੰਗੇ ਲੰਘੀ ਜਾਂਦੇ ਸਨ। ਇਕ ਇਤਿਹਾਸ ਦੇ ਮਾਸਟਰ ਸਨ ਹਰਨਾਮ ਸਿੰਘ। ਉਹ ਹਾਲੀਂ ਕਵਾਰੇ ਸਨ। ਉਨ੍ਹਾਂ ਅਪਣੀ ਸ਼ਾਦੀ ਲਈ ਬੜਾ ਯਤਨ ਕੀਤਾ. ਪਰ ਸਾਡੀ ਛੇ ਸਾਲ ਦੀ ਸਕੂਲ ਜ਼ਿੰਦਗੀ ਸਮੇਂ ਤੀਕ ਉਹ ਛੜੇ ਮਲੰਗ ਹੀ ਰਹੇ।

ਇਹ ਤੇ ਇਨ੍ਹਾਂ ਤੋਂ ਬਿਨਾਂ ਹੋਰ ਕਈ ਦਿਲਚਸਪ ਹਸਤੀਆਂ ਸਾਡੇ ਦਿਲ ਪ੍ਰਚਾਵੇ ਦਾ ਕਾਰਣ ਸਨ। ਕਿਸੇ ਦਾ ਛੋਟਾ ਜਿਹਾ ਸਿਰ. ਤੇ ਉਪਰ ਪੂਰੇ ਥਾਨ ਦਾ ਪਗੌੜ. ਕਿਸੇ ਦਾ ਘੜੇ ਜਿਡਾ ਸਿਰ ਤੇ ਦੋ ਗਜ਼ ਦੀ ਪਗੜੀ। ਕਿਸੇ ਦੀ ਸਲਵਾਰ ਦਾ ਇਕ ਪੌਂਚਾ ਉਚਾ ਤੇ ਇਕ ਨੀਵਾਂ। ਕਿਸੇ ਦਾ ਘੋਟਵਾਂ ਪਜਾਮਾ. ਤੇ ਕਿਸੇ ਦਾ ਖੁਲ੍ਹਾ ਤੀਵੀਂ ਨੁਮਾ ਗਰਾਰਾ। ਕਿਸੇ ਨੇ ਅਤਿ ਦੀਆਂ ਗਰਮੀਆਂ ਵਿੱਚ ਵੀ ਕੋਟ ਪਾਇਆ ਹੁੰਦਾ ਸੀ. ਤੇ ਕਿਸੇ ਨੂੰ ਅਤਿ ਦੀਆਂ ਸਰਦੀਆਂ ਵਿੱਚ ਵੀ ਪਤਲਾ ਜਿਹਾ ਕੁਰਤਾ ਨਸੀਬ ਹੁੰਦਾ ਸੀ। ਸਾਡਾ ਇਹ ਸਕੂਲ ਸਟਾਫ ਚੂੰ-ਚੂੰ ਦਾ ਮੁਰੱਬਾ ਤੇ ਸਾਡੀਆਂ ਦਿਲਚਸਪੀਆਂ ਦਾ ਕੇਂਦਰ ਸੀ।

ਸਾਡੇ ਦੋ ਤਿੰਨ ਉਸਤਾਦ ਸਮੇਂ ਦੇ ਚੰਗੇ ਲੇਖਕ ਤੇ ਕਵੀ ਸਨ। ਬਾਕੀਆਂ ਨੂੰ ਵੀ ਵੇਖਾ ਵਖੀ ਕਵੀ ਤੇ ਲੇਖਕ ਬਣਨ ਦਾ ਸ਼ੌਕ ਕੁਦਿਆ। ਬਸ ਆਏ ਦਿਨ ਉਹ ਕੁਝ ਨਾ ਕੁਝ ਲਿਖਦੇ ਰਹਿੰਦੇ. ਤੇ ਦਿਨਾਂ ਵਿੱਚ ਹੀ ਸਾਰੇ ਉਸਤਾਦ ਲੇਖਕ ਤੇ ਕਵੀ ਬਣ ਗਏ। ਅਕਾਲੀ ਲਹਿਰ ਜ਼ੋਰਾਂ ਤੇ ਸੀ। ਉਨ੍ਹਾਂ ਦਿਨਾਂ ਵਿੱਚ ਕਵੀ ਦਰਬਾਰਾਂ ਦਾ ਆਮ ਰਿਵਾਜ ਸੀ, ਤੇ ਕਵੀ ਖੁਮਾਂ ਵਾਂਗ ਪੈਦਾ ਹੋ ਰਹੇ ਸਨ। ਕਵੀ ਦਰਬਾਰਾਂ ਵਿੱਚ ਇੰਨੇ ਸਰੋਤਾ ਜਨ ਨਹੀਂ ਸਨ ਸ਼ਾਮਲ ਹੁੰਦੇ. ਜਿੰਨੇ ਕਵੀ ਜਨ ਹੁੰਦੇ ਸਨ।

ਗਿ. ਤਾਰਾ ਸਿੰਘ ਪੰਜਾਬੀ ਅਧਿਆਪਕ ਤੇ ਡਰਿਲ ਮਾਸਟਰ ਸਨ। ਸ੍ਰ. ਬਲਵੰਤ ਸਿੰਘ ਚਤਰਥ ਸੈਕੰਡ ਮਾਸਟਰ. ਸ੍ਰ. ਪ੍ਰੇਮ ਸਿੰਘ ਤੇ ਬਾਵਾ ਹਰਬੰਸ ਸਿੰਘ ਬੇਦੀ. ਪੰਜ ਗਰਾਈਂ ਵਾਲੇ, ਆਦਿ। ਇਹਨਾਂ ਦੀਆਂ ਆਪੋ ਵਿੱਚ ਨੋਕਾਂ ਝੋਕਾਂ ਹੁੰਦੀਆਂ ਰਹਿੰਦੀਆਂ ਤੇ ਇਹ ਪਹਿਲਵਾਨਾਂ ਵਾਂਗ ਇਕ ਦੂਜੇ ਦੀ ਪਿਠ ਲਾਣ ਲਈ ਤਤਪਰ ਰਹਿੰਦੇ। ਮੌਜੀ. ਚਤਰਥ. ਤੇ ਪ੍ਰੇਮ ਹੋਰਾਂ ਦੀ ਢਾਣੀ ਬੇਦੀ ਗਰੁਪ ਦੇ ਮੁਕਾਬਲੇ ਤੇ ਹੁੰਦੀ। ਆਮ ਕਰ ਕੇ ਬੇਦੀ ਜੀ ਇਹਨਾਂ ਦੀ ਨੋਕ ਝੋਕ ਦੇ ਸ਼ਿਕਾਰ ਹੁੰਦੇ ਰਹਿੰਦੇ. ਕਿਉਂਕਿ ਉਨ੍ਹਾਂ ਦੇ ਸਾਥੀ ਔਖੇ ਵੇਲੇ ਖਿਸਕ ਜਾਂਦੇ. ਪਰ ਉਹ ਬੇਦੀ ਖਾਨਦਾਨ ਦੇ ਨੌਜਵਾਨ ਸਨ। ਇਸ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਨ੍ਹਾਂ ਨੂੰ ਸਦਾ ਆਪਣੇ ਵਧੀਆ ਪਨ (Superiority Complex) ਦਾ ਮਾਣ ਰਹਿੰਦਾ।

1927-28 ਦੀ ਗੱਲ ਹੈ। ਗੁਜਰਖਾਨ ਵਿਚ ਇਕ ਭਾਰੀ ਕਵੀ ਦਰਬਾਰ ਹੋ ਰਿਹਾ ਸੀ। ਤਰੀਕ ਮੁੱਕਰਰ ਹੋ ਗਈ ਸੀ। ਕਵੀਆਂ ਨੂੰ ਸੱਦੇ ਪੱਤਰ ਜਾਰੀ ਹੋ ਗਏ ਸਨ, ਤੇ ਸਾਡੇ ਸਕੂਲ ਦੇ ਤਿੰਨ ਕਵੀ ਮਾਸਟਰਾਂ ਨੂੰ ਵੀ ਸੱਦੇ ਪੱਤਰ ਆ ਗਏ ਸਨ, ਪਰ ਬੇਦੀ ਜੀ ਦੇ ਨਾਂ ਸੱਦਾ ਪੱਤਰ ਨਾ ਆਇਆ। ਮੁਖ਼ਾਲਫਾਂ ਨੇ ਬੜਾ ਸ਼ੋਰ ਮਚਾਇਆ, ਕਿ ਬੇਦੀ ਜੀ ਕਵੀ ਹੀ ਨਹੀਂ, ਕਿਉਂਕਿ ਉਨ੍ਹਾਂ ਨੂੰ ਸੱਦਾ ਪੱਤਰ ਨਹੀਂ ਆਇਆ। ਪਰ ਬੇਦੀ ਜੀ ਹਾਰਨ ਵਾਲੇ ਨਹੀਂ ਸਨ। ਉਨ੍ਹਾਂ ਕਿਹਾ, "ਅਸੀਂ ਪੇਸ਼ਾਵਰ ਕਵੀ ਨਹੀਂ, ਅਸੀਂ ਕਵੀਆਂ ਦੇ ਸਿਰਮੌਰ ਹਾਂ। ਸਾਨੂੰ ਮਰਾਸੀਆਂ ਵਾਂਗ ਤੁਕ ਬੰਦੀ ਰੋਣ ਲਈ ਨਹੀਂ ਸਦਿਆ ਜਾਂਦਾ, ਸਗੋਂ ਕਵੀ ਦਰਬਾਰਾਂ ਵਿੱਚ ਜੱਜ ਦੇ ਤੌਰ ਤੇ ਬੁਲਾਇਆ ਜਾਂਦਾ ਹੈ। ਜਿਥੇ ਤੁਸਾਂ ਲੋਕਾਂ ਨੇ ਜਾ ਕੇ ਕਵਿਤਾਵਾਂ ਪੜ੍ਹਨੀਆਂ ਹਨ, ਉਥੇ ਅਸੀਂ ਜੱਜ ਬਣ ਕੇ ਤੁਹਾਡੇ ਵਰਗੇ ਸਿਖਾਂਦਰੂਆਂ ਦੇ ਹੌਸਲੇ ਵਧਾਉਣ ਲਈ ਇਨਾਮ ਦੇਣੇ ਹਨ।"

ਬੇਦੀ ਜੀ ਨੇ ਤਾਂ ਆਈ ਬਲਾ ਟਾਲਣ ਲਈ ਇਹਂ ਗੱਲ ਆਖੀ ਸੀ, ਪਰ ਦੂਜੇ ਗਰੁਪ ਨੇ ਮਖੌਲ ਨਾਲ ਇਹ ਮਸ਼ਹੂਰ ਕਰ ਦਿਤਾ, ਕਿ ਐਤਕਾਂ ਬੇਦੀ ਜੀ ਕਵੀ ਦਰਬਾਰ ਦੇ ਜੱਜ ਬਣਨ ਵਾਲੇ ਹਨ।

ਇਸ ਨੋਕ ਝੌਂਕ ਦੇ ਦੂਜੇ ਹੀ ਦਿਨ ਮੁਖਾਲਿਫ ਗਰੁਪ ਦੇ ਲੀਡਰ ਮੌਜੀ ਕਵੀ ਨੇ ਆਪਣੇ ਹਥਿਆਰ ਬੰਦ ਸਿਪਾਹੀਆਂ ਦੀ ਮੀਟਿੰਗ ਬੁਲਾਈ ਤੇ ਸਰਬ ਸੰਮਤੀ ਨਾਲ ਇਹ ਮਤਾ ਪਾਸ ਹੋਇਆ, ਕਿ ਕਵੀ ਦਰਬਾਰ ਦੇ ਦਫਤਰੋਂ ਕਿਸੇ ਤਰ੍ਹਾਂ ਬੇਦੀ ਜੀ ਦੇ ਨਾਂ ਇਕ ਜਾਅਲੀ ਸੱਦਾ ਪੱਤਰ ਭੇਜਿਆ ਜਾਵੇ, ਕਿ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਇਸ ਕਵੀ ਦਰਬਾਰ ਦਾ ਜੱਜ ਥਾਪਿਆ ਹੈ।

ਉਸ ਸ਼ਾਮ ਨੂੰ ਪ੍ਰੋਗਰਾਮ ਅਨੁਸਾਰ ਮੌਜੀ ਹੋਰੀਂ ਗੁਜਰਖਾਨ ਗਏ, ਪ੍ਰਬੰਧਕਾਂ ਨੂੰ ਮਿਲੇ ਗਿਲੇ, ਤੇ ਉਨ੍ਹਾਂ ਦੀ ਅਖ ਬਚਾ ਕੇ ਦਫਤਰ ਦੀ ਇਕ ਛਪੀ ਲੈਟਰ ਫਾਰਮ ਚੁਕ ਲਿਆਏ।

ਦੂਜੇ ਦਿਨ ਸਵੇਰ ਦੀ ਡਾਕ ਵਿੱਚ ਬੇਦੀ ਜੀ ਨੂੰ ਕਵੀ ਦਰਬਾਰ ਦੇ ਪ੍ਰਬੰਧਕਾਂ ਵਲੋਂ ਚਿੱਠੀ ਮਿਲੀ, ਕਿ ਉਹ ਦੋ ਦਿਨ ਬਾਅਦ ਹੋਣ ਵਾਲੇ ਕਵੀ ਦਰਬਾਰ ਦੇ ਜੱਜ ਮੁਕਰਰ ਕੀਤੇ ਗਏ ਹਨ, ਤੇ ਇਸ ਸੇਵਾ ਬਦਲੇ ਉਨ੍ਹਾਂ ਨੂੰ ਸੈਕੰਡ ਕਲਾਸ ਦਾ ਕਰਾਇਆ ਮਿਲੇਗਾ। ਉਨ੍ਹਾਂ ਦੀ ਰਿਹਾਇਸ਼ ਤੇ ਪ੍ਰਸ਼ਾਦ ਪਾਣੀ ਦਾ ਪ੍ਰਬੰਧ ਕਵੀ ਦਰਬਾਰ ਕਮੇਟੀ ਵਲੋਂ ਹੋਵੇਗਾ।

ਇਹ ਚਿੱਠੀ ਕੀ ਸੀ, ਮਾਨੋ ਬੇਦੀ ਜੀ ਨੂੰ ਰਾਏ ਬਹਾਦਰ ਦਾ ਖਿਤਾਬ ਮਿਲ ਗਿਆ ਸੀ। ਉਨ੍ਹਾਂ ਨੇ ਹੈਡ ਮਾਸਟਰ ਤੋਂ ਲੈ ਕੇ ਮੁਨਸ਼ੀ ਸੁਖਰਾਜ ਤੀਕ ਹਰ ਉਸਤਾਦ ਨੂੰ ਚਿੱਠੀ ਵਖਾਈ। ਫਿਰ ਜਿਸ ਜਮਾਤ ਵਿੱਚ ਉਹ ਪੜ੍ਹਾਣ ਲਈ ਜਾਂਦੇ, ਉਸ ਦੇ ਵਿਦਿਆਰਥੀਆਂ ਨੂੰ ਆਪਣੀ ਪਰਸੋਂ ਦੀ ਸਕੂਲੋਂ ਗੈਰਹਾਜ਼ਰੀ ਦਾ ਕਾਰਣ ਦਸਦੇ, ਤੇ ਨਾਲ ਹੀ ਆਪਣੀ ਅਹਿਮੀਅਤ ਦਰਸਾਂਦੇ। ਇਸ ਦੇ ਨਾਲ ਹੀ ਆਪਣੀ ਨਵੀਂ ਤਿਆਰ ਕੀਤੀ ਕਵਿਤਾ ਦੇ ਦੋ ਚਾਰ ਗਰਮ ਗਰਮ ਬੰਦ ਵੀ ਸੁਣਾ ਦੇਂਦੇ। ਮੁੰਡੇ ਤੁਕਬੰਦੀ ਤੇ ਖੁਸ਼ ਹੋ ਤਾੜੀਆਂ ਮਾਰਦੇ ਤੇ ਬੇਦੀ ਜੀ ਖੁਸ਼ੀ ਵਿੱਚ ਝੂਮਦੇ। ਉਧਰ ਮੌਜੀ ਢਾਣੀ ਤੇ ਮੁਰਦਨੀ ਜੇਹੀ ਛਾਈ ਹੋਈ ਸੀ। ਉਨ੍ਹਾਂ ਦੋ ਉਸਤਾਦਾਂ ਨੇ ਮੁੰਡਿਆਂ ਨੂੰ ਸਾਫ ਸਾਫ ਕਹਿ ਦਿਤਾ ਸੀ, ਕਿ ਜਿਸ ਕਵੀ ਦਰਬਾਰ ਦੇ ਬੇਦੀ ਜੀ ਜੱਜ ਹੋਣਗੇ, ਉਸ ਤੇ ਅਸੀਂ ਪ੍ਰੋਟੈਸਟ ਦੇ ਤੌਰ ਤੇ ਨਹੀਂ ਜਾਵਾਂਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਦ ਇਹ ਖਬਰ ਬੇਦੀ ਜੀ ਪਾਸ ਪੁਜੀ ਤਾਂ ਉਹ ਆਪਣੀ ਕਲਾਸ ਨੂੰ ਪੜ੍ਹਾ ਰਹੇ ਸਨ। ਉਨ੍ਹਾਂ ਆਪਣੀ ਟੰਗ ਤੇ ਟੰਗ ਧਰਦਿਆਂ ਤੇ ਮੁਛਾਂ ਨੂੰ ਤਾਅ ਦੇਂਦਿਆਂ ਬੜੇ ਫਖਰ ਨਾਲ ਕਿਹਾ - "ਨਹੀਂ ਜਾਂਦੇ ਤਾਂ ਮਾਰੋ ਜੁਤੀ ਤੋਂ, ਬੇਦੀ ਸਾਹਿਬ ਨੂੰ ਇਨ੍ਹਾਂ ਲਫੰਡਾਂ ਦੀ ਕੀ ਪ੍ਰਵਾਹ ਹੋ ਸਕਦੀ ਹੈ?"

ਕਵੀ ਦਰਬਾਰ ਵਾਲੇ ਦਿਨ ਬੇਦੀ ਜੀ ਨੇ ਸਕੂਲੋਂ ਛੁੱਟੀ ਲਈ। ਕਵੀ ਦਰਬਾਰ ਲਈ ਉਚੇਚੇ ਨਵੇਂ ਸਿਲਾਏ ਕਪੜੇ ਪਹਿਨੇ। ਹਥ ਵਿੱਚ ਆਪਣੀਆਂ ਨਵੀਆਂ ਤੇ ਪੁਰਾਣੀਆਂ ਕਵਿਤਾਵਾਂ ਦੇ ਸੰਗ੍ਰਹਿ ਦੀ ਸੁਨਹਿਰੀ ਜਿਲਦ ਫੜੀ। ਦਾਹੜੀ ਤੇ ਹਥ ਫੇਰਿਆ ਤੇ ਮੌਜੀ ਅਰ ਚਤਰਥ ਹੋਰਾਂ ਦੇ ਗਮਗ਼ੀਨ ਤੇ ਚਿੰਤਾਤੁਰ ਚੇਹਰਿਆਂ ਵਲ ਨਫ਼ਰਤ ਨਾਲ ਘੂਰਦੇ ਸਕੂਲੋਂ, ਮੈਦਾਨੇ ਜੰਗ ਵਲ ਤੁਰ ਪਏ।

ਕਵੀ ਦਰਬਾਰ ਸ਼ੁਰੂ ਹੋਣ ਵਿੱਚ ਹਾਲੀ ਘੰਟਾ ਕੁ ਬਾਕੀ ਸੀ, ਕਿ ਉਹ ਗੁਜਰਖਾਨ ਜਾ ਪੁਜੇ। ਕਵੀ ਦਰਬਾਰ ਵਾਲੀ ਥਾਂ ਤੇ ਗਏ, ਤਾਂ ਸੇਵਾਦਾਰ ਕੰਮ ਕਾਜ ਵਿੱਚ ਲਗੇ ਸਨ। ਇਹ ਉਨ੍ਹਾਂ ਨੂੰ ਕੁਝ ਚਿਰ ਹਿਦਾਇਤਾਂ ਦੇਂਦੇ ਰਹੇ। ਪੂਰੇ ਅਠ ਵਜੇ ਕਵੀ ਦਰਬਾਰ ਦੀ ਕਾਰਵਾਈ ਸ਼ੁਰੂ ਹੋਈ। ਸਟੇਜ ਪੁਰ ਕਵੀਆਂ ਆਣ ਡੇਰਾ ਜਮਾਇਆ। ਜੱਜ ਗਿ: ਹੀਰਾ ਸਿੰਘ ਦਰਦ ਤੇ ਗਿ: ਗੁਰਮੁਖ ਸਿੰਘ ਮੁਸਾਫਰ ਸਨ। ਦੋਵੇਂ ਨੇਤਾ ਸਟੇਜ ਪੁਰ ਜੱਜਾਂ ਲਈ ਪਈਆਂ ਕੁਰਸੀਆਂ ਤੇ ਆਣ ਬਿਰਾਜੇ। ਤੀਜੀ ਕੁਰਸੀ ਪ੍ਰਧਾਨ ਜੀ ਲਈ ਖਾਲੀ ਸੀ, ਉਹ ਹਾਲੀਂ ਆਏ ਨਹੀਂ ਸਨ। ਇਸ ਸਮੇਂ ਬੇਦੀ ਜੀ ਨੇ ਧੜਕਦੇ ਦਿਲ ਨਾਲ ਸਟੇਜ ਦੇ ਕਈ ਚਕਰ ਕਟੇ, ਜਜਾਂ ਵਲ ਚਿਟਾਂ ਭੇਜੀਆਂ ਕਿ ਤੀਜਾ ਜੱਜ ਵੀ ਆ ਗਿਆ ਹੈ, ਪਰ ਕਿਸੇ ਪ੍ਰਵਾਹ ਨਾ ਕੀਤੀ। ਅਖੀਰ ਮਜਬੂਰ ਹੋ ਕੇ ਉਹ ਆਪ ਹੀ ਹਿੰਮਤ ਕਰ ਕੇ ਸਟੇਜ ਤੇ ਜਾ ਚੜ੍ਹੇ, ਤੇ ਇਕੋ ਸਾਹ ਖਾਲੀ ਕੁਰਸੀ ਤੇ ਜਾ ਕੇ ਬੈਠ ਗਏ।

ਸਟੇਜ ਪੁਰ ਬੈਠੇ ਪ੍ਰਬੰਧਕ ਤੇ ਜੱਜ ਹੈਰਾਨ ਸਨ, ਕਿ ਇਹ ਨਾਵਾਕਫ਼ ਸਜਣ ਕੌਣ ਚੁਪ-ਚੁਪੀਤੇ ਆਣ ਬੈਠੇ ਹਨ। ਸਟੇਜ ਸਕੱਤਰ ਨੇ ਹੌਲੀ ਜੇਹੀ ਇਨ੍ਹਾਂ ਦੇ ਕੰਨ ਵਿੱਚ ਕਿਹਾ, ਇਹ ਕੁਰਸੀ ਪ੍ਰਧਾਨ ਜੀ ਲਈ ਹੈ, ਤੁਸੀਂ ਹੇਠਾਂ ਜਾ ਬੈਠੋ। ਪਰ ਇਨ੍ਹਾਂ ਸੁਣਿਆ ਅਨਸੁਣਿਆ ਕਰ ਛਡਿਆ, ਤੇ ਦੂਜੇ ਜਜਾਂ ਨੂੰ ਕਹਿਣ ਲਗੇ, ਅਸੀਂ ਕਈ ਜ਼ਰੂਰੀ ਕੰਮਾਂ ਨੂੰ ਛਡ ਕੇ ਇਥੇ ਪੁਜੇ ਹਾਂ। ਪਰ ਉਨ੍ਹਾਂ ਵੀ ਅਗੋਂ ਕੋਈ ਜਵਾਬ ਨਾ ਦਿਤਾ।

ਇੰਨੇ ਨੂੰ ਪ੍ਰਧਾਨ ਜੀ ਆ ਗਏ। ਸਟੇਜ ਸਕੱਤਰ ਨੇ ਇਨ੍ਹਾਂ ਨੂੰ ਬਾਹੋਂ ਫੜ ਕੇ ਉਠਾਇਆ, ਤਾਂ ਜੋ ਪ੍ਰਧਾਨ ਜੀ ਲਈ ਕੁਰਸੀ ਖਾਲੀ ਹੋ ਜਾਵੇ। ਪਰ ਇਹ ਉਠਣ ਦਾ ਨਾਂ ਹੀ ਨ ਲੈਣ। ਸਟੇਜ ਤੇ ਮਾੜੀ ਜੇਹੀ ਤੂੰ ਤੂੰ ਮੈਂ ਮੈਂ ਹੋਣ ਲਗੀ ਤਾਂ ਪ੍ਰਧਾਨ ਜੀ ਕੁਰਸੀ ਕੋਲ ਆ ਕੇ ਖੜੋ ਗਏ, ਤੇ ਪੁਛਿਆ, "ਤੁਹਾਡਾ ਨਾਂ ਕੀ ਹੈ?" ਬੇਦੀ ਜੀ ਨੇ ਸੱਦਾ ਪੱਤਰ ਖੀਸਿਉਂ ਕਢ ਉਨ੍ਹਾਂ ਅਗੇ ਰਖਿਆ। ਪ੍ਰਧਾਨ ਨੇ ਪੜ੍ਹ ਕੇ ਜੱਜਾਂ ਦੇ ਹਵਾਲੇ ਕੀਤਾ। ਜਜਾਂ ਪੜ੍ਹ ਕੇ ਸਕੱਤਰ ਨੂੰ ਦਿਤਾ। ਇਨ੍ਹਾਂ ਸਾਰਿਆਂ ਨੂੰ ਇਸ ਚਿੱਠੀ ਦੀ ਸਮਝ ਨਾ ਆਈ। ਅਖੀਰ ਸਕੱਤਰ ਨੇ ਬੇਦੀ ਜੀ ਦੇ ਕੰਨ ਵਿੱਚ ਕਿਹਾ, "ਸਟੇਜੋਂ ਹੇਠਾਂ ਆ ਕੇ ਗੱਲ ਸੁਣੋ।" ਬੇਦੀ ਜੀ ਬੜੇ ਔਖੇ ਹੋ ਕੇ ਉਠੇ, ਤਾਂ ਮਸਾਂ ਮਸਾਂ ਪ੍ਰਧਾਨ ਜੀ ਨੂੰ ਬੈਠਣ ਲਈ ਥਾਂ ਮਿਲੀ।

ਬੇਦੀ ਜੀ ਨੂੰ ਸਕੱਤਰ ਨੇ ਸਮਝਾਣ ਦੀ ਕੋਸ਼ਿਸ਼ ਕੀਤੀ, ਕਿ ਇਹ ਚਿੱਠੀ ਉਨ੍ਹਾਂ ਦੇ ਦਫਤਰ ਵਲੋਂ ਨਹੀਂ ਘਲੀ ਗਈ। ਚਿੱਠੀ ਦਾ ਕਾਗਜ਼ ਭਾਵੇਂ ਉਨ੍ਹਾਂ ਦੇ ਪੈਡ ਵਿੱਚੋਂ ਵਰਤਿਆ ਗਿਆ ਹੈ, ਪਰ ਹੈ ਇਹ ਕਿਸੇ ਸ਼ਰਾਰਤੀ ਦਾ ਕਾਰਨਾਮਾ। ਬੇਦੀ ਜੀ ਦੀ ਹਾਲਤ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਮੇਂ ਬੜੀ ਤਰਸਯੋਗ ਸੀ। ਹਥਾਂ ਵਿੱਚ ਉਹ ਚਿੱਠੀ ਫੜੀ ਹੋਈ ਸੀ ਤੇ ਹਥ ਕੰਬ ਰਹੇ ਸਨ। ਚਿੱਠੀ ਦੇ ਅਖਰ ਵਡਾ ਆਕਾਰ ਬਣ ਕੇ ਉਨ੍ਹਾਂ ਦੀਆਂ ਅੱਖਾਂ ਅਗੇ ਘੁੰਮਦਿਆਂ ਘੁੰਮਦਿਆਂ ਉਹ ਸਾਖਿਆਤ ਮੌਜੀ ਦੀ ਹਥ ਲਿਖਤ ਜਾਪਣ ਲਗ ਪਈ। ਬਨਾਵਟੀ ਪਰਦਾ ਉਠ ਗਿਆ ਤੇ ਅਸਲੀਅਤ ਅੱਖਾਂ ਅਗੇ ਆ ਗਈ। ਉਨ੍ਹਾਂ ਤੋਂ ਹੋਰ ਜੇਰਾ ਨਾ ਹੋ ਸਕਿਆ, ਤੇ ਉਹ ਉਸੇ ਵੇਲੇ ਵਾਪਸ ਘਰ ਮੁੜ ਪਏ।

ਦੂਜੇ ਦਿਨ ਗੁੱਸੇ ਨਾਲ ਭਰੇ ਭਰੂਤੇ ਉਹ ਸਕੂਲ ਪੁਜੇ। ਸਿਧੇ ਹੈਡਮਾਸਟਰ ਦੇ ਦਫਤਰ ਵਿੱਚ ਗਏ। ਸਾਰੀ ਕਥਾ ਸੁਣਾਈ ਤੇ ਚਿੱਠੀ ਉਨ੍ਹਾਂ ਦੇ ਮੇਜ਼ ਪੁਰ ਰਖ ਦਿਤੀ। ਹੈਡਮਾਸਟਰ ਨੇ ਚਿੱਠੀ ਪੜ੍ਹੀ। ਉਪਰਲਾ ਲਫਾਫਾ ਵੇਖਿਆ, ਉਸ ਪੁਰ ਮੋਹਰ ਲੋਕਲ ਡਾਕਖਾਨੇ ਦੀ ਸੀ। ਉਨ੍ਹਾਂ ਦਾ ਹਾਸਾ ਨਿਕਲ ਗਿਆ। ਉਹ ਕਹਿਣ ਲਗੇ, ''ਬੇਦੀ ਜੀ! ਚਿੱਠੀ ਤੇ ਲਗੀ ਡਾਕਖਾਨੇ ਦੀ ਮੋਹਰ ਤਾਂ ਵੇਖ ਲੈਣੀ ਸੀ।''

ਬੇਦੀ ਹੋਰੀਂ ਗੁੱਸੇ ਵਿੱਚ ਸਨ। ਭਰੇ ਭਰੂਤੇ ਉਹ ਬੋਲੇ, ''ਹੈਡਮਾਸਟਰ ਸਾਹਿਬ! ਤੁਸੀਂ ਵੇਖਣਾ, ਹੁਣ ਮੈਂ ਇਨ੍ਹਾਂ ਸ਼ੈਤਾਨਾਂ ਤੋਂ ਆਪਣੀ ਬੇਇਜ਼ਤੀ ਦਾ ਕਿਵੇਂ ਬਦਲਾ ਲੈਂਦਾ ਹਾਂ?''

ਹੈਡਮਾਸਟਰ ਨੇ ਆਪਣੇ ਹਾਸੇ ਨੂੰ ਰੋਕਦਿਆਂ ਹੋਇਆਂ ਬੇਦੀ ਜੀ ਨੂੰ ਹੌਂਸਲਾ ਦਿਤਾ। ਨਾਲ ਹੀ ਰਾਏ ਦਿਤੀ, ''ਮਾਸਟਰ ਜੀ! ਇਸ ਮੁਆਮਲੇ ਨੂੰ ਇਥੇ ਹੀ ਠਪ ਦਿਤਾ ਜਾਵੇ ਤਾਂ ਚੰਗਾ ਹੈ। ਜੇ ਇਸ ਨੂੰ ਵਧਾਇਆ ਗਿਆ, ਤਾਂ ਮੌਜੀ ਫੌਜੀ ਆਦਮੀ ਹੈ। ਉਸ ਨੇ ਇਸ ਤਰ੍ਹਾਂ ਦਾ ਕੋਈ ਹੋਰ ਖੜਯੰਤਰ ਰਚ ਧਰਨਾ ਹੈ।''

ਪਰ ਬੇਦੀ ਜੀ ਗੁੱਸੇ ਨਾਲ ਭਰੇ ਭਰੂਤੇ ਦਫਤਰ 'ਚੋਂ ਕਲਾਸ ਵਿੱਚ ਆ ਗਏ, ਤੇ ਬਦਲਾ ਲੈਣ ਦੀਆਂ ਵਿਉਂਤਾਂ ਸੋਚਣ ਲਗ ਪਏ।

ਕਵੀ ਦਰਬਾਰ ਬਾਰੇ ਉਨ੍ਹਾਂ ਕਿਸੇ ਨੂੰ ਕੁਝ ਨਾ ਦਸਿਆ, ਪਰ ਉਨ੍ਹਾਂ ਤੋਂ ਪਹਿਲਾਂ ਹੀ ਇਹ ਖਬਰ ਸਕੂਲ ਤੇ ਸ਼ਹਿਰ ਦੇ ਕੋਨੇ ਕੋਨੇ ਵਿੱਚ ਪਸਰ ਗਈ ਸੀ। ਇਹ ਜ਼ੁਲਮ ਇਸ ਤਰ੍ਹਾਂ ਹੋਇਆ, ਕਿ ਉਸ ਕਵੀ ਦਰਬਾਰ ਵਿੱਚ ਕੰਵਲ ਤੇ ਸਫਰੀ ਆਦਿ ਦੋ ਤਿੰਨ ਸ਼ਹਿਰ ਦੇ ਕਵੀ ਵੀ ਸ਼ਾਮਲ ਹੋਣ ਗਏ ਸਨ। ਕਵੀ ਦਰਬਾਰ ਦੇ ਅੰਤ ਸਮੇਂ ਸਟੇਜ ਸਕੱਤਰ ਨੇ ਬੜਾ ਅਫਸੋਸ ਜ਼ਾਹਿਰ ਕੀਤਾ, ਕਿ ਕਿਸੇ ਸ਼ਰਾਰਤੀ ਨੇ ਇਕ ਜਾਅਲੀ ਚਿੱਠੀ ਰਾਹੀਂ ਪੰਜਾਬੀ ਦੇ ਪ੍ਰਸਿੱਧ ਕਵੀ ਬੇਦੀ ਜੀ ਨੂੰ ਅਜ ਬੜਾ ਪ੍ਰੇਸ਼ਾਨ ਕੀਤਾ ਹੈ। ਤੇ ਇਸ ਦੇ ਨਾਲ ਹੀ ਉਸ ਨੇ ਸਾਰੀ ਦੀ ਸਾਰੀ ਵਾਰਤਾ ਸੰਖੇਪ ਤੌਰ ਤੇ ਸਰੋਤਿਆਂ ਨੂੰ ਸੁਣਾ ਦਿਤੀ ਸੀ।

ਸਕੂਲ ਦਾ ਹਰ ਉਸਤਾਦ ਤੇ ਵਿਦਿਆਰਥੀ ਬੇਦੀ ਜੀ ਨੂੰ ਮਿਲਣ ਤੇ ''ਬੜਾ ਅਫਸੋਸ ਹੈ'' ਤੋਂ ਗੱਲ ਸ਼ੁਰੂ ਕਰਦਾ ਤੇ ਉਨ੍ਹਾਂ ਦੀ ਹੋਈ ਬੇਇਜ਼ਤੀ ਪੁਰ ਲੂਣ ਛਿਣਕ ਕੇ ਗੱਲ ਖਤਮ ਕਰਦਾ। ਬੇਦੀ ਜੀ ਇਸ ਨਾਲ ਹੋਰ ਵੀ ਚਿੜ੍ਹ ਗਏ, ਤੇ ਉਨ੍ਹਾਂ ਕਾਹਲ ਵਿੱਚ ਬਦਲੇ ਦੀ ਪਹਿਲੀ ਕਿਸ਼ਤ ਅਦਾ ਕਰਨ ਲਈ ਫੌਰਨ ਇਕ ਚੋਂਦੀ ਚੋਂਦੀ ਸਕੀਮ ਤਿਆਰ ਕੀਤੀ ਤੇ ਉਸ ਪੁਰ ਫੁਲ ਚੜ੍ਹਾ ਦਿਤੇ।

ਇਸ ਤੋਂ ਪੰਦਰਾਂ ਕੁ ਦਿਨ ਪਹਿਲਾਂ ਮੌਜੀ ਹੋਰਾਂ ਦੇ ਘਰ ਕਾਕਾ ਹੋਇਆ ਸੀ, ਇਸ ਖੁਸ਼ੀ ਭਰੀ ਆਮਦ ਸਦਕੇ ਪਾਠ ਰਖਿਆ ਗਿਆ ਸੀ, ਤੇ ਕਿਸੇ ਦਿਨ ਕੜਾਹ ਪ੍ਰਸ਼ਾਦ ਕਰਾ ਕੇ ਪਾਠ ਦੇ ਭੋਗ ਪਾਣ ਦਾ ਵਿਚਾਰ ਸੀ। ਇਸ ਸਾਰੀ ਗੱਲ ਦਾ ਬੇਦੀ ਜੀ ਨੂੰ ਵੀ ਪਤਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੇਦੀ ਜੀ ਨੇ ਝਟ ਮੌਜੀ ਹੋਰਾਂ ਦੇ ਘਰ ਮੁੰਡਾ ਦੁੜਾਇਆ. ਕਿ ਮੌਜੀ ਹੋਰਾਂ ਕਿਹਾ ਹੈ. ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰ ਕੇ ਗੁਰਦਵਾਰੇ ਲੈ ਜਾਵੇ। ਅੱਧੀ ਛੁਟੀ ਵੇਲੇ ਅਸੀਂ ਸਾਰੇ ਉਸਤਾਦ ਆਵਾਂਗੇ। ਉਸ ਸਮੇਂ ਬੱਚੇ ਨਮਿਤ ਰਖੇ ਪਾਠ ਦਾ ਭੋਗ ਪਾ ਕੇ ਉਸ ਦੀ ਵਡੀ ਉਮਰ ਲਈ ਅਰਦਾਸਾ ਸੋਧਿਆ ਜਾਵੇਗਾ।

ਦੂਜੇ ਪਾਸੇ ਚਤਰਥ ਤੇ ਪ੍ਰੇਮ ਹੋਰਾਂ ਦੇ ਘਰ ਸੁਨੇਹਾ ਭੇਜਿਆ ਕਿ ਅਜ ਪੰਜ ਸਤ ਮਿੱਤਰਾਂ ਨੇ ਬਾਹਰੋਂ ਆਉਣਾ ਹੈ, ਉਨ੍ਹਾਂ ਲਈ ਪ੍ਰਸ਼ਾਦਾ ਤਿਆਰ ਕਰਨਾ ਹੈ। ਮਹਾਂਪ੍ਰਸ਼ਾਦ ਦੇ ਨਾਲ ਇਕ ਹੋਰ ਭਾਜੀ ਵੀ ਤਿਆਰ ਕਰ ਲੈਣੀ. ਤੇ ਪ੍ਰਸ਼ਾਦਾ ਠੀਕ 12 ਵਜੇ ਤਿਆਰ ਹੋ ਜਾਵੇ।

ਤਿੰਨੋਂ ਮਾਸਟਰ ਆਪਣੇ ਆਪਣੇ ਘਰ ਦੋਪਹਰੀਂ ਰੋਟੀ ਖਾਣ ਗਏ. ਤਾਂ ਅਜਬ ਰੰਗ ਬਝਿਆ ਹੋਇਆ ਸੀ। ਮੌਜੀ ਹੋਰਾਂ ਦੇ ਘਰ ਵਾਲੇ ਘਰ ਨਹੀਂ ਸਨ। ਗੁਆਂਢੋਂ ਪਤਾ ਲਗਾ, ਕਿ ਉਹ ਸਕੂਲੋਂ ਸਨੇਹਾ ਆਣ ਤੇ ਕੜਾਹਪ੍ਰਸ਼ਾਦਿ ਲੈ ਕੇ ਗੁਰਦਵਾਰੇ ਗਏ ਹੋਏ ਹਨ। ਤੇ ਦੂਜੇ ਦੋਵੇਂ ਮਾਸਟਰ ਜਦ ਘਰ ਗਏ. ਤਾਂ ਦੂਰੋਂ ਹੀ ਉਨ੍ਹਾਂ ਨੂੰ ਭਿੰਨੀ ਭਿੰਨੀ ਖੁਸ਼ਬੋ ਆ ਰਹੀ ਸੀ।

ਅੱਧੀ ਛੁਟੀ ਪਿਛੋਂ ਮੌਜੀ ਗਰੁਪ ਇਕਠਾ ਹੋਇਆ. ਤਾਂ ਤਿੰਨਾਂ ਨੇ ਇਕ ਦੂਜੇ ਨੂੰ ਆਪਣੀ ਆਪ ਬੀਤੀ ਸੁਣਾਈ। ਸ਼ਰਮਿੰਦੇ ਤਾਂ ਤਿੰਨੇ ਹੋਏ. ਪਰ ਕਿਸੇ ਨੇ ਬਾਹਰ ਧੂੰ ਨ ਕਢਿਆ ਤੇ ਇਸ ਹੇਠੀ ਦੇ ਬਦਲੇ ਲਈ ਸਰਬ-ਸੰਮਤੀ ਨਾਲ ਇਕ ਤਜਵੀਜ਼ ਪਾਸ ਕੀਤੀ ਗਈ।

ਬੇਦੀ ਹੋਰੀਂ. ਬੇਦੀ ਖਾਨਦਾਨ ਦੇ ਚਿਰਾਗ਼ ਸਨ। ਉਨ੍ਹੀਂ ਦਿਨੀਂ ਇਲਾਕੇ ਵਿੱਚ ਉਨ੍ਹਾਂ ਦੀ ਗੁਰੂ ਅੰਸ ਕਰ ਕੇ ਬੜੀ ਚੜ੍ਹਤ ਸੀ। ਉਨ੍ਹਾਂ ਦੀ ਪੂਜਾ ਹੁੰਦੀ. ਤੇ ਕਾਰ ਭੇਟ ਕੀਤੀ ਜਾਂਦੀ। ਬੇਦੀ ਜੀ ਦਾ ਘਰਾਣਾ ਸਿਖੀ ਸੇਵਕੀ ਕਰ ਕੇ ਬੜਾ ਖੁਸ਼ਹਾਲ ਸੀ. ਸਿਰਫ ਇਕ ਕਸਰ ਸੀ ਕਿ ਉਹਨਾਂ ਦੇ ਘਰ ਬੱਚਾ ਨਹੀਂ ਸੀ. ਹੋਰ ਕਿਸੇ ਤਰ੍ਹਾਂ ਦੀ ਕਮੀ ਨਹੀਂ ਸੀ।

ਦੂਜੇ ਦਿਨ ਸਨਿਚਰਵਾਰ ਸੀ। ਬੋਰਡਿੰਗ ਦੇ ਮੁੰਡਿਆਂ ਨੇ ਸ਼ਾਮੀਂ ਆਪੋ ਆਪਣੇ ਘਰੀਂ ਐਤਵਾਰ ਦੀ ਛੁੱਟੀ ਤੇ ਜਾਣਾ ਸੀ। ਵਖੋ ਵਖ ਪਿੰਡਾਂ ਦੇ ਬੋਰਡਰਾਂ ਨੂੰ ਕਠਿਆਂ ਕਰ ਕੇ ਮੌਜੀ ਹੋਰਾਂ ਦਸਿਆ ਕਿ ਬੇਦੀ ਜੀ ਦੇ ਘਰ ਵਾਹਿਗੁਰੂ ਨੇ ਕਾਕਾ ਬਖਸ਼ਿਆ ਹੈ। ਇਸ ਖੁਸ਼ੀ ਵਿਚ ਉਹ ਆਪ ਆਪਣੇ ਘਰ ਐਤਵਾਰ ਵਾਲੇ ਦਿਨ ਬੜਾ ਭਾਰੀ ਯੱਗ ਕਰ ਰਹੇ ਹਨ। ਆਪੋ ਆਪਣੇ ਪਿੰਡਾਂ ਵਿਚ ਖਬਰ ਦੇ ਦਿਓ ਕਿ ਸਾਹਿਬਜ਼ਾਦੇ ਦੀ ਖੁਸ਼ੀ ਵਿਚ ਐਤਵਾਰ ਨੂੰ ਸੰਗਤਾਂ ਹੁਮ ਹੁਮਾ ਕੇ ਪਹੁੰਚਣ ਤੇ ਦੁਪਹਿਰ ਤੇ ਰਾਤ ਦਾ ਪ੍ਰਸ਼ਾਦ ਗੁਰੂ ਦੇ ਲੰਗਰੋਂ ਛਕਣ।

ਰਾਤੋ ਰਾਤ ਇਲਾਕੇ ਦੇ ਸਾਰੇ ਪਿੰਡਾਂ ਵਿਚ ਇਹ ਖੁਸ਼ੀ ਭਰੀ ਖਬਰ ਹਨੇਰੀ ਵਾਂਗ ਪਸਰ ਗਈ. ਤੇ ਸਵੇਰ ਸਾਰ ਬੇਦੀ ਜੀ ਦੇ ਘਰ ਮੇਲਾ ਲਗਣਾ ਸ਼ੁਰੂ ਹੋ ਗਿਆ। ਹਰ ਪਾਸਿਉਂ ਵਧਾਈਆਂ ਤੇ ਮੁਬਾਰਕਾਂ ਦੇ ਨਾਹਰੇ ਗੂੰਜਣ ਲਗੇ।

ਬੇਦੀ ਜੀ ਗੁੱਸੇ ਵਿਚ ਭਰੇ. ਬਿਫਰੀ ਹੋਈ ਸ਼ੇਰਨੀ ਵਾਂਗ ਹਰ ਵਧਾਈ ਦੇਣ ਵਾਲੇ ਪੂਰ ਵਸਦੇ ਤੇ ਝਾੜ ਝੰਬ ਪਾ ਕੇ ਇਕ ਟੋਲੀ ਨੂੰ ਵਾਪਸ ਕਰਦੇ. ਤਾਂ ਦੂਜੀ ਆ ਪਹੁੰਚਦੀ। ਗੱਲ ਕੀ. ਸਵੇਰ ਤੋਂ ਸ਼ਾਮ ਤੀਕ ਆਏ ਗਏ ਦਾ ਤਾਂਤਾ ਬਝਾ ਰਿਹਾ। ਆਏ ਗਏ ਲੋਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਨੂੰ ਜਦੋਂ ਪਤਾ ਲਗਦਾ, ਕਿ ਉਹਨਾਂ ਨਾਲ ਮਖੌਲ ਕੀਤਾ ਗਿਆ ਹੈ, ਤਾਂ ਉਹ ਬੜਾ ਕੁੜ੍ਹਦੇ ਤੇ ਕਈ ਸੇਵਕ ਬਿਨਾਂ ਲੰਗਰੋਂ ਪ੍ਰਸ਼ਾਦਾ ਛਕਿਆਂ ਹੀ ਤੁਰ ਜਾਂਦੇ। ਪਰ ਇਸ ਦੇ ਬਾਵਜੂਦ ਜਲ ਪਾਣੀ ਛਕਣ ਵਾਲਿਆਂ ਦੀ ਕਈ ਹਜ਼ਾਰ ਤੇ ਪ੍ਰਸ਼ਾਦਾ ਛਕਣ ਵਾਲਿਆਂ ਦੀ ਕਈ ਸੈਂਕੜੇ ਗਿਣਤੀ ਪਹੁੰਚ ਗਈ ਸੀ।

ਦੂਜੇ ਦਿਨ ਸਵੇਰੇ ਹੈਡ ਮਾਸਟਰ ਸਾਹਿਬ ਦੀ ਮੇਜ਼ ਪੁਰ ਬੇਦੀ ਜੀ ਦਾ ਅਸਤੀਫਾ ਪਿਆ ਸੀ। ਜਦ ਇਸ ਅਸਤੀਫੇ ਦਾ ਮੌਜੀ ਚਤਰਥ ਤੇ ਪ੍ਰੇਮ ਹੋਰਾਂ ਨੂੰ ਪਤਾ ਲਗਾ, ਤਾਂ ਉਹ ਤਿੰਨੇ ਮੁਆਫੀ ਮੰਗ ਬੇਦੀ ਜੀ ਨੂੰ ਘਰੋਂ ਫੜ ਲਿਆਏ।

ਸਚਮੁਚ ਉਨ੍ਹੀਂ ਦਿਨੀਂ ਲੋਕੀਂ ਬੜੇ ਜ਼ਿੰਦਾਦਿਲ ਹੁੰਦੇ ਸਨ, ਤੇ ਇਸ ਜ਼ਿੰਦਾਦਿਲੀ ਦਾ ਕੇਂਦਰ ਸਾਡਾ ਸਕੂਲ ਸੀ, ਪਰ ਬੁਰਾ ਹੋਵੇ ਇਸ ਫਿਰਕਾਪ੍ਰੱਸਤੀ ਤੇ ਮੁਲਕੀ ਵੰਡ ਦਾ, ਸਾਡਾ ਉਹ ਹੁਸੀਨ ਸਕੂਲ ਸਾੜ ਕੇ ਰਾਖ ਦੀ ਢੇਰੀ ਬਣਾ ਦਿਤਾ ਗਿਆ। ਦੇਸ਼ ਵੰਡ ਸਮੇਂ ਸਾਡੇ ਸਾਰੇ ਦਿਲਚਸਪ ਤੇ ਰੰਗੀਲੇ ਉਸਤਾਦ ਖੇਰੂੰ-ਖੇਰੂੰ ਹੋ ਗਏ।

ਪਿਛੇ ਜੇਹੇ ਪਤਾ ਲਗਾ ਸੀ ਕਿ ਸਾਡੇ ਰੰਗੀਲੇ ਮੌਜੀ ਉਸਤਾਦ ਨੇ ਦਿਉਲਾਲੀ ਵਿਖੇ ਲੱਸੀ ਦੀ ਦੁਕਾਨ ਖੋਲ੍ਹ ਲਈ ਹੈ, ਤੇ ਬੇਦੀ ਸਾਹਿਬ ਸ਼ਾਇਦ ਅੰਮ੍ਰਿਤਸਰ ਵਿਚ ਸਾਈਕਲਾਂ ਦੀ ਦੁਕਾਨ ਕਰਦੇ ਹਨ। ਮਾ: ਪ੍ਰੇਮ ਸਿੰਘ ਜੀ ਕੁਰਾਲੀ ਵਿਚ ਖਾਲਸਾ ਸਕੂਲ ਦੇ ਹੈਡ ਮਾਸਟਰ ਲਗ ਗਏ। ਚਤਰਥ ਹੋਰੀਂ ਸਯੱਦ ਖਾਲਸਾ ਸਕੂਲ ਲੁਧਿਆਣਾ ਦੇ ਹੈਡਮਾਸਟਰ ਹਨ। ਉਨ੍ਹਾਂ ਦੀ ਮ੍ਰਿਤੂ ਮਗਰੋਂ ਮੇਰੇ ਦੋਸਤ ਤੇ ਬਜ਼ੁਰਗ ਉਸਤਾਦ ਮਾ: ਗੁਰਦਿੱਤ ਸਿੰਘ ਜੀ ਕਈ ਸਾਲ ਉਸ ਸਕੂਲ ਦੇ ਹੈਡ ਮਾਸਟਰ ਰਹੇ। ਉਨ੍ਹਾਂ ਦਾ ਅਜ ਤੋਂ ਵੀਹ ਸਾਲ ਪਹਿਲਾਂ ਅਕਾਲ ਚਲਾਣਾ ਹੋ ਗਿਆ ਸੀ। ਬਾਕੀਆਂ ਦਾ ਕੋਈ ਪਤਾ ਨਹੀਂ ਕਿ ਉਹ ਕਿਥੇ ਹਨ, ਤੇ ਪੇਟ ਦੇ ਆਹਰ ਲਈ ਕੀ ਕੀ ਪਾਪੜ ਵੇਲ ਰਹੇ ਹਨ?

## ਸਕੂਲ ਸਮੇਂ ਦੇ ਕੁਝ ਦੋਸਤ-ਮਿੱਤਰ

ਖਾਲਸਾ ਸਕੂਲ ਵਿਚ ਬਹੁਤ ਸਾਰੇ ਦੋਸਤ ਮਿਲੇ, ਜਿਨ੍ਹਾਂ 'ਚੋਂ ਕਈ ਹੁਣ ਤੀਕ ਮੀਤ ਪਿਆਰੇ ਹੀ ਰਹੇ। ਇਨ੍ਹਾਂ 'ਚੋਂ ਇਕ ਰੂਪ ਸਿੰਘ ਸੀ, ਉਹ ਸਯੱਦ ਸਕੂਲ ਦੇ ਨੇੜੇ ਦੇ ਪਿੰਡ ਪੰਜ-ਗਰਾਈਂ ਵਿਚ ਰਹਿੰਦਾ ਸੀ। ਉਸ ਦੀ ਦਸਵੀਂ ਪਾਸ ਕਰਦਿਆਂ ਸਾਰ ਸ਼ਾਦੀ ਹੋ ਗਈ। ਫਿਰ ਉਹ ਇਕ ਘਰੋਗੀ ਝਗੜੇ ਵਿਚ ਫਸ ਗਿਆ। ਉਸ ਝਗੜੇ ਦਾ ਅੰਤ ਬੜਾ ਭਿਆਨਕ ਨਿਕਲਿਆ। ਉਸ ਦਾ ਮੁਖਾਲਫ ਇਕ ਮਿਲਟਰੀ ਦਾ ਪੈਨਸ਼ਨੀ ਸੂਬੇਦਾਰ ਸੀ। ਬੜਾ ਹਟਾ ਕਟਾ ਤੇ ਦਬੰਗ। ਇਧਰ ਰੂਪ ਸਿੰਘ ਵੀ ਆਪਣੀ ਆਨ ਤੇ ਮਰ ਮਿਟਣ ਵਾਲਾ। ਨਾ ਕਿਸੇ ਨੂੰ ਕੁਝ ਕਹਿਣਾ ਤੇ ਨਾ ਅਖਵਾਣਾ। ਆਪਣੇ ਇਰਾਦੇ ਦਾ ਪੱਕਾ। ਆਈ ਤੇ ਆ ਜਾਵੇ, ਤਾਂ ਫਿਰ ਨਾਂਹ ਆਪਣੀ ਤੇ ਨਾਂਹ ਪਰਾਏ ਦੀ ਪ੍ਰਵਾਹ। ਉਸ ਦੇ ਵਿਰੋਧੀ ਨੇ ਉਸ ਨੂੰ ਚੈਲੰਜ ਦੇ ਦਿਤਾ, ਕਿ ਜਦੋਂ ਤੂੰ ਮੇਰੀ ਗਲੀ 'ਚੋਂ ਲੰਘਿਆ, ਮੈਂ ਤੈਨੂੰ ਕੁਟਣਾ ਹੈ ਹਡੀਆਂ ਤੋੜਨੀਆਂ ਹਨ। ਰੂਪ ਸਿੰਘ ਆਪ ਕੁਟਿਆ ਨਾ ਗਿਆ, ਪਰ ਉਸ ਆਪਣੇ ਵਿਰੋਧੀ ਦੀਆਂ ਹੱਡੀਆਂ ਤੋੜ ਦਿਤੀਆਂ।

ਇੱਕ ਦਿਨ ਰੂਪ ਸਿੰਘ ਜਾਣ ਬੁਝ ਕੇ ਆਪਣੇ ਵਿਰੋਧੀ ਦੇ ਘਰ ਅਗੋਂ ਲੰਘਿਆ, ਤੇ ਜ਼ੋਰ ਦੀ ਬੜ੍ਹਕ ਮਾਰੀ। ਸੂਬੇਦਾਰ ਨੇ ਬਾਹਰ ਆ ਕੇ, ਉਸ ਨੂੰ ਜਫਾ ਮਾਰ ਹੇਠਾਂ ਡੇਗ ਲਿਆ ਤੇ ਢਾਈ ਮਣ ਦੀ ਤੋਪ ਰੂਪ ਸਿੰਘ ਤੇ ਚੜ੍ਹ ਕੇ ਬਹਿ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰੂਪ ਸਿੰਘ ਨੇ ਹੇਠੋਂ ਆਪਣੀ ਛੋਟੀ ਕ੍ਰਿਪਾਨ ਉਸ ਦੇ ਪੇਟ ਵਿਚ ਖਭੋ ਦਿਤੀ। ਘੜੀਆਂ ਪਲਾਂ ਵਿਚ ਉਥੇ ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ। ਥਾਂ ਤੇ ਮਿਲਟਰੀ ਮੈਨ ਦੀ ਮੌਤ ਹੋ ਗਈ। ਰੂਪ ਸਿੰਘ ਨੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ। ਮੁਕਦਮਾ ਚਲਿਆ ਤੇ ਉਸ ਨੂੰ ਫਾਂਸੀ ਦੀ ਸਜ਼ਾ ਹੋ ਗਈ। ਅਪੀਲ ਤੇ ਫਾਂਸੀ, ਉਮਰ ਕੈਦ ਵਿਚ ਬਦਲ ਗਈ। ਇਸ ਤਰ੍ਹਾਂ ਸਕੂਲੋਂ ਨਿਕਲਦਿਆਂ ਸਾਰ ਕੇਵਲ ਵੀਹ ਸਾਲ ਦੀ ਉਮਰ ਵਿਚ ਰੂਪ ਸਿੰਘ ਰਾਵਲਪਿੰਡੀ ਦੀ ਕਾਲ ਕੋਠੜੀ ਵਿਚ ਬੰਦ ਹੋ ਗਿਆ।

ਜਦੋਂ ਉਹ ਫਾਂਸੀ ਦੀ ਕੋਠੜੀ ਵਿਚ ਬੰਦ ਸੀ, ਮੈਂ ਉਸ ਦੀ ਮੁਲਾਕਾਤ ਕਰਨ ਗਿਆ। ਉਹ ਪੂਰੇ ਉਤਸ਼ਾਹ ਵਿਚ ਸੀ। ਉਸ ਨੂੰ ਆਸ ਸੀ ਕਿ ਫਾਂਸੀ ਟੁਟ ਜਾਣੀ ਹੈ। ਤੇ ਅਖੀਰ ਉਹ ਟੁਟ ਗਈ। ਦਸ ਸਾਲ ਮਗਰੋਂ ਉਮਰ ਕੈਦ ਭੁਗਤ ਕੇ ਉਹ ਬਾਹਰ ਆਇਆ ਤਾਂ ਉਸ ਦੇ ਵਾਲ ਚਿੱਟੇ ਹੋ ਗਏ ਸਨ ਤੇ ਕੈਦ ਸਮੇਂ ਉਸ ਦੀ ਪਤਨੀ ਰਬ ਨੂੰ ਪਿਆਰੀ ਹੋ ਗਈ ਸੀ।

ਕਈ ਸਾਲ ਉਹ ਕੰਮ ਢੂੰਡਦਾ ਰਿਹਾ। ਉਹ ਦਿਨ ਬੜੀ ਬੇਕਾਰੀ ਦੇ ਸਨ। ਅਖੀਰ ਉਹ ਪਿਸ਼ਾਵਰ ਵਿਖੇ ਆਪਣੇ ਪਿਤਾ ਦੇ ਭਰਾ ਦੇ ਕਾਰੋਬਾਰ ਵਿਚ ਸ਼ਾਮਲ ਹੋ ਗਿਆ। ਦੂਜਾ ਵਿਆਹ ਕਰਾ ਕੇ ਉਸ ਨੇ 35 ਸਾਲਾਂ ਦੀ ਉਮਰ ਵਿਚ ਮੁੜ ਨਵਾਂ ਜੀਵਨ ਜੀਊਣਾ ਅਰੰਭ ਦਿਤਾ।

ਮੇਰਾ ਇਕ ਦੋਸਤ ਸੀ ਗੁਰਦਿਤ ਸਿੰਘ। ਸਕੂਲ ਵਿਚ ਉਹ ਮਹਾਂ ਸੁਸਤ ਪਰ ਜ਼ਿੰਦਗੀ ਵਿਚ ਬੜਾ ਚੁਸਤ। ਉਹ ਦਸਵੀਂ ਪਾਸ ਕਰਨ ਪਿਛੋਂ ਬੰਬਈ ਜਾ ਪੁਜਾ। ਉਥੇ ਮੋਟਰ ਸਪੇਅਰ ਪਾਰਟ ਦੀ ਦੁਕਾਨ ਖੋਲ੍ਹੀ। ਫਿਰ ਜਾਪਾਨ ਚਲਾ ਗਿਆ। ਜਾਪਾਨ ਵਿਚ ਦਫਤਰ ਖੋਲ੍ਹ ਕੇ ਉਸ ਨੇ ਲਖਾਂ ਰੁਪਏ ਕਮਾਏ। ਮਾਲ ਉਹ ਬੰਬਈ ਤੋਂ ਸਪਲਾਈ ਕਰੇ ਤੇ ਦਫਤਰ ਚਲਾਏ ਜਾਪਾਨ ਵਿਚ। ਦੇਸ, ਹਵਾਈ ਜਾਹਾਜ਼ ਤੇ ਆਣਾ ਤੇ ਹਵਾਈ ਜਹਾਜ਼ ਤੇ ਵਾਪਸ ਪਰਤ ਜਾਣਾ। ਜਦੋਂ ਸਾਡੇ ਦੇਸ ਵਿਚ ਸਖਤ ਬੇਕਾਰੀ ਸੀ, ਉਦੋਂ ਉਹ ਲਖਾਂ ਦੀਆਂ ਗੱਲਾਂ ਕੀਤਾ ਕਰੇ।

ਮੈਂ ਤੇ ਗੁਰਦਿਤ ਸਿੰਘ ਨੇ ਦਸਵੀਂ ਪਾਸ ਕਰਨ ਮਗਰੋਂ ਅਤਿ ਬੇਕਾਰੀ ਦੇ ਦਿਨਾਂ ਵਿਚ ਰਾਵਲਪਿੰਡੀ ਵਿਚ ਡੇਰੇ ਲਾਏ ਸਨ। ਸਾਡੇ ਗਵਾਂਢ ਦੇ ਇਕ ਟਰੱਕ ਦੇ ਮਾਲਕ ਨੇ ਦਿੱਲੀ ਜਾਣਾ ਸੀ। ਗੁਰਦਿਤ ਸਿੰਘ ਕਹੇ, "ਪਿਆਰਾ ਸਿੰਘ! ਚਲੋ ਅਸੀਂ ਵੀ ਹੋ ਆਈਏ। ਟਰੱਕ ਵਾਲਾ ਸਾਨੂੰ ਮੁਫਤ ਲਿਜਾਣਾ ਤੇ ਲਿਆਣਾ ਮੰਨ ਗਿਆ ਹੈ।" ਅਸੀਂ ਦੋਵੇਂ ਟਰੱਕ ਤੇ ਬੈਠ ਕੇ ਅੰਮ੍ਰਿਤਸਰ ਜਾ ਪੁਜੇ। ਉਥੋਂ ਉਹ ਅਗੇ ਦਿੱਲੀ ਚਲਾ ਗਿਆ। ਗੁਰਦਿਤ ਸਿੰਘ ਪਹਿਲਾਂ ਅੰਮ੍ਰਿਤਸਰ ਵਿਚ ਛੇ ਮਹੀਨੇ ਰਹਿ ਚੁਕਾ ਸੀ। ਉਸ ਦੀ ਮਾਸੀ ਅੰਮ੍ਰਿਤਸਰ ਰਹਿੰਦੀ ਸੀ। ਅਸੀਂ ਉਨ੍ਹਾਂ ਦੇ ਘਰ ਡੇਰਾ ਲਾਇਆ। ਇਕ ਦਿਨ ਗੁਰਦਿਤ ਸਿੰਘ ਦੋ ਸਾਈਕਲ ਕਰਾਏ ਤੇ ਲੈ ਆਇਆ। ਅਸਾਂ ਸਾਈਕਲ ਤੇ ਤਰਨਤਾਰਨ, ਬਾਬਾ ਬਕਾਲਾ ਤੇ ਹੋਰ ਨੇੜੇ ਤੇੜੇ ਦੇ ਗੁਰ-ਅਸਥਾਨਾਂ ਦੀ ਯਾਤਰਾ ਕੀਤੀ।

ਖੋਤੀ ਅਹਾਤੇ ਇਕ ਹੋਟਲ ਸੀ। ਪਹਿਲਾਂ ਗੁਰਦਿਤ ਸਿੰਘ ਉਥੇ ਰੋਟੀ ਖਾਂਦਾ ਰਿਹਾ ਸੀ। ਕਿਸੇ ਬਹਿਰੇ ਨਾਲ ਉਸ ਆਂਢਾ ਸਾਂਢਾ ਕੀਤਾ, ਤੇ ਅਸੀਂ ਪੰਦਰਾਂ ਦਿਨ ਉਥੇ ਰੋਟੀ ਖਾਂਦੇ ਰਹੇ। ਬਹਿਰਾ ਸਾਨੂੰ ਸਪੈਸ਼ਲ ਡਿਸ਼ਾਂ ਤੇ ਮਖਣ ਆਦਿ ਮਾਲਕ ਦੀ ਅੱਖ ਬਚਾ ਕੇ ਦੇ ਜਾਇਆ ਕਰੇ। ਉਸ ਉਪਰੰਤ ਨਾਲ ਦੇ ਹਲਵਾਈ ਦੀ ਦੁਕਾਨ ਤੋਂ ਰਬੜੀ ਤੇ ਬਰਫੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਛਕਣੀ, ਤੇ ਸਾਰਾ ਦਿਨ ਸਾਈਕਲ ਵਾਂਹਦੇ ਰਹੀਏ। ਪਲੇ ਪੈਸਾ ਨਹੀਂ ਪਰ ਟੌਹਰ ਤੇ ਖਾਣ-ਪੀਣ ਸਾਡਾ ਰਈਸਾਂ ਤੋਂ ਘਟ ਨਹੀਂ ਸੀ।

ਪੰਦਰਾਂ ਦਿਨਾਂ ਬਾਅਦ ਸਾਡਾ ਬੇਲੀ ਟਰੱਕ ਵਾਲਾ ਵਾਪਸ ਆ ਗਿਆ। ਦੂਜੇ ਦਿਨ ਅਸਾਂ ਵਾਪਸ ਰਾਵਲਪਿੰਡੀ ਜਾਣਾ ਸੀ। ਗੁਰਦਿਤ ਸਿੰਘ ਮੇਰੇ ਵਲ ਇਸ਼ਾਰਾ ਕਰ ਕੇ ਹਲਵਾਈ ਨੂੰ ਕਹਿਣ ਲਗਾ, "ਮੇਰਾ ਦੋਸਤ ਰਾਵਲਪਿੰਡੀ ਜਾ ਰਿਹੈ। ਇਸ ਨੂੰ ਚੋਖੀ ਸਾਰੀ ਮਠਿਆਈ ਦੇਣੀ ਹੈ।" ਉਸ ਨੇ ਮਠਿਆਈ ਦੀ ਵਡੀ ਟੋਕਰੀ ਸਾਡੇ ਹਥ ਫੜਾਈ, ਤੇ ਅਸੀਂ ਤੁਰਦੇ ਬਣੇ। ਮੈਂ ਉਸਦੀਆਂ ਸਾਰੀਆਂ ਕਾਰਸਤਾਨੀਆਂ ਤੋਂ ਪ੍ਰੇਸ਼ਾਨ ਸਾਂ, ਪਰ ਬੋਲ ਨਹੀਂ ਸਾਂ ਸਕਦਾ। ਆਖਰੀ ਦਿਨ ਉਸ ਮੈਨੂੰ ਕਿਹਾ, "ਦੋਵੇਂ ਸਾਈਕਲ ਟਰੱਕ ਤੇ ਰਖ ਕੇ ਸਵੇਰੇ ਤਿਤਰ ਹੋ ਜਾਵਾਂਗੇ। ਇਨ੍ਹਾਂ ਨੂੰ ਰਾਵਲਪਿੰਡੀ ਲੈ ਜਾ ਕੇ ਵੇਚ ਦਿਆਂਗੇ।"

ਮੈਂ ਉਸ ਨੂੰ ਸਾਫ ਇਨਕਾਰ ਕਰ ਦਿਤਾ, "ਗੁਰਦਿਤ ਸਿੰਘ, ਮੇਰੇ ਤੋਂ ਇਹ ਕੰਮ ਨਹੀਂ ਹੋਣਾ, ਤੇ ਨਾਂਹ ਮੈਂ ਤੇਰੇ ਨਾਲ ਜਾਣਾ ਹੀ ਹੈ, ਇਹ ਸਾਈਕਲ ਲੈ ਕੇ।"

ਉਹ ਮੇਰੀ ਬੁਜ਼ਦਿਲੀ ਕਾਰਣ ਮੇਰੇ ਤੇ ਬੜਾ ਗੁੱਸੇ ਸੀ, ਪਰ ਮੈਂ ਉਸ ਦੀ ਪ੍ਰਵਾਹ ਕੀਤੇ ਬਿਨਾਂ ਦੋਵੇਂ ਸਾਈਕਲ ਵਾਪਸ ਕਰ ਆਇਆ। ਅਸੀਂ ਟਰੱਕ ਤੇ ਬੈਠ ਕੇ ਰਾਵਲਪਿੰਡੀ ਜਾ ਪੁਜੇ।

ਇਸ ਤੋਂ ਕੁਝ ਚਿਰ ਪਿਛੋਂ ਗੁਰਦਿਤ ਸਿੰਘ ਬੰਬਈ ਚਲਾ ਗਿਆ, ਤੇ ਉਥੇ ਹੀ ਉਸ ਦੇ ਵਪਾਰ ਨੂੰ ਚਾਰ ਚੰਨ ਲਗ ਗਏ।

ਜ਼ਿੰਦਗੀ ਵਿਚ ਸਾਰੀ ਉਮਰ ਹੀ ਮਾਇਆ ਵਲੋਂ ਮੇਰੇ ਤੇ ਕਰੋਪੀ ਹੀ ਰਹੀ। ਗੁਰਦਿਤ ਸਿੰਘ ਨੇ ਕਈ ਵਾਰ ਮੈਨੂੰ ਆਪਣੇ ਕਾਰੋਬਾਰ ਵਿਚ ਸ਼ਾਮਲ ਹੋਣ ਲਈ ਕਿਹਾ। ਕੋਠੀਆਂ, ਕਾਰਾਂ, ਬੰਗਲਿਆਂ, ਹੋਟਲਾਂ ਤੇ ਹਵਾਈ ਜਹਾਜ਼ਾਂ ਦੇ ਸਫਰ ਦੇ ਸਬਜ਼ ਬਾਗ ਵਿਖਾਏ, ਪਰ ਉਨ੍ਹਾਂ ਪੰਦਰਾਂ ਦਿਨਾਂ ਦੇ ਤਜਰਬੇ ਨੇ ਉਸ ਨਾਲ ਮਿਲ ਕੇ ਕੰਮ ਕਰਨ ਦੇ ਚਾਅ ਨੂੰ ਪੈਰਾਂ ਹੇਠ ਮਧੋਲ ਦਿਤਾ।

ਸੰਨ 1942 ਦੀ ਗੱਲ ਹੈ। ਇਕ ਦਿਨ ਮੈਂ ਪ੍ਰੀਤਨਗਰ ਸ਼ਾਪ, ਨਿਸਬਤ ਰੋਡ, ਲਾਹੌਰ ਦੇ ਦਫਤਰ ਵਿਚ ਬੈਠਾ ਕੰਮ ਕਰ ਰਿਹਾ ਸਾਂ ਕਿ ਉਹ ਪਤਾ ਨਹੀਂ ਕਿਥੋਂ ਆ ਟਪਕਿਆ? "ਪਿਆਰਾ ਸਿੰਘ! ਕਿਹੜੇ ਕੁਤੇ ਕੰਮਾਂ ਵਿਚ ਫਸਿਆ ਪਿਆ ਏਂ? ਚਲ ਇਹ ਸਭ ਕੁਝ ਛਡ ਛਡਾ ਮੇਰੇ ਨਾਲ ਬੰਬਈ ਚਲ। ਉਥੋਂ ਅਸੀਂ ਜਾਪਾਨ ਜਾਵਾਂਗੇ। ਲਹਿਰਾਂ ਬਹਿਰਾਂ ਹੋ ਜਾਣਗੀਆਂ। ਤੂੰ ਲੱਖਾਂ ਵਿਚ ਖੇਡੇਂਗਾ। ਗੁਰਬਖਸ਼ ਸਿੰਘ ਜਾਣੇਂ ਤੇ ਉਨ੍ਹਾਂ ਦਾ ਕੰਮ। ਅਸੀਂ ਇਸ 'ਚੋਂ ਕੀ ਲੈਣਾ ਹੈ? ਇਕ ਦਮ ਤਿਆਰ ਹੋ ਜਾ ਮੇਰੇ ਨਾਲ।"

ਮੈਂ ਕਦੀ ਉਸ ਵਲ ਵੇਖਾਂ, ਕਦੀ ਆਪਣੇ ਵਲ। ਮੈਂ ਉਸ ਸਮੇਂ ਇਕ ਸੌ ਰੁਪਿਆ ਮਹੀਨਾ ਤਨਖਾਹ ਲੈਂਦਾ ਸਾਂ ਤੇ ਮੈਂ ਇਸ ਪ੍ਰਕਾਸ਼ਨਾਲਯ ਦਾ ਬਾਦਸ਼ਾਹ ਸਾਂ। ਉਧਰ ਮੈਨੂੰ ਪਤਾ ਸੀ ਕਿ ਗੁਰਦਿਤ ਸਿੰਘ ਲਖਾਂ ਵਿੱਚ ਹੈ, ਪਰ ਮੈਂ ਇਥੇ ਸੰਤੁਸ਼ਟ ਸਾਂ। ਮੈਂ ਲਖਾਂ ਦੀਆਂ ਗਿਣਤੀਆਂ ਮਿਣਤੀਆਂ ਦੇ ਚਕਰ ਵਿਚ ਨਹੀਂ ਸੀ ਪੈਣਾ ਚਾਹੁੰਦਾ। ਸੋ ਉਸ ਨੂੰ ਨਾਂਹ ਕਰ ਦਿਤੀ, ਤੇ ਉਹ ਨਿਰਾਸ ਹੋ ਕੇ ਮੈਨੂੰ ਕੋਸਦਾ ਬੰਬਈ ਤੁਰ ਗਿਆ।

ਦੇਸ਼ ਵੰਡ ਮਗਰੋਂ ਉਸ ਨੇ ਇਕ ਦਫਤਰ ਰਾਂਚੀ ਖੋਲ੍ਹ ਲਿਆ। ਉਥੋਂ ਵੀ ਮੈਨੂੰ ਉਸ ਦੀਆਂ ਚਿੱਠੀਆਂ ਆਉਂਦਿਆਂ ਰਹੀਆਂ। ਬੜੀ ਵਾਰ ਉਸ ਨੇ ਆਪਣੇ ਪਾਸ ਬੁਲਾਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਚਾਹਿਆ ਪਰ ਮੇਰੀ ਬਦਕਿਸਮਤੀ ਕਿ ਮੈਂ ਉਸ ਦਾ ਸਾਥ ਨਹੀਂ ਦੇ ਸਕਿਆ।

ਸੰਨ 1970 ਦੇ ਲਗਪਗ ਉਸ ਦੀ ਮੌਤ ਹੋ ਗਈ। ਮੈਂ ਅਫਸੋਸ ਦੀ ਚਿੱਠੀ ਉਸ ਦੇ ਛੋਟੇ ਭਰਾ ਨੂੰ ਲਿਖਣ ਤੋਂ ਬਿਨਾਂ ਹੋਰ ਕੁਝ ਨਾਂਹ ਕਰ ਸਕਿਆ। ਆਹ ਕਿਸਮਤੇ! ਤੂੰ ਮੈਨੂੰ ਇਕ ਰੰਗੀਲੇ ਮਿੱਤਰ ਤੋਂ ਵਾਂਝਿਆ ਕਰ ਦਿਤਾ।

ਇਕ ਹੋਰ ਮਿੱਤਰ ਸੀ ਬਲਵੰਤ। ਜਦੋਂ ਮੈਂ ਆਪਣੀ ਗ਼ਰੀਬੀ ਨਾਲ ਘੋਲ ਕਰ ਰਿਹਾ ਸਾਂ, ਉਦੋਂ ਉਹ ਕਿਸੇ ਦਫਤਰ ਵਿਚ ਇਕ ਸੌ ਰੁਪਏ ਤੇ ਮੁਲਾਜ਼ਮ ਸੀ ਤੇ ਇਕ ਚੰਗੇ ਘਰ ਉਸ ਦੀ ਮੰਗਣੀ ਹੋ ਗਈ ਸੀ। ਰਾਵਲਪਿੰਡੀ ਡੀ. ਏ.ਵੀ. ਕਾਲਜ ਰੋਡ ਤੇ ਸਥਿਤ ਆਪਣੀ ਫਰੇਮਾਂ ਤੇ ਸਟੇਸ਼ਨਰੀ ਦੀ ਦੁਕਾਨ ਪਾਸੋਂ ਸਵੇਰੇ ਦਸ ਵਜੇ ਆਪਣੇ ਸਾਥੀਆਂ ਨਾਲ ਲੰਘਦਿਆਂ ਉਹ ਅਦਾਬ ਅਰਜ਼ ਕਰ ਜਾਇਆ ਕਰੇ, ਤੇ ਵਾਪਸੀ ਤੇ ਉਨ੍ਹਾਂ ਨਾਲ ਗੱਪਸ਼ੱਪ ਲੜਾਂਦਿਆਂ ਸਾਡੇ ਸਾਹਮਣਿਉਂ ਗੁਜ਼ਰਿਆ ਕਰੇ। ਮੈਂ ਉਸ ਦੇ ਜੀਵਨ ਤੇ ਰਸ਼ਕ ਕਰਾਂ ਕਿ ਉਸ ਨੂੰ ਚੰਗੀ ਨੌਕਰੀ ਮਿਲ ਗਈ ਹੈ, ਜਦ ਕਿ ਉਸ ਦੇ ਸਾਰੇ ਜਮਾਤੀ ਹਾਲੀਂ ਵਿਹਲੀਆਂ ਟਕਰਾਂ ਮਾਰ ਰਹੇ ਸਨ। ਬਲਵੰਤ ਬਾਰੇ ਮੈਂ ਵਿਸਥਾਰ ਸਹਿਤ ਅੱਗੇ ਜਾ ਕੇ ਲਿਖਾਂਗਾ।

## ਨਾਂਹ ਤੁਮ ਹਮਾਰੇ ਬਾਪ, ਨਾ ਹਮ ਤੁਮਾਰੇ ਬਾਪ

ਸੰਤਾ ਸਿੰਘ, ਖਾਲਸਾ ਸਕੂਲ ਸੁੱਖੋ ਵਿਚ ਸਾਡਾ ਹਮ ਜਮਾਤੀ ਸੀ। ਉਹ ਘਰ ਵਾਲਿਆਂ ਤੋਂ ਵੀ ਔਖਾ ਰਹਿੰਦਾ ਸੀ ਤੇ ਪੜ੍ਹਾਈ ਵਿਚ ਵੀ ਸਦਾ ਕੁਟ ਖਾਂਦਾ ਸੀ। ਇਕ ਵਾਰ ਸਾਧੂਆਂ ਦੀ ਇਕ ਟੋਲੀ ਪਿੰਡ ਵਿਚ ਆ ਕੇ ਠਹਿਰੀ। ਉਸ 'ਚੋਂ ਇਕ ਸਾਧੂ ਉਸ ਨੂੰ ਵਰਗਲਾ ਕੇ ਨਾਲ ਲੈ ਗਿਆ। ਅਧਿਆਪਕਾਂ, ਵਿਦਿਆਰਥੀਆਂ ਤੇ ਉਸ ਦੇ ਘਰ ਵਾਲਿਆਂ ਨੇ ਬੜੀ ਖੋਜ ਕੀਤੀ, ਪਰ ਉਸ ਦਾ ਕੋਈ ਪਤਾ ਨਾ ਲਗਾ, ਕਿ ਉਹ ਕਿਵੇਂ ਤੇ ਕਿਧਰ ਗ਼ਾਇਬ ਹੋ ਗਿਆ ਹੈ?

ਛੇ ਮਹੀਨੇ ਮਗਰੋਂ ਉਨ੍ਹਾਂ ਹੀ ਸਾਧੂਆ ਨੇ ਫਿਰਦੇ ਫਿਰਾਂਦੇ ਸਾਡੇ ਸਕੂਲ ਕੋਲ ਆਣ ਡੇਰਾ ਲਾਇਆ। ਕਿਸੇ ਮੁੰਡੇ ਨੇ ਇਹ ਖਬਰ ਸਾਡੇ ਮਾਸਟਰ ਨੂੰ ਜਾ ਪਹੁੰਚਾਈ। ਉਸ ਨੇ ਕੁਝ ਵਿਦਿਆਰਥੀਆਂ ਨੂੰ ਭੇਜ ਕੇ ਸੰਤੇ ਨੂੰ ਫੜ ਲਿਆ, ਤੇ ਉਸਨੂੰ ਬੋਰਡਿੰਗ ਵਿਚ ਲੈ ਆਏ। ਇਕ ਆਦਮੀ ਨੂੰ ਉਸ ਦੇ ਪਿਉ ਨੂੰ ਸੁਨੇਹਾ ਦੇਣ ਲਈ ਘੱਲ ਦਿਤਾ, ਕਿ ਉਹ ਆਪਣੇ ਪੁੱਤਰ ਸੰਤੇ ਨੂੰ ਲੈਣ ਵਾਸਤੇ ਸਕੂਲ ਆ ਜਾਵੇ। ਸੁਨੇਹਾ ਭੇਜਣ ਮਗਰੋਂ ਹੈਡ ਮਾਸਟਰ ਨੇ ਦੋ ਤਿੰਨ ਮੁੰਡਿਆਂ ਨਾਲ ਸੰਤੇ ਦੇ ਪਿੰਡ ਬੰਦੇ ਭੇਜ ਦਿਤਾ। ਸੰਤੇ ਦਾ ਪਿਓ ਪੁੱਤਰ ਨੂੰ ਲੈਣ ਲਈ ਚਾਈਂ ਚਾਈਂ ਘਰੋਂ ਤੁਰ ਪਿਆ। ਅਪਣੇ ਪੁੱਤਰ ਨੂੰ ਦੂਰਿਉਂ ਹੀ ਆਉਂਦਾ ਵੇਖ ਪਿਉ ਫੁਲਿਆ ਨਹੀਂ ਸੀ ਸਮਾ ਰਿਹਾ। ਉਸ ਨੇ ਦੌੜ ਕੇ ਆਪਣੇ ਭਗਵੇ ਕਪੜੇ ਪਹਿਰੀਂ ਪੁੱਤਰ ਸੰਤੇ ਨੂੰ ਜ਼ੋਰ ਦੀ ਜਫੀ ਪਾ ਕੇ ਕਿਹਾ, ''ਸ਼ੁਕਰ ਏ ਪੁਤ, ਤੂੰ ਆ ਗਿਐਂ। ਅਸੀਂ ਤੈਨੂੰ ਢੂੰਡ ਢੂੰਡ ਥੱਕ ਗਏ ਸਾਂ। ਮਾਂ ਤੇਰੀ ਤੇਰੇ ਵਿਛੋੜੇ ਕਾਰਣ ਬੀਮਾਰ ਪਈ ਹੈ।''

ਸੰਤਾ, ਬਾਪ ਦੀ ਜਫੀ ਛੁਡਾ ਕੇ ਉਚੀ ਜੇਹਾ ਕੂਕ ਕੇ ਬੋਲਿਆ, ''ਨਾ ਬਾਬਾ ਨਾਂਹ, ਨਾਂਹ ਤੁਮ ਹਮਾਰੇ ਬਾਪ, ਨਾ ਹਮ ਤੁਮਾਰੇ ਬਾਪ...।''

ਪੁੱਤਰ ਦੀ ਗੱਲ ਸੁਣ ਪਿਉ ਨੂੰ ਬੜਾ ਗੁੱਸਾ ਆਇਆ। ਉਸ ਨੇ ਜੁਤੀ ਲਾਹ ਦੋ ਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜ਼ੋਰ ਦੀਆਂ ਸੰਤੇ ਨੂੰ ਜੜੀਆਂ ਤੇ ਗਾਲਾਂ ਕਢਦਾ ਹੋਇਆ ਉਸ ਨੂੰ ਧਰੀਕਦਾ ਘਰ ਜਾ ਪੁੱਜਾ। ਘਰ ਵੀ ਜਾ ਕੇ ਉਸ ਨੇ ਸੰਤੇ ਨੂੰ ਕੁਟਾਪਾ ਚਾੜ੍ਹਿਆ। ਕੁਝ ਦਿਨ ਇਸੇ ਤਰ੍ਹਾਂ ਉਸ ਦੀ ਮੁਰੰਮਤ ਹੁੰਦੀ ਰਹੀ, ਤੇ ਅਖੀਰ ਉਹ ਸਿਧੇ ਰਸਤੇ ਤੇ ਆ ਗਿਆ।

ਦੋ ਕੁ ਹਫਤਿਆਂ ਮਗਰੋਂ ਸੰਤਾ ਸਕੂਲ ਆ ਗਿਆ। ਆਪਣੀ ਪੜ੍ਹਾਈ ਸ਼ੁਰੂ ਕਰ ਦਿੱਤੀ। ਹੁਣ ਉਹ ਚੰਗੇ ਲਾਇਕ ਮੁੰਡਿਆਂ ਵਿਚ ਗਿਣਿਆ ਜਾਣ ਲਗਾ। ਉਹੀ ਸੰਤਾ ਮੇਰਾ ਮਿੱਤਰ ਬਣ ਗਿਆ। ਸਕੂਲ ਮਗਰੋਂ ਉਹ ਕਾਲਜ ਵਿਚ ਦਾਖਲ ਹੋ ਗਿਆ। ਫਿਰ ਉਹ ਫੌਜ ਵਿਚ ਜਾ ਭਰਤੀ ਹੋਇਆ। ਅਖੀਰ ਮੇਜਰ ਬਣ ਉਹ ਰੀਟਾਇਰ ਹੋਇਆ।

ਸੰਨ 1927 ਦੀ ਗੱਲ ਹੈ। ਉਦੋਂ ਮੈਂ ਖਾਲਸਾ ਹਾਈ ਸਕੂਲ ਸਯੱਦ ਵਿਚ ਅਠਵੀਂ 'ਚ ਪੜ੍ਹਦਾ ਸਾਂ ਤੇ ਰਿਹਾਇਸ਼ ਬੋਰਡਿੰਗ ਵਿਚ ਸੀ। ਬੋਰਡਿੰਗ ਵਿਚ ਰਹਿਣ ਸਮੇਂ ਸਾਡਾ ਸੁਪਰਿੰਟੈਂਡੈਂਟ ਪ੍ਰੀਤਮ ਸਿੰਘ ਸੀ। ਬੋਰਡਿੰਗ ਦੀ ਸੇਵਾ ਬਦਲੇ ਉਸ ਨੂੰ ਤਨਖਾਹ ਤੋਂ ਇਲਾਵਾ ਵੀਹ ਰੁਪਏ ਮਹੀਨਾ ਮਿਲਦਾ ਸੀ। ਉਸ ਦਾ ਇਕ ਸਹਾਇਕ ਸਪਰਿਟੈਂਡੈਂਟ ਗਿ: ਤਾਰਾ ਸਿੰਘ ਸੀ। ਉਹ ਮੁੰਡਿਆਂ ਦਾ ਹਿਸਾਬ ਕਿਤਾਬ ਰਖਦਾ ਸੀ। ਉਸ ਨੂੰ ਇਸ ਸੇਵਾ ਬਦਲੇ ਕੇਵਲ 10 ਰੁਪਏ ਮਹੀਨਾ ਮਿਲਦਾ ਸਨ। ਜਿਸ ਨਾਲ ਉਹ ਸੰਤੁਸ਼ਟ ਸੀ। ਪ੍ਰੀਤਮ ਸਿੰਘ ਨੂੰ ਇਕ ਵਾਰ ਖਿਆਲ ਆਇਆ, ਕਿ ਕਿਉਂ ਨਾ ਮੁੰਡਿਆਂ ਦਾ ਹਿਸਾਬ ਵੀ ਆਪਣੇ ਹਥ ਲੈ ਕੇ ਦਸ ਰੁਪਏ ਵਾਧੂ ਦੇ ਕਮਾ ਲਏ ਜਾਣ। ਉਸ ਨੇ ਹੈਡ ਮਾਸਟਰ ਨੂੰ ਮਿਲ ਕੇ ਹਿਸਾਬ ਕਿਤਾਬ ਦੀ ਡਿਊਟੀ ਵੀ ਲੈ ਲਈ, ਪਰ ਹਿਸਾਬ ਰਖਣਾ ਕਿਸ ਨੂੰ ਆਵੇ? ਉਸ ਨੇ ਆਪਣੀ ਪਤਨੀ ਨੂੰ ਆਪਣਾ ਖਜ਼ਾਨਚੀ ਬਣਾਇਆ। ਜੋ ਮੁੰਡਾ ਰੁਪਿਆ ਜਮ੍ਹਾਂ ਕਰਾਣ ਆਵੇ, ਉਸ ਨੂੰ ਉਹ ਕਹਿ ਦਏ, ''ਕਾਕਾ, ਰੁਪਏ ਬੀ ਜੀ ਨੂੰ ਦੇ ਆ।'' ਜੋ ਲੈਣ ਆਵੇ ਉਸ ਨੂੰ ਵੀ ਬੀ ਜੀ ਪਾਸ ਘਲ ਦੇਵੇ।

ਮਹੀਨੇ ਕੁ ਮਗਰੋਂ ਜਦੋਂ ਹਿਸਾਬ ਚੈਕ ਕੀਤਾ, ਤਾਂ ਪਤਾ ਲਗਾ, ਕਿ ਬੀ ਜੀ ਪਾਸ ਜਮਾਂ ਕਰਾਣ ਤੇ ਕੋਈ ਵਿਰਲਾ ਹੀ ਮਾਈ ਦਾ ਲਾਲ ਬਹੁੜਿਆ, ਪਰ ਬੀ ਜੀ ਤੋਂ ਲੈਣ ਵਾਲੇ ਸਾਰੇ ਆ ਗਏ, ਤੇ ਉਹਨਾ ਦੇ ਨਾਂ ਬੀ ਜੀ ਨੂੰ ਯਾਦ ਨਹੀਂ ਸਨ। ਸੋ ਇਕ ਮਹੀਨੇ ਵਿਚ ਹੀ ਆਪਣੀ ਸਾਰੀ ਤਨਖਾਹ ਪੂਜ ਕੇ ਪ੍ਰੀਤਮ ਸਿੰਘ ਨੇ ਅਗਲੇ ਮਹੀਨੇ ਇਸ ਸੇਵਾ ਤੋਂ ਅਸਤੀਫਾ ਦੇ ਦਿਤਾ।

ਇਸ ਕਿਸਮ ਦੀਆਂ ਕਈ ਸ਼ਰਾਰਤਾਂ ਬੋਰਡਿੰਗ ਵਿਚ ਹੁੰਦੀਆਂ ਰਹਿੰਦੀਆਂ। ਇਕ ਵਾਰ ਬੋਰਡਿੰਗ ਦੀ ਹਲਵਾਈ ਦੀ ਦੁਕਾਨ ਨੂੰ ਮੁੰਡਿਆਂ ਲੁਟ ਲਿਆ। ਹਲਵਾਈ ਕਿਸੇ ਸ਼ਾਦੀ ਤੇ ਗਿਆ, ਤਾਂ ਮੁੰਡਿਆਂ ਨੇ ਕੋਠੇ ਤੋਂ ਆਪਣੀਆਂ ਪਗੜੀਆਂ ਸੁਕਾਣ ਲਈ ਹੇਠਾਂ ਲਮਕਾ ਦਿਤੀਆਂ। ਤਿੰਨ ਚਾਰ ਪਗਾਂ ਲਮਕਾਣ ਲਈ ਹਲਵਾਈ ਦੀ ਦੁਕਾਨ ਦਾ ਦਰਵਾਜਾ ਢਕਿਆ ਗਿਆ। ਇਸ ਪਿਛੋਂ ਉਸ ਦਾ ਤਾਲਾ ਖੋਲ੍ਹ ਕੇ ਅੰਦਰ ਵੜ, ਮੁੰਡੇ ਸਾਰੀ ਮਠਿਆਈ ਖਾ ਗਏ। ਦੂਜੇ ਦਿਨ ਸਵੇਰੇ ਹਲਵਾਈ ਨੇ ਦੁਕਾਨ ਖੋਲ੍ਹੀ, ਤਾਂ ਮਠਿਆਈ ਵਾਲੇ ਥਾਲ ਕਹਿਣ ਹਥ ਹੀ ਨਾ ਲਾਓ।

ਹੈਡ ਮਾਸਟਰ ਨੂੰ ਪਤਾ ਲਗ ਗਿਆ ਕਿ ਕਿੰਨ੍ਹਾਂ ਕਿੰਨ੍ਹਾਂ ਮੁੰਡਿਆਂ ਨੇ ਮਠਿਆਈ ਤੇ ਲਡੂ ਖਾਧੇ ਸਨ। ਇਕ ਮੁੰਡਾ ਪੰਜਤਾਲੀ ਲਡੂ ਖਾ ਗਿਆ ਸੀ। ਉਹਨਾ ਤਿੰਨ ਚਾਰ ਮੁੰਡਿਆਂ ਨੂੰ ਕੰਨ ਪਕੜਾ ਕੇ ਖੂਬ ਠੋਕੀਆਂ ਗਈਆਂ। ਅਧਾ ਘੰਟਾ ਉਹਨਾਂ ਦੀ ਪਿਟਾਈ ਹੁੰਦੀ ਰਹੀ, ਫਿਰ ਉਨ੍ਹਾਂ ਤੋਂ ਦੌੜਾਂ ਲਗਵਾਈਆਂ ਗਈਆਂ। ਪਿਛੋਂ ਉਨ੍ਹਾਂ ਦੀ ਰਾਤ ਦੀ ਰੋਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੁਕਮਨ ਬੰਦ ਕਰ ਦਿਤੀ। ਮਗਰੋਂ ਹੈਡਮਾਸਟਰ ਨੇ ਦਸਿਆ ਕਿ ਇਹ ਸਭ ਕੁਝ ਇਸ ਲਈ ਕੀਤਾ ਗਿਆ ਸੀ, ਤਾਂ ਜੋ ਉਹਨਾਂ ਦਾ ਖਾਧਾ ਪੀਤਾ ਹਜ਼ਮ ਹੋ ਜਾਵੇ, ਵਰਨਾ ਉਹਨਾਂ ਨੂੰ ਅਫਾਰਾ ਹੋ ਜਾਣਾ ਸੀ ਤੇ ਉਨ੍ਹਾਂ ਬੀਮਾਰ ਪੈ ਜਾਣਾ ਸੀ।

ਇਕ ਦਿਨ ਮੈਂ ਚੋਰ ਤੇ ਸ਼ਰਾਰਤੀ ਮੁੰਡਿਆਂ ਦਾ ਕਚਾ ਚਿੱਠਾ ਲਿਖ ਕੇ ਹੈਡ ਮਾਸਟਰ ਸਾਹਿਬ ਨੂੰ ਡਾਕ ਰਾਹੀਂ ਘਲ ਦਿਤਾ। ਬਿਨਾਂ ਨਾਂ ਪਤੇ ਤੋਂ ਇਹ ਪਤਰ ਭੇਜਿਆ ਗਿਆ ਸੀ, ਪਰ ਹੈਡਮਾਸਟਰ ਬਹੁਤ ਸਿਆਣਾ ਸੀ। ਉਸ ਨੇ ਫੌਰਨ ਤਾੜ ਲਿਆ ਕਿ ਮੇਰੇ ਬਿਨਾਂ ਇਹ ਕਾਰਾ ਕਿਸੇ ਹੋਰ ਦਾ ਨਹੀਂ ਹੋ ਸਕਦਾ। ਉਸ ਮੈਨੂੰ ਹੋਸਟਲ 'ਚੋਂ ਬਾਹਰ ਬੁਲਾ ਕੇ ਕਿਹਾ, "ਮੈਨੂੰ ਪਤਾ ਲਗ ਗਿਆ ਹੈ ਕਿ ਇਹ ਤੇਰੀ ਲਿਖੀ ਚਿੱਠੀ ਹੈ। ਅਗੋਂ ਲਈ ਡਾਕ ਵਿਚ ਪਾਣ ਦੀ ਥਾਂ ਸਭ ਕੁਝ ਲਿਖ ਕੇ ਮੈਨੂੰ ਦਸਤੀ ਦੇ ਦਿਤਾ ਕਰੀਂ, ਜਾਂ ਜ਼ਬਾਨੀ ਦਸ ਦਿਤਾ ਕਰੀਂ, ਅਛਾ।"

ਮੈਂ ਬੜਾ ਸ਼ਰਮਿੰਦਾ ਹੋਇਆ। ਆਪਣੇ ਸਾਥੀਆਂ ਦੀਂ ਸ਼ਿਕਾਇਤ ਹੀ ਬੜੀ ਵਡੀ ਘਟਨਾ ਸੀ, ਫਿਰ ਹੈਡ ਮਾਸਟਰ ਮੈਨੂੰ ਆਪਣੀ ਸੀ.ਆਈ.ਡੀ. ਵਿਚ ਵੀ ਭਰਤੀ ਕਰ ਰਿਹਾ ਹੈ। ਮੈਂ ਫੈਸਲਾ ਕਰ ਲਿਆ ਕਿ ਅਗੋਂ ਅਜਿਹੀ ਹਰਕਤ ਨਹੀਂ ਕਰਨੀ।

ਉਧਰ ਹੈਡ ਮਾਸਟਰ ਨੇ ਮੇਰੀ ਚਿੱਠੀ ਹੋਸਟਲ ਇੰਨਚਾਰਜ ਮਾ: ਪ੍ਰੀਤਮ ਸਿੰਘ ਨੂੰ ਵਿਖਾਈ, ਤੇ ਉਸ ਨੂੰ ਖੂਬ ਝਾੜ ਪਾਈ, ਕਿ ਤੈਥੋਂ ਪ੍ਰਬੰਧ ਠੀਕ ਨਹੀਂ ਹੋ ਰਿਹਾ। ਚੋਰ ਮੁੰਡੇ ਹੀ ਚੋਰੀਆਂ ਫੜਾਣ ਵਿਚ ਤੇਰੇ ਮਹਿਬੂਬ ਤੇ ਰਹਿਬਰ ਬਣਦੇ ਹਨ, ਆਦਿ। ਹੈਡ ਮਾਸਟਰ ਨੇ ਉਹ ਚਿੱਠੀ ਟੁਕੜੇ-ਟੁਕੜੇ ਕਰ ਰੱਦੀ ਵਿਚ ਸੁਟ ਦਿਤੀ। ਮਾਸਟਰ ਨੇ ਝਾੜ ਖਾ ਕੇ ਉਸ ਚਿੱਠੀ ਦੇ ਟੁਕੜੇ ਰੱਦੀ ਦੀ ਟੋਕਰੀ ਵਿਚੋਂ ਚੁਕ ਲਏ, ਤੇ ਹੋਸਟਲ ਵਿਚ ਆ ਕੇ ਚਿੱਠੀ ਦੇ ਗੁਮਨਾਮ ਲੇਖਕ ਨੂੰ ਖੂਬ ਕੋਸਿਆ। ਉਸ ਨੇ ਚੋਰ ਤੇ ਸ਼ਰਾਰਤੀ ਮੁੰਡਿਆਂ ਦੀ ਡਿਊਟੀ ਲਗਾਈ ਕਿ ਉਹ ਉਸ ਮੁੰਡੇ ਨੂੰ ਲਭ ਕੇ ਮੇਰੇ ਹਵਾਲੇ ਕਰਨ, ਤਾਂ ਜੋ ਅਗੋਂ ਲਈ ਕਿਸੇ ਮੁੰਡੇ ਵਿਚ ਅਜਿਹਾ ਕਾਰਾ ਕਰਨ ਦੀ ਜੁਰੱਅਤ ਨਾ ਪਵੇ।

ਜਦੋਂ ਪ੍ਰੀਤਮ ਸਿੰਘ ਲੈਕਚਰ ਦੇ ਰਿਹਾ ਸੀ। ਮੈਂ ਬੈਠਾ ਕੰਬ ਰਿਹਾ ਸਾਂ। ਮੇਰੇ ਤੇ ਕਿਸੇ ਨੂੰ ਵੀ ਸ਼ੱਕ ਨਹੀਂ ਸੀ। ਮੀਟਿੰਗ ਪਿਛੋਂ ਮੈਂ ਆਪਣੇ ਇਕ ਮਿੱਤਰ ਨੂੰ ਰਾਜ਼ ਵਿਚ ਲੈ ਕੇ ਹੋਸਟਲ 'ਚੋਂ ਬਿਨਾਂ ਛੁੱਟੀ ਲਏ ਹੀ ਖਿਸਕ ਗਿਆ। ਗਡੀ ਵਿਚ ਬੈਠ ਕੇ ਆਪਣੇ ਭਰਾ ਪਾਸ ਰਾਵਲਪਿੰਡੀ ਜਾ ਪਹੁੰਚਿਆ। ਉਸ ਨੂੰ ਸਾਰੀ ਗੱਲ ਦਸੀ ਤੇ ਨਾਲ ਹੀ ਕਿਹਾ, "ਭਾਪਾ ਜੀ! ਮੈਂ ਹੁਣ ਉਸ ਸਕੂਲ ਵਿਚ ਨਹੀਂ ਪੜ੍ਹਨਾ।" ਭਰਾ ਹੋਰਾਂ ਕਿਹਾ, ਕਿ ਤੈਨੂੰ ਉਥੇ ਹੀ ਵਾਪਸ ਚਲੇ ਜਾਣਾ ਚਾਹੀਦਾ ਹੈ, ਤੇ ਦਸਵੀਂ ਤੀਕ ਉਥੋਂ ਹਿਲਣਾ ਨਹੀਂ ਚਾਹੀਦਾ।

ਵੀਰ ਨੇ ਮੈਨੂੰ ਨਵੇਂ ਕਪੜੇ ਸਿਲਵਾ ਕੇ ਤੇ ਬੂਟ ਲੈ ਕੇ ਵਾਪਸ ਤੋਰ ਦਿਤਾ। ਬੂਟ, ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਅਠਵੀਂ ਵਿਚ ਪਹਿਨੇ ਸਨ। ਸਾਡੇ ਸਕੂਲ ਵਿਚ ਜੁਤੀਆਂ ਹੀ ਮੁੰਡੇ ਪਹਿਨਦੇ ਸਨ। ਸਾਰੇ ਸਕੂਲ ਵਿਚ ਬੂਟਾਂ ਵਾਲੇ ਦੋ-ਚਾਰ ਅਮੀਰ ਵਿਦਿਆਰਥੀ ਹੀ ਸਨ।

ਬੂਟਾਂ ਦੀ ਗੱਲ ਚਲ ਪਈ ਹੈ। ਸਾਡੇ ਇਕ ਜਮਾਤੀ ਨੂੰ ਵਿਆਹ ਵਿਚ ਸਹੁਰਿਆਂ ਵਲੋਂ ਬੂਟਾਂ ਦਾ ਜੋੜਾ ਮਿਲਿਆ। ਸਾਰੀ ਉਮਰ ਬੂਟ ਨਾ ਪਾਏ ਹੋਣ ਕਰ ਕੇ ਉਸ ਪੁਠੇ ਬੂਟ ਪਾ ਲਏ, ਭਾਵ-ਸਜਾ ਬੂਟ ਖਬੇ ਪੈਰ ਵਿਚ ਤੇ ਖਬਾ ਸਜੇ ਵਿਚ। ਮੁੰਡਿਆਂ ਉਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਖੌਲ ਉਡਾਇਆ, ਤਾਂ ਉਹ ਹੈਰਾਨ ਹੋ ਕਹਿਣ ਲਗਾ :

''ਇਹਨਾਂ ਬੂਟਾਂ ਤੇ ਕਿਹੜਾ ਸਜਾ ਖਬਾ ਲਿਖਿਆ ਹੋਇਆ ਹੈ, ਜੋ ਮੈਂ ਉਸ ਮੁਤਾਬਕ ਪਾਵਾਂ। ਜਿਹੜਾ ਜਿਸ ਪੈਰ ਵਿਚ ਪੈ ਗਿਆ ਸੋ ਪੈ ਗਿਆ।''

ਮੈਂ ਨਵੇਂ ਨਕੋਰ ਕਪੜੇ ਪਾ ਕੇ ਰਾਤ ਦੇ ਅਠ ਵਜੇ ਹੋਸਟਲ ਪੁਜਾ। ਆਪਣੇ ਕਮਰੇ ਵਿਚ ਜਾਣ ਦੀ ਹਿੰਮਤ ਨਾ ਪਵੇ। ਮੈਂ ਸੋਚਾਂ ਹੁਣ ਤੀਕ ਸਭ ਮੁੰਡਿਆਂ ਨੂੰ ਪਤਾ ਲਗ ਗਿਆ ਹੋਵੇਗਾ, ਕਿ ਇਹ ਮੇਰੀ ਕਰਤੂਤ ਹੈ। ਸੋ ਸ਼ਰਮ ਦਾ ਮਾਰਿਆ ਹੋਸਟਲ 'ਚੋਂ ਪਰਤ ਆਇਆ ਤੇ ਨਾਲ ਦੇ ਗੁਰਦਵਾਰੇ ਦੇ ਬਾਹਰ ਇਕ ਟਾਟ ਤੇ ਲੇਟ ਗਿਆ। ਗਰਮੀਆਂ ਦੀ ਰੁਤ ਸੀ। ਬੜਾ ਮੋਟਾ ਮੋਟਾ ਲਹੂ ਪੀਣਾ ਮਛਰ ਸੀ। ਸਾਰੀ ਰਾਤ ਉਹ ਮੈਨੂੰ ਕਟ ਕਟ ਖਾਂਦਾ ਰਿਹਾ। ਆਪਣੇ ਸਿਰ ਤੋਂ ਪਗੜੀ ਲਾਹ ਕੇ, ਜਿਸਦੀ ਚੌੜਾਈ ਮਸਾਂ ਅਧਾ ਗਜ਼ ਹੋਵੇਗੀ, ਉਸ ਵਿਚ ਆਪਣੇ ਆਪ ਨੂੰ ਲਪੇਟ ਲਿਆ। ਜਦੋਂ ਮੈਂ ਸਜੇ ਖਬੇ ਹੋਵਾਂ, ਤਾਂ ਪਗੜੀ ਲਥ ਜਾਵੇ। ਮਛਰ ਖਾਣ ਨੂੰ ਪਵੇ। ਸਾਰੀ ਰਾਤ ਬੜੀ ਆਵਾਜ਼ਾਰੀ ਨਾਲ ਕਟੀ। ਥਕਾ ਟੁਟਿਆ ਹੋਇਆ ਸਰੀਰ, ਤੇ ਭੁਖ ਪਿਆਸ ਨਾਲ ਨਿਢਾਲ ਸਵੇਰ ਸਾਰ ਹਨੇਰੇ ਹਨੇਰੇ ਹੀ ਮੈਂ ਉਠ ਕੇ ਜੰਗਲ ਪਾਣੀ ਲਈ ਤੁਰ ਪਿਆ। ਸਕੂਲ ਸਵੇਰੇ ਸਤ ਵਜੇ ਲਗਦਾ ਸੀ। ਮੈਂ ਸੋਚਿਆ ਕਿ ਸਕੂਲ ਲਗਣ ਤੇ ਹੈਡ ਮਾਸਟਰ ਨੂੰ ਜਾ ਮਿਲਾਂਗਾ, ਤੇ ਉਨ੍ਹਾਂ ਨੂੰ ਪੁਛਾਂਗਾ ਕਿ ਤੁਸੀਂ ਮੇਰੇ ਨਾਲ ਇਕਰਾਰ ਕਰ ਕੇ ਕਿਉਂ ਸਭ ਕੁਝ ਉਸ ਮਾਸਟਰ ਨੂੰ ਦਸ ਦਿੱਤਾ ਹੈ?

ਇਹੀ ਸੋਚਾਂ ਸੋਚਦਾ ਮੈਂ ਤੁਰਿਆ ਜਾ ਰਿਹਾ ਸਾਂ, ਕਿ ਅਗੋਂ ਮਾਸਟਰ ਪ੍ਰੀਤਮ ਸਿੰਘ, ਮਾਸਟਰ ਗੁਰਦਿਤ ਸਿੰਘ ਤੇ ਦੋ ਹੋਰ ਸਾਥੀ ਮਾਸਟਰਾਂ ਨਾਲ ਸੈਰ ਕਰਨ ਜਾਂਦੇ ਟਕਰ ਪਏ।

''ਤੂੰ ਇਸ ਵੇਲੇ ਕਿਥੇ?''

''ਜੀ, ਜੀ...ਮੈਂ ਆਪਣੇ ਭਰਾ ਨੂੰ ਮਿਲਣ ਪਿੰਡੀ ਗਿਆ ਸੀ, ਤੇ ਉਥੋਂ ਹੁਣੇ ਵਾਪਸ ਆ ਰਿਹਾ ਹਾਂ।''

''ਪਿੰਡੀਓ ਇਸ ਵਕਤ ਕੋਈ ਗਡੀ ਨਹੀਂ ਆਉਂਦੀ। ਕੀ ਤੂੰ ਪੈਦਲ ਹੀ ਚਲਿਆ ਆ ਰਿਹਾ ਏਂ,'' ਮਾਸਟਰ ਗੁਰਦਿਤ ਸਿੰਘ ਨੇ ਪੁਛਿਆ।

ਮਾਸਟਰ ਪ੍ਰੀਤਮ ਸਿੰਘ ਨੇ ਆਪਣੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ, ''ਇਸੇ ਸ਼ੈਤਾਨ ਨੇ ਹੈਡ ਮਾਸਟਰ ਨੂੰ ਉਹ ਚਿੱਠੀ ਲਿਖੀ ਸੀ। ਮੈਂ ਇਸ ਨੂੰ ਸਕੂਲ ਵਿਚ ਨਹੀਂ ਰਹਿਣ ਦਿਆਂਗਾ।''

ਮਾਸਟਰ ਗੁਰਦਿਤ ਸਿੰਘ ਬੋਲੇ, ''ਚਲੋ ਜਾਣ ਦਿਓ, ਬੱਚਾ ਹੈ। ਬੱਚੇ ਪਾਸੋਂ ਗਲਤੀਆਂ ਹੋ ਹੀ ਜਾਂਦੀਆਂ ਹਨ।'' ਫਿਰ ਉਹ ਮੈਨੂੰ ਕਹਿਣ ਲਗਾ, ''ਚਲ ਅਕਾਲੀ ਸਿੰਘਾ! ਸਕੂਲ ਜਾਣ ਦੀ ਤਿਆਰੀ ਕਰ।''

ਮਾਸਟਰ ਗੁਰਦਿਤ ਸਿੰਘ ਮੇਰਾ ਬੜਾ ਹਿਤੂ ਸੀ। ਉਹ ਮੈਨੂੰ ਬੱਚਿਆਂ ਵਾਂਗ ਪਿਆਰ ਕਰਦਾ ਸੀ। ਉਸ ਨੇ ਮਾਸਟਰ ਪ੍ਰੀਤਮ ਸਿੰਘ ਤੋਂ ਮੇਰੀ ਜਾਨ ਛੁਡਾ ਕੇ ਮੈਨੂੰ ਹੋਸਟਲ ਘਲ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਹੋਸਟਲ ਆ ਕੇ ਮੁੰਡੇ ਬੜੇ ਸਵਾਲ ਪੁਛਣ। ਤੂੰ ਕਿਥੇ ਗਿਆ ਸੈਂ? ਚਿੱਠੀ ਵਿਚ ਕੀ ਕੀ ਲਿਖਿਆ ਸੀ? ਸ਼ਰਾਰਤੀ ਮੁੰਡਿਆਂ ਦੀ. ਤੇਰੇ ਪਿਛੋਂ ਹੈਡ ਮਾਸਟਰ ਨੇ ਖੂਬ ਖੁੰਭ ਠਪੀ ਸੀ. ਤੂੰ ਅਜ ਦੀ ਰਾਤ ਕਿਥੇ ਕਟੀ ਆਦਿ?

ਸਕੂਲ ਜਾਣ ਤੇ ਹੈਡ ਮਾਸਟਰ ਨੇ ਮੈਨੂੰ ਤੇ ਮਾਸਟਰ ਪ੍ਰੀਤਮ ਸਿੰਘ ਨੂੰ ਬੁਲਾ ਕੇ ਸਾਡਾ ਸਮਝੌਤਾ ਕਰਾ ਦਿਤਾ। ਹੈਡ ਮਾਸਟਰ ਕਦੀ ਮੈਨੂੰ ਝਾੜ ਪਾਵੇ. ਕਦੀ ਮਾਸਟਰ ਪ੍ਰੀਤਮ ਸਿੰਘ ਨੂੰ। ਤੇ ਅਖੀਰ ਉਸ ਨੇ ਮਾਸਟਰ ਪ੍ਰੀਤਮ ਸਿੰਘ ਨੂੰ ਕਿਹਾ. ''ਬਚਿਆਂ ਬਾਰੇ ਦਿਲ ਵਿਚ ਕਦੂਰਤ ਨਹੀਂ ਰਖਣੀ। ਬਸ ਹੁਣ ਮਾਮਲਾ ਸਾਫ ਹੋ ਗਿਆ ਹੈ।''

ਤੇ ਇਸ ਪਿਛੋਂ ਸਚਮੁਚ ਮੁਆਮਲਾ ਸਾਫ ਹੀ ਰਿਹਾ। ਜਿੰਨਾ ਚਿਰ ਮੈਂ ਉਸ ਸਕੂਲ ਵਿਚ ਰਿਹਾ. ਮਾਸਟਰ ਪ੍ਰੀਤਮ ਸਿੰਘ ਮੈਨੂੰ ਆਪਣੀਆਂ ਗੁਡ ਬੁਕਸ ਵਿਚ ਹੀ ਸਮਝਦਾ ਰਿਹਾ ਤੇ ਬੱਚਿਆਂ ਵਾਂਗ ਹੀ ਪਿਆਰ ਕਰਦਾ ਰਿਹਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅਕਾਲੀ ਲਹਿਰ ਵਿੱਚ ਸ਼ਾਮਲ

ਸੰਨ 1923-24 ਵਿਚ ਖਾਲਸਾ ਹਾਈ ਸਕੂਲ ਸੁਖੋ ਵਿਚ ਪੜ੍ਹਦਾ ਸਾਂ। ਉਨ੍ਹੀਂ ਦਿਨੀਂ ਅਕਾਲੀ ਲਹਿਰ ਜ਼ੋਰ-ਸ਼ੋਰ ਨਾਲ ਚਲ ਰਹੀ ਸੀ। ਸੰਨ 1924 ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਅਸਾਂ ਤਿੰਨ ਸਾਥੀਆਂ ਨੇ ਅਕਾਲੀ ਲਹਿਰ ਵਿਚ ਕੁਦ ਪੈਣ ਦਾ ਫੈਸਲਾ ਕੀਤਾ। ਪੰਜ ਰੁਪਏ ਮੈਂ ਘਰੋਂ ਉਡਾਏ, ਮਖਣ ਸਿੰਘ ਪਾਸ ਇਕ ਰੁਪਿਆ ਸੀ, ਤੀਸਰਾ ਸਾਥੀ ਬਿਲਕੁਲ ਫਾਂਕ ਸੀ। ਅਸੀਂ ਆਪਣੇ ਪਿੰਡ ਦਾਤੇ ਤੋਂ ਸਵੇਰ ਸਾਰ ਨਿਕਲ ਤੁਰੇ। ਦੌਲਤਾਲਾ ਸਟੇਸ਼ਨ, ਜੋ ਦਸ ਮੀਲ ਦੀ ਦੂਰੀ ਤੇ ਸੀ, ਤੋਂ ਗੱਡੀ ਫੜ ਕੇ ਅਸੀਂ ਮਧਰਾ ਸਟੇਸ਼ਨ ਤੇ ਪੁੱਜੇ, ਉਸ ਤੋਂ ਮਗਰੋਂ ਦੂਜੀ ਗੱਡੀ ਬਦਲ ਕੇ ਅਸੀਂ ਅੰਮ੍ਰਿਤਸਰ ਜਾ ਪੁੱਜੇ।

ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਉਨ੍ਹੀਂ ਦਿਨੀਂ ਬੜੀ ਗਹਿਮਾਗਹਿਮੀ ਸੀ। ਜੂਨ-ਜੁਲਾਈ 1924 ਈ. ਵਿਚ ਸਕੂਲਾਂ ਕਾਲਜਾਂ ਦੇ ਮੁੰਡੇ ਗਰਮੀਆਂ ਦੀਆਂ ਛੁਟੀਆਂ ਹੋਣ ਕਰ ਕੇ ਅੰਮ੍ਰਿਤਸਰ ਆ ਪੁੱਜੇ ਸਨ। ਸਾਰੇ ਬੁੰਗੇ ਤੇ ਸਰਾਂ ਦੇ ਕਮਰੇ ਸੰਗਤਾਂ ਨੇ ਮੱਲੇ ਹੋਏ ਸਨ। ਸਾਨੂੰ ਅਕਾਲ ਤਖਤ ਦੀ ਖੱਬੀ ਬਾਹੀ ਵਾਲੇ ਬੁੰਗੇ ਵਿਚ ਰਹਿਣ ਦਾ ਆਦੇਸ਼ ਦਿੱਤਾ ਗਿਆ। ਸਕੂਲਾਂ ਦੇ ਵਿਦਿਆਰਥੀ ਕਾਫੀ ਗਿਣਤੀ ਵਿਚ ਇਸ ਬੁੰਗੇ ਵਿਚ ਰਹਿ ਰਹੇ ਸਨ। ਮੌਸਮ ਗਰਮੀਆਂ ਦਾ ਸੀ। ਇਸ ਲਈ ਅਸੀਂ ਰਾਤ ਅਕਾਲ ਤਖਤ ਤੇ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ ਵਿਚਕਾਰਲੇ ਮੈਦਾਨ ਵਿਚ ਸੌਂ ਜਾਂਦੇ ਸਾਂ। ਰੋਜ਼ ਸਵੇਰੇ ਸ਼ਾਮ ਸਾਡੀ ਹਾਜ਼ਰੀ ਲਗਦੀ ਸੀ। ਦੋਵੇਂ ਵਕਤ ਪ੍ਰਸ਼ਾਦਾ ਮਿਲ ਜਾਂਦਾ ਸੀ ਤੇ ਢਾਈ ਆਨੇ ਰੋਜ਼ ਜੇਬ ਖਰਚ ਲਈ। ਹਫਤੇ ਬਾਅਦ ਐਤਵਾਰ ਨੂੰ ਕੇਸੀ ਇਸ਼ਨਾਨ ਕਰਨ ਲਈ ਅਸੀਂ ਬਜ਼ਾਰੋਂ ਦਹੀਂ ਲੈ ਕੇ ਸਿਰ ਧੋਂਦੇ ਸੀ। ਇਸ ਲਈ ਸਾਡਾ ਭੱਤਾ ਐਤਵਾਰ ਨੂੰ ਢਾਈ ਆਨੇ ਦੀ ਥਾਂ ਚਾਰ ਆਨੇ ਹੋ ਜਾਂਦਾ ਸੀ।

ਉਨ੍ਹੀਂ ਦਿਨੀਂ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਰੋਜ਼ਾਨਾ ਸੰਗਤਾਂ ਦੀ ਗਿਣਤੀ ਹਜ਼ਾਰਾਂ ਤੀਕ ਜਾ ਪੁੱਜਦੀ ਸੀ। ਜੋ ਸਵੇਰੇ ਅੰਮ੍ਰਿਤ ਵੇਲੇ ਸਰੋਵਰ ਵਿਚ ਇਸ਼ਨਾਨ ਕਰ ਕੇ, ਹਰਿਮੰਦਰ ਸਾਹਿਬ ਬੈਠ ਕੇ ਕੀਰਤਨ ਸੁਣਦੇ, ਤੇ ਲੰਗਰੋਂ ਦੋਵੇਂ ਵਕਤ ਪ੍ਰਸ਼ਾਦਾ ਛਕਦੇ। ਸਗੰਤਾਂ ਵਿਚ ਬੜਾ ਜੋਸ਼ ਤੇ ਭਾਰੀ ਉਤਸ਼ਾਹ ਸੀ। ਸਰਕਾਰ ਵਿਰੁਧ ਕਈ ਮਹੀਨਿਆਂ ਤੋਂ ਮੋਰਚਾ ਲੱਗਾ ਹੋਇਆ ਸੀ। ਹਫਤੇ ਪੰਦਰਵੇਂ ਦਿਨ ਨਵਾਂ ਜੱਥਾ ਤਿਆਰ ਹੋ ਕੇ ਫੁੱਲਾਂ ਦੇ ਹਾਰ ਸਜਾਈ, ਨੀਲੀ ਦਸਤਾਰ ਕਿਰਪਾਨ ਗਾਤਰੇ ਵਿਚ ਤੇ ਚਿੱਟੇ ਬਸਤਰਾਂ ਸਹਿਤ ਅਕਾਲ ਤਖਤ ਮੱਥਾ ਟੇਕ ਕੇ ਸੱਜ ਜਾਂਦਾ। ਅਕਾਲ ਤਖਤ ਦਾ ਜੱਥੇਦਾਰ ਉਨ੍ਹਾਂ ਨੂੰ ਜ਼ਰੂਰੀ ਹਦਾਇਤਾਂ ਦਿੰਦਾ ਅਤੇ ਜੱਥੇ ਵਿਚ ਜਾਣ ਵਾਲੇ ਹਰ ਸਿੰਘ ਤੋਂ ਪ੍ਰਣ ਲੈਂਦਾ, "ਖਾਲਸਾ ਜੀ! ਜਾਬਰ ਪੁਲਸ ਭਾਵੇਂ ਤੁਹਾਡੇ ਤੇ ਕਿੰਨਾ ਵੀ ਅਤਿਆਚਾਰ ਕਰੇ, ਆਪ ਨੂੰ ਡਾਂਗਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਾਰ ਮਾਰ ਅਧਮੋਇਆ ਕਿਉਂ ਨਾ ਕਰ ਦੇਵੇ। ਗੋਲੀਆਂ ਦੀ ਬੁਛਾੜ ਵਿਚ ਤੁਸੀਂ ਸ਼ਹੀਦ ਹੋ ਜਾਣਾ, ਪਰ ਹੱਥ ਨਹੀਂ ਉਠਾਣਾ। ਮਧੁਰ ਆਵਾਜ ਨਾਲ ਸਿੰਘਾਂ ਨੇ ਪਾਠ ਕਰਨਾ, ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਤੁਸੀਂ ਤੁਰੀ ਜਾਣਾ। ਆਪਣੇ ਜੱਥੇਦਾਰ ਦੀ ਤਾਬਿਆ ਵਿਚ ਰਹਿਣਾ। ਜੱਥੇਦਾਰ ਦਾ ਹਰ ਹੁਕਮ ਸਿਰ ਮੱਥੇ ਮੰਨਣਾ। ਜੇ ਇਹ ਹਿਦਾਇਤਾਂ ਪ੍ਰਵਾਨ ਹੋਣ, ਤਾਂ ਗੁਰੂ ਸਾਹਿਬ ਅੱਗੇ ਮੱਥਾ ਟੇਕ ਕੇ ਪ੍ਰਣ ਕਰੋ।''

ਇਸ ਮਗਰੋਂ ''ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ'' ਦੇ ਜੈਕਾਰੇ ਛੱਡੇ ਜਾਂਦੇ, ਤੇ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕ ਕੇ ਜੱਥਾ ਪਰਿਕਰਮਾ ਕਰਦਾ ਹੋਇਆ ਘੰਟਾਘਰ ਦੇ ਨਾਲ ਦੀ ਡਿਉਢੀ ਤੋਂ ਬਾਹਰ ਨਿਕਲ ਤੁਰਦਾ। ਚਹੁੰ ਪਾਸੀਂ ਸਗੰਤਾਂ ਉਨ੍ਹਾਂ ਦਾ ਫੁੱਲਾਂ ਅਤੇ ਜੈਕਾਰਿਆਂ ਨਾਲ ਸੁਆਗਤ ਕਰਦੀਆਂ। ਉਨ੍ਹਾਂ ਦੇ ਥੈਲਿਆਂ ਵਿਚ ਕੱਛਾ ਤੌਲੀਆ ਕੱਪੜੇ ਤੇ ਨਾਲ ਹੀ ਭੁਜੇ ਹੋਏ ਛੋਲੇ ਭਰੇ ਰਹਿੰਦੇ। ਇਸੇ ਚਾਲ ਇਹ ਜਥਾ ਅੰਮ੍ਰਿਤਸਰ ਦੇ ਹਾਲ ਬਜ਼ਾਰੋਂ ਪੈਦਲ ਤੁਰ ਕੇ ਆਪਣੀ ਦਰਸਾਈ ਗਈ ਮੰਜ਼ਲ ਵਲ ਚਲਾ ਜਾਂਦਾ ਜਾ ਗੱਡੀ ਤੇ ਬੈਠ ਕੇ ਜਿਧਰ ਵਲ ਉਸ ਨੂੰ ਹਿਦਾਇਤ ਹੁੰਦੀ, ਸਟੇਸ਼ਨ ਤੋਂ ਉਤਰ, ਜ਼ਾਲਮ ਬੀ.ਟੀ. ਦੀਆਂ ਡਾਗਾਂ ਖਾਣ ਜਾਂ ਪੁਲਿਸ ਦੇ ਹੋਰ ਸਿਤਮ ਸਹਿਣ ਲਈ ਜਥਾ ਅੱਗੇ ਵਧੀ ਜਾਂਦਾ। ਹਤਿਆਰਾ ਸੁਪਰਿਟੈਂਡੈਂਟ ਪੁਲਸ, ਅਕਾਲੀ ਜਥਿਆਂ ਦੀ ਮਾਰ ਕੁਟਾਈ ਕਾਰਨ ਬਹੁਤ ਬਦਨਾਮ ਹੋ ਗਿਆ। ਅਖੀਰ ਬਬਰ ਅਕਾਲੀਆਂ ਨੇ ਕਈ ਸਾਲ ਮਗਰੋਂ ਉਸ ਨੂੰ ਸੋਧ ਦਿਤਾ।

ਸਾਡੇ ਵੇਲੇ ਦਸਵੇਂ ਸ਼ਹੀਦੀ ਜੱਥੇ ਨੇ ਅਕਾਲ ਤਖਤ ਮੱਥਾ ਟੇਕ ਕੇ ਜੱਥੇਦਾਰ ਦੀਆਂ ਹਿਦਾਇਤਾਂ ਸੁਣ, ਗੁਰੂ ਗ੍ਰੰਥ ਸਾਹਿਬ ਅੱਗੇ ਪ੍ਰਣ ਕਰ ਕੇ ਚਾਲੇ ਪਾਉਣੇ ਸਨ। ਅਸੀਂ ਵੀ ਇਸੇ ਜੱਥੇ ਵਿਚ ਸ਼ਾਮਲ ਹੋਣਾ ਸੀ। ਤੁਰਨ ਤੋਂ ਪਹਿਲਾਂ ਜੱਥੇ ਵਿਚ ਸ਼ਾਮਲ ਹੋਣ ਵਾਲੇ ਹਰ ਸਿੰਘ ਦਾ ਡਾਕਟਰੀ ਮੁਆਇਨਾ ਹੁੰਦਾ ਸੀ। ਉਸ ਡਾਕਟਰੀ ਮੁਆਇਨੇ ਵਿਚੋਂ ਜੱਥੇ ਵਿਚ ਸ਼ਾਮਲ ਹੋਣ ਵਾਲੇ ਹਰ ਸਿੰਘ ਦਾ ਪਾਸ ਹੋਣਾ ਬਹੁਤ ਜ਼ਰੂਰੀ ਹੁੰਦਾ। ਛੋਟੀ ਉਮਰ ਦਾ ਬਾਲਕ ਜਾ ਬੀਮਾਰ ਸੱਜਣ ਜੱਥੇ ਵਿਚ ਸ਼ਾਮਲ ਨਹੀਂ ਸਨ ਹੋ ਸਕਦੇ। ਦਸਵੇਂ ਜੱਥੇ ਦੇ ਚਾਲੇ ਪਾਣ ਤੋਂ ਪਹਿਲਾਂ ਇਕ ਦਿਨ ਸਾਡੀ ਪ੍ਰੇਡ ਹੋਈ। ਉਸ ਸਮੇਂ ਨੌਜਵਾਨਾਂ ਵਿਚ ਬੜਾ ਜੋਸ਼ ਸੀ। ਛੋਟੀ ਉਮਰ ਕਰ ਕੇ ਬਹੁਤ ਸਾਰੇ ਨੌਜੁਆਨਾਂ ਨੂੰ ਜੱਥੇ ਵਿਚ ਸ਼ਾਮਲ ਹੋਣ ਤੋਂ ਵਰਜ ਦਿੱਤਾ ਗਿਆ। ਜਦੋਂ ਮੈਨੂੰ ਡਾਕਟਰ ਨੇ ਛੋਟੀ ਉਮਰ ਦਾ ਹੋਣ ਕਰ ਕੇ ਲੰਮੀ ਲਾਈਨ ਵਿੱਚੋਂ ਬਾਹਰ ਕੱਢ ਦਿੱਤਾ, ਤਾਂ ਮੈਂ ਦੁਬਾਰਾ ਲਾਈਨ ਦੇ ਅਖੀਰ ਤੇ ਜਾ ਖੜੋਤਾ। ਜਦੋਂ ਡਾਕਟਰ ਨੇ ਮੈਨੂੰ ਵੇਖਿਆ ਤਾਂ ਉਸ ਨੇ ਮੁਸਕਰਾ ਕੇ ਮੈਨੂੰ ਫਿਰ ਲਾਈਨ ਤੋਂ ਬਾਹਰ ਕੱਢ ਦਿੱਤਾ। ਉਸ ਸਮੇਂ ਨੌਜੁਆਨਾਂ ਵਿਚ ਬੜਾ ਜੋਸ਼ ਸੀ। ਇਕ ਲੜਕੇ ਨੂੰ ਜਦੋਂ ਡਾਕਟਰ ਨੇ ਨਫਿਟ ਕਰਾਰ ਦੇ ਕੇ ਕੱਢ ਦਿੱਤਾ ਤਾਂ ਉਸਨੇ ਨਾਲ ਦੇ ਖੂਹ ਵਿਚ ਛਾਲ ਮਾਰ ਦਿਤੀ। ਵਾਹਿਗੁਰੂ ਦੀ ਕ੍ਰਿਪਾ ਨਾਲ ਉਸ ਨੂੰ ਕੋਈ ਸੱਟ ਫੇਟ ਨਾ ਲੱਗੀ। ਰੱਸੇ ਨਾਲ ਉਸ ਨੂੰ ਬਾਹਰ ਖਿੱਚ ਲਿਆ ਗਿਆ। ਇਸ ਤਰ੍ਹਾਂ ਉਸ ਨੂੰ ਜੱਥੇ ਨਾਲ ਜਾਣ ਦੀ ਆਗਿਆ ਦੇ ਦਿਤੀ ਗਈ।

ਦਸਵਾਂ ਸ਼ਹੀਦੀ ਜੱਥਾ ਅਕਾਲ ਤਖਤ ਸਾਹਮਣੇ ਮੱਥਾ ਟੇਕ, ਪ੍ਰਣ ਲੈ ਸੰਗਤਾਂ ਦੇ ਜੈਕਾਰਿਆਂ ਦੀ ਗੁੰਜਾਰ ਵਿਚ ਚਾਲੇ ਪਾ ਗਿਆ, ਪਰ ਸਾਡੇ ਨਾਲ ਦੇ ਬਹੁਤ ਸਾਰੇ ਵਿਦਿਆਰਥੀ ਜੱਥੇ ਨਾਲ ਜਾਣੋਂ ਰਹਿ ਗਏ। ਉਹ ਬੜੇ ਉਦਾਸ ਸਨ। 'ਕੁਝ ਕਰੋ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਰੋ' ਦੇ ਮੁਤਾਬਕ ਉਹ ਕੁਝ ਨਾ ਕੁਝ ਕਰਨਾ ਚਾਹੁੰਦੇ ਸਨ। ਸਾਡੇ ਜੱਥੇਦਾਰ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਅਗਲੇ ਜੱਥੇ ਵਿਚ ਉਨ੍ਹਾਂ ਨੂੰ ਜ਼ਰੂਰ ਸ਼ਾਮਲ ਕੀਤਾ ਜਾਏਗਾ।

ਇਸ ਤਰ੍ਹਾਂ ਹੀ ਦਿਨ ਬੀਤਦੇ ਗਏ। ਢਾਈ ਆਨੇ ਰੋਜ਼ ਦਾ ਖਰਚ ਮਿਲਦਾ। ਦੋਵੇਂ ਵਕਤ ਪ੍ਰਸ਼ਾਦਾ ਲੰਗਰੋਂ ਛਕਦੇ। ਢਾਈ ਆਨੇ ਦੀਆਂ ਕੁਲਫੀਆਂ, ਜਲੇਬੀਆਂ, ਅਤੇ ਬਰਫੀ ਮੁਕਦੀ ਨਾਂਹ। ਸਾਰਾ ਸਾਰਾ ਦਿਨ ਅਸੀਂ ਅਵਾਰਾਗਰਦੀ ਕਰਦੇ ਰਹਿੰਦੇ। ਅੰਮ੍ਰਿਤਸਰ ਦੀਆਂ ਸੜਕਾਂ ਤੇ ਗਲੀਆਂ ਗਾਂਹਦੇ। ਇਤਿਹਾਸਕ ਗੁਰ ਅਸਥਾਨਾਂ ਦੇ ਦਰਸ਼ਨ ਕਰਦੇ ਤੇ ਸ਼ਾਮੀਂ ਲੰਗਰ ਦੇ ਵੇਲੇ ਪਰਤ ਆਉਂਦੇ। ਪ੍ਰਸ਼ਾਦ ਛਕਦੇ ਗੱਪਸ਼ੱਪ ਚਲਦੀ ਰਹਿੰਦੀ, ਤੇ ਰਾਤੀਂ ਸੌਂ ਜਾਂਦੇ।

ਇਨ੍ਹੀਂ ਦਿਨੀਂ ਜਦੋਂ ਅਸੀਂ ਬੁੰਗੇ ਵਿਚ ਬੈਠ ਕੇ ਗੱਲਾਂ ਕਰ ਰਹੇ ਸਾਂ, ਤਾਂ ਇਕ ਨੌਜੁਆਨ ਨੂੰ ਦੋ ਤਿੰਨ ਜੱਥੇਦਾਰ ਧੂਹਦੇ ਹੇਠਲੇ ਤਹਿਖਾਨੇ ਵਿਚ ਲੈ ਗਏ। ਉਹ ਨੌਜੁਆਨ ਕੰਬਦਾ ਕੰਬਦਾ, ਢਹਿੰਦਾ ਡਿਗਦਾ ਉਨ੍ਹਾਂ ਨਾਲ ਜਾ ਰਿਹਾ ਸੀ। ਇੰਨੀਂ ਦੇਰ ਨੂੰ ਉਸ ਦੀਆਂ ਚੀਕਾਂ ਸਾਨੂੰ ਸੁਣਾਈਂ ਦਿੱਤੀਆਂ। ਉਸ ਦੀ ਖ਼ੂਬ ਪਿਟਾਈ ਹੋਈ। ਅਸੀਂ ਸਾਰੇ ਕੰਬਣ ਲਗ ਪਏ। ਕਾਫੀ ਦੇਰ ਦੀ ਮਾਰ ਕੁਟਾਈ ਮਗਰੋਂ ਉਸ ਨੂੰ ਬਾਹਰ ਲਿਆਂਦਾ ਗਿਆ। ਪਤਾ ਲਗਾ ਕਿ, ਕਈ ਦਿਨ ਉਸ ਦਾ ਹਸਪਤਾਲ ਵਿਚ ਇਲਾਜ ਹੁੰਦਾ ਰਿਹਾ ਅਤੇ ਬਾਅਦ ਵਿਚ ਪਤਾ ਨਹੀਂ ਉਸਦਾ ਕੀ ਬਣਿਆ?

ਅਸੀਂ ਆਪਣੇ ਜੱਥੇਦਾਰ ਤੋਂ ਇਸ ਮਾਰ ਕੁਟ ਦਾ ਕਾਰਣ ਪੁਛਿਆ ਤਾਂ ਉਸ ਨੇ ਦਸਿਆ, "ਇਸ ਨੌਜੁਆਨ ਨੇ ਪਰਿਕਰਮਾ ਵਿਚ ਜਾ ਰਹੀ ਕਿਸੇ ਯੁਵਤੀ ਨੂੰ ਛੇੜਿਆ ਸੀ। ਸੇਵਾਦਾਰ ਨੇ ਜੱਥੇਦਾਰ ਨੂੰ ਰਿਪੋਰਟ ਕੀਤੀ। ਉਸ ਨੇ ਦੋ-ਤਿੰਨ ਅਕਾਲੀਆਂ ਨੂੰ ਭੇਜ ਕੇ ਇਸ ਨੂੰ ਫੜਾ ਲਿਆ, ਤੇ ਫਿਰ ਇਸ ਨੂੰ ਤੁਹਾਡੇ ਬੁੰਗੇ ਦੇ ਤਹਿਖਾਨੇ ਵਿਚ ਜਾ ਕੇ ਖ਼ੂਬ ਚਾਹਟਾ ਛਕਾਇਆ।"

ਸਾਡੇ ਲਈ 'ਚਾਹਟਾ' ਸ਼ਬਦ ਬਿਲਕੁਲ ਨਵਾਂ ਸੀ। ਜੱਥੇਦਾਰ ਤੋਂ ਪੁਛਣ ਤੇ ਉਸ ਨੇ ਦਸਿਆ, "ਨਿਹੰਗ ਸਿੰਘਾਂ ਦੇ ਬੋਲਿਆਂ ਵਿਚ ਕਿਸੇ ਨੂੰ ਕਿਸੇ ਜੁਰਮ ਕਾਰਣ ਮਾਰ ਕੁਟਾਈ ਕਰਨਾ, ਡੰਡਿਆਂ ਨਾਲ 'ਚਾਹਟਾ' ਛਕਾਣਾ ਕਹਿੰਦੇ ਹਨ। ਸਿੰਘਾਂ ਦੇ ਚਾਹਟੇ ਮਗਰੋਂ ਕੋਈ ਨੌਜੁਆਨ ਅਜਿਹੀ ਹਰਕਤ ਨਹੀਂ ਕਰਦਾ। ਉਸ ਨੂੰ ਸਾਰੀ ਉਮਰ ਇਸ 'ਚਾਹਟੇ' ਦੀ ਪਿਟਾਈ ਯਾਦ ਰਹਿੰਦੀ ਹੈ।"

ਹੁਣ ਸਾਨੂੰ ਪਤਾ ਲਗਾ ਕਿ ਉਸ ਨੌਜੁਆਨ ਦੀ ਕਿਉਂ ਇੰਨੀ ਸਖਤ ਮੁਰੰਮਤ ਕੀਤੀ ਗਈ ਸੀ।

ਕਈ ਦਿਨਾਂ ਦੀ ਮਟਰ-ਗਸ਼ਤੀ ਤੋਂ ਅਸੀਂ ਸਾਰੇ ਤੰਗ ਆ ਗਏ। ਸਾਡੇ ਨਾਲ ਵਾਲੇ ਸਾਥੀ ਸਾਰੇ ਗਰਮੀ ਦੀਆਂ ਛੁੱਟੀਆਂ ਕਾਰਣ ਘਰੋਂ ਨੱਠੇ ਹੋਏ ਸਨ। ਕਈਆਂ ਨੂੰ ਮਾਪੇ ਆ ਕੇ ਘਰ ਵਾਪਸ ਲੈ ਗਏ ਸਨ। ਬਹੁਗਿਣਤੀ ਦੇ ਪਰਿਵਾਰਾਂ ਨੂੰ ਇਹ ਪਤਾ ਨਹੀਂ ਸੀ ਕਿ ਅਸੀਂ ਘਰੋਂ ਨੱਠ ਕੇ ਦਰਬਾਰ ਸਾਹਿਬ ਦੀ ਪਨਾਹ ਲਈ ਹੋਈ ਹੈ। ਇੱਥੇ ਅਸੀਂ ਦੋਵੇਂ ਵਕਤ ਲੰਗਰ ਛਕਦੇ ਤੇ ਅਵਾਰਾਗਰਦੀ ਕਰਦੇ ਰਹਿੰਦੇ ਹਾਂ। ਅਸੀਂ ਆਪਣੇ ਜੱਥੇਦਾਰ ਨੂੰ ਆਪਣੇ ਮਨ ਦੀ ਸਥਿਤੀ ਬਾਰੇ ਦਸਿਆ, ਤਾਂ ਉਸ ਨੇ ਕਿਹਾ ਕਿ ਇਕ ਹਫਤੇ ਮਗਰੋਂ ਤੁਸਾਂ ਸਾਰਿਆਂ ਨੂੰ ਕਿਸੇ ਵਿਸ਼ੇਸ਼ ਮੁੰਹਿਮ ਤੇ ਕਈ ਜਥਿਆਂ ਦੀ ਸ਼ਕਲ ਵਿਚ ਬਾਹਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭੇਜਿਆ ਜਾਵੇਗਾ। ਜੱਥੇਦਾਰ ਦੀ ਇਹ ਗੱਲ ਸੁਣ ਸਾਨੂੰ ਬੜੀ ਖੁਸ਼ੀ ਹੋਈ ਤੇ ਉਸ ਦਿਨ ਦੀ ਉਡੀਕ ਵਿਚ ਪਲ ਘੜੀਆਂ ਤੇ ਦਿਨ ਗੁਜ਼ਰਨ ਲਗੇ। ਜਦੋਂ ਬਾਲ ਜਥਿਆਂ ਨੇ ਅਕਾਲ ਤਖਤ ਸਾਹਮਣੇ ਮੱਥਾ ਟੇਕ, ਪ੍ਰਣ ਕਰ ਤੇ ਅਰਦਾਸਾ ਸੋਧ ਚਾਲੇ ਪਾ ਦੇਣੇ ਸਨ।

ਸਾਡੇ ਬੁੰਗੇ ਵਿਚ ਉਨ੍ਹੀਂ ਦਿਨੀਂ 50 ਕੁ ਨੌਜੁਆਨ ਵਿਦਿਆਰਥੀ ਸਨ ਜੋ ਪੰਜਵੀਂ-ਛੇਵੀਂ ਤੋਂ ਲੈ ਕੇ ਦਸਵੀਂ ਤਕ ਸਕੂਲਾਂ ਵਿਚ ਪੜ੍ਹਦੇ ਸਨ। ਉਨ੍ਹਾਂ ਦੇ ਸਤ ਜੱਥੇ ਬਣਾਏ ਗਏ। ਹਰ ਜੱਥੇ ਵਿਚ ਸਤ ਵਿਦਿਆਰਥੀ ਸਨ ਅਤੇ ਹਰ ਜੱਥੇ ਦਾ ਆਪਣਾ ਅਲਗ ਜੱਥੇਦਾਰ ਸੀ। ਜਦੋਂ ਸ਼ਾਂਤੀਮਈ ਜੱਥੇ ਨੂੰ ਪੁਲਸ ਰੋਕ ਨਾਂਹ ਸਕੀ, ਤਾਂ ਗਵਰਨਰ ਨੇ ਜ਼ਾਲਮ ਤੇ ਬਦਨਾਮ ਸੁਪਰਿਟੈਂਡੈਂਟ ਪੁਲਸ ਬੀ:ਟੀ: ਨੂੰ ਇਸ ਕੰਮ ਲਈ ਬੁਲਾਇਆ। ਉਨ੍ਹੀਂ ਦਿਨੀਂ ਅਕਾਲੀ ਲਹਿਰ ਜ਼ੋਰਾਂ ਤੇ ਸੀ। ਜਥਿਆਂ ਦੀ ਮਾਰ ਕੁਟਾਈ ਤੋਂ ਬਾਅਦ ਵੀ ਅਕਾਲੀ ਸ਼ਾਂਤਮਈ ਰਹਿੰਦੇ। ਜਥਿਆਂ ਦਾ ਅਗੇ ਵਲ ਚਾਲੇ ਪਾਣ ਦੀਆਂ ਸਾਰੇ ਸੰਸਾਰ ਵਿਚ ਧੁੰਮਾਂ ਮੱਚੀਆਂ ਹੋਈਆਂ ਸਨ। ਬੀ.ਟੀ. ਵਲੋਂ ਜੱਥੇ ਨੂੰ ਮੋਟੀਆਂ ਮੋਟੀਆਂ ਸੁੰਮਦਾਰ ਡਾਂਗਾਂ ਨਾਲ ਮਾਰ ਕੁਟਾਈ ਕਰ ਕੇ ਅਗੇ ਜਾਣ ਤੋਂ ਰੋਕਿਆ ਜਾਂਦਾ। ਉਹ ਬਾਰ-ਬਾਰ ਡਿਗਦੇ ਬੇਹੋਸ਼ ਹੋ ਜਾਂਦੇ। ਹੋਸ਼ ਵਿਚ ਆਉਂਦੇ ਤੇ ਫਿਰ ਅਪਣੀ ਥਾਂ ਤੋਂ ਉਠਦੇ ਫਿਰ ਟੁੱਟੀਆਂ ਹੋਈਆਂ ਹੱਡੀਆਂ ਨਾਲ ਡਿਗਦੇ ਢਹਿੰਦੇ ਅਗੇ ਵਧਦੇ, ਤਾਂ ਹਜ਼ਾਰਾਂ ਦੀ ਗਿਣਤੀ ਵਿਚ ਖੜੋਤੇ ਦਰਸ਼ਕ ਵੇਖ ਵੇਖ ਅਸ਼ ਅਸ਼ ਕਰ ਉਠਦੇ। ਦੇਸ਼ ਵਿਦੇਸ਼ ਦੇ ਪੱਤਰਕਾਰ ਇਹ ਦ੍ਰਿਸ਼ ਦੇਖਦੇ ਮੂੰਹ ਵਿਚ ਉਂਗਲਾਂ ਪਾਂਦੇ ਅਤੇ ਇਸ ਜ਼ੁਲਮ ਦੀ ਦੁਹਾਈ ਦਿੰਦੇ। ਇਸ ਭਿਆਨਕ ਦ੍ਰਿਸ਼ ਦੀਆਂ ਖਬਰਾਂ ਉਹ ਅਪਣੀਆਂ ਅਖਬਾਰਾਂ ਨੂੰ ਭੇਜ ਦਿੰਦੇ। ਦੁਨੀਆਂ ਦੇ ਲੋਕ ਇਸ ਜ਼ੁਲਮ ਅਤੇ ਜ਼ਬਰ ਨੂੰ ਵੇਖ ਅਕਾਲੀ ਸਿੱਖਾਂ ਦੇ ਸ਼ਾਂਤਮਈ ਸਬਰ ਸੰਤੋਖ ਅਤੇ ਹੌਸਲੇ ਦੀ ਦਾਦ ਦਿੰਦੇ। ਕਾਂਗਰਸ ਦੇ ਵੱਡੇ ਵੱਡੇ ਲੀਡਰ ਜਥਿਆਂ ਦੇ ਨਾਲ ਤੁਰਦੇ, ਤੇ ਅਪਣੀ ਅਖੀਂ ਇਹ ਭਿਆਨਕ ਨਜ਼ਾਰਾ ਵੇਖਦੇ। ਸਾਰੇ ਸੰਸਾਰ ਵਿਚ ਲੋਕੀ ਅੰਗ੍ਰੇਜ਼ਾਂ ਦੇ ਜ਼ੁਲਮ ਜਬਰ ਦੀ ਤੇ ਅਕਾਲੀਆਂ ਦੀ ਬਹਾਦਰੀ ਅਤੇ ਸ਼ਾਂਤਮਈ ਸਪਿਰਟ ਦੀ ਦਾਦ ਦਿੰਦੇ। ''ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ'' ਵਾਂਗ ਜਿਉਂ-ਜਿਉਂ ਜ਼ੁਲਮ ਅਤੇ ਅਤਿਆਂਚਾਰ ਅਕਾਲੀ ਸਿੰਘਾਂ ਤੇ ਹੁੰਦਾ, ਤਿਉਂ-ਤਿਉਂ ਸਾਰੀ ਕੌਮ ਵਿਚ ਜੋਸ਼ ਭਰਿਆ ਜਾਂਦਾ। ਪੰਜਾਬ ਤੋਂ ਬਾਹਰ, ਦਿੱਲੀ, ਕਲਕੱਤਾ, ਮਦਰਾਸ ਤੋਂ ਬਿਨਾਂ ਬਾਹਰਲੇ ਦੇਸ਼ਾਂ ਵਾਲੇ ਸਿੱਖ ਵੀ ਆਪਣੇ ਕਾਰੋਬਾਰ ਨੌਕਰੀਆਂ ਨੂੰ ਤਿਲਾਂਜਲੀ ਦੇ ਕੇ ਜਥਿਆਂ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਆ ਪਹੁੰਚੇ।

ਇਹ ਹਾਲਤ ਵੇਖ ਅੰਗ੍ਰੇਜ਼ੀ ਸਰਕਾਰ ਨੂੰ ਪਿਸੂ ਪੈ ਗਏ। ਲੰਦਨ ਦੀ ਪਾਰਲੀਮੈਂਟ ਵਿਚ ਵਾਇਸਰਾਏ ਤੇ ਪੰਜਾਬ ਦੇ ਗਵਰਨਰ ਲਾਰਡ ਹੇਲੀ ਤੋਂ ਇਸ ਦੀ ਜੁਆਬ-ਤਲਬੀ ਮੰਗੀ ਗਈ। ਸਮੇਂ ਦੇ ਵਾਇਸਰਾਏ ਨੇ ਲਾਰਡ ਹੇਲੀ ਨੂੰ ਝਾੜ ਪਾਈ, ਕਿ ਉਸ ਤੋਂ ਅਕਾਲੀ ਲਹਿਰ ਦਾ ਜੋਸ਼ੋਖਰੋਸ਼ ਸੰਭਾਲਿਆ ਨਹੀਂ ਜਾਂਦਾ। ਇਸ ਲਈ ਲਾਰਡ ਹੇਲੀ ਨੇ ਆਪਣੇ ਸਲਾਹਕਾਰਾਂ, ਪੰਜਾਬ ਦੇ ਝੋਲੀ ਚੁੱਕਾਂ, ਰਾਏ ਬਹਾਦਰਾਂ, ਸਰਦਾਰ ਬਹਾਦਰਾਂ ਤੇ ਸਫੈਦਪੋਸ਼ਾਂ ਨਾਲ ਸਲਾਹ ਕੀਤੀ, ਕਿ ਕਿਸ ਤਰ੍ਹਾਂ ਇਸ ਲਹਿਰ ਨੂੰ ਕੁਚਲ ਦਿੱਤਾ ਜਾਵੇ ਤਾਂ ਜੋ ਅਸੀਂ ਦੁਨੀਆਂ ਸਾਹਮਣੇ ਸਿਰ ਚੁੱਕ ਕੇ ਖੜੇ ਸਕੀਏ? ਪੰਜਾਬ ਸਰਕਾਰ ਦੀ ਬਦਨਾਮੀ ਸਾਰੀ ਦੁਨੀਆਂ ਤਕ ਜਾ ਪਹੁੰਚੀ ਹੈ, ਇਸ ਲਈ ਇਸ ਲਹਿਰ ਨੂੰ ਠੱਲ ਪਾਈ ਜਾਣੀ ਜ਼ਰੂਰੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਗਵਰਨਰ ਪੰਜਾਬ ਲਾਰਡ ਹੇਲੀ ਦੇ ਸਲਾਹਕਾਰਾਂ ਨੇ ਉਨ੍ਹਾਂ ਨੂੰ ਮਸ਼ਵਰਾ ਦਿੱਤਾ ਕਿ ਅਕਾਲੀ ਲਹਿਰ ਦਾ ਜੋਸ਼ ਠੰਡਾ ਕਰਨ ਲਈ ਸ਼੍ਰੋਮਣੀ ਕਮੇਟੀ ਤੇ ਦਰਬਾਰ ਸਾਹਿਬ ਕਮੇਟੀ ਤੋਂ ਪ੍ਰਬੰਧ ਖੋਹ ਲੈਣਾ ਚਾਹੀਦਾ ਹੈ।

ਇਸ ਮਗਰੋਂ ਇਹ ਤਜਵੀਜ਼ ਬਣੀ, ਕਿ ਮਿਥੇ ਦਿਨ ਤੇ ਸਮੇਂ ਤੇ, ਸੈਂਕੜਿਆਂ ਦੀ ਗਿਣਤੀ ਵਿਚ ਸਰਕਾਰੀ ਝੋਲੀ ਚੁੱਕਾਂ, ਟੋਡੀਆਂ, ਜ਼ੈਲਦਾਰਾਂ ਤੇ ਨਬੰਰਦਾਰਾਂ ਰਾਹੀਂ ਅਮ੍ਰਿਤਸਰ ਦੇ ਪਿੰਡਾਂ ਵਲੋਂ ਇਕ ਹਥਿਆਰ ਬੰਦ ਜੱਥਾ ਭੇਜਿਆ ਜਾਵੇ, ਜੋ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫਤਰਾਂ ਤੇ ਛਾਪਾ ਮਾਰ ਕੇ ਸਾਰੇ ਮੈਂਬਰਾਂ ਤੇ ਵਰਕਰਾਂ ਨੂੰ ਉਥੋਂ ਕੱਢ ਕੇ ਆਪ ਕਬਜ਼ਾ ਕਰ ਲਵੇ। ਇਸ ਦਾ ਪ੍ਰਤੀਕਰਮ ਇਹ ਹੋਵੇਗਾ ਕਿ ਨਾ ਤਾਂ ਅਕਾਲੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਹੁੰਚਣ ਗੇ, ਤੇ ਨਾ ਹੀ ਉਥੋਂ ਜੱਥੇ ਮੋਰਚੇ ਵਿਚ ਭੇਜੇ ਜਾ ਸਕਣਗੇ।

ਸਰਕਾਰ ਦੀ ਇਹ ਸਾਜ਼ਸ਼, ਖੁਫੀਆ ਰਖੀ ਗਈ, ਪਰ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਆਪਣੇ ਸੂਹੀਆਂ ਰਾਹੀਂ ਪਤਾ ਚਲ ਗਿਆ। ਸੋ ਅਕਾਲੀ ਦਲ ਨੇ ਇਕ ਹਫਤੇ ਲਈ ਅਮ੍ਰਤਸਰ ਦੇ ਸਾਰੇ ਪਿੰਡਾਂ ਵਿਚ ਸਤ ਸਤ ਅਕਾਲੀਆਂ ਦੇ 7 ਜੱਥੇ ਬਣਾ ਕੇ ਭੇਜਣ ਦਾ ਪ੍ਰੋਗਰਾਮ ਬਣਾਇਆ।

ਦੂਜੇ ਦਿਨ ਸਾਡੇ 50 ਕੁ ਸਾਥੀਆਂ ਨੂੰ ਵਖੋ ਵੱਖ ਜਥਿਆਂ ਵਿਚ ਵੰਡ ਕੇ ਇਕ-ਇਕ ਜੱਥੇਦਾਰ ਦੀ ਜੱਥੇਦਾਰੀ ਹੇਠਾਂ ਸਾਰੀ ਗਲ ਸਮਝਾ ਕੇ, ਅੰਮ੍ਰਿਤਸਰੋਂ ਤੋਰ ਦਿੱਤਾ ਗਿਆ। ਅਸੀਂ ਸੱਤ ਨੌਜੁਆਨ ਆਪਣੇ ਜੱਥੇਦਾਰ ਦੀ ਨਿਗਰਾਨੀ ਵਿਚ 7 ਦਿਨਾਂ ਲਈ ਕਈ ਪਿੰਡਾਂ ਦਾ ਦੌਰਾ ਕਰਨ ਤੁਰ ਪਏ। ਸਾਡਾ ਜੱਥੇਦਾਰ 25-30 ਸਾਲ ਦੀ ਉਮਰ ਦਾ ਨੌਜਵਾਨ ਸਿਰਫ ਮਾੜੀ ਮੋਟੀ ਪੰਜਾਬੀ ਹੀ ਜਾਣਦਾ ਸੀ। ਸਾਨੂੰ ਛਪੇ ਹੋਏ ਵਡੇ ਸਾਈਜ਼ ਦੇ ਪੋਸਟਰ ਦਿੱਤੇ ਗਏ, ਤੇ ਕੁਝ ਹੋਰ ਲਿਟਰੇਚਰ ਵੰਡਣ ਲਈ। ਸਰਕਾਰ ਦੇ ਝੋਲੀ ਚੁਕਾਂ ਦੇ ਪ੍ਰਚਾਰ ਤੋਂ ਪਹਿਲਾਂ ਹੀ ਸਾਡੇ ਜੱਥੇ ਵੱਖ ਵੱਖ ਪਿੰਡਾਂ ਵਿਚ ਫੈਲ ਗਏ। ਪਿੰਡਾਂ ਦੇ ਗੁਰਦਵਾਰਿਆਂ ਵਿਚ ਸਵੇਰ ਸ਼ਾਮ ਦੀਵਾਨ ਸਜਦੇ। ਗੁਰਦਵਾਰੇ ਵਿਚ ਸੰਗਤ ਬੜੀ ਘੱਟ ਪਹੁੰਚਦੀ। ਅਸੀਂ ਸਰਕਾਰ ਦੀ ਕੁਟਲ ਨੀਤੀ ਤੇ ਕੋਝੀਆਂ ਚਾਲਾਂ ਨੂੰ ਲੋਕਾਂ ਅਗੇ ਰਖਦੇ। ਸਾਡਾ ਜੱਥੇਦਾਰ, ਵੱਡੇ ਸਾਰੇ ਪੋਸਟਰ ਨੂੰ ਪੜ੍ਹ ਕੇ ਸੁਣਾਂਦਾ। ਕਈ ਵਾਰ ਅਜਿਹਾ ਵੀ ਹੁੰਦਾ, ਕਿ ਰਾਤ ਦੇ ਦੀਵਾਨਾਂ ਵਿਚ ਬੜੀ ਘੱਟ ਸੰਗਤ ਆਂਦੀ। ਅਸੀਂ ਗੁਰਦਵਾਰੇ ਦੀ ਛੱਤ ਤੇ ਲੇਟ ਜਾਂਦੇ। ਗਪਸ਼ਪ ਚਲਦੀ ਰਹਿੰਦੀ। ਜਿਸ ਸਮੇਂ ਜੱਥੇਦਾਰ ਨੂੰ ਪਤਾ ਲਗਦਾ ਕਿ ਥੋੜੀ ਬਹੁਤੀ ਸੰਗਤ ਆਣੀ ਸ਼ੁਰੂ ਹੋ ਗਈ ਹੈ ਤਾਂ ਉਹ ਆਵਾਜ਼ ਮਾਰਦੇ, "ਖਾਲਸਾ ਜੀ! ਸਾਵਧਾਨ ਹੋ ਜਾਓ।" ਅਸੀਂ ਸਾਵਧਾਨ ਦਾ ਸ਼ਬਦ ਪਹਿਲੇ ਕਦੀ ਸੁਣਿਆ ਹੀ ਨਹੀਂ ਸੀ। ਅਸੀਂ ਇਹੀ ਸਮਝਿਆ ਕਿ ਜੱਥੇਦਾਰ ਸਾਨੂੰ ਚੁਪ ਚਾਪ ਸੌਣ ਲਈ ਕਹਿ ਰਿਹਾ ਹੈ। ਅਸੀਂ ਮਸ਼ਟ ਮਾਰ ਜਾਂਦੇ। ਇੰਨੇ ਨੂੰ ਫੇਰ ਜੱਥੇਦਾਰ ਉਚੀ ਆਵਾਜ਼ ਵਿਚ ਕਹਿੰਦਾ "ਖਾਲਸਾ ਜੀ! ਸਾਵਧਾਨ ਹੋ ਜਾਓ।" ਫਿਰ ਵੀ ਅਸੀਂ ਮੰਜੀਆਂ ਤੋਂ ਨਾ ਉਠਦੇ ਤਾਂ ਉਹ ਸਾਨੂੰ ਝੂਣ ਕੇ ਮੰਜੇ ਤੋਂ ਉਠਾਂਦਾ ਤੇ ਕਹਿੰਦਾ, "ਗੁਰਦਵਾਰੇ ਵਿਚ ਸੰਗਤ ਆ ਗਈ ਹੈ, ਫੋਰਨ ਦੀਵਾਨ ਵਿਚ ਪਹੁੰਚ ਜਾਉ।"

ਇਸ ਤਰ੍ਹਾਂ ਅਸੀਂ ਦੀਵਾਨ ਵਿਚ ਪਹੁੰਚਦੇ। ਕੁਝ ਜੋੜੀਆਂ ਦੇ ਸ਼ਬਦ ਅਸੀਂ ਅਗੇ ਅਗੇ ਪੜ੍ਹਦੇ ਤੇ ਪਿਛੇ ਪਿਛੇ ਸੰਗਤ ਪੜ੍ਹਦੀ। ਮਗਰੋਂ ਅਸੀਂ ਅੰਗ੍ਰੇਜ਼ੀ ਸਰਕਾਰ ਵਲੋਂ ਦਰਬਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਹਿਬ ਤੇ ਅਕਾਲ ਤਖਤ ਤੇ ਕਬਜ਼ਾ ਕਰਨ ਦੀ ਕੁਟਲ ਨੀਤੀ ਦੀ ਸਾਜ਼ਸ਼ ਦਾ ਪਰਦਾ ਚਾਕ ਕਰਦੇ, ਅਤੇ ਨਾਲ ਹੀ ਅਗਲਾ ਪ੍ਰੋਗਰਾਮ ਦਸਦੇ, ਕਿ ਫਲਾਣੀ ਤ੍ਰੀਕ ਨੂੰ ਸਰਕਾਰ ਦੇ ਪਿਠੂਆਂ ਤੇ ਝੋਲੀ ਚੁੱਕਾ ਨੇ ਆਪਣੇ ਆਪ ਨੂੰ ਅਸਲ ਅਕਾਲੀ ਦੱਸ ਕੇ ਦਰਬਾਰ ਸਾਹਿਬ ਤੇ ਕਬਜ਼ਾ ਕਰਨ ਆਉਣਾ ਹੈ। ਉਦੋਂ ਹਜ਼ਾਰਾਂ ਦੀ ਗਿਣਤੀ ਵਿਚ ਪਿੰਡਾਂ ਦੇ ਨੌਜੁਆਨ ਡੁਰਲੀ ਜੱਥੇ ਦੀ ਸ਼ਕਲ ਵਿਚ ਉਥੇ ਪਹੁੰਚ ਜਾਣ। ਇਹ ਜੱਥੇ ਆਪਣੇ ਆਪ ਨੂੰ ਅਕਾਲੀਆਂ ਤੇ ਸਰਕਾਰ ਤੋਂ ਬਿਲਕੁਲ ਆਜ਼ਾਦ ਦਰਸਾਣ ਤੇ ਵਡੇ ਵਡੇ ਡਾਂਗ ਸੋਟਿਆਂ ਨਾਲ ਹਥਿਆਰ ਬੰਦ ਹੋ ਕੇ ਸਰਕਾਰੀ ਜੱਥਿਆਂ ਨੂੰ ਮਾਰ ਕੁਟ ਕੇ ਦਰਬਾਰ ਸਾਹਿਬ ਦੀ ਪਰਿਕਰਮਾ 'ਚੋਂ ਬਾਹਰ ਕੱਢ ਦੇਣ। ਅੰਗਰੇਜ਼ੀ ਸਰਕਾਰ ਨੂੰ ਅਜਿਹਾ ਲਗੇ ਕਿ ਅਕਾਲੀਆਂ ਦੇ ਵਿਪਰੀਤ ਕਿਸੇ ਹੋਰ ਸਿਖ ਸੰਸਥਾ ਨੇ ਅਕਾਲੀਆਂ ਨੂੰ ਬਾਹਰ ਕੱਢ ਕੇ ਦਰਬਾਰ ਸਾਹਿਬ, ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਦਫਤਰਾਂ ਤੇ ਕਬਜ਼ਾ ਕਰ ਲਿਆ ਹੈ।

ਸੋ ਇਸ ਤਰ੍ਹਾਂ ਇਨ੍ਹਾਂ ਸੱਤ ਜਥਿਆਂ ਨੇ ਅੰਮ੍ਰਿਤਸਰ ਦੇ ਸਾਰੇ ਪਿੰਡਾਂ ਵਿਚ ਪਰਚਾਰ ਕਰ ਕੇ ਸਰਕਾਰ ਦੀ ਸਾਜ਼ਸ਼ ਦਾ ਭਾਂਡਾ ਚੌਰਾਹੇ ਵਿਚ ਫੋੜ ਦਿੱਤਾ ਅਤੇ ਅਸੀਂ ਸੱਤ ਦਿਨਾਂ ਮਗਰੋਂ ਮੁੜ ਕੇ ਆਪਣੇ ਅਪਣੇ ਬੁੰਗੇ ਵਿਚ ਆ ਗਏ।

ਮਿਥੀ ਹੋਈ ਤ੍ਰੀਕ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਪਿੰਡਾਂ ਦੇ ਝੋਲੀ ਚੁਕ ਸਰਕਾਰ-ਪ੍ਰਸਤ, ਤੇ ਟੋਡੀ ਜ਼ੈਲਦਾਰਾਂ ਨੰਬਰਦਾਰ, ਦਰਬਾਰ ਸਾਹਿਬ ਦੀ ਪਰਿਕਰਮਾ ਵਿਚ, ਕਬਜ਼ਾ ਕਰਨ ਆ ਗਏ। ਉਨ੍ਹਾਂ ਨੂੰ ਅਕਾਲੀ ਦਲ ਦੇ ਮਿਥੇ ਪ੍ਰੋਗਰਾਮ ਅਨੁਸਾਰ ਡੁਰਲੀ ਜਥਿਆਂ ਨੇ ਡਾਂਗਾਂ ਸੋਟੇ ਮਾਰ ਮਾਰ ਬਾਹਰ ਕੱਢ ਦਿੱਤਾ। ਡੁਰਲੀ ਜੱਥਿਆਂ ਦਾ ਨਾਹਰਾ ਸੀ, "ਸਾਡਾ ਅਕਾਲੀ ਦਲ ਨਾਲ ਕੋਈ ਸੰਬੰਧ ਨਹੀਂ। ਅਸੀਂ ਆਜ਼ਾਦ ਹਾਂ, ਪਰ ਦਰਬਾਰ ਸਾਹਿਬ ਤੇ ਝੋਲੀ ਚੁੱਕਾਂ ਦਾ ਕਬਜ਼ਾ ਨਹੀਂ ਹੋਣ ਦਿਆਂਗੇ।"

ਇਸ ਤਰ੍ਹਾਂ ਇਹ ਹੋਣੀ ਟਲ ਗਈ। ਸਰਕਾਰ ਦੀ ਇਹ ਖਤਰਨਾਕ ਸਾਜ਼ਸ਼ ਵੀ ਨਾਕਾਮ ਰਹੀ। ਉਹ ਪਹਿਲਾਂ ਤੋਂ ਵੀ ਵਧੇਰੇ ਬਦਨਾਮ ਹੋ ਗਈ।

ਪਿੰਡਾਂ ਦਾ ਦੌਰਾ ਕਰਨ ਮਗਰੋਂ ਜਦੋਂ ਅਸੀਂ ਵਾਪਸ ਪਰਤੇ ਤਾਂ ਮੇਰੀਆਂ ਦੋਹਾਂ ਬਾਹਵਾਂ ਤੇ ਫਿੰਨਸੀਆਂ ਫੋੜੇ ਨਿਕਲ ਆਏ। ਮੈਨੂੰ ਗੁਰੂ ਰਾਮਦਾਸ ਹਸਪਤਾਲ ਵਿਚ ਦਾਖਲ ਕਰਾ ਦਿੱਤਾ ਗਿਆ। ਕਈ ਦਿਨ ਇਲਾਜ ਹੁੰਦਾ ਰਿਹਾ। ਡਾਕਟਰ ਵਲੋਂ ਹਿਦਾਇਤ ਸੀ, ਕਿ ਇਨ੍ਹਾਂ ਜ਼ਖਮਾਂ ਕਾਰਣ ਮੈਨੂੰ ਆਰਾਮ ਕਰਨਾ ਚਾਹੀਦਾ ਹੈ, ਪਰ ਮੈਂ ਅਪਣੇ ਛੋਟੇ ਛੋਟੇ ਜ਼ਖਮਾਂ ਤੇ ਦੁਆਈ ਲਾ ਕੇ ਅਵਾਰਾਗਰਦੀ ਕਰਨ ਤੁਰ ਪੈਂਦਾ। ਅਪਣੀਆਂ ਬਾਹਵਾਂ ਹੇਠਾਂ ਨਹੀਂ ਸਨ ਕੀਤੀਆਂ ਜਾ ਸਕਦੀਆਂ। ਇਸ ਲਈ ਮੈਂ ਸਿਰ ਤੇ ਹੀ ਦੋਵੇਂ ਹਥ ਰਖ ਕੇ ਤੁਰਦਾ। ਮਟਰ ਗਸ਼ਤੀ ਕਰ ਕੇ ਸ਼ਾਮ ਨੂੰ ਹਸਪਤਾਲ ਪਰਤਦਾ। ਇਕ ਦਿਨ ਕਿਸੇ ਨੇ ਮੇਰੇ ਬਿਸਤਰੇ 'ਚੋਂ ਚਾਦਰ ਉਡਾ ਲਈ। ਸੋ ਮੈਨੂੰ ਸਖਤ ਵਾਰਨਿੰਗ ਦਿਤੀ ਗਈ, ਕਿ ਸਾਰਾ ਦਿਨ ਹਸਪਤਾਲੋਂ ਬਾਹਰ ਨਹੀਂ ਨਿਕਲਣਾ, ਪਰ ਕੌਣ ਚੌਵੀ ਘੰਟੇ ਹਸਪਤਾਲ ਦੀ ਵਲਗਣ ਵਿਚ ਕੈਦ ਰਹਿ ਸਕਦਾ? ਪਹਿਲਾਂ ਵਾਂਗ ਹੀ ਅੰਮ੍ਰਿਤਸਰ ਦੇ ਬਾਜ਼ਾਰਾਂ ਤੇ ਗਲੀਆਂ ਦੀ ਅਵਾਰਾਗਰਦੀ ਕਰਦਾ ਰਹਿੰਦਾ। ਹਰਿਮੰਦਿਰ ਸਾਹਿਬ ਵਿਚ ਕੀਰਤਨ ਸੁਣਦਾ। ਬੁੰਗੇ ਵਿਚ ਰਹਿ ਰਹੇ ਸਾਥੀਆਂ ਨੂੰ ਮਿਲਦਾ ਤੇ ਸ਼ਾਮ ਨੂੰ ਹਸਪਤਾਲ ਪੁੱਜ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



## ਘਰ ਵਾਪਸੀ

ਇਨ੍ਹੀਂ ਦਿਨੀਂ ਮੇਰਾ ਇਕ ਵਾਕਫਕਾਰ ਸਜਣ ਮਿਲ ਗਿਆ। ਉਸ ਨੇ ਮੇਰੀ ਇਹ ਹਾਲਤ ਵੇਖ ਪਿੰਡ ਵਿਚ ਪਿਤਾ ਜ਼ੀ ਨੂੰ ਚਿੱਠੀ ਲਿਖੀ, ਕਿ ਤੁਹਾਡਾ ਬੇਟਾ ਹਸਪਤਾਲ ਵਿਚ ਬੀਮਾਰ ਪਿਆ ਹੈ। ਛਾਲੇ ਫਿੰਨਸੀਆਂ ਦੀ ਬਜਾਏ ਉਸ ਦੀ ਚਿੱਠੀ ਤੋਂ ਇਹ ਪੜ੍ਹਿਆ ਗਿਆ ਕਿ ਇਸ ਦੇ ਦੋਵੇਂ ਬੰਦ ਛੁੜਕ ਗਏ ਹਨ। ਚਿੱਠੀ ਮਿਲਦਿਆਂ ਸਾਰ ਲਾਲਾ ਜੀ ਅੰਮ੍ਰਿਤਸਰ ਆ ਗਏ। ਉਦੋਂ ਤੀਕ ਮੈਂ ਠੀਕ ਠਾਕ ਹੋ ਕੇ ਬੁੰਗੇ ਵਿਚ ਆ ਗਿਆ ਸਾਂ। ਉਨ੍ਹਾਂ ਮੈਨੂੰ ਬੁੰਗੇ ਵਿਚ ਜਾ ਢੂੰਡਿਆ। ਮੇਰੇ ਘਰੋਂ ਅਚਾਨਕ ਗ਼ਾਇਬ ਹੋਣ ਮਗਰੋਂ ਘਰ ਵੀ ਪ੍ਰੇਸ਼ਾਨੀ ਸੀ। ਮੇਰੇ ਮਾਤਾ ਜੀ ਅਤੇ ਭੈਣ ਭਰਾ ਮੇਰੇ ਵਿਛੋੜੇ ਵਿਚ ਤੜਪਦੇ ਰਹੇ ਸਨ। ਘਰ ਜਾਣ ਲਈ ਉਨ੍ਹਾਂ ਬੜਾ ਜ਼ੋਰ ਲਾਇਆ। ਬੁੰਗੇ ਵਿਚ ਸਾਡੇ ਜੱਥੇਦਾਰ ਨੂੰ ਉਹ ਮਿਲੇ। ਉਸ ਨੇ ਦਸਿਆ ਕਿ ਇਨ੍ਹਾਂ ਵਿਦਿਆਰਥੀਆਂ ਦੀ ਇਥੇ ਲੋੜ ਨਹੀਂ। ਆਪਣੀ ਮਰਜ਼ੀ ਨਾਲ ਇਹ ਇਥੇ ਡੱਟੇ ਹੋਏ ਹਨ। ਫਿਰ ਵੀ ਮੈਂ ਘਰ ਜਾਣ ਲਈ ਤਿਆਰ ਨਾਂਹ ਹੋਇਆ, ਸਗੋਂ ਪਿਤਾ ਜੀ ਨੂੰ ਕਿਹਾ ਕਿ ਉਹ ਵੀ ਮੇਰੇ ਨਾਲ ਅਕਾਲੀ ਜੱਥੇ ਵਿਚ ਸ਼ਾਮਲ ਹੋ ਜਾਣ। ਕਈ ਦਿਨ ਉਹ ਉਥੇ ਰਹੇ। ਉਨ੍ਹਾਂ ਦੀ ਪ੍ਰੇਰਨਾ ਕਾਰਣ ਮੈਂ ਘਰ ਜਾਣਾ ਮੰਨ ਲਿਆ। ਇਸ ਤਰ੍ਹਾਂ ਅਸੀਂ ਅੰਮ੍ਰਿਤਸਰੋਂ ਘਰ ਪਹੁੰਚ ਗਏ। ਗਰਮੀਆਂ ਦੀਆਂ ਛੁਟੀਆਂ ਖਤਮ ਹੋ ਚੁਕੀਆਂ ਸਨ। ਘਰੋਂ ਨੱਠੇ ਸਾਰੇ ਵਿਦਿਆਰਥੀ ਵੀ ਮਗਰੋਂ ਘਰ ਵਾਪਸ ਆ ਗਏ ਸਨ।

ਛੁਟੀਆਂ ਖਤਮ ਹੋਣ ਮਗਰੋਂ ਮੈਨੂੰ ਖਾਲਸਾ ਹਾਈ ਸਕੂਲ ਸੁੱਖੋ ਭੇਜਿਆ ਗਿਆ ਪਰ ਮੇਰਾ ਉਥੇ ਜੀ ਨਾਂਹ ਲਗਿਆ। ਮੈਂ ਆਪਣਾ ਨਾਂ ਕਟਾ ਕੇ ਖਾਲਸਾ ਹਾਈ ਸਕੂਲ ਸਯੱਦ ਆ ਗਿਆ। ਇਸ ਸਕੂਲ ਵਿਚ ਮੇਰੇ ਪਿੰਡ ਦੇ ਦੋ ਹੋਰ ਮੁੰਡੇ ਪੜ੍ਹਦੇ ਸਨ। ਗਰਮੀ ਦੀਆਂ ਛੁਟੀਆਂ ਵਿਚ ਸਕੂਲ ਵਲੋਂ ਮਿਲਿਆ ਹੋਮਵਰਕ ਵੀ ਮੈਂ ਨਹੀਂ ਸੀ ਕੀਤਾ। ਨਾ ਹੀ ਕਿਤਾਬਾਂ ਨੂੰ ਹਥ ਲਾਇਆ ਸੀ। ਸੋ ਮੈਂ ਛੇਵੀਂ ਵਿਚ ਫੇਲ੍ਹ ਹੋ ਗਿਆ। ਮੁੜ ਛੇਵੀਂ ਵਿਚ ਪੜ੍ਹਨ ਵਾਸਤੇ ਮੇਰਾ ਜੀਅ ਨਹੀਂ ਸੀ ਕਰਦਾ। ਪਿਤਾ ਜੀ ਸਕੂਲ ਵਿਚ ਆਏ। ਉਨ੍ਹਾਂ ਬੜਾ ਸਮਝਾਇਆ। ਮਿੰਨਤ ਤਰਲੇ ਕੀਤੇ, ਪਰ ਮੈਂ ਨਾ ਮੰਨਿਆ। ਅਖੀਰ ਉਨ੍ਹਾਂ ਘਰ ਜ਼ਾਣ ਵੇਲੇ ਮੈਨੂੰ ਕਿਹਾ "ਪਿਆਰਾ ਸਿੰਘ! ਅਜ ਤੋਂ ਤੇਰਾ ਮੇਰਾ ਰਿਸ਼ਤਾ ਖਤਮ। ਤੂੰ ਜਾਣ ਤੇਰਾ ਕੰਮ ਜਾਣੇ। ਮੈਂ ਘਰ ਚਲਿਆ ਹਾਂ।"

ਇਹ ਸ਼ਬਦ ਸੁਣ ਮੇਰਾ ਰੋਣ ਨਿਕਲ ਗਿਆ। ਉਨ੍ਹਾਂ ਨੂੰ ਜਫੀ ਪਾ ਲਈ ਤੇ ਅੱਗੋਂ ਪੜ੍ਹਨ ਲਈ ਮੰਨ ਗਿਆ। ਸੋ ਮੈਂ ਉਸੇ ਸਕੂਲ ਵਿਚ ਹੀ ਪੜ੍ਹਨ ਅਤੇ ਬੋਰਡਿੰਗ ਹਾਊਸ ਵਿਚ ਰਹਿਣ ਦਾ ਮਨ ਬਣਾ ਲਿਆ। ਪਿਤਾ ਜੀ ਖੁਸ਼ੀ ਖੁਸ਼ੀ ਹਸਦੇ ਖੇਡਦੇ ਮੇਰੇ ਤੋਂ ਵਿਦਾ ਹੋ ਕੇ ਆਪਣੇ ਪਿੰਡ ਚਲੇ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਾਵਲਪਿੰਡੀ

## (ਸੰਨ 1929 ਤੋਂ 1940 ਤੀਕ)

ਖਾਲਸਾ ਸਕੂਲ ਸਯੱਦ 'ਚੋਂ ਮੈਂ ਸੰਨ 1929 ਵਿਚ ਦਸਵੀਂ ਪਾਸ ਕੀਤੀ। ਵਡੇ ਵੀਰ ਗੁਰਬਖਸ਼ ਸਿੰਘ ਨੇ ਸੁਝਾ ਦਿੱਤਾ, ''ਆਪਣੀ ਇਕ ਬਸ ਰਾਵਲਪਿੰਡੀਓਂ ਸ੍ਰੀ ਨਗਰ (ਕਸ਼ਮੀਰ) ਚਲਦੀ ਹੈ। ਸਾਡਾ ਰੇਲਵੇ ਏਜੰਸੀ ਐਨ.ਡੀ. ਰਾਧਾਕਿਸ਼ਨ ਨਾਲ ਸੰਪਰਕ ਹੈ। ਜੇ ਤੂੰ ਡਰਾਈਵਰੀ ਸਿਖ ਲਵੇਂ, ਤਾਂ ਆਪਣੀ ਬਸ ਜਾਂ ਕਾਰ ਰਾਹੀਂ ਕਾਫੀ ਲਾਭ ਹੋ ਸਕਦਾ ਹੈ।''

ਸਕੂਲ ਦੇ ਬਜ਼ੁਰਗ ਧਾਰਮਕ ਟੀਚਰ ਭਾਈ ਸੌਦਾਗਰ ਸਿੰਘ, ਮੈਨੂੰ ਖਾਲਸਾ ਕਾਲਜ ਅਮ੍ਰਿਤਸਰ ਵਿਚ ਦਾਖਲ ਕਰਾਣਾ ਚਾਹੁੰਦੇ ਸਨ। ਉਹ ਪਿਤਾ ਜੀ ਦੇ ਬੜੇ ਪਿਆਰੇ ਮਿਤਰ ਸਨ। ਪੰਜਾਬੀ ਵਿਚ ਮੈਂ ਅਸਾਧਾਰਨ ਵਿਦਿਆਰਥੀ ਸਾਂ। ਅਖੀਰ ਮੈਂ ਆਪਣੇ ਵੀਰ ਗੁਰਬਖਸ਼ ਸਿੰਘ ਦਾ ਸੁਝਾ ਮੰਨ ਲਿਆ।

ਉਸ ਸਮੇਂ ਬੇਰੋਜ਼ਗਾਰੀ ਅੰਤਾਂ ਦੀ ਸੀ। ਪ੍ਰਾਈਵੇਟ ਨੌਕਰੀ ਦੀ ਆਸ ਨਹੀਂ ਸੀ। ਅੰਗ੍ਰੇਜ਼ੀ ਸਰਕਾਰ ਦੀ ਨੌਕਰੀ ਨਾਹ ਕਰਨ ਦੀ ਮੈਂ ਸਕੂਲ ਸਮੇਂ ਹੀ ਕਸਮ ਖਾ ਲਈ ਸੀ। ਸੋ 1929 ਵਿਚ ਬਸ ਚਾਲਕ ਦਾ ਕੰਮ ਮੈਂ ਇਕ ਸਾਲ ਵਿਚ ਸਿਖ ਲਿਆ, ਸੰਨ 1930 ਦੇ ਅਰੰਭ ਵਿਚ ਮੈਂ ਸੈਕੰਡਹੈਂਡ ਸ਼ੈਵਰਲੈਟ ਕਾਰ ਬਾਰਾਂ ਸੌ ਤੋਂ ਖ੍ਰੀਦ ਕੇ ਰਾਵਲਪਿੰਡੀ ਤੋਂ ਕੋਹਮਰੀ ਤੀਕ ਸਵਾਰੀਆਂ ਢੋਣ ਦਾ ਕਿੱਤਾ ਅਪਣਾ ਲਿਆ।

ਉਨ੍ਹੀਂ ਦਿਨੀਂ ਇਕ ਹੋਰ ਕਿਸਮਤ ਦਾ ਮਾਰਿਆ ਪੜ੍ਹਿਆ ਲਿਖਿਆ ਅੰਗ੍ਰੇਜ਼ ਨੌਜਵਾਨ ਵਿਲਸਨ ਵੀ ਇਸ ਕੰਮ ਵਿਚ ਪੈ ਗਿਆ ਸੀ। ਅਸੀਂ ਦੋਵੇਂ ਕਦੀ-ਕਦਾਈਂ ਮਿਲਦੇ, ਤੇ ਦੁਖ ਸੁਖ ਸਾਂਝਾ ਕਰ ਲੈਂਦੇ। ਮੈਂ ਜਦੋਂ ਵੇਹਲਾ ਹੁੰਦਾ, ਪੜ੍ਹਨ ਲਿਖਣ ਵਿਚ ਜੁਟ ਜਾਂਦਾ। ਪੜ੍ਹਨ ਲਿਖਣ ਦੀ ਬੀਮਾਰੀ ਮੈਨੂੰ ਆਪਣੇ ਬਚਪਨ ਤੋਂ ਹੀ ਖਾਲਸਾ ਸਕੂਲ ਸਯੱਦ ਤੋਂ ਲਗ ਚੁਕੀ ਸੀ। ਬਾਕੀ ਦੇ ਡਰਾਈਵਰ, ਕਲੀਨਰ, ਹਾਕਰ ਤੇ ਏਜੰਟ ਲੋਕ ਫੁਰਸਤ ਵੇਲੇ ਬੋਤਲ ਖੋਲ੍ਹ ਲੈਂਦੇ, ਉਦੋਂ ਮੇਰਾ ਸਾਥ ਮੇਰੀਆਂ ਪੁਸਤਕਾਂ ਹੀ ਦਿੰਦੀਆਂ।

### ਇਕ ਵਿਸ਼ੇਸ਼ ਘਟਨਾ

ਜਿਸ ਘਟਨਾ ਦਾ ਮੈਂ ਜ਼ਿਕਰ ਕਰਨ ਲਗਾ ਹਾਂ, ਉਹ ਨਾ ਵਾਪਰਦੀ, ਜੇ ਮੈਂ ਆਪ ਪੰਗਾ ਨਾ ਲੈਂਦਾ। ਮੇਰੇ ਪਿੰਡ ਦਾ ਇਕ ਮਿਤਰ ਸੀ, ਉਸ ਦਾ ਨਾਂ ਸੀ ਭਗਵੰਤ। ਉਹ ਬੜਾ ਸੁੰਦਰ ਨੌਜਵਾਨ, ਪੜ੍ਹਨ ਵਿਚ ਲਾਇਕ ਤੇ ਘਰੋਂ ਚੰਗੇ ਰਜਦੇ ਪੁਜਦੇ ਪਰਿਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿਚੋਂ ਸੀ। ਅਸੀਂ ਇਕੱਠਿਆਂ ਦਸਵੀਂ ਪਾਸ ਕੀਤੀ। ਦਸਵੀਂ ਪਿਛੋਂ ਮੈਂ ਟਰਾਂਸਪੋਰਟ ਦੇ ਕਾਰੋਬਾਰ ਵਿਚ ਪੈ ਗਿਆ, ਤੇ ਭਗਵੰਤ ਕਾਲਜ ਚਲਾ ਗਿਆ। ਇਕ ਦੋ ਵਾਰੀ ਕਾਲਜ ਮੈਂ ਉਸ ਨੂੰ ਮਿਲਣ ਵੀ ਗਿਆ, ਪਰ ਬਹੁਤਾ ਸਾਡਾ ਆਪੋ ਵਿਚ ਮੇਲ ਜੋਲ ਨਹੀਂ ਸੀ ਹੁੰਦਾ। ਸਾਲ ਭਰ ਵਿਚ ਬਸ ਨਾਂ ਮਾਤਰ ਹੀ ਸਾਡੀ ਇਕ ਦੋ ਵਾਰ ਕਿਧਰੇ ਅਚਾਨਕ ਮੁਲਾਕਾਤ ਹੋ ਜਾਂਦੀ।

ਇਕ ਦਿਨ ਭਗਵੰਤ ਮੈਨੂੰ ਮੋਟਰਾਂ ਦੇ ਅੱਡੇ ਤੇ ਮਿਲ ਪਿਆ। ਉਹ ਕੰਨੀ ਖਿਸਕਾ ਕੇ ਨਿਕਲ ਜਾਣਾ ਚਾਹੁੰਦਾ ਸੀ, ਪਰ ਮੈਂ ਉਸ ਨੂੰ ਜਾ ਫੜਿਆ। ਉਹ ਕੁਝ ਘਬਰਾਇਆ ਹੋਇਆ ਸੀ। ਮੇਰੇ ਪੁਛਣ ਤੇ ਉਸ ਦਸਿਆ "ਅਜ ਮੇਰੀ ਕੋਹਮਰੀ ਤ੍ਰੀਕ ਹੈ। ਮੇਰੇ ਨਾਲ ਦੋ ਤਿੰਨ ਹੋਰ ਸਵਾਰੀਆਂ ਵੀ ਹਨ। ਇਸ ਲਈ ਮੈਂ ਟੈਕਸੀ ਲੈਣ ਆਇਆ ਹਾਂ।"

ਮੈਂ ਉਸ ਨੂੰ ਆਪਣੀ ਮੋਟਰ ਪੇਸ਼ ਕੀਤੀ। ਉਹ ਨਾ ਨਾ ਕਰਦਾ ਅਖੀਰ ਮੰਨ ਗਿਆ। ਅਸੀਂ ਮੋਟਰ ਲੈ ਕੇ ਤੁਰ ਪਏ। ਬਾਕੀ ਦੀਆਂ ਸਵਾਰੀਆਂ ਉਸ ਰਾਹ ਵਿੱਚੋਂ ਬਿਠਾਣੀਆਂ ਸਨ। ਥੋੜੀ ਦੂਰ ਜਾ ਕੇ ਉਸ ਆਪਣੀਆਂ ਸਵਾਰੀਆਂ ਬਿਠਾ ਲਈਆਂ। ਉਨ੍ਹਾਂ ਵਿਚ ਇਕ ਅਧਖੜ ਇਸਤ੍ਰੀ, ਇਕ ਹੁਸੀਨ ਮੁਟਿਆਰ ਤੇ ਇਕ ਨੌਜਵਾਨ ਸਨ। ਇਸਤ੍ਰੀ ਤੇ ਨੌਜਵਾਨ ਪਿਛਲੀ ਸੀਟ ਤੇ ਬੈਠ ਗਏ। ਉਹ ਆਪ ਤੇ ਚੰਚਲ ਕੁੜੀ ਅਗਲੀ ਸੀਟ ਤੇ ਮੇਰੇ ਪਾਸ ਬੈਠ ਗਏ। ਰਾਹ ਵਿਚ ਉਨ੍ਹਾਂ ਦੀਆਂ ਅਜੀਬੋ-ਗਰੀਬ ਹਰਕਤਾਂ ਵੇਖ ਵੇਖ ਮੈਂ ਹੈਰਾਨ ਹੋਈ ਜਾਵਾਂ ਕਿ, ਇਹ ਕਿਸ ਕਿਸਮ ਦੇ ਬੰਦੇ ਤ੍ਰੀਕ ਭੁਗਤਣ ਜਾ ਰਹੇ ਹਨ। ਕਦੀ ਅਗੇ ਵਾਲੀ ਇਸਤ੍ਰੀ ਭਗਵੰਤ ਨੂੰ ਘੁਟ ਕੇ ਜੱਫੀ ਪਾ ਲੈਂਦੀ ਕਦੀ ਪਿਛਲਾ ਜਵਾਨ ਆਪਣੀ ਸਾਥਣ ਨੂੰ ਚੁੰਮ ਲੈਂਦਾ। ਖੈਰ ਅਸੀਂ ਕੋਹਮਰੀ ਪਹੁੰਚ ਗਏ, ਤੇ ਉਹ ਸ਼ਾਮੀਂ ਚਾਰ ਵਜੇ ਵਾਪਸ ਪਰਤਣ ਲਈ ਕਹਿ ਕੇ ਕਚਹਿਰੀ ਤ੍ਰੀਕ ਭੁਗਤਣ ਤੁਰ ਪਏ।

ਮੈਂ ਇਸ ਤਰ੍ਹਾਂ ਦਾ ਉਡੀਕ ਦਾ ਸਮਾਂ ਕਿਤਾਬਾਂ ਪੜ੍ਹਨ ਜਾਂ ਨਾਲ ਦੀਆਂ ਪਹਾੜੀਆਂ ਗਾਹਣ ਵਿਚ ਬਿਤਾਂਦਾ ਸਾਂ। ਤਿੰਨ ਕੁ ਵਜੇ ਇਕ ਪਹਾੜੀ ਦੀ ਚੋਟੀ ਤੇ ਖੜੋਤੇ ਨੂੰ ਹਾਕਰ ਦੀ ਆਵਾਜ਼ ਪਈ, "ਸਰਦਾਰ ਜੀ! ਤੁਹਾਡੀਆਂ ਸਵਾਰੀਆਂ ਉਡੀਕ ਰਹੀਆਂ ਹਨ, ਛੇਤੀ ਬਹੁੜੋ।"

ਮੈਂ ਅੱਡੇ ਤੇ ਆ ਪੁਜਾ। ਉਹ ਲੋਕ ਬੜੀ ਘਬਰਾਹਟ ਵਿਚ ਮੈਨੂੰ ਉਡੀਕ ਰਹੇ ਸਨ। ਮੈਂ ਉਨ੍ਹਾਂ ਨੂੰ ਕਾਰ ਵਿਚ ਬਿਠਾ ਕੇ ਤੁਰ ਪਿਆ। ਹੁਣ ਵਾਪਸੀ ਤੇ ਉਨ੍ਹਾਂ ਕੋਈ ਅਜਿਹੀ ਹਰਕਤ ਨਾ ਕੀਤੀ, ਜੋ ਜਾਂਦਿਆਂ ਕਰਦੇ ਰਹੇ ਸਨ। ਜਿਵੇਂ ਉਹ ਲੋਕ ਚਾਰ ਛੇ ਘੰਟਿਆਂ ਵਿਚ ਹੀ ਧਰਮ ਪੁਤਰ ਯੁਧਿੱਸ਼ਟਰ ਬਣ ਗਏ ਹੋਣ। ਮੈਨੂੰ ਇਸ ਦੀ ਬੜੀ ਖੁਸ਼ੀ ਸੀ। ਹੁਣ ਅਸੀਂ ਵਾਹੋਦਾਹੀ ਰਾਵਲਪਿੰਡੀ ਵਲ ਵਗੀ ਜਾ ਰਹੇ ਸਾਂ। ਕੋਹਮਰੀ ਪਹਾੜ ਦੀ ਜਿਸ ਥਾਂ ਉਤਰਾਈ ਖਤਮ ਹੁੰਦੀ ਹੈ, ਉਥੇ ਇਕ ਮੋੜ ਤੇ ਸਾਰੇ ਗਡੀਆਂ ਵਾਲੇ ਆਪਣੀਆਂ ਮੋਟਰਾਂ ਬਸਾਂ ਰੋਕ ਕੇ ਪਟਰੋਲ ਖੋਲ੍ਹਦੇ, ਪਾਣੀ ਪੀਂਦੇ ਤੇ ਦੋ-ਚਾਰ ਮਿੰਟ ਲਈ ਗਪਸ਼ਪ ਲੜਾਂਦੇ ਸਨ। ਇਸੇ ਥਾਂ, ਪਿੰਡੀ ਤੋਂ ਜਾਣ ਵਾਲੀਆਂ ਮਿਲਟਰੀ ਦੀਆਂ ਗਡੀਆਂ ਵੀ ਖੜੋਂਦੀਆਂ ਸਨ - ਜਿਨ੍ਹਾਂ ਦੇ ਡਰਾਈਵਰ ਗਡੀਆਂ 'ਚੋਂ ਪਟਰੋਲ ਕਢ ਕੇ ਸਸਤੇ ਭਾ ਵੇਚਿਆ ਕਰਦੇ ਸਨ, ਤੇ ਇਸ ਕੰਮ ਨੂੰ ਉਨ੍ਹਾਂ ਦੀ ਬੋਲੀ ਵਿਚ 'ਟਾਂਕਾ ਲਾਣਾ' ਕਹਿੰਦੇ ਸਨ। ਮੈਂ ਜਦੋਂ ਇਸ ਟਿਕਾਣੇ ਰੁਕਿਆ ਤਾਂ ਮੇਰਾ ਮਿੱਤਰ ਵਿਲਸਨ ਇਕ ਮਿਲਟਰੀ ਵਾਲੇ ਪਾਸੋਂ ਸਸਤੇ ਪੈਟਰੋਲ ਦਾ ਟਾਂਕਾ ਲਾ ਰਿਹਾ ਸੀ। ਉਸ ਮੈਨੂੰ ਇਸ਼ਾਰੇ ਨਾਲ ਆਪਣੇ ਪਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੁਲਾ ਕੇ ਕਿਹਾ, ''ਸਰਦਾਰ! ਅਜ ਤੂੰ ਕਿੰਨ੍ਹਾ ਬਦਮਾਸ਼ਾਂ ਨੂੰ ਗਡੀ ਵਿਚ ਬਿਠਾਈ ਫਿਰਦਾ ਏਂ?''

''ਬਦਮਾਸ਼! ਉਹ ਕਿਵੇਂ? ਇਨ੍ਹਾਂ 'ਚੋਂ ਇਕ ਤਾਂ ਮੇਰਾ ਪੁਰਾਣਾ ਬੇਲੀ ਹੈ, ਤੇ ਬਾਕੀ ਉਸਦੀਆਂ ਅਸਾਮੀਆਂ ਹਨ - ਜੋ ਤ੍ਰੀਕ ਭੁਗਤਣ ਕੋਹਮਰੀ ਆਈਆਂ ਹਨ।''

''ਤ੍ਰੀਕ ਭੁਗਤਣ ਇਹ ਸਵਾਹ ਆਏ ਹਨ, ਇਹ ਤਾਂ ਇਨ੍ਹਾਂ ਪਹਾੜਾਂ ਵਿਚ ਗੰਦ ਘੋਲਣ ਆਏ ਹਨ। ਅਜ ਇਹ ਲੋਕ ਆਪਣੀਆਂ ਨੰਗੀਆਂ ਹਰਕਤਾਂ ਕਾਰਨ ਪੁਲਸ ਦੇ ਟੇਟੇ ਚੜ੍ਹ ਗਏ ਸਨ। ਉਨ੍ਹਾ ਨੇ ਇਨ੍ਹਾਂ ਨੂੰ ਤਿੰਨ ਚਾਰ ਘੰਟੇ ਥਾਣੇ ਡੱਕੀ ਰਖਿਆ। ਤੇ ਇਹ ਸਾਲਾ (ਭਗਵੰਤ ਵਲ ਇਸ਼ਾਰਾ ਕਰ ਕੇ) ਦੋ ਸੌ ਰੁਪਏ ਦੇ ਕੇ, ਮਸਾਂ ਮਸਾਂ ਉਥੋਂ ਛੁਟਿਆ ਹੈ।''

ਵਿਲਸਨ ਦੀ ਗਲ ਸੁਣ ਕੇ ਮੈਨੂੰ ਹੁਣ ਸਮਝ ਆਈ, ਕਿ ਇਹ ਯੁੱਧਿਸ਼ਟਰ ਦੀ ਉਮਤ ਇਸ ਸਮੇਂ ਕਿਉਂ ਧਰਮ ਪੁਤਰ ਬਣੀ ਬੈਠੀ ਹੈ?

ਕੁਝ ਦਿਨ ਮਗਰੋਂ ਮੈਨੂੰ ਪਤਾ ਲਗਾ ਕਿ ਪਿਛਲੀ ਸੀਟ ਤੇ ਬੈਠੀ ਲੜਕੀ ਕਿਸੇ ਪੁਲਸ ਅਫਸਰ ਦੀ ਅਗਵਾ ਕੀਤੀ ਧੀ ਸੀ। ਪਿਛਲੀ ਸੀਟ ਤੇ ਬੈਠਾ ਅਗਵਾ ਕਰਨ ਵਾਲਾ ਉਸ ਦਾ ਸਾਥੀ ਹੀ ਸੀ। ਮਹੀਨੇ ਕੁ ਮਗਰੋਂ ਦੋਵੇ ਫੜੇ ਗਏ, ਤੇ ਫਿਰ ਪਤਾ ਨਹੀਂ ਉਨ੍ਹਾਂ ਦਾ ਕੀ ਬਣਿਆ?

ਭਗਵੰਤ ਦੀ ਅਸਾਮੀ, ਜੋ ਉਸ ਨਾਲ ਅਗਲੀ ਸੀਟ ਤੇ ਬੈਠੀ ਸੀ ਤੇ ਜੋ ਕੋਹਮਰੀ ਤ੍ਰੀਕ ਭੁਗਤਣ ਆਈ ਸੀ, ਇਕ ਵੇਸਵਾ ਸੀ, ਜਿਸ ਨੇ ਭਗਵੰਤ ਨੂੰ ਆਪਣੇ ਚੁੰਗਲ ਵਿਚ ਬੁਰੀ ਤਰ੍ਹਾਂ ਫਸਾ ਲਿਆ ਸੀ। ਤੇ ਇਹ ਲੋਕ ਕੋਹਮਰੀ ਤ੍ਰੀਕ ਭੁਗਤਣ ਨਹੀਂ, ਸਗੋਂ ਅੱਯਾਸ਼ੀ ਕਰਨ ਨਿਕਲੇ ਸਨ, ਤੇ ਉਥੇ ਉਹ ਪੁਲਸ ਦੇ ਟੇਟੇ ਚੜ੍ਹ ਗਏ ਸਨ।

ਭਗਵੰਤ ਨੂੰ ਵੇਸਵਾ ਨੇ ਅਜਿਹਾ ਕਾਬੂ ਕੀਤਾ, ਕਿ ਉਸ ਨੇ ਆਪਣੀ ਪੜ੍ਹਾਈ ਛਡ ਕੇ ਉਸ ਦੇ ਡੇਰੇ ਵਿਚ ਹੀ ਡੇਰਾ ਜਮਾ ਲਿਆ। ਘਰ ਦੇ ਗਹਿਣੇ ਵੇਚ ਕੇ ਜੋ ਉਸ ਦੇ ਹਥ ਆਇਆ ਉਹ ਸਭ ਕੁਝ ਉਸ ਦੀ ਭੇਟ ਹੋ ਗਿਆ। ਤੇ ਪਿਛੋਂ ਜਦ ਉਹ ਉਸ ਦੀ ਜਵਾਨੀ ਤੇ ਉਸ ਦੇ ਧਨ ਨੂੰ ਚੰਗੀ ਤਰ੍ਹਾਂ ਬੰਨੇ ਲਾ ਚੁਕੀ, ਤਾਂ ਭਗਵੰਤ ਨੂੰ ਉਸ ਨੇ ਚੌਕੀਦਾਰ ਹਥੋਂ ਧੱਕੇ ਮਰਵਾ ਕੇ ਆਪਣੇ ਘਰੋਂ ਕਢ ਦਿੱਤਾ।

## ਰਾਵਲਪਿੰਡੀ, ਕੋਹਮਰੀ ਤੇ ਪੰਜਾ ਸਾਹਿਬ

'ਰਾਵਲ' ਨਾਂ ਦੀ ਝੀਲ ਰਾਵਲਪਿੰਡੀ ਤੇ ਇਸਲਾਮਾਬਾਦ ਦੇ ਵਿਚਕਾਰ ਕਰ ਕੇ ਹੈ। ਉਸ ਤੋਂ ਅਗੇ ਰਾਵਲਪਿੰਡੀ ਤੋਂ 25 ਕਿਲੋਮੀਟਰ ਦੂਰ ਸਤਰਾ-ਮੀਲ ਨਾਂ ਦਾ ਪਿੰਡ ਆਉਂਦਾ ਹੈ। ਇਥੇ ਪੁਲੀਸ, ਬਸਾਂ ਲਾਰੀਆਂ ਅਤੇ ਕਾਰਾਂ ਦੇ ਨੰਬਰ ਤੇ ਵਕਤ ਨੋਟ ਕਰਦੀ ਹੈ। ਜਦੋਂ ਮੇਰੀ ਕਾਰ ਕੋਹਮਰੀ ਵਲ ਜਾਂਦਿਆਂ ਤੇ ਕੋਹਮਰੀ ਤੋਂ ਵਾਪਸ ਆਉਂਦਿਆਂ ਸਤਰਾ ਮੀਲ ਖੜੋਂਦੀ, ਤਾਂ ਨੰਬਰ ਤੇ ਵਕਤ ਨੋਟ ਕਰਨ ਵਾਲੇ ਪੁਲਸੀਏ ਮੈਨੂੰ ਕੁਝ ਮਿੰਟਾ ਲਈ ਕੁਰਸੀ ਤੇ ਬਿਠਾ ਕੇ ਨੰਬਰ ਤੇ ਪਤੇ ਨੋਟ ਕਰਨ ਲਈ ਕਹਿੰਦੇ ਤੇ ਥੋੜਾ ਸੁਸਤਾ ਲੈਂਦੇ। ਉਸ ਤੋਂ ਅਗੇ 10 ਮੀਲ ਤੇ ਤਰੇਟ ਤੇ ਛੱਰਾ ਪਾਣੀ ਆਉਂਦੇ ਹਨ। ਇਥੇ ਬੱਸਾਂ ਕਾਰਾਂ ਤਕੜੀ ਚੜ੍ਹਾਈ ਕਾਰਨ ਰੁਕ ਜਾਂਦੀਆਂ ਹਨ। ਉਨ੍ਹਾਂ ਦੇ ਗਰਮ ਹੋ ਗਏ ਇੰਜਨਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਬਲਦੇ ਪਾਣੀ ਦੀ ਥਾਂ ਛੱਰਾ ਪਾਣੀ ਦਾ ਠੰਡਾ ਸੀਤਲ ਜਲ ਬਦਲਿਆ ਜਾਂਦਾ।

ਸੱਨੀ ਬੈਂਕ ਤੋਂ ਸੱਜੇ ਹੱਥ ਕੋਹਮਰੀ ਜਾਣ ਵਾਲੀ ਸੜਕ ਮੁੜਦੀ ਹੈ। ਤਿੰਨ-ਚਾਰ ਕਿਲੋਮੀਟਰ ਚੜ੍ਹਾਈ ਚੜ੍ਹ ਕੇ ਪਹਾੜੀਆਂ ਦੀ ਰਾਣੀ ਕੋਹਮਰੀ ਸਾਡਾ ਸਵਾਗਤ ਕਰਦੀ। ਉਨ੍ਹੀਂ ਦਿਨੀਂ ਕੋਹਮਰੀ ਵਿਚ ਹਿੰਦੂਆਂ-ਸਿੱਖਾਂ ਦੀਆਂ ਸੈਂਕੜੇ ਕੋਠੀਆਂ ਸਨ। ਰਾਵਲਪਿੰਡੀ ਦੇ ਲੋਕੀਂ ਜੂਨ-ਜੁਲਾਈ ਦੀਆਂ ਗਰਮੀਆਂ ਤੋਂ ਬਚਣ ਲਈ ਕੋਹਮਰੀ ਨਿਤਾਪ੍ਰਤੀ ਆਉਂਦੇ ਰਹਿੰਦੇ ਸਨ। ਕੋਹਮਰੀ ਤੋਂ ਰਾਵਲਪਿੰਡੀ ਦੇ ਪਾਸੇ ਵਲ ਬੜੇ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦੇ। ਕੋਹਮਰੀ ਇਕ ਉਚੀ ਪਹਾੜੀ ਦੇ ਮੈਦਾਨ ਵਿਚ ਵਾਕਿਆ ਹੈ। ਲੋਕੀਂ ਇਥੇ ਪਿਕਨਿਕ ਮੰਨਾਣ ਆਉਂਦੇ ਸਨ। ਬੜੇ ਵਧੀਆ ਹੋਟਲਾਂ ਤੋਂ ਲੈ ਕੇ ਢਾਬੇ ਨੁਮਾ ਦੁਕਾਨਾਂ ਤੋਂ ਇਲਾਵਾ ਲੋਕਾਂ ਨੇ ਆਪਣੇ ਘਰਾਂ ਵਿਚ ਯਾਤਰੀਆਂ ਦੇ ਰਹਿਣ ਲਈ ਕਮਰੇ ਬਣਾਏ ਹੋਏ ਸਨ।

ਸੱਨੀ ਬੈਂਕ ਤੋਂ ਪਹਿਲਾਂ ਘੋੜਾ-ਗਲੀ ਆਉਂਦਾ ਹੈ। ਇਸ ਥਾਂ ਦਾ ਨਾਂ ਘੋੜਾ ਗਲੀ ਉਦੋਂ ਰਖਿਆ ਗਿਆ, ਜਦੋਂ ਅੰਗ੍ਰੇਜ਼ ਅਫਸਰ ਕੋਹਮਰੀ ਵਿਚ ਰਹਿਣ ਸਮੇਂ ਟਾਂਗਿਆਂ ਤੇ ਬੱਘੀਆਂ ਤੇ ਰਾਵਲਪਿੰਡੀ ਤੋਂ ਕੋਹਮਰੀ ਆਂਦੇ ਜਾਂਦੇ ਸਨ। ਉਦੋਂ ਘੋੜਾ ਗਲੀ ਵਿਚ ਟਾਂਗਿਆਂ ਤੇ ਬਘੀਆਂ ਦੇ ਘੋੜਿਆਂ ਨੂੰ ਸਾਹ ਦਿਵਾਣ ਲਈ ਘੋੜੇ ਬਦਲੇ ਜਾਂਦੇ ਸਨ।

ਸੱਨੀ ਬੈਂਕ ਤੋਂ ਅਗੇ ਸਿਧੀ ਸੜਕ ਤੇ ਝਿੱਕਾ ਗਲੀ ਤੇ ਛਾਂਗਲੇ ਗਲੀ ਆਉਂਦੀਆਂ ਹਨ। ਕੋਹਮਰੀ ਤੋਂ ਛਾਂਗਲਾ ਗਲੀ ਦੇ ਹੋਟਲਾਂ ਤੇ ਡਾਕ ਬੰਗਲਿਆਂ ਵਿਚ ਅੰਗ੍ਰੇਜ਼ ਅਫਸਰ ਮੌਜ ਮਸਤੀ ਮਨਾਣ ਲਈ ਆਉਂਦੇ ਸਨ। ਇਹ ਥਾਂ 9000 ਫੁਟ ਦੀ ਉਚਾਈ ਤੇ ਹੈ, ਤੇ ਕੋਹਮਰੀ ਤੋਂ 30 ਕੁ ਮੀਲ ਦੇ ਫਾਸਲੇ ਤੇ।

ਡੂੰਘਾ ਗਲੀ ਪਹੁੰਚ ਕੇ ਐਸਾ ਜਾਪਦਾ ਸੀ, ਜਿਵੇਂ ਅਸੀਂ ਸ਼ੋਰ-ਸ਼ਰਾਬੇ ਵਾਲੀ ਦੁਨੀਆਂ ਤੋਂ ਬਿਲਕੁਲ ਕਟ ਕੇ ਇਕ ਸੁੰਦਰ, ਸਾਂਤਮਈ ਵਾਦੀ ਵਿਚ ਪ੍ਰਵੇਸ਼ ਕਰਦੇ ਹਾਂ। ਇਥੋਂ ਦੀਆਂ ਉਚੀਆਂ ਪਹਾੜੀਆਂ ਤੋਂ ਮਨਮੋਹਣੇ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦੇ ਹਨ। ਇਥੋਂ ਅਗੇ ਨਥਿਆ-ਗਲੀ ਆਂਦੀ ਹੈ। ਇਹ ਛੋਟਾ ਜਿਹਾ ਪਿੰਡ ਸਿੱਖ ਰਾਜ ਵੇਲੇ ਇਕ ਸਿੱਖ ਕਮਾਂਡਰ ਨੱਥਾ ਸਿੰਘ ਨੇ ਵਸਾਇਆ ਸੀ। ਨੱਥਾ ਸਿੰਘ ਨੇ ਦੂਰ ਨੇੜੇ ਦੇ ਪਹਾੜੀ ਲੋਕਾਂ ਨੂੰ ਇਥੇ ਵਸਾਇਆ। ਇਸੇ ਕਾਰਣ ਇਸ ਕਮਾਂਡਰ ਦੇ ਨਾਂ ਤੇ ਹੀ ਇਸ ਥਾਂ ਦਾ ਨਾਂ ਨੱਥਾ-ਗਲੀ ਪੈ ਗਿਆ, ਜੋ ਵਿਗੜਦਾ ਵਿਗੜਦਾ ਨਥਿਆ-ਗਲੀ ਬਣ ਗਿਆ।

ਜਿਨ੍ਹਾਂ ਦਿਨਾਂ ਵਿਚ ਮੈਂ ਕੋਹਮਰੀ, ਨਥਿਆ ਗਲੀ, ਝਿਕਾ ਗਲੀ, ਛਾਂਗਲਾ ਗਲੀ ਆਦਿ ਥਾਵਾਂ ਤੇ ਸਵਾਰੀਆਂ ਲੈ ਕੇ ਜਾਂਦਾ ਸੀ, ਉਦੋਂ ਇਨ੍ਹਾਂ ਸਾਰੀਆਂ ਥਾਵਾਂ ਵਿਚ ਬੜੀ ਰੌਣਕ ਹੁੰਦੀ ਸੀ। ਅੰਗਰੇਜ਼ਾਂ ਤੋਂ ਬਿਨਾਂ ਪੰਜਾਬੀ ਲੋਕ ਵੀ ਇਨ੍ਹਾਂ ਥਾਵਾਂ ਤੇ ਭਾਰੀ ਗਿਣਤੀ ਵਿਚ ਪਹੁੰਚਦੇ ਸਨ। ਕੁਝ ਹੋਟਲ ਤੇ ਇਕ ਵੱਡਾ ਬਜ਼ਾਰ ਵੀ ਇਥੇ ਸਥਿਤ ਸੀ। ਨੇੜੇ ਤੇੜੇ ਦੇ ਪਹਾੜੀ ਲੋਕ ਕੋਹਮਰੀ, ਨਥਿਆ ਗਲੀ, ਤੇ ਛਾਂਗਲਾ ਗਲੀ ਵਿਖੇ ਸਵੇਰ ਸਾਰ, ਬਜ਼ਾਰ ਵਿਚ ਦੁੱਧ ਪੁਚਾਣ ਆਉਂਦੇ ਤੇ ਵਾਪਸੀ ਤੇ ਬਜ਼ਾਰ ਵਿਚੋਂ ਲੋੜੀਦੀਆਂ ਚੀਜ਼ਾ ਖਰੀਦ ਕੇ ਘਰਾਂ ਨੂੰ ਪਰਤ ਜਾਂਦੇ।

ਕੋਹਮਰੀ ਦਾ ਕਸ਼ਮੀਰ ਨਾਲ ਬੜਾ ਸੰਬੰਧ ਸੀ। ਕਸ਼ਮੀਰੀ ਸੇਬ, ਬਾਦਾਮ, ਅਖਰੋਟ, ਖੁਰਮਾਣੀ ਆਦਿ ਖੁਸ਼ਕ ਮੇਵੇ ਬੜੀ ਮਿਕਦਾਰ ਵਿਚ ਕੋਹਮਰੀ ਪਹੁੰਚਦੇ। ਇਸ ਤੋਂ ਅਗੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰਾਵਲਪਿੰਡੀ ਲਾਹੌਰ, ਦਿੱਲੀ ਆਦਿ ਅਤੇ ਹੋਰ ਦੂਰ ਦੁਰਾਡੇ ਸ਼ਹਿਰਾਂ ਤੱਕ ਲਾਰੀਆਂ ਰਾਹੀਂ ਪਹੁੰਚਾਏ ਜਾਂਦੇ। ਸਾਡੀ ਇਕ ਬੱਸ ਕਈ ਸਾਲਾਂ ਤੋਂ ਸੇਬਾ ਦੀਆਂ ਪੇਟੀਆਂ ਦੇ ਨਾਲ ਹੀ ਰੇਲਵੇ ਦੇ ਪਾਰਸਲ ਢੋਂਦੀ। ਉਹ ਰਾਵਲਪਿੰਡੀ ਤੋਂ ਸਵਾਰੀਆਂ ਸ੍ਰੀਨਗਰ ਲਿਜਾਂਦੀ ਅਤੇ ਵਾਪਸ ਲਿਆਂਦੀ।

ਉਨ੍ਹੀਂ ਦਿਨੀਂ ਡੂੰਘਾ ਗਲੀ ਵਿਚ ਵੀ ਹਿੰਦੂ-ਸਿੱਖ ਆਬਾਦੀ ਕਾਫੀ ਸੀ। ਅੰਗ੍ਰੇਜ਼ਾਂ ਦੇ ਸਮੇਂ ਇਕ ਹਿੰਦੂ ਸਰਮਾਏਦਾਰ ਰਾਏ ਪਰਮਾਨੰਦ ਨੇ ਇਥੇ ਹੋਟਲ ਖੋਲ੍ਹਿਆ ਸੀ। ਉਸ ਦਾ ਨਾਂ ਸੀ ਪਾਈਨਜ਼ ਹੋਟਲ। ਡੂੰਘਾ ਗਲੀ ਤੋਂ ਥੋੜਾ ਦੂਰ ਚੜ੍ਹਾਈ ਚੜ੍ਹਣ ਮਗਰੋਂ ਇਕ ਸਰਸਬਜ਼ ਮੈਦਾਨ ਝਾਲਾਜ਼ਾਰ ਸੀ, ਉਸ ਤੋਂ ਅਗੇ ਥੋੜੀ ਦੂਰ ਇਕ ਬੜਾ ਸੰਘਣਾ ਜੰਗਲ ਆਂਦਾ ਹੈ। ਉਸ ਨੇੜੇ ਹੀ 9000 ਫੁੱਟ ਦਾ ਉਚਾਈ ਤੇ ਲੋਕ-ਮੋਖਸ਼ ਪੁਰੀ ਆਉਂਦੀ ਹੈ। ਮੋਖਸ਼ ਪੁਰੀ ਦੀ ਚੋਟੀ ਤੋਂ ਇਕ ਪਾਸੇ ਰਾਵਲਪਿੰਡੀ, ਦੂਜੇ ਪਾਸੇ ਕਸ਼ਮੀਰ, ਨਜ਼ਰ ਆਉਂਦਾ ਹੈ। ਇਸ ਚੋਟੀ ਤੋਂ ਜੇਹਲਮ ਦਰਿਆ ਸਪਣੀ ਵਾਂਗ ਵਲ ਖਾਂਦਾ ਤੁਰਿਆ ਚਲਿਆ ਜਾਂਦਾ ਹੈ। ਇਹ ਦਰਿਆ ਸ੍ਰੀ ਨਗਰ ਦੇ ਵਿਚਕਾਰੋਂ ਲੰਘਦਾ ਹੋਇਆ ਇਨ੍ਹਾਂ ਮੈਦਾਨਾਂ ਤੇ ਪਹਾੜੀਆਂ ਨੂੰ ਕਛਦਾ ਪੰਜਾਬ ਦੇ ਮੈਦਾਨਾਂ ਵਿਚੋਂ ਹੁੰਦਾ ਹੋਇਆ ਜਿਹਲਮ ਸ਼ਹਿਰ ਜਾ ਪੁਜਦਾ ਹੈ। ਰਾਹ ਵਿਚ ਬੜੇ ਵੱਡੇ ਬ੍ਰਿਛ ਕੱਟ ਕੇ ਗੇਲੀਆਂ ਇਸ ਦਰਿਆ ਵਿਚ ਸੁਟ ਦਿਤੀਆਂ ਜਾਂਦੀਆ, ਜੋ ਵਪਾਰੀ ਲੋਕ ਖ੍ਰੀਦ ਲਿਜਾਂਦੇ ਹਨ।

ਰਾਵਲਪਿੰਡੀ ਦੇ ਨੇੜੇ ਹੀ ਛੋਟੀਆਂ-ਛੋਟੀਆਂ ਪਹਾੜੀਆਂ ਹਨ, ਜਿਨ੍ਹਾਂ ਨੂੰ ਮਾਰ-ਗੱਲਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪੁਰਾਤਨ ਸਮਿਆਂ ਤੋਂ ਬਰੀ ਇਮਾਮ ਵਿਖੇ ਹਰ ਸਾਲ ਮੇਲਾ ਲਗਦਾ ਹੈ। ਦੂਰੋਂ ਦੂਰੋਂ ਲੋਕੀਂ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਦੇ ਹਨ। ਇਸ ਮੇਲੇ ਵਿਚ ਬਹੁਤ ਸਾਰੀਆਂ ਦੁਕਾਨਾਂ ਦਾ ਬਾਜ਼ਾਰ ਲਗ ਜਾਂਦਾ ਹੈ। ਦੂਰੋਂ ਨੇੜਿਓਂ ਲੋਕ ਮੇਲਾ ਵੇਖਣ ਪਹੁੰਚਦੇ ਹਨ। ਬਹੁਤ ਸਾਰੀਆਂ ਪੇਂਡੂ ਖੇਡਾਂ ਹੁੰਦੀਆਂ ਹਨ। ਤੇਜ਼ ਤਰਾਰ ਘੋੜੇ ਦੁੜਾ ਕੇ ਕਿੱਲਾ ਪੁਟਿਆ ਜਾਂਦਾ ਹੈ। ਕਬੱਡੀ ਤੇ ਕੁਸ਼ਤੀਆਂ ਹੁੰਦੀਆਂ ਹਨ। ਹਰ ਸਾਲ ਬਹੁਤ ਸਾਰੇ ਲੋਕੀ ਪਿੰਡਾਂ ਤੇ ਰਾਵਲਪਿੰਡੀ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ।

ਅਜ ਤੋਂ ਕਈ ਸਦੀਆਂ ਪਹਿਲਾਂ ਹਜ਼ਰਤ ਸ਼ਾਹ ਲਤੀਫ ਨਿਜ਼ਾਮੀ ਪੀਰ ਨੇ ਇਸ ਥਾਂ ਇਕ ਛੋਟੀ ਜਿਹੀ ਗੁਫਾ ਵਿਚ ਤਪਸਿਆ ਕੀਤੀ ਸੀ। ਆਲੇ-ਦੁਆਲੇ ਦੇ ਪਿੰਡਾਂ ਵਿਚ ਇਸ ਪੀਰ ਦਾ ਬੜਾ ਨਾਂ ਸੀ। ਲੋਕੀ ਮੰਨਤਾ ਮੰਨਣ ਆਉਂਦੇ ਸਨ। ਪੀਰ ਦੀ ਮੌਤ ਮਗਰੋਂ ਉਨ੍ਹਾਂ ਦੇ ਮਜ਼ਾਰ ਤੇ ਮੇਲਾ ਲਗਣਾ ਸ਼ੁਰੂ ਹੋ ਗਿਆ। ਕਿਹਾ ਜਾਂਦਾ ਹੈ ਕਿ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਰਾਵਲਪਿੰਡੀ ਆਇਆ, ਤਾਂ ਕਿਸੇ ਨੇ ਉਨ੍ਹਾਂ ਨੂੰ ਇਸ ਪਹੁੰਚੇ ਹੋਏ ਪੀਰ ਦੀ ਦਸ ਪਾਈ। ਉਹ ਉਨ੍ਹਾਂ ਦੇ ਦਰਸ਼ਨ ਕਰ ਕੇ ਗੱਦ ਗੱਦ ਹੋ ਗਿਆ। ਪੀਰ ਦੇ ਨਾਂ ਤੇ ਹੀ ਔਰੰਗਜ਼ੇਬ ਨੇ ਜਗੀਰ ਲਗਾ ਦਿਤੀ। ਪੀਰ ਦੀ ਮੌਤ ਹੋਣ ਤੋਂ ਮਗਰੋਂ ਸ਼ਾਹੀ ਮਿਸਤਰੀਆਂ ਨੇ ਪੀਰ ਦਾ ਇਹ ਮਜ਼ਾਰ ਬਣਾਇਆ।

ਇਤਿਹਾਸ ਦਸਦਾ ਹੈ, ਕਿ ਰਾਵਲਪਿੰਡੀ ਦੇ ਨੇੜੇ ਤੇੜੇ ਦੇ ਮੈਦਾਨਾਂ ਵਿਚ, ਪਿੰਡਾਂ ਤੇ ਛੋਟੇ-ਛੋਟੇ ਸ਼ਹਿਰਾਂ ਵਿਚ ਮਹਾਤਮਾ ਬੁਧ ਦੇ ਸੈਂਕੜੇ ਪੁਜਾਰੀ ਅਤੇ ਭਿਖਸ਼ੂ ਰਹਿੰਦੇ ਸਨ। ਰਾਵਲਪਿੰਡੀ ਤੋਂ ਪੰਜਾ ਸਾਹਿਬ (ਹਸਨਅਬਦਾਲ) ਦੇ ਰਸਤੇ ਵਿਚ ਟੈਕਸਲਾ ਆਉਂਦਾ ਹੈ। ਇਥੇ ਕਿਸੇ ਸਮੇਂ ਬੋਧੀ ਯੂਨੀਵਰਸਿਟੀ ਕਾਇਮ ਸੀ। ਬੁਧ ਦੇ ਸੰਦੇਸ਼ ਨੂੰ ਦੂਰ ਨੇੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭਾਰਤ ਤੇ ਵਿਦੇਸ਼ਾਂ ਵਿਚ ਪਹੁੰਚਾਣ ਲਈ ਇਸ ਯੂਨੀਵਰਸਿਟੀ ਨੇ ਮਹੱਤਵਪੂਰਨ ਕਾਰਜ ਕੀਤਾ। ਪੁਰਾਣੇ ਸ਼ਹਿਰ ਦੇ ਖੰਡਰ ਤੇ ਪੱਥਰ ਦੇ ਯੁਗ ਦੇ ਹਥਿਆਰ, ਖਾਣ ਪਕਾਣ ਦੇ ਮਿੱਟੀ ਦੇ ਬਰਤਨ, ਤੇ ਹੋਰ ਬਹੁਤ ਸਾਰੀਆ ਵਸਤਾ ਇਥੋਂ ਪ੍ਰਾਪਤ ਹੋਈਆਂ।

ਦੇਸ਼ ਵੰਡ ਤੋਂ ਪਹਿਲਾ ਰਾਵਲਪਿੰਡੀ ਦੇ ਲੋਕ ਹਜਾਰਾ ਦੀ ਗਿਣਤੀ ਵਿਚ ਰੋਜ਼ਾਨਾਂ ਪੰਜਾ ਸਾਹਿਬ ਦੇ ਦਰਸ਼ਨਾਂ ਤੇ ਇਸ਼ਨਾਨ ਲਈ ਜਾਂਦੇ ਸਨ। ਉਥੇ ਸੈਂਕੜੇ ਕਮਰਿਆ ਦਾ ਇਕ ਬੜਾ ਵੱਡਾ ਯਾਤਰੀ ਨਿਵਾਸ ਬਣਿਆ ਹੋਇਆ ਸੀ। 24 ਘੰਟੇ ਗੁਰੂ ਦਾ ਲੰਗਰ ਚਲਦਾ ਰਹਿੰਦਾ ਸੀ। ਨਾਲ ਹੀ ਉਚੀ ਪਹਾੜੀ, ਜਿਥੇ ਵਲੀ ਕੰਧਾਰੀ ਦੀ ਛੋਟੀ ਜਿਹੀ ਦਰਗਾਹ ਹੈ, ਦੂਜੇ ਪਾਸੇ ਘੁੱਗ ਵਸਦਾ ਹਸਨ ਅਬਦਾਲ ਦਾ ਕਸਬਾ। ਉਨ੍ਹੀਂ ਦਿਨੀਂ ਹਜ਼ਾਰਾਂ ਸ਼ਰਧਾਲੂ ਰੋਜ਼ਾਨਾ ਰਾਵਲਪਿੰਡੀ ਤੇ ਕਾਬਲ ਕੰਧਾਰ ਤੋਂ ਦਿੱਲੀ ਤੱਕ ਪੰਜਾ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਸਨ।

ਟੈਕਸਲਾ ਦੀ ਪੁਰਾਣੀ ਤੇ ਸਰਬਵਿਆਪੀ ਸਭਿਅਤਾ ਨੂੰ 'ਜਾਤੀ' ਨਾਂ ਦੇ ਜ਼ਾਲਮ ਲੁਟੇਰਿਆਂ ਨੇ ਤਬਾਹ ਕਰ ਦਿਤਾ। ਇਸ ਤੋਂ ਮਗਰੋਂ ਬੜੇ ਵੱਡੇ ਜਾਬਰ ਲੁਟੇਰੇ ਮੁਹੰਮਦ ਗਜ਼ਨਵੀ ਨੇ ਟੈਕਸਲਾ ਨੂੰ ਬਰਬਾਦ ਕੀਤਾ ਤੇ ਰਾਵਲਪਿੰਡੀ ਰਾਹੀਂ ਲਾਹੌਰ ਅਤੇ ਦੂਰ ਦੂਰ ਦੇ ਅਸਥਾਨਾਂ ਤੇ ਪੁਰਾਤਨ ਮੰਦਰਾਂ ਨੂੰ ਲੁਟਿਆ। ਘੁਗ ਵਸਦੇ ਸ਼ਹਿਰਾਂ ਨੂੰ ਬਰਬਾਦ ਕੀਤਾ। ਪੁਰਾਣੀ ਸਭਿਅਤਾ ਨੂੰ ਮਲੀਆ ਮੇਟ ਕਰ ਦਿਤਾ। ਮਹਿਮੂਦ ਗਜ਼ਨਵੀ ਦੇ ਹਲਿਆਂ ਮਗਰੋਂ ਇਸ ਇਲਾਕੇ ਤੇ ਗਖੜਾਂ ਨੇ ਕਬਜਾ ਕੀਤਾ। ਸੰਨ 1765 ਵਿਚ ਰਾਵਲਪਿੰਡੀ ਟੈਕਸਲਾ ਜਿਹਲਮ ਤੋਂ ਲੈ ਕੇ ਪਿਸ਼ਾਵਰ ਤੋਂ ਅਗੇ ਵਧ ਕੇ ਸਿੱਖ ਫੌਜਾਂ ਨੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ 10 ਸਾਲ ਦੇ ਅੰਦਰ-ਅੰਦਰ ਸਿੱਖ ਰਾਜ ਖੇਰੂੰ-ਖੇਰੂੰ ਹੋ ਗਿਆ। ਇਨ੍ਹਾਂ ਦਸ ਸਾਲਾਂ ਵਿਚ ਆਪਸੀ ਫੁੱਟ, ਅੰਗਰੇਜ਼ਾਂ ਦੀ ਕੂਟਲ-ਨੀਤੀ ਤੇ ਸਿੱਖ ਰਾਜ ਦੇ ਗਦਾਰਾਂ ਨੇ ਸਿਖ ਰਾਜ ਦਾ ਖਾਤਮਾ ਕਰ ਦਿਤਾ। ਸਿੱਖ ਫ਼ੌਜਾਂ ਨੇ ਅੰਗ੍ਰੇਜ਼ਾਂ ਨਾਲ ਆਖਰੀ ਲੜਾਈ ਸਮੇਂ ਰਾਵਲਪਿੰਡੀ ਵਿਚ ਹੀ ਹਥਿਆਰ ਸੁਟੇ। ਇਸ ਤਰ੍ਹਾਂ ਇਹ ਬੜਾ ਰਮਣੀਕ ਤੇ ਖ਼ੂਬਸੂਰਤ ਇਲਾਕਾ ਸੰਨ 1849 ਵਿਚ ਅੰਗ੍ਰੇਜ਼ਾਂ ਹਥ ਆ ਗਿਆ।

## ਕੁੰਭ ਦਾ ਮੇਲਾ

ਸੰਨ 1929-30 ਵਿੱਚ ਅਲਾਹਬਾਦ ਵਿੱਚ ਕੁੰਭ ਦਾ ਮੇਲਾ ਲਗਾ। ਕੁੰਭ ਪ੍ਰਬੰਧਕਾਂ ਨੇ ਰਾਵਲਪਿੰਡੀ ਤੋਂ 200 ਬਸਾ ਲੱਖਾਂ ਯਾਤਰੀਆ ਨੂੰ ਕੁੰਭ ਦਾ ਇਸ਼ਨਾਨ ਕਰਾਣ ਲਈ ਮੰਗਵਾ ਭੇਜੀਆਂ। ਉਨ੍ਹਾਂ ਬਸਾਂ ਵਿੱਚ ਇਕ ਸਾਡੀ ਬਸ ਵੀ ਸੀ, ਜਿਸ ਦੀ ਅਲਾਹਬਾਦ ਤੋਂ ਬਨਾਰਸ ਜਾਣ ਤੇ ਯਾਤਰੀ ਵਾਪਸ ਲਿਆਣ ਦੀ ਡਿਊਟੀ ਲਗੀ। ਇਹ ਕੰਮ ਦੋ ਮਹੀਨੇ ਤੀਕ ਚਲਦਾ ਰਿਹਾ। ਉਨ੍ਹੀਂ ਦਿਨੀਂ ਹੀ ਮੈਂ ਪੰ. ਮੋਤੀ ਲਾਲ ਤੇ ਪੰਡਤ ਜਵਾਹਰ ਲਾਲ ਦੇ "ਅਨੰਦ ਭਵਨ" ਦੇ ਦਰਸ਼ਨ ਕੀਤੇ। 'ਅਨੰਦ ਭਵਨ' ਵਿੱਚ ਉਨ੍ਹੀਂ ਦਿਨੀ ਬੜੀਆਂ ਰੋਣਕਾਂ ਤੇ ਗਹਿਮਾ ਗਹਿਮ ਸੀ। ਦੇਸ਼ ਭਰ ਦੇ ਨੇਤਾ ਲੋਕ ਤੇ ਜਨ ਸਾਧਾਰਨ, ਦਿਨ ਭਰ ਆਉਂਦੇ ਰਹਿੰਦੇ ਸਨ। ਮੈਂ ਪੰਡਤ ਜਵਾਹਰ ਲਾਲ ਨਹਿਰੂ ਦੇ ਅਨੰਦ ਭਵਨ ਵਿੱਚ ਦਰਸ਼ਨ ਕੀਤੇ ਉਨ੍ਹਾਂ ਨੂੰ ਲਾਹੌਰ ਰਾਵੀ ਕਿਨਾਰੇ ਸੰਪੂਰਨ ਅਜ਼ਾਦੀ ਦਾ ਝੰਡਾ ਲਹਿਰਾਂਦਿਆਂ ਵੇਖਿਆ ਸੀ। ਲਖਾਂ ਦੇ ਠਾਠਾਂ ਮਾਰਦੇ ਜਲੂਸ ਵਿੱਚ ਜਵਾਹਰ ਲਾਲ, ਸ਼ਹਿਜ਼ਾਦੇ ਵਾਂਗ ਘੋੜੇ ਤੇ ਸਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੀ। ਉਨ੍ਹੀਂ ਦਿਨੀਂ ਮੈਂ ਬਾਬਾ ਖੜਕ ਸਿੰਘ ਦਾ ਬੜਾ ਵਡਾ ਅਕਾਲੀ ਜਲੂਸ ਵੀ ਵੇਖਿਆ ਸੀ। ਪੰਜਾਬ ਦੇ ਲੀਡਰ ਡਾ: ਕਿਚਲੂ, ਡਾ: ਸਤਿਪਾਲ, ਡਾ ਗੋਪੀ ਚੰਦ, ਸ੍: ਸਰਦੂਲ ਸਿੰਘ ਕਵੀਸ਼ਰ, ਸ੍: ਮੰਗੱਲ ਸਿੰਘ ਅਕਾਲੀ ਤੇ ਮਾਸਟੰਰ ਤਾਰਾ ਸਿੰਘ ਦੇ ਵੀ ਇਸ ਜਲੂਸ ਵਿੱਚ ਦਰਸ਼ਨ ਕੀਤੇ ਸਨ।

## ਚੌਧਰੀ ਸੰਤਾ ਸਿੰਘ ਦੀ ਕਸ਼ਮੀਰ ਯਾਤਰਾ

ਸੰਨ 1929-30 ਦੀ ਗੱਲ ਹੈ। ਅਸੀਂ ਸ੍ਰੀਨਗਰ ਤੋਂ ਆਪਣੀ ਬੱਸ ਤੇ ਸਵਾਰ ਹੋ ਕੇ ਰਾਵਲਪਿੰਡੀ ਆ ਰਹੇ ਸੀ। ਰਾਤ ਅਸੀਂ ਦੁਮੇਲ ਕਟੀ। ਦੁਮੇਲ ਤੋਂ ਇਕ ਰਸਤਾ ਕੋਹਾਲਾ ਤੋਂ ਕੋਹਮਰੀ ਹੋ ਕੇ ਰਾਵਲਪਿੰਡੀ ਪੁਜਦਾ ਹੈ, ਤੇ ਦੂਜਾ ਦੁਮੇਲ ਤੋਂ ਹੀ ਪੁਲ ਪਾਰ ਕਰ ਕੇ ਐਬਟਾਬਾਦ ਜਾ ਪੁਜਦਾ ਹੈ। ਰਾਤੀਂ ਕਈ ਬੱਸਾਂ, ਕਾਰਾਂ ਦੇ ਡਰਾਈਵਰ ਦੁਮੇਲ ਵਾਲੇ ਪਾਸੇ ਬੱਸਾਂ ਤੇ ਕਾਰਾਂ ਖੜੀਆਂ ਕਰ, ਆਪ ਪੁਲ ਪਾਰ ਕਰ ਕੇ ਬਜ਼ਾਰ 'ਚੋਂ ਖਾਣਾ ਖਾ ਕੇ ਉਥੇ ਹੀ ਮੰਜੀਆਂ ਕਿਰਾਏ ਤੇ ਲੈ ਕੇ ਸੌਂ ਜਾਂਦੇ ਸਨ। ਇਸ ਤਰ੍ਹਾਂ ਕਈ ਡਰਾਈਵਰ ਤੇ ਮੁਸਾਫਰ ਪੁਲ ਪਾਰ ਕਰ ਕੇ ਬਾਜ਼ਾਰ ਚੋਂ ਰੋਟੀ ਪਾਣੀ ਛਕ ਰਾਤ ਇਧਰ ਟਿਕ ਜਾਂਦੇ ਸਨ ਤੇ ਸਵੇਰੇ ਤੜਕੇ ਹੀ ਉਠ ਕੇ ਆਪਣੀਆਂ ਬੱਸਾਂ ਨੂੰ ਜਿਧਰ ਜਾਣਾ ਹੋਵੇ, ਭਜਾ ਲਿਜਾਂਦੇ ਸਨ। ਅਸੀਂ ਜਿਧਰ ਆਪਣੀ ਬੱਸ ਖੜੀ ਕੀਤੀ ਸੀ, ਉਧਰ ਹੀ ਖਾਣਾ ਖਾ ਕੇ ਸੌਂ ਗਏ, ਪਰ ਸਾਡੀ ਬੱਸ ਦੀਆਂ ਕਈ ਸਵਾਰੀਆਂ ਖਾਣਾ ਖਾਣ ਤੇ ਰਾਤ ਕਟਣ ਪੁਲੋਂ ਪਾਰ ਚਲੀਆਂ ਗਈਆਂ।

ਅੱਧੀ ਰਾਤ ਨੂੰ ਦਰਿਆ ਜਿਹਲਮ ਵਿੱਚ ਅਚਾਨਕ ਭਿਆਨਕ ਹੜ੍ਹ ਆ ਗਿਆ। ਦੁਮੇਲ ਦੇ ਪੁਲ ਨੂੰ ਤੋੜ ਕੇ ਆਪਣੇ ਨਾਲ ਹੀ ਵਹਾ ਕੇ ਲੈ ਗਿਆ ਤੇ ਉਸ ਉਪਰ ਆਕਾਸ਼ ਛੂੰਹਦੇ ਮੋਟੇ ਮੋਟੇ ਰੱਸੇ ਹੀ ਬਾਕੀ ਰਹਿ ਗਏ। ਇਹ ਇੰਨਾਂ ਤੂਫਾਨੀ ਹੜ੍ਹ ਸੀ, ਕਿ ਰਾਹ ਵਿੱਚ ਆਏ ਕਈ ਪੁਲਾਂ, ਲਕੜ ਦੀਆਂ ਵੱਡੀਆਂ ਵੱਡੀਆਂ ਗੇਲੀਆਂ ਤੇ ਦਰਿਆ ਕਿਨਾਰੇ ਸਦੀਆਂ ਤੋਂ ਵਸਦੇ ਘਰਾਂ, ਬ੍ਰਿਛਾਂ ਅਤੇ ਚਟਾਨਾਂ ਨੂੰ ਇਸ ਤਰ੍ਹਾਂ ਵਹਾ ਕੇ ਲੈ ਗਿਆ, ਜਿਵੇਂ ਉਹ ਸਭ ਨਿਕੇ ਨਿਕੇ ਕਖ-ਕਾਣ ਹੀ ਹੋਣ।

ਲੋਕਾਂ ਨੂੰ ਤਕੜੀ ਮੁਸੀਬਤ ਪੈ ਗਈ। ਕਿਸੇ ਦੀ ਗੱਡੀ ਤੇ ਸਾਮਾਨ ਜਾਂ ਰਿਸ਼ਤੇਦਾਰ ਤੇ ਸਾਥੀ ਪੁਲੋਂ ਪਾਰ ਸਨ ਤੇ ਉਹ ਆਪ ਉਰਾਰ। ਕੋਈ ਦੁਮੇਲ ਵਾਲੇ ਪਾਸੇ ਖੜੋਤੇ ਸਨ ਤੇ ਉਨ੍ਹਾਂ ਦਾ ਸਭ ਲਟਾ ਪਟਾ ਤੇ ਗੱਡੀਆਂ ਦਰਿਆ ਤੋਂ ਪਾਰ ਸਨ। ਇਸ ਭਾਰੀ ਮੁਸੀਬਤ ਸਮੇਂ ਵੀ ਜਦੋਂ ਕੋਈ ਵੱਡੀ ਗੇਲੀ ਜਾਂ ਪੂਰੇ ਦਾ ਪੂਰਾ ਘਣਾ ਬ੍ਰਿਛ ਵੱਡੀਆਂ ਵੱਡੀਆਂ ਚਟਾਨਾਂ ਰਿੜਦੀਆਂ ਆਂਦੀਆਂ, ਤੇ ਕਿਨਾਰੇ ਨਾਲ ਟਕਰਾਂਦੀਆਂ ਤਾਂ ਲੋਕੀ ਜ਼ੋਰ ਜ਼ੋਰ ਦੀ ਹਲਾ ਗੁਲਾ ਮਚਾਂਦੇ ਤੇ ਨਚਦੇ ਟਪਦੇ ਇਕ ਹੰਗਾਮਾ ਜਿਹਾ ਖੜਾ ਕਰ ਦੇਂਦੇ ਸਨ। ਅਸੀਂ ਦੁਮੇਲ ਵਾਲੇ ਪਾਸੇ ਵਲ ਖੜੇ ਸਾਂ। ਸਾਡੇ ਨਾਲ 3-4 ਲਕੜ ਦਾ ਕੰਮ ਕਰਨ ਵਾਲੇ ਮਿਸਤਰੀ ਖੜੋਤੇ ਸਨ। ਉਹ ਪੁਲੋਂ ਪਾਰ ਕਿਸੇ ਬਿਲਡਿੰਗ ਉਸਾਰੀ ਦਾ ਕੰਮ ਕਰ ਰਹੇ ਸਨ। ਰਾਤ ਉਹ ਸਾਡੇ ਪਾਸੇ ਵਲ ਸੁਤੇ। ਹੁਣ ਜੇ ਉਹ ਦਰਿਆ ਪਾਰ ਜਾ ਕੇ ਕੰਮ ਨਹੀਂ ਸਨ ਕਰਦੇ ਤਾਂ ਉਨ੍ਹਾਂ ਦੀਆਂ ਦਿਹਾੜੀਆਂ ਮਾਰੀਆਂ ਜਾਂਦੀਆਂ। ਇਹ ਸੋਚ ਉਨ੍ਹਾਂ ਆਪਣੇ ਹਥਿਆਰ ਲਕ ਨਾਲ ਬੰਨ੍ਹੇ ਤੇ ਰੱਬ ਦਾ ਨਾਂ ਲੈ ਉਹ ਮੋਟਿਆਂ-ਮੋਟਿਆਂ ਰਸਿਆਂ ਪੁਰ ਚੜ੍ਹ ਗਏ, ਜੋ ਅਕਾਸ਼ ਛੂਹ ਰਹੇ ਸਨ। ਹੇਠਾਂ ਦਰਿਆਂ ਠਾਠਾਂ ਮਾਰ ਰਿਹਾ ਸੀ। ਕਿਸੇ ਸਮੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵੀ ਰਸੇ ਤੋਂ ਹੱਥ ਪੈਰ ਖਿਸਕ ਸਕਦੇ ਸਨ। ਇਸ ਤਰ੍ਹਾਂ ਉਹ ਅੱਲਾ ਨੂੰ ਪਿਆਰੇ ਹੋ ਸਕਦੇ ਸਨ ਪਰ ਉਹ ਸਾਹਸੀ ਮਿਸਤ੍ਰੀ ਆਪਣੀ ਜਾਨ ਖਤਰੇ ਵਿੱਚ ਪਾ ਕੇ ਰਸਿਆਂ ਰਾਹੀਂ ਦਰਿਆ ਤੋਂ ਪਾਰ ਹੋ ਗਏ। ਉਨ੍ਹਾਂ ਦੀ ਸਫਲਤਾ ਤੇ ਲੋਕਾਂ ਨੇ ਖੂਬ ਤਾੜੀਆਂ ਮਾਰੀਆਂ ਤੇ ਉਨ੍ਹਾਂ ਨੂੰ ਵਧਾਈਆਂ ਦਿਤੀਆਂ।

ਸਾਡੇ ਨਾਲ ਕਸ਼ਮੀਰ ਤੋਂ ਵਾਪਸ ਪਰਤ ਕੇ ਆਏ ਚੋਧਰੀ ਸੰਤਾ ਸਿੰਘ ਨੂੰ ਇਕ ਦਮ ਜੋਸ਼ ਚੜ੍ਹਿਆ। ਉਹ ਇਹ ਬਰਦਾਸ਼ਤ ਨਾ ਕਰ ਸਕਿਆ ਕਿ ਉਸ ਦੇ ਜੀਂਦੇ ਜੀਅ ਕੋਈ ਹੋਰ ਸੂਰਮਾ ਇਸ ਤਰ੍ਹਾਂ ਦੀ ਬਹਾਦਰੀ ਦਾ ਕਾਰਨਾਮਾ ਕਰ ਕੇ ਲੋਕਾਈ ਤੋਂ ਵਾਹ ਵਾਹ ਲੈ ਜਾਏ। ਉਸ ਨੇ ਆਪਣੀ ਪਗੜੀ ਤੇ ਠਾਠਾ ਬਨ੍ਹਿਆ। ਆਪਣੀ ਸਲਵਾਰ ਨੂੰ ਟੁੰਗਿਆ ਤੇ ਰੱਬ ਦਾ ਨਾਂ ਲੈ ਕੇ ਧਰਤੀ ਵਿੱਚ ਗਡੇ ਰਸਿਆਂ ਤੋਂ ਹੋਲੀ ਹੋਲੀ ਬਿਲੀ ਵਾਂਗੂ ਅਕਾਸ਼ ਛੂੰਹਦੇ ਰਸਿਆਂ ਉਪਰ ਜਾ ਚੜ੍ਹਿਆ। ਜਦੋਂ ਉਹ ਅੱਧ-ਅਸਮਾਨ ਅਪੜਿਆ ਤਾਂ ਉਸ ਦੀ ਨਜ਼ਰ ਹੇਠਾਂ ਦਰਿਆ ਦੇ ਤੂਫਾਨੀ ਹੜ੍ਹ ਤੇ ਜਾ ਪਈ। ਬਸ ਇਕ ਦਮ ਉਸ ਦੀਆਂ ਅੱਖਾਂ ਪਥਰਾਂ ਗਈਆਂ। ਸਰੀਰ ਕੰਬਿਆ, ਅਸੀਂ ਸਮਝਿਆ ਕਿ ਪਹਿਲਵਾਨ ਸੰਤਾ ਸਿੰਘ ਹੋਰੀਂ ਦਰਿਆ ਵਿੱਚ ਡਿਗੇ ਕਿ ਡਿਗੇ। ਸੰਤਾ ਸਿੰਘ ਦੇ ਥੋੜ੍ਹੇ ਜਿਹੇ ਹੋਸ਼ ਹਵਾਸ ਹਾਲੀ ਕਾਇਮ ਸਨ। ਸੋ ਉਨ੍ਹਾਂ ਆਪਣੀਆਂ ਅੱਖਾਂ ਦਰਿਆ ਦੇ ਹੜ੍ਹ ਤੋਂ ਹਟਾ ਕੇ ਰਸਿਆਂ ਤੇ ਗੱਡੀਆਂ, ਤੇ ਬੰਦਰ ਨਿਆਈਂ ਆਪਣੇ ਹੱਥਾਂ ਪੈਰਾਂ ਨਾਲ ਮੋਟੇ ਰਸਿਆਂ ਨੂੰ ਚੰਗੀ ਤਰ੍ਹਾਂ ਕਾਬੂ ਕੀਤਾ। ਇਸ ਤਰ੍ਹਾਂ ਕੀੜੀ ਦੀ ਚਾਲ ਚਲਦਾ ਹੌਲੀ ਹੌਲੀ ਉਹ ਦਰਿਆ ਪਾਰ ਕਰ ਗਿਆ।

ਉਸ ਦੇ ਪਾਰ ਪਹੁੰਚਦਿਆਂ ਲੋਕਾਂ ਬੜੀਆਂ ਤਾੜੀਆਂ ਮਾਰੀਆਂ ਤੇ ਇਸ ਬਹਾਦਰੀ ਬਦਲੇ ਉਸ ਨੂੰ ਖੂਬ ਦਾਦ ਦਿੱਤੀ। ਇਧਰ ਸਾਡੇ ਸਾਰਿਆਂ ਦੇ ਦਿਲ ਬੁਰੀ ਤਰ੍ਹਾਂ ਧੜਕ ਰਹੇ ਸਨ। ਉਸ ਦੇ ਪਾਰ ਪਹੁੰਚਣ ਮਗਰੋਂ ਹੀ ਸਾਡੇ ਸਾਹ ਵਿੱਚ ਸਾਹ ਆਇਆ। ਇਸ ਤੂਫਾਨੀ ਦੌਰ ਵਿੱਚ ਅਸੀਂ ਕਈ ਦਿਨ ਉਥੇ ਰੁਕੇ ਰਹੇ। ਤੀਜੇ ਦਿਨ ਅੱਧੀ ਰਾਤ ਨੂੰ ਜਦ ਅਸੀਂ ਘੂਕ ਸੁਤੇ ਪਏ ਸਾਂ, ਤਾਂ ਸਾਡੇ ਕਮਰੇ ਦਾ ਦਰਵਾਜ਼ਾ ਖੜਕਿਆ। ਅਸੀਂ ਵੇਖਿਆ, ਖਸਤਾ ਹਾਲਤ ਵਿੱਚ ਸਾਡੇ ਸਾਹਮਣੇ ਪਹਿਲਵਾਨ ਸੰਤਾ ਸਿੰਘ ਖੜੋਤਾ ਹੈ। ਪੁਛਣ ਤੇ ਪਤਾ ਲਗਾ ਕਿ ਇਕ ਵਾਰੀ ਤਾਂ ਜੋਸ਼ ਵਿੱਚ ਭਰਿਆ ਭਰੂਤਾ ਉਹ ਦਰਿਆਓਂ ਪਾਰ ਪਹੁੰਚ ਗਿਆ ਸੀ, ਪਰ ਮੁੜ ਕੇ ਇਸ ਰਸਤਿਉਂ ਵਾਪਸ ਆਣਾ ਉਸ ਲਈ ਮੌਤ ਨੂੰ ਗਲੇ ਲਾਣਾ ਸੀ। ਉਸ ਨੂੰ ਕਿਸੇ ਦਸਿਆ ਕਿ ਉਥੋਂ ਤੀਹ ਚਾਲੀਂ ਮੀਲ ਦੂਰ ਇਕ ਪੁਲ ਹਾਲੀਂ ਕਾਇਮ ਹੈ। ਸੋ ਉਹ ਦਰਿਆ ਦੇ ਕਿਨਾਰੇ ਪੈਦਲ ਚਲਦਾ ਭੁੱਖਾ ਭਾਣਾ ਉਥੇ ਜਾ ਪਹੁੰਚਿਆ। ਇਕ ਰਾਤ ਉਸ ਰਸਤੇ ਵਿੱਚ ਬਿਤਾਈ। ਤੇ ਹੁਣੇ ਹੁਣੇ ਉਹ ਹੜ੍ਹ ਦੀ ਮਾਰ ਤੋਂ ਬਚੇ ਪੁਲ ਨੂੰ ਪਾਰ ਕਰ ਕੇ ਚਾਲੀ ਮੀਲਾਂ ਦਾ ਪੰਧ ਮੁਕਾ ਕੇ ਇਥੇ ਪਹੁੰਚਿਆ ਹੈ। ਦੋ ਦਿਨਾਂ ਦੇ ਭੁਖੇ ਭਾਣੇ ਥਕੇ ਟੁਟੇ ਛਾਲਿਆਂ ਨਾਲ ਚੂਰ ਹੋਏ ਸੰਤਾ ਸਿੰਘ ਨੇ ਰਜ ਕੇ ਰੋਟੀ ਖਾਧੀ। ਮੰਜਾ ਮਲ ਲਿਆ ਤੇ ਪੂਰੇ ਚੌਵੀ ਘੰਟੇ ਸੁੱਤਾ ਰਿਹਾ। ਅਸੀਂ ਕਈ ਦਿਨ ਦੁਮੇਲ ਰੁਕੇ ਰਹੇ। ਸਾਡੀ ਬਸ ਪੁਲ ਤੋਂ ਪਾਰ ਖੜੋਤੀ ਹੋਈ ਸੀ। ਸਵੇਰ ਸਾਰ ਜਦ ਕੁਝ ਸਵਾਰੀਆਂ ਪੈਦਲ ਰਾਵਲਪਿੰਡੀ ਜਾਣ ਲਈ ਤਿਆਰ ਹੋ ਗਈਆਂ। ਭਾਪਾ ਗੁਰਬਖਸ਼ ਸਿੰਘ ਨੇ ਮੈਨੂੰ ਕਿਹਾ, "ਵੀਰ! ਮੇਰਾ ਤਾਂ ਇਥੋਂ ਹਾਲੀ ਨਿਕਲਣਾ ਮੁਸ਼ਕਲ ਹੈ। ਦੋਹਾਂ ਪਾਸਿਆਂ ਦੇ ਪੁਲ ਟੁਟੇ ਹੋਏ ਹਨ। ਸੈਂਕੜੇ ਬਸਾਂ ਦੋ-ਪਾਸੀਂ ਰੁਕੀਆਂ ਹੋਈਆਂ ਹਨ। ਦੋ ਕੁ ਹਫਤਿਆਂ ਵਿੱਚ ਸ਼ਾਇਦ ਪੁਲ ਬਣ ਜਾਏ ਤਾਂ ਹੀ ਅਸੀਂ ਆਪਣੀ ਬਸ ਲੈ ਕੇ ਰਾਵਲਪਿੰਡੀ ਪਹੁੰਚ ਸਕਦੇ ਹਾਂ। ਬਸ ਤੇ ਲਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੇਬਾਂ ਦੀਆਂ ਪੇਟਾਂ ਵੀ ਕਿਸੇ ਤਰ੍ਹਾਂ ਰਾਵਲਪਿੰਡੀ ਪੁਚਾਣੀਆਂ ਹਨ। ਤੁਸੀਂ ਬਾਕੀ ਸਵਾਰੀਆਂ ਨਾਲ ਇਥੋਂ ਪੈਦਲ ਤੁਰ ਪਉ। ਰਸਤੇ ਵਿੱਚ ਵੀ ਕੁਹਾਲੇ ਦਾ ਪੁਲ ਟੁਟਿਆ ਹੋਇਆ ਹੈ। ਇਸ ਤੋਂ ਬਿਨਾਂ ਵੀ ਛੋਟੇ ਮੋਟੇ ਕਈ ਪੁਲ ਟੁੱਟੇ ਹੋਏ ਹਨ, ਪਰ ਸਾਰਿਆਂ ਦੇ ਨਾਲ ਹੀ ਹੋ, ਘਰ ਜਲਦੀ ਪਹੁੰਚ ਜਾਉਗੇ। ਘਰ ਵਾਲਿਆਂ ਨੂੰ ਤਸ਼ੱਲੀ ਹੋ ਜਾਏਗੀ।''

ਵੀਰ ਦੇ ਕਹਿਣ ਤੇ ਮੈਂ ਤਿਆਰ ਹੋ ਗਿਆ। ਕਪੜਿਆਂ ਦਾ ਥੈਲਾ ਗੱਲ ਨਾਲ ਲਟਕਾਇਆ, ਤੇ ਕੋਹਮਰੀ ਵਲ ਪੈਦਲ ਮਾਰਚ ਕਰ ਦਿਤਾ। ਵੀਹ ਕੁ ਮੀਲ ਦੀ ਦੂਰੀ ਤੇ ਕੁਹਾਲੇ ਦਾ ਪੁਲ ਵੀ ਟੁੱਟਾ ਹੋਇਆ ਸੀ। ਸੈਂਕੜੇ ਬਸਾਂ ਟੁਟੇ ਪੁਲ ਦੇ ਦੋਹਾਂ ਪਾਸੀਂ ਖੜੋਤੀਆਂ ਅਪਣੀ ਕਿਸਮਤ ਤੇ ਝੂਰ ਰਹੀਆਂ ਸਨ। ਦੁਮੇਲ ਤੋਂ ਕੁਹਾਲੇ ਦਾ ਰਾਹ ਤਾਂ ਮੈਦਾਨ ਵਰਗਾ ਹੀ ਹੈ। ਬਹੁਤੀ ਔਖਿਆਈ ਨਾਂਹ ਹੋਈ। ਕੁਹਾਲੇ ਪੁਲ ਤੋਂ ਕੁਝ ਕਿਲੋਮੀਟਰਾਂ ਦੇ ਫਾਸਲੇ ਤੇ ਇਕ ਰਸਿਆਂ ਦਾ ਪੁਲ ਬਣਿਆ ਹੋਇਆ ਸੀ। ਉਸ ਰਾਹੀਂ ਸੈਂਕੜਿਆਂ ਦੀ ਗਿਣਤੀ ਵਿੱਚ ਮੁਸਾਫਰਾਂ ਦਾ ਇਕ ਕਾਫਲਾ ਜਿਥੇ ਕਿਥੋਂ ਕੁਝ ਖਾਣ ਨੂੰ ਮਿਲਿਆ, ਖਾ ਪੀ ਕੇ ਅਗਲੇ ਪਹਾੜੀ ਰਸਤੇ ਤੇ ਹੌਲੀ ਹੌਲੀ ਤੁਰਦੇ ਜਾ ਰਹੇ ਸਨ। ਕਠਨ ਰਾਹ, ਤਕੜੀ ਚੜ੍ਹਾਈ, ਪੈਰੀਂ ਪਏ ਬੂਟ ਫਟ ਗਏ। ਬੂਟਾਂ ਨੂੰ ਚੁਕ ਮੈਂ ਸ਼ੂਕਦੇ ਤੇ ਸ਼ੋਰ ਮਚਾਂਦੇ ਤੂਫਾਨੀ ਦਰਿਆ ਜਿਹਲਮ ਵਿੱਚ ਸੁੱਟ ਦਿਤਾ। ਪੈਰਾਂ ਵਿੱਚ ਛਾਲੇ ਪੈ ਗਏ। ਭੁਖੇ ਭਾਣੇ ਸਿਖਰ ਦੁਪਹਿਰੀ, ਪਸੀਨਾ ਚੋਂਦਾਂ ਪਿਆ ਸੀ। ਰਾਹੀ ਚੁਪ ਚਾਪ ਅਪਣੇ ਪਥ ਤੇ ਤੁਰੀ ਜਾ ਰਹੇ ਸਨ।

ਸਵੇਰ ਸਾਰ ਦੁਮੇਲ ਤੋਂ ਚਲ ਕੇ ਰਾਤ ਦਸ ਵਜੇ ਕੋਹਮਰੀ ਪਹੁੰਚ, ਖਾਣਾ ਖਾ ਕੇ ਥਕਿਆ ਟੁੱਟਿਆ ਮੈਂ ਇਕ ਮਿੱਤਰ ਦੇ ਘਰ ਜਾ ਰਾਤ ਟਿਕਿਆ। ਦੂਜੇ ਦਿਨ ਹਿਲਿਆ ਹੀ ਨਾ ਜਾਏ। ਦੋ ਦਿਨ ਆਰਾਮ ਕਰ ਕੇ ਨਵੀਂ ਜੁਤੀ ਖ੍ਰੀਦ, ਬਸ ਫੜ ਮੈਂ ਅਪਣੇ ਘਰ ਰਾਵਲਪਿੰਡੀ ਜਾ ਪੁੱਜਾ।

## ਭਗਤ ਸਿੰਘ ਦੀ ਸ਼ਹਾਦਤ

ਸੰਨ 1930 ਦੀ ਗੱਲ ਹੈ, ਉਦੋਂ ਮੇਰੇ ਪਾਸ ਸ਼ੈਵਰਲੇਟ ਕਾਰ ਸੀ, ਜੋ ਮੈਂ ਰਾਵਲਪਿੰਡੀ ਤੋਂ ਕੋਹਮਰੀ ਚਲਾਂਦਾ ਸੀ। ਇਕ ਡਾਜ ਬਸ ਸੀ, ਜਿਸ ਤੇ ਅਸੀਂ ਰੇਲਵੇ ਪਾਰਸਲ ਰਾਵਲਪਿੰਡੀ ਤੋਂ ਸ੍ਰੀ ਨਗਰ ਲੈ ਜਾਂਦੇ ਸਾਂ। ਬੱਸ ਮੇਰੇ ਭਰਾ ਜੀ ਜਾਂ ਕਦੀ ਕਦੀ ਸਾਡਾ ਡਰਾਈਵਰ ਚਲਾਂਦਾ ਸੀ ਤੇ ਕਾਰ ਮੈਂ ਆਪ ਹੀ ਡਰਾਈਵ ਕਰਦਾ ਸਾਂ। ਇਨ੍ਹੀਂ ਦਿਨੀਂ ਸ੍ਰ: ਭਗਤ ਸਿੰਘ ਤੇ ਉਨ੍ਹਾਂ ਦੇ ਦੋ ਸਾਥੀਆਂ ਨੂੰ ਫਾਂਸੀ ਦੇ ਦਿਤੀ ਗਈ। ਲੋਕਾਂ ਵਿੱਚ ਅਥਾਹ ਜੋਸ਼ ਸੀ। ਸਾਡੇ ਸ਼ਹਿਰ ਰਾਵਲਪਿੰਡੀ ਵਿਖੇ ਇਕ ਬਹੁਤ ਵਡਾ ਮਾਤਮੀ ਜਲੂਸ ਨਿਕਲਣ ਮਗਰੋਂ ਗੰਜ ਮੰਡੀ ਵਿਖੇ ਬਹੁਤ ਵਡਾ ਜਲਸਾ ਹੋਇਆ। ਜਲਸੇ ਵਿੱਚ ਬੜੀਆਂ ਜੋਸ਼ਲੀਆਂ ਤਕਰੀਰਾਂ ਕੀਤੀਆਂ ਗਈਆਂ। ਰਾਤ ਦੇ ਬਾਰਾਂ ਵਜੇ ਜਲਸਾ ਸਮਾਪਤ ਹੋਣ ਸਮੇਂ ਮੈਂ ਆਪਣਾ ਜੋਸ਼ ਕਾਬੂ ਨਾ ਰਖ ਸਕਿਆ ਤੇ ਸਟੇਜ ਤੇ ਕੁਝ ਬੋਲਣ ਲਈ ਚਿਟ ਭੇਜੀ। ਉਸ ਤੋਂ ਪਹਿਲਾਂ ਮੈਂ ਕਦੀ ਰਾਜਸੀ ਸਟੇਜ ਤੇ ਨਹੀਂ ਸੀ ਬੋਲਿਆ। ਸੋ ਖ਼ੂਬ ਦਿਲ ਖੋਲ੍ਹ ਕੇ ਦਿਲ ਦੀ ਭੜਾਸ ਕਢੀ। ਉਦੋਂ ਤੀਕ ਕਿਸੇ ਨੂੰ ਪਤਾ ਨਹੀਂ ਸੀ ਕਿ ਮੈਂ ਕੌਣ ਹਾਂ, ਕਿਥੇ ਰਹਿੰਦਾ ਹਾਂ ਤੇ ਕੀ ਕੰਮ ਕਰਦਾ ਹਾਂ?

ਜਲਸੇ ਦੇ ਖ਼ਾਤਮੇ ਮਗਰੋਂ ਚੁਪ ਚਾਪ ਮੈਂ ਆਪਣੇ ਮਕਾਨ ਡੀ.ਏ.ਵੀ. ਕਾਲਜ ਰੋਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਚਲਾ ਗਿਆ। ਦਰਵਾਜ਼ਾ ਖੜਕਾਇਆ ਪਰ ਘਰ ਵਾਲੇ ਸਾਰੇ ਸੁਤੇ ਪਏ ਸਨ। ਮੈਂ ਸੜਕ ਤੇ ਆ ਕੇ ਆਪਣੀ ਬੱਸ ਉਤੇ ਚੜ੍ਹ ਕੇ ਸੌਂ ਗਿਆ। ਬੱਸ ਦਾ ਡਰਾਈਵਰ ਅਗੇ ਹੀ ਬੱਸ ਦੀ ਛੱਤ ਤੇ ਚੜ੍ਹ ਕੇ ਸੁੱਤਾ ਪਿਆ ਸੀ। ਰੋਜ਼ਾਨਾ ਨਿਯਮ ਅਨੁਸਾਰ ਸਵੇਰੇ ਚਾਰ ਵਜੇ ਮੈਂ ਜਾਗਿਆ। ਆਪਣੇ ਦੋ ਸਾਥੀਆਂ ਨੂੰ ਘਰੋਂ ਜਾ ਜਗਾਇਆ ਤੇ ਅਸੀਂ ਸੈਰ ਲਈ ਚਕਲਾਲੇ ਵਾਲੇ ਪਾਸੇ ਤੁਰ ਪਏ। ਰੋਜ਼ ਦੋ ਤਿੰਨ ਘੰਟੇ ਰੋਜ਼ ਸੈਰ, ਦੋੜਾਂ ਤੇ ਵਰਜਸ਼ ਦਾ ਪ੍ਰੋਗਰਾਮ ਹੁੰਦਾ ਸੀ। ਉਹ ਮੁਕਾ ਕੇ ਜਦੋਂ ਮੈਂ ਘਰ ਵਾਪਸ ਆਇਆ ਤਾਂ ਵਡੀ ਸੜਕ ਪੁਰ ਆਪਣੀ ਬੱਸ ਨੂੰ ਪੁਲਿਸ ਦੇ ਘੇਰੇ ਵਿੱਚ ਵੇਖਿਆ। ਪੁਛਣ ਤੇ ਥਾਣੇਦਾਰ ਨੇ ਦਸਿਆ ਕਿ ਇਹ ਬਸ ਸੜਕ ਘੇਰ ਕੇ ਖੜੋਤੀ ਹੈ, ਇਸ ਨਾਲ ਟਰੈਫਿਕ ਵਿੱਚ ਵਿਘਨ ਪੈਂਦਾ ਹੈ। ਇਸ ਦੇ ਡਰਾਈਵਰ ਦਾ ਚਲਾਨ ਕਰਨਾ ਹੈ। ਬਸ ਦਾ ਡਰਾਈਵਰ ਵੀ ਬੱਸ ਉਪਰ ਹੀ ਸੁੱਤਾ ਪਿਆ ਸੀ। ਉਸ ਨੂੰ ਪੁਲਸ ਨੇ ਜਗਾ ਲਿਆ ਤੇ ਮੇਰੇ ਆਉਣ ਤੋਂ ਪਹਿਲਾਂ ਉਸ ਤੇ ਕਈ ਕਿਸਮ ਦੇ ਸਵਾਲਾਂ ਦੀ ਬੁਛਾੜ ਕੀਤੀ, ਜਿਸ ਨਾਲ ਉਹ ਇਕ ਦਮ ਘਬਰਾ ਗਿਆ। ਮੇਰੇ ਪਹੁੰਚਣ ਤੇ ਜਦ ਪੁਲਿਸ ਨੂੰ ਪਤਾ ਲਗਾ, ਕਿ ਮੈਂ ਹੀ ਇਸ ਬੱਸ ਦਾ ਮਾਲਕ ਹਾਂ, ਤਾਂ ਪੁਲਿਸ ਡਰਾਈਵਰ ਦੀ ਜ਼ਮਾਨਤ ਦੇਣ ਲਈ ਮੈਨੂੰ ਤੇ ਮੇਰੇ ਵਡੇ ਭਰਾ ਨੂੰ ਨਾਲ ਹੀ ਲੈ ਗਈ।

ਇਸ ਪਿਛੋਂ ਸਾਨੂੰ ਪਤਾ ਲਗਾ, ਕਿ ਡਰਾਈਵਰ ਦਾ ਚਲਾਨ ਤਾਂ ਐਂਵੇ ਬਹਾਨਾ ਹੀ ਸੀ, ਅਸਲ ਵਿੱਚ ਪੁਲਸ ਮੇਰਾ ਥਹੁ ਟਿਕਾਣਾ ਪੁਛਣਾ ਚਾਹੁੰਦੀ ਸੀ। ਰਾਤ ਨੂੰ ਜਲਸੇ ਮਗਰੋਂ ਪੁਲਿਸ ਗੰਜ ਮੰਡੀ ਤੋਂ ਮੇਰੇ ਪਿਛੇ ਤੁਰ ਪਈ ਸੀ। ਘਰ ਦਾ ਦਰ ਬੰਦ ਹੋਣ ਕਰ ਕੇ ਮੈਂ ਜਦ ਬੱਸ ਤੇ ਆ ਕੇ ਸੌਂ ਗਿਆ, ਤਾਂ ਇਕ ਦੋ ਪੁਲਸੀਏ ਨਿਗਰਾਨੀ ਲਈ ਛਡ ਕੇ ਬਾਕੀ ਦੇ ਸਭ ਵਾਪਸ ਤੁਰ ਗਏ ਸਨ। ਨਿਗਰਾਨੀ ਕਰਦੇ ਕਰਦੇ ਪੁਲਸੀਏ ਲੰਮੀਆਂ ਤਾਣ ਕੇ ਸੜਕ ਦੇ ਨਾਲ ਵਾਲੇ ਥੜੇ ਤੇ ਹੀ ਸੌਂ ਗਏ। ਸਵੇਰੇ ਉਠ ਕੇ ਜਦੋਂ ਉਨ੍ਹਾਂ ਵੇਖਿਆ ਕਿ ਪੰਛੀ ਹਰਨ ਹੋ ਚੁਕਾ ਹੈ, ਤਾਂ ਡਿਊਟੀ ਵਾਲੇ ਪੁਲਸੀਆਂ ਨੂੰ ਹਥਾਂ ਪੈਰਾਂ ਦੀ ਪੈ ਗਈ। ਉਹ ਦੌੜਦੇ ਥਾਣੇ ਗਏ। ਉਥੋਂ ਹੋਰ ਪੁਲਿਸ ਬੁਲਾ ਲਈ ਗਈ ਤੇ ਬਸ ਨੂੰ ਚੌਪਾਸਿਉਂ ਘੇਰ ਲਿਆ ਗਿਆ। ਡਰਾਈਵਰ ਨੂੰ ਜਗਾ ਕੇ ਮੇਰੇ ਬਾਰੇ ਉਨ੍ਹਾਂ ਪੁਛ-ਪੜਤਾਲ ਕੀਤੀ ਤਾਂ ਉਹ ਬੌਂਦਲਿਆ ਹੋਇਆ ਪੁਲਿਸ ਨੂੰ ਊਟ ਪਟਾਂਗ ਜਵਾਬ ਦੇ ਰਿਹਾ ਸੀ। ਉਹ ਆਪਣੀ ਥਾਂ ਸੱਚਾ ਸੀ, ਕਿਉਂਕਿ ਨਾ ਤਾਂ ਉਸ ਨੂੰ ਮੇਰੇ ਬੱਸ ਤੇ ਚੜ੍ਹ ਕੇ ਸੌਣ ਦਾ ਪਤਾ ਸੀ ਤੇ ਨਾ ਹੀ ਸਵੇਰੇ ਬੱਸ ਤੋਂ ਉਤਰ ਕੇ ਹਰਨ ਹੋਣ ਦਾ ਇਲਮ ਸੀ। ਇਧਰ ਮੈਨੂੰ ਵੀ ਨਹੀਂ ਸੀ ਪਤਾ ਕਿ ਕੁਝ ਬੰਦੇ ਗੰਜ ਮੰਡੀ ਤੋਂ ਮੇਰਾ ਪਿਛਾ ਕਰਦੇ ਆ ਰਹੇ ਹਨ ਤੇ ਬਸ ਤੇ ਚੜ੍ਹ ਕੇ ਸੋਣ ਸਮੇਂ ਉਹ ਮੇਰੀ ਨਿਗਰਾਨੀ ਕਰ ਰਹੇ ਹਨ। ਅਲਾ-ਕਸਮ ਇਹ ਸਭ ਕੁਝ ਸਹਿਜ ਸੁਭਾ ਹੋ ਗਿਆ ਸੀ।

ਅਸੀਂ ਥਾਣੇ ਗਏ, ਡਰਾਈਵਰ ਨੂੰ ਜਮਾਨਤ ਤੇ ਛਡਣ ਦਾ ਡਰਾਮਾ ਮੁਕੰਮਲ ਹੋ ਗਿਆ ਤੇ ਪੁਲਿਸ ਦੀ ਡਾਇਰੀ ਵਿੱਚ ਇਕ ਖਤਰਨਾਕ ਇਨਕਲਾਬੀ ਦਾ ਨਾਂ ਪਤਾ ਤੇ ਕਾਰੋਬਾਰ ਆਦਿ ਦਰਜ ਹੋ ਗਿਆ।

ਇਸ ਪਿਛੋਂ ਦਿਨ ਰਾਤ ਜਦੋਂ ਵੀ ਪੁਲਿਸ ਨੂੰ ਮੇਰੀ ਕਾਰ ਕਿਧਰੇ ਖੜੀ ਨਜਰੀ ਆਉਂਦੀ, ਉਸ ਦਾ ਬਿਨਾਂ ਕਾਰਨ ਹੀ ਚਲਾਨ ਹੋ ਜਾਂਦਾ।

ਮੈਂ ਉਨ੍ਹੀਂ ਦਿਨੀਂ ਗਰੱਗਰੀ ਕਲਬ ਮਰੀੜ ਦਾ ਮੈਂਬਰ ਸਾਂ। ਉਥੇ ਮੈਂ ਜਮਨਾਸਟਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਿਖਦਾ ਸਾਂ. ਤੇ ਸ਼ਾਮੀਂ ਨਿਯਮ ਨਾਲ ਰੋਜ਼ਾਨਾ ਵਾਲੀਬਾਲ ਖੇਡਦਾ ਸਾਂ। ਕੋਹਮਰੀ ਪਹੁੰਚਣ ਮਗਰੋਂ ਬਾਕੀ ਡਰਾਈਵਰ ਪੀਣ ਪਿਆਣ ਤੇ ਹੋਰ ਡਰਾਈਵਰਾਂ ਦੇ ਜੋ ਕਰਤਵ ਹੁੰਦੇ ਹਨ. ਵਿੱਚ ਜੁਟ ਜਾਂਦੇ ਤੇ ਮੈਂ ਇਨਕਲਾਬੀ ਤੇ ਸਾਹਿਤਕ ਲਿਟਰੇਚਰ ਪੜ੍ਹਦਾ ਰਹਿੰਦਾ। ਸ਼ਾਮੀਂ ਜੇ ਕੋਈ ਸਵਾਰੀ ਮਿਲ ਗਈ ਤਾਂ ਵਾਹ ਵਾਹ. ਵਰਨਾ ਖਾਲੀ ਕਾਰ ਲੈ ਕੇ ਸਿਧਾ ਗਰੱਗਰੀ ਕੱਲਬ ਵਿੱਚ ਵਾਲੀਬਾਲ ਖੇਡਣ ਲਈ ਜਾ ਪਹੁੰਚਦਾ। ਉਸ ਸਮੇ ਮੈਂ ਦਿਹਾਤੀ ਜ਼ਿਲਾ ਕਾਂਗਰਸ ਦਾ ਸੱਕਤਰ ਤੇ ਸੋਸ਼ਲਿਸਟ ਪਾਰਟੀ ਦਾ ਮੈਂਬਰ ਸਾਂ. ਪਰ ਇਸ ਗੱਲ ਦਾ ਪੁਲਸ ਨੂੰ ਪਤਾ ਨਹੀਂ ਸੀ।

ਜਦੋਂ ਮੇਰੇ ਕਈ ਚਲਾਨ ਹੋ ਗਏ. ਤਾਂ ਇਕ ਦਿਨ ਇਸ ਬਾਰੇ ਗਰੱਗਰੀ ਕਲੱਬ ਵਿੱਚ ਆਪਣੇ ਇਕ ਮਿੱਤਰ ਨਾਲ ਗੱਲ ਕੀਤੀ। ਉਸ ਦੀ ਸੀ.ਆਈ.ਡੀ. ਤਕ ਪਹੁੰਚ ਸੀ। ਉਹ ਉਡਦੀ ਚਿੜੀਆ ਦੀ ਖਬਰ ਲਿਆਇਆ ਕਿ ਤੁਹਾਡਾ ਨਾ ਪੁਲਿਸ ਵਾਲਿਆਂ ਪਾਸ ਖਤਰਨਾਕ ਇਨਕਲਾਬੀਆਂ ਵਿੱਚ ਦਰਜ ਹੈ। ਤੁਹਾਡੀ ਕਾਰ ਉਨ੍ਹਾਂ ਚਲਣ ਨਹੀਂ ਦੇਣੀ - ਇਸ ਲਈ ਕਿ ਤੁਸੀਂ ਸਰਕਾਰ ਵਿਰੁਧੀ ਇਨਕਲਾਬੀਆਂ ਨਾਲ ਮਿਲ ਕੇ ਕੋਈ ਭਿਆਨਕ ਹਾਦਸਾ ਹੀ ਨਾ ਕਰ ਦਿਓ।

ਮੈਂ ਦੂਜੇ ਦਿਨ ਹੀ ਕਾਰ ਗਰਾਜ ਵਿੱਚ ਬੰਦ ਕਰ ਦਿਤੀ ਤੇ ਇਸ ਕਿਤੇ ਨੂੰ ਸਦਾ ਲਈ ਅਲਵਿਦਾ ਕਹਿ ਦਿਤਾ।

## ਕਵੀ ਦਰਬਾਰ ਵਿੱਚ ਪਹਿਲਾ ਇਨਾਮ

1930 ਵਿੱਚ ਪਿਸ਼ਾਵਰ (ਫਰੰਟੀਅਰ) ਵਿੱਚ ਇਕ ਕਵੀ ਦਰਬਾਰ ਸੀ। ਉਥੇ ਆਪਣੇ ਕੁਝ ਮਿੱਤਰ ਸਨ। ਉਨ੍ਹਾਂ ਦੀ ਖਾਹਿਸ਼ ਸੀ ਕਿ ਅਸੀਂ ਸਕੂਲ ਦੀ ਪੜ੍ਹਾਈ ਮਗਰੋਂ ਕਾਫੀ ਦੇਰ ਤੋਂ ਆਪੋ ਵਿੱਚ ਮਿਲੇ ਨਹੀਂ। ਹੁਣ ਮੁਲਾਕਾਤ ਹੋਣੀ ਚਾਹੀਦੀ ਹੈ। ਉਨ੍ਹਾਂ ਉਥੋਂ ਦੇ ਗੁਰਦਵਾਰੇ ਦੇ ਸੱਕਤਰ ਨਾਲ ਸਾਂਢਾ ਗਾਂਢਾ ਕੀਤਾ ਤੇ ਉਸ ਤੋਂ ਇਕਰਾਰ ਲੈ ਲਿਆ ਕਿ ਸਾਡੇ ਮਿੱਤਰ ਨੂੰ ਰਾਵਲਪਿੰਡੀ ਤੋਂ ਆਣ ਜਾਣ ਦੇ ਕਿਰਾਏ ਤੋਂ ਇਲਾਵਾ ਪਹਿਲੇ ਦਰਜੇ ਦਾ ਇਨਾਮ ਵੀ ਦਿਤਾ ਜਾਵੇਗਾ। ਆਪਣੇ ਮਿੱਤਰ ਗੁਰਚਰਨ ਸਿੰਘ ਦੀ ਚਿੱਠੀ ਆਣ ਤੇ ਮੈਂ ਕਵੀ ਦਰਬਾਰ ਵਿੱਚ ਸ਼ਾਮਲ ਹੋਣ ਲਈ ਚਾਈਂ-ਚਾਈਂ ਪਿਸ਼ਾਵਰ ਜਾ ਪੁੱਜਾ। ਉਥੇ ਅਗੇ ਕਈ ਲੋਕਲ ਕਵੀ ਹਾਜਰ ਸਨ। ਬੜਾ ਸ਼ਾਨਦਾਰ ਕਵੀ ਦਰਬਾਰ ਹੋਇਆ। ਉਨ੍ਹੀਂ ਦਿਨੀਂ ਕਵੀਆਂ ਨੂੰ. ਮਰਾਸੀਆਂ ਨੂੰ ਵੇਲਾਂ ਦੇਣ ਵਾਂਗ ਸਰੋਤਿਆਂ ਵਲੋਂ ਮਾਇਆ ਦੇਣ ਦਾ ਰਿਵਾਜ ਨਹੀਂ ਸੀ। ਸਿਰਫ ਵਾਹ-ਵਾਹ ਤੇ ਸਮਾਪਤੀ ਮਗਰੋਂ ਇਨਾਮ ਦੇਣ ਦੀ ਪ੍ਰਥਾ ਚਾਲੂ ਸੀ। ਕਵੀ ਦਰਬਾਰ ਬੜਾ ਕਾਮਯਾਬ ਰਿਹਾ ਤੇ ਵਧੀਆ ਕਵਿਤਾ ਗਾਇਨ ਕਰਨ ਤੇ ਸਟੇਜ ਚੋਂ ਅਦਾਕਾਰੀ ਕਰਨ ਵਿੱਚ ਲੋਕਲ ਕਵੀ ਸਾਥੋਂ ਬਹੁਤ ਅਗੇ ਸਨ. ਪਰ ਚੂੰਕਿ ਸਾਨੂੰ ਪਹਿਲਾ ਇਨਾਮ ਦੇਣ ਦਾ ਇਕਰਾਰ ਸੀ. ਤੇ ਆਮ ਕਰ ਕੇ ਪਹਿਲਾ ਇਨਾਮ ਉਨ੍ਹੀਂ ਦਿਨੀਂ 10 ਰੁਪੈ ਹੁੰਦਾ ਸੀ। ਕਵੀ ਦਰਬਾਰ ਦੇ ਖਾਤਮੇ ਮਗਰੋਂ ਸੈਕਟਰੀ ਸਾਹਿਬ ਉਠੇ। ਘਬਰਾਹਟ ਕਾਰਨ ਉਨ੍ਹਾਂ ਦੀ ਜ਼ਬਾਨ ਥਰ-ਥਰਾ ਰਹੀ ਸੀ ਤੇ ਸਰੀਰ ਵਿੱਚ ਕੰਬਣੀ ਛਿੜੀ ਹੋਈ ਸੀ। ਲੰਮਾਂ ਤੇ ਪੁਰਾਣਾ ਜਿਹਾ ਮੈਲਾ ਕੁੜਤਾ ਉਨ੍ਹਾਂ ਪਹਿਨਿਆ ਹੋਇਆ ਸੀ। ਪਗੜੀ ਦੇ ਦੋਵੇਂ ਲੜ ਲਮਕ ਰਹੇ ਸਨ. ਕਛਹਿਰੇ ਦਾ ਲਮਕਿਆ ਨਾਲਾ ਗਿਟਿਆਂ ਨੂੰ ਛੋਂਹਦਾ ਸੀ। ਉਨ੍ਹਾਂ ਅੱਖਾਂ ਮੁੰਦ ਕੇ ਐਲਾਨ ਕੀਤਾ. "ਭਾਵੇਂ ਲੋਕਲ ਕਵੀਆਂ ਨੇ ਬਹੁਤ ਵਧੀਆ ਗੁਰੂ ਜਸ ਦੀਆਂ ਕਵਿਤਾਵਾਂ ਪੜ੍ਹੀਆਂ ਹਨ. ਪਰ ਮੇਰੀ ਤੁਛ ਬੁਧੀ ਅਨੁਸਾਰ ਪਹਿਲਾ ਇਨਾਮ ਰਾਵਲਪਿੰਡੀ ਤੋਂ ਆਏ ਕਵੀ ਜੀ ਨੂੰ ਦਿਤਾ ਜਾਂਦਾ ਹੈ।" ਇਹ ਕਹਿ ਕੇ ਇਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤੇ ਕਿਰਾਇਆ ਉਨ੍ਹਾਂ ਸਾਡੇ ਹਵਾਲੇ ਕੀਤਾ। ਅਸੀਂ ਇਨਾਮ ਪ੍ਰਾਪਤੀ ਮਗਰੋਂ ਉਥੋਂ ਇਓਂ ਖਿਸਕਣ ਦੀ ਕੀਤੀ ਜਿਵੇਂ ਉਜੜੇ ਗਰਾਂ ਤੋਂ ਜੋਗੀ। ਪਿਛੋਂ ਪਤਾ ਲਗਾ ਕਿ ਸਕੱਤਰ ਨੂੰ ਲੋਕਲ ਕਵੀਆਂ ਨੇ ਘੇਰ ਲਿਆ ਸੀ ਤੇ ਉਸ ਵਿੱਚਾਰੇ ਨੂੰ ਤਕੜਾ ਚਾਹਟਾ ਛਕਾਇਆ ਸੀ, ਜਿਸ ਕਰ ਕੇ ਉਸ ਨੇ ਸਕੱਤਰੀ ਤੋਂ ਆਪਣਾ ਅਸਤੀਫਾ ਦੇ ਕੇ ਆਪਣੀ ਜਾਨ ਛੁਡਾਈ।

## ਖੰਡਤ ਅਰਦਾਸਾ

ਰਾਵਲਪਿੰਡੀ ਦੇ ਗੁਰਦਵਾਰਾ ਸਿੰਘ ਸਭਾ ਵਿੱਚ ਪੁਰਾਤਨ ਸਮਿਆਂ ਤੋਂ ਇਹ ਰਵਾਇਤ ਚਲੀ ਆਉਂਦੀ ਸੀ, ਕਿ ਸ਼ਹਿਰ ਦੇ ਪਤਵੰਤੇ ਰਈਸ ਸਰਦਾਰਾਂ 'ਚੋਂ ਕੋਈ ਇਕ ਸਿੰਘ ਸਭਾ ਦਾ ਪ੍ਰਧਾਨ ਬਣਦਾ ਸੀ, ਤੇ ਆਮ ਜਨਤਾ 'ਚੋਂ ਸਕੱਤਰ। ਤੇ ਇਸ ਤਰ੍ਹਾਂ ਸਿੰਘ ਸਭਾ ਦਾ ਕਾਰਜ ਭਲੀ ਭਾਂਤ ਤਸਲੀ ਬਖਸ਼ ਚਲਦਾ ਰਹਿੰਦਾ। ਸੰਨ 1935 ਵਿੱਚ ਕੁਝ ਨੌਜਵਾਨਾਂ ਨੇ ਸੋਚਿਆ, ਕਿ ਉਨ੍ਹਾਂ ਸਰਦਾਰਾਂ ਤੋਂ ਗੁਰਦਵਾਰੇ ਦਾ ਕਬਜ਼ਾ ਖੋਹ ਲਿਆ ਜਾਵੇ। ਸੋ ਕੁਝ ਨੌਜਵਾਨਾਂ ਵਲੋਂ ਇਕ ਮੀਟਿੰਗ ਬੁਲਾਈ ਗਈ। ਉਨ੍ਹਾਂ ਪੁਰਾਣੇ ਸਰਦਾਰਾਂ ਨੂੰ ਉਖੇੜਨ ਦਾ ਮਤਾ ਪੇਸ਼ ਕੀਤਾ, ਜੋ ਤਾੜੀਆਂ ਦੀ ਗੂੰਜ ਵਿੱਚ ਪਾਸ ਕਰ ਦਿਤਾ ਗਿਆ ਅਤੇ ਆਪਣੀ ਸਫਲਤਾ ਲਈ ਉਨ੍ਹਾਂ ਅਰਦਾਸਾ ਸੋਧਣ ਦਾ ਐਲਾਨ ਕੀਤਾ। ਮੇਰੀ ਬਦਬਖ਼ਤੀ, ਕਿ ਉਨ੍ਹੀਂ ਦਿਨੀਂ ਮੈਂ ਉਥੋਂ ਦਾ ਸਿਆਸੀ ਵਰਕਰ-ਨੁਮਾ ਨੇਤਾ ਗਿਣਿਆ ਜਾਂਦਾ ਸਾਂ ਤੇ ਬਦਕਿਸਮਤੀ ਨਾਲ ਉਸ ਸਮੇਂ ਇਕ ਵਡੇ ਲੀਡਰ ਦੇ ਨਾਲ ਖੜੋਤਾ ਸਾਂ। ਉਸ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਮੈਂ ਕਈ ਵਡੇ ਰਾਜਸੀ ਤੇ ਧਾਰਮਕ ਦੀਵਾਨਾਂ ਵਿੱਚ ਭਾਸ਼ਨ ਦੇ ਚੁਕਾ ਸਾਂ, ਪਰ ਅਚਾਨਕ ਅਰਦਾਸ ਦਾ ਨਾਂ ਸੁਣਦਿਆਂ ਹੀ ਮੇਰੇ ਹੋਸ਼ ਹਵਾਸ ਉਡ ਗਏ। ਅੱਖਾਂ ਮੁੰਦ ਤੇ ਹਥ ਜੋੜ ਕੇ ਮੈਂ ਅਰਦਾਸ ਸ਼ੁਰੂ ਕਰ ਦਿਤੀ ਪਰ ਪੰਜਵੀਂ ਪਾਤਸ਼ਾਹੀ ਤੋਂ ਅਗੋਂ ਸਭ ਕੁਝ ਭੁਲ ਗਿਆ। ਫਿਰ ਦੋਬਾਰਾ ਅਰਦਾਸ ਅਰੰਭੀ। ਇਸ ਦੇ ਨਾਲ ਹੀ ਦਿਲ ਵਿੱਚ ਪ੍ਰਭੂ ਅਗੇ ਬੰਧਨਾਂ ਕੀਤੀ ਕਿ ਐਤਕਾਂ ਅਰਦਾਸ ਅਧੂਰੀ ਨਾ ਰਹਿ ਜਾਵੇ। ਕਰਨੀ ਰੱਬ ਦੀ, ਪੰਜਵੀਂ ਪਾਤਸ਼ਾਹੀ ਦਾ ਨਾਂ ਲੈਣ ਮਗਰੋਂ ਫਿਰ ਉਹੀ ਹਾਲ, ਤੇ ਇਸ ਤਰ੍ਹਾਂ ਤਿੰਨ ਚਾਰ ਵਾਰੀ ਹੋਇਆ। ਅਵਾਜ਼ ਮੇਰੀ ਕੰਬ ਰਹੀ ਸੀ ਤੇ ਲੱਤਾਂ ਲੜਖੜਾ ਰਹੀਆਂ ਸਨ। ਅੰਤ ਹੋਰ ਕੋਈ ਚਾਰਾ ਨਾ ਚਲਦਾ ਵੇਖ ਮੈਂ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ' ਕਹਿ ਕੇ ਫਤਹਿ ਗਜਾ ਦਿਤੀ।

ਇੰਨੇ ਨੂੰ ਮੇਰੇ ਨਾਲ ਖੜੋਤੇ ਲੀਡਰ ਕਿਸਮ ਦੇ ਬੰਦੇ ਨੇ ਐਲਾਨ ਕੀਤਾ - ਚੂੰਕਿ ਅਰਦਾਸ ਖੰਡਿਤ ਹੋਈ ਹੈ, ਇਸ ਲਈ ਮੁੜ ਅਰਦਾਸ ਅਰੰਭੀ ਜਾਵੇ। ਇਸ ਦੇ ਨਾਲ ਹੀ ਗ੍ਰੰਥੀ ਸਿੰਘ ਨੇ ਮੁੜ ਅਰਦਾਸ ਸ਼ੁਰੂ ਕੀਤੀ। ਸ਼ਰਮ ਦੇ ਮਾਰੇ ਮੇਰਾ ਬੁਰਾ ਹਾਲ ਸੀ। ਮੈਂ, ਆ ਵੇਖਿਆ ਨਾ ਤਾਅ, ਤੇ ਨਾਲ ਵਾਲੀ ਖੁਲ੍ਹੀ ਖਿੜਕੀ 'ਚੋਂ ਛਾਲ ਮਾਰ ਦਿਤੀ ਤੇ ਸਾਰਾ ਰਾਹ ਦੌੜਦਾ ਤੇ ਸਾਹੋ-ਸਾਹ ਹੋਇਆ ਘਰ ਜਾ ਪੁਜਾ।

## ਸਟੇਸ਼ਨਰੀ ਦੀ ਦੁਕਾਨ

ਮੈਂ ਆਪਣੀ ਕਾਰ ਨੂੰ ਗਰਾਜ ਵਿੱਚ ਬੰਦ ਕਰ ਕੇ ਕਾਫੀ ਦੇਰ ਵਿਹਲਾ ਰਿਹਾ। ਕੁਝ ਮਹੀਨਿਆਂ ਮਗਰੋਂ ਕਾਰ ਵੇਚ ਦਿਤੀ। ਮਾਤਾ-ਪਿਤਾ ਪਿੰਡ ਵਿੱਚ ਸਨ। ਮੇਰੀ ਭਰਜਾਈ ਦੀ ਮ੍ਰਿਤੂ ਹੋ ਚੁਕੀ ਸੀ। ਸੋ ਅਸੀਂ ਦੋਵੇਂ ਭਰਾ ਕਰਾਏ ਤੇ ਡੀ.ਏ.ਵੀ. ਕਾਲਜ ਰੋਡ ਸਥਿਤ ਇਕ ਕਮਰੇ ਵਿੱਚ ਛੜੇ ਮਲੰਗਾਂ ਵਾਂਗ ਰਹਿੰਦੇ ਸਾਂ। ਰੋਟੀ ਕਦੀ ਆਪ ਪਕਾ ਲੈਣੀ, ਕਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬਜ਼ਾਰੋਂ ਖਾ ਲੈਣੀ। ਆਪਣੇ ਪਹਿਲੇ ਕਿਤੇ ਤੋਂ ਸਦਾ ਲਈ ਛੁਟੀ ਲੈਣ ਮਗਰੋਂ ਵਡੇ ਵੀਰ ਦਾ ਵੀ ਹੌਸਲਾ ਟੁੱਟ ਗਿਆ। ਉਸ ਨੇ ਬੱਸ ਵੇਚ ਦਿਤੀ। ਮੈਂ ਆਪਣੇ ਦੋਸਤਾਂ ਰਿਸ਼ਤੇਦਾਰਾਂ ਤੇ ਆਪਣੇ ਵਰਗੇ ਵਿਹਲੇ ਬੰਦਿਆਂ--ਕਵੀਆਂ, ਸੋਸ਼ਲ ਵਰਕਰਾਂ ਤੇ ਰਾਜਸੀ ਨੇਤਾਵਾਂ ਨੂੰ ਮਿਲਦਾ ਰਹਿੰਦਾ ਸਾਂ। ਲਾਇਬਰੇਰੀ ਵਿੱਚ ਮੇਰਾ ਬਹੁਤ ਸਾਰਾ ਸਮਾਂ ਬੀਤਦਾ। ਕਵੀ ਦਰਬਾਰਾਂ ਵਿੱਚ ਮੈਂ ਹਿਸਾ ਲੈਂਦਾ ਸੀ। ਰਾਵਲਪਿੰਡੀ ਦੇ ਕਵੀਆਂ, ਈਸ਼ਰ ਸਿੰਘ ਈਸ਼ਰ, ਅਤਰ ਸਿੰਘ ਅਤਰ, ਹਰਨਾਮ ਸਿੰਘ ਦੁਖੀ, ਹਰਨਾਮ ਸਿੰਘ ਸਬਰ, ਆਤਮਾ ਸਿੰਘ ਸ਼ਾਤਰ, ਭਗਤ ਸਿੰਘ ਹੀਰਾ, ਜਸਵੰਤ ਸਿੰਘ ਵੰਤਾ, ਕਰਤਾਰ ਸਿੰਘ ਦੁਗਲ ਆਦਿ ਕਵੀ, ਕਵੀ ਦਰਬਾਰਾਂ ਵਿੱਚ ਸ਼ਾਮਲ ਹੁੰਦੇ ਸਨ। ਅਸੀਂ ਹਰ ਗੁਰਪੁਰਬ ਤੇ ਕਵੀ ਦਰਬਾਰ ਵਿੱਚ ਸ਼ਿਰਕਤ ਕਰਦੇ ਸਾਂ। ਉਨ੍ਹੀਂ ਦਿਨੀਂ ਪਹਿਲੇ ਤੇ ਦੂਜੇ ਦਰਜੇ ਦੇ ਕਵੀਆਂ ਨੂੰ ਦੋ ਰੁਪਏ ਤੋਂ ਲੈ ਕੇ ਦਸ ਰੁਪਏ ਤੀਕ ਇਨਾਮਾਂ ਨਾਲ ਨਿਵਾਜਿਆ ਜਾਂਦਾ ਸੀ।

ਸਿੱਖ ਕਵੀ ਦਰਬਾਰਾਂ ਤੋਂ ਇਲਾਵਾ ਮੈਂ ਰਾਜਸੀ ਜਲਸਿਆਂ ਵਿੱਚ ਵੀ ਸ਼ਾਮਲ ਹੁੰਦਾ ਸਾਂ। ਇਕ ਵਾਰ ਮੈਨੂੰ ਜ਼ਿਲਾ ਕਾਂਗਰਸ ਕਮੇਟੀ ਦਾ ਸਕੱਤਰ ਬਣਾ ਦਿੱਤਾ ਗਿਆ। ਉਸ ਸਬੰਧ ਵਿੱਚ ਮੈਂ ਜ਼ਿਲੇ ਦੇ ਕਈ ਪਿੰਡਾਂ ਤੇ ਕਸਬਿਆਂ ਵਿੱਚ ਆਪਣੇ ਸਾਥੀਆਂ ਨਾਲ ਦੌਰੇ ਤੇ ਜਾਂਦਾ ਸਾਂ। ਅਸੀਂ ਉਨ੍ਹੀਂ ਦਿਨੀਂ ਕਾਮਰੇਡ ਜੈ ਪ੍ਰਕਾਸ਼ ਨਾਰਾਇਣ ਦੀ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਸਾਂ। ਭਗਤ ਸਿੰਘ ਦੀ ਸ਼ਹਾਦਤ ਮਗਰੋਂ ਸ਼ਹੀਦ ਭਗਤ ਸਿੰਘ ਦੀ ਬਣੀ 'ਨੌਜਵਾਨ ਭਾਰਤ ਸਭਾ' ਦਾ ਮੈਂ ਮੈਂਬਰ ਬਣ ਗਿਆ। ਸੋਸ਼ਲਿਸਟ ਪਾਰਟੀ, ਨੌਜਵਾਨ ਭਾਰਤ ਸਭਾ ਤੇ ਜ਼ਿਲਾ ਕਾਂਗਰਸ ਕਮੇਟੀ ਦੀ ਆਰਥਕ ਹਾਲਤ ਬੜੀ ਡਾਵਾਂਡੋਲ ਰਹਿੰਦੀ ਸੀ। ਹੋਲ ਟਾਈਮ ਵਰਕਰਾਂ ਪਾਸ ਚਾਹ ਪਾਣੀ ਲਈ ਵੀ ਪੈਸੇ ਨਹੀਂ ਹੁੰਦੇ ਸਨ। ਜਦੋਂ ਮੈਂ ਸਟੇਸ਼ਨਰੀ ਤੇ ਤਸਵੀਰਾਂ ਨੂੰ ਫਰੇਮ ਕਰਨ ਦੀ ਦੁਕਾਨ ਖੋਲ੍ਹੀ, ਉਦੋਂ ਵੀ ਆਪਣੀ ਆਰਥਕ ਹਾਲਤ ਡਾਵਾਂਡੋਲ ਸੀ। ਵੱਡੇ ਵੀਰ ਗੁਰਬਖਸ਼ ਸਿੰਘ ਨੇ ਵੀ ਆਪਣੀ ਗੱਡੀ ਵੇਚ ਦਿਤੀ। ਉਨ੍ਹਾਂ ਇਕ ਗਰਾਜ ਵਿੱਚ ਅਧੋਰਾਣੀਆਂ ਮੋਟਰਾਂ ਦੇ ਇੰਜਨਾਂ, ਬਾਡੀਆਂ ਤੇ ਪੁਰਾਣੇ ਟਾਇਰਾਂ ਆਦਿ ਦੇ ਕਬਾੜ ਦੀ ਦੁਕਾਨ ਖੋਲ੍ਹ ਲਈ। ਟਰਾਂਸਪੋਰਟ ਵਾਲੇ ਦਿਨਾਂ ਦੀਆਂ ਲਹਿਰਾਂ ਬਹਿਰਾਂ ਹੁਣ ਖਤਮ ਹੋ ਗਈਆਂ ਸਨ। ਸਿਰ ਤੇ ਚੜ੍ਹੇ ਹਜ਼ਾਰਾਂ ਰੁਪਏ ਦੇ ਕਰਜ਼ ਨੂੰ ਲਾਹੁਣ ਲਈ ਆਪਣੇ ਮਕਾਨ ਨੂੰ ਵੇਚਣ ਮਗਰੋਂ ਪਿਤਾ ਜੀ ਨੇ ਦੀਵਾਨ ਚੰਦ ਦੇ ਗੁਦਾਮ ਦੀ ਇਕ ਨੁਕਰ ਵਿੱਚ ਸਿਰ ਛੁਪਾਣ ਲਈ ਪੁਰਾਣੀਆਂ ਲਕੜਾਂ ਤੇ ਤਖਤਿਆਂ ਦਾ ਇਕ ਛੱਪਰ ਛੱਤ ਲਿਆ ਸੀ, ਤੇ ਨੀਲਾਮ 'ਚੋਂ ਲਈਆਂ ਲਕੜਾਂ ਦਾ ਟਾਲ ਖੋਲ੍ਹ ਲਿਆ ਸੀ। ਅਸਾਂ ਤਿੰਨ ਜੀਆਂ, ਮੈਂ, ਲਾਲਾ ਜੀ ਤੇ ਬੇ ਜੀ ਨੇ ਕਈ ਸਾਲ ਇਸੇ ਢਾਰੇ ਵਿੱਚ ਕਟੇ।

ਵੱਡੇ ਵੀਰ ਨੇ ਸਾਡੇ ਨੇੜੇ ਹੀ ਇਕ ਕਮਰਾ ਕਰਾਏ ਤੇ ਲੈ ਲਿਆ ਸੀ। ਉਸ ਸਮੇਂ ਉਨ੍ਹਾਂ ਦਾ ਬੇਟਾ ਤਰਲੋਚਨ ਸਿੰਘ ਦੋ ਕੁ ਸਾਲ ਦਾ ਸੀ। ਲਾਲਾ ਜੀ ਤੇ ਬੇ ਜੀ ਦਿਨ ਰਾਤ ਟਾਲ ਤੇ ਕੰਮ ਕਰਦੇ। ਕਦੀ ਉਹ ਲਕੜਾਂ ਆਰੀ ਨਾਲ ਕਟਦੇ, ਕਦੇ ਪੁਰਾਣੀਆਂ ਲਕੜਾਂ 'ਚੋਂ ਕਿਲ ਕਢਦੇ, ਕਦੀ ਪਿਛਲੇ ਸਾਲ ਖਰੀਦੀ ਮਝ ਦਾ ਚਾਰਾ ਲੈਣ ਸ਼ਹਿਰ ਚਲੇ ਜਾਂਦੇ।

ਇਨ੍ਹਾਂ ਦਿਨਾਂ ਵਿੱਚ ਸਟੇਸ਼ਨਰੀ ਦੀ ਦੁਕਾਨ ਵਿੱਚੋਂ ਮਾੜੀ ਮੋਟੀ ਰੋਟੀ ਨਿਕਲ ਆਉਂਦੀ। ਵੈਸੇ ਦੋਸਤਾਂ-ਮਿੱਤਰਾਂ, ਕਾਮਰੇਡਾਂ, ਰਾਜਸੀ ਵਰਕਰਾਂ ਤੇ ਕਵੀਆਂ ਦੀ ਸਦਾ ਗਹਿਮਾ-ਗਹਿਮੀ ਲਗੀ ਰਹਿੰਦੀ। ਇਸ ਦੁਕਾਨ ਤੇ ਹੀ ਕਈ ਵਾਰ ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਨਵਤੇਜ ਹੋਰੀ ਨੌਸ਼ਹਿਰੇ ਜਾਣ-ਆਣ ਸਮੇਂ ਮਿਲਣ ਆ ਜਾਂਦੇ। ਉਨ੍ਹਾਂ ਦੇ ਨਾਲ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਾਰ ਕਹਾਣੀਕਾਰ ਸ੍ਰ: ਬਲਵੰਤ ਸਿੰਘ ਗੁਜਰਖਾਨੀ ਆਪਣੀ ਨਵੀਂ ਛਪੀ ਕਹਾਣੀਆਂ ਦੀ ਪੁਸਤਕ 'ਵੇਦਨਾ' ਵੀ ਦੁਕਾਨ ਤੇ ਵੇਚਣ ਆਇਆ ਸੀ। ਇਥੇ ਹੀ ਆਪਣੇ ਪਿਆਰੇ ਮਿੱਤਰ ਜਨਰਲ ਜਗਜੀਤ ਸਿੰਘ ਅਰੋੜਾ, ਸ੍ਰੀ ਭੀਸ਼ਮ ਸਾਹਨੀ, ਸ੍ਰ: ਅਵਤਾਰ ਸਿੰਘ ਮਲਹੋਤਰਾ, ਪ੍ਰੋ ਜਸਵੰਤ ਸਿੰਘ ਰਾਏ, ਡਾ. ਗੁਪਾਲ ਸਿੰਘ ਦਰਦੀ, ਪੰਜਾਬੀ ਗੀਤਾਂ ਦੇ ਖੋਜੀ ਤੇ ਘੁਮੱਕੜ ਦੇਵਿੰਦਰ ਸਤਿਆਰਥੀ ਆਦਿ ਸਜਣ ਵੀ ਮਿਲਦੇ ਰਹਿੰਦੇ ਸਨ।

## ਗੁਆਚੇ ਟਰੰਕ ਦੀ ਪ੍ਰਾਪਤੀ

ਸਟੇਸ਼ਨਰੀ ਦੀ ਦੁਕਾਨ ਲਈ ਕਈ ਵਾਰ ਸਟੇਸ਼ਨਰੀ ਦਾ ਸਾਮਾਨ ਲੈਣ ਮੈਨੂੰ ਲਾਹੌਰ ਜਾਣਾ ਪੈਂਦਾ ਸੀ। ਇਕ ਵਾਰ ਜਦੋਂ ਮੈਂ ਲਾਹੌਰ ਸਟੇਸ਼ਨਰੀ ਲੈਣ ਗਿਆ ਤਾਂ ਆਪਣੇ ਮਿੱਤਰ ਮੋਹਣ ਸਿੰਘ ਤੋਂ ਇਕ ਛੋਟਾ ਟਰੰਕ ਮੰਗ ਲਿਆ। ਉਸ ਵਿੱਚ ਆਪਣੇ ਲੋੜੀਂਦੇ ਕਪੜੇ ਰਖੇ, ਤੇ ਲਾਹੌਰ ਜਾ ਪੁਜਾ। ਬਜ਼ਾਰੋਂ ਸਟੇਸ਼ਨਰੀ ਦਾ ਸਾਮਾਨ ਲਿਆ। ਖਾਣਾ ਖਾਧਾ। ਅਨਾਰਕਲੀ ਦੀ ਸੈਰ ਕੀਤੀ ਅਤੇ ਰਾਤ ਦੀ ਗੱਡੀ ਵਿੱਚ ਬੈਠ ਗਿਆ। ਇਹ ਗੱਡੀ ਦੂਜੇ ਦਿਨ ਚਾਰ ਵਜੇ ਸਵੇਰੇ ਰਾਵਲਪਿੰਡੀ ਪੁਜਦੀ ਸੀ। ਅਪਣਾ ਟਰੰਕ ਸੀਟ ਹੇਠਾਂ ਟਿਕਾ ਦਿਤਾ। ਆਪ ਇਕ ਫੌਜੀਆਂ ਵਾਲੇ ਡੱਬੇ ਵਿੱਚ ਲੇਟ ਗਿਆ। ਅਧੀ ਰਾਤ ਵੇਲੇ ਗੱਡੀ ਵਿੱਚ ਹਲਚਲ ਮੱਚੀ ਵੇਖ ਮੈਂ ਜਾਗ ਪਿਆ। ਪਤਾ ਲਗਾ, ਕਿ ਇਨ੍ਹਾਂ ਫੌਜੀਆਂ ਨੇ ਜਿਹਲਮ ਸਟੇਸ਼ਨ ਤੇ ਉਤਰਨਾ ਹੈ। ਉਨ੍ਹਾਂ ਨੇ ਆਪਣਾ ਸਾਰਾ ਸਾਮਾਨ ਪਲੇਟਫਾਰਮ ਤੇ ਉਤਾਰਿਆ। ਕੁਝ ਮਿੰਟ ਹੀ ਉਥੇ ਗੱਡੀ ਖੜੋਂਦੀ ਸੀ। ਜਦੋਂ ਗੱਡੀ ਤੁਰ ਪਈ ਤਾਂ ਮੈਂ ਆਪਣੀ ਸੀਟ ਹੇਠਾਂ ਨਜ਼ਰ ਮਾਰੀ। ਵੇਖਿਆ, ਟਰੰਕ ਗਾਇਬ ਸੀ। ਨਾਲ ਵਾਲੀ ਸਵਾਰੀ ਨੇ ਦਸਿਆ, ਕਿ ਫੌਜੀ ਆਪਣੇ ਸਾਮਾਨ ਨਾਲ ਤੁਹਾਡੀ ਸੀਟ ਹੇਠਾਂ ਰਖਿਆ ਕਾਲਾ ਟਰੰਕ ਵੀ ਲੈ ਗਏ ਹਨ। ਬੜਾ ਪ੍ਰੇਸ਼ਾਨ ਹੋਇਆ, ਪਰ ਹੁਣ ਕੀ ਹੋ ਸਕਦਾ ਸੀ? ਅਗਲੇ ਸਟੇਸ਼ਨ ਤੇ ਗੱਡੀ ਰੁਕੀ, ਤਾਂ ਸਟੇਸ਼ਨ ਮਾਸਟਰ ਨੇ ਟੈਲੀਫੂਨ ਕੀਤੀ। ਮੇਰਾ ਅਤਾ ਪਤਾ ਦਸਿਆ। ਟਰੰਕ ਬਾਰੇ ਜਾਣਕਾਰੀ ਦਿਤੀ। ਮੈਂ ਗੱਡੀ ਵਿੱਚ ਬੈਠ ਝੂਰਦਾ ਹੋਇਆ ਰਾਵਲਪਿੰਡੀ ਆਣ ਪੁਜਾ। ਘਰ ਗੱਲ ਦਸੀ। ਆਂਢ-ਗੁਆਂਢ ਵਿੱਚ ਵੀ ਪਤਾ ਲਗ ਗਿਆ। ਪਰ ਹੁਣ ਕੀ ਹੋ ਸਕਦਾ ਸੀ, ਪਤਾ ਨਹੀਂ ਕਿ ਇਹ ਗੁਆਚਾ ਟਰੰਕ ਕਿਸ ਬੰਦੇ ਦੇ ਹੱਥ ਆਇਆ ਹੋਵੇ?

ਇਸੇ ਪ੍ਰੇਸ਼ਾਨੀ ਦੀ ਹਾਲਤ ਵਿੱਚ ਕਈ ਦਿਨ ਗੁਜ਼ਰ ਗਏ। ਜਦੋਂ ਮੈਂ ਟਰੰਕ ਦੇਣ ਵਾਲੇ ਦੋਸਤ ਨੂੰ ਇਹ ਘਟਨਾ ਸੁਣਾਈ ਤਾਂ ਉਸ ਦੇ ਹਥਾਂ ਦੇ ਤੋਤੇ ਉਡ ਗਏ। ਉਹ ਮੇਰੇ ਤੋਂ ਵਧ ਪ੍ਰੇਸ਼ਾਨ ਹੋਇਆ। ਉਸ ਨੇ ਮੈਨੂੰ ਦਸਿਆ, "ਇਸ ਟਰੰਕ ਵਿੱਚ ਮੇਰੇ ਮਕਾਨ ਦੀਆਂ ਰਜਿਸਟਰੀਆਂ ਵੀ ਪਈਆਂ ਹੋਈਆਂ ਸਨ। ਉਨ੍ਹਾਂ ਉਪਰ ਮੈਂ ਅਖਬਾਰ ਵਛਾਇਆ ਹੋਇਆ ਸੀ।"

ਇਸ ਤਰ੍ਹਾਂ ਮੇਰੇ ਸਟੇਸ਼ਨਰੀ ਦੇ ਸਾਮਾਨ ਦੇ ਨਾਲ ਹੀ ਮੇਰੇ ਮਿੱਤਰ ਦੀਆਂ ਰਜਿਸਟਰੀਆਂ ਵੀ ਗਾਇਬ ਹੋ ਗਈਆਂ ਸਨ। ਕਈ ਦਿਨ ਗੁਜ਼ਰ ਗਏ। ਇਕ ਦਿਨ ਮੈਨੂੰ ਇਕ ਚਿੱਠੀ ਮਿਲੀ। ਉਸ ਦੇ ਖੋਲ੍ਹਣ ਤੋਂ ਪਤਾ ਲਗਾ, ਇਹ ਚਿੱਠੀ ਜਿਹਲਮ ਦੇ ਥਾਣੇ ਵਿੱਚੋਂ ਪੁਲਿਸ ਇੰਨਸਪੈਕਟਰ ਵਲੋਂ ਭੇਜੀ ਗਈ ਸੀ। ਚਿੱਠੀ ਵਿੱਚ ਲਿਖਿਆ ਹੋਇਆ ਸੀ, "ਤੁਹਾਡਾ ਟਰੰਕ ਫੌਜੀਆਂ ਦੇ ਸਾਮਾਨ ਨਾਲ ਗਲਤੀ ਨਾਲ ਜਿਹਲਮ ਉਤਰ ਗਿਆ ਸੀ। ਫੌਜੀਆਂ ਨੇ ਉਹ ਟਰੰਕ ਲਾਵਾਰਿਸ ਸਮਝ ਕੇ ਥਾਣੇ ਵਿੱਚ ਜਮਾ ਕਰਵਾ ਦਿਤਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਟਰੰਕ ਖੋਲ੍ਹਣ ਤੇ ਪਤਾ ਲਗਾ, ਕਿ ਉਸ ਵਿੱਚ ਕਿਸੇ ਮੋਹਨ ਸਿੰਘ ਨਾਂ ਦੇ ਬੰਦੇ ਦੇ ਮਕਾਨ ਦੀ ਰਜਿਸਟਰੀ ਤੇ ਹੋਰ ਕਈ ਜ਼ਰੂਰੀ ਕਾਗਜ਼ ਹਨ। ਇਸ ਦੇ ਨਾਲ ਹੀ ਸਟੇਸ਼ਨਰੀ ਦੇ ਸਾਮਾਨ ਨਾਲ ਟਰੰਕ ਭਰਿਆ ਹੋਇਆ ਹੈ। ਤੁਸੀਂ ਫਲਾਣੀ ਤ੍ਰੀਕ ਜਿਹਲਮ ਦੇ ਇਸ ਨਾਂ ਦੇ ਜੱਜ ਦੀ ਕਚਹਿਰੀ ਵਿੱਚ ਦਸ ਵਜੇ ਪਹੁੰਚ ਜਾਓ। ਆਪਣੇ ਨਾਲ ਕੋਈ ਜਿਹਲਮ ਦਾ ਰਹਿਣ ਵਾਲਾ ਜ਼ਮਾਨਤੀ ਵੀ ਲੈ ਆਓ। ਟਰੰਕ ਵਿੱਚਲੀਆਂ ਚੀਜ਼ਾਂ ਦੀ ਲਿਸਟ ਪੇਸ਼ ਕਰ ਕੇ ਅਪਣਾ ਟਰੰਕ ਕਚਿਹਰੀ ਵਿੱਚੋਂ ਲੈ ਜਾਓ।''

ਇਹ ਚਿੱਠੀ ਮੈਂ ਮੋਹਨ ਸਿੰਘ ਨੂੰ ਵਿਖਾਈ। ਅਪਣੇ ਦੋਸਤਾਂ ਮਿੱਤਰਾਂ ਨੂੰ ਦੱਸੀ। ਉਨ੍ਹੀਂ ਦਿਨੀਂ ਮੇਰੀ ਦੁਕਾਨ ਰਾਜਸੀ ਸਰਗਰਮੀਆਂ ਦਾ ਅੱਡਾ ਸੀ। ਡੀ.ਏ.ਵੀ. ਕਾਲਜ ਦੇ ਵਿਦਿਆਰਥੀਆਂ ਦੀ ਬੈਠਕ ਸੀ। ਉਨ੍ਹਾ ਵਿਦਿਆਰਥੀਆਂ ਵਿੱਚੋਂ ਐਸ. ਰਾਮਾ, ਭੀਸ਼ਮ ਸਾਹਨੀ, ਜਗਜੀਤ ਸਿੰਘ ਅਰੋੜਾ ਤੇ ਦੂਸਰਾ ਜਗਜੀਤ ਸਿੰਘ ਆਦਿ ਕਾਲਜ ਵਿਚਲੇ ਖਾਲੀ ਪੀਰੀਅਡ ਵਿੱਚ ਮੇਰੀ ਦੁਕਾਨ ਤੇ ਬੈਠ ਕੇ ਗਪਸ਼ਪ ਮਾਰਦੇ ਰਹਿੰਦੇ ਸਨ। ਉਨ੍ਹਾਂ ਮਿੱਤਰਾਂ ਨੂੰ ਜਦੋਂ ਮੈਂ ਜਿਹਲਮ ਥਾਣੇ ਵਲੋਂ ਆਈ ਚਿੱਠੀ ਬਾਰੇ ਦਸਿਆ, ਤਾਂ ਨਾਲ ਹੀ ਇਹ ਕਿਹਾ ਕਿ ਮੇਰੀ ਤਾਂ ਕਿਸੇ ਜਿਹਲਮ ਨਿਵਾਸੀ ਨਾਲ ਜਾਣ-ਪਛਾਣ ਨਹੀਂ। ਮੇਰੀ ਜ਼ਮਾਨਤ ਕੌਣ ਦੇਵੇਗਾ? ਇਹ ਬੜੀ ਕਠਨ ਸੱਮਸਿਆ ਹੈ।

ਮੇਰੀ ਗੱਲ ਸੁਣ ਜਗਜੀਤ ਸਿੰਘ ਅਰੋੜਾ ਹੱਸ ਕੇ ਕਹਿਣ ਲਗਾ, ''ਦਾਤਾ ਜੀ! ਇਹ ਕੋਈ ਪ੍ਰੇਸ਼ਾਨੀ ਦੀ ਗੱਲ ਨਹੀਂ। ਜਿਹਲਮ ਦੇ ਨੇੜੇ ਹੀ ਸਾਡਾ ਪਿੰਡ ਕਾਲਾ ਗੋਜਰਾ ਹੈ। ਉਥੇ ਮੇਰੇ ਵਡੇ ਭਰਾ ਜਗਜੋਤ ਸਿੰਘ ਰਹਿੰਦੇ ਹਨ। ਉਹਨਾਂ ਦੇ ਨਾਲ ਕਰ ਕੇ ਤੁਹਾਡਾ ਕਵੀ ਮਿੱਤਰ ਦਰਸ਼ਨ ਸਿੰਘ 'ਅਵਾਰਾ' ਵੀ ਰਹਿੰਦਾ ਹੈ। ਮੇਰੀ ਚਿੱਠੀ ਲੈ ਕੇ ਤ੍ਰੀਕ ਤੋਂ ਇਕ ਦਿਨ ਪਹਿਲਾਂ ਸਾਡੇ ਘਰ ਪਹੁੰਚ ਜਾਣਾ। ਰਾਤ ਉਥੇ ਰਹੋ। ਸਵੇਰੇ ਵੀਰ ਜੀ ਨੂੰ ਨਾਲ ਲੈ ਕੇ ਕਚਿਹਰੀ ਜਾ ਕੇ ਆਪਣਾ ਟਰੰਕ ਲੈ ਆਣਾ।'' ਇਹ ਗੱਲ ਸੁਣ ਕੇ ਮੈਨੂੰ ਤਸਲੀ ਹੋ ਗਈ, ਕਿ ਹੁਣ ਕੋਈ ਪ੍ਰੇਸ਼ਾਨੀ ਨਹੀਂ ਰਹੇਗੀ।

ਮਿਥੀ ਤ੍ਰੀਕ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਰੇਲ ਗੱਡੀ ਰਾਹੀਂ ਮੈਂ ਜਿਹਲਮ ਤੋਂ ਉਤਰ ਕੇ ਕਾਲੇ ਗੋਜਰੇ ਚਲਾ ਗਿਆ। ਸ੍ਰ: ਜਗਜੋਤ ਸਿੰਘ ਨੂੰ ਚਿੱਠੀ ਵਿਖਾਈ। ਉਹ ਬੜੇ ਤਪਾਕ ਨਾਲ ਮਿਲੇ। ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਮੈਂ ਉਨ੍ਹਾਂ ਦੇ ਛੋਟੇ ਵੀਰ ਜਗਜੀਤ ਦਾ ਦੋਸਤ ਹਾਂ। ਇੰਨੇ ਨੂੰ ਦਰਸ਼ਨ ਸਿੰਘ 'ਅਵਾਰਾ' ਵੀ ਆ ਗਿਆ। ਉਹ ਮੇਰਾ ਪਹਿਲਾਂ ਤੋਂ ਹੀ ਜਾਣੂ ਸੀ। ਕਈ ਕਵੀ ਦਰਬਾਰਾਂ ਵਿੱਚ ਅਸੀਂ ਇਕਠੇ ਕਵਿਤਾਵਾਂ ਪੜ੍ਹਦੇ ਸਾਂ।

ਦੂਜੇ ਦਿਨ ਸਵੇਰੇ ਸ੍ਰੰ. ਜਗਜੋਤ ਸਿੰਘ ਮੈਨੂੰ ਨਾਲ ਲੈ ਕੇ ਕਚਿਹਰੀ ਜਾ ਪੁੱਜੇ। ਥਾਣੇਦਾਰ ਤੇ ਜੱਜ ਸ੍ਰ: ਜਗਜੋਤ ਸਿੰਘ ਦੇ ਜਾਣ-ਪਛਾਣ ਦੇ ਸਨ। ਮੈਂ ਆਪਣੇ ਸਾਮਾਨ ਦੀ ਲਿਸਟ ਜੱਜ ਦੇ ਸਾਹਮਣੇ ਰਖੀ। ਪੁਲਿਸ ਨੇ ਟਰੰਕ ਖੋਲ੍ਹ ਕੇ ਸਾਰੀਆਂ ਚੀਜ਼ਾਂ ਵੇਖ ਤਸਲੀ ਕੀਤੀ। ਜ਼ਮਾਨਤ ਸ੍ਰ: ਜਗਜੋਤ ਸਿੰਘ ਨੇ ਦਿਤੀ। ਇਸ ਤਰ੍ਹਾਂ ਛਿੰਨਾਂ ਪਲਾਂ ਵਿੱਚ ਮੇਰਾ ਗੁਆਚਾ ਟਰੰਕ ਮਿਲ ਗਿਆ। ਸੋ ਮੈਂ ਸ੍ਰ: ਜਗਜੋਤ ਸਿੰਘ ਦਾ ਧੰਨਵਾਦ ਕਰ ਕੇ ਵਾਪਸ ਰਾਵਲਪਿੰਡੀ ਆ ਗਿਆ। ਸਟੇਸ਼ਨਰੀ ਦੀਆਂ ਸਾਰੀਆਂ ਚੀਜ਼ਾਂ ਟਰੰਕ ਵਿੱਚੋਂ ਕਢ ਕੇ ਮੈਂ ਟਰੰਕ ਮੋਹਨ ਸਿੰਘ ਦੇ ਹਵਾਲੇ ਕਰ ਦਿਤਾ। ਮਕਾਨ ਦੀ ਰਜਿਸਟਰੀ ਤੇ ਹੋਰ ਜ਼ਰੂਰੀ ਚੀਜ਼ਾਂ ਵੇਖ ਉਸਦੀ ਤੱਸਲੀ ਹੋ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪਣੇ ਮਿੱਤਰ ਜਗਜੀਤ ਸਿੰਘ ਅਰੋੜਾ ਨੂੰ ਵੀ ਸਾਰੀ ਗੱਲ ਦਸੀ। ਉਹ ਸੁਣ ਕੇ ਬੜਾ ਖੁਸ਼ ਹੋਇਆ। ਹੁਣ ਅਸੀਂ ਸੋਚਦੇ ਹਾਂ, ਕਿ ਉਹ ਕਿਹੋ ਜਿਹੇ ਭਲੇ ਜ਼ਮਾਨੇ ਸਨ। ਮੇਰਾ ਗੁਆਚਾ ਟਰੰਕ ਫੌਜੀਆਂ ਨੇ ਥਾਣੇ ਜਮ੍ਹਾਂ ਕਰਵਾ ਦਿਤਾ। ਪੁਲਿਸ ਨੇ ਟਰੰਕ ਖੋਲ੍ਹ ਮੇਰਾ ਪਤਾ ਲੈ ਕੇ ਮੈਨੂੰ ਚਿੱਠੀ ਲਿਖ ਦਿਤੀ। ਮੈਂ ਜਿਹਲਮ ਪੁਜ ਗਿਆ। ਪੁਲਿਸ ਤੇ ਜਜ ਦੀ ਮੇਰਾ ਬਿਆਨ ਸੁਣ ਤਸਲੀ ਹੋ ਗਈ। ਕੀ ਅਜ ਦੇ ਯੁਗ ਵਿੱਚ ਵੀ ਗੁਆਚਾ ਟਰੰਕ ਇਸ ਆਸਾਨੀ ਨਾਲ ਬਿਨਾਂ ਰਿਸ਼ਵਤ ਦਿਤੇ, ਤੇ ਖਜਲ ਖਵਾਰੀ ਝਲੇ ਦੇ ਮਾਲਕ ਨੂੰ ਮਿਲ ਸਕਦਾ ਹੈ? ਇਹ ਮਸਲਾ ਪ੍ਰਸ਼ਨ ਚਿੰਨ੍ਹ ਬਣ ਕੇ ਸਾਡੇ ਸਾਹਮਣੇ ਖੜੋਤਾ ਰਹੇਗਾ।

ਇਸ ਵਾਕਿਆ ਤੋਂ ਕੁਝ ਚਿਰ ਮਗਰੋਂ ਮੈਂ ਸਟੇਸ਼ਨਰੀ ਦੀ ਦੁਕਾਨ ਛੱਡ ਕਈ ਪਾਪੜ ਵੇਲੇ। ਜਗਜੀਤ ਸਿੰਘ ਰੇਲਵੇ ਵਿੱਚ ਕਲਰਕ ਲਗ ਗਿਆ। ਉਸ ਦੀ ਰਾਵਲਪਿੰਡੀ ਤੋਂ ਦੂਰ ਨੌਕਰੀ ਲਗੀ। ਮੇਰਾ ਦੂਜਾ ਮਿੱਤਰ ਜਗਜੀਤ ਸਿੰਘ ਅਰੋੜਾ ਫੌਜ ਵਿੱਚ ਭਰਤੀ ਹੋ ਗਿਆ। ਉਸ ਪਿਛੋਂ ਆਪਣੇ ਇਨ੍ਹਾਂ ਮਿੱਤਰਾਂ ਬਾਰੇ ਮੈਨੂੰ ਕੋਈ ਜਾਣਕਾਰੀ ਨਾ ਮਿਲੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸ਼ਾਦੀ

ਸੰਨ 1932 ਵਿੱਚ, ਜਦੋਂ ਮੈਂ ਕੋਹਮਰੀ ਕਾਰ ਚਲਾਂਦਾ ਸਾਂ ਤਾਂ ਰਾਜ ਨਾਂ ਦੀ ਇਕ ਭੋਲੀ ਭਾਲੀ ਸੁੰਦਰ ਕੁੜੀ ਨੂੰ ਮੇਰੀਆਂ ਭੈਣਾਂ ਨੇ ਮੇਰੇ ਰਿਸ਼ਤੇ ਲਈ ਪਸੰਦ ਕੀਤਾ। ਮੈਨੂੰ ਵੀ ਰਾਜ ਵਿਖਾਈ ਗਈ। ਕੁੜੀ ਮੁੰਡੇ ਤੇ ਦੋਹਾਂ ਪਰਿਵਾਰਾਂ ਨੂੰ ਇਹ ਰਿਸ਼ਤਾ ਪਸੰਦ ਆ ਗਿਆ। ਦੋਹਾਂ ਦੀ ਜੋੜੀ ਅਜਿਹੀ ਸੀ, ਮਾਨੋ ਧੁਰ ਦਰਗਾਹੋਂ ਇਹ ਮੇਲੇ ਰਬ ਨੇ ਮਿੱਥ ਕੇ ਬਣਾਏ ਹੋਣ। ਰਾਜ ਦੀ ਉਮਰ ਅਠਾਰਾਂ ਕੁ ਸਾਲ ਦੀ ਸੀ। ਉਸ ਦਾ ਕਣਕ-ਵੰਨਾ ਰੰਗ, ਉਚਾ ਸਰੂ ਵਰਗਾ ਕੱਦ, ਸੁੰਦਰ ਨੈਣ ਨਕਸ਼, ਪਿਆਰੇ ਤੇ ਮਿਠੇ ਬੋਲ, ਬਸ ਵੇਖਦਿਆਂ ਹੀ ਤਬੀਅਤ ਖਿੜ ਗਈ। ਚਿਰਾਂ ਤੋਂ ਆਪਣੇ ਮਨ ਵਿੱਚ ਚਿਤ੍ਰੀ ਮੂਰਤ ਇੰਨ-ਬਿਨ ਰਾਜ ਰਾਣੀ ਹੀ ਸੀ। ਦੋਹਾਂ ਪਰਿਵਾਰਾਂ ਦਾ ਰਿਸ਼ਤਾ ਵੀ ਡੂੰਘੇ ਤੋਂ ਡੂੰਘੇਰਾ ਹੋ ਗਿਆ। ਪਰਿਵਾਰਾਂ ਦੀਆਂ ਮਿਲਣੀਆਂ ਵੀ ਜਾਰੀ ਹੋ ਗਈਆਂ। ਇਹ ਸਬੰਧ ਪੂਰਾ ਇਕ ਸਾਲ ਕਾਇਮ ਰਿਹਾ ਕਿ ਅਚਾਨਕ ਪਤਾ ਲਗਾ ਕਿ ਰਾਜ ਕਿਸੇ ਹੋਰ ਥਾਂ ਵਿਆਹ ਦਿਤੀ ਗਈ ਹੈ।

ਦਿਲ ਨੂੰ ਤਕੜੀ ਸਟ ਵਜੀ। ਘਰ ਵਾਲਿਆਂ ਨੇ ਪੁਛ ਪੜਤਾਲ ਕੀਤੀ ਤਾਂ ਪਤਾ ਲਗਾ, ਕਿ ਅਤਰੂ ਨਾਂ ਦੇ ਵਿੱਚੋਲੇ ਨੇ ਇਹ ਰਿਸ਼ਤਾ ਜਿਨ੍ਹਾਂ ਰੀਝਾਂ ਨਾਲ ਕਰਵਾਇਆ ਸੀ, ਉਨ੍ਹਾਂ ਨਾਲ ਹੀ ਤੁੜਵਾ ਦਿਤਾ ਹੈ। ਕਾਰਣ ਇਹ ਸੀ, ਕਿ ਰਿਸ਼ਤਾ ਹੋ ਜਾਣ ਉਪਰੰਤ ਉਸ ਦੀ ਪਹਿਲਾਂ ਵਰਗੀ ਪੁਛ ਗਿਛ ਨਹੀਂ ਸੀ ਰਹੀ। ਦੋਵੇਂ ਪਰਿਵਾਰ ਆਪੋ ਵਿੱਚ ਘਿਓ ਖਿਚੜੀ ਹੋ ਗਏ ਸਨ, ਪਰ ਉਸ ਨੂੰ ਕੋਈ ਨਹੀਂ ਸੀ ਪੁਛਦਾ। ਇਸ ਗੱਲ ਤੋਂ ਖਿਝ ਕੇ ਉਸ ਨੇ ਅਜਿਹੀ ਚਾਲ ਚਲੀ, ਕਿ ਪਤਾ ਉਦੋਂ ਹੀ ਲਗਾ, ਜਦ ਪਰਾਏ ਪੁਤਰਾਂ ਰਾਜ ਦਾ ਵਿਆਹ ਕਿਸੇ ਹੋਰ ਥਾਂ ਕਰ ਦਿਤਾ।

ਮਨ ਬੜਾ ਦੁਖੀ ਤੇ ਅਸ਼ਾਂਤ ਹੋ ਗਿਆ। ਨਾ ਕੁਝ ਖਾਣ ਨੂੰ ਚਿਤ ਕਰੇ, ਨਾ ਕੰਮ ਕਰਨ ਨੂੰ, ਪਰ ਉਪਰੋਂ ਢੀਠਾਂ ਵਾਂਗ ਆਪਣੀ ਆਨ ਰਖਣ ਤੇ ਘਰ ਵਾਲਿਆਂ ਨੂੰ ਤਸਲੀ ਦੇਣ ਹਿਤ ਕਿਸੇ ਨੂੰ ਪਤਾ ਹੀ ਨਾ ਲਗਣ ਦਿਤਾ, ਕਿ ਅੰਦਰ ਕਾਤੀਆਂ ਚਲ ਰਹੀਆਂ ਹਨ। ਪੂਰੇ ਅਠ ਸਾਲ ਤੀਕ ਸੀਨਾ ਜ਼ਖਮਾਂ ਨਾਲ ਵਿਨ੍ਹਿਆ ਜਾਂਦਾ ਰਿਹਾ, ਪਰ ਦੋਸਤਾਂ ਮਿੱਤਰਾਂ ਤੇ ਮਿਲਣ ਗਿਲਣ ਵਾਲਿਆਂ ਨੂੰ ਅਜਿਹਾ ਜਾਪਦਾ ਸੀ, ਕਿ ਇਥੇ ਕੁਝ ਵਾਪਰਿਆ ਹੀ ਨਹੀਂ। ਨਾ ਕੋਈ ਹਨੇਰੀ ਝੁਲੀ ਹੈ। ਨਾ ਝਖੜ ਤੇ ਤੂਫਾਨ ਆਏ ਹਨ। ਬਸ ਚੁਪਾਸੀਂ ਸ਼ਾਂਤੀ ਪਸਰੀ ਹੋਈ ਹੈ।

ਪੂਰੇ ਅਠ ਸਾਲ, ਮਾਨੋ ਇਕ ਯੁਗ ਬੀਤ ਗਿਆ ਹੋਵੇ, ਉਸ ਪਿਆਰੀ ਸੂਰਤ ਦੀ ਯਾਦ ਵਿੱਚ ਬਿਤਾ ਦਿੱਤੇ। ਤੇ ਫਿਰ ਜਿਥੇ ਕਿਧਰੇ ਆਪਣੇ ਸਨੇਹੀਆਂ ਨੇ ਵਿਆਹ ਲਈ ਕਹਿ ਦਿੱਤਾ, ਇਸ ਨੇ ਇਕ ਬੇਜਾਨ ਪੰਖੇਰੂ ਵਾਂਗ, ਜਿਸ 'ਚੋਂ ਦਿਲ ਵਰਗੀ ਸ਼ੈ ਦਸ ਸਾਲ ਪਹਿਲਾਂ ਹੀ ਖੰਭ ਲਾ ਕੇ ਉਡ ਚੁਕੀ ਸੀ, ਆਪਣਾ ਆਪ ਹਵਾਲੇ ਕਰ ਦਿਤਾ।

ਮੇਰੀ ਸ਼ਾਦੀ ਕੋਈ ਐਸੀ ਘਟਨਾ ਨਹੀਂ ਸੀ ਜਿਸ ਤੇ ਮੈਂ ਫਖਰ ਕਰ ਸਕਦਾ। ਆਜ਼ਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪੰਛੀ ਦੇ ਪੈਰਾਂ ਵਿੱਚ ਬੇੜੀਆਂ ਪੈ ਗਈਆਂ। ਸ਼ਾਦੀ ਦੀ ਰਸਮ ਬੜੀ ਸਾਧਾਰਨ ਸੀ। ਸਾਡੀ ਬਰਾਦਰੀ ਵਿੱਚ ਨਿਉਂਦਰੇ ਦਾ ਪੁਰਾਤਨ ਰਿਵਾਜ ਸੀ। ਰਿਸ਼ਤੇਦਾਰ ਤੇ ਦੋਸਤ ਮਿੱਤਰ ਮੁੰਡੇ ਦੇ ਵਿਆਹ ਤੇ ਨਿਉਂਦਰਾ ਦੇਂਦੇ ਸਨ, ਜਿਹੜਾ ਹਰ ਪਰਿਵਾਰ ਆਪਣੀ ਖ਼ਾਨਦਾਨੀ ਵਹੀ ਵਿੱਚ ਦਰਜ ਕਰ ਲੈਂਦਾ ਸੀ। ਕਈ ਵਾਰ ਅਜਿਹਾ ਹੋਇਆ ਕਿ ਸ਼ਾਦੀ ਸਮੇਂ ਕਿਸੇ ਨੇ ਨਿਉਂਦਰਾ ਦੋ ਰੁਪਏ ਦਿਤਾ ਤੇ ਹਿਸਾਬ ਨਾਲ ਉਸ ਨੂੰ ਪੰਜ ਰੁਪਏ ਦੇਣੇ ਪੈਂਦੇ ਬਣਦੇ ਸਨ, ਸੋ ਉਥੇ ਹੀ ਤੂੰ ਤੂੰ ਮੈਂ ਮੈਂ ਸ਼ੁਰੂ ਹੋ ਗਈ। ਵਿਆਹ ਸ਼ਾਦੀ ਸਮੇਂ ਨਿਉਂਦਰਾ ਪੂਰਾ ਹਿਸਾਬ ਨਾਲ ਵਸੂਲਣ ਦਾ ਸ਼ਾਈਲਾਕੀ ਰਿਵਾਜ ਸੀ। ਮੈਂ ਆਪਣੇ ਮਾਤਾ-ਪਿਤਾ ਨੂੰ ਮਨਾ ਕੇ ਸਭ ਰਿਸ਼ਤੇਦਾਰਾਂ ਨੂੰ ਕਹਿ ਦਿਤਾ, ਕਿ ਅਜ ਤੋਂ ਸਾਡੇ ਖ਼ਾਨਦਾਨ ਵਿੱਚ ਨਿਉਂਦਰੇ ਦੀ ਰਸਮ ਖਤਮ ਹੈ। ਰਿਸ਼ਤੇਦਾਰ ਤੇ ਦੋਸਤ ਮਿੱਤਰ ਇਹ ਸੁਣ ਬੜੇ ਖ਼ੁਸ਼ ਹੋਏ।

ਇਕ ਬਸ ਵਿੱਚ ਪੂਰੀ ਪਲਟਨ, ਭਾਵ ਪੰਜਾਹ ਕੁ ਬੰਦੇ, ਜਿਨ੍ਹਾਂ ਵਿੱਚ ਦਸ ਬਾਰਾਂ ਮਿੱਤਰ ਵੀ ਸਨ, ਅਸੀਂ ਬਰਾਤ ਲੈ ਕੇ 'ਬੰਦੇ' ਪਿੰਡ ਗਏ। ਉਥੇ ਸਾਧਾਰਨ ਢੰਗ ਨਾਲ ਲਾਵਾਂ ਹੋਈਆਂ। ਬਰਾਤ ਬਿਨਾਂ ਵਾਜਿਆਂ ਗਾਜਿਆਂ, ਬਿਨਾ ਬੰਬਾਂ ਗੋਲਿਆਂ, ਤੇ ਧੂਮ-ਧੜਕੇ ਤੇ ਸ਼ੋਰ-ਸ਼ਰਾਬੇ ਰਹਿਤ ਵਾਪਸ ਰਾਵਲਪਿੰਡੀ ਪਰਤ ਆਈ। ਇਸ ਸ਼ਾਦੀ ਦੀ ਮੈਨੂੰ ਕੋਈ ਮਾਨਸਿਕ ਸੰਤੁਸ਼ਟਤਾ ਵੀ ਨਹੀਂ ਸੀ। ਜਿਸ ਕੁੜੀ ਨੂੰ ਪਹਿਲਾਂ ਵੇਖਿਆ ਨਹੀਂ, ਖਿਆਲਾਂ ਦਾ ਵਿੱਚਾਰ-ਵਟਾਦਰਾ ਨਹੀਂ ਹੋਇਆ। ਉਸ ਨਾਲ ਸਾਰੀ ਜ਼ਿੰਦਗੀ ਕਿਵੇਂ ਬਿਤਾਣੀ ਹੈ। ਸੋ ਬਾਕੀ ਲੱਖਾਂ ਬੰਦਿਆਂ ਵਾਂਗ ਅਸੀਂ ਵੀ ਅੰਨ੍ਹੇ ਬੈਲ ਵਾਂਗ ਕੋਹਲੂ ਅਗੇ ਜੋਤ ਦਿਤੇ ਗਏ, ਜਿਸ ਨੇ ਅੱਖਾਂ ਬੰਨ੍ਹ ਸਾਰੀ ਉਮਰ ਕੋਹਲੂ ਦੇ ਚਕਰ ਹੀ ਕਟੀ ਜਾਣੇ ਸਨ।

ਸਾਡੀ ਸੁਹਾਗ ਰਾਤ ਵੀ ਬੜੀ ਦਿਲਚਸਪ ਸੀ। ਸੌਣ ਵੇਲੇ ਮੈਂ ਆਪਣੀ ਸ੍ਰੀਮਤੀ ਸਾਹਮਣੇ ਪ੍ਰੀਤਨਗਰ ਦਾ ਸੁਹਾਵਣਾ ਸੁਪਨਾ ਚਿਤ੍ਰਿਆ। ਉਥੋਂ ਦੇ ਲੰਗਰ ਦੀਆਂ ਤਾਰੀਫਾਂ ਕੀਤੀਆਂ। ਉਥੋਂ ਦੇ ਨਿਵਾਸੀ ਆਪੋ ਵਿੱਚ ਕਿੰਨੇਂ ਪਿਆਰ ਨਾਲ ਰਹਿੰਦੇ ਹਨ। ਉਥੇ ਡਰਾਮੇ ਖੇਡੇ ਜਾਂਦੇ ਹਨ। ਸਕੂਲ ਵਿੱਚ ਕੁੜੀਆਂ ਮੁੰਡੇ ਕਠੇ ਪੜ੍ਹਦੇ ਹਨ। ਉਨ੍ਹਾਂ ਦਾ ਆਪੋ ਵਿੱਚ ਭੈਣਾਂ-ਭਰਾਵਾਂ ਵਾਲਾ ਪਿਆਰ ਹੈ। ਉਸਤਾਦ ਆਪਣੇ ਆਪ ਨੂੰ ਰਾਣੀ ਖਾਂ ਦੇ ਸਾਲੇ ਨਹੀਂ ਸਮਝਦੇ, ਸਗੋਂ ਬੱਚਿਆਂ ਦੇ ਭਰਾ ਜੀ, ਭਾਪਾ ਜੀ, ਤੇ ਭੈਣ ਜੀਆਂ ਹੁੰਦੇ ਹਨ। ਆਪਣੇ ਬਾਰੇ ਦਸਿਆ, ਕਿ ਮੈਂ ਉਥੇ ਵਾਲੀਬਾਲ ਦੀ ਟੀਮ ਦਾ ਕਪਤਾਨ ਹਾਂ। ਸ਼ਾਮੀ ਰੋਜ਼ ਵਾਲੀਬਾਲ ਚਲਦਾ ਹੈ। ਸਵੇਰੇ ਸਵੇਰੇ ਪਹਿਲਾਂ ਮੈਂ ਪ੍ਰੀਤਨਗਰ ਦੇ ਕਾਮੇ ਵੀਰਾਂ ਨੂੰ ਪੀ.ਟੀ. ਕਰਾਉਂਦਾ ਹਾਂ, ਤੇ ਫਿਰ ਸਕੂਲ ਦੇ ਵਿਦਿਆਰਥੀਆਂ ਨੂੰ। ਕੁੜੀਆਂ ਨੂੰ ਇਕ ਬੀਬੀ ਪੀ.ਟੀ. ਕਰਾਉਂਦੀ ਹੈ। ਇਸ ਤਰ੍ਹਾਂ ਉਥੇ ਬੜੇ ਸੋਹਣੇ ਦਿਨ ਬੀਤ ਰਹੇ ਹਨ, ਤੇ ਮੈਂ ਆਸ ਕਰਦਾ ਹਾਂ, ਕਿ ਮੇਰੀ ਜੀਵਨ ਸਾਥਣ ਵੀ ਆਪਣੀ ਬਾਕੀ ਦੀ ਉਮਰ ਪ੍ਰੀਤਨਗਰ ਤੇ ਅਤਿ-ਸਵੱਛ ਤੇ ਸੁਖਾਵੇਂ ਵਾਯੂਮੰਡਲ ਵਿੱਚ ਸੋਹਣੀ ਤਰ੍ਹਾਂ ਬਿੱਤਾਵੇਗੀ।

ਆਪਣਾ ਇਸਤਰ੍ਹਾਂ ਦਾ ਭਾਸ਼ਨ ਰਾਤ ਦੇ ਇਕ ਵਜੇ ਤੀਕ ਚਲਦਾ ਰਿਹਾ, ਪਰ ਸਵੇਰੇ ਜਾਗਣ ਤੇ ਸ੍ਰੀਮਤੀ ਪਾਸੋਂ ਇਸ ਭਾਸ਼ਨ ਦੀ ਪ੍ਰਤੀਕਿਰਿਆ ਬਾਰੇ ਪੁਛਿਆ, ਤਾਂ ਪਤਾ ਲਗਾ ਕਿ ਉਹ ਕਈ ਦਿਨਾਂ ਦੀ ਥਕਾਵਟ ਕਾਰਣ ਮੰਜੇ ਤੇ ਲੇਟਦਿਆਂ ਹੀ ਸੌਂ ਗਏ ਸਨ, ਤੇ ਉਹਨਾਂ ਨੂੰ ਹਾਲੀਂ ਤੀਕ ਇਹ ਵੀ ਪਤਾ ਨਹੀਂ ਕਿ ਪ੍ਰੀਤਨਗਰ ਕਿਸੇ ਜਨੌਰ ਦਾ ਨਾਂ ਹੈ, ਜਾਂ ਚਲਦੇ ਫਿਰਦੇ ਮਨੁੱਖ ਦਾ। ਤੇ ਵਾਲੀਬਾਲ ਕੋਈ ਸਮੁੰਦਰੀ ਜਹਾਜ਼ ਹੈ, ਜਾਂ ਹਵਾਈ, ਜਿਸ ਦਾ ਮੈਂ ਕਪਤਾਨ ਹਾਂ।

ਸੰਨ 1940 ਵਿੱਚ ਜਦੋਂ ਮੈਂ ਪ੍ਰੀਤਲੜੀ ਦੇ ਦਫਤਰ ਪ੍ਰੀਤਨਗਰ ਵਿੱਚ ਕੰਮ ਕਰਦਾ ਸਾਂ, ਮੇਰੀ ਸ਼ਾਦੀ ਹੋ ਗਈ। ਸਤ ਸਾਲ ਪ੍ਰੀਤ ਨਗਰ ਤੇ ਲਾਹੌਰ ਬਿਤਾਣ ਮਗਰੋਂ ਮੈਂ ਪ੍ਰੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਾਫਲੇ ਨਾਲ ਸੰਨ 1948 ਨੂੰ ਮਹਿਰੌਲੀ - ਦਿੱਲੀ ਆ ਗਿਆ। ਸਤ ਸਾਲ ਮਹਿਰੌਲੀ ਰਹਿਣ ਮਗਰੋਂ ਸੰਨ 1955 ਤੋਂ 1960 ਤੀਕ ਮੈਂ ਜਮਨਾ ਪਾਰ ਗਾਂਧੀ ਨਗਰ ਤੇ ਕ੍ਰਿਸ਼ਨ ਨਗਰ ਵਿੱਚ ਰਹਿ ਕੇ ਮਾਲਵੀਆ ਨਗਰ, ਨਵੀਂ ਦਿੱਲੀ ਆਪਣਾ ਰੈਣ ਬਸੇਰਾ ਬਣਾ ਕੇ ਟਿਕ ਕੇ ਬੈਠ ਗਿਆ। ਉਨ੍ਹੀਂ ਦਿਨੀਂ ਮਾਲਵੀਆ ਨਗਰ ਤੇ ਉਸ ਦੇ ਇਰਦ-ਗਿਰਦ ਦਾ ਸਾਧਾਰਨ ਖੇਤਰ ਖੁਲ੍ਹਾ ਮੈਦਾਨ ਸੀ। ਮਾਲਵੀਆ ਨਗਰ ਤੋਂ ਮਹਿਰੌਲੀ ਜਾਂਦਿਆਂ ਖੱਬੇ ਹਥ ਸਾਰਾ ਪਹਾੜੀ ਇਲਾਕਾ ਹੈ। ਪੁਰਾਣੇ ਵਕਤਾਂ ਸਮੇਂ ਚਰਾਗ ਦਿੱਲੀ ਤੇ ਮਹਿਰੌਲੀ ਦੇ ਦਰਮਿਆਨ ਕਈ ਢਹਿ-ਢੇਰੀਆਂ ਪੁਰਾਤਨ ਇਮਾਰਤਾਂ ਆਪਣੀ ਸ਼ਾਹੀ ਸ਼ੌਕਤ, ਅਮਾਰਤ, ਤੇ ਬਦਨਸੀਬੀ ਦੀ ਦਾਸਤਾਨ ਸੁਣਾਂਦਿਆਂ ਪੁਕਾਰ ਉਠਦੀਆਂ ਸਨ। ਇਨ੍ਹਾਂ ਖੰਡਰਾਂ ਵਿੱਚ ਹੀ ਮੈਂ ਕਈ ਸਾਲ ਰੋਜ਼ਾਨਾ ਸੈਰ, ਯੋਗਆਸਨ ਤੇ ਪਦ ਯਾਤਰਾ ਕਰਦਿਆਂ ਬਿਤਾ ਦਿਤੇ। ਸੰਨ-1962 ਵਿੱਚ ਜਦ ਮੈਂ ਅਪਣੇ ਇਕ ਮਿੱਤਰ ਪਰਿਵਾਰ ਨੂੰ ਲੁਧਿਆਣਾ ਮਿਲਣ ਗਿਆ ਤਾਂ ਪਤਾ ਲਗਾ ਕਿ ਰਾਜ ਅਜ ਕਲ ਲੁਧਿਆਣੇ ਆਈ ਹੋਈ ਹੈ। ਉਸ ਦਾ ਪਤੀ ਅਜ ਤੋਂ ਕਈ ਸਾਲ ਪਹਿਲਾਂ ਰਬ ਨੂੰ ਪਿਆਰਾ ਹੋ ਗਿਆ ਸੀ। ਹੁਣ ਉਹ ਮੇਰੇ ਮਿੱਤਰ ਦੇ ਇਕ ਰਿਸ਼ਤੇਦਾਰ ਦੇ ਘਰ ਠਹਿਰੀ ਹੋਈ ਹੈ। ਗੱਲ ਆਈ ਗਈ ਹੋ ਗਈ ਪਰ ਇਕ ਦਿਨ ਸਵੇਰ ਸਾਰ ਇਨ੍ਹਾਂ ਢਠ-ਵਾਹਣਾ ਵਿੱਚ ਪੁਰਾਣੀਆਂ ਯਾਦਾਂ ਚੇਤੇ ਕਰ ਰਿਹਾ ਸਾਂ, ਕਿ ਇਕ-ਦਮ ਰਾਜ ਦੀ ਯਾਦ ਆ ਗਈ।

ਦੂਜੇ ਦਿਨ ਮੇਰੀ ਲੁਧਿਆਣੇ ਜਾਣ ਦੀ ਸਲਾਹ ਬਣ ਗਈ। ਲੁਧਿਆਣੇ ਪਹੁੰਚ ਮੈਂ ਆਪਣੇ ਮਿੱਤਰ ਨੂੰ ਮਿਲਿਆ। ਮਿੱਤਰ ਨੂੰ ਉਸ ਘਰ ਦਾ ਪਤਾ ਸੀ, ਪਰ ਮੇਰੇ ਪਿਛਲੇ ਰਿਸ਼ਤੇ ਬਾਰੇ ਉਹ ਨਹੀਂ ਸੀ ਜਾਣਦਾ। ਉਹ ਮੈਨੂੰ ਉਸ ਪਰਿਵਾਰ ਨੂੰ ਮਿਲਾਣ ਤੁਰ ਪਿਆ। ਉਸ ਘਰ ਦੇ ਨੇੜੇ ਜਾ ਕੇ ਆਪ ਮੁਹਾਰੇ ਮੇਰੇ ਕਦਮ ਰੁਕ ਗਏ। ਉਸ ਸਮੇਂ ਮੈਨੂੰ ਪ੍ਰਸਿੱਧ ਨਾਵਲਕਾਰ ਰੋਮਾਂ ਰੋਲਾਂ ਦੀ ਪ੍ਰੇਮ ਕਥਾ ਯਾਦ ਆ ਗਈ :

ਰੋਮਾਂ ਰੋਲਾਂ ਆਪਣੇ ਬਚਪਨ ਦੀ ਮਿੱਤਰ ਕੁੜੀ ਰਾਣੀ ਨੂੰ ਬੜਾ ਪਿਆਰ ਕਰਦਾ ਸੀ। ਰਾਣੀ ਜਵਾਨ ਹੋ ਗਈ। ਉਸ ਦੀ ਸ਼ਾਦੀ ਹੋ ਗਈ। ਰੋਮਾਂ ਦੂਰ ਕਿਸੇ ਹੋਰ ਸ਼ਹਿਰ ਚਲਾ ਗਿਆ। ਕਈ ਸਾਲ ਬੀਤ ਗਏ। ਉਹ ਕੁਝ ਦਿਨਾਂ ਦੀ ਛੁੱਟੀ ਲੈ ਕੇ ਅਪਣੇ ਨਗਰ ਆ ਗਿਆ। ਇਕ ਦਿਨ ਉਸ ਨੂੰ ਪਤਾ ਲਗਾ ਕਿ ਰਾਣੀ ਉਸ ਨਗਰ ਵਿੱਚ ਆਈ ਹੋਈ ਹੈ। ਬੜਾ ਸ਼ਾਹੀ ਠਾਠ ਬਾਠ, ਨੌਕਰ ਚਾਕਰ, ਅਗੇ ਪਿਛੇ ਪਏ ਫਿਰਨ। ਉਸ ਨੇ ਮੁਲਾਕਾਤ ਲਈ ਚਿੱਠੀ ਭੇਜੀ। ਰਾਣੀ ਨੇ ਪ੍ਰਵਾਨ ਕਰ ਲਈ। ਉਹ ਰਾਣੀ ਨੂੰ ਮਿਲਣ ਉਸ ਦੇ ਮੁਲਾਕਾਤੀ ਕਮਰੇ ਵਿੱਚ ਗਿਆ। ਸਾਹਮਣੇ ਰਾਣੀ ਸ਼ਾਹੀ ਸਿੰਘਾਸਨ ਤੇ ਬੈਠੀ ਹੋਈ ਸੀ। ਉਸ ਦੇ ਕਪੜੇ ਸ਼ਹਿਜ਼ਾਦੀਆਂ ਤੋਂ ਵਧ ਜ਼ਰਕ ਬਰਕ ਤੇ ਭੜਕੀਲੇ ਸਨ। ਕਮਰੇ ਵਿੱਚ ਬੜਾ ਕੀਮਤੀ ਸਾਮਾਨ ਤੇ ਫਰਸ਼ ਤੇ ਬਹੁਮੁਲਾ ਗਲੀਚਾ ਵਿਛਿਆ ਹੋਇਆ ਸੀ।

ਰੋਮ ਰੋਲਾਂ ਦੇ ਤਸਵਰ ਵਿੱਚ ਰਾਣੀ ਦੀ ਬਚਪਨ ਵਾਲੀ ਤਸਵੀਰ ਸੀ। ਹੁਣ ਉਹ ਕਾਫੀ ਵਡੀ ਹੋ ਗਈ ਸੀ, ਪਛਾਣੀ ਹੀ ਨਾ ਜਾਏ। ਰੋਮੇਂ ਰੋਲਾਂ ਇਸ ਸ਼ਾਨੋ-ਸ਼ੌਕਤ ਨੂੰ ਵੇਖ ਕੇ ਘਬਰਾ ਗਿਆ। ਰਾਣੀ ਨਾਲ ਉਹ ਅੱਖ ਵੀ ਨ ਮਲਾ ਸਕਿਆ। ਸੁਖ ਸਾਂਦ ਦੀਆਂ ਦੋ ਚਾਰ ਗੱਲਾਂ ਕਰ, ਉਸ ਨੇ ਉਥੋਂ ਖਿਸਕਣ ਦੀ ਕੀਤੀ।

ਤੇ ਮੈਂ ਦਿਲ ਵਿੱਚ ਸੋਚਿਆ, ਅਜ ਇੰਨੇਂ ਸਾਲਾਂ ਪਿਛੋਂ ਦੁਨੀਆਂ ਬਦਲ ਗਈ ਹੈ। ਮਨੁੱਖ ਬਦਲ ਗਏ ਹਨ, ਸੋ ਪਹਿਲਾਂ ਵਾਲੀ ਉਹ ਮੂਰਤ, ਤੀਹ ਸਾਲ ਪਿਛੋਂ ਦੀ ਕਿਵੇਂ ਉਵੇਂ ਦੀ ਉਵੇਂ ਰਹਿ ਸਕਦੀ ਹੈ? ਕਿਧਰੇ ਅਜਿਹਾ ਨਾ ਹੋਵੇ ਕਿ ਆਪਣੇ ਮਨ ਵਿੱਚ ਬਣੀ ਪਿਆਰੀ ਮੂਰਤ, ਉਸ ਨੂੰ ਵੇਖ ਚੂਰ-ਚੂਰ ਹੋ ਜਾਵੇ। ਪਹਿਲੀ ਤਸਵੀਰ ਅਲੋਪ ਹੋ ਜਾਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤੇ ਇਹ ਨਵੀਂ ਤਸਵੀਰ ਉਸ ਥਾਂ ਬਿਠਾਣ ਯੋਗ ਹੀ ਨਾ ਹੋਵੇ। ਮੇਰੇ ਰੁਕੇ ਕਦਮ ਵਾਪਸ ਪਰਤ ਪਏ। ਇਸ ਤਰ੍ਹਾਂ ਦਿਲ ਦੀ ਗੱਲ ਦਿਲ 'ਚ ਹੀ ਰਹਿ ਗਈ।

ਅਜ ਅਧੀ ਸਦੀ ਬੀਤ ਜਾਣ ਪਿਛੋਂ ਵੀ ਅਖਾਂ ਅਗੋਂ ਉਹ ਪਿਆਰ ਦੀ ਮੂਰਤ ਅਲੋਪ ਨਹੀਂ ਹੋਈ। ਹਿਰਦੇ ਅੰਦਰ ਇੰਨਾਂ ਤਕੜਾ ਜ਼ਖ਼ਮ ਹੋਣ ਦੇ ਬਾਵਜੂਦ ਪ੍ਰੇਮ ਬਾਰੇ ਇਹ ਦੋਸਤਾਂ ਸਾਹਮਣੇ ਢੰਡੋਰਾ ਪਿਟਦਾ ਹੈ:

''ਪ੍ਰੇਮ ਦੇ ਮਾਮਲੇ ਵਿੱਚ ਮੈਂ ਨਿਰਾ ਫੋਕਟ ਹੀ ਰਿਹਾ। ਇਸ਼ਕ ਲਈ ਅਥਾਹ ਸਮਾਂ, ਫਾਲਤੂ ਮਾਇਆ ਤੇ ਤਕੜੀ ਜੁਰਅਤ ਦੀ ਲੋੜ ਹੈ। ਇਨ੍ਹਾਂ ਤਿੰਨਾਂ ਵਸਤੂਆਂ ਦੀ ਘਾਟ ਕਰ ਕੇ ਇਹ ਬਲਾ ਗੱਲ ਪੈ ਹੀ ਨਹੀਂ ਸਕੀ। ਹੀਰ ਰਾਂਝੇ, ਸਸੀ ਪੁਨੂੰ, ਸੋਹਣੀ ਮਹੀਂਵਾਲ, ਆਦਿ ਪ੍ਰੇਮੀਆਂ ਦੇ ਕਿੱਸੇ ਪੜ੍ਹ-ਪੜ੍ਹ ਹੀ ਅਸੀਂ ਵਕਤ ਟਪਾ ਲੈਂਦੇ ਹਾਂ। ਇਸ ਤੋਂ ਇਲਾਵਾ ਸਾਹਿਤਕਾਰਾਂ ਦੇ ਇਸ਼ਕਨਾਮੇ ਸੁਣ-ਸੁਣ ਮਨ ਰੀਝਾ ਲੈਂਦਾ ਹਾਂ। ਅਰਦਾਸ ਕਰੀਦੀ ਏ, ''ਹੇ ਰੱਬਾ! ਇਹ ਬੀਮਾਰੀ ਨਾ ਲਾਵੀਂ, ਹੋਰ ਜਿਵੇਂ ਮਰਜ਼ੀ ਆ ਜਾਨ ਕਢ ਲੈ।''

ਭੈਣ, ਭਰਾ ਦਾ ਪਿਆਰ ਤੇ ਸਾਥ ਕਿਸਮਤ ਨੇ ਮੇਰੇ ਪਾਸੋਂ ਜਵਾਨੀ ਚੜ੍ਹਦਿਆਂ ਹੀ ਖੋਹ ਲਿਆ ਸੀ। ਆਪਣੇ ਸਨੇਹੀਆਂ ਦੀ ਮ੍ਰਿਤੂ ਤੇ ਕਈ ਹੋਰ ਗ਼ਮਾਂ ਨੇ ਭਾਵੇਂ ਅੰਦਰੋਂ ਖੋਖਲਾ ਕਰ ਦਿਤਾ, ਪਰ ਬਾਹਰੋਂ ਮੈਂ ਬੜਾ ਹਸਮੁਖ ਮਜ਼ਾਹੀਆ ਤੇ ਜ਼ਿੰਦਾ ਦਿਲ ਹੀ ਰਿਹਾ। ਲੁਕ ਛਿਪ ਕੇ ਆਪਣੇ ਗ਼ਮ ਗਲਤ ਕਰਨ ਲਈ ਰੋ ਧੋ ਲਈਦਾ ਏ, ਪਰ ਲੋਕਾਂ ਸਾਹਮਣੇ ਅੱਖਾਂ ਤੇ ਚਿਹਰਾ ਸਦਾ ਹੰਸੂ ਹੰਸੂ ਹੀ ਕਰਦਾ ਰਹਿੰਦਾ ਹੈ।

ਹਸ ਖੇਡ ਕੇ ਹਰ ਆਈ ਮੁਸੀਬਤ ਨੂੰ ਟਾਲ ਦੇਣਾ, ਨਿਤ ਕਰਮ ਹੈ। ਦੋਸਤਾਂ ਨਾਲ ਦੋਸਤੀ ਨਿਭਾਣੀ, ਵਾਕਫਕਾਰਾਂ ਨੂੰ ਵਾਕਫੀ ਦੇ ਹਲਕੇ ਤੀਕ ਸੀਮਤ ਰਖਣਾ, ਦੁਸ਼ਮਣ ਕਿਸੇ ਨੂੰ ਵੀ ਨਾ ਬਣਾਨਾ ਮੇਰਾ ਸ਼ੇਵਾ ਹੈ। ਹਰ ਵਕਤ ਚੜ੍ਹਦੀਆਂ ਕਲਾਂ ਵਿੱਚ ਰਹੋ, ਨਾ ਬਹੁਤਾ ਕਮਾਉ ਨਾ ਬਹੁਤਾ ਖਰਚ ਕਰੋ। ਸਾਦਾ ਤਬੀਅਤ, ਸਾਦਾ ਭੋਜਨ ਤੇ ਸਾਧਾਰਨ ਪਹਿਰਾਵਾ ਵੇਖ ਤੁਸੀਂ ਵਧ ਤੋਂ ਵਧ ਕਿਸੇ ਰਾਜਸੀ ਪਾਰਟੀ ਦਾ ਮੈਂਬਰ ਭਰਤੀ ਕਰਨ ਵਾਲਾ ਕਾਰਕੁੰਨ ਹੀ ਸਮਝ ਸਕਦੇ ਹੋ। ਆਪ ਗੱਲਾਂ ਘਟ ਕਰਨੀਆਂ, ਪਰ ਸਰੋਤਾ ਇਹ ਚੰਗਾ ਹੈ। ਇਸੇ ਲਈ ਸਾਡੇ ਪਾਸ ਗਪ-ਬਾਜ਼ਾਂ ਤੇ ਆਪਣੀ ਕਥਾ ਕਹਾਣੀਆਂ ਅਤੇ ਕਵਿਤਾਵਾਂ ਸੁਣਾਨ ਵਾਲਿਆਂ ਦੀ ਮਹਿਫਲ ਜੰਮੀ ਰਹਿੰਦੀ ਹੈ।

ਉਨ੍ਹਾਂ ਦਿਨਾਂ ਦੀ ਹੀ ਗੱਲ ਹੈ। ਬੇਕਾਰੀ ਦੇ ਜ਼ਮਾਨੇ ਵਿੱਚ ਜਦ ਆਪਣਾ ਮਕਾਨ ਵਿਕ ਗਿਆ। ਕਾਰ ਤੇ ਬੱਸ ਹਰ ਕੇ ਲੇਖੇ ਲਗ ਗਈਆਂ। ਕੌਮੀ ਕਾਲਜ ਤੋਂ ਤਿਲਾਂਜਲੀ ਲੈ ਲਈ। ਗੁਆਂਢ ਦੇ ਇਕ ਹਿੰਦੂ ਬਜ਼ੁਰਗ ਨੇ ਆਪਣੇ ਇਕ ਮਿੱਤਰ ਦੀ ਬੇਟੀ ਨੂੰ ਪੜ੍ਹਾਣ ਦਾ ਸੁਝਾਅ ਦਿਤਾ। ਉਸ ਮੇਹਰਬਾਨ ਨੇ ਆਪਣੇ ਮਿੱਤਰ ਕੋਲ-ਮਰਚੈਂਟ ਵਲ ਚਿੱਠੀ ਲਿਖ ਦਿੱਤੀ। ਮੈਂ ਉਸ ਸਜਣ ਨੂੰ ਮਿਲਿਆ। ਉਸ ਨੇ ਆਪਣੇ ਘਰ ਦਾ ਪਤਾ ਦੇ ਕੇ ਕਿਹਾ-'ਤੁਸੀਂ ਮੇਰੇ ਘਰ ਜਾ ਕੇ ਮੇਰੀ ਬੇਟੀ ਬਧਵਾਰ ਨਾਲ ਪੜ੍ਹਾਣ ਦਾ ਸਮਾਂ ਨੀਯਤ ਕਰ ਲਉ ਤੇ ਕਲ ਤੋਂ ਹੀ ਪੜ੍ਹਾਨਾ ਸ਼ੁਰੂ ਕਰ ਦਿਉ।'

ਮੈਂ ਉਨ੍ਹਾਂ ਦਾ ਧੰਨਵਾਦ ਕਰ ਕੇ ਉਨ੍ਹਾਂ ਦੇ ਘਰ ਜਾ ਪੁੱਜਾ। ਸਾਮ੍ਹਣੇ ਉਨ੍ਹਾਂ ਦੀ ਬੜੀ ਉਚੀ ਅਟਾਰੀ ਸੀ। ਮੇਰੇ ਦਰਵਾਜ਼ਾ ਖੜਕਾਣ ਤੇ ਬਧਵਾਰ ਬਾਹਰ ਨਿਕਲੀ। ਨਿਰਾ ਪੂਰਾ ਚੌਦਵੀਂ ਦਾ ਚੰਨ, ਬੜੇ ਪਿਆਰੇ ਨੈਣ ਨਕਸ਼, ਜਿਵੇਂ ਕੁਦਰਤ ਨੇ ਆਪਣੇ ਵੇਹਲੇ ਵੇਲੇ ਬੈਠ ਕੇ ਘੜਿਆ ਹੋਵੇ। ਨਾਂ ਵੀ ਬੜਾ ਆਕਰਸ਼ਕ ਬਧਵਾਰ। ਉਹ ਸੜਕ ਤੋਂ ਤਿੰਨ ਕੁ ਫੁਟ ਉਚੇ ਦਰ ਤੇ ਖੜੋਤੀ ਹੋਈ ਸੀ। ਉਸ ਨੇ ਬੜੀ ਦਿਲਫਰੇਬ ਮੁਸਕਰਾਹਟ ਨਾਲ ਮੇਰਾ ਸਵਾਗਤ ਕੀਤਾ। ਉਸ ਭੋਲੀ ਭਾਲੀ ਗੋਰੀ ਨਛੋਹ ਮੋਟੀਆਂ ਮੋਟੀਆਂ ਅਖਾਂ ਵਾਲੀ ਅਪਛਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨੂੰ ਵੇਖ ਐਸਾ ਜਾਪਿਆ ਜਿਵੇਂ ਉਸ ਦੇ ਨੈਣਾਂ ਦਾ ਪਹਿਲਾ ਹੀ ਤੀਰ ਕਾਲਜਾ ਵਿੰਨ੍ਹ ਗਿਆ ਹੋਵੇ। ਮੈਂ ਉਸ ਨਾਲ ਅੱਖ ਨਾ ਮਿਲਾ ਸਕਿਆ। ਉਸ ਨੇ ਮਿਠੀ ਮੁਸਕਰਾਹਟ ਬਖੇਰਦਿਆਂ ਮੈਨੂੰ ਆਪਣੀ ਰਾਜ ਦੀ ਯਾਦ ਦਿਲਾ ਦਿੱਤੀ।

ਬਧਵਾਰ ਨੇ ਦੂਜੇ ਦਿਨ ਸ਼ਾਮੀਂ ਚਾਰ ਵਜੇ ਪੜ੍ਹਾਣ ਲਈ ਕਿਹਾ। ਮੈਂ ਸਿਰ ਝੁਕਾ ਕੇ ਆਪਣੀ ਪ੍ਰਵਾਨਗੀ ਦੇ ਦਿਤੀ। ਬਸ ਇਕ-ਦੋ ਪਲ ਦੇ ਝਲਕਾਰੇ ਮਗਰੋਂ ਮੁੜ ਉਸ ਨੂੰ ਪੜ੍ਹਾਣ ਲਈ ਜਾਣ ਦੀ ਦਲੇਰੀ ਨ ਕਰ ਸਕਿਆ। ਆਪਣੇ ਮਨ ਤੇ ਬੜੀ ਮੁਸ਼ਕਲ ਨਾਲ ਕਾਬੂ ਪਾਇਆ। ਫਿਰ ਮੈਂ ਆਪਣੇ ਆਪ ਨੂੰ ਗੋਰੀ ਸਰਕਾਰ ਨੂੰ ਦੇਸ਼ੋਂ ਬਾਹਰ ਕਢਣ ਦੇ ਸੰਘਰਸ਼ ਵਿੱਚ ਆਪਣੇ ਵਰਗੇ ਸਿਰ ਫਿਰੇ ਦੀਵਾਨਿਆਂ ਵਾਂਗ "ਸਰ-ਫਰੋਸ਼ੀ ਕੀ ਤਮੱਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ ਕਾਤਲ ਮੇਂ ਹੈ." ਸ਼ਹੀਦ ਭਗਤ ਸਿੰਘ ਦੀ ਨੌਜਵਾਨ ਭਾਰਤ ਸਭਾ ਵਿੱਚ ਜਾ ਸ਼ਾਮਲ ਹੋਇਆ। ਸਚੀ ਗੱਲ ਤਾਂ ਇਹ ਹੈ ਕਿ ਮੈਂ ਆਪਣੇ ਸੀਨੇ 'ਚੋਂ ਇਸ ਮਿਠੀ ਜਿਹੀ ਕਸਕ ਨੂੰ ਹਾਲੀਂ ਤੀਕ ਬਾਹਰ ਨਹੀਂ ਕਢ ਸਕਿਆ।

## ਆਤਮਾ ਪ੍ਰਮਾਤਮਾ ਦੀ ਪ੍ਰੇਮ ਕਥਾ

ਰਾਵਲਪਿੰਡੀ ਵਿਖੇ ਸੰਨ 1934 ਵਿੱਚ ਜਦੋਂ ਮੈਂ ਜ਼ਿੰਦਗੀ ਦੇ ਅਥਾਹ ਡੂੰਘੇ ਸਾਗਰ ਵਿੱਚ ਡਕੋਡੋਲੇ ਖਾ ਰਿਹਾ ਸਾ. ਤਾਂ ਇਕ ਦਿਨ ਸਵੇਰੇ ਸਵੇਰੇ ਮੈਨੂੰ ਆਪਣੇ ਬਜ਼ੁਰਗ ਪਿਤਾ ਜੀ ਨੇ ਆਵਾਜ਼ ਦੇ ਕੇ ਕਿਹਾ. "ਇਕ ਗ੍ਰੰਥੀ ਸਿੰਘ ਮਿਲਣ ਆਏ ਹਨ।"

ਮੈਂ ਕਿਹਾ, "ਗ੍ਰੰਥੀ ਸਿੰਘ ਦਾ ਮੇਰੇ ਨਾਲ ਕੀ ਕੰਮ?"

ਉਨ੍ਹਾਂ ਕਿਹਾ. "ਉਹ ਤੁਹਾਨੂੰ ਹੀ ਮਿਲਣਾ ਚਾਹੁੰਦੇ ਹਨ।"

ਮੈਂ ਉਨ੍ਹਾਂ ਨੂੰ ਆਪਣੇ ਕਮਰੇ ਵਿੱਚ ਬੁਲਾ ਲਿਆ। ਉਹ ਬਸਾਲੀ ਪਿੰਡ ਦੇ ਗੁਰਦਵਾਰੇ ਦੇ ਗ੍ਰੰਥੀ ਸਿੰਘ ਸਨ। ਨਾਂ ਪ੍ਰਮਾਤਮਾ ਸਿੰਘ ਸੀ। ਡਾਢਾ ਸੋਹਣਾ ਜਲਾਲੀ ਚੇਹਰਾ। ਸਫੈਦ ਲੰਮਾ ਦਾਹੜਾ। ਉਮਰ 65-70 ਦੇ ਕਰੀਬ। ਹਥ ਵਿੱਚ ਵਡਾ ਰਜਿਸਟਰ ਚੁਕਿਆ ਅੰਦਰ ਆ ਗਏ।

ਮੇਰੇ ਪੁਛਣ ਤੇ ਉਨ੍ਹਾਂ ਨੇ ਦਸਿਆ, "ਕਿਸੇ ਤੋਂ ਪਤਾ ਲੈ ਤੁਹਾਨੂੰ ਬੜੀ ਮੁਸ਼ਕਲ ਨਾਲ ਢੂੰਡਿਆ ਹੈ। ਮੈਂ ਇਕ ਪੁਸਤਕ ਛਪਵਾਣੀ ਚਾਹੁੰਦਾ ਹਾ।"

ਉਨ੍ਹਾਂ ਰਜਿਸਟਰ ਖੋਲ੍ਹਿਆ। ਮੋਤੀਆਂ ਵਰਗੀ ਲਿਖਤ - ਤਿੰਨ ਕੁ ਸੌ ਸਫੇ ਦਾ ਇਹ ਇਕ ਗ੍ਰੰਥ ਸੀ।

"ਅਜਿਹੀ ਅਨੋਖੀ ਕੀ ਰਚਨਾ ਹੈ. ਜਿਸ ਨੂੰ ਤੁਸੀਂ ਛਪਵਾਣਾ ਚਾਹੁੰਦੇ ਹੋ? ਕੀ ਇਹ ਕੋਈ ਧਾਰਮਕ ਗ੍ਰੰਥ ਹੈ?"

"ਨਹੀਂ। ਧਾਰਮਕ ਨਹੀਂ। ਇਹ ਮੇਰੀ ਆਪਣੀ ਜੀਵਨ ਕਹਾਣੀ ਹੈ. ਜਿਸ ਨੂੰ ਮੈਂ ਆਪਣੀ ਜ਼ਿੰਦਗੀ ਵਿੱਚ ਹੀ ਛਪਵਾ ਦੇਣਾ ਚਾਹੁੰਦਾ ਹਾਂ." ਉਹ ਬੋਲੇ।

ਪੁਸਤਕ ਦੇ ਪਹਿਲੇ ਸਫੇ ਤੇ ਇਹ ਸ਼ਬਦ ਲਿਖੇ ਹੋਏ ਸਨ.

"ਸਮਰਪਨ

ਆਪਣੀ ਆਤਮਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪਣੀ ਵਿਛੜੀ ਰੂਹ ਨੂੰ, ਜਿਸ ਦੀ ਮੈਂ ਅੰਤ ਸਮੇਂ ਤਕ ਪੂਜਾ ਕਰਦਾ ਰਿਹਾਂ।''

'ਸਮਰਪਨ' ਪੜ੍ਹ ਕੇ ਮੇਰੀ ਹੈਰਾਨੀ ਹੋਰ ਵਧ ਗਈ। ਉਹ ਕਿਹੜੀ ਆਤਮਾ ਹੈ, ਜਿਸ ਦੀ ਇਹ ਸਾਰੀ ਉਮਰ ਪੂਜਾ ਕਰਦੇ ਰਹੇ ਹਨ। ਇਹ ਗ੍ਰੰਥੀ ਸਿੰਘ ਹਨ। ਇਨ੍ਹਾਂ ਦਾ ਕੰਮ ਪਾਠ ਪੂਜਾ ਕਰਨਾ, ਲੋਕਾਂ ਨੂੰ ਕੀਰਤਨ ਸੁਨਾਣਾ ਤੇ ਪੂਜਾ ਦਾ ਧਾਨ ਖਾਣਾ ਹੈ। ਇਨ੍ਹਾਂ ਨੂੰ ਕੀ ਬਿਪਤਾ ਪਈ ਹੈ, ਕਿਸੇ ਵਿਛੜੀ ਰੂਹ ਦੀ ਸਾਰੀ ਉਮਰ ਪੂਜਾ ਕਰਦੇ ਰਹਿਣ ਦੀ।

ਮੇਰੀ ਹੈਰਾਨਗੀ ਤੇ ਉਤਸੁਕਤਾ ਵੇਖ ਪ੍ਰਮਾਤਮਾ ਸਿੰਘ ਕਹਿਣ ਲਗੇ-

''ਤੁਸੀਂ ਮੇਰੀ ਕਹਾਣੀ ਸੁਣਨੀ ਪਸੰਦ ਕਰੋਗੇ?''

''ਜ਼ਰੂਰ।''

ਉਹ ਸਾਵਧਾਨ ਹੋ ਕੇ ਮੰਜੇ ਤੇ ਬੈਠ ਗਏ। ਆਪਣਾ ਰਜਿਸਟਰ ਮੁੜ ਆਪਣੇ ਥੈਲੇ ਵਿੱਚ ਪਾ ਦਿਤਾ ਤੇ ਆਪਣੀ ਵਾਰਤਾ ਅਰੰਭ ਦਿਤੀ :

''ਮੇਰੀ ਤੇ ਮੇਰੀ ਆਤਮਾ ਦੀ ਕਹਾਣੀ ਦਾ ਅਰੰਭ ਅਜ ਤੋਂ 55 ਸਾਲ ਪਹਿਲਾਂ ਤੋਂ ਹੁੰਦਾ ਹੈ। ਉਸ ਦੇਵੀ ਦਾ ਨਾਂ ਆਤਮਾ ਸੀ। ਅਸੀਂ ਇਕੋ ਮਹੱਲੇ ਵਿੱਚ ਰਹਿੰਦੇ ਸਾਂ, ਕਠੇ ਖੇਡ ਖੇਡ ਵਡੇ ਹੋਏ। ਬਚਪਨ ਦੇ ਸਾਥੀ ਜਵਾਨੀ ਚੜ੍ਹੇ ਤਾਂ ਇਕ ਦੂਜੇ ਨੂੰ ਦਿਲ ਦੇ ਬੈਠੇ। ਸਾਡੇ ਪ੍ਰੇਮ ਦੀਆਂ ਕਹਾਣੀਆਂ ਪ੍ਰਚਲਤ ਹੋ ਗਈਆਂ। ਆਤਮਾ ਨੇ ਅਪਣੇ ਮਾਪਿਆਂ ਨੂੰ ਕਹਿ ਦਿਤਾ, ਕਿ ਜੇ ਉਹ ਸ਼ਾਦੀ ਕਰੇਗੀ, ਤਾਂ ਪ੍ਰਮਾਤਮਾ ਨਾਲ ਕਰੇਗੀ, ਨਹੀਂ ਤਾਂ ਉਹ ਸਾਰੀ ਉਮਰ ਕਵਾਰੀ ਰਹੇਗੀ।''

''ਮੇਰੇ ਮਾਤਾ-ਪਿਤਾ ਮੇਰੇ ਬਚਪਨ ਵਿੱਚ ਹੀ ਚਲ ਵਸੇ। ਮੈਨੂੰ, ਆਪਣੇ ਚਾਚੇ ਨੇ ਪਾਲਿਆ ਪੋਸਿਆ ਸੀ। ਜਾਇਦਾਦ ਕਾਫੀ ਸੀ, ਇਸ ਲਈ ਕੋਈ ਫਿਕਰ ਫਾਕਾ ਨਹੀਂ ਸੀ। ਦਸਵੀਂ ਪਾਸ ਕਰਨ ਮਗਰੋਂ ਮੈਂ ਪਿੰਡ ਵਿੱਚ ਹੀ ਦੁਕਾਨ ਖੋਲ੍ਹ ਲਈ। ਇਹ ਉਹ ਜ਼ਮਾਨਾ ਸੀ, ਜਦ ਦਸਵੀਂ ਪਾਸ ਕੋਈ ਵਿਰਲਾ ਹੀ ਨੌਜਵਾਨ ਹੁੰਦਾ ਸੀ, ਜੋ ਦਸਵੀਂ ਪਾਸ ਕਰ ਲੈਂਦਾ। ਨੌਕਰੀਆਂ ਉਸ ਦੇ ਪਿਛੇ ਪਿਛੇ ਭਜਦੀਆਂ ਫਿਰਦੀਆਂ ਸਨ, ਪਰ ਆਪਣੀ ਆਤਮਾ ਨੂੰ ਛਡ ਬਾਹਰ ਜਾਣਾ ਮੈਂ ਮੁਨਾਸਬ ਨਾ ਸਮਝਿਆ।

''ਜਵਾਨੀ ਚੜ੍ਹਨ ਪਿਛੋਂ ਆਤਮਾ ਨੂੰ ਪਹਿਲੀਆਂ ਖੁਲ੍ਹਾਂ ਨਾ ਰਹੀਆਂ। ਹੁਣ ਉਸ ਦਾ ਬਹੁਤ ਘਟ ਮੇਲ ਹੁੰਦਾ। ਕਦੀ ਗੁਰਦਵਾਰੇ, ਕਦੀ ਬਜ਼ਾਰ ਕਦੀ ਖੂਹ ਤੇ। ਅਖਾਂ ਚਾਰ ਹੋਣ ਤੇ ਅਸੀਂ ਦੋਵੇਂ ਆਤਮਕ ਅਨੰਦ ਮਾਣਦੇ, ਖੀਵੇ ਹੋ ਜਾਇਆ ਕਰੀਏ।

''ਜਿਵੇਂ ਕਿ ਪਹਿਲਾ ਮੈਂ ਦਸ ਚੁਕਾ ਹਾਂ, ਕਿ ਸਾਡੀ ਪ੍ਰੀਤ ਕਹਾਣੀ ਦੂਰ ਦੂਰ ਤੀਕ ਜਾ ਪੁਜੀ ਸੀ। ਆਤਮਾ ਨੂੰ ਹੁਣ ਘਰੋਂ ਕੁਟ ਪੈਣੀ ਸ਼ੁਰੂ ਹੋ ਗਈ। ਉਸ ਦਾ ਘਰ ਸਾਡੇ ਘਰੋਂ ਬਹੁਤਾ ਦੂਰ ਨਹੀਂ ਸੀ। ਮੈਂ ਆਪਣੀ ਆਤਮਾ ਦੀਆਂ ਚੀਕਾਂ ਸੁਣਦਾ ਤੇ ਅਜਿਹਾ ਮਹਿਸੂਸ ਕਰਦਾ, ਜਿਵੇਂ ਮੇਰੇ ਆਪਣੇ ਸਰੀਰ ਨੂੰ ਕੋਹਿਆ ਜਾ ਰਿਹਾ ਹੈ। ਪੀੜ ਨਾਲ ਸਰੀਰ 'ਚੋਂ ਚੀਸਾਂ ਨਿਕਲਣ ਲਗ ਪੈਂਦੀਆਂ, ਤੇ ਕਿੰਨਾਂ ਚਿਰ ਮੈਂ ਆਪਣੇ ਸਰੀਰ ਨੂੰ ਸਹਿਲਾਂਦਾ ਰਹਿੰਦਾ, ਪਰ ਪੀੜ ਘਟਦੀ ਨਾ, ਵਧਦੀ ਹੀ ਜਾਂਦੀ।

''ਮੇਰੇ ਮਨ ਦੀ ਹਾਲਤ ਅਜਿਹੀ ਹੋ ਗਈ, ਕਿ ਮੈਂ ਆਤਮਾ ਬਿਨਾਂ ਰਹਿ ਨਹੀਂ ਸਾਂ ਸਕਦਾ। ਕਿਸੇ ਤਰ੍ਹਾਂ ਉਸ ਦੇ ਦਰਸ਼ਨ ਹੋ ਜਾਣ, ਬਸ ਇਹੀ ਮਨ ਨੂੰ ਲਾਲਸਾ ਰਹਿੰਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਤਮਾ ਬਿਨਾਂ ਆਪਣੇ ਆਪ ਨੂੰ ਮੈਂ ਇਕ ਬੇਜਾਨ ਪਿੰਜਰ ਮਹਿਸੂਸ ਕਰਦਾ।

''ਅਖੀਰ ਆਤਮਾ ਦੀ ਮੰਗਣੀ ਹੋ ਗਈ। ਸਾਡੇ ਦੋਹਾਂ ਦੀਆਂ ਅਰਜੋਈਆਂ ਕਿਸੇ ਨਾ ਸੁਣੀਆਂ। ਆਤਮਾ ਨੇ ਐਲਾਨ ਕਰ ਦਿਤਾ, ਕਿ ਪ੍ਰਮਾਤਮਾ ਬਿਨਾ ਉਹ ਜਾਨ ਦੇ ਦੇਵੇਗੀ, ਪਰ ਦਿਲ ਕਿਸੇ ਨੂੰ ਨਹੀਂ ਦੇਵੇਗੀ। ਉਹ ਮਾਪਿਆਂ ਨੂੰ ਕਹੇ, ਮੇਰੇ ਪਾਸ ਦਿਲ ਵਰਗੀ ਕੋਈ ਵਸਤੂ ਹੈ ਹੀ ਨਹੀਂ, ਮੈਂ ਕਿਸੇ ਦੇ ਹਵਾਲੇ ਸਿਰਫ ਆਪਣਾ ਸਰੀਰ ਹੀ ਕਰ ਸਕਦੀ ਹਾਂ। ਦੂਜੇ ਸ਼ਬਦਾਂ ਵਿੱਚ ਬਿਨਾਂ ਰੂਹ ਤੋਂ ਮੇਰਾ ਪਿੰਜਰ ਹੀ ਮਾਪੇ ਕਿਸੇ ਬੰਦੇ ਦੇ ਹਵਾਲੇ ਕਰ ਸਕਦੇ ਹਨ।''

''ਬੜਾ ਦਰਦਨਾਕ ਨਜ਼ਾਰਾ ਸੀ ਉਹ, ਜਦੋਂ ਚੀਕਾਂ ਮਾਰਦੀ ਮੇਰੀ ਆਤਮਾ ਨੂੰ ਖੇੜੇ-ਡੋਲੀ ਪਾ ਕੇ ਲੈ ਤੁਰੇ। ਮੈਂ ਕੰਧਾਂ ਨਾਲ ਟਕਰਾਂ ਮਾਰ ਮਾਰ ਆਪਣੀ ਆਤਮਾ ਵਲ ਭਜਾ। ਆਤਮਾ ਢਾਹੀਂ ਮਾਰਦੀ, 'ਪ੍ਰਮਾਤਮਾ-ਪ੍ਰਮਾਤਮਾ' ਕੂਕਦੀ ਜਾ ਰਹੀ ਸੀ, ਤੇ ਮੈਂ ਆਤਮਾ-ਆਤਮਾ। ਆਤਮਾ ਤੇ ਪ੍ਰਮਾਤਮਾ ਦੇ ਵਿਰਲਾਪ ਨੂੰ ਲੋਕੀਂ ਸੁਣਦੇ ਰਹੇ। ਅਖੀਰ ਮੈਨੂੰ ਰਸਿਆਂ ਨਾਲ ਜਕੜ ਦਿਤਾ ਗਿਆ, ਤੇ ਆਤਮਾ ਨੂੰ ਜਰਵਾਣੇ ਧਿੰਗੋਜ਼ੋਰੀਂ ਲੈ ਗਏ।

''ਮੈਂ ਰੋ ਰੋ ਸਿਰ ਦੇ ਵਾਲ ਖੋਹ ਲਏ। ਆਪਣੇ ਆਪ ਨੂੰ ਜ਼ਖਮੀ ਕਰ ਲਿਆ। ਕਈਆਂ ਦਿਨਾਂ ਦਾ ਭੁਖਾ ਪਿਆਸਾ ਤੇ ਲਹੂ-ਹੀਣ ਜ਼ਖਮੀ ਪੰਛੀ ਅੰਤ ਬੇਹੋਸ਼ ਹੋ ਗਿਆ, ਤੇ ਪਰਾਏ ਪੁਤਰਾਂ ਚੁਕ ਹਸਪਤਾਲ ਜਾ ਸੁਟਿਆ।''

''ਕਈ ਦਿਨ ਦੀ ਬੀਮਾਰੀ ਪਿਛੋਂ ਮੈਂ ਉਠਿਆ। ਤੁਰਨ ਵੇਲੇ ਇਉਂ ਜਾਪੇ ਜਿਵੇਂ ਸਾਹ ਸਤ ਹੈ ਹੀ ਨਹੀਂ। ਘਰ ਪੁਜਾ। ਚਾਚਾ ਤੇ ਚਾਚੀ ਮਿਲੇ। ਉਨ੍ਹਾਂ ਦੇ ਬਚੇ ਮਿਲੇ। ਉਨ੍ਹਾਂ ਹੌਸਲਾ ਦਿਤਾ। ਪਿੰਡ ਦੇ ਵਡਕੇ ਆਏ। ਉਨ੍ਹਾਂ ਗਿਆਨ ਦੀਆਂ ਗੱਲਾਂ ਸੁਣਾਈਆਂ, ਪਰ ਸੁਣਦਾ ਕੌਣ ਇਥੇ ਤਾਂ ਖਾਲੀ ਕਲਬੂਤ ਸੀ, ਭੌਰ ਉਡਾਰੀ ਮਾਰ ਚੁਕਾ ਸੀ।''

''ਕੁਝ ਦਿਨਾਂ ਪਿਛੋਂ ਜਦੋਂ ਕੁਝ ਸਰੀਰ ਤਕੜਾ ਹੋਇਆ, ਤਾਂ ਆਪਣੇ ਘਰ ਦਾ ਤਾਲਾ ਖੋਲ੍ਹਿਆ। ਪਿਉ ਦਾਦੇ ਦੇ ਵੇਲੇ ਦਾ ਸਾਰਾ ਸਾਮਾਨ ਬਾਹਰ ਗੱਲੀ ਵਿੱਚ ਕਢ ਕੇ ਢੇਰ ਲਾ ਦਿਤਾ। ਪਲੰਘ, ਬਿਸਤਰੇ, ਕੰਬਲ, ਕਪੜੇ, ਸੰਦੂਕਾਂ, ਕਣਕ ਦੀਆਂ ਬੋਰੀਆਂ, ਤੇ ਹੋਰ ਨਿਕ ਸੁੱਕ ਸਭ ਗਲੀ ਵਿੱਚ ਰਖ ਕੇ ਮਕਾਨ ਖਾਲੀ ਕਰ ਦਿਤਾ। ਲੋਕੀ ਆਪੋ ਵਿੱਚ ਗੱਲਾਂ ਕਰਨ, ਕਿ ਪ੍ਰਮਾਤਮਾ ਪਾਗਲ ਹੋ ਗਿਆ ਹੈ। ਤੇ ਮੈਂ ਸਚਮੁਚ ਪਾਗਲ ਸਾਂ। ਮੈਨੂੰ ਕੁਝ ਸੁਝਦਾ ਬੁਝਦਾ ਨਹੀਂ ਸੀ, ਬਸ ਇਕੋ ਇੱਛਾ ਸੀ। ਕਿਸੇ ਤਰ੍ਹਾਂ ਮੇਰੀ ਆਤਮਾ ਮਿਲੇ। ਮੇਰੀ ਰੂਹ ਮਿਲੇ, ਤੇ ਉਸ ਨੂੰ ਆਪਣੀਆਂ ਅਖਾਂ ਵਿੱਚ ਸਮੋ ਲਵਾਂ। ਫਿਰ ਕੋਈ ਦੁਨਿਆਵੀ ਤਾਕਤ ਮੈਥੋਂ ਮੇਰੀ ਆਤਮਾ ਨੂੰ ਖੋਹ ਨਾ ਸਕੇਗੀ।''

''ਲਖਾਂ ਦਾ ਸਾਮਾਨ ਗਲੀ ਵਿੱਚ ਪਿਆ ਰੁਲ ਰਿਹਾ ਸੀ। ਮੈਂ ਮੁਨਾਦੀ ਵਾਲੇ ਨੂੰ ਬੁਲਾ ਕੇ ਸ਼ਹਿਰ ਵਿੱਚ ਮੁਨਾਦੀ ਕਰਾ ਦਿਤੀ, ਕਿ ਜਿਸ ਨੂੰ ਜੋ ਚਾਹੀਦੈ ਲੈ ਜਾਵੇ। ਮੇਰੇ ਰਿਸ਼ਤੇਦਾਰ ਤੇ ਸ਼ਹਿਰ ਦੇ ਪਤਵੰਤੇ ਮੈਨੂੰ ਅਜਿਹਾ ਕਰਨ ਤੋਂ ਹੋੜਨ, ਪਰ ਮੈਂ ਕਿਹਾ ''ਇਹ ਸਭ ਕੁਝ ਮੇਰੀ ਆਤਮਾ ਦੇ ਨਾਂ ਤੇ ਲੋੜਵੰਦ ਲੈ ਜਾਣ। ਜੇ ਤੁਸੀਂ ਰੋਕ ਪਾਈ ਤਾਂ ਮੈਂ ਸਭ ਕਾਸੇ ਨੂੰ ਅਗਨੀ ਭੇਟ ਕਰ ਦਿਆਂਗਾ।''

''ਤੇ ਇਸ ਤਰ੍ਹਾਂ ਮੈਂ ਸਭ ਕੁਝ ਲੁਟਾ ਦਿਤਾ, ਅਤੇ ਮਕਾਨ ਚਾਚੇ-ਚਾਚੀ ਦੇ ਹਵਾਲੇ ਕਰ ਆਪ ਆਪਣੀ ਆਤਮਾ ਦੀ ਖੋਜ ਵਿੱਚ ਤੁਰ ਪਿਆ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



''ਪਹਿਲੇ ਪਹਿਲ ਮੈਂ ਭਗਵੇ ਕਪੜੇ ਪਹਿਨ ਕੇ ਹਰਦਵਾਰ ਜਾ ਡੇਰਾ ਲਾਇਆ, ਪਰ ਉਥੇ ਵੀ ਮੇਰੇ ਮਨ ਨੂੰ ਸ਼ਾਂਤੀ ਨਾ ਮਿਲ ਸਕੀ। ਅਖੀਰ ਮੈਨੂੰ ਕਿਸੇ ਦਸਿਆ ਕਿ ਜਰਵਾਣੇ ਆਤਮਾ ਨੂੰ ਜਲੰਧਰ ਲੈ ਗਏ ਹਨ। ਮੈਂ ਜਲੰਧਰ ਜਾ ਪੁਜਾ। ਗਲੀ ਗਲੀ ਕੂਚਾ ਕੂਚਾ ਛਾਣ ਮਾਰਿਆ, ਪਰ ਆਤਮਾ ਦਾ ਪਤਾ ਨਾ ਲਗਾ। ਇਨ੍ਹੀਂ ਦਿਨੀਂ, ਮੈਨੂੰ ਆਪਣਾ ਇਕ ਵਤਨੀ ਮਿਲਿਆ। ਉਸ ਦਸਿਆ, ਕਿ ਵਿਆਹ ਪਿਛੋਂ ਆਤਮਾ ਆਪਣੇ ਪਿੰਡ ਵਾਪਸ ਆਈ ਸੀ। ਉਹ ਵਿਚਾਰੀ ਇਕ ਮਹੀਨੇ ਵਿੱਚ ਹੀ ਸੁਕ ਕੇ ਤੀਲਾ ਹੋ ਗਈ ਤੇ ਇਹ ਮਹੀਨਾ ਵੀ ਉਹ ਇਸ ਲਈ ਜੀਂਦੀ ਰਹੀ ਕਿ ਮੁੜ ਆਪਣੇ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ, ਪਰ ਜਦ ਉਸ ਨੂੰ ਪਤਾ ਲਗਾ, ਕਿ ਉਸ ਦਾ ਪ੍ਰਮਾਤਮਾ ਸਭ ਕੁਝ ਤਿਆਗ ਪਿੰਡ ਛਡ ਗਿਆ ਹੈ, ਤਾਂ ਉਹ ਵਿਛੋੜਾ ਸਹਾਰ ਨਾ ਸਕੀ। ਉਸ ਨੇ ਖੂਹ ਵਿੱਚ ਛਾਲ ਮਾਰ ਦਿਤੀ। ਖੂਹ 'ਚੋਂ ਉਸ ਦੇ ਵਾਰਸਾਂ ਉਸ ਦੀ ਲਾਸ਼ ਕਢੀ ਤੇ ਉਸ ਦਾ ਸਸਕਾਰ ਕਰ ਦਿਤਾ।

''ਮੈਂ ਆਪਣੀ ਪਿਆਰੀ ਆਤਮਾ ਦਾ ਇਹ ਦਰਦਨਾਕ ਅੰਤ ਸੁਣ ਕੇ ਆਪਣੀ ਹੋਸ਼ ਭੁਲਾ ਦਿਤੀ। ਕਪੜੇ ਫਾੜ ਸੁਟੇ, ਸਿਰ ਦੇ ਵਾਲ ਖੋਹ ਲਏ, ਤੇ ਪਿੰਡੋਂ ਭਜ ਉਠਿਆ।''

''ਪਿੰਡ ਵਿੱਚ ਲੋਕਾਂ ਇਸ ਹਾਲਤ ਵਿੱਚ ਮੈਨੂੰ ਦੇਖਿਆ ਤਾਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਸਚਮੁਚ ਮੈਂ ਪਾਗਲ ਹੋ ਗਿਆ ਹਾਂ। ਸਭ ਤੋਂ ਪਹਿਲਾਂ ਮੈਂ ਉਸ ਖੂਹ ਪਾਸ ਗਿਆ, ਸਾਰਾ ਦਿਨ ਪਾਗਲਾਂ ਵਾਂਗ ਉਸ ਵਿੱਚ ਆਪਣੀ ਆਤਮਾ ਨੂੰ ਅਵਾਜ਼ਾਂ ਮਾਰਦਾ ਰਿਹਾ। ਫਿਰ ਮੈਨੂੰ ਯਾਦ ਆਇਆ, ਕਿ ਉਸ ਦਾ ਸਸਕਾਰ ਕਰ ਦਿਤਾ ਗਿਆ ਹੈ। ਸਸਕਾਰ ਵਾਲੀ ਥਾਂ ਦੇ ਨੇੜੇ ਹੀ ਮੈਂ ਆਪਣਾ ਆਸਨ ਵਿਛਾ ਦਿਤਾ। ਰੋਜ਼ ਖੂਹ ਤੇ ਸਸਕਾਰ ਵਾਲੀ ਥਾਂ ਦੀ ਪ੍ਰਕਰਮਾ ਕਰਾਂ, ਤੇ ਉਸ ਦੀ ਯਾਦ ਵਿੱਚ ਅਥਰੂ ਵਹਾਂਦਾ ਰਹਾਂ, ਪਰ ਮਨ ਨੂੰ ਸ਼ਾਂਤੀ ਕਿਥੇ, ਮੇਰੀ ਰੂਹ ਮੈਥੋਂ ਖੋਹ ਲਈ ਗਈ ਸੀ, ਤੇ ਮੇਰੀ ਆਤਮਾ ਜ਼ਖਮਾਂ ਨਾਲ ਚੂਰ ਚੌਵ੍ਹੀ ਘੰਟੇ ਕੁਰਲਾਂਦੀ ਰਹਿੰਦੀ ਸੀ।

''ਇਸ ਤਰ੍ਹਾਂ ਕਈ ਸਾਲ ਮੈਂ ਉਸ ਦੀ ਯਾਦ ਵਿੱਚ ਬਿਤਾ ਦਿਤੇ। ਉਹ ਮੈਨੂੰ ਸੁਪਨੇ ਵਿੱਚ ਮਿਲਦੀ। ਮੈਨੂੰ ਹੌਸਲਾ ਦਿੰਦੀ, ਪਰ ਜਾਗ ਖੁਲ੍ਹਣ ਤੇ ਫਿਰ ਮੇਰੇ ਤੇ ਪਾਗਲਪਨ ਸਵਾਰ ਹੋ ਜਾਂਦਾ।

''ਚਾਰ ਪੰਜ ਸਾਲ ਇਸੇ ਤਰ੍ਹਾਂ ਬੀਤੇ। ਫਿਰ ਮੈਂ ਸਾਧੂਆਂ ਦੀ ਟੋਲੀ ਨਾਲ ਤੀਰਥ ਯਾਤਰਾ ਤੇ ਨਿਕਲ ਗਿਆ। ਦੇਸ਼ ਭਰ ਦੇ ਸਾਰੇ ਤੀਰਥ ਗਾਹ ਲਏ, ਪਰ ਮੇਰੀ ਆਤਮਾ ਨੂੰ ਤ੍ਰਿਪਤੀ ਕਿਥੋਂ। ਕਈ ਵਾਰੀ ਇਕਾਂਤ ਥਾਂ ਵੇਖ ਮੇਰੇ ਤੇ ਫਿਰ ਪਾਗਲਪਨ ਸਵਾਰ ਹੋ ਜਾਂਦਾ। ਮੈਂ ਆਤਮਾ ਆਤਮਾ ਕੂਕਦਾ ਜੰਗਲ ਬੇਲਿਆਂ ਵਲ ਭਜ ਉਠਦਾ, ਤੇ ਇਹ ਸ਼ੁਦਾਈਆਂ ਵਾਲੀ ਕਸਰ ਕਈ ਕਈ ਹਫਤੇ ਮੇਰੇ ਸਿਰ ਤੇ ਸਵਾਰ ਰਹਿੰਦੀ।

''ਸੰਖੇਪ ਵਿੱਚ ਦਸਾਂ। ਤੁਹਾਡਾ ਵਕਤ ਕੀਮਤੀ ਹੈ। ਇਸ ਪਾਗਲ ਦੀਆਂ ਗੱਲਾਂ ਵਰ੍ਹਿਆਂ ਬਧੀ ਨਹੀਂ ਮੁਕਣੀਆਂ। ਮੈਂ ਪਿਛਲੇ ਵੀਹ ਪਚੀ ਸਾਲਾਂ ਤੋਂ ਆਪਣੇ ਪਿੰਡ ਹੀ ਰਹਿੰਦਾ ਹਾਂ। ਉਥੋਂ ਦੇ ਗੁਰਦਵਾਰੇ ਦੀ ਸੇਵਾ ਕਰ ਰਿਹਾ ਹਾਂ। ਲੋਕਾਂ ਨੂੰ ਕਥਾ ਸੁਣਾਂਦਾ ਹਾਂ, ਤੇ ਕੀਰਤਨ ਕਰਦਾ ਹਾਂ। ਮੇਰੇ ਉਪਦੇਸ਼ਾਂ ਨਾਲ ਕਈ ਰੂਹਾਂ ਦਾ ਪਾਰ ਉਤਾਰਾ ਹੋ ਗਿਆ ਹੈ, ਪਰ ਆਪਣੀ ਰੂਹ ਜ਼ਖਮੀ ਦੀ ਜ਼ਖਮੀ ਹੀ ਰਹੀ। ਇਸ ਤਪਸਿਆ ਵਿੱਚ 55 ਸਾਲ ਬੀਤ ਗਏ ਹਨ, ਹੁਣ ਹੋਰ ਵਿਛੋੜਾ ਸਿਹਾ ਨਹੀਂ ਜਾਂਦਾ। ਹੁਣ ਇਹ ਚੋਲਾ ਤਿਆਗ ਕੇ ਆਪਣੀ ਆਤਮਾ ਨੂੰ ਜਾ ਮਿਲਣ ਤੇ ਜੀਅ ਕਰਦੈ, ਪਰ ਇਸ ਤੋਂ ਪਹਿਲਾਂ ਆਪਣੀ ਪਿਆਰੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਯਾਦ ਵਿੱਚ ਆਪਣੀ ਪ੍ਰੇਮ ਕਹਾਣੀ ਛਪਵਾ ਦੇਣੀ ਚਾਹੁੰਦਾ ਹਾਂ।''

ਮੈਂ ਵੇਖਿਆ, ਪ੍ਰਮਾਤਮਾ ਸਿੰਘ ਦੀ ਦੁੱਧ ਚਿੱਟੀ ਦਾੜ੍ਹੀ ਆਂਸੂਆਂ ਨਾਲ ਭਿਜ ਗਈ ਸੀ। ਮੋਤੀਆਂ ਵਰਗੇ ਆਂਸੂ ਉਹਦੀ ਦਾੜ੍ਹੀ ਦੇ ਵਾਲਾਂ ਨਾਲ ਲਟਕ ਰਹੇ ਸਨ। ਉਸ ਦੀ ਕਥਾ ਸੁਣ ਆਪਣਾ ਜ਼ਖਮੀ ਮਨ ਅਸਹਿ ਪੀੜ ਨਾਲ ਕੁਰਲਾ ਉਠਿਆ। ਆਪਣੀ ਰਾਜ ਨੂੰ ਯਾਦ ਕਰ ਦਿਲ ਭਰ ਆਇਆ। ਇਕ ਦੁਖੀ ਤੇ ਜ਼ਖਮੀ ਰੂਹ ਸਾਹਮਣੇ ਆਪਣੇ ਰੋਣ ਨੂੰ ਬੜੀ ਮੁਸ਼ਕਲ ਨਾਲ ਰੋਕਿਆ। ਪ੍ਰਮਾਤਮਾ ਸਿੰਘ ਪਤਾ ਨਹੀਂ ਕਿਹੜੀ ਦੁਨੀਆਂ ਵਿੱਚ ਪਹੁੰਚ ਚੁਕਾ ਸੀ। ਮੋਢਿਓਂ ਫੜ ਮੈਂ ਉਸ ਨੂੰ ਹਿਲਾਇਆ। ਅਖਾਂ ਖੋਲ੍ਹ ਉਹ ਪਾਗਲਾਂ ਵਾਂਗ ਮੈਨੂੰ ਮੁੜ ਮੁੜ ਵੇਖੀ ਜਾਵੇ।

ਮੈਂ ਹੌਲੀ ਹੌਲੀ ਕਹਿਣਾ ਸ਼ੁਰੂ ਕੀਤਾ-

''ਸਿੰਘ ਸਾਹਿਬ! ਤੁਹਾਡੀ ਕਥਾ ਬੜੀ ਦਰਦਨਾਕ ਤੇ ਦਿਲਚਸਪ ਹੈ। ਇਹ ਜ਼ਰੂਰ ਛਪਣੀ ਚਾਹੀਦੀ ਹੈ। ਜੇ ਤੁਸੀਂ ਕਿਸੇ ਦਿਨ ਫਿਰ ਮਿਲੋ, ਤਾਂ ਇਸ ਦੇ ਛਾਪਣ ਤੇ ਵਿਚਾਰ ਕਰੀਏ।''

''ਚੰਗਾ ਜੀ, ਫਿਰ ਮੈਂ ਅਗਲੇ ਐਤਵਾਰ ਇਸੇ ਵੇਲੇ ਤੁਹਾਨੂੰ ਮਿਲਾਂਗਾ'' ਇਹ ਆਖ ਪ੍ਰਮਾਤਮਾ ਸਿੰਘ ਆਪਣੇ ਥੈਲੇ ਵਿੱਚ ਰਜਿਸਟਰ ਲਪੇਟ ਕੇ ਇਵੇਂ ਸੰਭਾਲ ਉਥੋਂ ਤੁਰ ਪਿਆ, ਜਿਵੇਂ ਡਾਕਾ ਪੈ ਜਾਣ ਦਾ ਡਰ ਹੋਵੇ।

ਉਨ੍ਹੀਂ ਦਿਨੀਂ ਮੇਰੀ ਆਪਣੀ ਰੂਹ ਕੁਚਲੀ ਪਈ ਸੀ। ਇਸ ਲਈ ਮੈਂ ਪ੍ਰਮਾਤਮਾ ਸਿੰਘ ਦੇ ਮਸਲੇ ਨੂੰ ਕੁਝ ਦਿਨਾਂ ਤੇ ਪਾ ਦਿਤਾ ਸੀ। ਪਰ ਆਪਣੀ ਕਥਾ ਦੇ ਨਾਲ ਉਸ ਦੀ ਪ੍ਰੇਮ ਵਿਛੁੰਨੀ ਵਾਰਤਾ ਨੇ ਮੇਰੇ ਜ਼ਖਮਾਂ ਤੇ ਹੋਰ ਲੂਣ ਛਿੜਕ ਦਿਤਾ।

ਕਈ ਰਾਤਾਂ ਮੈਨੂੰ ਨੀਂਦਰ ਨਾ ਪਈ। ਕਦੀ ਪ੍ਰਮਾਤਮਾ ਦੀ ਰੂਹ ਆਣ ਮਿਲਦੀ ਤੇ ਕਦੀ ਪਿਆਰੀ ਰਾਜ ਤੇ ਫਿਰ ਸਾਰਾ ਸਾਰਾ ਦਿਨ ਮਨ ਨੂੰ ਚੈਨ ਨਾ ਆਂਦਾ। ਆਪਣਾ ਮਨ, ਖੇਡ-ਕੂਦ, ਸੈਰ-ਸਪਾਟੇ, ਤੇ ਪੜ੍ਹਨ-ਲਿਖਣ ਵਿੱਚ ਲਾਣ ਦਾ ਬੜਾ ਯਤਨ ਕੀਤਾ ਪਰ ਸਭ ਕੁਛ ਅਕਾਰਥ ਗਿਆ।

## ਅੰਤਮ ਦਰਸ਼ਨ

ਪ੍ਰਮਾਤਮਾ ਸਿੰਘ, ਅਗਲੇ ਐਤਵਾਰ ਮਿਲਣ ਦਾ ਇਕਰਾਰ ਕਰ ਗਿਆ ਸੀ, ਪਰ ਪੂਰੇ ਦੋ ਮਹੀਨੇ ਉਸ ਦੇ ਮੁੜ ਦਰਸ਼ਨ ਨਾ ਹੋਏ। ਇਨ੍ਹੀਂ ਦਿਨੀਂ ਮੈਨੂੰ ਪ੍ਰਮਾਤਮਾ ਸਿੰਘ ਦੇ ਪਿੰਡ ਬਸਾਲੀ ਦੇ ਨਾਲ ਦੇ ਪਿੰਡ ਕਿਸੇ ਕੰਮ ਜਾਣਾ ਪੈ ਗਿਆ। ਆਪਣਾ ਕੰਮ ਮੁਕਾ, ਮੈਂ ਸੋਚਿਆ, ਚਲੋ ਪ੍ਰਮਾਤਮਾ ਸਿੰਘ ਨੂੰ ਮਿਲ ਆਵਾਂ। ਉਸ ਨੂੰ ਮਿਲਣ ਉਸ ਦੇ ਪਿੰਡ ਜਾ ਪਹੁੰਚਿਆ। ਗੁਰਦਵਾਰੇ ਜਾ ਕੇ ਉਥੋਂ ਦੇ ਗ੍ਰੰਥੀ ਬਾਰੇ ਪੁਛਿਆ, ਤਾਂ ਸੇਵਾਦਾਰ ਨੇ ਦਸਿਆ ਕਿ ਪ੍ਰਮਾਤਮਾ ਸਿੰਘ ਪੂਰਾ ਹੋ ਗਿਆ ਹੈ।

ਮੇਰੇ ਮੂੰਹੋਂ ਹੈਰਾਨੀ ਨਾਲ ਨਿਕਲ ਗਿਆ,''ਹੈਂ, ਕਦੋਂ, ਕਿਵੇਂ, ਕਿਸ ਤਰ੍ਹਾਂ?''

ਉਸ ਦਸਿਆ, ਚੰਗਾ ਭਲਾ ਬੈਠਿਆਂ ਹੋਇਆਂ ਇਕ ਦਿਨ ਪ੍ਰਮਾਤਮਾ ਸਿੰਘ ਕਹਿਣ ਲਗਾ - ''ਬਸ ਬਈ ਮਿੱਤਰਾ! ਅਸੀਂ ਚਲਦੇ ਹਾਂ। ਸਾਨੂੰ ਆਪਣੀ ਆਤਮਾ ਬੁਲਾ ਰਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੈ। ਬਸ ਛਿੰਨਾਂ ਪਲਾਂ ਵਿੱਚ ਹੀ ਉਸ ਪ੍ਰਾਣ ਤਿਆਗ ਦਿਤੇ। ਅਜ ਉਸ ਨੂੰ ਪੂਰੇ ਹੋਇਆਂ ਪੰਦਰਾਂ ਦਿਨ ਹੋ ਗਏ ਹਨ ਤੇ ਅਜ ਹੀ ਉਸ ਦਾ ਬ੍ਰਿਧ ਚਾਚਾ ਹਰਦੁਆਰ ਉਸ ਦੇ ਫੁਲ ਤਾਰ ਕੇ ਪਰਤਿਆ ਹੈ।''

ਮੈਨੂੰ ਇਉਂ ਜਾਪਿਆ ਜਿਵੇਂ ਮੇਰੇ ਹੋਸ਼-ਹਵਾਸ ਮੈਨੂੰ ਜਵਾਬ ਦੇ ਗਏ ਹੋਣ। ਮੈਂ ਗੁਰਦਵਾਰੇ ਦੀ ਦੀਵਾਰ ਦਾ ਢਾਸਣਾ ਲਾ ਕੇ ਬੈਠ ਗਿਆ। ਕੁਝ ਛਿੰਨ ਮੇਰੇ ਮੂੰਹੋਂ ਕੋਈ ਗੱਲ ਨਾ ਨਿਕਲੀ। ਐਸਾ ਜਾਪੇ ਜਿਵੇਂ ਪ੍ਰਮਾਤਮਾ ਸਿੰਘ ਨਾਲ ਮੇਰੀ ਕੋਈ ਅਟੁਟ ਸਾਂਝ ਸੀ, ਤੇ ਉਸਦੀ ਮੌਤ ਨਾਲ ਮੇਰੇ ਸਰੀਰ ਦਾ ਕੋਈ ਅੰਗ ਮੈਥੋਂ ਖੁਸ ਗਿਆ।

ਜਦੋਂ ਮੈਨੂੰ ਹੋਸ਼ ਪਰਤੀ, ਤਾਂ ਮੈਂ ਗ੍ਰੰਥੀ ਨੂੰ ਕਿਹਾ, ''ਮਿਤ੍ਰ! ਮੈਨੂੰ ਜ਼ਰਾ ਸ਼ਮਸ਼ਾਨ ਭੂਮੀ ਵਲ ਲੈ ਚਲ। ਮੈਂ ਉਸ ਮਹਾਨ ਆਤਮਾ ਦੀ ਚਰਨ ਛੋਹ ਪ੍ਰਾਪਤ ਕਰਨੀ ਚਾਹੁੰਦਾ ਹਾਂ।''

ਉਹ 'ਸਤ ਬਚਨ' ਆਖ ਮੈਨੂੰ ਨਾਲ ਲੈ ਤੁਰਿਆ। ਰਾਹ ਵਿੱਚ ਉਸ ਮੈਨੂੰ ਦਸਿਆ ''ਭਾਈ ਹੋਰੀਂ ਆਪਣੀ ਆਤਮਾ ਦੇ ਸਸਕਾਰ ਵਾਲੀ ਥਾਂ ਤੇ ਸਮਾਧੀ ਬਣਾ ਸਾਰੀ ਉਮਰ ਉਸ ਦੀ ਪੂਜਾ ਕਰਦੇ ਰਹੇ ਸਨ, ਤੇ ਅੰਤ ਸਮੇਂ ਉਸ ਦੀ ਸਮਾਧੀ ਨਾਲ ਹੀ ਆਪਣੀ ਸਮਾਧੀ ਬਣਾਣ ਲਈ ਵਸੀਅਤ ਕਰ ਗਏ ਹਨ।''

ਮੈਨੂੰ ਉਹ ਮਸਾਣਾਂ ਵਿੱਚ ਲੈ ਗਿਆ। ਇਕ ਨੁਕਰ ਤੇ ਇਕ ਨਿਕੀ ਜੇਹੀ ਦੇਹਰੀ ਸੀ, ਜਿਸ ਤੇ ਸੰਗਮਰਮਰ ਦੀ ਛੋਟੀ ਜੇਹੀ ਸਿਲ ਤੇ ਲਿਖਿਆ ਹੋਇਆ ਸੀ, ''ਆਪਣੀ ਆਤਮਾ ਦੀ ਯਾਦ ਵਿੱਚ - ਪ੍ਰਮਾਤਮਾ ਸਿੰਘ।'' ਉਸ ਦੇ ਨਾਲ ਹੀ ਸਵਾਹ ਦੇ ਢੇਰ ਤੇ ਕੁਝ ਇੱਟਾਂ ਰਖੀਆਂ ਹੋਈਆਂ ਸਨ। ਮੈਂ ਇੱਟਾਂ ਨੂੰ ਪਰੇ ਕਰ ਮੁਠੀ ਭਰ ਰਾਖ ਲੈ ਕੇ ਆਪਣੀਆਂ ਅੱਖਾਂ ਤੇ ਮਸਤਕ ਨੂੰ ਛੁਹਾਈ ਤੇ ਫਿਰ ਉਸ ਨੂੰ ਚੁੰਮ ਕੇ ਆਪਣੇ ਰੁਮਾਲ ਵਿੱਚ ਬੰਨ੍ਹ, ਪ੍ਰਮਾਤਮਾ ਸਿੰਘ ਦੀ ਸਮਾਧੀ ਨੂੰ ਨਮਸਕਾਰ ਕਰ ਭਰੇ ਦਿਲ ਨਾਲ ਵਾਪਸ ਪਰਤ ਆਇਆ।

ਸੇਵਾਦਾਰ ਨੇ ਮੈਨੂੰ ਦੂਰੋਂ ਆ ਰਹੇ ਇਕ ਬਜ਼ੁਰਗ ਵਲ ਇਸ਼ਾਰਾ ਕਰ ਕੇ ਕਿਹਾ ''ਇਹ ਪ੍ਰਮਾਤਮਾ ਸਿੰਘ ਦਾ ਚਾਚਾ ਹੈ।''

ਮੈਂ ਚਾਚਾ ਜੀ ਨੂੰ ਪ੍ਰਨਾਮ ਕੀਤਾ। ਉਸ ਦੀਆਂ ਅੱਖਾ ਵਿੱਚ ਆਂਸੂ ਸਨ। ਆਪਣੀ ਸਾਰੀ ਉਮਰ ਦੀ ਕਮਾਈ, ਆਪਣੇ ਪ੍ਰਮਾਤਮਾ ਦੇ ਫੁਲ ਉਹ ਬਜ਼ੁਰਗ ਹਰਦਵਾਰ ਤਾਰ ਕੇ ਅਜ ਹੀ ਵਾਪਸ ਆ ਰਿਹਾ ਸੀ।

ਗੱਲਾਂ ਗੱਲਾਂ ਵਿੱਚ ਮੈਂ ਪੁਛਿਆ

''ਚਾਚਾ ਜੀ! ਪ੍ਰਮਾਤਮਾ ਸਿੰਘ ਪਾਸ ਉਸ ਦੀ ਪ੍ਰੇਮ ਕਹਾਣੀ ਦੀ ਇਕ ਪੋਥੀ ਸੀ, ਉਹ ਮਿਲ ਸਕੇਗੀ?''

ਉਸ ਦੀਆਂ ਅੱਖਾਂ ਵਿੱਚ ਆਏ ਅਥਰੂ ਉਸਦੀ ਦਾੜ੍ਹੀ ਤੇ ਡਿਗ ਪਏ। ਉਸ ਦਾ ਗੱਲਾ ਰੁਕ ਗਿਆ। ਥਥਲਾਂਦੀ ਆਵਾਜ਼ ਵਿੱਚ ਉਹ ਕਹਿਣ ਲਗਾ, ''ਬੇਟੇ! ਉਹ ਪੋਥੀ ਹੁਣ ਕਿਥੋਂ ਮਿਲਣੀ ਹੈ? ਅੰਤ ਸਮੇਂ ਪ੍ਰਮਾਤਮਾ ਸਿੰਘ ਨੇ ਮੇਰਾ ਹਥ ਆਪਣੇ ਸਿਰ ਤੇ ਰਖ ਕੇ ਕਿਹਾ ਸੀ, ''ਚਾਚਾ ਜੀ! ਮੇਰੀ ਸਾਰੀ ਜ਼ਿੰਦਗੀ ਦੀ ਪੂੰਜੀ 'ਆਤਮਾ' ਦੀ ਯਾਦ ਸਿਮ੍ਰਤੀ ਇਹ ਗ੍ਰੰਥ ਹੈ। ਮੇਰੇ ਨਾਲ ਹੀ ਇਸ ਦਾ ਵੀ ਸਸਕਾਰ ਕਰ ਦੇਣਾ।''

ਫਿਰ ਚਾਚਾ ਜੀ ਨੇ ਦਸਿਆ ''ਇਹ ਗ੍ਰੰਥ ਪ੍ਰਮਾਤਮਾ ਸਿੰਘ ਨੂੰ ਇੰਨਾ ਪਿਆਰਾ ਸੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਿ ਉਸ ਨੇ ਕਦੀ ਇਸ ਦਾ ਵਸਾਹ ਨਹੀਂ ਸੀ ਖਾਧਾ। ਤੇ ਅੰਤ ਸਮੇਂ ਵੀ ਉਹ ਇਸ ਨੂੰ ਆਪਣੇ ਨਾਲ ਹੀ ਲੈ ਗਿਆ।"

ਮੈਂ ਭਰੇ ਦਿਲ ਨਾਲ ਬੁਢੇ ਚਾਚੇ ਨੂੰ ਫਤਹ ਬੁਲਾ ਵਾਪਸ ਘਰ ਪਰਤ ਆਇਆ ਤੇ ਸਾਰਾ ਰਾਹ ਪ੍ਰਮਾਤਮਾ ਸਿੰਘ ਦੀ ਯਾਦ ਵਿੱਚ ਗੜੂੰਦ ਰਿਹਾ। **ਸੰਨ 1934 ਈ.**

## ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ ਨਾਲ ਪਹਿਲੀ ਮੁਲਾਕਾਤ

ਸੰਨ 1933 ਦਾ ਅਰੰਭ ਸੀ।

ਮਾਸਕ ਪੱਤਰ 'ਪ੍ਰੀਤਲੜੀ' ਉਨ੍ਹੀਂ ਦਿਨੀਂ ਨੌਸ਼ਹਿਰੇ (ਪਾਕਿਸਤਾਨ) 'ਚੋਂ ਨਿਕਲਣੀ ਅਰੰਭ ਹੋਈ। ਪਹਿਲੇ ਦੋ-ਚਾਰ ਪਰਚੇ ਹੀ ਵੇਖ ਤਬੀਅਤ ਮਚਲ ਉਠੀ। ਪ੍ਰੀਤਲੜੀ ਦੇ ਐਡੀਟਰ ਦੇ ਦਰਸ਼ਨਾਂ ਲਈ ਚਿਤ ਹੁਲਾਰੇ ਖਾਣ ਲਗਾ। ਮਿਲਣ ਦੀ ਤਾਂਘ ਦਸੀ, ਤੇ ਚਿੱਠੀ ਨੁਸ਼ਹਿਰੇ ਲਿਖ ਦਿਤੀ। ਛੇਤੀ ਹੀ ਉਤਰ ਆ ਗਿਆ ਕਿ ਆਉਣ ਵਾਲੇ ਐਤਵਾਰ ਅਸੀਂ ਪੰਜਾ ਸਾਹਿਬ ਹੋਵਾਂਗੇ, ਸੋ ਉਥੇ ਮੁਲਾਕਾਤ ਲਈ ਪਹੁੰਚ ਜਾਵੇ।

ਮਿਥੇ ਸਮੇਂ ਮੈਂ ਪੰਜਾ ਸਾਹਿਬ ਪਹੁੰਚ ਗਿਆ। ਉਥੇ ਹਜ਼ਾਰਾਂ ਮੁਸਾਫਰ ਗੁਰ ਅਸਥਾਨ ਦੇ ਦਰਸ਼ਨਾਂ ਲਈ ਆਏ ਹੋਏ ਸਨ। ਮੈਂ ਕਿਸ ਨੂੰ ਸ੍ਰ: ਗੁਰਬਖਸ਼ ਸਿੰਘ ਸਮਝਾਂ ਤੇ ਪੁਛਾਂ ਵੀ ਤਾ ਕਿਸ ਤੋਂ? ਅਖੀਰ ਮੈਂ ਉਨ੍ਹਾਂ ਦੀ ਲੇਖਣੀ ਤੋਂ ਪ੍ਰਭਾਵਤ ਹੋ, ਜੋ ਕਲਪਤ ਤਸਵੀਰ ਮਨ ਦੀ ਤਖਤੀ ਤੇ ਚਿਤਰੀ ਸੀ, ਉਸ ਮੁਤਾਬਕ ਢੂੰਡ ਅਰੰਭ ਦਿਤੀ। ਉਦੋਂ ਪੰਜਾ ਸਾਹਿਬ ਦੇ ਸਰੋਵਰ ਦੀਆਂ ਨੀਹਾਂ ਭਰੀਆਂ ਜਾ ਰਹੀਆਂ ਸਨ। ਉਨ੍ਹਾਂ ਦੀ ਵੇਖ ਭਾਲ ਇਕ ਸਰਦਾਰ ਕਰ ਰਿਹਾ ਸੀ - ਚਿੱਟੇ ਦੁੱਧ ਬਸਤਰ, ਦਿਲਖਿਚਵੀਆਂ ਅੱਖਾਂ ਤੇ ਸੁਨਹਿਰੀ ਫਰੇਮ ਦੀ ਐਨਕ। ਸਾਂਵਲਾ ਰੰਗ, ਕਦ ਦਰਮਿਆਨਾ। ਵੇਖ ਮੇਰੇ ਮਨ ਨੇ ਸ਼ਾਹਦੀ ਦਿਤੀ ਕਿ ਹੋਵੇ ਨਾ ਹੋਵੇ, ਗੁਰਬਖਸ਼ ਸਿੰਘ ਹੋਰੀਂ ਇਹੋ ਹਨ। ਆਪਣੇ ਵਿਚਾਰ ਦੀ ਪੁਸ਼ਟੀ ਲਈ ਮੈਂ ਉਥੋਂ ਦੀ ਲਾਇਬਰੇਰੀ ਵਿੱਚ ਗਿਆ। ਉਥੇ ਪ੍ਰੀਤਲੜੀ ਪਈ ਹੋਈ ਸੀ। ਲਾਇਬ੍ਰੇਰੀਅਨ ਨੂੰ ਉਨ੍ਹਾਂ ਬਾਰੇ ਪੁਛਿਆ, ਤਾਂ ਉਸ ਦਸਿਆ ਕਿ ਠੀਕ ਉਹੀ ਸ੍ਰ: ਗੁਰਬਖਸ਼ ਸਿੰਘ ਹਨ।

ਮੈਂ ਉਨ੍ਹਾਂ ਪਾਸ ਗਿਆ। ਆਪਣਾ ਪ੍ਰੀਚੈ ਕਰਾਇਆ ਤਾਂ ਉਨ੍ਹਾਂ ਸ਼ਾਮ ਦੇ ਚਾਰ ਵਜੇ ਆਪਣੇ ਰਿਹਾਇਸ਼ ਅਸਥਾਨ ਤੇ ਮਿਲਣ ਲਈ ਕਿਹਾ।

ਉਹ ਸਾਰਾ ਦਿਨ ਮੈਂ ਵਲੀ ਕੰਧਾਰੀ ਨਾਂ ਦੀ ਪਹਾੜੀ ਤੇ ਚੜ੍ਹਨ ਉਤਰਨ, ਹਸਨ ਅਬਦਾਲ ਦੇ ਇਕ-ਦੋ ਚਕਰ ਕਟਣ ਵਿੱਚ ਗੁਜ਼ਾਰਿਆ ਤੇ ਸ਼ਾਮ ਨੂੰ ਚਾਰ ਵਜੇ ਉਨ੍ਹਾਂ ਦੀ ਕਿਆਮਗਾਹ ਤੇ ਜਾ ਪੁਜਾ।

ਸ੍ਰ: ਗੁਰਬਖਸ਼ ਸਿੰਘ ਹੋਰਾਂ ਦਾ ਸਾਰਾ ਪਰਿਵਾਰ ਉਥੇ ਠਹਿਰਿਆ ਹੋਇਆ ਸੀ। ਉਹ ਉਨ੍ਹਾਂ ਦੀ ਪਤਨੀ ਤੇ ਬਚੇ, ਸ਼ਾਮੀਂ ਚਾਰ ਵਜੇ ਸੈਰ ਲਈ ਨਿਕਲੇ। ਨਾਲ ਹੀ ਉਨ੍ਹਾਂ ਮੈਨੂੰ ਵੀ ਲੈ ਲਿਆ। ਅਸੀਂ ਹਸਨ ਅਬਦਾਲ ਤੋਂ ਬਾਹਰ ਨਿਕਲ ਗਏ। ਵਾਹ ਵਾਹ ਸੁੰਦਰ ਦ੍ਰਿਸ਼ ਸੀ, ਚੁਪਾਸੀਂ ਚਸ਼ਮੇਂ ਵਗ ਰਹੇ ਸਨ, ਤੇ ਭਾਈ ਵੀਰ ਸਿੰਘ ਦੇ ਕਹੇ ਅਨੁਸਾਰ :-

ਪਰਬਤ ਗੋਦੋਂ ਨੀਰ ਨਿਕਲਿਆ ਖੇਡਦਾ
ਚਮਕੇ ਵਾਂਗ ਬਲੌਰ ਜਾਂਦਾ ਦੌੜਦਾ
ਵਿੱਚ ਫੁਹਾਰਿਆਂ ਹੋਇ ਛਹਿਬਰ ਲਾਂਵਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਲਹਿਰਾਂ ਦੇ ਵਿਚਕਾਰ ਜਾਂਦਾ ਗਾਂਵਦਾ।
ਬੂਟਿਆਂ ਫੁਲਾਂ ਨਾਲ ਕਰਦਾ ਪਿਯਾਰ ਹੈ
ਉਲਟ ਬਾਜ਼ੀਆਂ ਲਾਇ, ਸੁਹਣੇ ਝਰਨਿਓਂ
ਉਛਲੇ ਬਾਗੋਂ ਬਾਹਰ ਡਿਗਦਾ ਗਾਉਂਦਾ
ਕਰਦਾ ਨਹੀਂ ਆਰਾਮ ਤੁਰਿਆ ਜਾ ਰਿਹਾ।

ਅਸੀਂ ਦੋ-ਤਿੰਨ ਘੰਟੇ ਇਕਠੇ ਰਹੇ। ਖਿਆਲਾਂ ਦਾ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਸ਼ਾਮੀ ਜਦੋਂ ਅਸੀਂ ਨਿਖੜੇ ਤਾਂ ਮੈਂ ਉਨ੍ਹਾਂ ਦੀ ਆਕਰਸ਼ਕ ਸ਼ਖਸੀਅਤ ਤੋਂ ਕਾਫੀ ਪ੍ਰਭਾਵਤ ਹੋ ਚੁਕਾ ਸਾਂ। ਅਗੋਂ ਲਈ ਜਦੋਂ ਕਦੀ ਉਹ ਪਿੰਡੀ ਪਧਾਰਨ, ਦਰਸ਼ਨ ਦੇਣ ਲਈ ਮੈਂ ਬੇਨਤੀ ਕਰ ਦਿਤੀ।

ਪ੍ਰੀਤਲੜੀ ਉਨ੍ਹਾਂ ਦਿਨਾਂ ਵਿੱਚ ਅੰਮ੍ਰਿਤਸਰੋਂ ਨਿਕਲਦੀ ਸੀ। ਇਸ ਲਈ ਉਹ ਆਮ ਕਰ ਕੇ ਅੰਮ੍ਰਿਤਸਰ ਜਾਂਦੇ ਰਹਿੰਦੇ ਸਨ। ਸੋ ਵਾਪਸੀ ਤੇ ਕਈ ਵਾਰ ਪਿੰਡੀ ਸਟੇਸ਼ਨ ਤੇ ਮੇਲ ਹੋ ਜਾਂਦਾ। ਮੇਰੇ ਸਦੇ ਤੇ, ਸੰਨ 1934 ਵਿੱਚ ਸ੍ਰਦਾਰ ਜੀ, ਨਵਤੇਜ ਸਿੰਘ (ਉਨ੍ਹਾਂ ਦੇ ਸਪੁੱਤਰ) ਰਾਵਲਪਿੰਡੀ ਸਾਡੇ ਘਰ ਆਏ, ਤਾਂ ਅਸੀਂ ਘਰ ਤੋਂ ਇਲਾਵਾ ਆਪਣੀ ਗਲੀ ਦੀ ਸਫਾਈ ਵੀ ਕਰਵਾ ਦਿਤੀ ਸੀ।* ਇਸ ਤਰ੍ਹਾਂ ਉਨ੍ਹਾਂ ਦਾ ਮੇਲ ਜੋਲ ਵਾਕਫੀ ਤੋਂ ਵਧਦਾ-ਵਧਦਾ ਇਸ਼ਕ ਦੇ ਨੇੜੇ ਤੇੜੇ ਪਹੁੰਚ ਗਿਆ। ਸੰਨ 1936-37 ਵਿੱਚ ਮੈਂ ਇਕ ਸਾਲ ਪ੍ਰੀਤਲੜੀ ਦੇ ਦਫਤਰ ਮਾਡਲ ਟਾਊਨ ਲਾਹੌਰ ਵਿੱਚ ਗੁਜ਼ਾਰਿਆ, ਤੇ ਮੁੜ 1940 ਤੋਂ 1947 ਤੀਕ ਤੇ ਉਸ ਤੋਂ ਪਿਛੋਂ ਉਨ੍ਹਾਂ ਦੇ ਅਕਾਲ ਚਲਾਣੇ ਤੀਕ ਮੈਂ ਕਾਫੀ ਸਾਲ ਉਨ੍ਹਾਂ ਦੇ ਨੇੜੇ ਰਿਹਾ।

*ਰਾਵਲਪਿੰਡੀ ਦੀ ਇਸ ਮੁਲਾਕਾਤ ਬਾਰੇ ਕਿਸੇ ਵਖਰੇ ਕਾਂਡ ਵਿੱਚ ਵਿਸਥਾਰ ਦਿਤਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੂਣ ਦੇ ਪਹਾੜ ਦੀ ਪ੍ਰਾਪਤੀ

ਸੰਨ 1935 ਦੀ ਗੱਲ ਹੈ। ਪਿਤਾ ਜੀ ਆਪਣੇ ਪਿੰਡ 'ਦਾਤਾ' ਵਿੱਚ ਰਹਿੰਦੇ ਸਨ ਪਰ ਉਨ੍ਹਾਂ ਦੇ ਤਿੰਨ ਛੋਟੇ ਵੀਰ ਸਾਡੇ ਚਾਚਾ ਬੇਲਾ ਸਿੰਘ, ਕਾਹਨ ਸਿੰਘ ਤੇ ਬੁੱਧ ਸਿੰਘ ਰਾਵਲਪਿੰਡੀ ਗੰਜ ਮੰਡੀ ਵਿੱਚ ਰਹਿੰਦੇ ਸਨ। ਤਿੰਨਾਂ ਭਰਾਵਾਂ ਦਾ ਕਾਰੋਬਾਰ ਭਾਂਵੇ ਵਿੱਚਕਾਰਲਾ ਮੇਲ ਹੀ ਸੀ, ਪਰ ਉਹ ਆਪਣੇ ਕੰਮ ਤੋਂ ਬੜੇ ਸੰਤੁਸ਼ਟ ਸਨ । ਤੇ ਸੰਤੁਸ਼ਟ ਹੋਣ ਦੇ ਦੋ ਵਡੇ ਕਾਰਣ ਸਨ। ਇਕ ਤਾਂ ਇਹ ਕਿ ਉਨ੍ਹਾਂ ਦਾ ਆਪੋ ਵਿੱਚ ਬੜਾ ਪ੍ਰੇਮ ਸੀ। ਘਰ ਵਿੱਚ ਜੋ ਇਕ ਭਰਾ ਕਹਿ ਦੇਵੇ, ਕੀ ਮਜਾਲ ਕਿ ਕੋਈ ਉਸ ਦੀ ਉਲੰਘਣਾ ਕਰੇ। ਦੂਜੇ ਉਹ ਤਿੰਨੇ, ਦੋਵੇਂ ਵੇਲੇ ਸਵੇਰ ਤੇ ਸ਼ਾਮੀਂ ਨੇਮ ਨਾਲ ''ਝਖੜ ਝਾਂਗੀ ਮੀਂਹ ਬਰਸੇ, ਮੇਰਾ ਨਾਲ ਪਿਆਰੇ ਨਿਹੁੰ'' ਦੇ ਵਾਕ ਅਨੁਸਾਰ ਗੁਰਦਵਾਰੇ ਇਕੱਠੇ ਜਾਂਦੇ। ਕੀਰਤਨ ਤੇ ਪਾਠ ਇਕੱਠੇ ਸਰਵਣ ਕਰਦੇ ਤੇ ਫਿਰ ਉਥੋਂ ਇੱਕਠੇ ਹੀ ਘਰ ਵਾਪਸ ਪਰਤਦੇ। ਸਿੰਘ ਸਭਾ ਗੁਰਦਵਾਰੇ ਵਿੱਚ ਤਿਨਾਂ ਭਰਾਵਾਂ ਨੇ ਆਪਣੀਆਂ ਡਿਊਟੀਆਂ ਵੰਡੀਆਂ ਹੋਈਆਂ ਸਨ। ਕਾਹਨ ਸਿੰਘ ਜੀ ਕੀਰਤਨ ਤੇ ਅਰਦਾਸ ਮਗਰੋਂ ਜ਼ੋਰ ਦੀ ਗੱਜ ਕੇ ਪੰਜ ਅਕਾਸ਼ ਗੁੰਜਾਊ ਜੈਕਾਰੇ ਗਜਾਂਦੇ ਸਨ। ਉਸ ਮਗਰੋਂ ਬੇਲਾ ਸਿੰਘ ਜੀ ਕੜਾਹ ਪ੍ਰਸ਼ਾਦ ਵਰਤਾਂਦੇ। ਗੁਰਪੁਰਬ ਦੇ ਜਲੂਸ ਸਮੇਂ ਪੰਜ ਪਿਆਰਿਆਂ ਵਿੱਚ ਸਭ ਤੋਂ ਛੋਟੇ ਚਾਚਾ ਬੁੱਧ ਸਿੰਘ ਜੀ ਸ਼ਾਮਲ ਹੁੰਦੇ ਸਨ।

ਕਦੇ ਉਨ੍ਹਾਂ ਦਾ ਆਪੋ ਵਿਚਕਾਰ ਝਗੜਾ ਨਹੀਂ ਸੀ ਸੁਣਿਆ ਗਿਆ। ਕੋਈ ਲੈਣ ਦੇਣ, ਕੋਈ ਵਿਆਹ ਸ਼ਾਦੀ, ਕੋਈ ਮਰਨ ਪਰਨ, ਕੁਝ ਵੀ ਤਾਂ ਅਜਿਹਾ ਨਹੀਂ ਸੀ, ਜਿਹੜਾ ਉਨ੍ਹਾਂ ਵਿਚਕਾਰ ਬਖੇੜਾ ਖੜਾ ਕਰਦਾ। ਸੋ ਇਸ ਤਰ੍ਹਾਂ ਉਹ ਤਿੰਨੇ ਭਰਾ ਬੜਾ ਸ਼ਾਂਤਮਈ ਜੀਵਨ ਜੀਵੀ ਜਾ ਰਹੇ ਸਨ।

ਤੇ ਇਕ ਦਿਨ ਸ਼ਾਮ ਨੂੰ ਥੋੜਾ ਥੋੜਾ ਅਨ੍ਹੇਰਾ ਪਏ ਜਦੋਂ ਉਹ ਤਿੰਨੇ ਭਰਾ ਗੰਜ ਮੰਡੀਉਂ ਲੰਘਦੇ ਗੁਰਦਵਾਰੇ ਜਾ ਰਹੇ ਸਨ, ਤਾਂ ਇਕ ਦੀ ਨਿਗਾਹ ਇਕ ਭਾਰੇ ਜਿਹੇ ਪਥਰ ਤੇ ਪਈ। ਉਹ ਬੋਲਿਆ, ''ਭਾਈਆ! ਅਹੁ ਵੇਖੋ ਨਾਂ ਵਡਾ ਸਾਰਾ ਢੇਲਾ ਲੂਣੈ ਨਾਂ ਵਿਖਾਈ ਦੇਨੈ।''

''ਹੈਂ ਹਾਂ'' ਭਾਈਆ ਜੀ ਦਾ ਜਿਵੇਂ ਤਰਾਹ ਹੀ ਨਿਕਲ ਗਿਆ ਹੋਵੇ। 'ਲੂਣੈ ਨਾਂ ਢੇਲਾ'' ਉਨ੍ਹਾਂ ਆਪਣੀਆਂ ਕਮਜ਼ੋਰ ਅਖਾਂ ਨੂੰ ਟੱਡ ਕੇ ਦੂਰ ਤੀਕ ਨਿਗਾਹ ਦੌੜਾਂਦਿਆਂ ਕਿਹਾ, ''ਹਾਂ! ਨਜ਼ਰ ਤਾਂ ਲੂਣ ਈ ਆਨੈਂ, ਪਰ ਇਤਨਾ ਭਾਰਾ ਢੇਲਾ ਇਥੇ ਕਿਸ ਤਰ੍ਹਾਂ ਪਿਆ ਰਹਿ ਗਿਐ?''

''ਓ ਭੋਲੇ ਬਾਦਸ਼ਾਹੋ!'' ਛੋਟਾ ਭਰਾ ਬੁੱਧ ਸਿੰਘ ਬੋਲਿਆ, ''ਇਥੇ ਸੈਂਕੜੇ ਕਰਾਂਚੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



(ਬੈਲ ਗਡੀਆਂ) ਰੋਜ਼ੀਨਾ ਲੂਣ ਲੈ ਕੇ ਆਂਨੀਆਂ ਨੁ। ਲੂਣ ਤੁਲ ਕੇ ਖਸਮਾਂ ਸਾਈਆਂ ਨੇ ਘਰ ਚਲਾ ਜਾਨੈਂ। ਇਹ ਭੁਲ ਕੇ ਇਥੇ ਹੀ ਰਹਿ ਗਿਆ ਹੋਣੈ।''

''ਭਲਾ ਬੁੱਧ ਸਿੰਘ! ਕਿਨਾਂ ਕੁ ਲੂਣ ਹੋਣੈ ਇਹ?'' ਚਾਚਾ ਕਾਹਨ ਸਿੰਘ ਨੇ ਜੀਭ ਬੁਲ੍ਹਾਂ ਤੇ ਮਾਰਦਿਆਂ ਪੁਛਿਆ। ਹੁਣ ਤੀਕ ਤਿੰਨੇ ਭਰਾ ਗੱਲਾਂ ਕਰਦੇ ਕਰਦੇ ਉਸ ਲੂਣ ਦੇ ਢੇਲੇ ਪਾਸ ਪੁਜ ਚੁਕੇ ਸਨ।

''ਹੋਣੈ ਭਾਈਆ, ਕੋਈ ਮਣ ਡੇਢ ਮਣ, ਪਰ ਦਿਸਨੈਂ ਬੜਾ ਸ਼ੁਧ ਲੂਣ।'' ਚਾਚਾ ਬੁੱਧ ਸਿੰਘ ਨੇ ਉਂਗਲ ਢੇਲੇ ਤੇ ਲਾ ਕੇ ਚਟਦਿਆਂ ਤੇ ਚਟਖਾਰੇ ਲੈਂਦਿਆਂ ਕਿਹਾ।

''ਹੋਵੇ ਨਾਂਹ ਤਾਂ ਇਸ ਆਂ ਘਾਰ ਚਾਅ ਕੇ ਲੈ ਚਲੀਐ, ਸਾਰੀ ਉਮਰ ਲੂਣੈ ਨੇ ਵਖਤਾਂ ਤੋਂ ਛੋਟ ਜਾਸਾਂ।'' ਚਾਚੇ ਕਹਾਨ ਸਿੰਘ ਹੋਰਾਂ ਆਪਣੀ ਰਾਏ ਦਿਤੀ।

''ਗੱਲ ਤੇ ਠੀਕ ਆਖੀ ਆ ਕਾਹਨ ਸਿੰਗਾਂ!'' ਚਾਚਾ ਬੇਲਾ ਸਿੰਘ ਬੋਲੇ - ਵਿੱਚੋਂ ਆਖਣ, ''ਹੇ ਮਹਾਰਾਜ! ਜੇ ਕਦੇ ਲੂਣ ਮਿਗੀ ਘਲਿਆਂ ਮਿਲ ਜਾਨਾਂ, ਤਾਂ ਕਿਹਾ ਚੰਗਾ ਹੋਨਾਂ। ਹਛਾ ਤੈਂਡੀ ਮਰਜ਼ੀ।''

ਅਖੀਰ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਗੁਰਦਵਾਰਿਉਂ ਵਾਪਸੀ ਤੇ ਇਸ ਢੇਲੇ ਨੂੰ ਚੁਕ ਕੇ ਘਰ ਪੁਚਾਇਆ ਜਾਵੇ, ਤੇ ਉਥੇ ਹੀ ਜਾ ਕੇ ਵੰਡੀਆਂ ਪਾਈਆਂ ਜਾਣ।

ਦੂਰ ਪਈ ਇਕ ਟੁਟੀ ਚਿਟਾਈ ਬੁੱਧ ਸਿੰਘ ਚੁਕ ਲਿਆਇਆ, ਤੇ ਉਸ ਲੂਣ ਦੇ ਪਹਾੜ ਨੂੰ ਚੰਗੀ ਤਰ੍ਹਾਂ ਬਾਰਸ਼ ਹਨੇਰੀ ਤੇ ਚੋਰਾਂ ਦੀਆਂ ਅੱਖਾਂ ਤੋਂ ਬਚਾਣ ਲਈ ਲਪੇਟ ਦਿਤਾ। ਆਪ ਉਹ ਗੁਰਦਵਾਰੇ ਚਲੇ ਗਏ।

ਅਜ ਤਿੰਨਾਂ ਭਰਾਵਾਂ ਦੇ ਮਨਾਂ ਵਿੱਚ ਉਹ ਸ਼ਾਂਤੀ ਨਹੀਂ ਸੀ, ਜੋ ਅਗੇ ਹਰ ਰੋਜ਼ ਹੁੰਦੀ ਸੀ। ਪਾਠ ਵਿੱਚ ਜੀਅ ਚੰਗੀ ਤਰ੍ਹਾਂ ਨਾ ਲਗਾ। ਵਡੇ ਭਰਾ ਚਾਚਾ ਬੇਲਾ ਸਿੰਘ ਦੇ ਇਸ਼ਾਰੇ ਤੇ ਤਿੰਨੇ ਭਰਾ ਵਕਤੋਂ ਪਹਿਲਾਂ ਹੀ ਅਜ ਗੁਰਦਵਾਰਿਉਂ ਨਿਕਲ ਆਏ।

ਰਾਹ ਵਿੱਚ ਉਨ੍ਹਾਂ ਆਪੋ ਵਿੱਚ ਕੋਈ ਗੱਲ ਨਾ ਕੀਤੀ। ਅਜ ਉਨ੍ਹਾਂ ਦੇ ਕਦਮ ਵੀ ਅਗੇ ਨਾਲੋਂ ਕਾਹਲੇ ਕਾਹਲੇ ਸਨ, ਜਿਵੇਂ ਤਿੰਨਾਂ ਇਕਠਿਆਂ ਹੀ ਕੋਈ ਜ਼ਰੂਰੀ ਮੁਹਿੰਮ ਸਰ ਕਰਨ ਜਾਣਾ ਹੋਵੇ। ਅੰਨ੍ਹੇਰੇ ਵਿੱਚ ਦੂਰੋਂ ਉਨ੍ਹਾਂ ਨੂੰ ਚਿਟਾਈ ਨਜ਼ਰ ਨਾ ਆਈ, ਤਾਂ ਤਿੰਨਾਂ ਦੇ ਦਿਲ ਧੜਕਣ ਲਗ ਪਏ, ਪਰ ਨੇੜੇ ਆ ਕੇ, ਸਭ ਕੁਝ ਠੀਕ ਹੈ, ਵੇਖ, ਉਨ੍ਹਾਂ ਦੇ ਸਾਹ ਵਿੱਚ ਸਾਹ ਆਇਆ।

''ਬੁੱਧ ਸਿੰਗਾਂ! ਤੂੰ ਇਸ ਆਂ ਚਾ ਕੇ ਜਲਦੀ ਜਲਦੀ ਘਰ ਲੈ ਜੁਲ।'' ਆਖਦਿਆਂ ਹੋਇਆਂ ਚਾਚਾ ਬੇਲਾ ਸਿੰਘ ਤੇ ਕਹਾਨ ਸਿੰਘ ਨੇ ਚਿਟਾਈ ਪਰੇ ਕਰ ਕੇ ਢੇਲੇ ਨੂੰ ਹਥ ਪਾਇਆ। ਮਸਾਂ ਮਸਾਂ ਦੋਹਾਂ ਦੀ ਮਦਦ ਨਾਲ ਚਾਚਾ ਬੁੱਧ ਸਿੰਘ ਨੇ ਉਸ ਨੂੰ ਆਪਣੇ ਸਿਰ ਤੇ ਚੁਕਿਆ, ਤੇ ਵਾਹੋਦਾਹੀ ਤਿੰਨੇ ਭਰਾ, ਇਕ ਅਗੇ ਤੇ ਇਕ ਪਿਛੇ ਲੂਣ ਦੇ ਪਹਾੜ ਤੇ ਪਹਿਰਾ ਦੇਂਦੇ ਘਰ ਨੂੰ ਨਸ ਤੁਰੇ।

ਭਾਵੇਂ ਮੰਡੀਓਂ ਘਰ ਫਰਲਾਂਗ ਕੁ ਹੀ ਸੀ, ਪਰ ਬੁੱਧ ਸਿੰਘ ਭਾਰ ਚੁਕੀ ਪਸੀਨਾ ਪਸੀਨਾ ਹੋਇਆ ਹੋਇਆ ਸੀ। ਦੂਜੇ ਦੋ ਭਰਾਵਾਂ ਦੇ ਖਾਲੀ ਹਥ ਹੀ ਪਸੀਨੇ ਨਾਲ ਕਪੜੇ ਗੜੁੱਚ ਹੋ ਗਏ ਸਨ। ਹਾਲੀਂ ਘਰ ਉਨ੍ਹਾਂ ਡਿਉਢੀਉਂ ਲੰਘ ਕੇ ਪਹੁੜੀਉਂ ਚੜ੍ਹ ਕੇ ਉਪਰਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਛਤੇ ਪਹੁੰਚਣਾ ਸੀ।

ਬੜੇ ਹਾੜਿਆਂ ਨਾਲ ਚਾਚਾ ਬੁੱਧ ਸਿੰਘ ਨੇ ਢੇਲੇ ਨੂੰ ਕੋਠੇ ਤੇ ਪੁਚਾਇਆ ਤੇ ਜਾਂਦਿਆਂ ਸਾਰ ਵਗ੍ਹਾ ਕੇ ਉਸ ਨੂੰ ਵੇਹੜੇ ਵਿੱਚ ਸੁਟਿਆ। ਪੜਾਕ ਕਰ ਕੇ ਜ਼ੋਰ ਦੀ ਆਵਾਜ਼ ਆਈ। ਮਾਨੋ ਕੋਈ ਭੁਚਾਲ ਹੀ ਆ ਗਿਆ ਹੋਵੇ। ਦੋ ਪਰਿਵਾਰ ਆਮ੍ਹੋ-ਸਾਹਮਣੇ ਮਕਾਨਾਂ ਵਿੱਚ ਤੇ ਇਕੋ ਵੇਹੜੇ ਵਿੱਚ ਰਹਿੰਦੇ ਸਨ। ਜ਼ੋਰ ਦੀ ਆਵਾਜ਼ ਸੁਣ ਕੇ ਤਿੰਨੇ ਚਾਚੀਆਂ ਤੇ ਪੰਦਰਾਂ ਕੁ ਬਾਲ, ਭੈਣਾਂ ਭਰਾ ਆਣ ਕਠੇ ਹੋਏ। ਹੇ ਕੈਹ-ਹੇ ਕੈਹ ਕਰ ਕੇ ਕਾਵਾਂ ਰੌਲੀ ਪਾਣ ਲਗੇ। ਤਿੰਨਾਂ ਭਰਾਵਾਂ ਨੇ ਸਾਰਿਆਂ ਨੂੰ ਇਸ਼ਾਰੇ ਨਾਲ ਚੁਪ ਹੋ ਜਾਣ ਲਈ ਆਖਣ ਵਾਸਤੇ ਬੁਲ੍ਹਾਂ ਤੇ ਉਂਗਲਾਂ ਰਖ ਲਈਆਂ।

ਸਾਰਿਆਂ ਦੇ ਚੁਪ ਹੋ ਜਾਣ ਤੇ ਭਾਈਆ ਬੇਲਾ ਸਿੰਘ ਨੇ ਬੜੇ ਰਾਜ਼ਦਾਰਾਨਾ ਲਹਿਜੇ ਵਿੱਚ ਕਿਹਾ, "ਕਿਸੇ ਆਂ ਦਸਣਾ ਨਹੀਂ। ਇਹ ਲੂਣ ਐ ਬਚੂ, ਸਾਰੀ ਉਮਰ ਖਾਨੇ ਰਹੁ ਤਾਂ ਮੁਕਨਾ ਨਹੀਂ।" ਉਧਰ ਚਾਚਾ ਬੁੱਧ ਸਿੰਘ ਕਦੇ ਆਪਣਾ ਪਸੀਨਾ ਪੂੰਝਦਾ, ਤੇ ਕਦੀ ਗਰਦਨ ਨੂੰ ਮਲਦਾ ਸੀ।

ਖੈਰ, ਇਸ ਮੁਹਿੰਮ ਤੋਂ ਵਿਹਲਿਆਂ ਹੋ ਕੇ ਸਾਰਿਆਂ ਪ੍ਰਸ਼ਾਦਾ ਛਕਿਆ। ਅਜ ਸਾਰੇ ਅਗੇ ਤੋਂ ਹੌਲੀ ਹੌਲੀ ਆਪੋ ਵਿੱਚ ਘੁਸਰ ਮੁਸਰ ਕਰ ਰਹੇ ਸਨ, ਤੇ ਸਾਰਿਆਂ ਦੀ ਦਿਲੀ ਖਾਹਿਸ਼ ਇਹ ਸੀ ਕਿ ਕਾਸ਼, ਕਦੀ ਇਹ ਪਹਾੜ ਕਲਿਆਂ ਲਭਾ ਹੁੰਦਾ, ਪਰ ਕਿਸਮਤ ਵਿੱਚ ਅਜਿਹਾ ਨਹੀਂ ਸੀ ਲਿਖਿਆ। ਸੋ ਸਾਰੇ ਉਸ ਮਾਲਕ ਦੇ ਅਗੇ ਸਿਰ ਨਿਵਾ ਕੇ, ਸਬਰ ਤੇ ਸ਼ੁਕਰ ਦਾ ਘੁਟ ਪੀ ਕੇ ਰਹਿ ਗਏ।

ਪ੍ਰਸ਼ਾਦ ਪਾਣੀ ਪਿਛੋਂ ਉਸ ਰਾਤ ਢੇਰ ਚਿਰ ਗੱਲਾਂ ਹੁੰਦੀਆਂ ਰਹੀਆਂ, ਤੇ ਅਖੀਰ ਸਾਰੇ ਸੌਂ ਗਏ. ਪਰ ਇਤਨੇ ਵਡੇ ਪਹਾੜ ਦੇ ਤਿੰਨਾਂ ਮਾਲਕਾਂ ਨੂੰ ਅਜ ਸਾਰੀ ਰਾਤ ਲੂਣ ਦੇ ਪਹਾੜਾਂ ਦੇ ਸੁਪਨੇ ਆਉਂਦੇ ਰਹੇ।

ਚਾਚਾ ਬੁੱਧ ਸਿੰਘ ਨੂੰ ਸੁਪਨਾ ਆਇਆ, ਕਿ ਉਹ ਇਕ ਲੂਣ ਦੀ ਵਡੀ ਚਟਾਨ ਪਾਸ ਖੜੋਤਾ ਹੈ। ਉਸ ਨੂੰ ਹੁਣੇ ਹੁਣੇ ਉਹ ਚਟਾਨ ਅਲਾਟ ਹੋਈ ਸੀ। ਉਸ ਨੇ ਲੂਣ ਦੀ ਇਸ ਵਡੀ ਚਟਾਨ ਨੂੰ ਉਂਗਲ ਨਾਲ ਰਗੜ ਕੇ ਚਟਿਆ, ਕਿਡਾ ਮਜ਼ੇਦਾਰ ਲੂਣ ਸੀ ਉਹ। ਇਸ ਪਿਛੋਂ ਉਸ ਨੇ ਵੇਖਿਆ, ਕਿ ਉਸ ਦੇ ਵੇਖਦਿਆਂ ਵੇਖਦਿਆਂ ਕੋਈ ਬੰਦਾ ਆ ਕੇ ਉਸ ਚਟਾਨ ਨੂੰ ਹਨੂੰਮਾਨ ਵਾਂਗ ਸਿਰ ਤੇ ਚੁਕ ਕੇ ਨਠ ਗਿਆ ਹੈ। ਇਕ ਦਮ ਉਸ ਦੀ ਜਾਗ ਖੁਲ੍ਹ ਗਈ। ਉਸ ਨੇ ਆਪਣੀ ਧਰਮ ਪਤਨੀ ਪ੍ਰਮੇਸ਼ਰੀ ਨੂੰ ਜਗਾਇਆ, ਕਿ ਉਹ ਬਾਹਰ ਜਾ ਕੇ ਵੇਖੇ, ਕਿ ਕਿਧਰੇ ਕੋਈ ਚੋਰ ਸਾਡੇ ਲੂਣ ਤੇ ਹੀ ਨਾ ਹਥ ਸਾਫ ਕਰ ਗਿਆ ਹੋਵੇ।

ਚਾਚੀ ਪ੍ਰਮੇਸ਼ਰੀ ਨੇ ਦਰਵਾਜਿਉਂ ਬਾਹਰ ਵਲ ਝਾਤੀ ਮਾਰ ਕੇ ਵੇਖਿਆ, ਤਾਂ ਡਾਢੀ ਘਾਬਰੀ ਹੋਈ ਵਾਪਸ ਪਰਤ ਕੇ ਥਿੜਕਦੀ ਹੋਈ ਆਵਾਜ਼ ਵਿੱਚ ਕਹਿਣ ਲਗੀ, "ਮੈਂ...ਮੈਂ...ਮੈਂ...ਕਿਹਾ ਬ...ਬਾਹਰ ਕੋਈ ...ਖ...ਖੜੋਤੈ...।"

"ਹੈਂ" ਕਹਿ ਕੇ ਇਕ ਦਮ ਡਾਂਗ ਹਥ ਵਿੱਚ ਲੈ ਕੇ ਚਾਚਾ ਬੁੱਧ ਸਿੰਘ ਵਿਹੜੇ ਵਿੱਚ ਆ ਕੇ ਜ਼ੋਰ ਦੀ ਚੀਕਿਆ, "ਕੌਣ ਐ?"

"ਆਪ ਈ ਆਂ ਬੁੱਧ ਸਿੰਘਾ! ਅਸਾਂ ਦੋਹਾਂ ਆਖਿਆ, ਵੇਖ ਆਈਐ, ਬੂਹਾ ਲਬੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਕਿਧਰੇ ਕੋਈ ਚੋਰ ਨਾ ਲੂਣੇ ਆਂ ਆ ਪਿਆ ਹੋਐ''. ਲੂਣ ਦੇ ਢੇਲੇ ਪਾਸ ਖੜੋਤੇ ਚਾਚਾ ਬੇਲਾ ਸਿੰਘ ਤੇ ਕਾਹਨ ਸਿੰਘ ਦੋਵੇਂ ਇਕ ਵਾਰਗੀ ਬੋਲ ਉਠੇ।

ਚਾਚਾ ਬੁੱਧ ਸਿੰਘ ਦੀ ਉਲਰੀ ਹੋਈ ਡਾਂਗ ਹੇਠਾਂ ਆ ਗਈ। ਉਸ ਨੂੰ ਵੀ ਤਸਲੀ ਹੋ ਗਈ. ਕਿ ਬਾਹਰੋਂ ਕੋਈ ਚੋਰ ਨਹੀਂ ਆ ਪਏ. ਭਾਈਆ ਹੋਰੀਂ ਸਗੋਂ ਮੇਰੇ ਵਾਂਗ ਹੀ ਇਸ ਦੀ ਹਿਫਾਜ਼ਤ ਲਈ ਨਿਕਲੇ ਹਨ।

ਤਿੰਨੇ ਭਰਾ ਲੂਣ ਦੇ ਪਹਾੜ ਪਾਸ ਹੀ ਬੈਠ ਗਏ, ਤੇ ਕੁਝ ਚਿਰ ਮਗਰੋਂ ਤਿੰਨਾਂ ਦੀਆਂ ਪਤਨੀਆਂ ਵੀ ਆਪਣੇ ਮਾਨਯੋਗ ਸ੍ਰੀਮਾਨਾਂ ਦੇ ਪਿਛੇ ਬਰਾਜ ਗਈਆਂ। ਘਰ ਦੀਆਂ, ਦੇਸ ਪ੍ਰਦੇਸ ਦੀਆਂ; ਬਰਾਦਰੀ. ਕੌਮ ਤੇ ਮੁਲਕ ਦੀਆਂ ਗੱਲਾਂ ਚਲਦੀਆਂ ਰਹੀਆਂ, ਪਰ ਜੋ ਵੀ ਗੱਲ ਚਲਦੀ, ਅਖੀਰ ਲੂਣ ਦੇ ਪਹਾੜ ਤੇ ਹੀ ਆ ਕੇ ਖਤਮ ਹੁੰਦੀ। ਵਿੱਚ ਵਿੱਚ ਜਦੋਂ ਕੋਈ ਪਤਨੀ ਬੋਲ ਉਠਦੀ, ਤਾਂ ਉਸ ਨੂੰ ਘੂਰ ਕੇ, ਜਾਂ ਝਾੜ ਝੰਬ ਕੇ ਚੁਪ ਕਰਾ ਦਿਤਾ ਜਾਂਦਾ। ਅਜ ਦੇ ਦਿਨ ਤਾਂ ਉਹ ਕਿਸੇ ਹਾਲਤ ਵਿੱਚ ਵੀ ਕਿਸੇ ਔਰਤ ਜਾਤ ਦੀ ਟੋਕਾ ਟਾਕੀ ਜਾਂ ਟੀਕਾ ਟਿੱਪਣੀ ਸੁਣਨ ਨੂੰ ਤਿਆਰ ਨਹੀਂ ਸਨ। ਅਜ ਉਨ੍ਹਾਂ ਉਹ ਮੁਹਿੰਮ ਸਰ ਕੀਤੀ ਸੀ, ਜਿਹੜੀ ਫਰਿਹਾਦ ਪਹਾੜ 'ਚੋਂ ਨਹਿਰ ਕਢ ਕੇ ਵੀ ਨਹੀਂ ਸੀ ਕਰ ਸਕਿਆ।

ਰਾਤ ਦੋ ਕੁ ਵਜੇ ਦਾ ਵੇਲਾ ਸੀ। ਥੋੜਾ ਥੋੜਾ ਚੰਨ ਦਾ ਚਾਨਣ ਵਧਣ ਲਗਾ। ਚਿੱਟੀ ਦੁਧ ਚਾਨਣੀ ਵਿੱਚ ਲੂਣ ਦੇ ਪਹਾੜ ਦੀ ਚਮਕ ਹੋਰ ਵੀ ਤੇਜ਼ੀ ਨਾਲ ਡਲ੍ਹਕਾਂ ਮਾਰਨ ਲਗ ਪਈ।

ਪਤਨੀਆਂ ਨੂੰ ਪੈਰ-ਪੈਰ ਤੇ ਝਾੜ ਝੰਬ ਹੋ ਰਹੀ ਸੀ. ਪਰ ਅਜ ਦੇ ਸੁਭਾਗ ਦਿਨ ਉਨ੍ਹਾਂ ਤੋਂ ਚੁੱਪ-ਚਪੀਤੇ ਬੈਠਣਾ ਬੜਾ ਮੁਸ਼ਕਲ ਸੀ। ਉਨ੍ਹਾਂ 'ਚੋਂ ਇਕ ਬੋਲੀ, ''ਜ਼ਰਾ ਚੰਗੀ ਤਰ੍ਹਾਂ ਵੇਖ ਲੈਣਾ, ਕਿਧਰੇ ਇਹ ਸੜਨੈ ਜੋਗਾ ਪਥਰ ਹੀ ਨਾ ਹੋਐ।''

ਉਸ ਦੀ ਇਸ ਨਵੀਂ ਥੀਊਰੀ ਨੂੰ ਸੁਣ ਕੇ ਇਕ ਦਮ ਸਾਰਿਆਂ ਦੇ ਗੁੱਸੇ ਦਾ ਪਾਰਾ ਇਕ ਸੌ ਦਸ ਦਰਜੇ ਤੀਕ ਪੁਜ ਗਿਆ ਤੇ ਚਾਚਾ ਬੇਲਾ ਸਿੰਘ ਬੋਲੇ, ''ਕਮਜ਼ਾਤੇ! ਤੈਨੂੰ ਵੀਹ ਵਾਰੀ ਸਮਝਾਇਐ, ਕਿ ਤੂੰ ਮਰਦਾਂ ਨੀਆਂ ਗੱਲਾਂ 'ਚ ਨ ਆਇਆ ਕਰ। ਫਿਰ ਪਤਾ ਨਹੀਂ ਕਿਉਂ ਤੈਂਢੀ ਜਬਾਨ ਲੁਤਰ ਲੁਤਰ ਕਰੀ ਜਾਨੀ ਐ।''

ਪਰ ਪਥਰ ਵਾਲੀ ਗੱਲ ਪਤਾ ਨਹੀਂ ਕਿਉਂ ਵਿੱਚੋਂ ਸਾਰਿਆਂ ਦਾ ਤ੍ਰਾਹ ਕਢ ਗਈ। ਚਾਚਾ ਬੁੱਧ ਸਿੰਘ ਨੂੰ ਕੁਝ ਸ਼ਕ ਪੈ ਗਿਆ। ਚੰਨ ਦੀ ਚਾਨਣੀ ਹੁਣ ਨਿਖਰ ਆਈ ਸੀ। ਉਹ ਉਠ ਕੇ ਲੂਣ ਦੇ ਢੇਲੇ ਕੋਲ ਜਾ ਕੇ ਨੀਝ ਲਾ ਲਾ ਵੇਖਣ ਲਗਾ। ਫਿਰ ਉਸ ਨੇ ਢੇਲੇ ਤੇ ਅੰਗੂਠਾ ਚੰਗੀ ਤਰ੍ਹਾਂ ਘਸਾ ਘਸਾ ਕੇ ਚਟਿਆ। ਹੁਣ ਰਾਤ ਨਾਲੋਂ ਸਵਾਦ ਵਿੱਚ ਕੁਝ ਫਰਕ ਸੀ।

''ਭਾਈਆ! ਜਰਾ ਵੇਖੇਂ ਨਾ, ਮੈਨੂੰ ਕੁਝ ਸ਼ਕ ਪੈਨੈਂ, ਸਹੁਰਾ ਕਿਧਰੇ...'' ਇਸ ਤੋਂ ਅਗੇ ਗੱਲ ਉਸ ਦੇ ਗੱਲ ਵਿੱਚ ਹੀ ਅਟਕ ਗਈ।

''ਅ ਅ...ਛਾ'' ਲਮਕਾ ਕੇ ਚਾਚਾ ਬੇਲਾ ਸਿੰਘ ਨੇ ਕਿਹਾ, ਤੇ ਉਠ ਕੇ ਉਸ ਢੇਲੇ ਪਾਸ ਆ ਗਿਆ।

ਆਪਣਾ ਸਾਰਾ ਜੋਰ ਲਾ ਕੇ ਲੂਣ ਦੇ ਪਹਾੜ ਨੂੰ ਉਸ ਉਲਟਾਇਆ, ਫਿਰ ਉਂਗਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਰਗੜ ਕੇ ਚਟਿਆ। ਉਸ ਨੂੰ ਵੀ ਕੁਝ ਸ਼ਕ ਪੈ ਗਿਆ ਸੀ। ਸਾਰਿਆਂ ਦੇ ਹਿਰਦੇ ਕੰਬ ਰਹੇ ਸਨ। ਉਹ ਦਿਲ ਹੀ ਦਿਲ ਵਿੱਚ ਅਰਦਾਸ ਕਰ ਰਹੇ ਸਨ, ''ਹੇ ਭਗਵਾਨ! ਆਪਣਾ ਸਾਰਾ ਤ੍ਰਾਣ ਲਾ ਕੇ ਇਸ ਢੇਲੇ ਨੂੰ ਲੂਣ ਬਣਾ ਦੇਹ। ਜਿਵੇਂ ਤੂੰ ਪ੍ਰਹਿਲਾਦ ਭਗਤ ਦੀ ਅਗਨੀ ਵਿੱਚ ਰਖਿਆ ਕੀਤੀ ਸੀ ਆ, ਇਵੇਂ ਹੀ ਅਜ ਸਾਡੀ ਰਖ ਵਿਖਾਈਂ।''

ਉਧਰ ਚਾਚਾ ਬੇਲਾ ਸਿੰਘ ਨੇ ਪਹਾੜ ਨੂੰ ਹੋਰ ਉਲਟਾਇਆ ਤੇ ਧਰਤੀ ਤੇ ਗੋਡੇ ਟੇਕ ਕੇ ਢੇਲੇ ਨੂੰ ਜੀਭ ਨਾਲ ਚੰਗੀ ਤਰ੍ਹਾਂ ਚਟਿਆ, ਹੁਣ ਸਵਾਦ ਰਾਤ ਨਾਲੋਂ ਵਖਰਾ ਸੀ। ਪਰ ਉਹ ਬੋਲਿਆ ਕੁਝ ਨਾ, ਚੁਪ ਖੜੋਤਾ ਰਿਹਾ। ਕਈ ਪਲਾਂ ਦੀ ਖਾਮੋਸ਼ੀ ਪਿਛੋਂ ਤੀਜੇ ਭਾਈਵਾਲ ਨੂੰ ਉਸ ਬੁਲਾਇਆ, ''ਕਾਹਨ ਸਿੰਹਾ! ਤੂੰ ਜਰਾ ਵੇਖੀਂ, ਮੈਨੂੰ ਤਾਂ ਇਹ ਮਾਯਾ . . . ਕੁਝ ਸ਼ਕੀ ਦਿਸਨੈਂ।''

ਚਾਚਾ ਕਾਹਨ ਸਿੰਘ ''ਵਾਹਿਗੁਰੂ'' ਆਖ ਕੇ ਉਠਿਆ। ਉਸ ਨੇ ਢੇਲੇ ਨੂੰ ਦੋਹਾਂ ਪਾਸਿਉਂ ਉਂਗਲ ਨਾਲ ਰਗੜ ਰਗੜ ਕੇ ਚਟਿਆ। ਫਿਰ ਆਪਣੇ ਵਡੇ ਭਾਈਆ ਜੀ ਵਾਂਗ ਗੋਡੇ ਟੇਕ ਕੇ ਜੀਭ ਨਾਲ ਚਖਿਆ, ਪਰ ਉਹ ਨਿਰੋਲ ਲੂਣ ਦੀ ਖਾਣ ਨਹੀਂ ਸੀ। ਅਖੀਰ ਉਸ ਝਿਜਕਦਿਆਂ ਆਪਣੀ ਰਾਏ ਦਿਤੀ, ''ਭਾਈਆ! ਇਹ ਮਾਦਰ...(ਢੇਲੇ ਜਿੰਨੀ ਵਡੀ ਗਾਲ ਕਢ ਕੇ)...ਤੈ ਲੂਣ ਨਹੀਂ ਦਿਸਨਾਂ।''

ਚਾਚਾ ਬੁੱਧ ਸਿੰਘ ਦੀ ਗਰਦਨ ਵਿੱਚ ਹਾਲੀ ਵੀ ਇਸ ਪਹਾੜ ਦੇ ਬੋਝ ਨਾਲ ਦਰਦ ਚਾਂਘਰਾਂ ਮਾਰ ਰਿਹਾ ਸੀ। ਉਸ ਆਪਣੀ ਗਰਦਨ ਨੂੰ ਹਥ ਨਾਲ ਥਪਥਪਾਂਦਿਆਂ ਕਿਹਾ, ''ਇਸ ਭੈਣ...ਮਾਂ...(ਦੋ-ਤਿੰਨ ਵਡੀਆਂ ਗਾਲ੍ਹਾਂ ਕਢ ਕੇ) ਮੇਰੀ ਤਾਂ ਰਾਤੀਂ ਗਰਦਨ ਹੀ ਤੋੜ ਦਿਤੀ ਸੂ, ਮਾਰੋ ਸੂ ਸੌ ਛਿਤਰ ਤੇ ਕਢੋ ਸੂ ਘਰੋਂ ਬਾਹਿਰ ਸੂਰੇ ਆਂ।'' ਇਹ ਆਖ ਕੇ ਉਸ ਨੇ ਦੂਰੋ ਖਿਚ ਕੇ ਉਸ ਪਹਾੜ ਨੂੰ ਲਤ ਮਾਰੀ, ਤੇ ਕਹਿਣ ਲਗਾ, ''ਚਲੋ ਭਾਈਆ ਸਵੀਂਏ ਚਲ ਕੇ, ਇਸ ਮਾਂ...ਨੇ ਰਾਤੀਂ ਨੀਂਦਰ ਵੀ ਨਹੀਂ ਪੈਣ ਦਿਤੀ।''

ਚਾਚਾ ਬੁੱਧ ਸਿੰਘ ਨੇ ਇਹ ਆਖ ਆਪਣੀ ਪਤਨੀ ਨੂੰ ਇਸ਼ਾਰਾ ਕੀਤਾ, ਤੇ ਆਪਣੇ ਕਮਰੇ ਵਲ ਤੁਰ ਪਿਆ।

ਚਾਚਾ ਬੁੱਧ ਸਿੰਘ ਦੇ ਚਲੇ ਜਾਣ ਪਿਛੋਂ ਆਪਣਾ ਸੰਸਾ ਦੂਰ ਕਰਨ ਲਈ ਚਾਚਾ ਬੇਲਾ ਸਿੰਘ ਤੇ ਕਾਹਨ ਸਿੰਘ ਨੇ ਉਸ ਪਹਾੜ ਨੂੰ ਕਈ ਵਾਰ ਵਖ ਵਖ ਥਾਵਾਂ ਤੋਂ ਚੁੰਮਿਆ ਚਟਿਆ, ਪਰ ਉਹ ਮਾ...ਯਾ...ਪਥਰ ਦਾ ਪਥਰ ਹੀ ਰਿਹਾ।

ਦੂਜੇ ਦਿਨ ਸਵੇਰੇ ਜਦੋਂ ਤਿੰਨੇ ਭਰਾ ਗੁਰਦਵਾਰਿਉਂ ਚੁਪ ਚਾਪ ਘਰ ਵਾਪਸ ਪਰਤ ਰਹੇ ਸਨ, ਤਾਂ ਮੰਡੀ ਵਿੱਚ ਉਨ੍ਹਾਂ ਨੇ ਤਕੜੀ ਭੀੜ ਖੜੋਤੀ ਵੇਖੀ। ਉਹ ਤਿੰਨੇ ਖੜੇ ਗਏ। ਪੁਛਣ ਤੇ ਪਤਾ ਲਗਾ, ਕਿ ਲੂਣ ਤੋਲਣ ਵਾਲਾ ਢਾਈ ਮਣ ਦਾ ਪਥਰ ਕੋਈ ਚੁਕ ਕੇ ਲੈ ਗਿਆ ਹੈ। ਤੇ ਹੁਣ ਸਾਰੇ ਪ੍ਰੇਸ਼ਾਨ ਸਨ ਕਿ ਲੂਣ ਤੋਲਿਆ ਕਿਸ ਨਾਲ ਜਾਵੇ?*

*ਸਾਡੇ ਪਰਿਵਾਰ ਤੇ ਤਿੰਨ ਸੁਹਿਰਦ ਵਡਕਿਆਂ ਦੀ ਇਹ ਆਪ ਬੀਤੀ ਅਜ ਤੋਂ ਸਠ ਸਾਲ ਪੁਰਾਣੀ ਹੈ। ਆਪਣੇ ਪਿਤਾ ਰਾਮ ਸਿੰਘ ਤੇ ਬੇ ਜੀ, ਨੂੰ ਮੈਂ ਬੇ-ਸਰੋਸਾਮਾਨੀ ਦੀ ਹਾਲਤ ਵਿੱਚ ਰਾਵਲਪਿੰਡੀ ਤੋਂ ਜੂਨ 1947 ਨੂੰ ਪ੍ਰੀਤਨਗਰ ਲੈ ਆਇਆ। ਲਾਲਾ ਜੀ ਤੇ ਬੇ ਜੀ ਪ੍ਰੀਤ ਕਾਫਲੇ ਨਾਲ 18 ਜਨਵਰੀ ਸੰਨ 1948 ਨੂੰ ਮਹਿਰੌਲੀ ਪਹੁੰਚ ਗਏ। ਸੰਨ 1950 ਵਿੱਚ ਲਾਲਾ ਜੀ ਬੀਮਾਰ ਹੋ ਗਏ। ਉਸ ਸਮੇਂ ਲਾਲਾ ਜੀ ਤੇ ਬੇ ਜੀ ਲੋਧੀ ਰੋਡ ਰਹਿੰਦੇ ਸਨ। ਸੰਨ 1950 ਦੀਆਂ ਗਰਮੀਆਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


## ਨੌਕਰੀ ਦੀ ਤਲਾਸ਼ ਵਿੱਚ

1935 ਦਾ ਜ਼ਿਕਰ ਹੈ। ਉਦੋਂ ਸਾਡੀ ਜੀ. ਐਸ. ਪਿਆਰਾ ਸਿੰਘ ਦਾਤਾ ਨਾਂ ਦੀ ਪੁਸਤਕਾਂ ਤੇ ਸਟੇਸ਼ਨਰੀ ਦੀ ਡੀ.ਏ.ਵੀ. ਕਾਲਜ ਰੋਡ ਰਾਵਲਪਿੰਡੀ ਵਿਖੇ ਦੁਕਾਨ ਸੀ। ਕਾਗਜ਼ ਕਾਪੀਆਂ ਦੇ ਨਾਲ ਹੀ ਅਸੀਂ ਲੀਡਰਾਂ ਦੀਆਂ ਤਸਵੀਰਾਂ ਫਰੇਮ ਕਰ ਕੇ ਵੇਚਿਆ ਕਰਦੇ ਸਾਂ। ਸਖਤ ਬੇ-ਰੁਜ਼ਗਾਰੀ ਦਾ ਜ਼ਮਾਨਾ ਸੀ। ਪੜ੍ਹਿਆਂ ਲਿਖਿਆਂ ਨੂੰ ਨੌਕਰੀਆਂ ਨਹੀਂ ਸਨ ਮਿਲਦੀਆਂ। ਸਰਕਾਰੀ ਦਫਤਰਾਂ ਵਿੱਚ ਟਕਰਾਂ ਮਾਰ ਮਾਰ ਜੇ ਕਿਸੇ ਨੌਜਵਾਨ ਨੂੰ 25-30 ਰੁਪਏ ਮਾਸਕ ਦੀ ਨੌਕਰੀ ਮਿਲ ਜਾਂਦੀ ਸੀ, ਤਾਂ ਉਹ ਬੜਾ ਭਾਗਸ਼ਾਲੀ ਗਿਣਿਆ ਜਾਂਦਾ ਸੀ। ਸਾਡੀ ਇਹ ਦੁਕਾਨ, ਘਰ ਦਾ ਮਾੜਾ ਮੋਟਾ ਖਰਚ ਤੋਰ ਦੇਂਦੀ ਸੀ। ਉਨ੍ਹੀਂ ਦਿਨੀਂ ਮੇਰੇ ਪਾਸ ਜਸਵੰਤ ਸਿੰਘ ਨਾਂ ਦਾ ਇਕ ਨੌਜਵਾਨ ਕੰਮ ਕਰਦਾ ਸੀ। ਲੰਗਰ ਪਾਣੀ ਫਰੀ ਤੇ 15 ਰੁਪਏ ਮਾਸਕ ਉਹਨੂੰ ਵੇਤਨ ਮਿਲਦਾ ਸੀ। ਉਹ ਸਿਧਾ ਸਾਦਾ, ਸੱਚਾ ਸੁੱਚਾ, ਧਰਮੀ, ਬੜਾ ਈਮਾਨਦਾਰ ਤੇ ਗਰਮ ਸੁਭਾਅ ਦਾ ਨੌਜਵਾਨ ਸੀ। ਉਸ ਨੂੰ ਸਭ 'ਭਾਈ ਜੀ' ਕਰ ਕੇ ਬੁਲਾਂਦੇ ਸਨ। ਮਹੀਨੇ ਮਗਰੋਂ ਜੋ ਕੁਝ ਖਾ ਪੀ ਕੇ ਉਸ ਪਾਸ ਬਚਦਾ ਸੀ, ਉਹ ਗਰੀਬਾਂ ਤੇ ਲੋੜਵੰਦਾਂ ਵਿੱਚ ਵੰਡ ਦੇਂਦਾ ਸੀ। ਆਮ ਕਰ ਕੇ ਦੁਕਾਨ ਉਹੀ ਸੰਭਾਲਦਾ ਸੀ।

ਜਦੋਂ ਮੈਂ ਦੁਕਾਨ ਵਿੱਚ ਹੋਵਾਂ, ਤਾਂ ਬਹੁਤ ਸਾਰੀਆਂ ਨਵੀਆਂ ਤਸਵੀਰਾਂ ਫਰੇਮ ਕਰ ਕੇ ਇਕ ਟੋਕਰੇ ਵਿੱਚ ਰਖ ਕੇ ਉਸ ਦੇ ਸਿਰ ਤੇ ਟੋਕਰਾ ਟਿਕਾ ਦਿਤਾ ਜਾਂਦਾ ਸੀ। ਇਕ ਦੋ ਤਸਵੀਰਾਂ ਉਹ ਹਥ ਵਿੱਚ ਵੀ ਫੜ ਲੈਂਦਾ ਸੀ। ਕਈ ਵਾਰ ਉਸ ਦੇ ਪਿਛੇ ਅਗੇ ਗਤੇ ਤੇ ਲਿਖੇ ਵਡੇ ਵਡੇ ਬੋਰਡ ਵੀ ਟੰਗ ਦਈਦਾ ਸੀ, ਜਿਨ੍ਹਾਂ ਤੇ ਮੋਟੇ ਅਖਰਾਂ ਨਾਲ ਦੁਕਾਨ ਦਾ ਇਸ਼ਤਿਹਾਰ ਚਿਤ੍ਰਿਆ ਹੁੰਦਾ ਸੀ।

ਜਦੋਂ ਮੈਂ ਉਸ ਨੂੰ ਇਸ ਤਰ੍ਹਾਂ ਦਾ ਕਾਰਟੂਨ ਬਣਾ ਕੇ ਤੋਰਦਾ ਸਾਂ, ਤਾਂ ਉਹ ਮਥੇ ਤੇ ਸਖਤ ਘੂਰੀ ਵੱਟ ਕੇ ਮੇਰੇ ਵਲ ਵੇਖਿਆ ਕਰਦਾ ਸੀ ਜਿਵੇਂ ਪਿੰਜਰੇ ਵਿੱਚ ਡਕਿਆ ਸ਼ੇਰ ਸ਼ਿਕਾਰੀ ਵਲ ਵੇਖ ਘੂਰਦਿਆਂ ਹੋਇਆਂ ਕਹਿ ਰਿਹਾ ਹੋਵੇ, "ਬੱਚੂ ਯਾਦ ਰਖ, ਜਦੋਂ ਕਦੀ ਮੇਰੀ ਵਾਰੀ ਆਈ ਤਾਂ ਮੈਂ ਵੀ ਤੇਰੇ ਨਾਲ ਵੀ ਇਵੇਂ ਹੀ ਸਿੰਝਾਂਗਾਂ।

ਮੇਰੇ ਨਾਲ ਉਸ ਦਾ ਐਸਾ ਪ੍ਰੇਮ ਪੈ ਗਿਆ ਸੀ ਕਿ ਉਹ ਕਿਸੇ ਕੀਮਤ ਤੇ ਵੀ ਮੈਨੂੰ ਛਡ ਕੇ ਜਾਣ ਨੂੰ ਤਿਆਰ ਨਹੀਂ ਸੀ। ਵੈਸੇ ਦਿਲੋਂ ਉਹ ਇਸ ਤਰ੍ਹਾਂ ਟੋਕਰੇ ਵਿੱਚ ਸਬਜ਼ੀ

---

ਦਿਨ, ਜਦ ਮੈਂ ਬਲਵੰਤ ਗਾਰਗੀ ਦੇ ਇਕ ਨਾਟਕ ਦੀ ਰੀਹਰਸਲ ਕਰਨ ਉਨ੍ਹਾਂ ਦੀ ਕੋਠੀ ਵਿੱਚ ਕਨਾਟ ਪਲੇਸ ਗਿਆ ਹੋਇਆ ਸਾਂ, ਤਾਂ ਲਾਲਾ ਜੀ ਦੀ ਸੀਰੀਅਸ ਹਾਲਤ ਦੀ ਖਬਰ ਮਿਲੀ। ਜਦੋਂ ਮੈਂ ਲੋਧੀ ਰੋਡ ਪਹੁੰਚਿਆਂ, ਤਾਂ ਜਿਵੇਂ ਉਹ ਮੇਰੀ ਉਡੀਕ ਵਿੱਚ ਸਨ। ਮੈਨੂੰ ਵੇਖਦਿਆਂ ਸਾਰ ਉਨ੍ਹਾਂ ਪ੍ਰਾਣ ਤਿਆਗ ਦਿਤੇ। ਉਸ ਵੇਲੇ ਉਨ੍ਹਾਂ ਦੀ ਉਮਰ ਪਚਾਸੀ ਸਾਲ ਸੀ। ਬੇ ਜੀ (ਮਾਤਾ ਆਤਮ ਕੌਰ) 21 ਅਗਸਤ 1960 ਨੂੰ ਪੰਜਾਬੀ ਸੂਬੇ ਮੋਰਚੇ ਵਿੱਚ ਇਸਤ੍ਰੀ ਜਥੇ ਨਾਲ ਦਿੱਲੀ ਵਿਖੇ ਗ੍ਰਿਫਤਾਰ ਹੋਏ, 19 ਅਕਤੂਬਰ ਸੰਨ 1960 ਨੂੰ ਰਿਹਾ ਹੋਏ ਤੇ 24 ਨਵੰਬਰ ਸੰਨ 1960 ਨੂੰ ਮਾਲਵੀਆ ਨਗਰ ਦਿੱਲੀ ਵਿਖੇ ਪਰਲੋਕ ਸਿਧਾਰ ਗਏ। ਪਾਕਿਸਤਾਨ ਬਣਨ ਮਗਰੋਂ ਕਈ ਸ਼ਹਿਰਾਂ ਵਿੱਚ ਕਾਫੀ ਸਾਲ ਵਿੱਚਰਦਿਆਂ ਹੋਇਆਂ ਚਾਚਾ ਬੇਲਾ ਸਿੰਘ, ਬੁੱਧ ਸਿੰਘ ਦਿੱਲੀ ਪਹੁੰਚ ਗਏ, ਅਤੇ ਉਨ੍ਹਾਂ ਦੀ ਮ੍ਰਿਤੂ ਵੀ ਦਿੱਲੀ ਵਿਖੇ ਹੀ ਹੋਈ। ਸੋ ਲੂਣ ਦੇ ਪਹਾੜ ਦੀ ਪ੍ਰਾਪਤੀ ਵਾਲੇ ਸਾਰੇ ਸਜਣ ਪਾਕਿਸਤਾਨ ਵਿੱਚ ਪੈਦਾ ਹੋਏ। ਉਸ ਧਰਤੀ ਵਿੱਚ ਖੇਡ ਕੇ ਵਡੇ ਹੋਏ ਤੇ ਅੰਤ ਦਿੱਲੀ ਦੀ ਮਿਟੀ ਵਿੱਚ ਉਨ੍ਹਾਂ ਨੇ ਆਖਰੀ ਪਨਾਹ ਲਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨਿਆਈਂ ਤਸਵੀਰਾਂ ਭਰ ਕੇ ਗਲੀ ਗਲੀ ਹੋਕਾ ਦੇਣ ਦੇ ਵਿਰੁਧ ਸੀ। ਸਵੇਰੇ ਸਵੇਰੇ ਦੁਕਾਨ ਤੇ ਪੁਜ ਕੇ ਮੈਂ ਸਭ ਤੋਂ ਪਹਿਲਾ ਕੰਮ ਇਹੀ ਕਰਦਾ ਸਾਂ ਇਸ ਨੂੰ ਕੁਝ ਕਦਮ ਆਪ ਛਡਣ ਜਾਂਦਾ ਸਾਂ ਤੇ ਰਾਹ ਵਿੱਚ ਹੋਕਾ ਦੇਣ ਲਈ ਨਵੇਂ ਨਵੇਂ ਸਲੋਗਨ ਉਸ ਨੂੰ ਸਿਖਾਂਦਾ ਰਹਿੰਦਾ ਸਾਂ।

ਭਾਈ ਜੀ ਗੱਲ ਗੱਲ ਵਿੱਚ ''ਸਰਾਂਦੀ ਸਉਂ ਪੁਆਂਦੀ ਸਉਂ ਲੱਕ ਵਿਚਕਾਰ ਹੈ'' ਦੇ ਪੰਜਾਬੀ ਮੁਹਾਵਰੇ ਦੀ ਵਰਤੋਂ ਆਮ ਕੀਤਾ ਕਰਦੇ ਸਨ। ਉਦੋਂ ਦਸ ਬਾਰਾਂ ਇੰਚ ਸਾਈਜ਼ ਦੀ ਫਰੇਮ ਸਮੇਤ ਤਸਵੀਰ ਦਾ ਮੁਲ ਮਸਾਂ ਪੰਜ ਆਨੇ ਹੁੰਦਾ ਸੀ। ਜੇ ਕੋਈ ਗਾਹਕ ਚਾਰ ਆਨੇ ਕਹੇ ਤਾਂ ਭਾਈ ਜੀ ਕਹਿਣ, ''ਸਰਾਂਦੀ ਸਉਂ ਪੁਆਂਦੀ ਸਉਂ ਲੱਕ ਵਿਚਕਾਰ ਹੈ।'' ਜੇ ਤੁਸੀਂ ਚਾਰ ਆਨੇ ਦਸੋ, ਤਾਂ ਮੈਂ ਛੇ ਆਨੇ ਦਸਾਂਗਾ। ਅਸਲ ਮੁਲ ਪੰਜ ਆਨੇ ਹੀ ਹੋਵੇਗਾ, ਕੌਡੀ ਘਟ ਨਹੀਂ ਕੌਡੀ ਵਧ ਨਹੀਂ, ਸਰਾਂਦੀ ਸਉਂ ਪੁਆਂਦੀ...।''

ਆਪ ਅਸੀਂ ਰਾਜਸੀ ਅਖਾੜੇ ਵਿੱਚ ਡੰਡ ਪੇਲਦੇ ਰਹਿੰਦੇ ਸਾਂ। ਰਾਜਸੀ ਜਲਸਿਆਂ, ਜਲੂਸਾਂ ਵਿੱਚ ਹਿਸਾ ਲੈਣਾ, ਲਾਲ ਝੰਡੇ ਲੈ ਕੇ ਟੋਲੀਆਂ ਬੰਨ੍ਹ ਬੰਨ੍ਹ ਗਲੀਆਂ ਬਾਜ਼ਾਰਾਂ ਵਿੱਚ ਘੁਮਣਾ, ਅੰਗ੍ਰੇਜ਼ੀ ਸਰਕਾਰ ਤੇ ਅੰਗ੍ਰੇਜ਼ੀ ਸਾਮਰਾਜ ਮੁਰਦਾਬਾਦ ਦੇ ਨਾਹਰੇ ਲਾਣੇ, ਤੇ ਬੜੇ ਜੋਸ਼ ਨਾਲ ਮੁਕੇ ਵੱਟ ਵੱਟ ਕੇ ਬਾਹਵਾਂ ਉਲਾਰ-ਉਲਾਰ ਪੰਡਤ ਰਾਮਪ੍ਰਸ਼ਾਦ ਬਿਸਮਲ ਰਚਿਤ ਦੇਸ਼ ਭਗਤੀ ਦਾ ਪ੍ਰਸਿੱਧ ਗਾਣਾ ਗਾਂਦੇ, ਜਿਸ ਨੂੰ ਸ੍ਰ: ਭਗਤ ਸਿੰਘ ਫਾਂਸੀ ਦੇ ਅੰਤਮ ਛਿੰਨਾਂ ਨੂੰ ਉਡੀਕਦੇ ਜੇਲ੍ਹ ਦੀ ਕਾਲ ਕੋਠੜੀ ਵਿੱਚ ਬੜੇ ਚਾਅ ਨਾਲ ਗੁਣਗੁਣਾਇਆ ਕਰਦੇ ਸਨ :

''ਸਰ ਫਰੋਸ਼ੀ ਕੀ ਤਮੱਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ, ਜ਼ੋਰ ਕਿਤਨਾ ਬਾਜ਼ੂਏ ਕਾਤਲ ਮੇਂ ਹੈ।

ਯੂੰ ਖੜਾ ਮਕਤਲ ਮੇਂ ਕਾਤਲ, ਕਹਿ ਰਹਾ ਹੈ ਬਾਰ ਬਾਰ,
ਕਯਾ ਤਮੱਨਾਏ-ਸ਼ਹਾਦਤ ਕੀ, ਕਿਸੀ ਕੇ ਦਿਲ ਮੇਂ ਹੈ?

ਵਕਤ ਆਨੇ ਪਰ, ਬਤਾ ਦੇਂਗੇ, ਤੁਝੇ ਐ ਆਸਮਾਂ,
ਹਮ ਅਭੀ ਸੇ ਕਯਾ ਬਤਾਏਂ, ਕਯਾ ਹਮਾਰੇ ਦਿਲ ਮੇਂ ਹੈ।

ਐ ਸ਼ਹੀਦੇ ਏ ਮੁਲਕੋ-ਮਿੱਲਤ, ਤੇਰੇ ਜਜ਼ਬੇ ਪਰ ਨਸਾਰ,
ਤੇਰੀ ਕੁਰਬਾਨੀ ਕਾ ਚਰਚਾ, ਗ਼ੈਰ ਕੀ ਮਹਿਫਲ ਮੇਂ ਹੈ।

ਖੈਂਚ ਕੇ ਲਾਈ ਹੈ ਸਭ ਕੋ, ਕਤਲ ਹੋਨੇ ਕੀ ਉਮੀਦ,
ਆਸ਼ਕੋਂ ਕਾ ਆਜ ਜੰਮਘਟ ਕੂਚਾ-ਏ-ਕਾਤਲ ਮੇਂ ਹੈ।

ਏਕ ਜਾਨਬ ਹੈ ਮਸੀਹਾ, ਏਕ ਜਾਨਬ ਹੈ ਕੱਜ਼ਾ,
ਕਸ਼ਮਕੱਸ਼ ਮੇਂ ਪੜ ਗਿਆ ਹੂੰ, ਜਾਨ ਕਿਸ ਮੁਸ਼ਕਲ ਮੇਂ ਹੈ।

ਜ਼ਖ਼ਮ ਖਾ ਕਰ ਭੀ ਹਮੇਂ, ਹੈ ਜ਼ਖ਼ਮ ਖ਼ਾਨੇ ਕੀ ਹਵੱਸ,
ਹੌਂਸਲਾ ਕਿਤਨਾ ਤੜਪਨੇ ਕਾ ਤੇਰੇ 'ਬਿਸਮਿਲ' ਮੇਂ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਸ ਦੇ ਨਾਲ ਹੀ ਅਸੀਂ ਡਾ. ਮੁਹੰਮਦ ਇਕਬਾਲ ਦਾ ਇਹ ਤਰਾਨਾ ਗਾਂਦੇ...:

ਉਠੋ ਮੇਰੀ ਦੁਨੀਆ ਕੇ ਗ਼ਰੀਬੋਂ ਕੋ ਜਗਾ ਦੋ।
ਕਾਖ਼ੇ ਉਮਰਾਂ[1] ਕੇ ਦਰੋ-ਦੀਵਾਰ ਹਿਲਾ ਦੋ।
ਗਰਮਾਉ ਗ਼ੁਲਾਮੋ ਕਾ ਲਹੂ ਸੋਜ਼ੇ ਯਕੀਂ[2] ਸੇ
ਕੁੰਜਿਸ਼ ਕੇ ਫਿਰੋਮਾਇਆ[3] ਕੋ ਸ਼ਾਹੀਂ[4] ਸੇ ਲੜਾ ਦੋ।
ਸੁਲਤਾਨੀਏ ਜਮਹੂਰ ਕਾ ਆਤਾ ਹੈ ਜ਼ਮਾਨਾ।
ਜੋ ਨਕਸ਼ੇ ਕੋਹਨ[5] ਤੁਮ ਕੋ ਨਜ਼ਰ ਆਏ ਮਿਟਾ ਦੋ।
ਜਿਸ ਖੇਤ ਸੇ ਦਹਿਕਾਂ[7] ਕੋ ਮਯੱਸਰ ਨਾਂਹ ਹੋ ਰੋਜ਼ੀ,
ਉਸ ਖੇਤ ਕੇ ਹਰ ਖੋਸ਼ਾ ਏ ਗੰਦਮ ਕੋ ਜਲਾ ਦੋ ...।

ਇਸ ਤਰ੍ਹਾਂ ਦੀ ਜਦੋ ਜਹਿਦ ਦਾ ਜੀਵਨ ਗੁਜ਼ਰੀ ਜਾ ਰਿਹਾ ਸੀ, ਕਿ ਕਿਸੇ ਮਨਚਲੇ ਨੇ ਦਸਿਆ, ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਦਿੱਲੀ ਨੂੰ ਇਕ ਮੈਨੇਜਰ ਦੀ ਲੋੜ ਹੈ। ਦੋਸਤਾ ਮਿੱਤਰਾਂ ਸਲਾਹ ਦਿਤੀ ਕਿ ਅਰਜ਼ੀ ਭੇਜਣ ਦੀ ਥਾਂ ਆਪ ਦਿੱਲੀ ਚਲੇ ਜਾਣਾ ਚਾਹੀਦਾ ਹੈ, ਤੇ ਆਪ ਹੀ ਇਸ ਮਹਾਨ ਕਾਰਜ ਦੀ ਸਫਲਤਾ ਲਈ ਯਤਨ ਕਰਨਾ ਚਾਹੀਦਾ ਹੈ। ਅਸੀਂ ਭਾਈ ਜਸਵੰਤ ਸਿੰਘ ਨੂੰ ਦੁਕਾਨ ਤੇ ਛਡਿਆ ਤੇ ਆਪ ਦਿੱਲੀ ਦੀ ਯਾਤਰਾ ਤੇ ਤੁਰ ਪਏ। ਦਿੱਲੀ ਵਿੱਚ ਮੇਰਾ ਇਕ ਮਿੱਤਰ ਦਲੀਪ ਸਿੰਘ ਰਹਿੰਦਾ ਸੀ। ਉਸ ਨੂੰ ਚਿੱਠੀ ਲਿਖੀ ਕਿ ਉਹ ਮੈਨੂੰ ਸਰਦਾਰ ਬਹਾਦਰ ਜਗਰਾਜ ਸਿੰਘ ਦੇ ਘਰ ਮਿਲੇ। ਇਹ ਸਰਦਾਰ ਬਹਾਦਰ ਅੰਗਰੇਜ਼ੀ ਰਾਜ ਦੀ ਇਕ ਤਕੜੀ ਝੋਲੀ ਚੁਕ ਤੋਪ ਸੀ। ਸਰਕਾਰ, ਆਮ ਕਰ ਕੇ ਇਨ੍ਹਾਂ ਨੂੰ ਅਕਾਲੀ ਲਹਿਰ ਸਮੇਂ ਸਿਖਾਂ ਵਿਰੁਧ ਵਰਤਦੀ ਸੀ। ਦਿੱਲੀ ਵਿੱਚ ਇਹ ਇਕ ਬਹੁਤ ਵਡੇ ਅਫਸਰ ਸਨ ਤੇ ਸਾਡੀ ਜਾਣ ਪਛਾਣ ਦੇ ਬੰਦੇ ਸਨ। ਮੈਂ ਉਨ੍ਹਾਂ ਦੇ ਘਰ ਜਾ ਪੁਜਾ। ਮੈਨੂੰ ਵੇਖਦਿਆਂ ਸਾਰ ਉਨ੍ਹਾਂ ਨੂੰ ਜਿਵੇਂ ਸਪ ਸੁੰਘ ਗਿਆ ਹੋਵੇ। ਅੰਗਰੇਜ਼ੀ ਸਰਕਾਰ ਦਾ ਬਾਗੀ, ਇਕ ਸਰਕਾਰਪ੍ਰਸਤ ਝੋਲੀ ਚੁਕ ਦੇ ਘਰ ਜਾ ਡੇਰਾ ਲਾਵੇ; ਇਹ ਗੱਲ ਖਤਰੇ ਤੋਂ ਖਾਲੀ ਨਹੀਂ ਸੀ। ਮੈਨੂੰ ਵੇਖ ਕੇ ਉਨ੍ਹਾਂ ਘੂਰੀ ਵਟੀ ਤੇ ਮੇਰੇ ਆਣ ਦੀ ਖਬਰ ਆਪਣੀ ਵਹੁਟੀ ਨੂੰ ਦੇਣ ਅੰਦਰ ਚਲੇ ਗਏ।

ਉਨ੍ਹਾਂ ਦੀ ਪਤਨੀ ਬੜੀ ਨੇਕ ਤੇ ਮਹਿਮਾਨ-ਨਿਵਾਜ਼ ਇਸਤਰੀ ਸੀ। ਉਸ ਰਾਵਲਪਿੰਡੀ ਵਿੱਚ ਰਹਿੰਦੇ ਆਪਣੇ ਭੈਣ ਭਰਾਵਾਂ ਦੀ ਸੁਖ ਸਾਂਦ ਪੁਛੀ ਤੇ ਬੜੇ ਸਤਿਕਾਰ ਨਾਲ ਮੈਨੂੰ ਅੰਦਰ ਬਿਠਾਇਆ। ਮੈਂ ਉਨ੍ਹਾਂ ਆਪਣੇ ਪਤੀ ਨੂੰ ਮੇਰਾ ਇਹ ਕੰਮ ਕਰਵਾ ਦੇਣ ਲਈ ਜ਼ੋਰ ਦਿਤਾ। ਸਰਦਾਰ ਬਹਾਦਰ ਵੀ ਢਠੇ ਦਿਲ ਨਾਲ ਇਸ ਨਵੀਂ ਮੁਸੀਬਤ ਨੂੰ ਗਲੋਂ ਲਾਹੁਣ ਲਈ ਤਿਆਰ ਹੋ ਗਏ। ਦੂਜੇ ਦਿਨ ਉਨ੍ਹਾਂ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਨੂੰ ਮਿਲਣ ਦਾ ਇਕਰਾਰ ਕੀਤਾ। ਸ਼ਾਮੀਂ ਇਥੇ ਹੀ ਮੈਨੂੰ ਦਲੀਪ ਸਿੰਘ ਆਣ ਮਿਲਿਆ। ਆਉਂਦਿਆਂ ਹੀ ਉਸ ਧਾ ਗਲਵਕੜੀ ਪਾਈ। ਸੁਖ ਸਾਂਦ ਪੁਛਣ ਮਗਰੋਂ ਉਹ ਕਹਿਣ ਲਗਾ, "ਦੋਸਤ! ਯਹਾਂ ਬੈਠੇ ਬੈਠੇ ਸੂਖ ਜਾਉਗੇ। ਚਲੋ ਬਾਜ਼ਾਰ ਕੀ ਸੈਰ ਕਰੇਂ।" ਅਸੀਂ ਦੋਵੇਂ ਤੁਰ ਪਏ। ਰਸਤੇ ਵਿੱਚ ਮੈਂ ਪੰਜਾਬੀ ਵਿੱਚ ਗਲ ਕਰਾਂ, ਉਹ ਉਰਦੂ ਵਿੱਚ

---

1. ਅਮੀਰਾਂ ਦੇ ਮਹੱਲ 2. ਵਿਸ਼ਵਾਸ ਨਾਲ 3. ਚਿੜੀ 4. ਬਾਜ਼ 5. ਪੁਰਾਣਾ ਨਕਸ਼ਾ 6. ਕਿਸਾਨ 7. ਕਣਕ ਦੀ ਬਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਵਾਬ ਦੇਵੇ। ਮੈਂ ਹੈਰਾਨ, ਕਿ ਇਸ ਨੂੰ ਹੋ ਕੀ ਗਿਆ ਹੈ? ਇਹ ਹਮਕੀ ਤੁਮਕੀ ਤੋਂ ਬਿਨਾਂ ਗੱਲ ਹੀ ਨਹੀਂ ਕਰਦਾ। ਬਾਕੀ ਦਾ ਸਮਾਂ ਅਸੀਂ ਪੁਰਾਣੀ ਦਿੱਲੀ ਦੀ ਸੈਰ ਕਰਦੇ ਰਹੇ।

ਦੋ ਘੰਟਿਆਂ ਵਿੱਚ ਸਾਰੀ ਦਿੱਲੀ ਗਾਹ ਮਾਰੀ। ਦਿੱਲੀ ਉਦੋਂ ਐਡੀ ਵਡੀ ਨਹੀਂ ਸੀ, ਤੇ ਬਹੁਤੇ ਲੋਕੀ ਪੈਦਲ ਹੀ ਤੁਰਿਆ ਕਰਦੇ ਸਨ। ਕੋਈ ਕੋਈ ਟਾਂਗਾ ਵਿਖਾਈ ਦੇਂਦਾ ਸੀ ਤੇ ਵਿਰਲੀ ਹੀ ਕੋਈ ਕੋਈ ਕਾਰ ਨਜ਼ਰੀਂ ਪੈਂਦੀ ਸੀ। ਬਾਕੀ ਸਭ ਦੁਨੀਆਂ ਪੈਦਲ ਯਾਤਰਾ ਕਰਨ ਦੀ ਆਦੀ ਸੀ। ਰਾਹ ਵਿੱਚ ਜਿਸ ਨਾਲ ਪੰਜਾਬੀ ਵਿੱਚ ਗੱਲ ਕਰੋ, ਉਹ ਉਰਦੂ ਵਿੱਚ ਹੀ ਜਵਾਬ ਦੇਵੇ। ਟਾਂਗੇ ਵਾਲੇ, ਰੇੜ੍ਹੇ ਵਾਲੇ, ਨਾਨਬਾਈ, ਸਬਜ਼ੀ ਫਰੋਸ਼, ਕੁਲੀ ਕਬਾੜੀ ਸਭ ਉਰਦੂਬਾਜ਼। ਮੈਂ ਹੈਰਾਨ ਪ੍ਰੇਸ਼ਾਨ ਕਿ ਸਾਰੀ ਦਿੱਲੀ ਵਿੱਚ ਕਿਸੇ ਨੂੰ ਪੰਜਾਬੀ ਆਉਂਦੀ ਹੀ ਨਹੀਂ। ਦੋ-ਕੁ ਦਿਨਾਂ ਦੇ ਇਸੇ ਤਰ੍ਹਾਂ ਦੇ ਵਾਤਾਵਰਣ ਪਿਛੋਂ ਮੈਂ ਵੀ ਦਿੱਲੀ ਦੀ ਜ਼ਬਾਨ ਵਰਤਣੀ ਸ਼ੁਰੂ ਕਰ ਦਿਤੀ ਤੇ ਹੌਲੀ ਹੌਲੀ ਮੈਨੂੰ ਐਸਾ ਜਾਪਣ ਲਗਾ, ਜਿਵੇਂ ਇਕ ਜੀਂਦਾ ਜਾਗਦਾ ਪੰਜਾਬੀ, ਇਕ ਦਮ ਦਿੱਲੀ-ਵਾਲ ਬਣ ਗਿਆ ਹੋਵੇ।

ਦਲੀਪ ਸਿੰਘ ਨੇ ਮੈਨੂੰ ਦਸਿਆ ਕਿ ਜਿਸ ਦਿਨ ਉਸ ਨੂੰ ਮੇਰੀ ਚਿੱਠੀ ਮਿਲੀ ਸੀ, ਉਸੇ ਦਿਨ ਉਸ ਦੀ ਨੌਕਰੀ ਛੁਟ ਗਈ ਸੀ। ਪਿਛਲੀ ਤਨਖਾਹ ਉਸ ਨੂੰ ਮਿਲੀ ਨਹੀਂ ਸੀ ਤੇ ਕਿਸੇ ਨਵੀਂ ਨੌਕਰੀ ਲਈ ਉਹ ਕਈ ਠੇਕੇਦਾਰਾਂ ਨੂੰ ਮਿਲ ਚੁਕਾ ਸੀ। ਤੁਰਕਮਾਨ ਗੇਟ ਅੰਦਰ ਉਸ ਨੇ ਪੰਜ ਰੁਪਏ ਮਹੀਨੇ ਤੇ ਇਕ ਕਮਰਾ ਕਿਰਾਏ ਤੇ ਲਿਆ ਹੋਇਆ ਸੀ, ਜਿਸ ਦਾ ਉਹ ਪਿਛਲੇ ਕਈ ਮਹੀਨਿਆਂ ਤੋਂ ਕਿਰਾਇਆ ਨਹੀਂ ਸੀ ਦੇ ਸਕਿਆ।

ਮੇਰੀ ਨੌਕਰੀ ਲਈ ਸਰਦਾਰ ਬਹਾਦਰ ਗੁਰਦਵਾਰਾ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਹੋਰ ਪ੍ਰਬੰਧਕਾਂ ਨੂੰ ਕਈ ਵਾਰ ਮਿਲੇ। ਉਨ੍ਹਾਂ ਯਕੀਨ ਦਿਲਾਇਆ ਕਿ ਅਗਲੀ ਮੀਟਿੰਗ ਵਿੱਚ ਮਤਾ ਪਾਸ ਕਰ ਕੇ ਉਹ ਮੈਨੂੰ ਗੁਰਦਵਾਰੇ ਦਾ ਮੈਨੇਜਰ ਥਾਪ ਦੇਣਗੇ। ਇਸ ਪਿਛੋਂ ਗੁਰਦਵਾਰਾ ਕਮੇਟੀ ਦੇ ਮੈਂਬਰਾਂ ਦੀਆਂ ਕਈ ਮੀਟਿੰਗਾਂ ਹੋਈਆਂ, ਪਰ ਸਾਡੀ ਬਦਕਿਸਮਤੀ ਕਿ ਉਨ੍ਹਾਂ ਮੀਟਿੰਗਾਂ ਵਿੱਚ ਕਦੀ ਵੀ ਕੋਰਮ ਪੂਰਾ ਨਾ ਹੋਇਆ। ਸਰਦਾਰ ਸਾਹਿਬ ਦਿਲੋਂ ਮਨੋਂ ਮੈਨੂੰ ਇਹ ਨੌਕਰੀ ਦਿਲਾਣ ਦੇ ਹਕ ਵਿੱਚ ਸਨ, ਕਿਉਂਕਿ ਇਸ ਤਰ੍ਹਾਂ ਹੀ ਉਨ੍ਹਾਂ ਦੀ ਜਾਨ ਖਲਾਸ ਹੋ ਸਕਦੀ ਸੀ। ਪਰ ਮੇਰੀ ਕਿਸਮਤ ਵੀ ਤਾਂ ਮੇਰੇ ਨਾਲ ਸੀ, ਜਿਸ ਕਰ ਕੇ ਇਹ ਵੇਲ ਨਾ ਸਿਰੇ ਚੜ੍ਹਨੀ ਸੀ ਤੇ ਨਾ ਚੜ੍ਹ ਸਕੀ।

ਦੂਜੇ ਦਿਨ ਹੀ ਮੈਂ ਆਪਣਾ ਡੇਰਾ ਦਲੀਪ ਸਿੰਘ ਦੇ ਮਹੱਲ ਵਿੱਚ ਲਾ ਲਿਆ। ਆਪਣਾ ਬਿਸਤਰਾ ਤੇ ਸਾਮਾਨ ਸਰਦਾਰ ਬਹਾਦਰ ਦੀ ਕੋਠੀ ਵਿੱਚ ਹੀ ਰਹਿਣ ਦਿਤਾ। ਗਰਮੀਆਂ ਦੇ ਦਿਨ ਸਨ। ਸਵੇਰੇ ਸਵੇਰੇ ਉਠਦੇ, ਖਾਣਾ ਤਿਆਰ ਕਰਦੇ, ਨਾਸ਼ਤਾ ਕਰਦੇ ਤੇ ਦਿਨ ਲਈ ਚਾਰ ਛੇ ਸਰ੍ਹੋਂ ਦੇ ਤੇਲ ਦੇ ਬਣੇ ਪ੍ਰਾਉਂਠੇ ਲਫਾਫੇ ਵਿੱਚ ਲਪੇਟ ਕੇ ਦੋਵੇਂ ਸਾਥੀ ਨੌਕਰੀ ਦੀ ਤਲਾਸ਼ ਵਿੱਚ ਨਿਕਲ ਤੁਰਦੇ। ਸਾਰੀ ਦਿੱਲੀ ਛਾਣ ਮਾਰਦੇ। ਲਾਲ ਕਿਲ੍ਹੇ ਦੀ ਪਰਕਾਰਮਾ ਕਰਦੇ। ਗੁਰਦਵਾਰਾ ਸੀਸ ਗੰਜ ਵਿਚੋਂ ਮੱਥਾ ਟੇਕਦੇ। ਦਿਨੇ ਜਿਥੇ ਭੁਖ ਲਗਦੀ ਉਥੇ ਹੀ ਬਾਜ਼ਾਰੋਂ ਇਕ ਇਕ ਪੈਸੇ ਦੇ ਛੋਲੇ ਲੈ ਕੇ ਜੇਬ੍ਹਾਂ 'ਚੋਂ ਪ੍ਰਾਉਂਠੇ ਕਢਦੇ ਤੇ ਬੜੇ ਅਨੰਦ ਨਾਲ ਛਕਦੇ। ਰਾਤ ਨੂੰ ਘਰ ਪੁਜਦੇ। ਬਾਜ਼ਾਰੋਂ ਇਕ ਆਨੇ ਦੀ ਦਾਲ ਖਰੀਦਦੇ ਤੇ ਉਹ ਪਤੀਲੇ ਵਿੱਚ ਪਾ ਚੁਲ੍ਹੇ ਤੇ ਰਖ ਦੇਂਦੇ। ਜਦੋਂ ਦਾਲ ਖੂਬ ਉਬਲ ਜਾਂਦੀ, ਸਰ੍ਹੋਂ ਦੇ ਤੇਲ ਦਾ ਤੜਕਾ ਲਾ ਖੂਬ ਪ੍ਰੇਮ ਨਾਲ ਛਕਦੇ, ਤੇ ਸਵੇਰੇ ਫਿਰ ਇਸੇ ਤੇਲ ਦੇ ਪ੍ਰਾਉਂਠੇ ਤਿਆਰ ਹੁੰਦੇ। ਘਿਉ ਜੋਗੇ ਪੈਸੇ ਨਹੀਂ ਸਨ। ਬੇਕਾਰ ਅਸੀਂ ਦੋਵੇਂ ਹੀ ਸਾਂ। ਇਸ ਲਈ ਬਾਕੀ ਬਚੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੂੜੀ ਨੂੰ ਸੰਭਾਲ ਸੰਭਾਲ ਖਰਚਦੇ ਸਾਂ, ਮਤਾਂ ਕਿਧਰੇ ਫਾਕਾਕਸ਼ੀ ਤੇ ਹੀ ਨੌਬਤ ਨਾ ਆ ਜਾਏ।

ਦਲੀਪ ਸਿੰਘ, ਆਪਣੀ ਪਿਛਲੀ ਤਨਖਾਹ ਲਈ ਨਿਤ ਆਪਣੇ ਮਾਲਕ ਦੀ ਕੋਠੀ ਪਹੁੰਚਦਾ। ਉਹ ਵੀ ਕੋਈ ਵਿਗੜਿਆ ਤੇ ਦੀਵਾਲੀਆ ਰਈਸ ਜਾਪਦਾ ਸੀ। ਕਦੀ ਘਰ ਨਹੀਂ, ਕਲਬ ਗਿਆ ਹੈ। ਕਦੀ ਆਰਾਮ ਫਰਮਾ ਰਿਹਾ ਹੈ। ਕਦੀ ਕਿਸੇ ਮਜਲਸ ਵਿੱਚ ਬੈਠਾ ਹੈ। ਉਸ ਨੂੰ ਮਿਲਣ ਦੀ ਬਿਲਕੁਲ ਫੁਰਸਤ ਹੀ ਨਹੀਂ।

ਇਸ ਦੇ ਨਾਲ ਹੀ ਦਲੀਪ ਸਿੰਘ ਆਪਣੀ ਨਵੀਂ ਨੌਕਰੀ ਲਈ ਵੀ ਯਤਨ ਕਰਦਾ ਰਹਿੰਦਾ ਸੀ। ਉਹ ਨਿਤ ਠੇਕੇਦਾਰਾਂ ਨੂੰ ਮਿਲਦਾ। ਆਪਣੀ ਪਿਛਲੀ ਕਾਰਗੁਜ਼ਾਰੀ ਦਸਦਾ। ਉਸ ਨੇ ਕਈ ਕੋਠੀਆਂ ਵਿੱਚ ਕੰਮ ਕੀਤਾ ਸੀ। ਕਈ ਮਿਸਤਰੀ ਉਸ ਦੇ ਮਾਤਹਿਤ ਕੰਮ ਕਰਦੇ ਸਨ, ਪਰ ਹੁਣ ਨੌਕਰੀ ਨਹੀਂ ਸੀ ਮਿਲ ਰਹੀ। ਸਾਡੇ ਦੋਹਾਂ ਪਾਸ ਹੁਣ ਕੁਝ ਹੀ ਦਿਨਾਂ ਦਾ ਅੰਨ ਪਾਣੀ ਤੋਰਨ ਲਈ ਮਾਇਆ ਰਹਿ ਗਈ ਸੀ। ਦਲੀਪ ਸਿੰਘ ਨੇ ਮਾਲਕ ਮਕਾਨ ਦਾ ਕਰਾਇਆ ਵੀ ਦੇਣਾ ਸੀ। ਕੁਝ ਰਾਸ਼ਨ ਵਾਲਿਆਂ ਦਾ ਵੀ ਬਕਾਇਆ ਸੀ, ਜਿਹੜੇ ਤਕਾਜ਼ੇ ਕਰਦੇ ਰਹਿੰਦੇ ਸਨ, ਪਰ ਹੁਣ ਅਸੀਂ ਉਨ੍ਹਾਂ ਦੇ ਕਾਬੂ ਨਹੀਂ ਸੀ ਆਉਂਦੇ। ਸਵੇਰੇ ਸਵੇਰੇ ਪ੍ਰਸ਼ਾਦ ਪਾਣੀ ਛਕ ਕੇ ਦਿਨ ਦਾ ਭੋਜਨ ਲੈ ਕੇ ਅਜਿਹੇ ਹਰਨ ਹੁੰਦੇ, ਕਿ ਮੁੜ ਉਦੋਂ ਹੀ ਘਰ ਪਰਤਦੇ, ਜਦ ਆਂਢ-ਗੁਆਂਢ ਵਾਲੇ ਘੂਕ ਸੁਤੇ ਹੁੰਦੇ।

ਕਈ ਦਿਨਾਂ ਦੀ ਅਵਾਰਾਗਰਦੀ ਮਗਰੋਂ ਦੋਹਾਂ 'ਚੋਂ ਕਿਸੇ ਇਕ ਨੂੰ ਵੀ ਨੌਕਰੀ ਨਾ ਮਿਲੀ। ਜਦੋਂ ਬੇਕਾਰੀ ਵਧੇਰੇ ਜ਼ੋਰ ਫੜ ਗਈ ਤੇ ਲਗਪਗ ਫਾਕੇਕਸ਼ੀ ਤੇ ਨੌਬਤ ਆ ਪਹੁੰਚੀ, ਤਾਂ ਇਕ ਦਿਨ ਦਲੀਪ ਸਿੰਘ ਕਹਿਣ ਲਗਾ, "ਯਾਰ! ਮੈਨੂੰ ਰਾਵਲਪਿੰਡੀਓਂ ਚਿੱਠੀ ਆਈ ਹੈ, ਕਿ ਮਾਤਾ ਜੀ ਸਖਤ ਬੀਮਾਰ ਹਨ। ਦੋ-ਚਾਰ ਦਿਨ ਲਈ ਮੈਂ ਉਨ੍ਹਾਂ ਦੀ ਖਬਰ ਸੁਰਤ ਲੈ ਆਵਾਂ। ਬਸ ਹਫਤੇ ਦੇ ਅੰਦਰ ਅੰਦਰ ਵਾਪਸ ਪਰਤ ਆਵਾਂਗਾ। ਮੇਰੇ ਪਿਛੋਂ ਆਪਣੀ ਨੌਕਰੀ ਲਈ ਯਤਨ ਕਰਦੇ ਰਹੋ ਤੇ ਮੇਰੇ ਕਾਰਜ ਬਾਰੇ ਵੀ ਪਤਾ ਲੈਂਦੇ ਰਹਿਣਾ।"

ਮੈਂ ਆਪਣੇ ਮਿੱਤਰ ਦੇ ਵਿਛੋੜੇ ਲਈ ਤਿਆਰ ਨਹੀਂ ਸੀਂ, ਪਰ ਹੋਰ ਵਧੇਰੇ ਠਹਿਰਣ ਲਈ ਉਸ ਨੂੰ ਮਜਬੂਰ ਵੀ ਨਹੀਂ ਸਾਂ ਕਰ ਸਕਦਾ। ਇਕ ਦਿਨ ਆਪਣੇ ਇਕ ਵਾਕਫਕਾਰ ਪਾਸੋਂ ਦਸ ਰੁਪਏ ਉਧਾਰੇ ਲਏ ਤੇ ਉਸ ਨੂੰ ਗਡੀ ਚੜ੍ਹਾ ਆਇਆ।

ਹਫਤੇ ਮਗਰੋਂ ਦਲੀਪ ਸਿੰਘ ਦੀ ਚਿੱਠੀ ਆਈ :

"ਮੀਤ ਪਿਆਰੇ! ਮੈਂ ਹੁਣ ਵਾਪਸ ਦਿੱਲੀ ਨਹੀਂ ਆਉਣਾ। ਮੈਂ ਇਹੋ ਪ੍ਰੋਗਰਾਮ ਮਿਥ ਕੇ ਦਿੱਲੀਓਂ ਚਲਿਆ ਸਾਂ। ਤੁਹਾਨੂੰ ਇਸ ਲਈ ਨਹੀਂ ਸੀ ਦਸਿਆ, ਕਿਉਂਕਿ ਤੁਸੀਂ ਮੈਨੂੰ ਆਣ ਨਹੀਂ ਸੀ ਦੇਣਾ। ਮੇਰੇ ਮਾਤਾ ਜੀ ਰਾਜ਼ੀ ਖੁਸ਼ੀ ਹਨ। ਸੋ ਹੁਣ ਤੁਸੀਂ ਸੋਹਣ ਸਿੰਘ ਨੂੰ ਨਾਲ ਲੈ ਕੇ ਮੇਰਾ ਸਾਮਾਨ ਕਢ ਕੇ ਕਮਰਾ ਖਾਲੀ ਕਰ ਦੇਣਾ। ਨਾ ਸਾਨੂੰ ਨੌਕਰੀਆਂ ਲਭਣੀਆਂ ਹਨ ਤੇ ਨਾ ਅਸੀਂ ਕਿਰਾਇਆ ਦੇ ਸਕਣਾ ਹੈ। ਕਿਧਰੇ ਮੇਰਾ ਕੀਮਤੀ ਸਾਮਾਨ ਵੀ ਨਾ ਜ਼ਬਤ ਹੋ ਜਾਵੇ। ਸੋ ਇਹ ਕਾਰਜ ਬਹੁਤ ਛੇਤੀ ਤੇ ਰਾਤ ਸਮੇਂ ਕਰਨਾ। ਮੈਂ ਹੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਧਰ ਆਪਣੇ ਵਤਨ ਵਿੱਚ ਹੀ ਨੌਕਰੀ ਦੀ ਤਲਾਸ਼ ਕਰਨੀ ਹੈ - ਮੇਰੀ ਉਡੀਕ ਨਾ ਕਰਨਾ।'' **ਤੁਹਾਡਾ ਪਿਆਰਾ : ਦਲੀਪ ਸਿੰਘ!**

ਸੋਹਣ ਸਿੰਘ, ਦਲੀਪ ਸਿੰਘ ਦਾ ਦੋਸਤ ਸੀ। ਉਹ ਵੀ ਅਜ ਕਲ ਸਾਡੇ ਵਾਂਗ ਬੇਕਾਰ ਸੀ ਤੇ ਕਈ ਵਾਰ ਅਸਾਂ ਤਿੰਨਾਂ ਰਲ ਕੇ, ਕਠਿਆਂ ਅਵਾਰਾਗਰਦੀ ਕੀਤੀ ਸੀ। ਸੋਹਣ ਸਿੰਘ ਨੂੰ ਵੀ ਦਲੀਪ ਸਿੰਘ ਦੀ ਚਿੱਠੀ ਆ ਗਈ। ਇਕ ਰਾਤ ਉਹ ਟਾਂਗਾ ਲੈ ਕੇ ਆ ਪੁਜਾ। ਦਲੀਪ ਸਿੰਘ ਦਾ ਸਾਰਾ ਸਾਮਾਨ ਅਸੀਂ ਉਸ ਵਿੱਚ ਲਦਿਆ ਤੇ ਕਮਰਾ ਖਾਲੀ ਕਰ ਕੇ ਨਿਕਲ ਤੁਰੇ। ਦਲੀਪ ਸਿੰਘ ਦਾ ਸਾਮਾਨ ਹੀ ਕਿਡਾ ਕੁ ਸੀ, ਇਕ ਸਰਦੀਆਂ ਦਾ ਬਿਸਤਰਾ, ਦੋ-ਚਾਰ ਭਾਂਡੇ ਸਣੇ ਤਵਾ ਪਰਾਤ ਤੇ ਇਕ ਟੁਟੀ ਮੰਜੀ। ਇਕ ਬੋਰੀ ਉਪਰ ਮਿਆਨੀ ਤੇ ਪਈ ਸੀ, ਪਤਾ ਨਹੀਂ ਉਸ ਵਿੱਚ ਕੀ ਕੂੜ-ਕਬਾੜ ਪਿਆ ਹੋਣਾ ਏ? ਅਸਾਂ ਦੋਹਾਂ ਉਸ ਨੂੰ ਬੇਕਾਰ ਸਮਝ ਟਾਂਗੇ ਤੇ ਨਾ ਲਦਿਆ ਤੇ ਬਾਕੀ ਦਾ ਸਾਮਾਨ ਸੋਹਣ ਸਿੰਘ ਦੇ ਕਮਰੇ ਵਿੱਚ ਲਿਜਾ ਕੇ ਸੁਟ ਦਿਤਾ। ਇਸ ਕਾਰਗੁਜ਼ਾਰੀ ਦੀ ਰਿਪੋਰਟ ਦਲੀਪ ਸਿੰਘ ਨੂੰ ਘਲ ਦਿਤੀ, ਜਿਸ ਦਾ ਜਵਾਬ ਆਇਆ, ''ਭੋਲੇ ਬਾਦਸ਼ਾਹੋ! ਉਪਰਲੀ ਬੋਰੀ ਵਿੱਚ ਤਾਂ ਮੇਰੇ ਕਾਰੋਬਾਰ ਸੰਬੰਧਿਤ ਕਾਰੀਗਰਾਂ ਦੇ ਹਥਿਆਰ ਸਨ। ਜਦੋਂ ਮੈਨੂੰ ਕਿਸੇ ਕੋਠੀ ਦੀ ਉਸਾਰੀ ਸਮੇਂ ਕੰਮ ਮਿਲਦਾ ਸੀ, ਤਾਂ ਮੈਂ ਕਈ ਅਜਿਹੇ ਮਿਸਤ੍ਰੀਆਂ ਨੂੰ ਕੰਮ ਤੇ ਲਾਂਦਾ ਸਾਂ, ਜਿਨ੍ਹਾਂ ਪਾਸ ਹਥਿਆਰ ਨਹੀਂ ਸਨ ਹੁੰਦੇ। ਮੈਂ ਇਹ ਹਥਿਆਰ ਉਹਨਾਂ ਬੇ-ਹਥਿਆਰੇ ਕਾਰੀਗਰਾਂ ਲਈ ਖ੍ਰੀਦੇ ਸਨ, ਤੁਸਾਂ ਦੋਹਾਂ ਤਾਂ ਮੇਰਾ ਬੇੜਾ ਹੀ ਡੋਬ ਦਿਤਾ ਹੈ।''

ਤੇ ਅਸੀਂ ਦਲੀਪ ਸਿੰਘ ਦਾ ਬੇੜਾ ਡੋਬ ਕੇ ਫਿਰ ਆਪਣਾ ਬੇੜਾ ਤਾਰਣ ਲਈ ਯਤਨ ਅਰੰਭ ਕਰ ਦਿਤੇ। ਦਲੀਪ ਸਿੰਘ ਵਾਲਾ ਡੇਰਾ ਪੁਟਿਆ ਜਾ ਚੁਕਿਆ ਸੀ। ਹੁਣ ਫਿਰ ਮੈਂ ਡੇਰਾ ਸ੍ਰਦਾਰ ਬਹਾਦੁਰ ਦੀ ਕੋਠੀ ਵਿੱਚ ਲਗਾ ਦਿਤਾ। ਉਨ੍ਹਾਂ ਫਿਰ ਜ਼ੋਰ ਸ਼ੋਰ ਨਾਲ ਸਾਡੇ ਲਈ ਨੌਕਰੀ ਲਭਣ ਦੀ ਮੁਹਿੰਮ ਹੋਰ ਤੇਜ਼ ਕਰ ਦਿਤੀ, ਪਰ ਨਤੀਜਾ ਉਹੀ ਸੀ, ਕਦੀ ਸਕੱਤਰ ਨਹੀਂ ਤੇ ਕਦੀ ਪ੍ਰਧਾਨ ਨਹੀਂ, ਤੇ ਜੇ ਖੁਸ਼ਕਿਸਮਤੀ ਨਾਲ ਦੋਵੇਂ ਹੁੰਦੇ, ਤਾਂ ਮੈਂਬਰਾਂ ਦਾ ਕੋਰਮ ਅਧੂਰਾ ਰਹਿ ਜਾਂਦਾ।

ਉਸ ਸਮੇਂ ਦਿੱਲੀਓਂ ਇਕ ਅੰਗ੍ਰੇਜ਼ੀ ਕੌਮ ਪ੍ਰਜ ਅਖਬਾਰ 'ਨੈਸ਼ਨਲ ਕਾਲ' ਨਾਂ ਦਾ ਨਿਕਲਦਾ ਸੀ। ਉਸ ਦਾ ਮਾਲਕ ਸਰਦਾਰ ਬਹਾਦਰ ਦਾ ਮਿੱਤਰ ਸੀ। ਉਸ ਨੂੰ ਸਾਡੀ ਨੌਕਰੀ ਬਾਰੇ ਕਿਹਾ ਗਿਆ, ਤਾਂ ਉਸ ਨੇ ਦੂਜੇ ਦਿਨ ਹੀ ਆ ਜਾਣ ਲਈ ਕਹਿ ਦਿਤਾ। ਅਗਲੇ ਦਿਨ ਮੈਂ ਤੇ ਸਰਦਾਰ ਦੋਵੇਂ ਅਖਬਾਰ ਦੇ ਪ੍ਰੈਸ ਗਏ। ਉਸ ਦੇ ਛਾਪੇ ਖਾਨੇ ਵਿੱਚ ਵਡੀਆਂ ਵਡੀਆਂ ਛਪਾਈ ਦੀਆਂ ਮਸ਼ੀਨਾਂ ਲਗੀਆਂ ਹੋਈਆਂ ਸਨ। ਉਹਨਾਂ ਲਈ ਵਡੇ ਵਡੇ ਛਪਣ ਹਿਤ ਫਰਮਿਆਂ ਨੂੰ ਕਈ ਕਾਮੇ ਰਲ ਕੇ ਮਸ਼ੀਨ ਤੇ ਚੜ੍ਹਾ ਰਹੇ ਸਨ। ਫਰਮੇ ਮਸ਼ੀਨ ਤੇ ਰਖਦਿਆਂ ਕਾਮੇ ਪਸੀਨਾ ਹੋਈ ਜਾ ਰਹੇ ਸਨ। ਤੇ ਇਹੀ ਕੰਮ ਮੈਂ ਕਲੇ ਕਰਨਾ ਸੀ। ਇਹ ਸੋਚਦਿਆਂ ਹੀ ਬਿਨਾਂ ਕੰਮ ਕੀਤਿਆਂ ਹੀ ਮੈਨੂੰ ਪਸੀਨਾ ਆਉਣਾ ਸ਼ੁਰੂ ਹੋ ਗਿਆ। ਮਥੇ ਹਥ ਰਖਿਆ ਤਾਂ ਤ੍ਰੇਲੀਆਂ ਛੁਟ ਰਹੀਆਂ ਸਨ। ਉਸੇ ਘੜੀ ਫੈਸਲਾ ਕਰ ਲਿਆ ਕਿ ਹੁਣ ਦਿੱਲੀ ਛਡ ਜਾਣੀ ਹੈ। ਉਹ ਦਿੱਲੀ ਜਿਸ ਨੂੰ ਗ਼ਾਲਬ ਵੀ ਨਹੀਂ ਸੀ ਛਡ ਸਕਿਆ, ਪਰ ਦਿੱਲੀ ਛਡਣ ਲਈ ਕੋਈ ਬਹਾਨਾ ਵੀ ਤਾਂ ਚਾਹੀਦਾ ਸੀ। ਸਰਦਾਰ ਹੋਰੀ ਪੂਰੇ ਡੇਢ ਮਹੀਨੇ ਤੋਂ ਮੇਰੇ ਲਈ ਸਿਰਤੋੜ ਯਤਨ ਕਰ ਰਹੇ ਸਨ, ਤੇ ਮਸਾਂ ਮਸਾਂ ਹੁਣ ਜਾ ਕੇ ਹੀ ਨੌਕਰੀ ਦਾ ਬਾਨਣੂ ਬਝਿਆ ਸੀ। ਗੁਰਦਵਾਰਾ ਕਮੇਟੀ ਦੀ ਮੈਨੇਜਰੀ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਹੀ. ਕਿਸੇ ਪ੍ਰੈਸ ਵਿੱਚ ਪੇਪਰਮੈਨੀ ਹੀ ਸਹੀ। ਸਰਦਾਰ ਜੀ ਨੇ ਰਾਹ ਵਿੱਚ ਮੈਨੂੰ ਸੰਬੋਧਨ ਕਰਦਿਆ ਕਿਹਾ, ''ਹੁਣ ਜਦ ਨੌਕਰੀ ਮਿਲ ਗਈ ਹੈ, ਤਾ ਆਪਣੀ ਰਿਹਾਇਸ਼ ਲਈ ਵੀ ਪ੍ਰਬੰਧ ਕਰ ਲੈਣਾ ਚਾਹੀਦਾ ਹੈ। ਕਿਸੇ ਦੇ ਘਰ ਰਹਿੰਦਿਆਂ ਬੰਦੇ ਦੀ ਇਜ਼ਤ ਨਹੀਂ ਰਹਿੰਦੀ।''

ਅਸੀਂ ਘਰ ਪੁਜੇ, ਤਾਂ ਬੀਬੀ ਜੀ ਵਡੀ ਸਾਰੀ ਪਰਾਤ ਵਿੱਚ ਬਹੁਤ ਸਾਰਾ ਆਟਾ ਪਾਈ ਗੁੰਨ੍ਹ ਰਹੇ ਸਨ। ਉਨ੍ਹਾਂ ਦਾ ਅਜ ਢੇਰਾਂ ਦੇ ਢੇਰ ਟਿਕੀਆਂ ਤਲਣ ਦਾ ਪ੍ਰੋਗਰਾਮ ਸੀ। ਸਰਦਾਰ ਹੋਰਾਂ ਜਾਂਦਿਆਂ ਹੀ ਬੀਬੀ ਨੂੰ ਮੇਰੀ ਨੌਕਰੀ ਦੀ ਵਧਾਈ ਦਿਤੀ, ਤੇ ਇਸ ਦੇ ਬਦਲੇ ਬੀਬੀ ਨੇ ਅਤਿ ਪ੍ਰਸੰਨ ਹੋ ਕੇ ਸਾਨੂੰ ਆਟੇ ਦੀ ਪ੍ਰਾਤ ਅਗੇ ਡਾਹ ਦਿਤਾ, ''ਤੂੰ ਕਾਕਾ ਜ਼ਰਾ ਆਟਾ ਚੰਗੀ ਤਰ੍ਹਾਂ ਗੁੰਨ੍ਹ, ਤੇ ਮੈਂ ਟਿਕੀਆਂ ਤਲੀ ਜਾਵਾਂਗੀ।'' ਮਰਦਾ ਕੀ ਨਾ ਕਰਦਾ। ਆਟੇ ਦੀ ਪ੍ਰਾਤ ਅਗੇ ਬੈਠ ਗਏ। ਗਰਮੀਆਂ ਦੀ ਰੁਤ, ਨਾਲ ਰਖੀ ਅੰਗੀਠੀ ਦਾ ਵੀ ਸੇਕ ਤੇ ਫਿਰ ਆਟਾ ਗੁੰਨ੍ਹਣਾ ਸੀ ਟਿਕੀਆਂ ਲਈ। ਪੂਰੇ ਇਕ ਘੰਟੇ ਮਗਰੋਂ ਬੀਬੀ ਹੋਰਾਂ ਆਟੇ ਦੀ ਚੰਗੀ ਤਰ੍ਹਾਂ ਪ੍ਰੀਖਿਆ ਕਰ ਕੇ ਸਾਨੂੰ ਦਸਿਆ, ਕਿ ਹੁਣ ਆਟਾ ਟਿਕੀਆਂ ਦੇ ਯੋਗ ਹੋ ਗਿਆ ਹੈ। ਅਸੀਂ ਪਸੀਨਾ ਪਸੀਨਾ ਹੋ ਗਏ। ਬਾਹਵਾਂ ਥਕ ਗਈਆਂ। ਸਿਰ ਨੂੰ ਚੱਕਰ ਆਣ ਲਗਾ, ਤਾਂ ਉਹਨਾਂ ਉਠ ਜਾਣ ਲਈ ਕਿਹਾ। ਬਾਹਰ ਵਰਾਂਡੇ ਵਿੱਚ ਪਈ ਮੰਜੀ ਤੇ ਲੇਟ ਕੇ ਮੈਂ ਆਪਣੀ ਕਿਸਮਤ ਨੂੰ ਕੋਸਣ ਲਗਾ। ਕਿਥੇ ਆਪਣਾ ਆਜ਼ਾਦ ਕਾਰੋਬਾਰ, ਜਿਸ 'ਚੋਂ ਮਾੜੀ ਮੋਟੀ ਰੋਟੀ ਨਿਕਲ ਆਂਦੀ ਸੀ। ਉਥੇ ਰਾਜਸੀ ਅਖਾੜੇ ਦੇ ਪਹਿਲਵਾਨਾਂ ਵਿੱਚ ਵੀ ਇਜ਼ਤ ਸਤਿਕਾਰ ਸੀ। ਕਵੀ ਦਰਬਾਰਾਂ ਵਿੱਚ ਕਵਿਤਾ ਪੜ੍ਹ ਕੇ ਵੀ ਵਾਹ ਵਾਹ ਖਟ ਲਈ ਦੀ ਸੀ। ਕਿਥੇ ਹੁਣ ਵਿਦੇਸ਼ਾਂ ਵਿੱਚ ਧਕੇ ਖਾ ਰਹੇ ਹਾਂ। ਓਏ ਮਨਾਂ! ਹਿੰਮਤ ਕਰ ਤੇ ਨਠ ਜਾ ਮੁੜ ਆਪਣੇ ਵਤਨ। ਤੂੰ ਕੀ ਲੈਣੈ ਵਿਦੇਸ਼ ਦੀਆ ਨੌਕਰੀਆਂ ਤੇ ਦਰ ਦਰ ਦੀਆਂ ਠੋਕਰਾਂ ਤੋਂ।

ਇਹ ਵਿਚਾਰ ਆਉਂਦਿਆਂ ਹੀਂ ਹਲਾ ਮਾਰ ਕੇ ਮੰਜੇ ਤੋਂ ਉਠਿਆ ਤੇ ਦਿੱਲੀ ਛਡ ਦੇਣ ਦੇ ਦ੍ਰਿੜ ਫੈਸਲੇ ਦੇ ਐਲਾਨ ਲਈ ਵਰਾਂਡੇ ਤੋਂ ਉਠ ਕੇ ਰਸੋਈਖਾਨੇ ਵਲ ਦੌੜਿਆ। ਇੰਨੇ ਵਿੱਚ ਡਾਕੀਏ ਦੀ ਆਵਾਜ਼ ਆਈ। ਪਹੁੜੀਆਂ ਵਲ ਗਿਆ, ਤਾਂ ਮੇਰੀ ਚਿੱਠੀ ਸੀ। ਇਹ ਚਿੱਠੀ ਪਿੰਡੀਓਂ ਆਈ ਸੀ। ਮਸਤਕ ਨਾਲ ਲਗਾਈ ਤੇ ਚੁੰਮ ਕੇ ਖੋਲ੍ਹੀ। ਚਿੱਠੀ ਵਿੱਚ ਲਿਖਿਆ ਸੀ :

''ਸਰਦਾਰ ਜੀ! ਤੁਸੀਂ ਦਿੱਲੀ ਜਾ ਕੇ ਡੇਰੇ ਹੀ ਡਾਲ ਦਿਤੇ ਹਨ। ਮੇਰੇ ਪਾਸੋਂ ਇਹ ਕੁੱਤਾ ਕੰਮ ਨਹੀਂ ਜੇ ਹੁੰਦਾ। ਘਰ ਦੀ ਅਧੀ ਤੇ ਬਾਹਰ ਦੀ ਸਾਰੀ'', ਸਰਾਂਦੀ ਸਉਂ ਪੁਆਂਦੀ ਸਉਂ ਲਕ ਵਿਚਕਾਰ ਹੁੰਦਾ ਹੈ। ਜੇ ਤੁਸਾਂ ਉਥੇ ਹੀ ਰਹਿਣਾ ਹੈ ਤਾਂ ਦੂਕਾਨ ਨੂੰ ਤਾਲਾ ਲਾ ਕੇ ਚਾਬੀ ਤੁਹਾਡੇ ਘਰ ਦੇ ਦਿਆਂਗਾ। ਤੁਸੀਂ ਜਾਣੋਂ ਤੇ ਤੁਹਾਡੀ ਦੂਕਾਨ। ਫਕਰਾਂ ਨੂੰ ਇਸ ਸਿੜੀ ਸਿਆਪੇ ਨਾਲ ਕੀ? ''ਸਰਾਂਦੀ ਸਉਂ, ਪੁਆਂਦੀ ਸਉਂ ਲਕ ਵਿੱਚਕਾਰ'' ਹੋਣਾ ਹੈ। ਜੇ ਤੁਸੀਂ ਆ ਗਏ ਤਾਂ ਦਾਸ ਹਾਜ਼ਰ ਹੈ, ਨਾ ਆਏ ਤਾਂ ਪਤਾ ਨਹੀਂ ਅਸੀਂ ਕਿਧਰ ਰਮਤੇ ਹੋ ਜਾਈਏ। ਤੁਹਾਡੀ ਇਕ ਹਫਤਾ ਉਡੀਕ ਕਰਨੀ ਹੈ। ਉਸ ਪਿਛੋਂ ਢੂੰਡਣ ਦਾ ਯਤਨ ਨਾ ਕਰਨਾ।''

**ਤੁਹਾਡਾ ਦਾਸ : ਜਸਵੰਤ ਸਿੰਘ**

ਹਤ ਤੇਰੇ ਕੀ! ਇਹ ਤਾਂ ਆਪਣੇ ''ਭਾਈ ਜੀ'' ਦੀ ਚਿੱਠੀ ਸੀ, ਜਿਨ੍ਹਾਂ ਦਾ ਲਕ ਸਦਾ ਹੀ ਵਿਚਕਾਰ ਹੁੰਦਾ ਹੈ। ਉਹਨਾਂ ਇਸ ਚਿੱਠੀ ਵਿੱਚ ਦੋ ਟੂਕ ਫੈਸਲਾ ਦੇ ਦਿਤਾ ਸੀ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਿ ਰਾਵਲਪਿੰਡੀ ਵਿਖੇ ਮੇਰੀ ਹਾਜ਼ਰੀ ਦੀ ਬੜੀ ਸਖ਼ਤ ਜ਼ਰੂਰਤ ਹੈ। ਜਿਨ੍ਹਾਂ ਭਾਈ ਜੀ ਨੂੰ ਮੈਂ ਨਿਰਾ ਮੂਰਖ ਸਮਝਦਾ ਸਾਂ, ਉਹ ਅਜ ਸੁਕਰਾਤ ਤੋਂ ਵੀ ਸਿਆਣੇ ਨਿਕਲੇ ਤੇ ਵਕਤ ਸਿਰ ਮੈਨੂੰ ਬਹੁੜ ਪਏ। ਮੈਂ ਚਿੱਠੀ ਫੜ ਕੇ ਬੀਬੀ ਜੀ ਪਾਸ ਦੌੜਿਆ ਗਿਆ, "ਬੀਬੀ ਜੀ! ਘਰੋਂ ਚਿੱਠੀ ਆਈ ਹੈ। ਉਹਨਾਂ ਲਿਖਿਆ ਹੈ ਜੇ ਦਿੱਲੀ ਹੀ ਰਹਿਣਾ ਹੈ ਤਾਂ ਇਕ ਵਾਰ ਇਥੇ ਆ ਕੇ ਆਪਣੇ ਲੈਣ ਦੇਣ ਦਾ ਕੰਮ ਮੁਕਾ ਜਾਵੇ। ਸੋ ਮੈਨੂੰ ਇਕ ਵਾਰ ਰਾਵਲਪਿੰਡੀ ਜਾਣਾ ਪੈਣਾ ਹੈ।"

"ਆ ਹਛਾ" ਟਿਕੀਆਂ ਤਲਦਿਆਂ ਬੀਬੀ ਬੋਲੀ "ਤਾਂ ਵੀਰ ਇਹ ਟਿਕੀਆਂ ਵੀ ਮੇਰੇ ਭੈਣ ਜੀ ਲਈ ਨਾਲ ਲੈ ਜਾਣਾ। ਕਦੋਂ ਤੀਕ ਜਾਣ ਦਾ ਵਿਚਾਰ ਹੈ?"

ਮੇਰਾ ਦਾਅ ਫਬ ਗਿਆ। ਮੈਂ ਕਿਹਾ "ਬੀਬੀ ਜੀ! ਬਸ ਇਕ ਅਧ ਦਿਨ ਵਿੱਚ ਹੀ ਚਲਣ ਦਾ ਖਿਆਲ ਹੈ। ਸਵੇਰੇ ਇਕ ਮਿੱਤਰ ਨੂੰ ਮਿਲਣ ਜਾਣਾ ਹੈ, ਸ਼ਾਇਦ ਕਲ ਰਾਤ ਨੂੰ ਹੀ ਤੁਰ ਪਵਾਂ।"

"ਚੰਗੀ ਗੱਲ ਹੈ। ਉਥੋਂ ਦਾ ਕੰਮ ਮੁਕਾ ਆਵੇ, ਤੇ ਫਿਰ ਬੇ-ਫਿਕਰ ਹੋ ਕੇ ਇਥੇ ਕੰਮ ਕਰੇ। ਅਖਬਾਰ ਦੀ ਨੌਕਰੀ ਵੀ ਬੜੀ ਇਜ਼ਤ ਵਾਲੀ ਹੈ - ਤੇ ਹੋ ਸਕਦੈ ਮਨੇਜਰੀ ਵੀ ਮਿਲ ਜਾਵੇ। ਸਾਡੇ ਸਰਦਾਰ ਹੋਰੀ ਜਿਸ ਕੰਮ ਪਿਛੇ ਪੈ ਜਾਣ ਉਹ ਕਰ ਕੇ ਹੀ ਰਹਿੰਦੇ ਹਨ", ਬੀਬੀ ਜੀ ਨੇ ਮੁਸਕਰਾ ਕੇ ਕਿਹਾ।

ਮੈਂ ਦਾਅ ਤਾੜ ਘਰੋਂ ਭਜ ਉਠਿਆ ਤੇ ਸਿਧਾ ਸੋਹਣ ਸਿੰਘ ਪਾਸ ਜਾ ਪੁਜਾ। ਆਪਣੇ ਪਾਸ ਤਾਂ ਹੁਣ ਰਾਮ ਦਾ ਨਾਂ ਹੀ ਬਾਕੀ ਰਹਿ ਗਿਆ ਸੀ, ਤੇ ਵਾਪਸ ਜਾਣ ਲਈ ਕਿਰਾਇਆ ਵੀ ਤਾਂ ਚਾਹੀਦਾ ਸੀ। ਆਪਣਾ ਪ੍ਰੋਗਰਾਮ ਸੋਹਣ ਸਿੰਘ ਨੂੰ ਦਸਿਆ। ਉਹ ਕਹਿਣ ਲਗਾ, "ਮੈਂ ਆਪਣੇ ਕਮਰੇ ਦਾ ਪਿਛਲੇ ਦੋ ਮਹੀਨਿਆਂ ਦਾ ਕਿਰਾਇਆ ਦੇਣਾ ਹੈ। ਦਸ ਰੁਪਈਆਂ ਦਾ ਬੜੀ ਮੁਸ਼ਕਲ ਨਾਲ ਪ੍ਰਬੰਧ ਕੀਤਾ ਹੈ। ਪਰ ਕੋਈ ਗੱਲ ਨਹੀਂ, ਤੁਸੀਂ ਲੈ ਲਉ। ਮੈਂ ਕਿਧਰੋਂ ਹੋਰ ਹਥ ਪੈਰ ਮਾਰ ਲਵਾਂਗਾ।"

ਰਾਤ ਮੈਂ ਸੋਹਣ ਸਿੰਘ ਦੇ ਡੇਰੇ ਹੀ ਕਟੀ। ਦੂਜੇ ਦਿਨ ਸਵੇਰੇ ਸਵੇਰੇ ਘਰ ਜਾਣ ਦੀ ਖੁਸ਼ੀ ਵਿਚ ਸੋਹਣ ਸਿੰਘ ਦੇ ਘਰੋਂ ਥੋੜਾ ਦੂਰ ਉਛਲ ਕੇ ਜਿਉਂ ਜ਼ੋਰ ਦੀ ਛਲਾਂਗ ਮਾਰੀ, ਕਿ ਇਕ ਨਾਲੇ ਵਿੱਚ ਡਿਗਣੋਂ ਮਸਾਂ ਮਸਾਂ ਹੀ ਬਚਿਆ! ਸਿਧਾ ਸਰਦਾਰ ਹੋਰਾਂ ਦੇ ਘਰ ਪੁਜਾ। ਬਿਸਤਰਾ ਬਨ੍ਹਿਆ, ਬਿਸਤਰੇ ਵਿੱਚ 15, 20 ਕਿਲੋ ਸਾਬਣ ਤੇ ਦਸ ਕੁ ਕਿਲੋ ਮਿਠੀਆਂ ਟਿਕੀਆਂ ਬੀਬੀ ਨੇ ਆਪ ਘੁਸੇੜੀਆਂ। ਇਹ ਸਭ ਕੁਝ ਬੀਬੀ ਦੀ ਛੋਟੀ ਭੈਣ ਲਈ ਰਾਵਲਪਿੰਡੀ ਲਿਜਾਣਾ ਸੀ। ਅਸੀਂ ਰਾਤ ਦੀ ਗਡੀ ਸਵਾਰ ਹੋ ਕੇ ਦੂਜੇ ਦਿਨ ਸ਼ਾਮੀਂ ਘਰ ਜਾ ਪੁਜੇ। ਜਦ ਟਾਂਗਾ ਆਪਣੇ ਘਰ ਸਾਹਮਣੇ ਖੜਾ ਕਰ ਕੇ ਸਾਮਾਨ ਉਤਾਰ ਰਹੇ ਸਾਂ, ਤਾਂ ਮੂਹੋਂ ਆਪ ਮੁਹਾਰੇ ਗੁਣਗੁਣਾਣ ਲਗ ਪਏ :

"ਹਥ ਪੁਰਾਣੇ ਖੌਸੜੇ ਬਸੰਤਾ ਹੋਰੀ ਆਏ. . .।"

## ਕੌਮੀ ਕਾਲਜ

ਜਦੋਂ ਦੇਸ਼ ਦੀ ਵੰਡ ਹੋਈ, ਉਦੋਂ ਤੀਕ ਤਾਂ ਸਾਡੇ ਸ਼ਹਿਰ ਰਾਵਲਪਿੰਡੀ ਵਿਖੇ ਕਈ ਵੀਹਾਂ ਕਾਲਜ ਖੁਲ੍ਹ ਗਏ ਸਨ, ਪਰ ਜਦੋਂ ਦੀ ਇਹ ਗੱਲ ਹੈ, ਉਦੋਂ ਸਿਰਫ ਇਕੋ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪੰਜਾਬੀ ਕਾਲਜ ਸੀ, ਤੇ ਉਸ ਦਾ ਨਾਂ ਸੀ 'ਕੌਮੀ ਕਾਲਜ।'

ਇਸ ਕਾਲਜ ਦਾ ਇਤਿਹਾਸ ਬੜਾ ਵਚਿੱਤਰ ਹੈ। ਸੰਨ 1935-36 ਦੀ ਬੇਰੁਜ਼ਗਾਰੀ ਵਿੱਚ ਇਹ ਕਾਲਜ ਖੁਲ੍ਹਿਆ। ਰਾਵਲਪਿੰਡੀ ਸ਼ਹਿਰ ਦੇ ਇਕ ਘੁਗ ਵਸਦੇ ਮਹੱਲੇ ਅਨੰਦਪੁਰਾ ਵਿੱਚ ਇਸ ਦੀ ਨੀਂਹ ਰਖੀ ਗਈ। ਇਕ ਬੜੀ ਵਡੀ ਖਾਲੀ ਪਈ ਕੋਠੀ ਦਾ ਕੇਵਲ ਇਕ ਕਮਰਾ ਅਸੀਂ ਕਿਰਾਏ ਤੇ ਲਿਆ, ਤੇ ਉਸ ਦੇ ਬਾਹਰ ਇਕ ਵਡਾ ਸਾਰਾ ਬੋਰਡ 'ਕੌਮੀ ਕਾਲਜ' ਨਾਂ ਦਾ ਲਟਕਾ ਦਿਤਾ। ਕਾਲਜ ਦੀਆਂ ਕਲਾਸਾਂ ਤੇ ਵਕਤ ਦੀ ਤਫਸੀਲ ਦੇ ਹੈਂਡਬਿਲ ਛਾਪ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹਿਰ ਦੇ ਕੋਨੇ ਕੋਨੇ ਵਿੱਚ ਵੰਡ ਦਿਤੇ ਗਏ।

ਸਾਡੇ ਦੋ ਮਿੱਤਰ ਦਲੀਪ ਸਿੰਘ ਤੇ ਹਰਬੰਸ ਸਿੰਘ ਵੀ ਉਹ ਉਨ੍ਹੀਂ ਦਿਨੀਂ ਮੁਕੰਮਲ ਤੌਰ ਤੇ ਬੇਰੁਜ਼ਗਾਰ ਹੋ ਕੇ ਸਾਡੀ ਮਿੱਤਰਾਂ ਦੇ ਘੇਰੇ ਵਿੱਚ ਆ ਚੁਕੇ ਸਨ। ਦਲੀਪ ਸਿੰਘ ਕੁਝ ਸਾਲਾਂ ਤੋਂ ਸਾਡੇ ਨਾਲ ਨਾਰਾਜ਼ ਸੀ। ਉਹ ਇਸ ਲਈ ਕਿ ਅਸੀਂ ਉਨ੍ਹੀਂ ਦਿਨੀਂ ਇਕ ਡੇਅਰੀ ਫਾਰਮ ਖੋਲ੍ਹੀ ਸੀ, ਤੇ ਉਹ ਆਪ ਵੇਹਲਾ ਸੀ। ਉਸ ਨੂੰ ਅਸੀਂ ਬਤੇਰਾ ਸਮਝਾਇਆ, ਕਿ ਇਸ ਕੰਮ ਵਿੱਚ ਘਾਟਾ ਹੀ ਘਾਟਾ ਹੈ, ਪਰ ਉਹ ਕਿਥੋਂ ਮੰਨੇ? ਉਹ ਸਾਨੂੰ ਆਪਣੇ ਮਿੱਤਰ-ਘੇਰੇ ਦਾ ਇਕ ਬੇ-ਵਫਾ ਮੈਂਬਰ ਸਮਝਣ ਲਗ ਪਿਆ ਸੀ। ਉਸ ਦਾ ਵਿਸ਼ਵਾਸ ਸੀ, ਕਿ ਜਿਵੇਂ ਪ੍ਰੋ: ਪੂਰਨ ਸਿੰਘ ਕਹਿ ਗਿਆ ਹੈ - "ਨਿਹੁੰ ਨਾ ਲਗਦੇ ਜੋਰੀਂ", ਇਸੇ ਤਰ੍ਹਾਂ ਮਿੱਤਰਤਾ ਵੀ ਧਿੰਗੋਜ਼ੋਰੀ ਨਹੀਂ ਪ੍ਰਵਾਨ ਚੜ੍ਹ ਸਕਦੀ। ਸਗੋਂ ਇਹ ਆਪਣੇ ਆਪ ਅੰਦਰੋਂ ਉਗਮਦੀ ਹੈ, ਪਰ ਹੁਣ ਇਸ ਦੇ ਉਗਮਣ ਦੇ ਸੋਮੇ ਬੰਦ ਹੋ ਚੁਕੇ ਸਨ, ਕਿਉਂਕਿ ਮਿੱਤਰ ਦਲੀਪ ਸਿੰਘ ਦੀ ਨਜ਼ਰ ਵਿੱਚ ਮੈਂ ਕਾਰੋਬਾਰੀ ਬੰਦਾ ਹੋ ਗਿਆ ਸਾਂ, ਤੇ ਇਹੋ ਸਾਡੀ ਮਿੱਤਰਤਾ ਦੇ ਰਾਹ ਵਿੱਚ ਸਭ ਤੋਂ ਵਡੀ ਰੁਕਾਵਟ ਸੀ।

ਅਖੀਰ ਜਦੋਂ ਅਸੀਂ ਆਪਣੀ ਡੇਅਰੀ ਫਾਰਮ ਨੂੰ ਚੂੰਡ ਚੂੰਡ ਖਾ ਚੁਕੇ, ਤੇ ਆਖਰੀ ਮੱਝ ਵੇਚ ਕੇ ਮਕਾਨ ਦਾ ਕਿਰਾਇਆ ਦੇ ਕੇ ਪੂਰਨ ਬੇਰੋਜ਼ਗਾਰ ਹੋ ਗਏ, ਤਾਂ ਦਲੀਪ ਸਿੰਘ ਦੌੜਦਾ ਹੋਇਆ ਆਇਆ। ਆਂਦਿਆਂ ਸਾਰ ਉਸ ਘੁਟ ਕੇ ਜੱਫੀ ਪਾ ਲਈ। ਕਿੰਨਾਂ ਚਿਰ ਸਾਡੇ ਦੋਹਾਂ ਦੇ ਪਿਆਰ ਅਥਰੂ ਵਹਿੰਦੇ ਰਹੇ। ਇਸ ਤਰ੍ਹਾਂ ਕਿੰਨੇ ਚਿਰ ਦੇ ਵਿਛੜੇ ਸਨੇਹੀਆਂ ਦਾ ਮੁੜ ਸਨੇਹ ਪੈ ਗਿਆ।

ਹੁਣ ਸਵਾਲ ਸੀ ਕਿ ਰੋਟੀ ਦਾ ਬਾਨ੍ਹਣੂ ਕਿਵੇਂ ਬੰਨ੍ਹਿਆਂ ਜਾਵੇ? ਨਿਰੇ ਪਿਆਰ ਨਾਲ ਤਾਂ ਪੇਟ ਭਰਿਆ ਨਹੀਂ ਸੀ ਜਾਣਾ। ਸੋ ਅਸੀਂ ਉਪ੍ਰੋਕਤ ਕਾਲਜ ਦੀ ਤਜਵੀਜ਼ ਬਣਾਈ। ਕਾਲਜ ਦੀਆਂ ਕਲਾਸਾਂ ਦਾ ਵਕਤ ਸ਼ਾਮ ਦੇ 4 ਤੋਂ 8 ਵਜੇ ਤੀਕ ਰਖਿਆ ਤੇ ਕਲਾਸਾਂ ਗਿਆਨੀ, ਮੈਟ੍ਰਿਕ, ਐਫ.ਏ. ਤੇ ਬੀ.ਏ. ਤੀਕ ਖੋਲ੍ਹੀਆਂ ਗਈਆਂ। ਦਫਤਰ ਦੇ ਬਾਹਰ ਪ੍ਰਿੰਸੀਪਲ ਦੇ ਅਗੇ ਸਾਡਾ ਨਾਂ ਲਿਖਿਆ ਗਿਆ ਤੇ ਹੇਠਾਂ ਬਾਕੀ ਪ੍ਰੋਫੈਸਰਾਂ ਦੇ ਸ਼ੁਭ ਨਾਂ।

ਅਸਾਂ ਸਾਰਿਆਂ ਆਪਣੇ ਪੇਟ ਕਟ ਕੇ ਕਾਲਜ ਲਈ ਫਰਨੀਚਰ ਲਿਆਂਦਾ। ਫਰਨੀਚਰ ਵਿੱਚ ਦੋ ਵੱਡੇ ਮੇਜ਼ ਤੇ ਅਠ ਕੁਰਸੀਆਂ ਸਨ। ਇਸ਼ਤਿਹਾਰਾਂ ਦੀ ਤਕਸੀਮ ਪਿਛੋਂ ਅਸੀਂ ਕਾਲਜ ਵਿੱਚ ਪੂਰਾ ਇਕ ਮਹੀਨਾ ਰੱਜ ਕੇ ਮਿਹਨਤ ਕੀਤੀ। ਕਾਲਜ ਵਿੱਚ ਮੁੰਡਿਆਂ ਕੁੜੀਆਂ ਦੀ ਸਾਂਝੀ ਪੜ੍ਹਾਈ ਦਾ ਪ੍ਰਬੰਧ ਸੀ। ਇਸ ਲਈ ਜਦੋਂ ਅਸੀਂ ਦੂਰੋਂ ਕਿਸੇ ਕੁੜੀ ਜਾਂ ਮੁੰਡੇ ਨੂੰ ਆਪਣੀ ਬਿਲਡਿੰਗ ਵਲ ਆਂਦਿਆਂ ਵੇਖਦੇ, ਤਾਂ ਸਾਡਾ ਸ਼ੱਕ ਵਿਸ਼ਵਾਸ ਦੀ ਸ਼ਕਲ ਅਖਤਿਆਰ ਕਰ ਜਾਂਦਾ, ਕਿ ਜ਼ਰੂਰ ਇਹ ਵਿਦਿਆਰਥੀ ਸਾਡੇ ਕਾਲਜ ਦਾਖਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੋਣ ਲਈ ਆ ਰਹੇ ਹਨ। ਜਦੋਂ ਉਹ ਸਾਡੇ ਵਲ ਵੇਖੇ ਬਿਨਾਂ ਹੀ ਅਗੇ ਲੰਘ ਜਾਂਦੇ, ਤਾਂ ਅਸੀਂ ਹਸਰਤ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਨੂੰ ਵੇਖਦੇ ਤੇ ਧੱਕ ਧੱਕ ਕਰਦੇ ਕਲੇਜੇ ਨੂੰ ਮਸਾਂ ਹੀ ਬਾਹਰ ਆਉਣੋਂ ਰੋਕਦੇ।

ਪੂਰਾ ਮਹੀਨਾ ਗੁਜ਼ਰ ਗਿਆ, ਪਰ ਕੋਈ ਵਿਦਿਆਰਥੀ ਨਾ ਬਹੁੜਿਆ। ਪ੍ਰਿੰਸੀਪਲ ਤੋਂ ਲੈ ਕੇ ਕਾਲਜ ਦੇ ਚਪੜਾਸੀ ਤੀਕ ਉਡੀਕ ਉਡੀਕ ਤੇ ਵੇਹਲੇ ਬੈਠ ਬੈਠ ਥੱਕ ਗਏ। ਸਾਡੀ ਚੌਕੜੀ ਸਵੇਰੇ ਦਸ ਤੋਂ ਤਿੰਨ ਵਜੇ ਤੀਕ ਤਾਸ਼ ਖੇਡਦੀ ਤੇ ਇਸ ਪਿਛੋਂ ਸਾਰਾ ਕਾਲਜ ਸਟਾਫ ਤਿਆਰ ਹੋ ਕੇ ਵਿਦਿਆਰਥੀਆਂ ਦੀ ਉਡੀਕ ਵਿੱਚ ਬੈਠਾ ਰਹਿੰਦਾ। ਭਾਵੇਂ ਅਸੀਂ, ਆਪਣੇ ਨਵੇਂ ਰੋਜ਼ਗਾਰ ਵਲੋਂ ਬਿਲਕੁਲ ਮਾਯੂਸ ਹੋ ਗਏ ਸਾਂ, ਪਰ ਹਾਲੀਂ ਕੁਝ ਦੱਮ ਖੱਮ ਬਾਕੀ ਸੀ।

ਇਕ ਦਿਨ ਦੀ ਗੱਲ ਹੈ। ਪ੍ਰੋਫੈਸਰ ਦਲੀਪ ਸਿੰਘ ਬਾਹਰੋਂ ਆਏ, ਤੇ ਆਪਣੇ ਪਿਆਰੇ ਪ੍ਰਿੰਸੀਪਲ ਨੂੰ ਘੁਟ ਕੇ ਜਫੀ ਪਾ ਲਈ। ਇਸ ਪਿਛੋਂ ਉਸ ਆਪਣਾ ਜ਼ੋਰ ਅਜ਼ਮਾਣ ਲਈ ਸਾਨੂੰ ਚੁਕ ਕੇ ਹੇਠਾਂ ਸੁਟ ਦਿਤਾ। ਸਾਨੂੰ ਜੋਸ਼ ਚੜ੍ਹ ਗਿਆ। ਅਸੀਂ ਉਸ ਨੂੰ ਉਪਰੋਂ ਹੇਠਾਂ ਡੇਗ ਆਪ ਉਪਰ ਚੜ੍ਹ ਗਏ। ਇਸ ਮਗਰੋਂ ਕਦੀ ਉਹ ਸਾਨੂੰ ਹੇਠਾਂ ਸੁਟਦਾ, ਕਦੀ ਅਸੀਂ ਉਸ ਨੂੰ। ਇਹ ਦੋ ਪਹਿਲਵਾਨਾਂ ਦੀ ਕੁਸ਼ਤੀ ਹਾਸੇ ਠਠੇ ਵਿੱਚ ਹੀ ਹੋ ਰਹੀ ਸੀ ਤੇ ਕਾਲਜ ਦਾ ਸੜਕ ਵਾਲਾ ਦਰਵਾਜ਼ਾ ਅੰਦਰੋਂ ਬੰਦ ਸੀ। ਅਖੀਰ ਅਸੀਂ ਜਦੋਂ ਉਸ ਨੂੰ ਹੇਠਾਂ ਡੇਗਣ ਲਈ 'ਗਾਮਾ ਸ਼ਾਹੀ' ਹਮਲਾ ਮਾਰਿਆ, ਤਾਂ ਉਹ ਨੇੜੇ ਪਈ ਕੁਰਸੀ ਨਾਲ ਜਾ ਟਕਰਾਇਆ।

ਕੁਰਸੀ ਨੇ ਮੇਜ਼ ਨੂੰ ਡੇਗਿਆ, ਤੇ ਉਸ ਦੇ ਡਿਗਣ ਨਾਲ ਕਾਲਜ ਦਾ ਸਾਰਾ ਦਫਤਰ ਹੀ ਹੇਠਾਂ ਫਰਸ਼ ਪੁਰ ਜਾ ਪਿਆ। ਦੋ ਟੇਬਲ ਲੈਂਪ ਫਰਸ਼ ਤੇ ਡਿਗ ਕੇ ਚੂਰ ਚੂਰ ਹੋ ਗਏ। ਤੇਲ ਫਰਸ਼ ਤੇ ਖਿਲਰ ਗਿਆ। ਸ਼ੀਸ਼ਿਆਂ ਦੇ ਇਕ ਦੋ ਟੁਕੜੇ ਸਾਡੇ ਮੂੰਹਾਂ ਤੇ ਵੀ ਲੱਗੇ, ਪਰ ਮਾਮੂਲੀ--ਮਸਾਂ ਥੋੜ੍ਹਾ ਜਿਹਾ ਨਾਂ ਮਾਤਰ ਲਹੂ ਹੀ ਵਗਿਆ।

ਇਸ ਹਾਦਸੇ ਨਾਲ ਦੋਹਾਂ ਪਹਿਲਵਾਨਾਂ ਨੂੰ ਹੋਰ ਜੋਸ਼ ਚੜ੍ਹ ਗਿਆ। ਉਹ ਸਾਹੋ ਸਾਹ ਹੋ ਕੇ ਆਪਣੀ ਤਾਕਤ ਅਜ਼ਮਾਈ ਕਰ ਰਹੇ ਸਨ। ਇੰਨੇ ਚਿਰ ਨੂੰ ਸਾਡੇ ਸਟਾਫ ਦਾ ਆਖਰੀ ਮੈਂਬਰ ਹਰਬੰਸ ਸਿੰਘ ਬਿੰਦਰਾ ਵੀ ਕਮਰੇ ਦੇ ਪਿਛਲੇ ਦਰਵਾਜਿਉਂ ਅੰਦਰ ਆ ਵੜਿਆ। ਉਸ ਨੇ ਸਾਨੂੰ ਆਪਣੇ ਨੇਕ ਮਿਸ਼ਨ ਵਿੱਚ ਮਸਰੂਫ ਦੇਖ ਕੇ ਤਾੜੀ ਮਾਰੀ, ਤੇ ਹੱਲਾ ਸ਼ੇਰੀ ਦੇਣੀ ਸ਼ੁਰੂ ਕੀਤੀ, "ਸ਼ਾਬਾਸ਼ ਬਹਾਦਰੋ! ਵੇਖਣਾ ਅਜ ਤੁਹਾਡੀ ਸ਼ਾਨ ਨੂੰ ਵਟਾ ਨਾ ਲੱਗੇ।" "ਬਹੁਤ ਖੂਬ ਆਪਣੀ ਪਿਠ ਨਾ ਲਗਣ ਦੇਣਾ", "ਕਿਆ ਕਹਿਣੈ", ਆਦਿ ਦੇ ਜਾਦੂ ਅਸਰ ਨਾਹਰਿਆਂ ਨਾਲ ਸਾਡਾ ਹੌਸਲਾ ਵਧਾਇਆ। ਅਸੀਂ ਅਗੇ ਤੋਂ ਦੂਗਣੇ ਉਤਸ਼ਾਹ ਨਾਲ ਹਮਲੇ ਕਰਨੇ ਸ਼ੁਰੂ ਕਰ ਦਿਤੇ।

ਇਸ ਵੇਲੇ ਸਾਰੇ ਕਮਰੇ ਦਾ ਸਾਮਾਨ ਬਿਖਰ ਗਿਆ ਸੀ। ਮੇਜ਼ ਤੇ ਕੁਰਸੀਆਂ ਲੱਗ ਪੱਗ ਟੁਟ ਚੁਕੀਆਂ ਸਨ। ਚਿਹਰੇ ਲਹੂ ਲੁਹਾਨ ਸਨ। ਸੱਚ ਮੁੱਚ ਜੇ ਦਰਸ਼ਕ ਇਸ ਸੀਨ ਨੂੰ ਵੇਖਦੇ, ਤਾਂ ਉਨ੍ਹਾਂ ਨੂੰ ਮਹਾਭਾਰਤ ਦਾ ਯੁੱਧ ਭੁਲ ਜਾਂਦਾ, ਤੇ ਜੇ ਗਾਮਾ ਪਹਿਲਵਾਨ ਅਤੇ ਕਿਕਰ ਸਿੰਘ ਵੇਖ ਲੈਂਦੇ, ਤਾਂ ਆਪਣੇ ਪਿਛੋਂ ਇਹਨਾਂ ਦੋ ਪਹਿਲਵਾਨਾਂ ਨੂੰ ਆਪਣੀਆਂ ਗਦੀਆਂ ਸੌਂਪ ਜਾਂਦੇ।

ਐਨ ਇਸ ਵੇਲੇ ਕਿਸੇ ਸਜਣ ਨੇ ਦਰਵਾਜ਼ਾ ਖੜਕਾਇਆ, ਪਰ ਪਹਿਲਵਾਨਾਂ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ ਤੇ ਆਪਣੇ ਕੰਮ ਵਿੱਚ ਜੁਟੇ ਰਹੇ। ਦਰਵਾਜ਼ੇ ਦੀ ਦੂਜੀ ਟਕੋਰ ਖੜਕਾਰ ਦਾ ਵੀ ਉਨ੍ਹਾਂ ਸੂਰਮਿਆਂ ਤੇ ਕੋਈ ਅਸਰ ਨਾ ਹੋਇਆ। ਅਖੀਰ ਜਦ ਤੀਜੀ ਖੜਕਾਰ ਨਾਲ ਕਿਸੇ ਹਾਕਮਾਨਾ ਲਹਿਜੇ ਵਿੱਚ ਜ਼ੋਰ ਦੀ ਕੂਕ ਕੇ ਕਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



'ਦਰਵਾਜ਼ਾ ਖੋਲ੍ਹੋ।' ਤਾਂ ਅਸੀਂ ਸੰਭਲੇ. ਤੇ ਇਕ ਦੂਜੇ ਤੋਂ ਅਲਹਿਦਾ ਹੋ ਗਏ। ਆਪਣੇ ਕਪੜੇ ਝਾੜ ਪੂੰਝ ਤੇ ਆਪਣੇ ਧੌਂਕਣੀ ਵਾਂਗ ਧੱਕ ਧੱਕ ਕਰਦੇ ਕਾਲਜੇ ਨੂੰ ਸੰਭਾਲਣ ਦੀ ਕੋਸ਼ਿਸ਼ ਹੀ ਕਰ ਰਹੇ ਸਾਂ, ਕਿ ਹਰਬੰਸ ਸਿੰਘ ਨੇ ਦਰਵਾਜ਼ਾ ਖੋਲ੍ਹ ਦਿਤਾ।

ਸਾਹਮਣੇ ਮਿਲਟਰੀ ਦਾ ਇਕ ਮੇਜਰ ਸਿੱਖ ਸਰਦਾਰ ਮੁਸਕ੍ਰਾਂਦਾ ਆ ਖੜੋਤਾ। ਸੜਕ ਤੇ ਇਕ ਵਡੀ ਕਾਰ ਵਿੱਚ ਇਕ ਚੰਦਰ-ਮੁਖੀ ਯੁਵਤੀ ਬੈਠੀ ਸੀ। ਸਾਨੂੰ ਤੇ ਸਾਡੇ ਦਫਤਰ ਨੂੰ ਇਸ ਦਸ਼ਾ ਵਿੱਚ ਵੇਖ ਕੇ ਉਹ ਕੁਝ ਹੈਰਾਨ ਜਿਹਾ ਹੋ ਗਿਆ। ਐਸਾ ਜਾਪਦਾ ਸੀ ਕਿ ਉਸ ਨੂੰ ਭੁਲੇਖਾ ਲਗਾ ਹੈ। ਉਸ ਨੇ ਬਾਹਰ ਥੋੜਾ ਪਿਛੇ ਹਟ ਕੇ ਬੋਰਡ ਵਲ ਨਜ਼ਰ ਮਾਰੀ। ਉਥੇ ਸਾਫ ਲਿਖਿਆ ਹੋਇਆ ਸੀ, 'ਕੌਮੀ ਕਾਲਜ'। ਫਿਰ ਉਸ ਨੇ ਕਾਲਜ ਸਟਾਫ ਦੇ ਬੋਰਡ ਨੂੰ ਪੜ੍ਹਿਆ: ਪ੍ਰਿੰਸੀਪਲ ਪ: ਸ: 'ਦਾਤਾ', ਪ੍ਰੋ: ਦਲੀਪ ਸਿੰਘ ਬੀ.ਏ. ਤੇ ਪ੍ਰੋ: ਹਰਬੰਸ ਸਿੰਘ 'ਬਿੰਦਰਾ'।

ਆਪਣਾ ਭੁਲੇਖਾ ਦੂਰ ਕਰਨ ਮਗਰੋਂ ਅੰਦਰ ਦੇ ਇਸ ਕਬਾੜਖਾਨੇ ਵਲ ਝਾਤ ਮਾਰ ਕੇ ਉਹ ਕਹਿਣ ਲਗਾ, "ਕੌਮੀ ਕਾਲਜ ਇਹੋ ਹੈ?"

'ਹਾਂ ਜੀ', ਸਾਡੇ ਅੰਗ੍ਰੇਜ਼ੀ ਦੇ ਪ੍ਰੋ: ਬਿੰਦਰਾ ਨੇ ਅੰਗ੍ਰੇਜ਼ੀ ਵਿੱਚ ਉਤਰ ਦਿਤਾ।

"ਤੇ ਪ੍ਰਿੰਸੀਪਲ ਦਾਤਾ ਸਾਹਿਬ?"

ਪ੍ਰੋ: ਬਿੰਦਰਾ ਨੇ ਮੇਰੇ ਵਲ ਉਂਗਲ ਕੀਤੀ।

"ਪ੍ਰੋ: ਦਲੀਪ ਸਿੰਘ, ਤੇ ਪ੍ਰੋ: ਬਿੰਦਰਾ?" ਮੇਜਰ ਸਾਹਿਬ ਦਾ ਤੀਜਾ ਪ੍ਰਸ਼ਨ ਸੀ।

ਪ੍ਰੋ: ਬਿੰਦਰਾ ਨੇ ਬੜੇ ਫਖਰ ਨਾਲ ਇਕ ਵਾਰ ਆਪਣੇ ਵਲ ਤੇ ਇਕ ਵਾਰ ਪ੍ਰੋ: ਦਲੀਪ ਸਿੰਘ ਵਲ ਇਸ਼ਾਰਾ ਕੀਤਾ।

ਮੇਜਰ ਸਾਹਿਬ ਨੇ ਕਾਰ ਵਾਲੀ ਯੁਵਤੀ ਨੂੰ ਕਿਹਾ - "ਸ਼ੀਲਾ ਬੇਟੀ! ਆਉ, ਆਪਣੇ ਕਾਲਜ ਦੇ ਪ੍ਰਿੰਸੀਪਲ ਸਾਹਿਬ ਦੇ ਦਰਸ਼ਨ ਕਰ ਲਵੇ।"

ਸਾਡੇ ਤਿੰਨਾਂ ਦਾ ਬੁਰਾ ਹਾਲ ਸੀ। ਪ੍ਰਿੰਸੀਪਲ ਸਾਹਿਬ ਤੇ ਪ੍ਰੋ: ਦਲੀਪ ਸਿੰਘ ਦੀਆਂ ਤਾਂ ਸ਼ਕਲਾਂ ਹੀ ਵਿਗੜੀਆਂ ਹੋਈਆਂ ਸਨ। ਕਪੜੇ ਫੱਟੇ ਹੋਏ, ਮੂੰਹ ਲਹੂ-ਲੁਹਾਨ ਤੇ ਸਾਹੋ ਸਾਹ ਹੋਏ ਖੜੋਤੇ ਅਸੀਂ ਦੋਵੇਂ ਸ਼ਰਮ ਨਾਲ ਪਾਣੀ ਪਾਣੀ ਹੋ ਰਹੇ ਸਾਂ।

ਉਸ ਯੁਵਤੀ ਨੇ ਅੰਦਰ ਝਾਤ ਮਾਰੀ, ਤੇ ਨਕ ਚਾੜ੍ਹਦਿਆਂ ਹੋਇਆਂ ਬੋਲੀ - "ਚਲੋ ਡੈਡੀ! ਇਥੋਂ ਛੇਤੀ ਚਲੋ। ਮੇਰਾ ਤਾਂ ਦਮ ਘੁਟਦਾ ਜਾ ਰਿਹਾ ਹੈ। ਇਹ ਤਾਂ ਨਿਰਾ ਕਬਾੜਖਾਨਾ ਹੈ।"

"ਨਹੀਂ ਬੇਟਾ! ਇਥੇ ਹੀ ਪੜ੍ਹਨਾ ਉਚਿਤ ਹੈ। ਤੁਸੀਂ ਕਹਿੰਦੇ ਸੋ ਨਾ, ਕਿ ਕੌਮੀ ਕਾਲਜ ਵਿੱਚ ਪ੍ਰਿੰਸੀਪਲ ਦਾਤਾ ਸਾਹਿਬ ਪਾਸੋਂ ਹੀ ਪੜ੍ਹਨਾ ਹੈ।" ਮੇਜਰ ਨੇ ਨਫਰਤ ਭਰੀ ਹਾਸੀ ਹਸਦਿਆਂ ਹੋਇਆਂ ਕਿਹਾ, ਤੇ ਦੋਵੇਂ ਕਾਰ ਵਿੱਚ ਜਾ ਬੈਠੇ।

ਕਾਰ ਸਟਾਰਟ ਹੋ ਕੇ ਤੁਰ ਜਾਣ ਪਿਛੋਂ ਵੀ ਕਿੰਨਾਂ ਚਿਰ ਸਾਡੇ ਦੋਹਾਂ ਦੇ ਦਿਲ ਧੜਕਦੇ ਰਹੇ, ਪਰ ਪਤਾ ਨਹੀਂ ਕਿਉਂ ਪ੍ਰੋ: ਬਿੰਦਰਾ ਮੂਰਖਾਂ ਵਾਂਗ ਹਸਦਾ ਹੀ ਜਾਵੇ, "ਬਾਬਾ ਲੋਕੋ! ਯਹਿ ਕੌਮੀ ਕਾਲਜ ਹੈ - ਯਹਿ ਕਬਾੜਖਾਨਾ ਨਹੀਂ। ਕੁਛ ਤਮੀਜ਼ ਤੋ ਸੀਖਨੀ ਚਾਹੀਏ ਤੁਮ ਲੋਗੋਂ ਕੋ. . .।"

ਦੂਜੇ ਦਿਨ ਅਸਾਂ ਇਸ ਕੌਮੀ ਕਾਲਜ ਦਾ ਬਚਿਆ ਖੁਚਿਆ ਫਰਨੀਚਰ ਆਪੋ ਵਿੱਚ ਵੰਡ ਲਿਆ ਤੇ ਕਾਲਜ ਨੂੰ ਸਦਾ ਲਈ ਜੰਦਰੇ ਲਾ ਦਿਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਾਜਸੀ ਸਰਗਰਮੀਆਂ

ਕੌਮੀ ਝੰਡਾ ਜ਼ਿੰਦਾਬਾਦ!

ਮੈਂ ਕਾਂਗਰਸ ਵਿੱਚ 1929-30 ਤੋਂ ਹੀ ਦਿਲਚਸਪੀ ਲੈ ਰਿਹਾ ਸਾਂ. ਪਰ ਭਗਤ ਸਿੰਘ ਦੀ ਸ਼ਹਾਦਤ ਪਿਛੋਂ ਨੌਜਵਾਨਾਂ ਦਾ ਰੁਖ ਨੌਜਵਾਨ ਭਾਰਤ ਸਭਾ ਵਲ ਤੇ ਉਸ ਪਿਛੋਂ ਸੋਸ਼ਲਿਸਟ ਪਾਰਟੀ ਵਲ ਹੋ ਗਿਆ। ਉਦੋਂ ਸੋਸ਼ਲਿਸਟ ਪਾਰਟੀ ਦਾ ਜਨਰਲ ਸੈਕਰੇਟਰੀ ਪ੍ਰਸਿੱਧ ਸਰਵੋਦਿਆ ਨੇਤਾ - ਜੈ ਪ੍ਰਕਾਸ਼ ਨਾਰਾਇਣ ਸੀ। ਉਸ ਸਮੇਂ ਸਾਰੇ ਦੇਸ਼ ਦੇ ਅਗਾਂਹ ਵਧੂ ਨੌਜਵਾਨ ਇਸ ਪਾਰਟੀ ਵਿੱਚ ਸ਼ਾਮਲ ਸਨ। ਅਜ ਦੀਆਂ ਦੋਵੇਂ ਕਮਿਊਨਿਸਟ ਪਾਰਟੀਆਂ ਉਸ ਸਮੇਂ ਇਸੇ ਪਾਰਟੀ ਨਾਲ ਸਬੰਧਤ ਸਨ।

ਰਾਵਲਪਿੰਡੀ ਦੇ ਨੌਜਵਾਨ ਭਾਰਤ ਸਭਾਈ, ਤੇ ਸੋਸ਼ਲਿਸਟ ਨੌਜਵਾਨਾਂ ਨੇ ਮਿਲ ਕੇ ਫੈਸਲਾ ਕੀਤਾ, ਕਿ ਕਾਂਗਰਸ ਕਮੇਟੀ ਤੇ ਕਬਜ਼ਾ ਕਰ ਲਿਆ ਜਾਵੇ। ਮੈਂ ਉਨ੍ਹੀਂ ਦਿਨੀ ਲਾਹੌਰ ਗਿਆ ਹੋਇਆ ਸਾਂ। ਮੇਰੀ ਗੈਰਹਾਜ਼ਰੀ ਵਿੱਚ ਹੀ ਉਨ੍ਹਾਂ ਨੇ ਕਾਮਰੇਡ ਅਬਦੁਲ ਅਜ਼ੀਜ਼ ਨੂੰ ਪ੍ਰਧਾਨ ਤੇ ਮੈਨੂੰ ਸਕੱਤਰ ਥਾਪ ਦਿਤਾ। ਇਸ ਤਰ੍ਹਾਂ ਅਸੀਂ ਕਾਂਗਰਸ ਤੇ ਪੂਰੀ ਤਰ੍ਹਾਂ ਕਬਜ਼ਾ ਕਰ ਸੋਸ਼ਲਿਸਟ ਪ੍ਰਚਾਰ ਅਰੰਭ ਦਿਤਾ।

ਉਦੋਂ ਕਾਂਗਰਸ ਦਾ ਦਫਤਰ ਲੁੰਡੇ ਬਾਜ਼ਾਰ ਵਿੱਚ ਹੁੰਦਾ ਸੀ। ਉਸ ਸਮੇਂ ਦੂਜੀ ਸੰਸਾਰ ਜੰਗ ਜ਼ੋਰਾਂ ਤੇ ਸੀ, ਕਿਸੇ ਮਨਚਲੇ ਨੇ ਕਾਂਗਰਸ ਦੇ ਦਫਤਰ ਨਾਲ ਕਰ ਕੇ ਤਿੰਨ ਚਾਰ ਕਪੜੇ ਦੇ ਬੋਰਡ ਲਟਕਾ ਦਿਤੇ, ਜਿਨ੍ਹਾਂ ਤੇ ਦਰਜ ਸੀ

1. ਇਸ ਜੰਗ ਦੀ ਜਿਤ ਪਿਛੋਂ ਹਿੰਦੀਆਂ ਨੂੰ ਕੀ ਮਿਲੇਗਾ? ਗੋਲੀਆਂ ਫਾਂਸੀਆ ਤੇ ਉਮਰਕੈਦ!

2. ਨੌਜਵਾਨਾਂ ਨੂੰ ਭਰਤੀ ਵਿਰੁਧ ਜਹਾਦ ਖੜਾ ਕਰ ਦੇਣਾ ਚਾਹੀਦਾ ਹੈ।

3. ਇਹ ਜੰਗ ਸਰਮਾਏਦਾਰਾਂ ਦੀ ਜੰਗ ਹੈ। ਇਸ ਨਾਲ ਸਾਡਾ ਕੋਈ ਸਹਿਕਾਰ ਨਹੀਂ ਆਦਿ।

ਇਹ ਬੋਰਡ ਕਈ ਮਹੀਨੇ ਉਥੇ ਟੰਗੇ ਰਹੇ। ਕਿਸੇ ਵਾਤ ਨਾ ਪੁਛੀ ਕਿ ਕਿਸ ਲਟਕਾਏ ਹਨ? ਡੀਫੈਂਸ ਦਾ ਮਹਿਕਮਾ ਕੇਂਦਰੀ ਸਰਕਾਰ ਪਾਸ ਸੀ. ਇਸ ਲਈ ਸ਼ਹਿਰ ਦੀ ਸੀ.ਆਈ.ਡੀ. ਨੇ ਸੂਬੇ ਨੂੰ ਖਬਰ ਕਰ ਦਿਤੀ। ਸੂਬਕ ਸੀ.ਆਈ.ਡੀ. ਦੀ ਰਿਪੋਰਟ ਤੇ ਛੇ ਮਹੀਨੇ ਪਿਛੋਂ ਕੇਂਦਰ ਨੇ ਐਕਸ਼ਨ ਲਿਆ। ਲਾਹੌਰ ਦੀ ਪੁਲਸ ਨੇ ਰਾਵਲਪਿੰਡੀ ਪਹੁੰਚ ਕੇ ਦਫਤਰ ਨੂੰ ਘੇਰ ਲਿਆ। ਉਦੋਂ ਕਾਂਗਰਸ ਦਾ ਦਫਤਰ ਉਪਰਲੀ ਛਤ ਤੇ ਸੀ। ਉਸ ਸਮੇਂ ਦਫਤਰ ਦਾ ਕਲਰਕ ਦਫਤਰ ਬੰਦ ਕਰ ਕੇ ਹੇਠਾਂ ਉਤਰ ਰਿਹਾ ਸੀ। ਪੁਲਸ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਸ ਨੂੰ ਪੁਛਿਆ, ਕਾਂਗਰਸ ਦਾ ਦਫਤਰ ਕਿਥੇ ਹੈ? ਉਹ ਉਪਰ ਵਲ ਇਸ਼ਾਰਾ ਕਰ ਕੇ ਆਪ ਚਲਦਾ ਬਣਿਆ। ਸ਼ਾਮ ਦਾ ਵੇਲਾ ਸੀ, ਕਿਸੇ ਨੂੰ ਨਹੀਂ ਸੀ ਪਤਾ ਕਿ ਪ੍ਰਧਾਨ ਤੇ ਸਕੱਤਰ ਕਿਥੇ ਰਹਿੰਦੇ ਹਨ?

ਸੋ ਦਫਤਰ ਸਾਹਮਣੇ ਪੁਲਸ ਧਰਨਾ ਮਾਰ ਕੇ ਬੈਠ ਗਈ, ਤਾਂ ਜੋ ਸਵੇਰੇ ਜੋ ਬੰਦਾ ਦਫਤਰ ਵਿੱਚ ਆਵੇ, ਉਸ ਨੂੰ ਫੜ ਲਿਆ ਜਾਵੇ। ਪੁਲਸ ਦਾ ਵਿਚਾਰ ਸੀ, ਕਿ ਦਫਤਰ ਦਾ ਸਾਰਾ ਰੀਕਾਰਡ ਕਬਜ਼ੇ ਵਿੱਚ ਕਰ ਕੇ ਵਰਕਿੰਗ ਕਮੇਟੀ ਨੂੰ ਫੜ ਡੀਫੈਂਸ ਮਾਤਹਿਤ ਕੇਸ ਚਲਾ ਦਿਤਾ ਜਾਵੇ।

ਮੈਂ ਉਦੋਂ ਸ਼ਹਿਰ ਵਿੱਚ ਨਹੀਂ ਸਾਂ। ਕਲਰਕ ਨੇ ਪ੍ਰਧਾਨ ਕਾਮਰੇਡ ਅਬਦੁਲ ਅਜ਼ੀਜ਼ ਨੂੰ ਜਾ ਖਬਰ ਪੁਚਾਈ। ਪ੍ਰਧਾਨ ਨੇ ਦੋ-ਤਿੰਨ ਹੋਰ ਨੌਜਵਾਨਾਂ ਨੂੰ ਬੁਲਾ ਕੇ ਗੱਲ ਦਸੀ, ਤੇ ਫੈਸਲਾ ਹੋਇਆ ਕਿ ਦਫਤਰੋਂ ਸਭ ਰੀਕਾਰਡ ਕਢ ਲਿਆ ਜਾਵੇ। ਸੋ ਉਸੇ ਦਿਨ ਅਧੀ ਰਾਤ ਨੂੰ ਪਿਛਲੇ ਮਕਾਨਾਂ ਰਾਹੀਂ ਦਫਤਰ 'ਚੋਂ ਸਾਰਾ ਰੀਕਾਰਡ ਕਢ ਲਿਆ ਗਿਆ। ਇਥੋਂ ਤੀਕ ਕਿ ਦਰੀਆਂ ਤੇ ਕੁਰਸੀਆਂ ਆਦਿ ਵੀ ਸਮੇਟ ਲਈਆਂ ਗਈਆਂ, ਤੇ ਇਹ ਸਭ ਸਾਮਾਨ ਕਿਸੇ ਪਾਰਟੀ ਕਾਰਕੁੰਨ ਦੇ ਘਰ ਪੁਚਾ ਦਿਤਾ ਗਿਆ।

ਪੂਰੇ ਦੋ ਦਿਨ ਪੁਲਸ ਨੇ ਦਫਤਰ ਘੇਰੀ ਰਖਿਆ, ਪਰ ਦਫਤਰ ਦੀ ਖਬਰ ਸੁਰਤ ਲੈਣ ਕੋਈ ਨਾ ਪਹੁੰਚਿਆ ਤੇ ਅੰਤ ਤੰਗ ਆ ਕੇ ਪੁਲਸ ਸ਼ਹਿਰ ਦੇ ਸਰਕਰਦਾ ਆਦਮੀਆਂ ਸਾਹਮਣੇ ਤਾਲਾ ਤੋੜ ਅੰਦਰ ਦਾਖਲ ਹੋ ਗਈ। ਅੰਦਰ ਬਿਲਕੁਲ ਸਫਾਈ ਹੋਈ ਹੋਈ ਸੀ। ਪੁਲਸ ਦੀ ਬੜੀ ਨਮੋਸ਼ੀ ਹੋਈ। ਲੋਕੀਂ ਤਾੜੀਆਂ ਮਾਰਨ, ਤੇ ਪੁਲਸ ਕਚੀਚੀਆਂ ਵਟੇ। ਅਖੀਰ ਉਹ ਤਿੰਨ-ਚਾਰ ਕਪੜੇ ਦੇ ਬੋਰਡ ਲਾਹ ਕੇ ਲਾਹੌਰ ਤੁਰਦੀ ਬਣੀ।

ਇਨ੍ਹੀਂ ਦਿਨੀਂ ਹੀ ਕਿਸੇ ਖਾਸ ਕਾਰਨ ਸ਼ਹਿਰ ਦੇ ਇਕ-ਦੋ ਸਕੂਲਾਂ ਵਿੱਚ ਹੜਤਾਲ ਹੋ ਗਈ। ਪਾਰਟੀ ਨੇ ਫੈਸਲਾ ਕੀਤਾ, ਕਿ ਬਾਕੀ ਦੇ ਸਕੂਲਾਂ ਵਿੱਚ ਵੀ ਹੜਤਾਲ ਕਰਾ ਦਿਤੀ ਜਾਵੇ। ਹੋਰ ਸਾਰੇ ਸਕੂਲ ਤਾਂ ਬੰਦ ਹੋ ਗਏ, ਪਰ ਇਸਲਾਮੀਆ ਸਕੂਲ ਬੰਦ ਨਾ ਹੋਇਆ। ਸਕੂਲ ਕਚਹਿਰੀ ਰੋਡ ਤੇ ਸੀ। ਸਵੇਰੇ ਦਸ ਕੁ ਵਜੇ ਨੌਜਵਾਨਾਂ ਨੇ ਕੌਮੀ ਝੰਡੇ ਲੈ ਕੇ ਨਾਹਰੇ ਮਾਰਨੇ ਸ਼ੁਰੂ ਕਰ ਦਿਤੇ। ਪਤਾ ਨਹੀਂ ਕਿਥੋਂ 15-20 ਲਾਲ ਤੁਰਕੀ ਟੋਪੀਆਂ ਵੀ ਉਨ੍ਹਾਂ ਪ੍ਰਾਪਤ ਕਰ ਲਈਆਂ, ਜਿਨ੍ਹਾਂ ਤੋਂ ਅਜਿਹਾ ਜਾਪਦਾ ਸੀ, ਕਿ ਮੁਸਲਮਾਣ ਨੌਜਵਾਨ ਹੀ ਸਕੂਲ ਵਿੱਚ ਹੜਤਾਲ ਕਰਾਣਾ ਚਾਹੁੰਦੇ ਹਨ।

ਸਕੂਲ, ਸੜਕ ਦੇ ਕੰਢੇ ਤੇ ਹੋਣ ਕਾਰਨ ਉਥੇ ਤਕੜੀ ਆਵਾਜਾਈ ਸੀ। ਅਧੇ ਕੁ ਘੰਟੇ ਵਿੱਚ ਹੀ ਉਥੇ ਹਜ਼ਾਰਾਂ ਤਮਾਸ਼ਾਈ ਇੱਕਠੇ ਹੋ ਗਏ। ਤਮਾਸ਼ਾਈ ਲੋਕ ਵੀ ਨਾਹਰੇ-ਬਾਜ਼ੀ ਵਿੱਚ ਸ਼ਾਮਲ ਹੋ ਗਏ, ਜਿਸ ਨਾਲ ਜਨਤਾ ਵਿੱਚ ਕਾਫੀ ਜੋਸ਼ ਫੈਲ ਗਿਆ।

ਸਕੂਲ ਵਿੱਚ ਹੈਡਮਾਸਟਰ ਨੇ ਇਮਤਿਹਾਨ ਰਖ ਦਿਤਾ, ਤਾਂ ਜੋ ਕੋਈ ਵਿਦਿਆਰਥੀ ਬਾਹਰ ਨਾ ਨਿਕਲ ਸਕੇ। ਵੈਸੇ ਵੀ ਉਦੋਂ ਤੀਕ ਪਿਛਾਹਾਂਖਿਚੂ ਤੇ ਫਿਰਕਾਪ੍ਰਸਤ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਆਜ਼ਾਦੀ ਦੀ ਭਾਵਨਾ ਨਹੀਂ ਸੀ ਜਾਗੀ।

ਸਕੂਲ ਅੰਦਰ, ਸਕੂਲ ਦੇ ਮਾਸਟਰ, ਸਰਕਰਦਾ ਲੀਗੀ, ਤੇ ਪੁਲਸ ਸੀ, ਤੇ ਬਾਹਰ ਹਜ਼ਾਰਾਂ ਦਾ ਮਜਮਾ, ਜੋ ਪਲ ਪਲ ਵਧੀ ਜਾ ਰਿਹਾ ਸੀ। ਐਨ ਇਸ ਸਮੇਂ ਇਕ ਸਿੱਖ ਨੌਜਵਾਨ ਛੁਪਦਾ ਲੁਕਦਾ ਸਕੂਲ ਦੀ ਉਪਰਲੀ ਛਤ ਤੇ ਜਾ ਚੜ੍ਹਿਆ, ਤੇ ਜੇਬ 'ਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਕਾਂਗਰਸੀ ਝੰਡਾ ਕਢ ਕੇ ਲਹਿਰਾ ਦਿਤਾ। ਇਹ ਵੇਖ ਲੋਕਾਂ ਨੇ ਖੂਬ ਜ਼ੋਰ ਸ਼ੋਰ ਨਾਲ ਨਾਹਰੇ ਤੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਇਹ ਲੋਕਾਂ ਦੀ ਬੜੀ ਭਾਰੀ ਜਿਤ ਸੀ, ਜਿਹੜੀ ਪੁਲਸ ਤੇ ਸਕੂਲ ਦੇ ਕਾਰਕੁੰਨਾਂ ਨੂੰ ਪ੍ਰਵਾਨ ਨਹੀਂ ਸੀ। ਸੋ, ਉਹ ਦੌੜਦੇ ਗਏ, ਤੇ ਛਤ ਤੇ ਪਹੁੰਚ ਕੇ ਉਸ ਨੌਜਵਾਨ ਨੂੰ ਖੂਬ ਕੁਟਿਆ, ਤੇ ਉਸ ਹਥੋਂ ਝੰਡਾ ਖੋਹ ਲਿਆ।

ਲੋਕੀਂ ਗੁੱਸੇ ਵਿੱਚ ਭਰੇ ਭਰੂਤੇ ਨਾਹਰੇ ਮਾਰ ਰਹੇ ਸਨ। ਮੇਰੇ ਸਾਥੀਆਂ ਨੇ ਮੈਨੂੰ ਪੁਛਿਆ, "ਅਸੀਂ ਕੌਮੀ ਝੰਡੇ ਦੀ ਤੌਹੀਨ ਦਾ ਬਦਲਾ ਲੈਣਾ ਚਾਹੁੰਦੇ ਹਾਂ।" ਮੈਨੂੰ ਝੱਟ ਇਕ ਤਜਵੀਜ਼ ਸੁਝੀ, ਮੈਂ ਕਿਹਾ, "ਯੂਨੀਅਨ ਜੈਕ ਨੂੰ ਚੁਰਾਹੇ ਵਿੱਚ ਅਗ ਲਾ ਦਿਓ।"

ਹੁਣ ਯੂਨੀਅਨ ਜੈਕ ਕਿਥੋਂ ਆਵੇ? ਮੈਨੂੰ ਇਕ ਦਮ ਯਾਦ ਆ ਗਿਆ, ਕਿ ਮੈਂ ਕੁਝ ਦਿਨ ਹੋਏ ਯੂਨੀਅਨ ਜੈਕ ਕਿਸੇ ਕਬਾੜੀ ਦੀ ਦੁਕਾਨ ਤੇ ਵੇਖਿਆ ਸੀ। ਉਥੋਂ ਦੋ ਮਿੰਟ ਦੀ ਛੁਟੀ ਲੈ ਕੇ ਮੈਂ ਸ਼ਹਿਰ ਦੌੜਦਾ ਗਿਆ, ਤੇ ਯੂਨੀਅਨ ਜੈਕ ਲਿਆ ਕੇ ਪਾਰਟੀ ਦੇ ਹਵਾਲੇ ਕਰ ਦਿਤਾ। ਉਨ੍ਹਾਂ ਅੰਗਰੇਜ਼ੀ ਝੰਡੇ ਨੂੰ ਪੁਲਸ ਤੇ ਹਜ਼ਾਰਾਂ ਦੀ ਖਲਕਤ ਸਾਹਮਣੇ ਅਗ ਲਗਾ ਦਿਤੀ। ਲੋਕੀ ਨਾਹਰੇ ਮਾਰਦੇ ਤੇ ਜਿਤ ਦੇ ਤਰਾਨੇ ਗਾਂਦੇ ਜਲੂਸ ਦੀ ਸ਼ਕਲ ਵਿੱਚ ਉਥੋਂ ਸ਼ਹਿਰ ਵਲ ਤੁਰ ਪਏ।

ਸਾਨੂੰ ਉਸ ਦਿਨ ਸ਼ਾਮ ਨੂੰ ਹੀ ਪਤਾ ਲਗ ਚੁਕਾ ਸੀ, ਕਿ ਯੂਨੀਅਨ ਜੈਕ ਦੀ ਤੌਹੀਨ ਦੇ ਸਿਲਸਿਲੇ ਵਿੱਚ ਪੁਲਸ ਅਵੱਸ਼ ਗ੍ਰਿਫਤਾਰੀਆਂ ਕਰੇਗੀ, ਤੇ ਮੁਕਦਮਾ ਚਲਾਵੇਗੀ।

ਪਾਰਟੀ ਨੇ ਰਾਤੋ ਰਾਤ ਮੀਟਿੰਗ ਬੁਲਾਈ ਤੇ ਫੈਸਲਾ ਕੀਤਾ ਕਿ ਸਾਰੇ ਪਾਰਟੀ ਮੈਂਬਰ ਰੂਪੋਸ਼ ਹੋ ਜਾਣ। ਮੈਂ ਰਾਵਲਪਿੰਡੀ ਤੋਂ ਚੁਪ ਚਾਪ ਆਪਣੇ ਦੋ ਸਾਥੀਆਂ ਨਾਲ ਕਸ਼ਮੀਰ ਚਲਾ ਗਿਆ ਤੇ ਉਥੋਂ ਵਾਪਸ ਆ ਕੇ ਲਾਹੌਰ ਆ ਗਿਆ। ਪਿਛੋਂ ਪਤਾ ਲਗਾ, ਕਿ ਦਸ ਸਾਥੀਆਂ ਨੂੰ ਪੁਲਸ ਫੜ ਕੇ ਲੈ ਗਈ ਸੀ। ਇਹ ਮੁਕਦਮਾ ਕਾਫ਼ੀ ਦੇਰ ਚਲਦਾ ਰਿਹਾ ਪਰ ਅਖੀਰ ਪੁਲਸ ਨੂੰ ਕੇਸ ਵਾਪਸ ਲੈਣਾ ਪਿਆ, ਕਿਉਂਕਿ, ਯੂਨੀਅਨ ਜੈਕ ਕਿਥੋਂ ਆਇਆ, ਤੇ ਉਸ ਨੂੰ ਕਿਸ ਨੇ ਅਗਨੀ ਭੇਟ ਕੀਤਾ, ਇਸ ਦਾ ਸਬੂਤ ਨਹੀਂ ਸੀ ਮਿਲ ਰਿਹਾ।

## ਟੋਡੀ-ਮੌਲਾ ਬਖਸ਼

ਇਨ੍ਹੀਂ ਦਿਨੀਂ ਮੌਲਾ ਬਖਸ਼ ਨਾਂ ਦਾ ਇਕ ਬੜਾ ਤਕੜਾ ਫਿਰਕੂ ਤੇ ਟੋਡੀ ਜ਼ਿਮੀਂਦਾਰ, ਪਿੰਡੀ ਮਿਊਂਸਿਪਲ ਕਮੇਟੀ ਦਾ ਮੈਂਬਰ ਸੀ। ਉਹ ਕਮੇਟੀ ਦਾ ਪ੍ਰੈਜ਼ੀਡੈਂਟ ਤੇ ਵਾਈਸ ਪ੍ਰੈਜ਼ੀਡੈਂਟ ਵੀ ਰਹਿ ਚੁਕਿਆ ਸੀ। ਉਹ ਕਟੜ ਸਰਕਾਰਪ੍ਰਸੱਤ, ਤੇ ਮੁਤੱਸਬ ਹੋਣ ਕਾਰਣ ਰਾਜਸੀ ਕਾਰਕੁੰਨਾਂ ਨੂੰ ਬੜਾ ਤੰਗ ਕਰਦਾ ਰਹਿੰਦਾ। ਫੜੇ ਗਏ ਕਾਂਗਰਸੀਆਂ ਵਿਰੁਧ ਆਪ ਗਵਾਹੀਆਂ ਦੇਂਦਾ ਤੇ ਆਪਣੇ ਪਾਸੋਂ ਪੈਸੇ ਖਰਚ ਕਰ ਕੇ ਸਰਕਾਰੇ-ਦਰਬਾਰੇ ਟੋਡੀ ਹੋਣ ਦਾ ਨਾਮਣਾ ਖਟਦਾ ਸੀ। ਉਸ ਨੂੰ ਆਸ ਸੀ, ਕਿ ਉਸ ਦੀਆਂ ਇਨ੍ਹਾਂ ਸੇਵਾਵਾਂ ਬਦਲੇ ਉਸ ਨੂੰ ਖਾਨ ਬਹਾਦਰ ਬਣਾ ਦਿਤਾ ਜਾਵੇਗਾ।

ਸੋਸ਼ਲਿਸਟ ਪਾਰਟੀ ਵਾਲਿਆਂ ਗਾਂਧੀ ਜੀ ਦੇ ਅਹਿੰਸਾਵਾਦ ਨੂੰ ਪਾਲਸੀ ਦੇ ਤੌਰ ਤੇ ਅਪਣਾਇਆ ਸੀ, ਅਕੀਦੇ ਦੇ ਤੌਰ ਤੇ ਨਹੀਂ। ਇਸ ਲਈ ਲੋੜ ਪੈਣ ਤੇ ਉਹ ਲੋਕ ਡਾਂਗ ਸੋਟਾ ਵੀ ਫੇਰ ਲੈਂਦੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਕ ਵਾਰ ਮੌਲਾ ਬਖਸ਼ ਨੇ ਆਪਣੇ ਖੇਤਾਂ ਦੀ ਵਾਢੀ ਤੇ ਕਮੇਟੀ ਦੇ ਭੰਗੀਆਂ ਨੂੰ ਬੁਲਾ ਲਿਆ। ਫਸਲ ਕਟਦਿਆਂ ਕਾਮਰੇਡਾਂ ਨੇ ਉਨ੍ਹਾਂ ਦੀਆਂ ਫੋਟੋਆਂ ਲੈ ਲਈਆਂ। ਦੂਜੇ ਦਿਨ ਲੋਕਲ ਅਖਬਾਰਾਂ ਵਿੱਚ ਉਹ ਤਸਵੀਰਾਂ ਦੇ ਕੇ ਮੌਲੇ ਨੂੰ ਖੂਬ ਨਸ਼ਰ ਕੀਤਾ ਗਿਆ। ਮੌਲੇ ਨੇ ਇਸ ਨੂੰ ਚੈਲੰਜ ਸਮਝਿਆ ਤੇ ਕੁਝ ਸਰਕਰਦਾ ਕਾਮਰੇਡਾਂ ਨੂੰ ਇਕ ਮੁਕਦਮੇਂ ਵਿੱਚ ਫਸਾ ਦਿਤਾ। ਕਾਮਰੇਡ ਮੁਕਦਮੇ ਦੀ ਤ੍ਰੀਕ ਭੁਗਤਣ ਤੋਂ ਪਹਿਲਾਂ ਕਚਹਿਰੀ ਤੋਂ ਬਾਹਰ ਉਸ ਨੂੰ ਘੇਰ ਲੈਂਦੇ, ਤੇ ਵਕੀਲ ਆਦਿ ਦੇ ਖਰਚੇ ਲਈ ਉਸ ਤੋਂ ਚੰਦੇ ਦੀ ਮੰਗ ਕਰਦੇ। ਜੇ ਉਹ ਇਨਕਾਰੀ ਹੁੰਦਾ ਤਾਂ ਉਸ ਨੂੰ ਗਾਲ੍ਹਾਂ ਤੇ ਧਕੇ ਮੁਕਿਆਂ ਦਾ ਗਫਾ ਛਕਾਇਆ ਜਾਂਦਾ। ਫਿਰ ਉਹ ਹਰ ਤ੍ਰੀਕ ਤੇ ਕਾਮਰੇਡਾਂ ਲਈ ਦਸਵੰਧ ਕਢਣ ਲਗ ਪਿਆ। ਇਕੋ ਮੁਕਦਮੇ ਤੇ ਉਹ ਦੋਹਾਂ ਧਿਰਾਂ ਦਾ ਖਰਚ ਦਿਤਾ ਕਰੇ। ਨਾਲੇ ਪਬਲਿਕ ਵਲੋਂ ਬਦਨਾਮੀ ਖਟੀ ਨਾਲੇ ਸਰਕਾਰ ਦੀਆਂ ਅਖਾਂ ਵਿੱਚ ਰੜਕਣ ਲਗਾ :

ਨਾਲੇ ਰੰਨ ਗਈ ਨਾਲੇ ਕੰਨ ਪਾਟੇ, ਦਸੋ ਇਸ਼ਕ 'ਚੋਂ ਨਫਾ ਕੀ ਖਟਿਆ ਸੂ।

ਅਖੀਰ ਉਸ ਤੰਗ ਆ ਕੇ ਮੁਕਦਮਾ ਵਾਪਸ ਲੈ ਲਿਆ, ਪਰ ਕਾਮਰੇਡਾਂ ਨੇ ਉਸ ਦਾ ਫਿਰ ਵੀ ਪਿਛਾ ਨਾ ਛਡਿਆ, ਤੇ ਹਰ ਲੋੜ ਸਮੇਂ ਉਹ ਉਸ ਪਾਸੋਂ ਚੰਦਾ ਬਟੋਰ ਲੈਂਦੇ।

## ਰਾਜਸੀ ਕਾਨਫਰੰਸ : ਕੋਹਮਰੀ:

ਸੰਨ 1938-39 ਦੇ ਦਿਨ ਸਨ। ਅਸੀਂ ਕੋਹਮਰੀ ਵਿੱਚ ਇਕ ਤਕੜੀ ਰਾਜਸੀ ਕਾਨਫਰੰਸ ਰਖੀ। ਬੀ. ਪੀ. ਐਲ. ਬੇਦੀ ਕਾਨਫਰੰਸ ਦਾ ਪ੍ਰਧਾਨ ਸੀ, ਮੁਨਸ਼ੀ ਅਹਿਮਦ ਦੀਨ ਤੇ ਟੀਕਾ ਰਾਮ ਸੁਖਨ ਆਦਿ ਬਹੁਤ ਸਾਰੇ ਲੀਡਰ ਪਧਾਰੇ ਹੋਏ ਸਨ। ਉਨ੍ਹੀਂ ਦਿਨੀਂ ਰਾਵਲਪਿੰਡੀ ਤੇ ਕੋਹਮਰੀ ਦੇ ਇਲਾਕੇ ਵਿੱਚ ਖਾਕਸਾਰਾਂ ਦਾ ਬੜਾ ਜ਼ੋਰ ਸੀ। ਕਾਨਫਰੰਸ ਸਮੇਂ ਖਾਕਸਾਰਾਂ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿਤੇ। ਅਸੀਂ ਪੁਲਸ ਦੀ ਤਵੱਜੋ ਇਸ ਸ਼ੋਰ-ਸ਼ਰਾਬੇ ਵਲ ਦਵਾਈ, ਪਰ ਉਹ ਤਮਾਸ਼ਾ ਵੇਖਦੀ ਰਹੀ। ਅਖੀਰ ਕਾਮਰੇਡਾਂ ਨੇ ਹਾਕੀਆਂ ਤੇ ਡਾਂਗਾ ਨਾਲ ਖਾਕਸਾਰਾਂ ਦੇ ਪਾਸੇ ਭੰਨ ਦਿਤੇ। ਇਸ ਤੇ ਸੈਂਕੜੇ ਖਾਕਸਾਰ ਜਲਸੇ ਤੇ ਟੁਟ ਪਏ। ਘੰਟਾ ਕੁ ਜਮ ਕੇ ਲੜਾਈ ਹੋਈ। ਜਿਨ੍ਹਾਂ ਪਾਸ ਡਾਂਗਾਂ ਨਹੀਂ ਸਨ, ਉਨ੍ਹਾਂ ਕੁਰਸੀਆਂ ਤੇ ਮੇਜ਼ਾਂ ਦੇ ਡੰਡੇ ਤੋੜ ਲਏ। ਕਾਫੀ ਦੇਰ ਦੀ ਮਾਰ ਕੁਟ ਪਿਛੋਂ ਇਹ ਲੜਾਈ ਥਮੀ ਅਰ ਖਾਕਸਾਰ ਨਠ ਗਏ। ਲੜਾਈ ਵੇਲੇ ਤਾਂ ਪੁਲਸ ਤਮਾਸ਼ਾਈ ਬਣੀ ਰਹੀ, ਪਰ ਹੁਣ ਉਸ ਨੇ ਗ੍ਰਿਫਤਾਰੀਆਂ ਸ਼ੁਰੂ ਕੀਤੀਆਂ, ਤੇ ਪਕੜ ਧਕੜ ਵੀ ਸਾਡੇ ਬੰਦਿਆਂ ਦੀ ਸ਼ੁਰੂ ਹੋਈ।

ਇਸ ਕਾਨਫਰੰਸ ਦੇ ਖਰਚਾਂ ਲਈ ਜਦੋਂ ਅਸੀਂ ਕੋਹਮਰੀ ਦੇ ਵਡੇ ਵਡੇ ਧਨੀਆਂ ਪਾਸ ਜਾਂਦੇ, ਤਾਂ ਉਹ ਕਾਮਰੇਡਾਂ ਨੂੰ ਮੂੰਹ ਨਾ ਲਾਉਂਦੇ। ਇਸੇ ਤਰ੍ਹਾਂ ਇਕ ਵਾਰ ਅਸੀਂ ਇਕ ਤਕੜੇ ਟੋਡੀ ਫੋਟੋਗਰਾਫਰ ਦੀ ਦੁਕਾਨ ਤੇ ਚੰਦਾ ਲੈਣ ਗਏ, ਤਾਂ ਉਸ ਸਭ ਨੂੰ ਫਿਟਕਾਰ ਪਾ ਕੇ ਦੁਕਾਨੋਂ ਬਾਹਰ ਕਢ ਦਿਤਾ। ਬਾਹਰ ਆ ਕੇ ਕਾਮਰੇਡਾਂ ਨੇ ਆਪੋ ਵਿੱਚ ਕੁਝ ਸਲਾਹ ਕੀਤੀ, ਤੇ ਉਸ ਦੁਕਾਨਦਾਰ ਦਾ ਨਾਂ ਲੈ ਕੇ ਨਾਹਰੇ ਮਾਰਨੇ ਸ਼ੁਰੂ ਕਰ ਦਿਤੇ ਫੋਟੋਗਰਾਫ਼ਰ "ਜ਼ਿੰਦਾਬਾਦ" "ਕਾਂਗਰਸ ਜ਼ਿੰਦਾਬਾਦ"। ਲੋਕੀ ਕਠੇ ਹੋ ਗਏ, ਤਾਂ ਕਾਮਰੇਡਾਂ ਨੇ ਉਸ ਦਿਨ ਦੀ ਕਠੀ ਕੀਤੀ ਰਕਮ ਲੋਕਾਂ ਨੂੰ ਵਿਖਾ ਕੇ ਕਿਹਾ - ਕਿ ਇਹ ਸਾਰੀ ਮਾਇਆ ਇਸ ਫਰਮ ਨੇ ਰਾਜਸੀ ਕਾਨਫਰੰਸ ਨੂੰ ਭੇਟ ਕੀਤੀ ਹੈ। ਇਸ ਪਿਛੋਂ ਉਨ੍ਹਾਂ ਫਿਰ ਉਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨਾਂ ਦੇ ਨਾਹਰੇ ਮਾਰਨੇ ਸ਼ੁਰੂ ਕਰ ਦਿਤੇ। ਉਹ ਸਰਕਾਰੀ ਪਿਠੂ ਡਰ ਗਿਆ। ਉਸ ਇਕ ਕਾਮਰੇਡ ਨੂੰ ਅੰਦਰ ਬੁਲਾ ਕੇ ਚੰਦਾ ਭੇਟ ਕਰ ਕੇ ਬੇਨਤੀ ਕੀਤੀ, ਕਿ ਨਾਹਰੇ ਬੰਦ ਕਰ ਕੇ ਚਲੇ ਜਾਓ। ਜੇ ਪੁਲਸ ਨੂੰ ਪਤਾ ਲਗ ਗਿਆ; ਕਿ ਮੈਂ ਰਾਜਸੀ ਬੰਦਿਆਂ ਨੂੰ ਚੰਦਾ ਦਿਤਾ ਹੈ ਤਾ ਮੇਰੀ ਖੈਰ ਨਹੀਂ! ਕਾਮਰੇਡ ਝੰਡੇ ਲਹਿਰਾਂਦੇ ਤੇ ਧਨੀਆਂ ਪਾਸੋਂ ਇਸੇ ਢੰਗ ਨਾਲ ਚੰਦਾ ਉਗਰਾਹੁੰਦੇ ਆਪਣੇ ਰਾਹ ਪਏ।

## ਰਾਜਸੀ ਕਾਨਫਰੰਸ : ਕੈਂਬਲਪੁਰ

ਕੁਝ ਦਿਨ ਮਗਰੋਂ ਸਾਡੇ ਇਕ ਸਾਥੀ ਕਾਮਰੇਡ ਭਗਤ ਸਿੰਘ ਤਾਂਘ ਨੇ ਰਾਵਲਪਿੰਡੀ ਤੇ ਕੈਂਬਲਪੁਰ ਦੇ ਇਲਾਕਿਆਂ ਵਿੱਚ ਕਾਂਗਰਸ ਦਾ ਖ਼ੂਬ ਪਰਚਾਰ ਕੀਤਾ। ਸੋ ਅਸੀਂ ਕਾਂਗਰਸ ਦੀ ਇਕ ਹੋਰ ਕਾਨਫਰੰਸ ਦਾ ਪ੍ਰੋਗਰਾਮ ਬਣਾ ਲਿਆ। ਸੰਨ 1933 ਵਿੱਚ ਦੇਸ ਦੇ ਕਈ ਸੂਬਿਆਂ ਵਿੱਚ ਕਾਂਗਰਸ ਅਸੰਬਲੀਆਂ ਬਣ ਗਈਆਂ, ਪਰ ਕਾਂਗਰਸ ਤੇ ਸੋਸ਼ਲਿਸਟ ਪਾਰਟੀ ਦੇ ਤੂਫਾਨੀ ਦੌਰਿਆਂ ਤੇ ਪ੍ਰਚਾਰ ਦੇ ਬਾਵਜੂਦ ਪੰਜਾਬ ਵਿੱਚ ਸਰਕਾਰਪ੍ਰਸਤ ਯੂਨੀਅਨਿਸਟ ਹਕੂਮਤ ਕਾਇਮ ਹੋ ਗਈ। ਇਸ ਸਰਕਾਰ ਦਾ ਮੁਖ ਮੰਤਰੀ ਸਰ ਸਕੰਦਰ ਹਯਾਤ ਬਣਿਆ ਤੇ ਸਰ ਸੁੰਦਰ ਸਿੰਘ ਮਜੀਠੀਆ ਤੇ ਸਰ ਛੋਟੂ ਰਾਮ ਮੰਤਰੀ ਬਣੇ।

ਇਨੀਂ ਦਿਨੀਂ ਹੀ ਅਸੀਂ ਕਾਂਗਰਸ ਦੀ ਬੜੀ ਤਕੜੀ ਕਾਨਫਰੰਸ ਅਧਵਾਲ (ਜ਼ਿਲਾ ਕੈਂਬਲਪੁਰ) ਰਖੀ। ਇਸ ਕਾਨਫੰਰਸ ਦਾ ਪ੍ਰਧਾਨ ਸਰ ਸਕੰਦਰ ਹਯਾਤ ਦਾ ਨੌਜਵਾਨ ਭਤੀਜਾ ਸੋਸ਼ਲਿਸਟ ਸ਼ੌਕਤ ਹਯਾਤ ਨੂੰ ਬਣਾਇਆ ਗਿਆ। ਉਸ ਕਾਨਫੰਰਸ ਵਿੱਚ ਬਹੁਤ ਸਾਰੇ ਸੂਬਕ ਲੀਡਰ ਆਏ। ਜਿਨ੍ਹਾਂ ਵਿੱਚ ਮੁਨਸ਼ੀ ਅਹਿਮਦ ਦੀਨ, ਸ੍ਰ. ਪ੍ਰਤਾਪ ਸਿੰਘ ਕੈਰੋਂ ਟੀਕਾ ਰਾਮ ਸੁਖਨ ਆਦਿ ਨੇਤਾ ਸਨ। ਕਾਨਫਰੰਸ ਬੜੀ ਕਾਮਯਾਬ ਰਹੀ।

## ਮਾਡਲ ਟਾਊਨ, ਲਾਹੌਰ

ਸ੍ਰ. ਗੁਰਬਖ਼ਸ਼ ਸਿੰਘ ਹੋਰਾਂ ਨੂੰ ਮੈਂ ਪਹਿਲਾਂ ਪੰਜਾ ਸਾਹਿਬ ਤੇ ਰਾਵਲਪਿੰਡੀ ਮਿਲ ਚੁਕਾ ਸਾਂ। ਉਹ ਸੰਨ 1936 ਵਿੱਚ ਮਾਡਲ ਟਾਊਨ ਲਾਹੌਰ ਆ ਗਏ। ਉਨ੍ਹਾਂ ਨਾਲ ਮੇਰਾ ਚਿੱਠੀ-ਪਤਰ ਜਾਰੀ ਸੀ। ਉਨ੍ਹਾਂ ਨੂੰ ਮੈਂ ਲਿਖਿਆ, ਕਿ ਪ੍ਰੀਤਲੜੀ ਰਾਹੀਂ ਮੈਂ ਪੰਜਾਬੀ ਸਾਹਿਤ ਦੀ ਸੇਵਾ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦੀ ਚਿੱਠੀ ਆਈ ਕਿ ਮੈਂ ਉਨ੍ਹਾਂ ਪਾਸ ਮਾਡਲ ਟਾਊਨ ਪਹੁੰਚ ਜਾਵਾਂ। ਇਸ ਤਰ੍ਹਾਂ ਮੈਂ ਮਾਡਲ ਟਾਊਨ ਉਨ੍ਹਾਂ ਦੀ ਕੋਠੀ ਪਹੁੰਚ ਗਿਆ।

ਸ੍ਰ. ਗੁਰਬਖ਼ਸ਼ ਸਿੰਘ ਦੀ ਕੋਠੀ ਦੇ ਇਕ ਕਮਰੇ ਵਿੱਚ ਪ੍ਰੀਤਲੜੀ ਦਾ ਦਫਤਰ ਸੀ। ਸੋ ਮੈਂ ਪ੍ਰੀਤਲੜੀ ਦਾ ਕਲਰਕ-ਨੁਮਾ ਮੈਨੇਜਰ ਲਗ ਗਿਆ। ਮੈਨੇਜਰ ਹੀ ਸਮਝਣਾ ਚਾਹੀਦਾ ਹੈ, ਕਿਉਂਕਿ ਦਫਤਰ ਦੀ ਚਪੜਾਸਗੀਰੀ ਤੋਂ ਲੈ ਕੇ ਮਨੀਆਰਡਰਾਂ ਤੇ ਵੀਪੀਆਂ ਦੀ ਵਸੂਲੀ ਤੀਕ ਸਭ ਕੰਮ ਮੇਰੇ ਸਪੁਰਦ ਸਨ। ਉਦੋਂ ਦਫਤਰ ਵਿੱਚ ਸਿਰਫ ਦੋ ਹੀ ਆਦਮੀ ਕੰਮ ਕਰਦੇ ਸਨ। ਇਕ ਐਡੀਟਰ ਤੇ ਇਕ ਮੈਨੇਜਰ। ਐਡੀਟਰ ਦਾ ਕੰਮ ਲਿਖਣਾ ਤੇ ਉਸ ਦੇ ਪਰੂਫ ਪੜ੍ਹਨੇ ਹੁੰਦੇ ਸਨ। ਤੇ ਮੇਰੇ ਸਪੁਰਦ ਮਾਡਲ ਟਾਊਨ ਤੋਂ ਲਾਹੌਰ ਸ਼ਹਿਰ - ਦਰਬਾਰ ਪ੍ਰੈਸ - ਸਤ ਮੀਲ ਦੀ ਦੂਰੀ ਤੇ ਮੈਟਰ ਲਿਜਾਣਾ, ਉਸ ਦੇ ਪਰੂਫ ਲਿਆਣੇ, ਬਜ਼ਾਰੋਂ ਸੌਦਾ ਸਲਫ ਖਰੀਦਣਾ, ਦਫਤਰ ਦਾ ਪ੍ਰਬੰਧ ਕਰਨਾ, ਅਤੇ ਗ੍ਰਾਹਕਾਂ ਦੇ ਪੱਤ੍ਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਟਾਈਪ ਕਰਨ ਤੇ ਪਰਚਾ ਪੋਸਟ ਕਰਨ ਤੀਕ ਕਾਰਜ ਸਨ।

ਛੇ ਮਹੀਨੇ ਇਸ ਕੌਮੀ ਸੇਵਾ ਪਿਛੋਂ ਪਰਿਵਾਰ ਦੇ ਚਾਰ ਬੱਚਿਆਂ ਨੂੰ ਪੜਾਣ ਦਾ ਕੰਮ ਦੇ ਦਿੱਤਾ ਗਿਆ। ਸੋ ਅਸੀਂ ਮੈਨੇਜਰ ਤੋਂ ਤਰਕੀ ਕਰਦੇ ਕਰਦੇ 'ਮਾਸ਼ਟਰ ਜੀ' ਹੋ ਗਏ। ਸ਼ਬਦ 'ਮਾਸਟਰ' ਤੋਂ ਮੈਨੂੰ ਮੁਢ ਤੋਂ ਹੀ ਬੜੀ ਚਿੜ ਹੈ, ਪਰ ਜਦੋਂ ਮੈਂ ਵੇਖਿਆ ਕਿ ਇਹ ਧਿੰਗੋਜ਼ੋਰੀ ਦੀ ਪੂਛ ਮੇਰੇ ਨਾਲ ਇਕ ਦਮ ਚਮੜ ਗਈ ਹੈ, ਤਾਂ ਮੈਂ ਬੜਾ ਪ੍ਰੇਸ਼ਾਨ ਹੋਇਆ। ਬਚੇ ਤੇ ਘਰ ਵਾਲੇ ਜਦੋਂ 'ਮਾਸਟਰ ਜੀ'' ਕਹਿੰਦੇ ਸਤਿਕਾਰਦੇ ਤਾਂ ਇਹ ਸ਼ਬਦ ਤੀਰ ਨਿਆਈਂ ਸੀਨੇ ਵਿੱਚ ਖੁਭ ਜਾਂਦਾ। ਤੇ ਇਕ ਵਾਰ ਦਾ ਖੁਭਿਆ ਤੀਰ ਕਈ ਕਈ ਦਿਨ ਯਤਨ ਕਰਨ ਦੇ ਬਾਵਜੂਦ ਸੀਨਿਉਂ ਬਾਹਰ ਨਾ ਨਿਕਲਦਾ। ਉਨੀਂ ਦਿਨੀਂ ਨਵਤੇਜ ਸਿੰਘ ਨਾਵੀਂ ਵਿੱਚ ਪੜ੍ਹਦਾ ਸੀ, ਉਮਾ, ਉਰਮਲ੍ਹਾ, ਰਾਣਾ ਤੇ ਅਨੂੰ ਉਸ ਤੋਂ ਛੋਟੀਆਂ ਸਨ। ਹਰਦੇਵਪਾਲ ਛੋਟਾ ਬੇਟਾ ਸੀ।

ਉਸ ਸਮੇਂ ਅਤਰ ਸਿੰਘ, ਚਕਾਰ (ਕਸ਼ਮੀਰ) ਵਾਲੇ ਵੀ ਉਥੇ ਹੀ ਕੰਮ ਕਰਦੇ ਸਨ। ਉਹ ਨੌਸ਼ਹਿਰਿਉਂ ਸਰਦਾਰ ਜੀ ਨਾਲ ਹੀ ਆਏ ਸਨ। ਉਹ ਉਥੇ ਟਰੈਕਟਰ ਚਲਾਂਦੇ ਸਨ। ਘਰ ਦਾ ਸਾਮਾਨ ਲਿਆਂਦੇ ਸਨ। ਡੇਅਰੀ ਦੇ ਡੰਗਰਾਂ ਦੀ ਸੰਭਾਲ ਕਰਦੇ ਸਨ। ਉਨ੍ਹਾਂ ਆਪਣਾ ਮੁਢਲਾ ਜੀਵਨ ਘਰੋਗੀ ਸੇਵਾਦਾਰ ਦੀ ਹੈਸੀਅਤ ਤੋਂ ਅਰੰਭਿਆ ਸੀ, ਪਰ ਹੁਣ ਉਹ ਵਿਦਵਾਨ ਪੁਰਸ਼ ਸਨ। ਉਨ੍ਹਾਂ ਬੜੇ ਯਤਨਾਂ ਨਾਲ ਗਿਆਨੀ ਪਾਸ ਕੀਤੀ ਸੀ। ਉਨ੍ਹੀਂ ਦਿਨੀਂ ਉਹ ਪੰਜਾਬ ਮੈਟ੍ਰਿਕ ਦੀ ਤਿਆਰੀ ਕਰ ਰਹੇ ਸਨ। ਉਸ ਤੋਂ ਪਿਛੋਂ ਉਨ੍ਹਾਂ ਐਫ.ਏ., ਬੀ.ਏ. ਤੇ ਐਮ.ਏ. ਕਰਨੀ ਸੀ। ਨੌਸ਼ਹਿਰੇ ਤੀਕ ਤਾਂ ਉਹ ਨਿਰੇ ਅਤਰ ਸਿੰਘ ਹੀ ਸਨ, ਪਰ ਮਾਡਲ ਟਾਊਨ ਸਾਡੇ ਪਹੁੰਚਣ ਤੇ ਉਨ੍ਹਾਂ ਨੂੰ ਮੈਂ ਸੰਤ ਅੰਤਰ ਸਿੰਘ ਜੀ ਮਹਾਰਾਜ ਦੀ ਉਪਾਧੀ ਦੇ ਦਿੱਤੀ।

ਸੰਤ ਜੀ ਬੜੇ ਜ਼ਿੰਦਾਦਿਲ ਪੁਰਸ਼ ਸਨ। ਨੌਸ਼ਹਿਰੇ ਵਾਂਗ ਇਥੇ ਵੀ ਉਨ੍ਹਾਂ ਘਰ ਬਾਹਰ ਜ਼ਮੀਨ ਆਦਿ ਦਾ ਸਾਰਾ ਕੰਮ ਸੰਭਾਲਿਆ ਹੋਇਆ ਸੀ। ਇਕ ਗੱਲ ਮੇਰੀ ਸਮਝ ਤੋਂ ਬਾਹਰ ਸੀ, ਉਹ ਇਹ ਕਿ ਕੰਮ ਮੈਂ ਉਨ੍ਹਾਂ ਤੋਂ ਬਹੁਤਾ ਕਰਦਾ ਸਾਂ। ਦੌੜ ਭਜ ਵੀ ਬਥੇਰੀ ਹੁੰਦੀ ਸੀ, ਪਰ ਸਫਲ ਉਹ ਸਨ। ਘਰ ਬਾਹਰ ਵਾਲੇ ਸਭ ਸੰਤਾਂ ਦੀ ਉਸਤਤ ਕਰਦੇ ਨਹੀਂ ਸਨ ਥਕਦੇ, ਪਰ ਮੇਰੇ ਤੇ ਕੰਮ ਘਟ ਕਰਨ ਲਈ ਸਦਾ ਨਾਰਾਜ਼ ਰਹਿੰਦੇ ਸਨ।

ਅੱਠ ਕੁ ਮਹੀਨੇ ਲੰਘ ਗਏ। ਜਦੋਂ ਕਦੀ ਸ਼ਹਿਰ ਜਾਣਾ ਪ੍ਰੀਤਲੜੀ ਦੇ ਕੰਮਾਂ ਤੋਂ ਬਿਨਾਂ ਘਰ ਦੇ ਕਈ ਹੋਰ ਬਖੇੜੇ ਵੀ ਮੇਰੇ ਸਿਰ ਸਵਾਰ ਰਹਿੰਦੇ। ਜਿੰਨੇ ਕੰਮ ਹੋ ਸਕਦੇ ਕਰ ਕੇ ਬਾਕੀਆਂ ਬਾਰੇ ਮਾਤਾ ਜੀ ਨੂੰ ਸਪਸ਼ਟ ਦਸ ਦਿਤਾ ਜਾਂਦਾ, ਕਿ ਇਨ੍ਹਾਂ ਲਈ ਸਮਾਂ ਨਹੀ ਸੀ। ਉਹ ਨਾਰਾਜ਼ ਹੋ ਜਾਂਦੇ। ਇਸ ਦੇ ਉਲਟ ਸੰਤ ਜੀ ਮੈਥੋਂ ਅਧੇ ਕੰਮ ਵੀ ਨਾ ਕਰਦੇ, ਪਰ ਮਾਤਾ ਜੀ ਉਨ੍ਹਾਂ ਤੇ ਪ੍ਰਸੰਨ ਰਹਿੰਦੇ। ਇਕ ਦਿਨ ਮੈਂ ਸੰਤਾਂ ਨੂੰ ਆਪਣੇ ਦਿਲ ਦਾ ਮਹਿਰਮ ਜਾਣ ਕੇ ਆਪਣੀ ਮੁਸ਼ਕਲ ਦਸੀ। ਉਹ ਬੜੇ ਜ਼ੋਰ ਨਾਲ ਠਹਾਕਾ ਮਾਰ ਕੇ ਹਸੇ, ਜਿਵੇਂ ਕਿ ਹਰ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਹਸਿਆ ਕਰਦੇ ਸਨ।

''ਸੁਣੋ ਦਾਤਾ ਜੀ! ਤੁਸਾਂ ਸਾਰੀ ਜ਼ਿੰਦਗੀ ਨੌਕਰੀ ਨਹੀਂ ਕੀਤੀ। ਮੈਂ ਸਾਰਾ ਜੀਵਨ ਹੀ ਇਸ ਝੰਮੇਲੇ ਵਿੱਚ ਗੁਜ਼ਾਰ ਦਿਤਾ ਹੈ। ਇਹ ਕੋਈ ਦਫਤਰ ਜਾਂ ਫੈਕਟਰੀ ਨਹੀਂ, ਜਿਸ ਵਿੱਚ ਕਿਸੇ ਪ੍ਰੋਗਰਾਮ ਦੇ ਤਹਿਤ ਕੰਮ ਚਲਣਾ ਹੈ। ਇਥੇ ਤਾਂ ਸਭ ਕੁਝ ਮਾਲਕਾਂ ਦੇ ਸੁਭਾ ਤੇ ਨਿਰਭਰ ਹੈ। ਤੁਸੀਂ ਮੈਥੋਂ ਜ਼ਿਆਦਾ ਕੰਮ ਕਰਦੇ ਹੋ, ਪਰ ਸਭ ਤੁਹਾਡੇ ਤੇ ਨਾਰਾਜ਼।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਅਸੀਂ ਤੁਹਾਥੋਂ ਅਧਾ ਕੰਮ ਕਰਦੇ ਹਾਂ, ਪਰ ਸਭ ਸਾਡੇ ਮੁਰੀਦ। ਇਹ ਰਾਜ਼ ਦੀ ਗੱਲ ਹੈ, ਪਰ ਬਿਨਾਂ ਕਿਸੇ ਦਖਸ਼ਣਾ ਪ੍ਰਾਪਤੀ ਦੇ ਤੁਹਾਡੀ ਭੇਟ ਹੈ।''

ਫਿਰ ਜ਼ੋਰ ਦੀ ਠਹਾਕਾ ਮਾਰ ਕੇ ਉਹ ਕਹਿਣ ਲੱਗੇ: ''ਸੋ ਦਾਤਾ ਜੀ! ਮੈਂ ਜਦੋਂ ਸ਼ਹਿਰ ਜਾਂਦਾ ਹਾਂ, ਤਾਂ ਘਰ ਦਾ ਹਰ ਬੰਦਾ ਮੈਨੂੰ ਕੰਮ ਦਸਦਾ ਹੈ। ਮੈਂ ਸਭ ਨੂੰ ਕਹਿੰਦਾ ਹਾਂ, ਇਹ ਸਭ ਕਾਰਜ ਹੋ ਜਾਣਗੇ। ਫਿਰ ਵਾਪਸ ਪਰਤ ਕੇ ਉਨ੍ਹਾਂ ਨੂੰ ਹੋਏ ਕਾਰਜਾਂ ਦੀ ਤੁਹਾਡੇ ਵਾਂਗ ਤਫਸੀਲ ਨਹੀਂ ਦਸਣ ਜਾਂਦਾ। ਆਪੇ ਜਿਸ ਨੂੰ ਲੋੜ ਹੋਵੇ, ਮੈਥੋਂ ਪੁਛਦੇ ਫਿਰਨ। ਇਉਂ ਅਧਿਉਂ ਵਧ ਕੰਮ ਉਨ੍ਹਾਂ ਨੂੰ ਆਪ ਭੁਲ ਜਾਂਦੇ ਨੇ ਤੇ ਅਧੇ ਮੈਂ ਭੁਲਾ ਆਉਂਦਾ ਹਾਂ। ਫਿਰ ਜਦ ਕਦੀ ਮਾਲਕ ਮੇਰੇ ਤੇ ਨਰਾਜ਼ ਹੋਣ, ਤਾਂ ਮੈਂ ਤੁਹਾਡੇ ਵਾਂਗ ਅਫਸੋਸ ਜ਼ਾਹਿਰ ਨਹੀਂ ਕਰਦਾ। ਮੈਂ ਗੁੱਸੇ ਹੋ, ਆਪਣੇ ਕਮਰੇ ਵਿੱਚ ਜਾ ਕੇ ਦਰਵਾਜ਼ਾ ਬੰਦ ਕਰ ਕੇ ਸੌਂ ਜਾਂਦਾ ਹਾਂ। ਇਕ ਦੋ ਦਿਨ ਕੰਮ ਤੇ ਨਹੀਂ ਜਾਂਦਾ। ਮੈਨੂੰ ਪਤਾ ਹੈ, ਕਿ ਸਾਡੇ ਬਿਨਾਂ ਮਾਲਕਾਂ ਦਾ ਕੰਮ ਨਹੀਂ ਸਰਨਾ। ਉਹ ਆਪ ਸੰਤਾਂ ਨੂੰ ਟੋਲਣ ਆ ਜਾਂਦੇ ਹਨ। ਵਿਹਲਿਆਂ ਸੌਂ ਸੌਂ ਕੇ ਸਾਡੀਆਂ ਅਖੀਆਂ ਸੁਜੀਆਂ ਹੁੰਦੀਆਂ ਹਨ। ਉਹ ਸਮਝਦੇ ਹਨ, ਕਿ ਸੰਤ ਸਾਡੀ ਝਾੜ ਝੰਬ ਤੋਂ ਗੁੱਸੇ ਹੋ ਕੇ ਰੋਂਦੇ ਰਹੇ ਹਨ। ਉਹ ਆਪਣੇ ਕੀਤੇ ਤੇ ਪਛਤਾਂਦੇ ਹਨ। ਬਚਿਆਂ ਵਾਂਗ ਮਿਠੀ ਝਾੜ ਪਾਂਦੇ ਹਨ, ''ਤੂੰ ਸਾਡਾ ਪੁਤਰ ਏਂ। ਪੁਤਰ, ਹੋ ਕੇ ਮਾਪਿਆਂ ਨਾਲ ਨਾਰਾਜ਼ ਨਹੀਂ ਹੋ ਜਾਈਦਾ''। ਬੇਂਨਤੀਆਂ ਕਰ ਕੇ ਮੰਨਾਂਦੇ ਹਨ। (ਸੰਤ ਬੇਨਤੀ ਨੂੰ ਬੈਨਤੀ, ਮੇਮ ਨੂੰ ਮੈਮ ਆਖਿਆ ਕਰਦੇ ਸਨ।)

''ਅਸੀਂ ਫਿਰ ਮੰਨ ਜਾਂਦੇ ਹਾਂ, ਤੇ ਇਸ ਤਰ੍ਹਾਂ ਹਫਤੇ ਵਿੱਚ ਇਕ ਦੋ ਛੁਟੀਆਂ ਮਾਂਠ ਲਈ ਦੀਆਂ ਹਨ। ਇਕ ਹੋਰ ਗੱਲ ਸੁਣੋ। ਤੁਹਾਡੇ ਵਾਂਗ ਇਥੇ ਡੇਰਾ ਹੀ ਨਹੀਂ ਲਾ ਲਈਦਾ। ਸਾਲ ਵਿੱਚ ਦੋ ਕੁ ਵਾਰੀ ਕਸ਼ਮੀਰ ਵਿੱਚ ਆਪਣਾ ਕੋਈ ਨ ਕੋਈ ਅਜ਼ੀਜ਼ ਅਵਲ ਤਾਂ ਮਰ ਹੀ ਜਾਂਦਾ ਹੈ, ਨਹੀਂ ਤਾਂ ਬੀਮਾਰ ਜ਼ਰੂਰ ਹੋ ਜਾਂਦਾ ਹੈ। ਮਹੀਨੇ ਪੰਦਰਾਂ ਦਿਨ ਦੀ ਛੁੱਟੀ ਲਉ ਤੇ ਸਣੇ ਬਿਸਤਰੇ ਅਤੇ ਗਰਮ ਕਪੜਿਆਂ ਦੇ ਕਸ਼ਮੀਰ ਤੁਰ ਪਉ। ਵਾਪਸ ਪਰਤੋ ਤਾਂ ਗਰਮ ਕਪੜੇ ਤੇ ਬਿਸਤਰਾ ਉਥੇ ਤਿਆਗ ਕੇ ਬਿਲਕੁਲ ਵਿਰੱਕਤਾਂ ਵਾਂਗ ਹੋ ਇਥੇ ਪਰਤੋ। ਕੁਝ ਦਿਨ ਔਖਿਆਈ, 'ਚ ਕਟੋ। ਬਸ ਨਵਾਂ ਗਰਮ ਬਿਸਤਰਾ ਤੇ ਗਰਮ ਕਪੜੇ ਪ੍ਰਾਪਤ ਹੋ ਜਾਣਗੇ। ਜਦੋਂ ਮਾਲਕ ਗੁੱਸੇ ਹੋਣ, ਉਦੋਂ ਨਰਾਜ਼ ਹੋ ਜਾਵੋ। ਕੰਮ ਆਪਣੀ ਮਰਜ਼ੀ ਨਾਲ ਕਰੋ। 'ਨਾਂਹ' ਕਿਸੇ ਕੰਮ ਦੀ ਵੀ ਨਾ ਕਰੋ। ਮਾਲਕਾਂ ਦੀ 'ਜੀ' ਨਾਲ ਜੀ ਮਿਲਾਉ। ਬਸ ਤੁਸੀਂ ਸਫਲ ਘਰੇਗੀ ਨੌਕਰ ਹੋ।''

ਮੈਂ ਦਫਤਰੀ ਕਾਰਜ ਮੁਕਾ ਕੇ ਵਾਲੀਬਾਲ ਖੇਡਣ ਨਿਕਲ ਜਾਂਦਾ। ਵਾਲੀਬਾਲ ਦਾ ਸ਼ੌਕ ਮੈਨੂੰ ਬੀਮਾਰੀ ਦੀ ਹਦ ਤੀਕ ਚੰਬੜਿਆ ਹੋਇਆ ਸੀ। ਜਿੰਨੇ ਦਿਨ ਮੈਂ ਮਾਡਲ ਟਾਊਨ ਰਿਹਾ, ਰੋਜ਼ਾਨਾ ਸ਼ਾਮੀਂ ਦੋ ਘੰਟੇ ਵਾਲੀਬਾਲ ਦੀ ਗਰਾਊਂਡ ਵਿੱਚ ਹੀ ਬੀਤਦੇ। ਮੈਂ ਸਾਰੀ ਉਮਰ ਨੌਕਰੀ ਨਹੀਂ ਸੀ ਕੀਤੀ, ਇਸ ਲਈ ਜਿੰਨਾਂ ਚਿਰ ਮਾਡਲ ਟਾਊਨ ਰਿਹਾ, ਸਿਖਾਂਦਰੂ ਹੀ ਰਿਹਾ ਤੇ ਉਸ ਵਾਤਾਵਰਣ ਨੂੰ ਕਬੂਲ ਨ ਕਰ ਸਕਿਆ।

ਸੰਤਾਂ ਨਾਲ ਉਪ੍ਰੋਕਤ ਵਾਰਤਾਲਾਪ ਮਗਰੋਂ, ਸੰਤਾਂ ਦੀ ਰਮਜ਼ ਦੀ ਮੈਨੂੰ ਹੁਣ ਸਮਝ ਆਈ, ਕਿ ਉਹ ਸਫਲ ਕਿਉਂ ਸਨ ਤੇ ਮੈਂ ਕਿਉਂ ਨਾਕਾਮ?

ਇਨ੍ਹਾਂ ਦਿਨਾਂ ਵਿੱਚ ਹੀ ਸੰਤਾਂ ਨੇ ਮੈਟ੍ਰਿਕ ਦਾ ਇਮਤਿਹਾਨ ਦੇਣਾ ਸੀ। ਇਸ ਲਈ ਸਾਰਾ ਹੀ ਬਾਹਰ ਅੰਦਰ ਦਾ ਕੰਮ ਮੇਰੇ ਸਿਰ ਆ ਪਿਆ। ਪਰ ਸੰਤਾਂ ਦੇ ਬਾਰ ਬਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਮਝਾਣ ਦੇ ਬਾਵਜੂਦ ਮੈਂ ਉਨ੍ਹਾਂ ਦੀਆਂ ਦਸ਼ੀਆਂ ਉਪ੍ਰੋਕਤ ਹਿਦਾਇਤਾਂ ਤੇ ਅਮਲ ਨਾ ਕਰ ਸਕਿਆ।

ਇਕ ਦਿਨ ਸੰਤਾਂ ਦੇ ਅੰਗਰੇਜ਼ੀ ਦੇ ਪਰਚੇ ਦਾ ਇਮਤਿਹਾਨ ਸੀ। ਉਹ ਨਵੇਂ ਬੂਟ ਸੂਟ ਕੱਸ ਕਸਾ ·ਇਮਤਿਹਾਨ ਦੇਣ ਗਏ। ਇਮਤਿਹਾਨ ਤੋਂ ਪਹਿਲਾਂ ਉਹ ਮਾਲ ਰੋਡ ਦੇ ਨੇੜੇ ਇਕ ਸੜਕ ਤੇ ਤੁਰਦਿਆਂ ਫਿਰਦਿਆਂ ਆਪਣੇ ਕੋਰਸ 'ਕੋਰਲ ਆਈਲੈਂਡ' ਦਾ ਅਧਿਅਨ ਕਰ ਰਹੇ ਸਨ। ਜਦੋਂ ਉਹ 'ਜੈਕ' ਤੇ 'ਜਿਮ' ਦੇ ਉਸ ਜਜ਼ੀਰੇ ਵਿੱਚ ਘੁੰਮ ਕੇ ਉਥੇ ਅਨੰਦ ਮਾਨਣ ਵਾਲੇ ਕਾਂਡ ਪੜ੍ਹਨ ਵਿੱਚ ਗੜੂੰਦ ਸਨ, ਉਦੋਂ ਇਕ ਦਮ ਛੜੱਪ ਦੀ ਆਵਾਜ਼ ਆਈ ਤਾਂ ਉਹ ਕੀ ਵੇਖਦੇ ਹਨ, ਕਿ ਉਹ ਆਪ ਇਕ ਡੂੰਘੇ ਨਾਲੇ ਵਿੱਚ ਗੱਲ ਤੀਕ ਖੁਭੇ ਖਲੋਤੇ ਸਨ। ਸਿਰਫ ਚਿਟਾ ਦਸਤਾਰਾ ਹੀ ਉਨ੍ਹਾਂ ਦਾ ਪਾਣੀਉਂ ਬਾਹਰ ਸੀ, ਬਾਕੀ ਦਾ ਸਾਰਾ ਸਰੀਰ ਗੰਦੇ ਪਾਣੀ ਵਿੱਚ ਡੁੱਬਿਆ ਹੋਇਆ ਸੀ।

ਗੱਲ ਇਹ ਹੋਈ, ਕਿ ਆਪਣੀ ਪੜ੍ਹਾਈ ਵਿੱਚ ਮਗਨ ਜਦ ਸੰਤ ਹੋਰੀ ਤੁਰ ਫਿਰ ਕੇ ਪੜ੍ਹ ਰਹੇ ਸਨ, ਤਾਂ ਅਗੇ ਇਕ ਵਡਾ ਸਾਰਾ ਗੰਦਾ ਨਾਲਾ ਆ ਗਿਆ। ਉਸ ਜਜ਼ੀਰੇ ਦੇ ਸੁਪਨੇ ਲੈਂਦੇ ਉਨ੍ਹਾਂ ਨਾਲੇ ਨੂੰ ਵੇਖਿਆ ਨਾ, ਤੇ ਸਿਧੇ ਬਸਤਰਾਂ ਤੇ ਪੁਸਤਕ ਸਮੇਤ ਡੂੰਘੇ ਨਾਲੇ ਵਿੱਚ ਜਾ ਕੇ ਝੰਡੇ ਵਾਂਗ ਗੱਡੇ ਗਏ।

ਘੜੱਮ ਦੀ ਆਵਾਜ਼ ਸੁਣ ਕੁਝ ਰਾਹ ਜਾਂਦੇ ਲੋਕ ਇਕੱਠੇ ਹੋ ਗਏ। ਉਨ੍ਹਾਂ ਖਿੱਚ ਖਿੱਚਾ ਕੇ ਸੰਤਾ ਨੂੰ ਬਾਹਰ ਕਢਿਆ। ਉਨ੍ਹਾਂ ਨੂੰ ਕਾਲਾ ਭੂਤ ਵੇਖ ਮੂਰਖ ਲੋਕੀ ਹਸੀ ਜਾਣ ਪਰ ਸੰਤਾਂ ਨੇ ਉਨ੍ਹਾਂ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਸਿਧੇ ਪਾਣੀ ਦੇ ਨਲ ਹੇਠਾਂ ਜਾ ਕੇ ਬੈਠ ਗਏ। ਆਪਣੇ ਸਰੀਰ ਦੀ ਬਸਤਰਾਂ ਸਮੇਤ ਸਫਾਈ ਕਰ ਕੇ ਉਹ ਯੂਨੀਵਰਸਿਟੀ ਹਾਲ ਵਿੱਚ ਪ੍ਰੀਖਿਆ ਦੇਣ ਚਲੇ ਗਏ।

ਉਸ ਵਾਕਿਆ ਬਾਰੇ ਸੰਤ ਹਸਦਿਆਂ ਹੋਇਆਂ ਦਸਦੇ ਸਨ, "ਆਪਣੀ ਤਾਂ ਮੈਨੂੰ ਕੋਈ ਪ੍ਰਵਾਹ ਨਹੀਂ, ਪਰ ਮੇਰੀ 'ਕੋਰਲ ਆਈਲੈਂਡ' ਦੀ ਪੋਥੀ ਸ਼ੈਤਾਨ ਬਰਸਾਤੀ ਨਾਲੇ ਨੇ ਹੜਪ ਕਰ ਲਈ ਸੀ।"

ਮੇਰੇ ਵਰਗੇ ਕਿਸੇ ਆਜ਼ਾਦ ਪੰਛੀ ਲਈ ਨੌਕਰੀ ਦਾ ਘਰੇਲੂ ਵਾਤਾਵਰਣ ਅਪਣਾ ਲੈਣਾ ਸੌਖੀ ਗੱਲ ਨਹੀਂ ਸੀ, ਸੋ ਸਾਲ ਭਰ ਪ੍ਰੀਤਲੜੀ ਦੀ ਸੇਵਾ ਨਿਭਾਹੁਣ ਮਗਰੋਂ ਮੈਂ ਵਾਪਸ ਰਾਵਲਪਿੰਡੀ ਚਲਾ ਗਿਆ। ਉਥੇ ਅੱਗੇ ਆਪਣੀ ਸਟੇਸ਼ਨਰੀ ਦੀ ਦੁਕਾਨ ਚਲ ਰਹੀ ਸੀ, ਜਿਸ ਨੂੰ ਜਾਂਦਿਆਂ ਸਾਰ ਬਿਲੇ ਲਾਇਆ ਤੇ ਡੇਅਰੀ ਦਾ ਬਾਨ੍ਹਣੂ ਬੰਨ੍ਹਿਆ। ਇਸ ਡੇਅਰੀ ਫਾਰਮ ਦਾ ਵੀ ਉਹੀ ਹਸ਼ਰ ਹੋਇਆ ਜੋ ਸਾਡੇ ਅਰੰਭ ਕੀਤੇ ਪਹਿਲੇ ਕਾਰਜਾਂ ਦਾ।*

*ਸਾਡੀ ਡੇਅਰੀ ਫਾਰਮ ਬਾਰੇ ਸੰਪੂਰਨ ਜਾਣਕਾਰੀ ਲਈ ਵੇਖੋ, "ਪਿਆਰਾ ਸਿੰਘ ਦਾਤਾ ਤੇ ਉਸ ਦਾ ਹਾਸ ਵਿਅੰਗ" ਸਫ਼ਾ 274

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕਸ਼ਮੀਰ ਦੀ ਸਾਈਕਲ ਯਾਤਰਾ

ਸੰਨ 1940 ਦੇ ਅਰੰਭ ਵਿੱਚ ਪ੍ਰੀਤਨਗਰ ਦੇ ਤਿੰਨ ਸੈਨਿਕਾਂ ਨੇ ਸਲਾਹ ਬਣਾਈ ਕਿ ਬਿਲਾਸਪੁਰ (ਯੂ.ਪੀ.) ਵਿੱਚ ਕੁਝ ਜ਼ਮੀਨ ਖ਼੍ਰੀਦ ਕੇ ਖੇਤੀ ਕੀਤੀ ਜਾਵੇ। ਇਹ ਸੈਨਿਕ ਸਨ. ਗਿ. ਭਜਨ ਸਿੰਘ. ਜਸਵੰਤ ਸਿੰਘ. ਦਲੀਪ ਸਿੰਘ ਤੇ ਜਗਜੋਤ ਸਿੰਘ. (ਬਾਬੂ ਦੀਵਾਨ ਸਿੰਘ ਇੰਜਨੀਅਰ ਦੇ ਵਡੇ ਬੇਟੇ ਤੇ ਜਨਰਲ ਜਗਜੀਤ ਸਿੰਘ ਅਰੋੜਾ ਦੇ ਵਡੇ ਵੀਰ)। ਜਸਵੰਤ ਸਿੰਘ ਦਫਤਰ ਵਿੱਚ ਕਲਰਕ ਸੀ। ਸੋ ਉਨ੍ਹਾਂ ਸੈਨਿਕਾਂ ਦੇ ਚਲੇ ਜਾਣ ਮਗਰੋਂ ਸ੍ਰ. ਗੁਰਬਖਸ਼ ਸਿੰਘ ਹੋਰਾਂ ਪ੍ਰੀਤਲੜੀ ਦੇ ਦਫਤਰ ਵਿੱਚ ਕੰਮ ਕਰਨ ਲਈ ਮੈਨੂੰ ਬੁਲਾ ਘਲਿਆ। ਮੈਂ ਉਨ੍ਹਾਂ ਨੂੰ ਚਿੱਠੀ ਲਿਖੀ ਕਿ ਮੈਂ ਅਗਲੇ ਮਹੀਨੇ ਅਪ੍ਰੈਲ ਵਿੱਚ ਪ੍ਰੀਤਨਗਰ ਆਵਾਂਗਾ। ਇਨ੍ਹੀਂ ਦਿਨੀਂ ਸੋਸ਼ਲਿਸਟ ਪਾਰਟੀ ਨੇ ਇਸਲਾਮੀਆ ਸਕੂਲ ਅਗੇ ਬੜਾ ਤਕੜਾ ਮੁਜ਼ਾਹਿਰਾ ਕੀਤਾ। ਸਕੂਲ ਤੇ ਜ਼ਬਰਦਸਤੀ ਕੌਮੀ ਝੰਡਾ ਲਹਿਰਾਇਆ ਤੇ ਸੜਕ ਤੇ ਖੜੋਤੇ ਹਜ਼ਾਰਾਂ ਲੋਕਾਂ. ਸਰਕਾਰ ਪ੍ਰਸਤਾਂ ਤੇ ਪੁਲਸ ਸਾਮ੍ਹਣੇ ਯੂਨੀਅਨ ਜੈਕ ਸਾੜਿਆ। ਇਸ ਕਾਰਣ ਸਾਰੇ ਵਰਕਰਾਂ ਦੇ ਵਰੰਟ ਨਿਕਲ ਗਏ। ਬਹੁਤ ਸਾਰੇ ਵਰਕਰ ਅੰਡਰਗ੍ਰਾਊਂਡ ਹੋ ਗਏ। ਕੁਝ ਫੜੇ ਗਏ। ਮੈਨੂੰ ਰਾਤ ਨੂੰ ਘਰ ਹੀ ਸੁਨੇਹਾ ਮਿਲ ਗਿਆ ਸੀ ਕਿ ਪਿੰਡੀਓਂ ਅਲੋਪ ਹੋ ਜਾਓ। ਸੋ ਪਹਿਲਾਂ ਮਿਥੇ ਪ੍ਰੋਗਰਾਮ ਅਨੁਸਾਰ ਮੈਂ ਕੋਹਮਰੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸੋ. ਮਾਰਚ ਸੰਨ 1940 ਨੂੰ ਮੈਂ ਆਪਣੇ ਦੋ ਸਾਥੀਆਂ ਨਾਲ ਸਾਈਕਲਾਂ ਤੇ ਜਾਣ ਦੀ ਯੋਜਨਾ ਬਣਾਈ।

ਮੇਰੇ ਸਾਥੀ ਸਨ. ਮਾਸਟਰ ਹਰਬੰਸ ਸਿੰਘ ਤੇ ਮਾਸਟਰ ਜਤੀ ਸਤੀ। ਜਤੀ ਸਤੀ ਇਸ ਲਈ ਉਸ ਨੂੰ ਕਹਿੰਦੇ ਸਨ. ਕਿਉਂਕਿ ਉਹ ਹਰ ਕੰਮ ਅਤਿ ਤੀਕ ਕਰਨ ਦਾ ਆਦੀ ਸੀ। ਰੋਟੀ ਖਾਣੀ, ਤਾਂ ਘਰ ਦਾ ਸਾਰਿਆਂ ਲਈ ਗੁੰਨ੍ਹਿਆ ਆਟਾ ਇਕਲਿਆਂ ਹੀ ਚਟਮ ਕਰ ਜਾਂਦਾ। ਖੀਰ ਖਾਣੀ ਤਾਂ ਸਾਰਾ ਪਤੀਲਾ ਹੀ ਡਕਾਰ ਕੇ ਦਮ ਲੈਂਦਾ ਜੇ ਫਾਕਾ ਰਖਣਾ. ਤਾਂ ਕਈ ਕਈ ਦਿਨ ਅੰਨ ਨੂੰ ਮੂੰਹ ਨਾ ਲਾਣਾ।

ਇਕ ਮਹੀਨੇ ਤੀਕ ਮੈਂ ਪ੍ਰੀਤਨਗਰ ਹਾਜ਼ਰ ਹੋਣਾ ਸੀ। ਇਸ ਲਈ ਦੋ ਦੀ ਥਾਂ ਚਾਰ ਦਿਨ ਵੀ ਜੇ ਕੋਹਮਰੀ ਲਗ ਜਾਣ. ਤਾਂ ਵੀ ਫਿਕਰ ਵਾਲੀ ਗੱਲ ਨਹੀਂ ਸੀ। ਸੋ ਅਸੀਂ ਹੁਣ ਕੋਹਮਰੀ ਜਾਣ ਦੀ ਤਿਆਰੀ ਕਰ ਲਈ।

ਰਾਵਲਪਿੰਡੀ ਤੋਂ ਕੋਹਮਰੀ ਚਾਲੀ ਮੀਲ ਦੇ ਲਗਪਗ ਹੈ। ਅਧਾ ਕੁ ਰਸਤਾ ਤਾਂ ਮੈਦਾਨੀ ਹੈ. ਪਰ ਬਾਕੀ ਦਾ ਅਧਾ ਰਾਹ ਚੜ੍ਹਾਈ ਹੈ। ਅਸਾਂ ਸਤਾਰਾਂ ਮੀਲ ਮੈਦਾਨੀ ਰਸਤਾ ਦੋ ਘੰਟਿਆਂ ਵਿੱਚ ਪਾਰ ਕੀਤਾ। ਦੋ-ਤਿੰਨ ਮੀਲ ਅਗਲਾ ਸਫਰ ਵੀ ਸਾਈਕਲਾਂ ਤੇ ਠੀਕ ਰਿਹਾ. ਪਰ ਅਗੋਂ ਕਾਫੀ ਚੜ੍ਹਾਈ ਸ਼ੁਰੂ ਹੋ ਗਈ। ਅਸੀਂ ਕਦੇ ਉਤਰਦੇ ਕਦੇ ਚੜ੍ਹਦੇ ਸ਼ਾਮੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪੰਜ ਕੁ ਵਜੇ ਛੱਰ੍ਹਾਂ-ਪਾਣੀ (ਠੰਡੇ-ਮਿਠੇ-ਸੀਤਲ ਪਾਣੀ ਦਾ ਇਕ ਬਹੁਤ ਸੋਹਣਾ ਚਸ਼ਮਾ ਹੈ ਜਿਥੇ ਕੋਹਮਰੀ ਤੋਂ ਆਉਣ ਜਾਣ ਵਾਲੀਆਂ ਮੋਟਰਾਂ ਇੰਜਨ ਠੰਡਾ ਕਰਨ, ਤੇ ਪਾਣੀ ਬਦਲਣ ਲਈ ਠਹਿਰਦੀਆਂ ਹਨ) ਪੁਜੇ। ਹਾਲੀਂ 10 ਮੀਲ ਦੇ ਕਰੀਬ ਅਗੇ ਸਫਰ ਬਾਕੀ ਸੀ। ਅਸੀਂ ਮੈਦਾਨੀ ਸਫਰਾਂ ਦੇ ਆਦੀ ਸਾਂ, ਪਰ ਪਹਾੜੀ ਯਾਤਰਾ ਦੇ ਨਹੀਂ। ਛਰ੍ਹਾਂ-ਪਾਣੀ ਅੱਧਾ ਕੁ ਘੰਟਾ ਆਰਾਮ ਕਰ ਕੇ ਅਸੀਂ ਅਗਲੇ ਸਫਰ ਤੇ ਤੁਰ ਪਏ। ਇਕ ਅੱਧਾ ਫਰਲਾਂਗ ਸਾਈਕਲ ਤੇ ਚੜ੍ਹ ਕੇ ਜਾਂਦੇ ਤਾਂ ਸਰੀਰ ਪਸੀਨਾ ਪਸੀਨਾ ਹੋ ਜਾਂਦਾ, ਤੇ ਅਗੇ ਸਾਈਕਲ ਤੁਰਨੋਂ ਨਾਂਹ ਕਰ ਦੇਂਦਾ। ਫਿਰ ਦਸ-ਵੀਹ ਕਦਮ ਪੈਦਲ ਤੇ ਕੁਝ ਗਜ਼ ਸਾਈਕਲਾਂ ਤੇ ਚੜ੍ਹ ਕੇ ਜਾਂਦੇ।

ਅਖੀਰ ਛੇ ਕੁ ਮੀਲ ਕੋਹਮਰੀ ਰਹਿ ਗਈ, ਤਾਂ ਸਾਈਕਲ ਤੇ ਚੜ੍ਹ ਕੇ ਜਾਣਾ ਬਿਲਕੁਲ ਅਸੰਭਵ ਹੋ ਗਿਆ। ਇਹ ਸਫਰ ਅਸੀਂ ਡੇਢ-ਦੋ ਘੰਟਿਆਂ ਵਿੱਚ ਪੈਦਲ ਸਾਈਕਲਾਂ ਨੂੰ ਵੀ ਆਪਣੇ ਨਾਲ ਧਰੂੰਹਦਿਆਂ ਮੁਕਾਇਆ। ਇਸ ਤਰ੍ਹਾਂ ਰਬ ਰਬ ਕਰ ਕੇ ਰਾਤ ਦੇ ਅਠ ਕੁ ਵਜੇ ਕੋਹਮਰੀ ਪਹੁੰਚ ਗਏ। ਇਹ ਪਹਾੜ, ਸਤ ਹਜ਼ਾਰ ਫੁਟ ਦੇ ਕਰੀਬ ਸਮੁੰਦਰੋਂ ਉਚਾ ਹੈ। ਗਰਮੀਆਂ ਵਿੱਚ ਇਥੇ ਮੌਸਮ ਬਹੁਤ ਸੁਹਾਵਣਾ ਹੁੰਦੈ। ਆਪਣੀ ਮੰਜ਼ਲ ਤੇ ਪਹੁੰਚ ਕੇ ਥਕਾਵਟ ਇੰਨੀ ਹੋ ਗਈ, ਕਿ ਜੀ ਕਰਦਾ ਸੀ ਸੜਕ ਕਿਨਾਰੇ ਹੀ ਰੈਣ ਬਸੇਰਾ ਕਰ ਲਈਏ। ਰੋਟੀ ਦੀ ਭੁਖ ਵੀ ਕਾਫੀ ਲਗੀ ਹੋਈ ਸੀ, ਪਰ ਥਕਾਵਟ ਉਸ ਤੋਂ ਵਧੇਰੇ ਹੋਣ ਕਰ ਕੇ ਆਰਾਮ ਦੀ ਬਹੁਤ ਜ਼ਰੂਰਤ ਸੀ।

ਮਾਲ ਰੋਡ ਤੇ 'ਪੰਜਾਬ ਹੋਟਲ' ਵਿੱਚ ਅਸੀਂ ਠਿਕਾਣਾ ਕੀਤਾ। ਡੇਢ ਰੁਪਏ ਰੋਜ਼ ਤੇ ਕਮਰਾ, ਤੇ ਖਾਣਾ, ਭਾਵੇਂ ਇਸ ਹੋਟਲ ਵਿੱਚ ਖਾਉ ਤੇ ਭਾਵੇਂ ਬਜ਼ਾਰ ਦੇ ਕਿਸੇ ਤੰਦੂਰੀਏ ਤੋਂ।

ਥੋੜ੍ਹੇ ਚਿਰ ਦੇ ਆਰਾਮ ਪਿਛੋਂ ਕੁਝ ਹੋਸ਼ ਆਈ ਤਾਂ ਅਸੀਂ ਮੰਜਿਆਂ ਤੋਂ ਢਹਿੰਦੇ ਡਿਗਦੇ ਉਠੇ, ਤੇ ਨੇੜੇ ਦੇ ਇਕ ਹੋਟਲ ਤੋਂ ਖਾਣਾ ਖਾ ਕੇ ਫਿਰ ਮੰਜਿਆਂ ਤੇ ਆ ਕੇ ਲੰਮੇ ਪੈ ਗਏ।

ਰਾਤੀਂ ਸਾਨੂੰ ਕੋਈ ਹੋਸ਼ ਨਹੀਂ ਸੀ ਕਿ ਕਿਥੇ ਪਏ ਹਾਂ? ਸਵੇਰੇ ਅਠ ਵਜੇ ਉਠੇ, ਤਾਂ ਵੀ ਅਜਿਹਾ ਜਾਪਦਾ ਸੀ, ਕਿ ਸਰੀਰ ਦਾ ਅੰਗ ਅੰਗ ਦੁਖ ਰਿਹਾ ਹੈ। ਦੂਜਾ ਸਾਰਾ ਦਿਨ ਅਸੀਂ ਮਾਲ ਰੋਡ ਦੀ ਸੈਰ ਕਰਨ, ਪਿੰਡੀ ਪੁਆਇੰਟ ਤੇ ਕਸ਼ਮੀਰ ਪੁਆਇੰਟ ਵੇਖਣ ਉਪਰੰਤ ਆਰਾਮ ਹੀ ਕਰਦੇ ਰਹੇ। ਤੀਜੇ ਦਿਨ ਅਸੀਂ ਪ੍ਰੋਗਰਾਮ ਬਣਾਇਆ ਕਿ ਸਾਈਕਲਾਂ ਤੇ ਕੋਹਾਲੇ ਹੋ ਆਈਏ। ਕੋਹਾਲਾ, ਮਰੀ ਤੋਂ 29 ਮੀਲ ਦੇ ਕਰੀਬ, ਮਰੀ-ਕਸ਼ਮੀਰ ਰੋਡ ਤੇ ਹੈ, ਅਤੇ ਕੋਹਮਰੀ ਤੋਂ ਅਗੇ ਸਾਰੀ ਉਤਰਾਈ ਹੈ।

ਸਵੇਰਸਾਰ ਉਠੇ। ਆਪਣੇ ਹਵਾਈ ਘੋੜਿਆਂ ਤੇ ਟਾਕੀ ਫੇਰੀ ਤੇ ਕੋਹਾਲੇ ਵਲ ਚੜ੍ਹਾਈ ਕਰ ਦਿਤੀ। ਪਿੰਡੀ ਤੋਂ ਕੋਹਮਰੀ ਵਾਲਾ ਰਸਤਾ ਬਹੁਤ ਸੁੰਦਰ ਸੀ, ਚੁਪਾਸੀਂ ਹਰਿਆਵਲ, ਪਾਣੀ ਦੇ ਝਰਨੇ ਤੇ ਠੰਡੀ ਹਵਾ ਸਰੀਰ ਵਿੱਚ ਉਤਸ਼ਾਹ ਭਰ ਦੇਂਦੀ ਸੀ, ਪਰ ਕੋਹਾਲੇ ਵਾਲਾ ਪਾਸਾ ਮਰੀ ਦੀ ਹਰੀ ਭਰੀ ਪਹਾੜੀ ਦਾ ਪਿਛੋਕੜ ਹੈ, ਤੇ ਇਹ ਨਿਰੀ ਖੁਸ਼ਕ ਪਹਾੜੀ ਹੈ। ਹਾਂ, ਇਹ ਠੀਕ ਹੈ ਕਿ ਪਰਸੋਂ ਦੇ ਸਫਰ ਨਾਲੋਂ ਅਜ ਦਾ ਸਫਰ ਸਾਡਾ ਬਹੁਤ ਸੁਖਾਲਾ ਸੀ। ਸਾਈਕਲ ਦੀਆਂ ਬਰੇਕਾਂ ਤਾਂ ਸਾਡੀਆਂ ਹਰ ਸਮੇਂ ਲਗੀਆਂ ਰਹਿੰਦੀਆਂ, ਪਰ ਮੋੜਾਂ ਤੇ ਉਨ੍ਹਾਂ ਨੂੰ ਹੋਰ ਵੀ ਕਸਣਾ ਪੈਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੋਹਾਲੇ ਤੋਂ ਕੁਝ ਮੀਲ ਉਰੇ ਹੀ ਸਾਨੂੰ ਦਰਿਆ ਜਿਹਲਮ ਨੇ ਆਣ ਦਰਸ਼ਨ ਦਿਤੇ ਤੇ ਮੁੜ ਕੁਹਾਲੇ ਤੀਕ ਉਸ ਨੇ ਵਫਾਦਾਰ ਮਿਤਰ ਵਾਂਗ ਸਾਡਾ ਸਾਥ ਨਿਭਾਹਿਆ।

ਕੋਹਾਲਾ, ਕੋਹਮਰੀ ਤੋਂ ਅਗਲਾ ਪੜਾਅ ਹੈ। ਇਥੇ ਦਰਿਆ ਨੂੰ ਪਾਰ ਜਾਣ ਲਈ ਪੁਲ ਬਣਿਆ ਹੋਇਆ ਹੈ। ਦਰਿਆਉਂ ਪਾਰ ਕਸ਼ਮੀਰ ਤੇ ਉਰਾਰ ਪੰਜਾਬ ਦੀ ਹਦ ਸੀ। ਪੁਲੋਂ ਪਾਰ ਖਬੇ ਪਾਸੇ ਦਰਿਆ ਦੇ ਨਾਲ ਨਾਲ ਕਸ਼ਮੀਰ ਨੂੰ ਸੜਕ ਜਾਂਦੀ ਹੈ, ਤੇ ਸਜੇ ਪਾਸੇ ਦਰਿਆ ਦੇ ਨਾਲ ਨਾਲ ਪੈਦਲ ਰਸਤਾ ਪੁਣਛ ਨੂੰ ਚਲਾ ਜਾਂਦਾ ਹੈ।

ਕੋਹਾਲੇ, ਅਸੀਂ ਇਕ ਹੋਟਲ ਅਗੇ ਸਾਈਕਲਾਂ ਟਿਕਾ ਕੇ ਰੋਟੀ ਖਾਣ ਬੈਠ ਗਏ। ਇੰਨੇ ਨੂੰ ਕਸ਼ਮੀਰ ਵੇਖ ਕੇ ਪਰਤੇ ਯਾਤਰੀਆਂ ਦੀ ਇਕ ਪਾਰਟੀ ਉਥੇ ਰੋਟੀ ਖਾਣ ਆ ਗਈ। ਇਹ ਪਾਰਟੀ ਸਾਡੇ ਦੋਹਾਂ ਸਾਥੀਆਂ ਦੇ ਅਧਿਆਪਕਾਂ ਦੀ ਸੀ, ਤੇ ਪੰਦ੍ਰਾਂ ਦਿਨ ਕਸ਼ਮੀਰ ਦੇ ਸੈਰ-ਸਪਾਟੇ ਪਿਛੋਂ ਉਹ ਅਜ ਵਾਪਸ ਪਰਤੇ ਸਨ। ਉਨ੍ਹਾਂ ਸਾਨੂੰ ਸਾਈਕਲਾਂ ਤੇ ਸਵਾਰ ਵੇਖਿਆ ਤਾਂ ਪ੍ਰੇਰਨਾ ਕੀਤੀ, ਕਿ ਤੁਸੀਂ ਜੇ ਇਥੋਂ ਤੀਕ ਸਫਰ ਕਰ ਆਏ ਹੋ, ਤਾਂ ਲਗਦੇ ਹਥ ਅਗੇ ਕਸ਼ਮੀਰ ਵੀ ਦੇਖ ਆਉ।

ਉਨ੍ਹਾਂ ਸੈਲਾਨੀਆਂ ਦੀ ਸਲਾਹ ਸਾਡੇ ਦਿਲ ਲਗ ਗਈ, ਪਰ ਸਾਡੇ ਪਾਸ ਤਾਂ ਕਸ਼ਮੀਰ-ਜੋਗੇ ਨਾ ਕਪੜੇ ਸਨ, ਤੇ ਨਾ ਮਾਇਆ। ਜਦੋਂ ਹਰਬੰਸ ਸਿੰਘ ਹੋਰਾਂ ਆਪਣੇ ਇਕ ਅਧਿਆਪਕ ਮਿਤਰ ਨਾਲ ਗੱਲ ਕੀਤੀ, ਤਾ ਉਨ੍ਹਾਂ ਸਾਨੂੰ ਕੁਝ ਗਰਮ ਕਪੜੇ ਤੇ ਪੰਜਾਹ ਰੁਪਏ ਦੇ ਦਿਤੇ। ਸਾਡੇ ਪਾਸ ਵੀਹ-ਕੁ ਰੁਪਏ ਅਗੇ ਸਨ, ਸੋ ਸਤਰ ਰੁਪਏ ਦੇ ਸਰਮਾਏ ਨਾਲ ਅਸੀਂ ਕੋਹਾਲੇ ਤੋਂ ਪਿਛਾਂਹ ਪਰਤਣ ਦੀ ਬਜਾਏ ਅਗਾਹਾਂ ਕਸ਼ਮੀਰ ਦੀ ਸੁਹਾਵਣੀ ਵਾਦੀ ਵਲ ਤੁਰ ਪਏ। ਕੋਹਾਲੇ ਗਰਮੀ ਪੰਜਾਬ ਦੇ ਮੈਦਾਨਾਂ ਜਿੰਨੀ ਹੀ ਸੀ, ਕਿਉਂਕਿ ਇਹ ਥਾਂ ਕੇਵਲ 1800 ਫੁਟ ਉਚੀ ਹੈ, ਤੇ ਕੋਹਮਰੀ ਤੋਂ 5000 ਫੁਟ ਨਿਵਾਣ ਤੇ ਹੈ। ਇਹ ਥਾਂ ਚੁਪਾਸਿਉਂ ਖੁਸ਼ਕ ਪਹਾੜਾਂ ਨਾਲ ਘਿਰੀ ਹੋਈ ਹੈ।

ਕੋਹਾਲੇ ਤੋਂ ਅਗੇ 21 ਮੀਲ ਦੂਮੇਲ ਹੈ। ਇਸ ਵਿਚਕਾਰਲੇ ਸਫਰ ਨਾਲ ਦਰਿਆ ਜਿਹਲਮ ਸਾਥ ਦੇਂਦਾ ਹੈ। ਸਜੇ ਪਾਸੇ ਉਚੇ ਪਰਬਤ ਤੇ ਖਬੇ ਪਾਸੇ ਦਰਿਆ ਜਿਹਲਮ ਠਾਠਾਂ ਮਾਰਦਾ ਲੰਘਦਾ ਹੈ। ਇਸੇ ਦਰਿਆ ਰਾਹੀਂ ਉਨ੍ਹੀਂ ਦਿਨੀਂ ਕਸ਼ਮੀਰ ਤੋਂ ਬਹੁਤ ਸਾਰੀ ਲਕੜ ਪੰਜਾਬ ਆਉਂਦੀ ਸੀ। ਦੂਮੇਲ ਪਹੁੰਚ ਕੇ ਇਕ ਹੋਰ ਬੜਾ ਤਕੜਾ ਪੁਲ ਆਉਂਦਾ ਹੈ, ਪਰ ਉਸ ਪੁਲ ਨੂੰ ਕੋਹਮਰੀ ਵਲੋਂ ਗਏ ਯਾਤਰੀਆਂ ਨੂੰ ਨਹੀਂ ਟਪਣਾ ਪੈਂਦਾ, ਸਗੋਂ ਐਬਟਾਬਾਦ (ਪਾਕਿਸਤਾਨ) ਵਲੋਂ ਇਕ ਸੜਕ ਆਉਂਦੀ ਹੈ। ਇਸ ਪੁਲ ਤੋਂ ਪਾਰ ਮੁਜ਼ਫਰਾਬਾਦ ਦਾ ਅਤਿ ਸੁੰਦਰ ਸ਼ਹਿਰ, ਦਰਿਆ ਜਿਹਲਮ ਤੇ ਇਕ ਹੋਰ ਦਰਿਆ ਦੇ ਸੰਗਮ ਤੇ ਵਸਦਾ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਗੁਰਦਵਾਰਾ ਹੈ।

ਉਪਰੋਕਤ ਦੋਹਾਂ ਦਰਿਆਵਾਂ ਦੇ ਸੰਗਮ ਤੋਂ ਹੀ ਇਸ ਥਾਂ ਦਾ ਨਾਂ ਪਿਆ ਹੈ - ਦੂਮੇਲ। ਅਸੀਂ ਦੂਮੇਲ ਦੇ ਪੁਲ ਤੋਂ ਪਾਰ ਜਾ ਕੇ ਮੁਜ਼ਫਰਾਬਾਦ ਵਲ ਰਾਤ ਕਟੀ। ਅਜ ਅਸੀਂ ਪੰਜਾਹ ਮੀਲ ਸਫਰ ਕੀਤਾ ਸੀ। ਕੋਹਮਰੀ ਵਾਲੇ ਪਹਿਲੇ ਦਿਨ ਦੇ ਸਫਰ ਨਾਲੋਂ ਥਕਾਵਟ ਘਟ ਸੀ, ਪਰ ਫਿਰ ਵੀ ਸਰੀਰ ਖਾਸਾ ਥਕਿਆ ਟੁਟਿਆ ਸੀ। ਰਾਤ ਬਿਸਰਾਮ ਕਰਨ ਮਗਰੋਂ ਸਵੇਰੇ ਸਵੇਰੇ ਉਠ ਕੇ ਅਸੀਂ ਪੁਲ ਪਾਰ ਕਰ ਕੇ ਮੁੜ ਆਪਣੀ ਸੜਕ ਤੇ ਪਰਤ ਆਏ। ਅਗੇ ਦੂਮੇਲ ਦਾ ਬਾਜ਼ਾਰ ਆਉਂਦਾ ਹੈ। ਇਥੇ ਬਾਜ਼ਾਰ ਖ਼ਤਮ ਹੋਣ ਤੇ ਕਸ਼ਮੀਰ ਰਿਆਸਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਦੀ ਕਸਟਮ ਦੀ ਚੌਂਕੀ। ਇਥੇ ਸਾਰੇ ਸਾਮਾਨ ਦੀ ਤਲਾਸ਼ੀ ਲੈ ਕੇ, ਤੇ ਟੈਕਸ ਵਾਲੀਆਂ ਚੀਜ਼ਾਂ ਦਾ ਟੈਕਸ ਦੇ ਕੇ ਅਗੇ ਲੰਘਣਾ ਪੈਂਦਾ ਹੈ। ਪਰ ਸਾਡੇ ਵਰਗੇ ਨਿਹੰਗਾਂ ਪਾਸ ਮਸੂਲ ਜੋਗਾ ਕੀ ਰਖਿਆ ਸੀ? ਸੋ ਅਸੀਂ ਪੁਰਾਣੇ ਵਾਕਫਦਾਰ ਕਸ਼ਮੀਰੀ ਬਾਬੂਆਂ ਨੂੰ ਨਮਸਕਾਰ ਕਰਦੇ ਅਗੇ ਨਿਕਲ ਗਏ।

ਅਸੀਂ ਮੁਜ਼ਫਰਾਬਾਦ ਤੋਂ ਦਿਨ ਦਾ ਖਾਣਾ ਪਕਵਾ ਕੇ ਨਾਲ ਲੈ ਆਂਦਾ ਸੀ। ਇਕ ਸੁੰਦਰ ਝਰਨੇ ਦੇ ਕਿਨਾਰੇ ਇਕ ਵਡੀ ਸਾਰੀ ਚਟਾਨ ਤੇ ਬੈਠ ਕੇ ਖਾਣਾ ਖਾਧਾ। ਸਾਧਾਰਨ ਰੋਟੀ ਦੇ ਖਾਣ ਦਾ ਵੀ ਭੁਖ ਵਿੱਚ ਹੀ ਸਵਾਦ ਆਂਦਾ ਹੈ, ਜੋ ਛਤੀ ਪਦਾਰਥ ਦੇ ਭੋਜਨਾਂ ਤੋਂ ਵੀ ਉਤਮ ਹੁੰਦਾ ਹੈ।

ਅਗਲੀ ਰਾਤ ਅਸੀਂ ਦੁਮੇਲ ਤੋਂ 25 ਮੀਲ ਤੇ ਗੜ੍ਹੀ ਤੋਂ 11 ਮੀਲ 'ਹਟੀਆ' ਇਕ ਮਾਮੂਲੀ ਜਿਹੇ ਪਿੰਡ ਵਿੱਚ ਕਟੀ। ਇਥੇ ਗਰਮੀ ਪੰਜਾਬ ਵਰਗੀ ਹੀ ਸੀ। ਰਾਤ ਮਛਰ ਖੂਬ ਕਟਦਾ ਸੀ। ਸਵੇਰੇ ਸਵੇਰੇ ਉਠ ਕੇ ਨਹਾਣ ਧੋਣ ਪਿਛੋਂ ਫਿਰ ਤਿਆਰੀ ਕਰ ਲਈ। ਰਾਤੀਂ ਊੜੀ ਜਾ ਪੁਜੇ। ਊੜੀ ਤੋਂ ਅਗੇ 'ਮਹੂਰਾ' ਨਾਂ ਦਾ ਬਿਜਲੀ ਦਾ ਸਟੇਸ਼ਨ ਹੈ। ਇਥੋਂ ਹੀ ਸਾਰੇ ਕਸ਼ਮੀਰ ਨੂੰ ਬਿਜਲੀ ਪਹੁੰਚਦੀ ਹੈ। 1987 ਵਿੱਚ ਜਦ ਕਬਾਇਲੀਆਂ ਨੇ ਕਸ਼ਮੀਰ ਤੇ ਹਲਾ ਬੋਲਿਆ, ਤਾਂ ਸਭ ਤੋਂ ਪਹਿਲਾਂ ਉਨ੍ਹਾਂ ਮੁਜ਼ਫਰਾਬਾਦ ਨੂੰ ਲੁਟਿਆ, ਤੇ ਹਜ਼ਾਰਾਂ ਦੀ ਗਿਣਤੀ ਵਿੱਚ ਬੇਗੁਨਾਹ ਲੋਕਾਂ ਦਾ ਖੂਨ ਡੋਲ੍ਹਿਆ। ਮੁਜ਼ਫਰਾਬਾਦ ਤੋਂ ਉਹ ਲੁਟ ਮਾਰ ਕਰਦੇ ਤੇ ਖੂਨੀ ਹੋਲੀ ਖੇਡਦੇ ਇਸੇ ਸੜਕ ਤੇ ਬਿਨਾਂ ਕਿਸੇ ਰੋਕ ਰੁਕਾਵਟ ਦੇ ਅਗੇ ਵਧਦੇ ਆਏ, ਤੇ ਮਹੂਰੇ ਦੇ ਬਿਜਲੀ ਘਰ ਨੂੰ ਤਬਾਹ ਕਰ ਕੇ ਸਾਰੇ ਕਸ਼ਮੀਰ ਨੂੰ ਹਨੇਰੇ ਵਿੱਚ ਸੁਟ ਦਿਤਾ।

ਇਸੇ ਸੜਕ ਤੋਂ ਵਧਦੇ ਵਧਦੇ ਉਹ ਬਾਰਾਮੂਲਾ ਜਾ ਪਹੁੰਚੇ। ਬਾਰਾਮੂਲਾ ਸ੍ਰੀ ਨਗਰ ਤੋਂ ਕੇਵਲ 32 ਮੀਲ ਹੈ। ਬਾਰਾਮੂਲੇ ਵਿੱਚ ਹੀ ਬੇਫਿਕਰ ਹੋ ਕੇ ਲੁਟਦੇ ਪੁਟਦੇ ਤਬਾਹੀ ਮਚਾਉਂਦੇ ਕਬਾਇਲੀਆਂ ਤੇ ਭਾਰਤੀ ਫੌਜੀਆਂ ਨੇ ਅਚਾਨਕ ਹਮਲਾ ਕਰ ਦਿਤਾ, ਤੇ ਉਨ੍ਹਾਂ ਨੂੰ ਧਕਦੇ ਧਿਕਾਂਦੇ ਊੜੀ ਤੀਕ ਲੈ ਗਏ।

ਅਸੀਂ ਹੁਣ ਬਾਰਾਮੂਲਾ ਪਹੁੰਚ ਗਏ। ਦਰਿਆ ਜਿਹਲਮ ਨੇ ਕੋਹਾਲੇ ਤੋਂ ਸਾਡਾ ਸਾਥ ਨਹੀਂ ਛਡਿਆ। ਬਾਰਾਮੂਲੇ (5200) ਤੋਂ ਅਗੇ ਸ੍ਰੀ ਨਗਰ ਤੀਕ ਮੈਦਾਨ ਹੈ, ਤੇ ਸੜਕ ਦੇ ਦੋਹੀਂ ਪਾਸੀਂ ਅਕਾਸ਼ ਨੂੰ ਛੂੰਹਦੇ ਚਿਨਾਰਾਂ ਦੇ ਦਰੱਖਤ ਹਨ। ਦਰਿਆ ਇਥੇ ਜਰਨੈਲੀ ਸੜਕ ਦਾ ਸਾਥ ਛਡ ਜਾਂਦਾ ਹੈ। ਬਾਰਾਮੂਲੇ ਤੋਂ ਅਗੇ 27 ਕੁ ਮੀਲ ਸ੍ਰੀ ਨਗਰ ਰੋਡ ਤੇ ਪਹੁੰਚ ਗਏ। ਜਿਥੋਂ ਸਜੇ ਹਥ ਨੂੰ ਗੁਲਮਰਗ ਲਈ ਸੜਕ ਫਟਦੀ ਹੈ। ਸ਼ਾਮ ਦਾ ਵਕਤ ਸੀ, ਤੇ ਕਿਣਮਿਣ ਲਗੀ ਹੋਈ ਸੀ। ਅਸੀਂ ਸ੍ਰੀ ਨਗਰ ਰੋਡ ਛਡ ਕੇ ਗੁਲਮਰਗ ਰੋਡ ਤੇ ਪੈ ਗਏ।

ਇਸ ਸੜਕ ਨੂੰ ਵੀ ਚਿਨਾਰਾਂ ਨੇ ਘੇਰਿਆ ਹੋਇਆ ਹੈ। ਦੋਪਾਸੀਂ ਧਾਨਾਂ ਦੇ ਖੇਤਾਂ ਵਿੱਚ ਪਾਣੀ ਖੜੋਤਾ ਹੋਇਆ ਬਹੁਤ ਸੋਹਣਾ ਨਜ਼ਾਰਾ ਦੇਂਦਾ ਹੈ। ਬਾਰਾਮੂਲੇ ਤੋਂ ਸ੍ਰੀ ਨਗਰ ਤੇ ਇਧਰੋਂ ਟਨਮਰਗ ਤੀਕ ਬਹੁਤ ਵਡੀ ਮੈਦਾਨੀ ਵਾਦੀ ਹੈ। ਇਸ ਵਾਦੀ ਨੂੰ ਚੁਪਾਸਿਉਂ ਪਹਾੜੀਆਂ ਨੇ ਘੇਰਿਆ ਹੋਇਆ ਹੈ। ਦੂਰ ਦੀਆਂ ਚੋਟੀਆਂ ਤੇ ਗਰਮੀਆਂ ਦੇ ਦਿਨੀਂ ਵੀ ਬਰਫ ਜੰਮੀ ਹੋਈ ਨਜ਼ਰ ਆਉਂਦੀ ਹੈ। ਰਾਹ ਵਿੱਚ ਕਸ਼ਮੀਰੀ ਪਿੰਡ ਹਨ। ਵਿਚਾਰੀ ਗੁਰਬਤ ਤੇ ਭੁਖ ਮਾਰੀ ਅਨਪੜ੍ਹ ਜਨਤਾ। ਜਿਧਰ ਜਾਉ ਹਜ਼ਾਰਾਂ ਦੀ ਗਿਣਤੀ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਜ਼ਦੂਰੀ ਲਈ ਖੜੋਤੇ ਕਸ਼ਮੀਰੀ ਮਿਲਦੇ ਸਨ। ਇਨ੍ਹਾਂ ਦਾ ਪਹਿਰਾਵਾ ਲੰਮਾ ਜਿਹਾ ਢਿਲ-ਮ-ਢਿਲਾ ਚੋਗਾ, ਛੋਟੇ ਪਾਂਚਿਆਂ ਵਾਲੀ ਗੋਡਿਆਂ ਤੋਂ ਜ਼ਰਾ ਕੁ ਹੇਠਾਂ ਸਲਵਾਰ ਤੇ ਸਿਰ ਤੇ ਕਸ਼ਮੀਰੀ ਟੋਪੀ। ਜ਼ਨਾਨੀਆਂ ਮਰਦ ਬੁਢੇ ਬਚੇ ਸਾਰੇ ਖੇਤਾਂ ਵਿੱਚ ਮਿਹਨਤ ਕਰਦੇ ਦਿਸਦੇ ਸਨ। ਹਾਲੀਂ ਟਨਮਰਗ ਪੰਜ ਛੇ ਮੀਲ ਰਹਿੰਦਾ ਸੀ, ਕਿ ਤੇਜ਼ ਬਾਰਸ਼ ਸ਼ੁਰੂ ਹੋ ਗਈ। ਸਾਡੇ ਕਪੜੇ ਤੇ ਸਾਈਕਲ ਪਿਛੇ ਬੰਨ੍ਹੇ ਕੰਬਲ ਤੇ ਦਰੀ ਆਦਿ ਬਿਸਤਰੇ ਬੁਰੀ ਤਰ੍ਹਾਂ ਭਿਜ ਗਏ। ਅਗੋਂ ਸਖਤ ਚੜ੍ਹਾਈ ਸੀ। ਇਹ ਅਜੀਬ ਤਰ੍ਹਾਂ ਦੀ ਚੜ੍ਹਾਈ ਸੀ। ਵੇਖਣ ਵਿੱਚ ਨਿਰੀ ਪਧਰੀ ਸੜਕ, ਪਰ ਸਾਈਕਲ ਤੇ ਕੁਝ ਗਜ਼ ਪੈਡਲ ਮਾਰਨ ਪਿਛੋਂ ਲਤਾਂ ਥਕ ਜਾਣ ਤੇ ਆਪ ਸਾਹੋ ਸਾਹ ਹੋ ਜਾਈਏ। ਅਖੀਰ ਪੈਦਲ ਤੁਰਨਾ ਪਿਆ। ਬਾਰਸ਼ ਦੇ ਤੂਫਾਨ ਵਿੱਚ ਹੀ ਸਾਈਕਲਾਂ ਧਰੂੰਹਦੇ ਤੇ ਪੈਦਲ ਮਾਰਚ ਕਰਦੇ ਅਸੀਂ ਟਨਮਰਗ ਜਾ ਪਹੁੰਚੇ। ਅਜ-ਕਲ ਟਨਮਰਗ ਅਛੀ ਰੌਣਕ ਵਾਲੀ ਜਗ੍ਹਾ ਬਣ ਗਈ ਹੈ, ਪਰ ਸੰਨ 1940 ਵਿੱਚ ਇਹ ਇਕ ਛੋਟਾ ਜਿਹਾ ਪਿੰਡ ਸੀ, ਤੇ ਨਵੀਂ ਕਿਸਮ ਦੇ ਬੰਗਲੇ ਤੇ ਹੋਟਲ ਉਸਰ ਰਹੇ ਸਨ। ਸੜਕ ਦੇ ਕਿਨਾਰੇ ਇਕ ਹੋਟਲ ਦੀ ਉਸਾਰੀ ਹੋ ਰਹੀ ਸੀ, ਕਿਸੇ ਕਮਰੇ ਨੂੰ ਦਰਵਾਜ਼ੇ ਲਗੇ ਹੋਏ ਸਨ, ਤੇ ਕੋਈ ਹਾਲਾਂ ਖਾਲੀ ਪਿਆ ਸੀ। ਇਕ ਦਮ ਜ਼ੋਰ ਦੀ ਬਾਰਸ਼ ਆ ਜਾਣ ਕਰ ਕੇ ਮਿਸਤਰੀ ਮਜ਼ਦੂਰ ਘਰਾਂ ਨੂੰ ਨਠ ਗਏ, ਤੇ ਇਸ ਤਰ੍ਹਾਂ ਸਰ ਹੋਇਆ ਮੋਰਚਾ ਸਾਡੇ ਹਥ ਆ ਗਿਆ ਸੀ।

ਅਸੀਂ ਸਾਈਕਲਾਂ ਬੰਗਲੇ ਅੰਦਰ ਟਿਕਾਈਆਂ, ਕੰਬਲਾਂ ਤੇ ਚਾਦਰਾਂ ਦਰੀਆਂ ਨੂੰ ਨਪੀੜਿਆ। ਆਪਣੇ ਪਹਿਨੇ ਹੋਏ ਬਸਤਰਾਂ 'ਚੋਂ ਪਾਣੀ ਕਢਿਆ, ਤੇ ਉਨ੍ਹਾਂ ਨੂੰ ਹਵਾ ਲਵਾਣ ਲਈ ਟੰਗ ਦਿਤਾ। ਹੁਣ ਬਾਰਸ਼ ਥੰਮ ਚੁਕੀ ਸੀ, ਤੇ ਮੌਸਮ ਨਿਖਰ ਗਿਆ ਸੀ। ਸੋ ਅਸੀਂ ਨਾਲ ਦੇ ਹੋਟਲ 'ਚੋਂ ਰੋਟੀ ਖਾਧੀ।

ਸਵੇਰੇ ਚੰਗੀਆਂ ਧੁੱਪਾ ਚੜ੍ਹ ਪਈਆਂ, ਤਾਂ ਅਸੀਂ ਉਠੇ। ਆਪਣੇ ਆਕੜੇ ਹੋਏ ਸਰੀਰ ਨੂੰ ਧੁੱਪ ਲਵਾਈ, ਤੇ ਕਪੜੇ ਸੁਕਾ ਕੇ ਅਗਲਾ ਸਫਰ ਅਰੰਭ ਕੀਤਾ। ਟਨਮਰਗ ਤੋਂ ਗੁਲਮਰਗ ਤਿੰਨ ਚਾਰ ਮੀਲ ਹੈ, ਪਰ ਇਹ ਬੜੀ ਕਠਨ ਚੜ੍ਹਾਈ ਹੈ। ਟਨਮਰਗ ਤੋਂ ਅਗੇ ਮੋਟਰ ਨਹੀਂ ਜਾਂਦੀ। ਪੈਦਲ ਜਾਂ ਘੋੜੇ ਤੇ ਹੀ ਸਫਰ ਕੀਤਾ ਜਾ ਸਕਦਾ ਹੈ। ਸਾਡੇ ਆਪਣੇ ਹਵਾਈ ਘੋੜੇ (ਸਾਈਕਲ) ਸਨ, ਤੇ ਉਨ੍ਹਾਂ ਉਪਰ ਸਾਮਾਨ ਲਦਿਆ ਹੋਇਆ ਸੀ। ਬੜੀ ਮੁਸ਼ਕਲ ਨਾਲ ਸਾਈਕਲਾਂ ਨੂੰ ਖਿਚਦੇ-ਖਿਚਾਂਦੇ ਦੋ ਢਾਈ ਘੰਟਿਆਂ ਵਿੱਚ ਅਸੀਂ ਗੁਲਮਰਗ ਪਹੁੰਚੇ। ਜਾਂਦਿਆਂ ਸਾਰ ਗੁਲਮਰਗ ਦੇ ਅਰੰਭ ਵਿੱਚ ਹੀ ਬੜੇ ਨਿਰਮਲ ਜਲ ਦੀ ਵਗ ਰਹੀ ਛੋਟੀ ਜਿਹੀ ਨਦੀ ਵਿੱਚ ਇਸ਼ਨਾਨ ਕੀਤਾ। ਪਾਣੀ ਨਿਰਾ ਬਰਫ। ਬਸ ਟੁਭੀ ਲਾਈ ਤੇ ਬਾਹਰ ਭਜੇ। ਉਪਰ ਜਾ ਕੇ ਹੋਟਲ 'ਚੋਂ ਖਾਣਾ ਖਾਧਾ। ਗੁਰਦਵਾਰੇ ਵਿੱਚ ਮੁਸਾਫਰਾਂ ਲਈ ਕੁਝ ਕਮਰੇ ਹਨ, ਉਨ੍ਹਾਂ 'ਚੋਂ ਇਕ ਕਮਰੇ ਵਿੱਚ ਅਸੀਂ ਡੇਰੇ ਲਾ ਦਿਤੇ।

ਇਨ੍ਹੀਂ ਦਿਨੀਂ ਗੁਲਮਰਗ ਵਿੱਚ ਮੌਸਮ ਬੜਾ ਖੁਸ਼ਗਵਾਰ ਸੀ। ਸਾਡੇ ਲਈ ਪੰਜਾਬ ਦੀ ਗਰਮੀ ਹੁਣ ਭੁਲੀ ਵਿਸਰੀ ਕਹਾਣੀ ਬਣ ਗਈ ਸੀ। ਗੁਲਮਰਗ ਰਾਤ ਨੂੰ ਕਮਰੇ ਅੰਦਰ ਗਰਮ ਬਿਸਤਰਿਆਂ ਦੇ ਬਾਵਜੂਦ ਵੀ ਠੰਡ ਲਗਣੀ ਸੀ। ਇਹ ਦੋ ਮੀਲ ਲੰਬਾ ਤੇ ਅਧਾ ਮੀਲ ਚੌੜਾ ਮੈਦਾਨ ਹੈ। ਗੁਲਮਰਗ ਦੇ ਚੁਪਾਸੀਂ ਇਕ ਸਤ ਮੀਲ ਲੰਮੀ ਸੜਕ ਘੁੰਮਦੀ ਹੈ ਜਿਸ ਨੂੰ ਠੰਡੀ ਸੜਕ ਕਹਿੰਦੇ ਹਨ। ਇਥੇ ਡਾਕਖਾਨਾ ਹੈ। ਕਚਹਿਰੀ ਹੈ। ਹਸਪਤਾਲ ਤੇ ਪੋਲੋ ਗਰਾਉਂਡ ਹੈ। ਜਿਸ ਨੇ ਕੁਦਰਤ ਦਾ ਅਤਿ ਸੁੰਦਰ ਨਜ਼ਾਰਾ ਲੈਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੋਵੇ. ਤੇ ਮਨ ਵਿੱਚ ਸ਼ਾਂਤੀ ਦਾ ਮੁਤਲਾਸ਼ੀ ਹੋਵੇ. ਉਸ ਨੂੰ ਗੁਲਮਰਗ ਦੇ ਦਰਸ਼ਨ ਕਰਨੇ ਚਾਹੀਦੇ ਹਨ।

ਗੁਲਮਰਗ ਤੋਂ ਸਿਰਫ ਦੋ ਮੀਲ ਦੇ ਫਾਸਲੇ ਤੇ ਖਿਲਨ ਮਰਗ (ਬਕਰੀਆਂ ਦੀ ਚਰਾਗਾਹ) ਹੈ। ਇਥੇ ਗਰਮੀਆਂ ਵਿੱਚ ਵੀ ਬਰਫ ਜੰਮੀ ਰਹਿੰਦੀ ਹੈ। ਇਹ ਥਾਂ 15000 ਫੁੱਟ ਉੱਚੀ ਹੈ। ਸਵੇਰ ਸਾਰ ਅਸੀਂ ਖਿਲਨ ਮਰਗ ਵਲ ਪੈਦਲ ਤੁਰ ਪਏ। ਗੁਲਮਰਗ ਦੇ ਸੁਹਾਵਣੇ ਮੈਦਾਨ 'ਚੋਂ ਲੰਘਦੇ ਅਸੀਂ ਇਕ ਘੰਟੇ ਵਿੱਚ ਖਿਲਨ ਮਰਗ ਦੀ ਬਰਫਾਨੀ ਚੋਟੀ ਨੂੰ ਜਾ ਹਥ ਲਾਇਆ। ਅਸੀਂ ਦੋ ਘੰਟੇ ਖਿਲਨ ਮਰਗ ਠਹਿਰ ਕੇ ਬਰਫ ਤੇ ਦੌੜਦੇ, ਹਸਦੇ ਖੇਡਦੇ ਇਕ ਦੂਜੇ ਤੇ ਬਰਫ ਦੇ ਗੋਲੇ ਸੁਟਦੇ, ਵਾਪਸ ਗੁਲਮਰਗ ਪਰਤ ਆਏ।

ਗੁਲਮਰਗ ਅਸਾਂ ਤਿੰਨ ਦਿਨ ਠਹਿਰੇ। ਚੌਥੇ ਦਿਨ ਅਸੀਂ ਆਪਣੇ ਹਵਾਈ ਘੋੜਿਆਂ ਤੇ ਟਨਮਰਗ ਵਲ ਰਿੜ੍ਹ ਪਏ ਤੇ ਟਨਮਰਗ ਤੋਂ ਸ੍ਰੀ ਨਗਰ। ਇਹ ਰਾਹ 10 ਮੀਲ ਉਤਰਾਈ. ਤੇ ਇਸ ਪਿਛੋਂ 15 ਮੀਲ ਬਿਲਕੁਲ ਮੈਦਾਨ ਹੈ। ਦੁਪਹਿਰ ਦਾ ਖਾਣਾ ਅਸੀਂ ਸ੍ਰੀ ਨਗਰ ਆਣ ਖਾਧਾ। ਸ੍ਰੀ ਨਗਰ ਇਕ ਹਫਤਾ ਠਹਿਰੇ। ਨੇੜੇ ਤੇੜ ਦੀਆਂ ਥਾਂਵਾਂ - ਚਸ਼ਮਾ ਸ਼ਾਹੀ, ਸ਼ਾਲਾਮਾਰ, ਨਿਸ਼ਾਤ ਤੇ ਹਾਰਵਨ ਆਦਿ ਥਾਵਾਂ ਵੇਖੀਆਂ। ਡੱਲ ਝੀਲ ਦੀ ਸ਼ਿਕਾਰੇ ਤੇ ਸੈਰ ਕੀਤੀ। ਦਰਿਆਉਂ ਪਾਰ ਅਜਾਇਬ ਘਰ ਵੇਖਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਇਤਿਹਾਸਕ ਗੁਰਦਵਾਰੇ ਛੇਵੀਂ ਪਾਤਸ਼ਾਹੀ ਦੇ ਦਰਸ਼ਨ ਕੀਤੇ, ਇਸ ਪਿਛੋਂ ਵਾਪਸੀ ਦੀ ਤਿਆਰੀ ਕਰ ਦਿਤੀ।

ਚਾਰ ਦਿਨਾਂ ਦੇ ਸਾਈਕਲ ਸਫਰ ਪਿਛੋਂ ਅਸੀਂ ਕੋਹਮਰੀ ਪਹੁੰਚ ਗਏ। ਪੰਜਾਬ ਹੋਟਲ 'ਚੋਂ ਆਪਣਾ ਸਾਮਾਨ ਲਿਆ, ਤੇ ਸ਼ਾਮ ਦੇ ਪੰਜ ਵਜੇ ਦੇ ਕਰੀਬ ਕੋਹਮਰੀ ਦੀ ਉਤਰਾਈ ਤੇ ਸਾਈਕਲਾਂ ਨੂੰ ਚਾਲੇ ਪਾ ਦਿੱਤਾ।

ਕੋਹਮਰੀ ਤੋਂ ਵਾਪਸੀ ਤੇ ਸਖਤ ਉਤਰਾਈ ਹੈ। ਸੈਨੀ ਬੈਂਕ (2 ਮੀਲ) ਤੀਕ ਅਸੀਂ ਮੋੜਾਂ ਤੇ ਬਰੇਕਾਂ ਮਾਰਦੇ ਆਏ, ਪਰ ਵਾਰ-ਵਾਰ ਬਰੇਕਾਂ ਮਾਰ-ਮਾਰ ਹੁਣ ਬਰੇਕਾਂ ਨੇ ਵੀ ਜਵਾਬ ਦੇ ਦਿਤਾ ਸੀ। ਪੂਰੀ ਤਰ੍ਹਾਂ ਸਜੀ ਖਬੀ, ਦੋਵੇਂ ਬਰੇਕਾਂ ਕਸ ਲੈਣ ਤੇ ਵੀ ਸਾਈਕਲ ਕਾਫੀ ਦੂਰ ਜਾ ਕੇ ਰੁਕਦੀ। ਅਗੋਂ ਟਰੱਕ ਜਾਂ ਬਸ ਆ ਜਾਣ ਤੇ ਅਸੀਂ ਨਿਰਾ ਬਰੇਕਾਂ ਤੇ ਹੀ ਭਰੋਸਾ ਨਹੀਂ ਸਾਂ ਕਰਦੇ. ਸਗੋਂ ਦੌੜਦੀ ਸਾਈਕਲ ਤੋਂ ਛਾਲਾਂ ਮਾਰ ਕੇ ਉਤਰਦੇ, ਤੇ ਕਈ ਗਜ਼ ਸਾਈਕਲ ਦੇ ਨਾਲ ਨਾਲ ਦੌੜਦੇ ਚਲੇ ਜਾਂਦੇ, ਤਾਂ ਹੀ ਸਾਈਕਲ ਬੜੀ ਮੁਸ਼ਕਲ ਨਾਲ ਰੁਕਦਾ।

ਦਸ ਕੁ ਮੀਲ ਦੇ ਸਫਰ ਪਿਛੋਂ ਸਾਡੀਆਂ ਬਰੇਕਾਂ ਬਿਲਕੁਲ ਹੀ ਜਵਾਬ ਦੇ ਗਈਆਂ। ਹੁਣ ਅਸੀਂ ਸਾਈਕਲ ਦੀ ਰਫਤਾਰ ਘਟਾਣ ਲਈ ਇਕ ਹੋਰ ਢੰਗ ਕਢਿਆ। ਆਪਣੀ ਸਜੀ ਲਤ ਅਗੇ ਵਲ ਲੰਮੀ ਕਰ ਕੇ ਅਗਲੇ ਟਾਇਰ ਤੇ ਪੈਰ ਰਖ ਦੇਂਦੇ, ਤਾਂ ਸਾਈਕਲ ਨੂੰ ਬਰੇਕ ਲਗ ਜਾਂਦੀ। ਕੁਝ ਚਿਰ ਇਸ ਤਰ੍ਹਾਂ ਕੰਮ ਚਲਦਾ ਰਿਹਾ। ਕਦੀ ਟਾਇਰ ਨੂੰ ਪੈਰ ਦੀ ਬਰੇਕ ਲਾਣੀ। ਕਦੀ ਅਗਲੇ ਮਡਗਾਰਡ ਨੂੰ ਪੈਰ ਨਾਲ ਜ਼ੋਰ ਦੀ ਦਬਾਣਾ। ਪਰ ਇਸ ਪਿਛੋਂ ਸਜ਼ੇ ਪੈਰ ਦੇ ਬੂਟ ਦਾ ਹੇਠਲਾ ਚਮੜਾ ਸਾਰਾ ਘਸ ਗਿਆ। ਇਸ ਤਰ੍ਹਾਂ ਬਰੇਕਾਂ ਦਾ ਕੰਮ ਬੂਟਾਂ ਤੋਂ ਲੈਂਦੇ ਅਸੀਂ 'ਸਤਰਾ ਮੀਲ' ਆਣ ਪੁਜੇ।

ਸਤਰਾ ਮੀਲ ਤੋਂ ਅਗੇ ਰਾਵਲਪਿੰਡੀ ਦਾ ਸਫਰ ਬਿਲਕੁਲ ਮੈਦਾਨੀ ਸੀ, ਪਰ ਮੁਸੀਬਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੋਰ ਆਣ ਪਈ। ਇਸ ਸਮੇਂ ਸੂਰਜ ਡੁਬ ਚੁਕਾ ਸੀ ਤੇ ਪਲ ਪਲ ਅਨ੍ਹੇਰਾ ਵਧਦਾ ਜਾ ਰਿਹਾ ਸੀ। ਕੁਝ ਮੀਲ ਜਾਣ ਤੇ ਅਸੀਂ ਆਪਣੇ ਸਾਥੀਆਂ ਨੂੰ ਵੀ ਆਣ-ਜਾਣ ਵਾਲੀਆਂ ਮੋਟਰ ਬਸ ਦੀਆਂ ਬਤੀਆਂ ਦੀ ਰੋਸ਼ਨੀ ਵਿੱਚ ਹੀ ਵੇਖ ਸਕਦੇ ਸਾਂ।

ਰਾਵਲਪਿੰਡੀ ਹਾਲੀਂ ਪੰਜ-ਛੇ ਮੀਲ ਦੂਰ ਸੀ, ਕਿ ਅਚਾਨਕ ਜਤੀ ਸਤੀ ਹੋਰਾਂ ਦੀ ਸਾਈਕਲ ਦਾ ਟਾਇਰ ਟਯੂਬ ਦਾ ਪਟਾਕਾ ਬੋਲ ਗਿਆ। ਇਸ ਸਮੇਂ ਉਹ ਸਭ ਤੋਂ ਪਿਛੇ ਸਨ, ਤੇ ਸੁੰਨਸਾਨ ਤੇ ਖਾਮੋਸ਼ ਰਾਤ ਵਿੱਚ ਆਵਾਜ਼ ਇੰਨੀ ਭਿਆਨਕ ਸੀ ਕਿ ਅਸੀਂ ਅਗਲੇ ਦੋਵੇਂ ਸਾਥੀ ਤੇਜ਼ੀ ਨਾਲ ਨਠ ਉਠੇ। ਪਿਛੋਂ ਜਤੀ ਸਤੀ ਹੋਰੀਂ ਆਵਾਜ਼ ਮਾਰੀ ਜਾਣ - ''ਮੇਰਾ ਟਾਇਰ ਫਟ ਗਿਆ ਹੈ, ਠਹਿਰੋ।''

ਆਪਣੇ ਸਾਥੀ ਦੀ ਭਿਆਨਕ ਆਵਾਜ਼ ਸੁਣ, ਅਸੀਂ ਖੜੋ ਗਏ, ਤੇ ਉਹ ਆਪਣੀ ਸਾਈਕਲ ਧਰੂੰਹਦਾ ਆ ਪਹੁੰਚਿਆ। ਸਾਨੂੰ ਸਮਝ ਨਾ ਆਵੇ, ਕਿ ਅਸੀਂ ਤੀਜੀ ਸਾਈਕਲ ਦਾ ਕੀ ਕਰੀਏ? ਅਖੀਰ ਕਾਫੀ ਸੋਚ ਵਿਚਾਰ ਪਿਛੋਂ ਇਕ ਸਾਈਕਲ ਦੇ ਪਿਛੇ ਜਤੀ ਸਤੀ ਨੂੰ ਬਿਠਾਇਆ ਤੇ ਸਾਈਕਲ ਉਸ ਆਪਣੇ ਹਥ ਫੜ ਲਈ। ਇਸ ਤਰ੍ਹਾਂ ਸਾਡੇ 'ਚੋਂ ਕਦੀ ਇਕ, ਜਤੀ ਸਤੀ ਤੇ ਉਸ ਦੀ ਸਾਈਕਲ ਨੂੰ ਧਰੂੰਹਦਾ ਤੇ ਕਦੀ ਦੂਜਾ। ਕਾਲੀ ਸ਼ਾਹ ਰਾਤ ਵਿੱਚ ਬਿਨਾਂ ਬਤੀਉਂ ਚਲਣਾ ਖਤਰੇ ਤੋਂ ਖਾਲੀ ਨਹੀਂ, ਪਰ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ, ਸੋ ਅਸੀਂ ਰਬ ਰਬ ਕਰਦੇ ਅਗੇ ਵਧੀ ਗਏ।

ਅਖੀਰ ਇਹ ਡਰਾਉਣਾ ਤੇ ਥਕਾ ਦੇਣ ਵਾਲਾ ਦਿਲਚਸਪ ਸਫਰ ਵੀ ਮੁਕਾ, ਤੇ ਰਾਤ ਦੇ ਦਸ ਕੁ ਵਜੇ ਅਸੀਂ ਘਰ ਪਹੁੰਚੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪ੍ਰੀਤ ਨਗਰ

ਕਸ਼ਮੀਰ ਯਾਤਰਾ ਮੁਕਾ ਕੇ ਇਕ-ਦੋ ਦਿਨ ਰਾਵਲਪਿੰਡੀ ਠਹਿਰ, ਆਪਣੇ ਬਚੇ ਖੁਚੇ ਸਾਥੀਆਂ ਨੂੰ ਸੁਨੇਹਾ ਭੇਜ, ਮੈਂ ਲਾਹੌਰ ਦੀ ਗਡੀ ਫੜ ਲਈ। ਲਾਹੌਰ ਤੋਂ ਬਸ ਲੋਪੋਕੇ ਜਾਂਦੀ ਸੀ। ਸੌ ਮੀਲ ਦੇ ਫਾਸਲੇ ਤੇ ਲੋਪੋਕੇ ਪਹੁੰਚ ਅਗੇ ਇਕ ਮੀਲ ਦੀ ਦੂਰੀ ਤੇ ਮੈਂ ਪ੍ਰੀਤਨਗਰ ਪੈਦਲ ਜਾ ਪੁਜਾ।

ਪ੍ਰੀਤਨਗਰ 1938-1939 ਈ: ਵਿੱਚ ਨਵੀਂ ਵਸੀ ਇਕ ਵਿਚਿੱਤਰ ਕਾਲੋਨੀ ਸੀ। ਪ੍ਰੀਤਨਗਰ ਦੇ ਬਾਨੀ ਸ੍ਰ: ਗੁਰਬਖਸ਼ ਸਿੰਘ ਸੰਪਾਦਕ ਪ੍ਰੀਤਲੜੀ ਦਾ ਵਿਚਾਰ, ਉਸ ਤਰ੍ਹਾਂ ਦੀ ਕਾਲੋਨੀ ਤੇ ਫਾਰਮ ਬਨਾਉਣ ਦਾ ਸੀ, ਜਿਵੇਂ ਮਹਾਤਮਾ ਗਾਂਧੀ ਨੇ ਸੰਨ 1904 ਈਸਵੀ ਵਿੱਚ ਜਨੂਬੀ ਅਫਰੀਕਾ ਦੇ ਫੀਨਕਸ ਨਾਂ ਦੇ ਅਸਥਾਨ ਤੇ ਵਸਾਈ ਸੀ। ਇਸ ਦਾ ਨਾਂ ਟਾਲਸਟਾਏ ਫਾਰਮ ਸੀ। ਟਾਲਸਟਾਏ ਫਾਰਮ ਦੇ ਸਾਰੇ ਕਾਮੇ ਰਲ ਮਿਲ ਕੇ ਕੰਮ ਕਰਦੇ ਸਨ, ਤੇ ਇਕੋ ਥਾਂ ਲੰਗਰ ਛਕਦੇ ਸਨ। ਫਾਰਮ ਵਿੱਚ ਹੀ ਉਨ੍ਹਾਂ ਇਕ ਛਾਪਾਖਾਨਾ ਵੀ ਲਗਾਇਆ, ਜਿਥੋਂ 'ਇੰਡੀਅਨ ਓਪੀਨੀਅਨ' ਨਾਂ ਦਾ ਹਫਤੇਵਾਰ ਪਰਚਾ ਛਪਦਾ ਸੀ। ਇਥੇ ਰਹਿਣ ਵਾਲੇ ਹਰ ਬਸ਼ਰ ਨੂੰ, ਭਾਵੇਂ ਉਹ ਇਸਤਰੀ ਹੋਵੇਂ ਜਾਂ ਪੁਰਸ਼, ਸਾਰੇ ਕੰਮ ਆਪਣੇ ਹੱਥੀਂ ਕਰਨੇ ਪੈਂਦੇ ਸਨ। ਅਖਬਾਰ ਤੇ ਛਾਪੇਖਾਨੇ ਤੋਂ ਇਲਾਵਾ ਖੇਤੀਬਾੜੀ ਦਾ ਕੰਮ ਵੀ ਹਰ ਬੰਦੇ ਲਈ ਜ਼ਰੂਰੀ ਸੀ। ਸਭ ਨੂੰ ਇਕੋ ਜਿੰਨੀ ਮਜ਼ਦੂਰੀ ਮਿਲਦੀ ਸੀ। ਤਿੰਨ ਪੌਂਡ ਮਾਹਵਾਰ ਹਰ ਬੰਦੇ ਲਈ ਤਨਖਾਹ ਮੁੱਕਰਰ ਸੀ। ਇਸੇ ਵਿੱਚ ਉਨ੍ਹਾਂ ਸਾਰਿਆਂ ਨੇ ਆਪਣੇ ਕਪੜੇ ਅਰ ਲੰਗਰ ਦਾ ਖਰਚ ਚਲਾਣਾ ਹੁੰਦਾ ਸੀ। ਇਹ ਫਾਰਮ ਡਰਬਨ ਤੋਂ ਨੇੜੇ ਹੀ ਸੀ। ਇਥੇ ਧਰਤੀ ਦੇ ਦੋ ਨਾਲੋ ਨਾਲ ਦੇ ਟੁਕੜੇ ਸਨ। ਇਕ ਵੀਹ ਏਕੜ ਤੇ ਦੂਜਾ ਅੱਸੀ ਏਕੜ ਦਾ। ਇਹ ਜ਼ਮੀਨ ਇਕ ਹਜ਼ਾਰ ਪੌਂਡ ਤੋਂ ਖੇਤੀਬਾੜੀ ਲਈ ਖਰੀਦੀ ਗਈ ਸੀ।

ਇਸ ਥਾਂ ਉਨ੍ਹਾਂ ਪ੍ਰੈਸ ਲਈ ਛਪਰ ਪਾ ਲਿਆ, ਤੇ ਬਾਕੀ ਧਰਤੀ ਖੇਤੀ ਲਈ ਰਖ ਲਈ। ਗਾਂਧੀ ਜੀ ਨੂੰ ਇਥੇ ਰਹਿ ਕੇ ਕਿੰਨੀਆਂ ਕੁ ਔਕੜਾਂ ਆਈਆਂ, ਇਹ ਇਕ ਲੰਬੀ ਕਹਾਣੀ ਹੈ। ਇਥੇ ਉਨ੍ਹਾਂ ਦੇ ਅੰਗ੍ਰੇਜ਼ ਦੋਸਤ ਸਣੇ ਆਪਣੀਆਂ ਪਤਨੀਆਂ ਦੇ ਵੀ ਰਹਿੰਦੇ ਸਨ। ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਮਹਾਤਮਾ ਜੀ ਨੇ ਆਪਣੇ ਹੱਥ ਰੱਖਿਆ ਹੋਇਆ ਸੀ। ਪ੍ਰੀਤਨਗਰ ਦੀ ਕਾਲੋਨੀ ਤੇ ਟਾਲਸਟਾਏ ਫਾਰਮ ਵਿੱਚ ਇਕ ਵੱਡਾ ਅੰਤਰ ਇਹ ਸੀ, ਕਿ ਇਥੇ ਦੋ ਕਲਾਸਾਂ ਸਨ, ਇਕ ਸੈਨਿਕ, ਜੋ ਪ੍ਰੀਤਨਗਰ ਦੇ ਹਕੀਕੀ ਮਾਲਕ ਸਨ ਤੇ ਦੂਜੇ ਕਾਮੇ, ਜੋ ਛਾਪੇਖਾਨੇ ਅਖਬਾਰ ਦੇ ਦਫਤਰ ਤੇ ਫਾਰਮ ਆਦਿ ਦੇ ਮੁਲਾਜ਼ਮ ਸਨ। ਦੋਹਾਂ ਸ਼੍ਰੇਣੀਆਂ ਦੇ ਹਕ ਹਕੂਕ ਵਖੋ ਵਖਰੇ ਸਨ। ਸੈਨਿਕ ਕੋਠੀਆਂ ਵਿੱਚ ਰਹਿੰਦੇ ਸਨ ਤੇ ਮੁਲਾਜ਼ਮਾਂ ਲਈ ਪੁਰਾਣੀ ਤਰਜ਼ ਦੇ ਬਣੇ ਕਵਾਟਰ ਸਨ। ਪ੍ਰੀਤਨਗਰ ਦੀ ਰੂਹ ਰਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸ: ਗੁਰਬਖਸ਼ ਸਿੰਘ ਜੀ ਸਨ ਜਿਵੇਂ ਟਾਲਸਟਾਏ ਫਾਰਮ ਦੀ ਮਹਾਤਮਾ ਗਾਂਧੀ। ਇਹੋ ਇਕ ਗੱਲ ਇਨ੍ਹਾਂ ਦੋਹਾਂ ਬਸਤੀਆਂ ਵਿੱਚ ਸਾਂਝੀ ਸੀ।

ਪ੍ਰੀਤਨਗਰ ਦੇ ਸੈਨਿਕ ਲਗਪਗ ਸਭ ਪੜ੍ਹੇ ਲਿਖੇ ਤੇ ਅਫਸਰੀ ਢੰਗ ਤੇ ਠਾਠ ਬਾਠ ਦੀ ਰਹਿਣੀ ਬਹਿਣੀ ਦੇ ਆਦੀ ਸਨ। ਸੈਨਿਕਾਂ ਤੇ ਕਾਮਿਆਂ ਦੀ ਇਸ ਬਨਾਵਟੀ ਦੀਵਾਰ ਨੂੰ ਤੋੜਨਾ ਚਾਹੁੰਦੇ ਸਨ, ਡਾਵਰ ਸਾਹਿਬ ਤੇ ਉਸ ਤੋਂ ਪਿਛੋਂ ਨਾਨਕ ਸਿੰਘ ਨਾਵਲਿਸਟ। ਸੰਨ 1940 ਈ: ਵਿੱਚ ਮੇਰੇ ਪ੍ਰੀਤਨਗਰ ਕਦਮ ਰਖਦਿਆਂ ਹੀ ਕੁਝ ਮਹੀਨਿਆਂ ਅੰਦਰ ਡਾਵਰ ਸਾਹਿਬ ਆਪਣੇ ਦੋ ਤਿੰਨ ਸਾਥੀਆਂ ਸਣੇ ਤਿਆਗ ਪੱਤਰ ਦੇ ਗਏ, ਤੇ 1945-46 ਵਿੱਚ ਨਾਨਕ ਸਿੰਘ ਹੋਰੀਂ ਵੀ ਆਪਣੇ ਸਾਥੀਆਂ ਦਾ ਸਾਥ ਛਡ ਗਏ।

ਡਾਵਰ ਜੀ ਬਹੁਤ ਪਿਆਰੇ, ਬਹੁਤ ਨੇਕ ਤੇ ਗਾਂਧੀ ਭਗਤ ਸੱਜਣ ਪੁਰਸ਼ ਸਨ। ਉਹਨਾਂ ਦਾ ਪਹਿਰਾਵਾ ਬੜਾ ਸਾਦਾ ਸੀ। ਉਹ ਗਰੀਬਾਂ ਦੇ ਸਦਾ ਹਮਦਰਦ ਰਹੇ। ਅਸੂਲੀ ਮਤ-ਭੇਦ ਹੋਣ ਕਾਰਣ ਜਦ ਉਨ੍ਹਾਂ ਨੇ ਪ੍ਰੀਤਨਗਰ ਛੱਡਿਆ, ਉਸ ਸਮੇਂ ਉਨ੍ਹਾਂ ਦੇ ਦੋ ਬੱਚੇ ਤੇ ਪਤਨੀ ਸੀ। ਭਵਿਸ਼ ਵਿੱਚ ਕੋਈ ਆਸ ਨਹੀਂ। ਕੋਈ ਕੰਮ ਨਹੀਂ। ਕੋਈ ਥਾਂ ਟਿਕਾਣਾ ਨਹੀਂ। ਬਸ ਰੱਬ ਦਾ ਨਾਂ ਲੈ ਕੇ ਉਹ ਪ੍ਰੀਤਨਗਰ ਛਡ ਗਏ। ਮਗਰੋਂ ਦੇ ਕੁਝ ਸਾਲ ਉਸ ਪਰਿਵਾਰ ਲਈ ਬੜੇ ਕਸ਼ਟ ਜਨਕ ਸਨ, ਪਰ ਉਨ੍ਹਾਂ ਦੇ ਚੇਹਰੇ ਤੇ ਮੈਂ ਉਹੀ ਰੱਬੀ ਨੂਰ ਵੇਖਿਆ। ਸਟੇਸ਼ਨਰੀ ਦੀ ਛੋਟੀ ਜਿਹੀ ਦੁਕਾਨ ਖੋਲ੍ਹ ਕੇ ਉਹ ਬਾਲ ਬੱਚਿਆਂ ਦਾ ਪੇਟ ਪਾਲਦੇ ਤੇ ਲੋਕ ਸੇਵਾ ਵਿੱਚ ਜੁਟੇ ਰਹੇ। ਕੁਝ ਸਾਲ ਮਗਰੋਂ ਹਰਿਆਣੇ ਵਿੱਚ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਨੇ ਮਿਲ ਕੇ ਇਕ ਮਾਡਲ ਸਕੂਲ ਖੋਲ੍ਹਿਆ। ਉਸ ਸਕੂਲ ਦੀ ਸ਼ੋਹਰਤ ਦੂਰ-ਦੂਰ ਤੀਕ ਫੈਲ ਗਈ।

ਨਾਨਕ ਸਿੰਘ ਹੋਰਾਂ ਦੇ ਪ੍ਰੀਤ ਸੈਨਾ ਛਡਣ ਦਾ ਮੈਂ ਅੱਗੇ ਚਲ ਕੇ ਜ਼ਿਕਰ ਕਰਾਂਗਾ।

## ਸ਼ਮਸ਼ੇਰ ਸਿੰਘ ਖੰਜਰ

ਪ੍ਰੀਤਨਗਰ ਵਿੱਚ ਪ੍ਰੀਤ ਸੈਨਾ ਨਾਂ ਦਾ ਪ੍ਰੈਸ ਸੀ, ਜਿਸ ਵਿੱਚ ਮਾਸਕ ਪੱਤਰ ਪ੍ਰੀਤਲੜੀ ਪੰਜਾਬੀ, ਹਿੰਦੀ ਤੇ ਉਰਦੂ ਅਤੇ ਹਫਤੇਵਾਰ ਪ੍ਰੀਤ ਸੈਨਿਕ ਛਪਦੇ ਸਨ। ਅਰੰਭ ਵਿੱਚ ਉਰਦੂ ਪ੍ਰੀਤਲੜੀ ਦਾ ਐਡੀਟਰ (ਅਸਲ ਵਿੱਚ ਅਨੁਵਾਦਕ), ਸ਼ਮਸ਼ੇਰ ਸਿੰਘ ਖੰਜਰ ਸੀ। ਸ਼ਮਸ਼ੇਰ ਸਿੰਘ, ਉਰਦੂ ਦਾ ਮੰਨਿਆਂ ਪ੍ਰਮੰਨਿਆਂ ਜਰਨਲਿਸਟ ਸੀ। ਉਹ ਇਕ ਉਰਦੂ ਅਖਬਾਰ 'ਸ਼ਾਨ ਖਾਲਸਾ' ਗੁਜਰਾਂਵਾਲਾ ਦਾ ਐਡੀਟਰ ਰਹਿ ਚੁਕਾ ਸੀ। ਉਸ ਨੂੰ ਸ਼ਰਾਬ ਪੀਣ ਦੀ ਬੜੀ ਬੁਰੀ ਵਾਦੀ ਸੀ। ਪ੍ਰੀਤਨਗਰ ਵਿੱਚ ਕੋਈ ਵੀ ਕਿਸੇ ਤਰ੍ਹਾਂ ਦੇ ਨਸ਼ੇ ਦਾ ਸੇਵਨ ਨਹੀਂ ਸੀ ਕਰਦਾ, ਪਰ ਖੰਜਰ ਹੋਰੀਂ ਦਿਨ ਰਾਤ ਸ਼ਰਾਬ ਵਿੱਚ ਗੁੱਟ ਰਹਿੰਦੇ। ਪ੍ਰੀਤਲੜੀ ਉਰਦੂ ਤੇ ਹਿੰਦੀ, ਦਰਅਸਲ ਪੰਜਾਬੀ ਪ੍ਰੀਤਲੜੀ ਦੇ ਲੇਖਾਂ ਦਾ ਅਨੁਵਾਦ ਹੀ ਹੁੰਦਾ। ਕਈ ਵੇਰ ਐਸਾ ਵੀ ਹੁੰਦਾ ਕਿ ਪ੍ਰੀਤਲੜੀ ਦੇ ਡਾਕੇ ਪੈਣ ਦੀ ਤਾਰੀਕ ਸਿਰ ਤੇ ਆ ਗਈ ਹੈ ਤੇ ਉਧਰ ਖੰਜਰ ਹੋਰੀ ਸ਼ਰਾਬ ਦੀਆਂ ਡੰਝਾਂ ਲਾਹੁੰਦੇ, ਆਪਣੇ ਪ੍ਰਭੂ ਨਾਲ ਡੋਰੀ ਲਾਈ ਬੈਠੇ ਹੁੰਦੇ। ਉਨ੍ਹਾਂ ਨੂੰ ਇਸ ਹਾਲਤ ਵਿੱਚ ਪਿਆਂ ਕੋਈ ਬੰਦਾ ਉਠਾ ਨਾ ਸਕਦਾ। ਉਨ੍ਹੀਂ ਦਿਨੀਂ ਉਹ ਕਿਸੇ ਨੂੰ ਪਛਾਣਦੇ ਹੀ ਨਹੀਂ ਸਨ। ਸ਼ਕਲੋਂ ਵੀ ਰੱਬ ਨੇ ਉਨ੍ਹਾਂ ਨੂੰ ਬਤੇਰਾ ਸਾਂਵਲਾ ਰੰਗ ਬਖਸ਼ਿਆ ਸੀ, ਫਿਰ ਉਹ ਦਾਹੜੀ ਆਪਣੀ ਮਰਜ਼ੀ ਦੀ ਬਣਾ ਕੇ ਉਪਰ ਤਕੜਾ ਵਸਮਾ ਠੋਕਦੇ ਸਨ। ਕਈ ਵਾਰ ਉਨ੍ਹਾਂ ਦੀ ਦਾਹੜੀ ਤੇ ਚਹਿਰੇ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਅੰਤਰ ਹੀ ਨਹੀਂ ਸੀ ਰਹਿੰਦਾ। ਟੰਗਾਂ ਉਨ੍ਹਾਂ ਦੀਆਂ ਕੈਦੋ ਸਟਾਈਲ ਦੀਆਂ ਸਨ, ਪਰ ਲੋੜ ਵੇਲੇ ਉਹ ਕੈਦੋ ਤੋਂ ਵੀ ਤੇਜ਼ ਦੁਲੰਘੜੇ ਮਾਰਦੇ ਸਨ।

ਜਦੋਂ ਉਹ ਹੋਸ਼ ਵਿੱਚ ਹੋਣ, (ਐਸੇ ਸਮੇਂ ਘਟ ਹੀ ਉਨ੍ਹਾਂ ਨੂੰ ਨਸੀਬ ਹੁੰਦੇ ਸਨ) ਉਦੋਂ ਉਹ ਬੜੀਆਂ ਦਿਲਚਸਪ ਗੱਲਾਂ ਸੁਣਾਂਦੇ। ਜਦੋਂ ਉਹ ਗੁਜਰਾਂਵਾਲੇ 'ਸ਼ਾਨ ਖਾਲਸਾ' ਦੇ ਐਡੀਟਰ ਸਨ, ਉਦੋਂ ਦਫਤਰ ਤੇ ਤਕੜੀ ਕੜਕੀ ਸੀ। ਪ੍ਰੀਤਨਗਰ ਵਿੱਚ ਨਸ਼ੇ ਦੀ ਮਜਬੂਰੀ ਕਾਰਣ ਉਨ੍ਹਾਂ ਨੂੰ ਗੋਰੇ ਸ਼ਾਹੀ ਭਾਵ ਹਫਤੇਵਾਰ ਵੇਤਨ ਮਿਲਦਾ ਸੀ। ਇਹ ਮਾਇਆ ਪ੍ਰਾਪਤ ਹੁੰਦਿਆਂ ਹੀ, ਪ੍ਰਭੂ ਤੇ ਡੋਰੀ ਰਖ ਉਹ ਲੋਪੋਕੀ ਵਲ ਦੌੜ ਪੈਂਦੇ ਸਨ। ਜਦੋਂ ਦੋਹਾਂ ਬੇਸਾਖੀਆਂ ਦੇ ਆਸਰੇ ਬੜੀ ਤੇਜ਼ੀ ਨਾਲ ਉਹ ਭਜੇ ਜਾ ਰਹੇ ਹੁੰਦੇ, ਤਾਂ ਕਿਸੇ ਦੇ ਸਵਾਲ ਦਾ ਉੱਤਰ ਨਾ ਦੇਂਦੇ, ਤਾਂ ਸਮਝੋ ਲੋਪੋਕੀ ਦੇ ਠੇਕੇ ਤੋਂ ਉਹ ਹਫਤੇ ਭਰ ਲਈ ਆਪਣਾ ਕੋਟਾ ਖਰੀਦਣ ਜਾ ਰਹੇ ਹਨ।

ਹਾਂ, ਤੇ ਗੱਲ 'ਸ਼ਾਨ ਖਾਲਸਾ' ਦੀ ਚਲ ਰਹੀ ਸੀ। ਜਿਥੇ ਪ੍ਰੀਤਨਗਰ ਵਿੱਚ ਉਨ੍ਹਾਂ ਨੂੰ ਹਫਤੇਵਾਰੀ ਤਨਖਾਹ ਮਿਲਦੀ ਸੀ, ਉਥੇ ਗੁਜਰਾਂਵਾਲੇ ਉਨ੍ਹਾਂ ਨੂੰ ਮਹੀਨੇ ਮਗਰੋਂ ਵੀ ਤਨਖਾਹ ਦਾ ਮੂੰਹ ਵੇਖਣਾ ਨਸੀਬ ਨਹੀਂ ਸੀ ਹੁੰਦਾ। ਉਸ ਅਖਬਾਰ ਦੀ ਮਾਲੀ ਹਾਲਤ ਕਾਫੀ ਚਿੰਤਾਜਨਕ ਸੀ। ਮਾਲਕ ਸਦਾ ਹੀ ਉਗਰਾਹੀ ਲਈ ਦੌਰੇ ਤੇ ਚੜ੍ਹਿਆ ਰਹਿੰਦਾ ਤੇ ਖੰਜਰ ਜੀ ਤੇ ਬਾਕੀ ਸਟਾਫ ਉਸ ਦੀ ਆਮਦ ਨੂੰ ਉਡੀਕਦਾ ਰਹਿੰਦਾ। ਉਨ੍ਹਾਂ ਨੂੰ ਤਨਖਾਹ ਕਈ ਕਈ ਮਹੀਨੇ ਪਛੜ ਕੇ ਪ੍ਰਾਪਤ ਹੁੰਦੀ ਸੀ।

ਬਰਖਾ ਦਾ ਮੌਸਮ ਸੀ। ਐਸਾ ਜਾਪਦਾ ਸੀ ਕਿ ਨਸ਼ਾ ਪਾਣੀ ਕੀਤਿਆਂ ਸਦੀਆਂ ਬੀਤ ਗਈਆਂ ਹੋਣ, ਪਰ ਹਾਲੀ ਤੀਕ ਬਾਹਰੋਂ ਮਾਇਆ ਨਹੀਂ ਸੀ ਪਧਾਰੀ। 'ਸ਼ਾਨ ਖਾਲਸਾ' ਪ੍ਰੈਸੋਂ ਛਪ ਕੇ ਦਫਤਰ ਆ ਗਿਆ ਸੀ। ਉਸ ਨੂੰ ਪੋਸਟ ਕਰਨਾ ਸੀ। ਇਸ ਮਗਰੋਂ ਮਾਇਆ ਇੱਕਤਰ ਹੋਣੀ ਸੀ ਤੇ ਉਸੇ ਮਾਇਆ ਨਾਲ ਖੰਜਰ ਜੀ ਅਤੇ ਸਟਾਫ ਦੀ ਪੇਟ ਪੂਰਤੀ ਹੋਣੀ ਸੀ। ਉਧਰ ਕਿਣਮਿਣ ਅਰੰਭ ਹੋ ਗਈ। ਸੀਤਲ ਹਵਾ ਚਾਲੂ ਹੋ ਗਈ। ਪੰਛੀਆਂ ਦੀ ਸੰਗੀਤਕ ਆਵਾਜ਼ ਚੰਗੇ ਭਲੇ ਬੰਦੇ ਨੂੰ ਦੀਵਾਨਾ ਬਣਾ ਰਹੀ ਸੀ, ਤੇ ਉਧਰ ਅਗੇ ਹੀ ਦੀਵਾਨੇ ਰਾਹ ਰੋਕੀ ਬੈਠੇ ਸਨ :

ਚਾਂਦਨੀ ਰਾਤ ਹੈ, ਔਰ ਯਾਰ ਹੋ ਸਾਕੀ।
ਆਜ ਤੋ ਪੀ ਹੀ ਲੇਂਗੇ, ਈਮਾਂ ਰਹੇ ਨਾ ਰਹੇ।

ਖੰਜਰ ਜੀ ਕੁਰਸੀ ਤੋਂ ਉਠੇ। ਚਪੜਾਸੀ ਨੂੰ ਬੁਲਾਇਆ। ਉਸ ਦੇ ਸਿਰ ਤੇ ਸਾਰਾ ਛਪਿਆ ਅਖਬਾਰ ਲਦਿਆ। ਕੁਝ ਗਠੇ ਆਪ ਚੁਕ ਲਏ, ਤੇ ਸਿਧਾ ਕਬਾੜੀ ਦੀ ਦੁਕਾਨ ਤੇ ਜਾ ਅਲੱਖ ਜਗਾਈ। ਸਾਰਾ ਪਰਚਾ ਤੁਲਵਾ ਕੇ ਜੋ ਬਣਿਆ, ਉਹ ਖੀਸੇ ਵਿੱਚ ਪਾ ਚਪੜਾਸੀ ਨੂੰ ਚਵਾਨੀ ਥਮਾ ਆਪ ਹਰਨ ਹੋ ਗਏ। ਇਸ ਮਗਰੋਂ ਪਤਾ ਨਹੀਂ ਕਿੰਨੇ ਦਿਨ ਉਹ ਗੁਜਰਾਂਵਾਲੇ ਦੀ ਨਗਰੀ ਨੂੰ ਭਾਗ ਲਾਂਦੇ ਰਹੇ, ਪਰ ਇੰਨਾਂ ਸੁਣਿਆ ਸੀ, ਕਿ ਜਦੋਂ ਝੜੀ ਥੰਮੀ, ਤਾਂ ਖੰਜਰ ਸਾਹਿਬ ਉਥੋਂ ਇਕ ਦਮ ਗਾਇਬ ਸਨ।

ਉਸ ਪਿਛੋਂ ਵਖ ਵਖ ਨਗਰਾਂ ਦੀਆਂ ਸੰਗਤਾਂ ਨੂੰ ਤਾਰਦੇ ਰਾਮ ਨਾਮ ਦੀ ਧੁਨੀ ਵਿੱਚ ਮਸਤ ਮਲੰਗ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦੀ ਅਲੱਖ ਜਗਾਂਦੇ ਸਿਧੇ ਪ੍ਰੀਤਨਗਰ ਆਣ ਪਹੁੰਚੇ। ਮੈਨੂੰ ਪਹਿਲੀ ਵਾਰ 1937-38 ਵਿੱਚ ਮਾਡਲ ਟਾਊਨ ਉਹਨਾਂ ਦੇ ਦਰਸ਼ਨ ਹੋਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਦੋਂ ਉਹ ਪੰਜਾਬੀ 'ਚੋਂ ਉਰਦੂ ਪ੍ਰੀਤਲੜੀ ਦਾ ਅਨੁਵਾਦ ਕਰਦਾ, ਅਤੇ ਕਾਤਬ ਅਲਾ ਦਿਤਾ ਪ੍ਰੀਤਲੜੀ ਦੀ ਕਿਤਾਬਤ ਕਰਦਾ। ਅਸੀਂ ਤਿੰਨੇ ਇਕਠੇ ਰਹਿੰਦੇ। ਕਦੀ ਕਦੀ ਅਸੀਂ ਸਾਂਝੇ ਖਰਚ ਨਾਲ ਲੰਗਰ ਤਿਆਰ ਕਰਦੇ। ਜਦੋਂ ਕਾਤਬ ਕੜਾਹ ਪ੍ਰਸ਼ਾਦ ਬਣਾਉਂਦਾ ਤਾਂ ਉਹ ਤਕੜੀ ਸਮਿਗਰੀ ਪਾਉਂਦਾ। ਇਸ ਦਾ ਉਸ ਨੂੰ ਫਾਇਦਾ ਇਹ ਰਹਿੰਦਾ, ਕਿ ਅਸੀਂ ਦੋਵੇਂ ਆਪਣੀ ਲੋੜ ਦਾ ਕੜਾਹ ਕਢ ਲੈਂਦੇ, ਤਾਂ ਬਾਕੀ ਡੇਢ ਕਿਲੋ ਉਹ ਇਕੱਲਾ ਚਟਮ ਕਰ ਜਾਂਦਾ। ਪਰ ਜਦੋਂ ਖੰਜਰ ਤਿਆਰ ਕਰਦਾ, ਤਾਂ ਉਹ ਬਹੁਤ ਥੋੜੀ ਸਮਿਗਰੀ ਵਰਤਦਾ ਤੇ ਇਹ ਆਪਣਾ ਤੀਜਾ ਹਿਸਾ ਲੈ ਕੇ, ਕਾਤਬ ਵਿੱਚਾਰਾ ਭੁਖਾ ਹੀ ਰਹਿੰਦਾ। ਉਦੋਂ ਅਸੀਂ ਮਾਡਲ ਟਾਊਨ, ਪ੍ਰੀਤਲੜੀ ਦੇ ਸਟਾਫ ਦੇ ਤਿੰਨੇ ਮਲੰਗ ਸਾਥੀ ਸਾਂ। ਖੰਜਰ ਦਾ ਵਿਆਹ ਹੋਇਆ ਹੋਇਆ ਸੀ ਪਰ ਅਰਧੰਗੀ ਨਾਲ ਸਦਾ ਅਣਬਣ ਹੀ ਰਹੀ। ਅਲਾਦਿਤਾ ਕਾਤਬ ਪਰਦੇਦਾਰ ਵਹੁਟੀ ਨੂੰ ਲਾਹੌਰੋਂ ਲਿਆਉਣ ਦੇ ਹਕ ਵਿੱਚ ਹੀ ਨਹੀਂ ਸੀ, ਤੇ ਮੈਂ ਹਾਲੀਂ ਆਪਣੀ ਜੀਵਨ ਸਾਥਣ ਦੀ ਤਲਾਸ਼ ਵਿੱਚ 'ਥਲ ਡੂੰਗਰ ਭਵਿਓਮ' ਸਾਂ। ਕਾਤਬ ਬੜਾ ਸੋਹਣਾ ਦਰਸ਼ਨੀ ਨੌਜਵਾਨ ਸੀ। ਮੈਂ ਮਾਡਲ ਟਾਊਨ ਤੋਂ 1937-38 ਵਿੱਚ ਪਿੰਡੀ ਚਲਾ ਗਿਆ, ਤੇ ਇਹ ਦੋਵੇਂ ਸਰੀਰ ਪ੍ਰੀਤਨਗਰ ਵਿੱਚ ਆ ਵਸੇ ਸਨ। ਕੁਝ ਚਿਰ ਮਗਰੋਂ ਕਾਤਬ, ਗਵਾਂਢ ਦੇ ਪਿੰਡ ਦੀ ਇਕ ਹੁਸੀਨਾ ਅਲਾਦਿਤੀ ਨਾਂ ਦੀ ਧੋਬਣ ਸਮੇਤ ਗ਼ਾਇਬ ਹੋ ਗਿਆ, ਪਰ ਖੰਜਰ ਕਈ ਸਾਲ ਪ੍ਰੀਤਨਗਰ ਦੀ ਸੇਵਾ ਵਿੱਚ ਤਨ, ਮਨ ਵਾਰਦਾ ਰਿਹਾ।

ਇਕ ਰਵਾਇਤ ਪ੍ਰਚਲਤ ਸੀ, ਕਿ ਸ੍ਰ. ਗੁਰਬਖਸ਼ ਸਿੰਘ ਦੇ ਕਿਸੇ ਮਿਹਰਬਾਨ ਬਜ਼ੁਰਗ ਨੇ ਅੰਤ ਸਮੇਂ ਖੰਜਰ ਹੋਰਾਂ ਦੀ ਬਾਂਹ, ਨਾ ਸਚੀਂ ਹਥ, ਯਾਨੀ ਕਿ ਸਾਰਾ ਸਰੀਰ ਹੀ, ਇਨ੍ਹਾਂ ਹਥ ਫੜਾਇਆ ਸੀ। ਸਰਦਾਰ ਹੋਰੀ ਦਿਨ ਰਾਤ, ਹਾੜੀ ਸਾਉਣੀ, ਗਰਮੀ-ਸਰਦੀ, ਗਮੀ ਸ਼ਾਦੀ ਹਰ ਸਮੇਂ ਇਸ ਸੁਗਾਤ ਦੀ ਬੜੇ ਸਤਿਕਾਰ ਨਾਲ ਪ੍ਰਿਤਪਾਲਣਾ ਕਰਦੇ ਰਹੇ।

ਖੰਜਰ ਜਦੋਂ ਲਹਿਰ ਵਿੱਚ ਹੁੰਦਾ ਤਾਂ ਬੜੀਆਂ ਦਿਲਚਸਪ ਆਪ ਬੀਤੀਆਂ ਸੁਣਾਂਦਾ: - ''ਦਾਤਾ ਜੀ! ਇਕ ਵਾਰ ਲਾਹੌਰ ਦੀ ਇਕ ਸੜਕ ਪਾਰ ਕਰਨ ਲਗਿਆਂ ਬਹੁਤ ਰਸ਼ ਵੇਖ ਮੈਂ ਚੁਪਚਾਪ ਸੜਕ ਕਿਨਾਰੇ ਖੜੋਤਾ ਸੀ, ਤਾਂ ਇਕ ਬੰਦਾ ਆ ਕੇ ਮੇਰੀ ਤਲੀ ਤੇ ਇੱਕਨੀ ਟਿਕਾ ਕੇ ਆਪਣੇ ਰਾਹ ਪੈ ਗਿਆ।''

''ਇਕ ਹੋਰ ਵਾਰ ਦੀ ਗੱਲ ਹੈ'', ਉਹ ਸੁਣਾਂਦਾ, ''ਇਕ ਬਾਊ ਪਾਸੋਂ ਮੈਂ ਕਿਸੇ ਦਾ ਘਰ ਪੁਛਣ ਲਗਾ, ਪਰ ਮੇਰੇ ਗੱਲ ਕਰਨ ਤੋਂ ਪਹਿਲਾਂ ਹੀ ਉਹ ਇਹ ਕਹਿ ਕੇ ਅਗੇ ਤੁਰ ਗਿਆ, 'ਜਾ... ਜਾ ਬਾਬਾ ਮਾਫ ਕਰ।''

ਸ੍ਰ: ਗੁਪਾਲ ਸਿੰਘ ਕੌਮੀ ਪ੍ਰਸਿੱਧ ਦੇਸ਼ ਭਗਤ ਦਸਦੇ ਸਨ, ਕਿ ਇਕ ਵਾਰ ਖੰਜਰ ਬੰਬਈ ਵਿੱਚ ਸਮੁੰਦਰ ਕਿਨਾਰੇ ਇਕ ਹੋਟਲ ਵਿੱਚ ਠਹਿਰਿਆ ਹੋਇਆ ਸੀ। ਆਰਥਕ ਹਾਲਤ ਤੋਂ ਤੰਗ ਆ ਕੇ ਹੋਟਲ ਦੀ ਚੌਥੀ ਮੰਜ਼ਲ 'ਚੋਂ ਸਮੁੰਦਰ ਵਿੱਚ ਛਾਲ ਮਾਰ ਕੇ ਉਹ ਖੁਦਕਸ਼ੀ ਕਰਨ ਲਗਾ, ਤਾਂ ਮੈਂ ਉਸ ਨੂੰ ਬਾਹੋਂ ਫੜ ਲਿਆ। ਫਿਰ ਉਸ ਨੂੰ ਖਾਣਾ ਖਵਾਇਆ ਤੇ ਕਰਾਇਆ ਦੇ ਕੇ ਲਾਹੌਰ ਭੇਜਿਆ।''

ਜਦੋਂ ਮੈਂ ਇਹ ਕਥਾ ਖੰਜਰ ਸਾਹਿਬ ਨੂੰ ਸੁਣਾਈ ਤਾਂ ਉਹ ਆਪਣੀ ਕਤਰੀ ਦਾਹੜੀ ਵਿੱਚ ਉਂਗਲੀ ਫੇਰਦਿਆਂ ਕਹਿਣ ਲਗਾ, ''ਮੋਏ ਕੰਜਰ ਖੁਦਕਸ਼ੀ ਕਰਨ ਲਗੇ ਸਨ। ਬੰਬਈ ਵਿੱਚ ਸਾਡੇ ਤੇ ਤਕੜੀ ਕੜਕੀ ਆ ਗਈ ਸੀ। ਹੋਟਲ ਦੇ ਕਮਰੇ ਦਾ ਕਰਾਇਆ ਸਿਰ ਚੜ੍ਹ ਗਿਆ। ਖਾਣ ਪੀਣ [illegible] ਮੈਂ ਉਸੇ ਹੋਟਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿੱਚ ਆਪਣੇ ਪੁਰਾਣੇ ਕਾਂਗਰਸੀ ਨੇਤਾ ਗੁਪਾਲ ਸਿੰਘ ਕੌਮੀ ਨੂੰ ਵੇਖਿਆ ਤਾਂ ਇਕ ਦਮ ਸਾਹਮਣੀ ਬਾਰੀ 'ਚੋਂ ਸਮੁੰਦਰ ਵਿੱਚ ਛਾਲ ਮਾਰਨ ਦਾ ਸਵਾਂਗ ਰਚਿਆ, ਜਿਹੜਾ ਸੌ ਫੀ ਸਦੀ ਸਫਲ ਰਿਹਾ ਤੇ ਅਸੀਂ ਬੜੇ ਆਰਾਮ ਨਾਲ ਬੰਬਈ ਤੋਂ ਲਾਹੌਰ ਆਣ ਪਹੁੰਚੇ।''

ਖੰਜਰ ਤੋਂ ਇਲਾਵਾ ਪ੍ਰੀਤਲੜੀ ਦੇ ਅਨੁਵਾਦਕ ਐਡੀਟਰ ਕਈ ਹੋਰ ਵੀ ਪ੍ਰੀਤਨਗਰ ਆਏ। ਉਪਿੰਦਰ ਨਾਥ ਅਸ਼ਕ, ਹੰਸਰਾਜ ਰਹਿਬਰ, ਸਾਹਿਰ ਲੁਧਿਆਣਵੀ ਤੇ ਪ੍ਰਕਾਸ਼ ਪੰਡਤ ਆਦਿ। ਪਰ ਪ੍ਰੀਤਨਗਰ ਦੇ ਮਾਹੌਲ ਵਿੱਚ ਜੋ ਰੰਗੀਨੀ ਖੰਜਰ ਸਾਹਿਬ ਨੇ ਲਿਆਂਦੀ, ਉਸ ਦੀ ਮਸਾਲ ਨਹੀਂ ਮਿਲਦੀ।

## ਪ੍ਰੀਤਨਗਰ ਹਵਾਈ ਸਕੀਮਾਂ ਦਾ ਗੜ੍ਹ

ਪ੍ਰੀਤਨਗਰ ਵਿੱਚ ਬੜੀਆਂ ਸਕੀਮਾ ਬਣੀਆਂ ਤੇ ਪ੍ਰਵਾਨ ਚੜ੍ਹੀਆਂ। ਜਦ ਪ੍ਰੀਤਨਗਰ ਦੇ ਦਫਤਰ ਵਿੱਚ ਤਨਖਾਹਾਂ ਦੇ ਕੇ ਕੁਝ ਰੁਪਿਆ ਬਚ ਜਾਂਦਾ, ਤਾਂ ਕੋਈ ਨ ਕੋਈ ਨਵਾਂ ਕਾਰਖਾਨਾ ਜਾਂ ਕੰਪਨੀ ਖੁਲ੍ਹ ਜਾਂਦੀ। ਬੀਮਾ ਕੰਪਨੀ, ਕੰਬਲਾਂ ਦੀ ਫੈਕਟਰੀ, ਕਾਗਜ਼ ਦਾ ਕਾਰਖਾਨਾ, ਬੁਰਸ਼ ਫੈਕਟਰੀ ਤੇ ਰੋਜ਼ਾਨਾ ਅਖਬਾਰ ਦੀ ਯੋਜਨਾ ਆਦਿ ਬਣੀਆਂ, ਪਰ ਹਰ ਕਾਰਖਾਨੇ ਤੇ ਹਰ ਨਵੀਂ ਸਕੀਮ ਦਾ ਕੁਝ ਹਜ਼ਾਰ ਰੁਪਿਆ ਬਰਬਾਦ ਹੋ ਜਾਣ ਮਗਰੋਂ ਵਾਹਿਗੁਰੂ ਆਖ ਕੀਰਤਨ ਸੋਹਿਲਾ ਪੜ੍ਹਿਆ ਜਾਂਦਾ।

ਲਾਹੌਰ ਦੇ ਇਕ ਬਹੁਤ ਵਡੇ ਫਰਾਡ ਨੇ ਪ੍ਰੀਤਨਗਰ ਨੂੰ ਇਕ ਬੀਮਾ ਕੰਪਨੀ ਬਖਸ਼ੀ। ਜਿਸ ਤੋਂ ਖਹਿੜਾ ਛੁਡਾਣ ਲਈ 25 ਤੋਂ 50 ਹਜ਼ਾਰ ਰੁਪਿਆ ਤੀਕ ਡੰਨ ਭਰਨਾ ਪਿਆ। ਇਨ੍ਹੀਂ ਦਿਨ੍ਹੀਂ ਨਿਤ ਦੀਆਂ ਪ੍ਰੇਸ਼ਾਨੀਆਂ ਕਾਰਨ ਸ੍ਰ. ਗੁਰਬਖਸ਼ ਸਿੰਘ ਨੂੰ ਪਹਿਲੀ ਵਾਰ ਦਿਲ ਦਾ ਦੌਰਾ ਪਿਆ।

ਰੋਜ਼ਾਨਾ ਅਖਬਾਰ ਲਈ ਇਕ ਆਲੀਸ਼ਾਨ ਘੋੜਾ ਗਡੀ (ਨਵਾਬੀ ਬਘੀ), ਖਰੀਦੀ ਗਈ, ਜਿਸ ਨੇ ਪ੍ਰੀਤਨਗਰੋਂ ਰੋਜ਼ਾਨਾ ਅਖਬਾਰ ਛਾਪ ਕੇ ਲਾਹੌਰ ਪੁਚਾਣਾ ਹੁੰਦਾ ਸੀ। ਉਸ ਗੱਡੀ ਦੀ ਹਵਾ ਨਾਲ ਗੱਲਾ ਕਰਨ ਵਾਲੀ ਮਿਰਜ਼ੇ ਦੀ 'ਬੱਕੀ' ਨੂੰ ਟੈਸਟ ਕਰਨ ਦੀ ਸੇਵਾ ਇਕ ਪਹਿਲਵਾਨ ਕਿਸਮ ਦੇ ਸੈਨਿਕ ਬਖਸ਼ੀਸ਼ ਸਿੰਘ ਨੂੰ ਬਖਸ਼ੀ ਗਈ। ਜਿਸ ਨੇ ਪਹਿਲੀ ਰੇਸ ਵਿੱਚ ਹੀ ਘੋੜੀ ਦੀਆਂ ਹੱਡੀਆਂ ਕੜਕਾ ਦਿਤੀਆਂ ਤੇ ਮਗਰੋਂ ਕਈ ਵੇਰ ਉਹ ਇਤਿਹਾਸਕ ਗਡੀ ਬਾਹਰੋਂ ਆਏ ਯਾਤਰੀਆਂ ਦੀ ਦਿਲਚਸਪੀ ਦਾ ਕਾਰਣ ਬਣਦੀ ਰਹੀ।

ਪ੍ਰੀਤਨਗਰ ਦੀਆਂ ਇਨ੍ਹਾਂ ਸਕੀਮਾਂ ਦੇ ਜ਼ਿਕਰ ਨੇ ਇਕ ਆਪਣੀ ਆਪ ਬੀਤੀ ਯਾਦ ਕਰਵਾ ਦਿਤੀ ਹੈ। ਸੰਨ 1934-35 ਦਾ ਜ਼ਿਕਰ ਸੀ। ਉਦੋਂ ਸਾਡੀ ਰਾਵਲਪਿੰਡੀ ਸਟੇਸ਼ਨਰੀ ਦੀ ਦੁਕਾਨ ਸੀ। ਮੈਂ ਪਿੰਡੀ ਤੋਂ ਤੀਜੇ ਚੌਥੇ ਮਹੀਨੇ ਲਾਹੌਰ ਆ ਕੇ ਸਟੇਸ਼ਨਰੀ ਦਾ ਸਾਮਾਨ ਖਰੀਦ ਲਿਜਾਂਦਾ। ਇਕ ਵਾਰ ਇਕ ਮਿਤਰ ਨੇ ਸੁਝਾਅ ਦਿਤਾ, ਕਿ ਰਾਵਲਪਿੰਡੀ ਤੋਂ ਕੋਈ ਵਸਤੂ ਲਾਹੌਰ ਲੈ ਜਾਣੀ ਚਾਹੀਦੀ ਹੈ, ਤਾਂ ਜੋ ਦੋਹਰਾ ਮੁਨਾਫਾ ਹੋ ਸਕੇ। ਉਸੇ ਮਿੱਤਰ ਦੇ ਜ਼ਰਖੇਜ਼ ਦਿਮਾਗ ਨੇ ਇਹ ਸਕੀਮ ਦਰਸਾਈ ਕਿ ਪਿੰਡੀ ਦੀ ਮੰਡੀ ਵਿੱਚ ਨੇਉਜ਼ੇ ਸਸਤੇ ਮਿਲਦੇ ਹਨ। ਇਸ ਲਈ ਨੇਜ਼ਿਆਂ ਦਾ ਵਪਾਰ ਅਛਾ ਰਹੇਗਾ। ਸੋ ਮੈਂ ਆਪਣੇ ਇਕ ਪੁਰਾਤਨ ਟਰੰਕ ਨੂੰ ਨੁਹਾ ਧੁਆ ਕੇ ਇਸ ਲਾਭਵੰਦ ਵਣਜ ਲਈ ਤਿਆਰ ਕਰ ਲਿਆ। ਮਣ ਭਰ ਨੇਉਜ਼ੇ ਨੰਬਰ ਅਵਲ ਖਰੀਦ ਕੇ ਟਰੰਕ ਨਕੋ-ਨਕ ਭਰ ਕੇ ਗੱਡੀ ਵਿੱਚ ਰਖ ਲਿਆ। ਲਾਹੌਰ ਪਹੁੰਚ ਕੇ ਮੈਂ ਵੇਖਿਆ ਕਿ ਟਰੰਕ ਬਹੁਤ ਬਿਧ ਹੋਣ ਕਾਰਣ ਦੋ-ਤਿੰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਿਲੋ ਨੇੜੇ ਉਸ ਦੀਆਂ ਝੀਥਾਂ 'ਚੋਂ ਬਾਹਰ ਨਿਕਲ ਗਏ ਸਨ। ਸਾਰੀ ਰਾਤ ਮੈਂ ਉਪਰਲੀ ਸੀਟ 'ਤੇ ਟਰੰਕ ਦੇ ਨਾਲ ਲੇਟ ਕੇ ਆਪਣੀ ਸਮਿਗਰੀ ਦੀ ਰਾਖੀ ਕਰਦਾ ਰਿਹਾ ਤੇ ਹੇਠਾ ਬਾਲ-ਬੱਚੇਦਾਰ ਲੋਕ ਇਸ ਖੁਸ਼ਕ ਮੇਵੇ ਤੋਂ ਅਨੰਦ ਮਾਣਦੇ ਰਹੇ।

ਲਾਹੌਰ ਸਟੇਸ਼ਨ ਤੇ ਮੈਂ ਇਕ ਪਹਿਲਵਾਨ ਨੁਮਾ ਕੁਲੀ ਕਰਾਏ ਕੀਤਾ। ਮੈਂ ਸੋਚਿਆ, ਕਿ ਕਿਸੇ ਹੋਲਸੇਲ (ਥੋਕ ਦੇ ਵਪਾਰੀ) ਨੂੰ ਇਹ ਸੁਗਾਤ ਨਹੀਂ ਵੇਚਣੀ? ਕਿਉਂਕਿ ਉਸ ਨੇ ਬਹੁਤੀ ਕੀਮਤ ਨਹੀਂ ਤਾਰਨੀ। ਸੋ ਕਿਸੇ ਰੀਟੇਲ ਵਾਲੇ ਨੂੰ ਢੂੰਡਣ ਲਈ ਸਵੇਰ ਤੋਂ ਸ਼ਾਮ ਤੀਕ ਅਸੀਂ ਲੁਹਾਰੀ, ਸ਼ਹਾਲਮੀ, ਅਨਾਰਕਲੀ ਆਦਿ ਸਾਰੀਆਂ ਮਾਰਕੀਟਾਂ ਗਾਹ ਮਾਰੀਆਂ, ਪਰ ਸਭ ਲੋਕ ਪਿੰਡੀ ਵਾਲਾ ਰੇਟ ਹੀ ਦਸਦੇ ਤੇ ਅੰਤ ਮੈਂ ਸਾਰੇ ਬਿਜ਼ਨੈਸ 'ਚੋਂ ਦਸ ਰੁਪਏ ਘਾਟਾ ਪਾ ਕੇ ਤੇ ਕੁਲੀ ਨੂੰ ਦੋ ਰੁਪਏ ਪਲਿਉਂ ਦੇ ਕੇ ਤੋਬਾ ਕੀਤੀ। ਕੰਨਾਂ ਨੂੰ ਹਥ ਲਾਇਆ। ਨਕ ਨਾਲ ਲਕੀਰਾਂ ਕਢੀਆਂ ਕਿ ਅਗੋਂ ਲਈ ਕਦੀ ਡਬਲ ਮੁਨਾਫਾ ਨਹੀਂ ਕਮਾਣਾ।

ਪਰ ਪ੍ਰੀਤਨਗਰ ਵਿਚ ਮੈਂ ਵੇਖਿਆ, ਕਿ ਕੋਈ ਸਾਲ ਖਾਲੀ ਨਹੀਂ ਸੀ ਗਿਆ, ਜਦੋਂ ਕੋਈ ਨਵੀਂ ਧੱਤਲੇਦਾਰ ਸਕੀਮ ਅਮਲ ਵਿਚ ਨਾ ਲਿਆਂਦੀ ਗਈ ਹੋਵੇ, ਤੇ ਉਸ ਦਾ ਅੰਤ ਉਹੀ ਹੋਇਆ ਜੋ ਇਸ ਪਿੰਡੀ ਵਾਲੇ ਨਿਉਜ਼ਿਆਂ ਦੇ ਪ੍ਰਸਿੱਧ ਤਾਜਰ ਦਾ ਹੋਇਆ ਸੀ।

## ਪ੍ਰੀਤਨਗਰ ਤੋਂ ਕਸ਼ਮੀਰ

ਜ਼ਿੰਦਗੀ ਵਿਚ ਕਈ ਵਾਰ ਬੜੀਆਂ ਅਜੀਬ ਘਟਨਾਵਾਂ ਵਾਪਰਦੀਆਂ ਹਨ, ਜੋ ਮੱਨੁਖ ਦੀ ਸੋਚਣੀ ਹੀ ਬਦਲ ਦਿੰਦੀਆਂ ਹਨ। ਇਸੇ ਤਰ੍ਹਾਂ ਦੀ ਇਕ ਘਟਨਾ ਸੰਨ 1945 ਵਿਚ ਮੇਰੇ ਨਾਲ ਵਾਪਰੀ।

ਪ੍ਰੀਤਨਗਰ ਤੋਂ ਸੰਨ 1942 ਵਿਚ ਮੈਂ ਪ੍ਰੀਤਨਗਰ ਸ਼ਾਪ ਦਾ ਇੰਚਾਰਜ ਬਣ ਕੇ ਲਾਹੌਰ ਘੱਲਿਆ ਗਿਆ। ਇਹ ਪ੍ਰੀਤਲੜੀ ਵਾਲਿਆਂ ਦਾ ਪ੍ਰਕਾਸ਼ਨ ਘਰ ਸੀ। ਲਾਹੌਰ, ਨਿਸਬਤ ਰੋਡ ਤੇ ਦੋ ਬੜੀਆਂ ਵੱਡੀਆਂ ਦੁਕਾਨਾਂ 'ਚ ਅਸੀਂ ਆਪਣਾ ਦਫਤਰ ਖੋਲ੍ਹਿਆ। ਪ੍ਰੀਤਲੜੀ ਵਿਚ ਇਸ਼ਤਿਹਾਰ ਦਿਤੇ ਜਾਣ 'ਤੇ ਕਿਤਾਬਾਂ ਦੀ ਲੋਕਲ ਵਿਕਰੀ ਵੀ ਚੰਗੀ ਹੋ ਜਾਂਦੀ ਸੀ। ਭਾਰਤ ਤੋਂ ਇਲਾਵਾ ਦੂਜੇ ਦੇਸ਼ਾਂ ਤੋਂ ਵੀ ਚੰਗੇ ਆਰਡਰ ਆ ਜਾਂਦੇ ਸਨ। ਇਨ੍ਹੀਂ ਦਿਨੀਂ ਪ੍ਰੀਤਨਗਰ ਸਾਹਿਤਕ, ਸੋਸ਼ਲ ਤੇ ਮਨੋਰੰਜਕ ਸਰਗਰਮੀਆਂ ਦਾ ਕੇਂਦਰ ਸੀ। ਉਥੇ ਨਾਟਕ, ਕਵੀ ਦਰਬਾਰ, ਸਾਹਿਤਕ ਗੋਸ਼ਟੀਆਂ ਤੇ ਹਰ ਕਿਸਮ ਦੀਆਂ ਖੇਡਾਂ ਹੁੰਦੀਆਂ ਰਹਿੰਦੀਆਂ ਸਨ। ਹਰ ਸਾਲ ਦਸੰਬਰ ਦੇ ਅੰਤਲੇ ਹਫਤੇ ਤਾਂ ਦੂਰ ਨੇੜੇ ਦੇ ਲੋਕ ਇਥੇ ਇਕੱਠੇ ਹੁੰਦੇ ਸਨ। ਉਸ ਸਮੇਂ ਇਹ ਨਗਰ ਇਕ ਮੇਲੇ ਦਾ ਰੂਪ ਧਾਰਨ ਕਰ ਲੈਂਦਾ ਸੀ। ਇਨ੍ਹੀਂ ਦਿਨੀਂ ਗੁਰਬਖਸ਼ ਸਿੰਘ, ਨਾਨਕ ਸਿੰਘ ਤੇ ਬਲਵੰਤ ਗਾਰਗੀ ਦੇ ਨਾਟਕ ਸਟੇਜ ਕੀਤੇ ਜਾਂਦੇ ਸਨ। ਮੈਂ ਇਨ੍ਹਾਂ ਨਾਟਕਾਂ ਵਿਚ ਭਰਪੂਰ ਹਿੱਸਾ ਲੈਂਦਾ ਸਾਂ। ਗੋਸ਼ਟੀਆਂ ਵਿਚ ਵੀ ਸ਼ਾਮਲ ਹੁੰਦਾ ਤੇ ਬਹੁਤ ਸਾਰੀਆਂ ਖੇਡਾਂ ਵਿਚ ਵੀ। ਵਾਲੀਬਾਲ ਦਾ ਤਾਂ ਮੈਂ ਉਥੇ ਕਈ ਸਾਲ ਕਪਤਾਨ ਰਿਹਾ। ਹਰ ਸਾਲ 31 ਦਸੰਬਰ ਰਾਤ ਦੇ 12 ਵਜੇ ਤੀਕ ਇਹ ਪ੍ਰੋਗਰਾਮ ਚਲਦਾ ਰਹਿੰਦਾ। ਉਸ ਪਿਛੋਂ ਸਰਦਾਰ ਗੁਰਬਖਸ਼ ਸਿੰਘ ਨਵੇਂ ਸਾਲ ਦਾ ਸੁਨੇਹਾ ਦਿੰਦੇ। ਇਸ ਮਗਰੋਂ ਇਹ ਬੜਾ ਪਿਆਰਾ ਮਨੋਰੰਜਕ ਸਮਾਗਮ ਸਮਾਪਤ ਹੋ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੰਨ 1945 ਵਿਚ ਸ੍ਰ: ਗੁਰਬਖਸ਼ ਸਿੰਘ ਨੇ ਕਸ਼ਮੀਰ ਯਾਤਰਾ ਦਾ ਪ੍ਰੋਗਰਾਮ ਬਣਾਇਆ ਉਸ ਕਾਫਲੇ ਵਿਚ ਉਨ੍ਹਾਂ ਦਾ ਅਪਣਾ ਤੇ ਕਈ ਸੈਨਿਕਾਂ ਦੇ ਪਰਿਵਾਰ ਵੀ ਸ਼ਾਮਲ ਸਨ। ਮੈਨੂੰ ਉਹਨਾਂ ਨੇ ਉਚੇਚੇ ਤੌਰ ਤੇ ਇਸ ਕਾਫਲੇ 'ਚ ਸ਼ਾਮਲ ਹੋਣ ਲਈ ਲਾਹੌਰੋਂ ਬੁਲਾ ਘਲਿਆ। ਜੂਨ ਦੇ ਅਰੰਭ ਵਿਚ ਅਸੀਂ ਆਪਣੀ ਕਾਮਰਸ ਗੱਡੀ ਵਿਚ ਪ੍ਰੀਤਨਗਰੋਂ ਰਵਾਨਾ ਹੋਏ। ਇਸ ਗੱਡੀ ਨੂੰ ਮੈਂ ਹੀ ਚਲਾਂਦਾ ਸੀ। ਜੰਮੂ ਪਹੁੰਚ ਅਸੀਂ ਆਪਣੀ ਗੱਡੀ ਖੜੀ ਕਰ ਦਿਤੀ ਤੇ ਉਥੋਂ ਅੱਗੇ ਬੱਸ ਰਾਹੀਂ ਕਸ਼ਮੀਰ ਰਵਾਨਾ ਹੋ ਗਏ।

ਸਾਡਾ ਪਹਿਲਾ ਪੜਾਅ ਸ੍ਰੀ ਨਗਰ ਸੀ। ਦੂਜੇ ਦਿਨ ਅਸੀਂ ਕੁਕੜ ਨਾਗ ਜਾ ਪੁਜੇ। ਦੋ ਦਿਨ ਉਥੇ ਠਹਿਰੇ। ਇਸ ਮਗਰੋਂ ਅਸੀਂ ਸ੍ਰੀ ਨਗਰ ਦੇ ਨੇੜੇ ਸ਼ਾਹੀ ਚਸ਼ਮਾ ਦੇ ਨਾਲ ਲਗਦੇ ਡੱਲ ਝੀਲ ਕਿਨਾਰੇ ਡੇਰਾ ਲਾ ਲਿਆ। ਇਥੇ ਅਸੀਂ ਇਕ ਵੱਡਾ ਸਾਰਾ ਡੂੰਘਾ ਇਕ ਮਹੀਨੇ ਲਈ ਕਰਾਏ ਤੇ ਲਿਆ। ਡੱਲ ਝੀਲ ਦੇ ਕਿਨਾਰੇ ਹਜ਼ਾਰਾਂ ਦੀ ਗਿਣਤੀ 'ਚ ਹਾਊਸ-ਬੋਟ ਖਲੋਤੇ ਰਹਿੰਦੇ ਹਨ। ਜਿਥੇ ਹਰ ਸਾਲ ਯਾਤਰੀ ਆ ਕੇ ਟਿਕਦੇ ਹਨ। ਹਾਊਸ ਬੋਟ ਤੇ ਡੂੰਘੇ ਵਿਚ ਇਹੀ ਫਰਕ ਹੈ, ਕਿ ਹਾਊਸ ਬੋਟ ਵਿਚ ਫਰਨਿਸ਼ਡ ਕਮਰੇ ਹੁੰਦੇ ਹਨ। ਡਰਾਇੰਗ ਰੂਮ, ਖਾਣੇ ਦਾ ਕਮਰਾ, ਰਸੋਈ ਤੇ ਗੁਸਲਖਾਨਾ, ਟੱਟੀ ਆਦਿ ਅਤੇ ਡੂੰਘਾ, ਵੱਡੀ ਸਾਰੀ ਕਿਸ਼ਤੀਨੁਮਾ ਈ ਹੁੰਦਾ ਹੈ। ਇਨ੍ਹਾਂ ਡੂੰਘਿਆਂ ਵਿਚ ਆਮ ਤੌਰ ਤੇ ਸਾਮਾਨ ਢੋਏ ਜਾਂਦੇ ਹਨ। ਸੋ ਅਸੀਂ ਇਹ ਪੰਜ ਰੁਪਏ ਰੋਜ਼ਾਨਾ ਦੇ ਹਿਸਾਬ ਕਿਰਾਏ ਤੇ ਲੈ ਲਿਆ। ਉਥੇ ਹੀ ਅਸੀਂ ਖਾਣਾ ਬਣਾਂਦੇ ਤੇ ਰਾਤ ਨੂੰ ਬਿਸਤਰੇ ਵਿਛਾ ਕੇ ਸੌਂ ਜਾਂਦੇ।

ਅਸੀਂ ਸਵੇਰ ਸਾਰ ਉਠ ਕੇ ਸੈਰ ਲਈ ਨਿਕਲ ਜਾਂਦੇ। ਵਾਪਸ ਆ ਕੇ ਨਾਸ਼ਤਾ ਕਰਦੇ ਤੇ ਤਾਸ਼ ਖੇਡਣ 'ਚ ਰੁਝ ਜਾਂਦੇ। ਇਸ ਤਰ੍ਹਾਂ ਖਾਣਾ ਖਾਣ ਤੋਂ ਬਾਅਦ ਵੀ ਇਹ ਮਹਿਫਲ ਜੰਮੀ ਰਹਿੰਦੀ। ਤਾਸ਼ ਦੀ ਖੇਡ ਵਿਚ ਸਰਦਾਰ ਗੁਰਬਖਸ਼ ਸਿੰਘ ਸਦਾ ਮੈਨੂੰ ਆਪਣਾ ਸਾਥੀ ਬਣਾਂਦੇ। ਇਹ ਖੇਡਾਂ ਬੜੇ ਜ਼ੋਰ ਸ਼ੋਰ ਨਾਲ ਮੈਚਾਂ ਵਾਂਗੂੰ ਖੇਡੀਆਂ ਜਾਂਦੀਆ। ਬਾਜ਼ੀ ਹਾਰਨ ਵਾਲੇ ਨੂੰ ਸਭ ਸੰਗਤਾਂ ਨੂੰ ਜਲੇਬੀਆਂ ਖੁਆਣੀਆਂ ਪੈਂਦੀਆਂ। ਆਮ ਤੌਰ ਤੇ ਇਨ੍ਹਾਂ ਮੈਚਾਂ ਵਿਚ ਅਸੀਂ ਜੇਤੂ ਹੁੰਦੇ ਤੇ ਸਾਡੇ ਮੁਕਾਬਲੇ ਵਾਲੇ ਬੁਰੀ ਤਰ੍ਹਾਂ ਪਛਾੜ ਦਿਤੇ ਜਾਂਦੇ। ਕਿਸੇ ਕਿਸੇ ਦਿਨ ਤਾਸ਼ ਰਾਹੀਂ ਸਵੀਪ ਖੇਡਣ ਦੇ ਟੂਰਨਾਮੈਂਟ ਵੀ ਹੁੰਦੇ। ਜਿਹਦੇ ਵਿਚ ਪੰਜ ਛੇ ਜੋੜੇ ਸ਼ਾਮਲ ਹੁੰਦੇ। ਬੜੇ ਜਬਰਜੰਗ ਮੁਕਾਬਲੇ ਹੁੰਦੇ। ਬੜਾ ਸ਼ੋਰ ਮਚਦਾ, ਤੇ ਫਾਈਨਲ ਮੈਚਾਂ ਤੋਂ ਬਾਅਦ ਤਕੜੇ ਜਸ਼ਨ ਮਨਾਏ ਜਾਂਦੇ।

## ਇਕ ਅਨੋਖੀ ਘਟਨਾ

ਇਕ ਦਿਨ ਬੜੇ ਜ਼ੋਰ ਸ਼ੋਰ ਦਾ ਮੈਚ ਸ਼ੁਰੂ ਸੀ, ਤਾਂ ਮਾਤਾ ਜੀ (ਸ੍ਰਦਾਰਨੀ ਗੁਰਬਖਸ਼ ਸਿੰਘ) ਦੇ ਮੂੰਹੋਂ ਮੇਰੇ ਪ੍ਰਤੀ ਕੁਝ ਅਜਿਹੇ ਸ਼ਬਦ ਨਿਕਲ ਗਏ, ਜਿਨ੍ਹਾਂ ਨੂੰ ਬਾਹਰਮੁਖੀ ਤਾਂ ਮੈਂ ਬਰਦਾਸ਼ਤ ਕਰ ਗਿਆ, ਪਰ ਅੰਦਰੋਂ ਮੇਰੀ ਆਤਮਾ ਵਲੂੰਦਰੀ ਗਈ। ਉਸ ਸਮੇਂ ਇਹ ਸ਼ਬਦ ਬਿਨਾਂ ਕਿਸੇ ਕਾਰਨ ਕਹੇ ਗਏ ਸਨ, ਪਰ ਮੈਂ ਇਸ ਦਾ ਪ੍ਰਤੀਕਰਮ ਆਪਣੇ ਚਿਹਰੇ ਤੋਂ ਜ਼ਾਹਿਰ ਨਾ ਹੋਣ ਦਿਤਾ। ਖੇਡ ਚਲਦੀ ਰਹੀ। ਜਦ ਮੈਚ ਖਤਮ ਹੋਇਆ ਤਾਂ ਮੈਂ ਡੂੰਘੇ ਦੇ ਇਕ ਕਿਨਾਰੇ ਲੇਟ ਗਿਆ। ਸ਼ਾਮ ਦਾ ਵੇਲਾ ਸੀ। ਥੋੜ੍ਹੀ ਦੇਰ ਬਾਅਦ ਸਾਰੇ ਸੈਰ ਕਰਨ ਲਈ ਤੁਰ ਪਏ। ਉਨ੍ਹਾਂ ਦੇ ਨਾਲ ਹੀ ਮੈਂ ਇਕ ਵੱਖਰੀ ਸੜਕ ਤੇ ਨਿਕਲ ਤੁਰਿਆ। ਤਾਸ਼ ਦੇ ਆਖਰੀ ਮੈਚ ਸਮੇਂ ਤੋਂ ਮੇਰੇ ਅੰਦਰ ਬੜੇ ਜ਼ੋਰ ਦਾ ਤੂਫਾਨ ਉਠ ਖੜੋਤਾ ਸੀ। ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੋਚ ਰਿਹਾ ਸਾਂ: ਇਥੇ ਸਵੇਰੇ ਸਾਰਿਆਂ ਨੂੰ ਸੁੱਤਿਆਂ ਪਿਆ ਛੱਡ ਕੇ ਆਪਣੇ ਘਰ ਰਾਵਲਪਿੰਡੀ ਨਿਕਲ ਕਿਉਂ ਨਾ ਜਾਵਾਂ? ਤੇ ਉਥੋਂ ਹੀ ਨੌਕਰੀ ਦਾ ਅਸਤੀਫਾ ਘੱਲ ਦਿਆਂ।

ਸ਼ਾਮ ਦੇ ਸੱਤ ਅੱਠ ਵਜੇ ਦਾ ਸਮਾਂ ਸੀ। ਮੈਂ ਉਸ ਸੜਕ ਤੇ ਆਪਣੇ ਖਿਆਲਾ ਵਿਚ ਡੁਬਿਆ ਹੋਇਆ ਜਾ ਰਿਹਾ ਸਾਂ, ਜੋ ਡੱਲ ਦੇ ਕਿਨਾਰੇ ਤੇ ਮਹਾਰਾਜਾ ਹਰੀ ਸਿੰਘ ਦੇ ਮਹੱਲਾਂ ਦੇ ਨਾਲ ਲਗਦੀ ਹੈ। ਮਹੱਲ ਦੀਆ ਰੋਸ਼ਨੀਆ ਡੱਲ ਦੇ ਪਾਣੀ ਤੇ ਪੈ ਰਹੀਆਂ ਸਨ। ਉਸ ਰੋਸ਼ਨੀ ਦੀ ਕਸਮ ਖਾ ਕੇ ਮੈਂ ਫੈਸਲਾ ਕੀਤਾ, ਕਿ ਮੈਂ ਬਹੁਤ ਛੇਤੀ ਇਹ ਨੌਕਰੀ ਛੱਡ ਦੇਣੀ ਹੈ। ਹੁਣ ਇਹ ਸਿਰਫ ਫੈਸਲਾ ਕਰਨਾ ਬਾਕੀ ਸੀ, ਕਿ ਚੁਪ-ਚਾਪ ਸਵੇਰੇ ਇਥੋਂ ਖਿਸਕ ਜਾਵਾਂ, ਜਾਂ ਇਥੇ ਹੀ ਬਾਕੀ ਦੇ ਦਿਨ ਇਸ ਕਾਫਲੇ ਨਾਲ ਕੱਟਾਂ। ਅਚਾਨਕ ਅਗਲੇ ਮੋੜ ਤੇ ਸਰਦਾਰ ਗੁਰਬਖਸ਼ ਸਿੰਘ ਹੋਰੀ ਮਿਲ ਗਏ। ਉਨ੍ਹਾਂ ਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਮੇਰੇ ਪ੍ਰਤੀ ਬਿਨਾਂ ਕਾਰਨ ਕੁਝ ਕੋਝੇ ਲਫਜ਼ ਵਰਤੇ ਗਏ ਸਨ। ਜਿਨ੍ਹਾਂ ਦਾ ਸੰਬੰਧ ਉਸ ਸਮੇਂ ਸਾਡੀ ਖੇਡ ਨਾਲ ਬਿਲਕੁਲ ਨਹੀਂ ਸੀ। ਉਨ੍ਹਾਂ ਮੇਰੇ ਚਿਹਰੇ ਤੋਂ ਹੀ ਤਾੜ ਲਿਆ, ਕਿ ਬੜਾ ਵਡਾ ਤੂਫਾਨ ਮੇਰੇ ਮਨ ਵਿਚ ਉਠ ਖੜੋਤਾ ਹੈ। ਉਹ ਬੋਲੇ, "ਦਾਤਾ ਜੀ! ਕੀ ਗੱਲ, ਤੁਸੀਂ ਅਜ ਬੜੇ ਉਦਾਸ ਲਗਦੇ ਹੋ? ਇਹ ਤੁਹਾਡੇ ਸੁਭਾਅ ਤੋਂ ਬਿਲਕੁਲ ਉਲਟ ਹੈ।"

ਮੈਂ ਉਨ੍ਹਾਂ ਨੂੰ ਦਿਨ ਦਾ ਵਾਕਿਆ ਯਾਦ ਕਰਾਇਆ ਤੇ ਆਪਣਾ ਫੈਸਲਾ ਵੀ ਦੱਸਿਆ। ਉਨ੍ਹਾਂ ਮੈਨੂੰ ਘੁੱਟ ਕੇ ਜੱਫੀ ਪਾ ਲਈ ਤੇ ਕਹਿਣ ਲੱਗੇ, "ਦਾਤਾ ਜੀ! ਮਾਤਾ ਜੀ ਦੀਆਂ ਗੱਲਾਂ ਤੇ ਨਾ ਜਾਇਆ ਕਰੋ। ਸਾਡੇ ਨਾਲ ਇਹ ਰੋਜ਼ ਹੀ ਵਰਤੀਂਦੀ ਹੈ। ਉਨ੍ਹਾਂ ਦਾ ਸੁਭਾਅ ਹੀ ਇਹੋ ਜਿਹਾ ਹੈ।"

ਮੈਂ ਕਿਹਾ, "ਦਾਰ ਜੀ! ਤੁਹਾਡੇ ਉਨ੍ਹਾਂ ਨਾਲ ਉਮਰ ਭਰ ਲਈ ਸੰਬੰਧ ਹਨ। ਤੁਹਾਡੇ ਸਾਹਮਣੇ ਕਈ ਮਜਬੂਰੀਆਂ ਵੀ ਹੋਣਗੀਆਂ, ਪਰ ਮੈਂ ਤਾਂ ਇਨ੍ਹਾਂ ਗੱਲਾਂ ਤੋਂ ਮੁਕਤ ਹਾਂ। ਮੈਂ ਕਿਉਂ ਇਨ੍ਹਾਂ ਬੰਧਨਾਂ ਵਿਚ ਫਸਾਂ ਤੇ ਆਪਣੀ ਬੇਇਜ਼ਤੀ ਕਰਾਵਾਂ?"

ਉਨ੍ਹਾਂ ਮੈਨੂੰ ਬੜਾ ਦਿਲਾਸਾ ਦਿਤਾ। ਪਿਆਰ ਦਿਤਾ ਤੇ ਇਸ ਗੱਲ ਲਈ ਮਨਾ ਲਿਆ ਕਿ ਮੈਂ ਕੋਈ ਅਜਿਹਾ ਕਦਮ ਨਾ ਚੁੱਕਾਂ, ਜਿਸ ਨਾਲ ਸਾਡੀਆਂ ਮਹਿਫਲਾਂ 'ਚ ਮਨੋਰੰਜਨ ਦੀ ਥਾਂ ਸੋਗ ਛਾ ਜਾਵੇ।

ਮੈਂ ਉਨ੍ਹਾ ਦੀ ਗੱਲ ਮੰਨ ਲਈ ਤੇ ਚੁਪਚਾਪ ਇਕ ਪਾਸੇ ਵਲ ਤੁਰ ਪਿਆ। ਉਹ ਦੂਜੇ ਪਾਸੇ ਵਲ ਆਪਣੇ ਪਰਿਵਾਰ ਨੂੰ ਮਿਲਣ ਚਲੇ ਗਏ।

ਮੈਂ ਫਿਰ ਡੂੰਘੀਆਂ ਸੋਚਾਂ ਵਿਚ ਗੜੂੰਦ ਹੋ ਗਿਆ। ਦਸ ਕੁ ਮਿੰਟ ਮਗਰੋਂ ਅਚਾਨਕ ਅਗਲੇ ਮੋੜ ਤੇ ਮਾਤਾ ਜੀ ਮਿਲ ਪਏ। ਉਨ੍ਹਾਂ ਮੈਨੂੰ ਘੁੱਟ ਕੇ ਜਫੀ ਪਾ ਲਈ। ਬੱਚਿਆਂ ਵਰਗਾ ਪਿਆਰ ਦਿਤਾ ਤੇ ਕਹਿਣ ਲੱਗੇ, "ਦਾਤਾ ਜੀ! ਤੁਹਾਡੇ ਨਾਲ ਹੋਈ ਦਿਨ ਵਾਲੀ ਗੱਲ ਤੋਂ ਦਾਰ ਜੀ ਮੇਰੇ ਨਾਲ ਬਹੁਤ ਨਾਰਾਜ਼ ਹੋਏ। ਦਾਰ ਜੀ ਨਾਲ ਸਾਡੀ ਘਰ ਕਈ ਵਾਰ ਝੜੱਪ ਹੋ ਜਾਂਦੀ ਹੈ, ਤੇ ਜਦੋਂ ਉਹ ਦਫਤਰ ਜਾਣ ਲਗਦੇ ਹਨ ਤਾਂ ਮੈਂ ਕਹਿੰਦੀ ਹਾਂ, 'ਹੁਣ ਮੁੜ ਕੇ ਘਰ ਨਾ ਆਣਾ, ਪਰ ਉਹ ਮੁਸਕਰਾ ਕੇ ਗੱਲ ਟਾਲ ਜਾਂਦੇ ਹਨ ਤੇ ਕਦੀ ਅਜਿਹਾ ਨਹੀਂ ਹੋਇਆ ਕਿ ਉਹ ਸ਼ਾਮ ਨੂੰ ਵਾਪਸ ਘਰ ਨਾ ਆਏ ਹੋਣ। ਉਦੋਂ ਤਕ ਅਸੀਂ ਸਭ ਕਾਸੇ ਨੂੰ ਭੁੱਲ ਚੁਕੇ ਹੁੰਦੇ ਹਾਂ। ਸੋ ਤੁਸੀਂ ਵੀ ਮੇਰੀ ਕਹੀ ਗੱਲ ਦਾ ਬੁਰਾ ਨਾ ਮੰਨਣਾ। ਮੈਂ ਤੁਹਾਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੀ ਹਾਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਦੋਂ ਮੈਂ ਉਨ੍ਹਾਂ ਦੀ ਜੱਫੀ 'ਚੋਂ ਨਿਕਲਿਆ ਤਾਂ ਮੈਂ ਇਹ ਫੈਸਲਾ ਕਰ ਲਿਆ ਕਿ ਮੈਂ ਇਸ ਭਰੀ ਮਹਿਫਲ ਨੂੰ ਤਾਂ ਛੱਡ ਕੇ ਨਹੀਂ ਜਾਵਾਂਗਾ. ਪਰ ਮੈਂ ਜੋ ਫੈਸਲਾ ਡੱਲ ਦੇ ਪਵਿੱਤਰ ਜਲ ਤੇ ਪੈ ਰਹੇ ਚਾਨਣ ਦੀ ਕਸਮ ਖਾ ਕੇ ਕੀਤਾ ਸੀ. ਕਿ ਇਹ ਨੌਕਰੀ ਛੇਤੀ ਹੀ ਛੱਡ ਦਿਆਂਗਾ. ਉਹ ਅੱਟਲ ਹੋਵੇਗਾ।

ਤੇ ਅੰਤ ਉਹੀ ਹੋ ਕੇ ਰਿਹਾ। ਜਦ ਅਸੀਂ ਇਸ ਯਾਦਗਾਰੀ ਯਾਤਰਾ ਨੂੰ ਮੁਕਾ ਕੇ ਪ੍ਰੀਤਨਗਰ ਵਾਪਸ ਪਹੁੰਚੇ. ਤਾਂ ਇਕ ਮਹੀਨੇ ਦੇ ਅੰਦਰ ਅੰਦਰ ਮੈਂ ਪ੍ਰੀਤਨਗਰ ਸ਼ਾਪ ਨੂੰ ਅਲਵਿਦਾ ਕਹਿ ਦਿਤੀ ਤੇ ਲਾਹੌਰ ਵਿਖੇ ਹੀ ਆਪਣਾ ਵੱਖਰਾ ਪ੍ਰਕਾਸ਼ਨ ਘਰ ਖੋਲ੍ਹ ਦਿਤਾ।

ਸਾਡਾ ਇਹ ਪ੍ਰਕਾਸ਼ਨਾਲਯ "ਨੈਸ਼ਨਲ ਬੁਕ ਸ਼ਾਪ" ਦੇਸ਼-ਵੰਡ ਤੀਕ ਠੀਕ ਠਾਕ ਚਲਦਾ ਰਿਹਾ ਤੇ ਅੰਤ ਸਾਮਾਨ ਨਾਲ ਭਰੇ ਭਰੂਤੇ ਆਪਣੇ ਘਰ ਤੇ ਕਿਤਾਬਾਂ ਨਾਲ ਤੂਸੇ ਇਸ ਪ੍ਰਕਾਸ਼ਨ ਘਰ ਨੂੰ ਤਾਲੇ ਲਾ ਮੈਂ ਪ੍ਰੀਤਨਗਰ ਆਣ ਪਹੁੰਚਿਆ।

ਜਦ ਮੈਂ 1975 ਵਿਚ ਮੁੜ ਲਾਹੌਰ ਗਿਆ. ਤਾਂ ਪ੍ਰੀਤਨਗਰ ਸ਼ਾਪ ਵਾਲੀ ਥਾਂ ਤੇ ਇਕ ਪਾਨ ਵਾਲਾ ਬੈਠਾ ਮੱਖੀਆਂ ਮਾਰ ਰਿਹਾ ਸੀ। 'ਨੈਸ਼ਨਲ ਬੁਕ ਸ਼ਾਪ' ਦੀ ਦੁਕਾਨ ਤੇ ਇਕ ਹਜਾਮ ਬੈਠਾ ਸੀ ਤੇ ਸਾਡੇ ਨਾਲ ਵਾਲੇ ਭਾਪੇ ਦੇ ਹੋਟਲ ਵਿਚ ਇਕ ਪਹਿਲਵਾਨ ਕਸਾਈ ਬੈਠਾ ਦਸ ਰੁਪਏ ਕਿਲੋ. ਦਸ ਰੁਪਏ ਕਿਲੋ ਦੀ ਰਟ ਲਗਾ ਰਿਹਾ ਸੀ ਤੇ ਉਸ ਸਾਹਮਣੇ ਕਈ ਤਰ੍ਹਾਂ ਦੇ ਜਾਨਵਰਾਂ ਦੇ ਉਲਟੇ ਸਿੱਧੇ ਪਿੰਜਰ ਲਟਕੇ ਹੋਏ ਸਨ।

## ਪ੍ਰੀਤਨਗਰ ਵਿਚ ਬਿਤਾਏ ਕੁਝ ਸਾਲ

ਪ੍ਰੀਤਨਗਰ ਵਿਚ ਰਹਿੰਦਿਆਂ ਅਨੇਕਾਂ ਮਿੱਤਰ ਪਿਆਰੇ ਮਿਲੇ। ਜਿਨ੍ਹਾਂ ਨਾਲ ਅਜ ਤੀਕ ਪਰਿਵਾਰਕ ਸਾਂਝ ਚਲੀ ਆ ਰਹੀ ਹੈ। ਇਨ੍ਹਾਂ 'ਚੋਂ ਨਾ ਭੁਲਣਯੋਗ ਹਸਤੀਆਂ ਨਾਨਕ ਸਿੰਘ. ਸੋਭਾ ਸਿੰਘ ਆਰਟਿਸਟ. ਬਾਊ ਕਪੂਰ ਸਿੰਘ ਗਿਲ. ਡਾਕਟਰ ਰਾਮ ਸਿੰਘ. ਪ੍ਰੀਤਮ ਸਿੰਘ (ਨਵਯੁਗ ਪ੍ਰੈਸ). ਜਸਵੰਤ ਸਿੰਘ ਦੋਸਤ. ਨਰਿੰਦਰ ਸਿੰਘ. ਗੁਰਬਚਨ ਸਿੰਘ ਖੁਰਾਨਾ. ਕਰਤਾਰ ਸਿੰਘ ਸਚਦੇਵ. ਪਿਆਰਾ ਸਿੰਘ ਸਹਿਰਾਈ. ਹਰਚਰਨ ਸਿੰਘ. ਅਮਰ ਸਿੰਘ ਆਦਿ ਹਨ। ਪ੍ਰੀਤਨਗਰ ਦਾ ਵਾਤਾਵਰਣ ਬੜਾ ਪਿਆਰਾ. ਸੁਖਾਵਾਂ. ਤੇ ਮਿੱਤਰ ਭਾਵਨਾ ਨਾਲ ਭਰਪੂਰ ਸੀ। ਇਸਤ੍ਰੀਆਂ ਦਾ ਸਤਿਕਾਰ ਮਰਦਾਂ ਵਾਂਗ ਹੀ ਕੀਤਾ ਜਾਂਦਾ ਸੀ। ਪ੍ਰੀਤਨਗਰ ਵਾਸੀ ਜਾਂ ਆਂਢ-ਗੁਆਂਢ ਦਾ ਕੋਈ ਬੰਦਾ ਕਿਸੇ ਇਸਤਰੀ ਪ੍ਰਤੀ ਗੁਸਤਾਖੀ ਨਾਲ ਪੇਸ਼ ਨਹੀਂ ਸੀ ਆਉਂਦਾ।

## ਪ੍ਰੀਤਨਗਰ ਵਿਚ ਕਤਲ

ਰਾਵਲਪਿੰਡੀ ਤੋਂ ਜਦ ਮੈਂ ਪ੍ਰੀਤਨਗਰ ਪੁਜਾ. ਤਾਂ ਕਾਫੀ ਸਜਣ ਮੇਰੇ ਪਹਿਲਾਂ ਤੋਂ ਹੀ ਵਾਕਫ ਸਨ। ਬਾਕੀ ਦੇ ਕੁਝ ਦਿਨਾਂ ਵਿਚ ਕਾਫੀ ਨੇੜੇ ਹੋ ਗਏ। ਇਸ ਸਮੇਂ ਮੈਂ ਕਵਾਰਾ ਹੀ ਸਾਂ। ਇਸ ਲਈ ਛੜੇ ਮਲੰਗਾਂ ਵਾਂਗ ਮੇਰੇ ਵੀ ਕਲੱਬ ਵਿਚ ਹੀ ਡੇਰੇ ਲਗ ਗਏ। ਇਕ ਦਿਨ ਅਧੀ ਕੁ ਰਾਤ ਨੂੰ ਪਹਿਰੇਦਾਰ ਨੇ ਸੁਤਿਆਂ ਪਿਆਂ ਮੈਨੂੰ ਜ਼ੋਰ ਦੀ ਆਵਾਜ਼ ਮਾਰੀ। ਜਦ ਮੈਂ ਹੇਠਾਂ ਆਇਆ. ਤਾਂ ਨਾਲ ਦੀ ਕੋਠੀ ਦੇ ਪਿਛਵਾੜੇ ਖੂਨ ਨਾਲ ਲਥ-ਪਥ ਇਕ ਲਾਸ਼ ਪਈ ਵੇਖੀ। ਸ੍ਰ: ਗੁਰਬਖਸ਼ ਸਿੰਘ ਹੋਰੀ ਉਥੇ ਅਗੇ ਹੀ ਮੌਜੂਦ ਸਨ। ਕੁਲ ਦਸ ਕੁ ਬੰਦੇ ਹਾਜ਼ਰ ਸਨ। ਇਹ ਲਾਸ਼ ਰਾਤ ਨੂੰ ਇਥੇ ਆਏ ਇਕ ਮਹਿਮਾਨ ਸਜਣ ਕਰਤਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਿੰਘ ਦੀ ਸੀ। ਪਹਿਰੇਦਾਰਾਂ ਨੇ ਕੁਝ ਘੜੀਆਂ ਪਹਿਲਾਂ ਗੋਲੀ ਚਲਣ ਦੀ ਆਵਾਜ਼ ਸੁਣੀ। ਉਹ ਇਧਰ ਦੌੜਦੇ ਆਏ। ਵੇਖਿਆ ਤਾਂ ਇਸ ਸਜਣ ਨੇ ਆਪਣੇ ਪੈਰ ਵਿਚ ਬੰਦੂਕ ਫਸਾ ਕੇ, ਨਾਲੀ ਆਪਣੀ ਹਿਕ ਤੇ ਰਖ, ਉਸ ਦਾ ਘੋੜਾ ਦਬਾ ਦਿਤਾ ਸੀ। ਲਾਸ਼ ਉਪਰ ਚਾਦਰ ਦਿਤੀ ਹੋਈ ਸੀ। ਚਾਦਰ ਉਤਾਰ ਕੇ ਵੇਖਿਆ ਤਾਂ ਬਿਸਤਰਾ ਖ਼ੂਨ ਨਾਲ ਨਿਬੜਿਆ ਹੋਇਆ ਸੀ। ਪ੍ਰੀਤਨਗਰ ਵਿਚ ਇਸ ਤਰ੍ਹਾਂ ਦੀ ਖ਼ੁਦਕਸ਼ੀ ਦੀ ਇਹ ਪਹਿਲੀ ਤੇ ਆਖਰੀ ਵਾਰਦਾਤ ਸੀ।

ਮੈਨੂੰ ਇਸ ਲਈ ਜਗਾਇਆ ਗਿਆ ਸੀ, ਕਿ ਮੈਂ ਫੌਰਨ ਕਾਰ ਤੇ ਜਾ ਕੇ ਲੋਪੋਕੇ ਤੋਂ ਡਾਕਟਰ ਨੂੰ ਨਾਲ ਲੈ ਆਵਾਂ ਤਾਂ ਜੋ ਉਸ ਦੀ ਸਲਾਹ ਨਾਲ ਅਗਲਾ ਕਦਮ ਚੁਕਿਆ ਜਾਵੇ।

ਅਧੇ ਕੁ ਘੰਟੇ ਮਗਰੋਂ ਡਾਕਟਰ ਉਥੇ ਪੁਜ ਗਿਆ। ਉਸ ਨੇ ਲਾਸ਼ ਵੇਖ ਕੇ ਸਲਾਹ ਦਿਤੀ, ਕਿ ਮੌਤ ਹੋ ਚੁਕੀ ਹੈ। ਖ਼ੁਦਕਸ਼ੀ ਦਾ ਸਾਫ ਵਾਕਿਆ ਹੈ, ਫੌਰਨ ਪੁਲਸ ਨੂੰ ਇਤਲਾਹ ਦਿਤੀ ਜਾਣੀ ਚਾਹੀਦੀ ਹੈ।

ਥਾਣਾ ਵੀ ਨੇੜੇ ਹੀ ਸੀ। ਅਸੀਂ ਕਾਰ ਦੁੜਾਈ ਤੇ ਪੁਲਸ ਨੂੰ ਜਾ ਖਬਰ ਦਿਤੀ। ਪੁਲਸ ਵਾਲਿਆਂ ਤੀਕ ਪ੍ਰੀਤਨਗਰ ਦਾ ਕਾਫੀ ਰਸੂਖ ਸੀ ਤੇ ਉਨ੍ਹਾਂ ਨੂੰ ਇਹ ਪਤਾ ਸੀ ਕਿ ਇਨ੍ਹਾਂ ਲੋਕਾਂ ਦੀ ਉਪਰ ਵੀ ਬੜੇ ਦੂਰ ਤੀਕ ਪਹੁੰਚ ਹੈ। ਵਾਕਿਆ ਵੀ ਸਾਫ ਖ਼ੁਦਕਸ਼ੀ ਦਾ ਸੀ, ਜਿਸ ਵਿਚ ਕਿਸੇ ਹੋਰ ਦਾ ਹਥ ਨਹੀਂ ਸੀ।

ਕਰਤਾਰ ਸਿੰਘ ਦੇ ਲੜਕੇ ਦਾ ਬਿਆਨ ਸੀ : "ਮੈਂ ਤੇ ਮੇਰੇ ਪਿਤਾ ਜੀ ਕਲ ਸ਼ਾਮੀਂ ਹੀ ਰਾਵਲਪਿੰਡੀ ਤੋਂ ਪ੍ਰੀਤਨਗਰ ਪੁਜੇ ਸਾਂ। ਬੰਦੂਕ ਉਨ੍ਹਾਂ ਦੀ ਪ੍ਰੀਤਨਗਰ ਅਗੇ ਹੀ ਮੌਜੂਦ ਸੀ। ਉਨ੍ਹਾਂ ਸ਼ਾਮੀਂ ਬੰਦੂਕ ਲੈ ਕੇ ਚੰਗੀ ਤਰ੍ਹਾਂ ਸਾਫ ਕੀਤੀ। ਆਪ ਇਸ਼ਨਾਨ ਪਾਣੀ ਕੀਤਾ। ਬਸਤਰ ਬਦਲੇ। ਆਪਣੇ ਦੋਸਤਾਂ ਮਿੱਤਰਾਂ ਨਾਲ ਘੁਟ ਘੁਟ ਜਫੀਆਂ ਪਾਈਆਂ। ਸਭ ਨਾਲ ਦੁਖ-ਸੁਖ ਸਾਂਝਾ ਕੀਤਾ। ਉਸ ਰਾਤ ਪ੍ਰੀਤਨਗਰ ਵਿੱਚ ਇਕ ਡਰਾਮਾ ਹੋ ਰਿਹਾ ਸੀ। ਸਭ ਪ੍ਰੀਤਨਗਰ ਵਾਸੀ ਡਰਾਮਾ ਵੇਖਣ ਜਾ ਰਹੇ ਸਨ। ਕਰਤਾਰ ਸਿੰਘ ਨੇ ਮੈਨੂੰ ਉਥੇ ਭੇਜ ਦਿਤਾ, ਪਰ ਆਪ ਉਹ ਥਕਾਵਟ ਕਾਰਣ ਘਰ ਹੀ ਲੰਮੇਂ ਪਏ ਰਹੇ। ਅਧੀ ਰਾਤ ਨੂੰ ਜਦ ਸਭ ਦੁਨੀਆਂ ਡਰਾਮਾ ਵੇਖਣ ਵਿਚ ਮਗਨ ਸੀ, ਪਿਤਾ ਜੀ ਨੇ ਉਸੇ ਵੇਲੇ ਆਪਣੀ ਜ਼ਿੰਦਗੀ ਦਾ ਅੰਤ ਕਰ ਲਿਆ।"

ਉਹ ਸ਼ੋਕਮਈ ਦਿਨ ਪ੍ਰੀਤਨਗਰ ਵਾਸੀਆਂ, ਤੇ ਖਾਸ ਕਰ ਸ੍ਰ: ਗੁਰਬਖਸ਼ ਸਿੰਘ ਲਈ ਬੜਾ ਪ੍ਰੇਸ਼ਾਨਕੁੰਨ ਤੇ ਭਿਆਨਕ ਸੀ। ਲਾਸ਼ ਵੇਖ ਹਿਰਦਾ ਕੰਬ ਉਠਦਾ ਸੀ। ਫਿਰ ਅਜਿਹੇ ਸ਼ਾਤ ਵਾਤਾਵਰਣ ਵਾਲੀ ਪਿਆਰਾਂ ਦੀ ਨਗਰੀ ਵਿਚ ਇਕ ਅਤਿ ਪਿਆਰੇ ਇਨਸਾਨ ਦਾ ਖ਼ੂਨ।

ਸ੍ਰ: ਕਰਤਾਰ ਸਿੰਘ, ਮੱਨੁਖ ਨਹੀਂ, ਦੇਵਤਾ ਸੀ। ਉਹ ਸਿਖ ਸਕੂਲਾਂ ਦਾ, ਚੀਫ ਖਾਲਸਾ ਦੀਵਾਨ ਵਲੋਂ, ਥਾਪਿਆ ਇੰਨਸਪੈਕਟਰ ਰਹਿ ਚੁਕਾ ਸੀ। ਚਿੱਟੇ ਦੁੱਧ ਬਸਤਰ, ਸ਼ੁਧ ਨੇਕ ਹਿਰਦਾ, ਡਲਕਾਂ ਮਾਰਦਾ ਮਸਤਕ, ਗੁਰਬਾਣੀ ਦਾ ਪ੍ਰੇਮੀ, ਨੀਚ ਊਚ ਦੇ ਭਿੰਨ-ਭੇਦ ਤੋਂ ਰਹਿਤ। ਜਦੋਂ ਉਹ ਇੰਨਸਪੈਕਟਰ ਸੀ, ਉਦੋਂ ਆਪਣੇ ਸੇਵਾਦਾਰ ਨਾਲ ਬਚਿਆਂ ਵਰਗਾ ਸਲੂਕ ਕਰਦਾ ਸੀ। ਉਸ ਨੂੰ ਆਪਣੇ ਨਾਲ ਖਾਣਾ ਖੁਆਣਾ ਤੇ ਪੁਤਰਾਂ ਵਰਗਾ ਪਿਆਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਦੇਣਾ। ਉਸ ਨੇ ਸਭ ਨੂੰ ਪਿਆਰ ਦਿਤਾ, ਪਰ ਉਹ ਆਪ ਪਿਆਰ ਤੋਂ ਵਾਂਝਿਆ ਰਿਹਾ। ਇੰਨੀ ਵਿਸ਼ਾਲ ਧਰਤੀ ਤੇ ਉਸ ਨੂੰ ਪਿਆਰ ਕਰਨ ਵਾਲਾ ਕੋਈ ਨਾ ਮਿਲਿਆ। ਨੌਕਰੀ ਸਮੇਂ ਉਹ ਕਈ ਵਾਰ ਪ੍ਰੀਤਨਗਰ ਆਇਆ। ਇਥੋਂ ਦਾ ਵਾਤਾਵਰਣ ਉਸ ਨੂੰ ਆਪਣੇ ਅਨੁਕੂਲ ਜਾਪਿਆ। ਸ੍ਰ: ਗੁਰਬਖਸ਼ ਸਿੰਘ ਤੇ ਪ੍ਰੀਤਨਗਰ ਵਾਸੀਆਂ ਦੀ ਗਲਵਕੜੀ ਵਿਚ ਉਸ ਨੂੰ ਆਪਣੀ ਪਿਆਰ ਭੁਖ ਮਿਟਦੀ ਜਾਪੀ। ਇਸੇ ਲਈ ਉਸ ਨੇ ਨੌਕਰੀ ਤੋਂ ਅਸਤੀਫਾ ਦੇ ਦਿਤਾ। ਕੁਝ ਦਿਨ ਉਹ ਪ੍ਰੀਤਨਗਰ ਰਿਹਾ। ਉਹ ਆਪਣੇ ਮੌਜੂਦਾ ਜੀਵਨ ਤੋਂ ਬੜਾ ਸੰਤੁਸ਼ਟ ਜਾਪਦਾ ਸੀ। ਉਸ ਨੇ ਉਥੇ ਦੋ ਪਲਾਟ ਵੀ ਖਰੀਦ ਲਏ, ਤੇ ਪਕਾ ਫੈਸਲਾ ਕਰ ਲਿਆ ਕਿ ਬਾਕੀ ਦਾ ਜੀਵਨ ਉਹ ਉਥੇ ਹੀ ਬਿਤਾਇਗਾ।

ਕੁਝ ਅਰਸਾ ਪ੍ਰੀਤਨਗਰ ਰਹਿ ਕੇ ਉਹ ਆਪਣਾ ਸਾਮਾਨ ਲੈਣ ਰਾਵਲਪਿੰਡੀ ਚਲਾ ਗਿਆ। ਉਥੇ ਉਹ ਕਾਫੀ ਦੇਰ ਠਹਿਰਿਆ। ਉਸ ਦੀ ਪਤਨੀ ਦੇ ਬਿਆਨ ਮੁਤਾਬਕ ਹੁਣ ਉਸ ਦੀ ਭੁਖ ਘਟ ਗਈ ਸੀ। ਨੀਂਦ ਵੀ ਸਾਥ ਤਿਆਗ ਗਈ ਸੀ। ਉਹ ਰੋਜ਼ਾਨਾ ਆਪਣੇ ਪਤੀ ਨੂੰ ਨਾਲ ਲੈ ਕੇ ਸੈਰ ਜਾਂਦੀ। ਉਸ ਦਾ ਹੌਸਲਾ ਬਨ੍ਹਾਂਦੀ, ਪਰ ਉਸ ਦਾ ਮਨ ਡੋਲ ਚੁਕਾ ਸੀ। ਪ੍ਰੀਤਨਗਰ ਵਰਗਾ ਵਾਤਾਵਰਣ ਵੀ ਉਸ ਦੇਵਤੇ ਦੀ ਪਿਆਰ ਭੁਖ ਨਹੀਂ ਸੀ ਮਿਟਾ ਸਕਿਆ। ਇਸ ਘਾਟ ਦਾ ਤੀਰ ਉਸ ਦਾ ਸੀਨਾ ਛਲਨੀ ਛਲਨੀ ਕਰ ਗਿਆ, ਤੇ ਅੰਤ ਉਸ ਫੈਸਲਾ ਕਰ ਲਿਆ ਕਿ ਉਹ ਇਸ ਪਿਆਰ-ਹੀਣ ਸੰਸਾਰ ਵਿਚ ਰਹਿਣ ਦੇ ਯੋਗ ਨਹੀਂ। ਜਿਥੇ ਸਚਾ ਤੇ ਸੁਚਾ ਪਿਆਰ ਤੇ ਹਮਦਰਦੀ ਕਿਸੇ ਕੀਮਤ ਤੇ ਵੀ ਨਾ ਮਿਲ ਸਕਣ। ਉਹ ਸਾਰੀ ਜ਼ਿੰਦਗੀ ਪਿਆਰ ਦੀ ਕੀਮਤ ਤਾਰਦਾ ਆਇਆ ਸੀ। ਉਹ ਸਚ ਦਾ ਪੁਜਾਰੀ ਸੀ। ਉਸ ਈਮਾਨਦਾਰੀ ਨਾਲ ਸਾਰਾ ਜੀਵਨ ਬਿਤਾਇਆ ਸੀ, ਪਰ ਅਜ ਉਹ ਇਸ ਨਤੀਜੇ ਤੇ ਪੁਜਾ, ਕਿ ਉਸ ਵਰਗੇ ਮਨੁੱਖ ਦੀ ਇਸ ਦੁਨੀਆਂ ਨੂੰ ਲੋੜ ਨਹੀਂ। ਇਥੇ ਝੂਠ, ਬੇਈਮਾਨੀ, ਫਰੇਬ ਤੇ ਧੋਖੇਬਾਜ਼ੀ ਲਈ ਥਾਂ ਹੈ, ਸਚੇ ਮਨੁੱਖ ਨੂੰ ਇਥੇ ਵਿਚਰਣ ਦਾ ਕੋਈ ਹਕ ਨਹੀਂ।

ਉਹ ਉਸ ਧਰਤੀ ਦਾ ਵਾਸੀ ਸੀ, ਜਿਥੇ ਵਿਚਰਦਿਆਂ ਪੂਰਨ ਸਿੰਘ ਨੇ ਪਿਆਰ ਦੇ ਗੀਤ ਗਾਂਵੇ ਸਨ। ਪੂਰਨ ਸਿੰਘ ਦੀ ਪਿਆਰ ਭੁਖ ਵੀ ਸਾਰੀ ਉਮਰ ਦੂਰ ਨਹੀਂ ਸੀ ਹੋਈ, ਪਰ ਉਹ ਬੜਾ ਨਿਧੱੜਕ, ਤੇ ਕੁਦਰਤ ਦਾ ਕਵੀ ਸੀ। ਜਿਸ ਨਾਲ ਪਿਆਰ ਆਵੇ, ਉਹ ਸਰੇ ਬਾਜ਼ਾਰ ਉਸ ਨੂੰ ਆਪਣੀ ਪਿਆਰ ਗਲਵਕੜੀ ਵਿਚ ਘੁਟ ਲੈਂਦਾ ਸੀ, ਪਰ ਕਰਤਾਰ ਸਿੰਘ ਦੀ ਪਿਆਰ ਭੁਖ ਕੌਣ ਦੂਰ ਕਰੇ? ਉਸ ਨੇ ਸਭ ਨੂੰ ਪਿਆਰ ਦਿਤਾ ਸੀ ਪਰ ਉਸ ਦੀ ਆਪਣੀ ਝੋਲੀ ਵਿਚ ਪਿਆਰ ਦਾ ਖੈਰ ਨਹੀਂ ਸੀ ਪਿਆ ਤੇ ਅੰਤ ਤੀਕ ਉਸ ਦੀ ਆਤਮਾ ਪਿਆਰ ਲਈ ਵਿਲਕਦੀ ਰਹੀ।

ਇਨ੍ਹਾਂ ਹਾਲਾਤ ਵਿਚ ਹੀ ਉਸ ਆਪਣੇ ਆਪ ਦਾ ਅੰਤ ਕਰ ਲੈਣ ਦਾ ਫੈਸਲਾ ਕਰ ਲਿਆ। ਇਸ ਤਰ੍ਹਾਂ ਇਕ ਬੜੀ ਕੀਮਤੀ ਜ਼ਿੰਦਗੀ, ਪਿਆਰ ਦਾ ਸੋਮਾ ਬੰਦ ਹੋ ਜਾਣ ਕਾਰਨ, ਬਿਨਾਂ ਕਿਸੇ ਨੂੰ ਪਤਾ ਦਿਤੇ, ਚੁਪ ਚੁਪੀਤੇ ਸਚੇ ਕਾਦਰ ਦੀ ਕੁਦਰਤ ਨਾਲ ਇਕ-ਮਿਕ ਹੋ ਗਈ।

## ਪ੍ਰੋ: ਤੇਜਾ ਸਿੰਘ

ਅਜ ਪਤਾ ਨਹੀਂ ਕਿਵੇਂ ਇਕ ਪਿਆਰ ਭੁਖੀ ਆਤਮਾ ਦੀ ਯਾਦ ਤਾਜ਼ਾ ਹੋ ਗਈ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਤੇ ਇਹ ਸੀ ਸਿਖ ਵਿਦਵਾਨ ਪ੍ਰੋ: ਤੇਜਾ ਸਿੰਘ। ਮੇਰੇ ਇਕ ਮਿੱਤਰ ਸਨ ਜੀ.ਐਸ. ਢਿਲੋਂ। ਅਜ ਕਲ ਉਸ ਦੀ ਅਮਰੀਕਾ ਰਿਹਾਇਸ਼ ਹੈ। ਉਹ ਪ੍ਰੋਫ਼ੈਸਰ ਹੋਰਾਂ ਦੇ ਪੁਰਾਣੇ ਸ਼ਾਗਿਰਦ ਪਰ ਹੁਣ ਮਿੱਤਰ ਸਨ। ਗੁਰਬਚਨ ਸਿੰਘ ਢਿਲੋਂ ਉਨ੍ਹੀਂ ਦਿਨੀਂ ਪ੍ਰੋ: ਤੇਜਾ ਸਿੰਘ ਪਾਸ ਖ਼ਾਲਸਾ ਕਾਲਜ ਦੀ ਕੋਠੀ ਵਿਚ ਹੀ ਰਹਿੰਦੇ ਸਨ। ਮੈਂ ਉਨ੍ਹਾਂ ਨੂੰ ਮਿਲਣ ਗਿਆ। ਉਥੇ ਹੀ ਪ੍ਰੋਫ਼ੈਸਰ ਜੀ ਨਾਲ ਪਹਿਲੀ ਮੁਲਾਕਾਤ ਹੋਈ। ਬੜੇ ਪਿਆਰੇ ਸਜਣ ਪੁਰਸ਼ ਸਨ। ਉਨ੍ਹੀਂ ਦਿਨੀਂ ਉਹ ਜ਼ਿੰਦਗੀ ਤੋਂ ਉਖੜੇ ਉਖੜੇ ਲਗਦੇ ਸਨ। ਗਲਬਾਤ ਤੋਂ ਪਤਾ ਲਗਾ, ਕਿ ਉਨ੍ਹਾਂ ਦੀ ਆਤਮਾ ਵੀ ਕਈ ਵਰ੍ਹਿਆਂ ਤੋਂ ਪਿਆਰ ਭੁਖ ਨਾਲ ਤੜਪਦੀ ਰਹੀ ਹੈ। ਉਨ੍ਹਾਂ ਦੀ ਭੁਖ ਤੇ ਨੀਂਦ ਦੋਵੇਂ ਘਟ ਗਈਆਂ ਸਨ। ਮੈਂ ਉਨ੍ਹਾਂ ਨੂੰ ਪ੍ਰੀਤਨਗਰ ਆਣ ਦਾ ਸੱਦਾ ਦਿਤਾ। ਉਹ ਆਏ ਤੇ ਗੁਰਬਖਸ਼ ਸਿੰਘ ਹੋਰਾਂ ਨੂੰ ਮਿਲ ਕੇ ਆਪਣੀਆਂ ਮਾਨਸਿਕ ਉਲਝਨਾਂ ਦਾ ਉਨ੍ਹਾਂ ਜ਼ਿਕਰ ਕੀਤਾ। ਉਸੇ ਦਿਨ ਸ਼ਾਮੀਂ ਸ੍ਰ: ਗੁਰਬਖਸ਼ ਸਿੰਘ ਹੋਰਾਂ ਮੈਨੂੰ ਦਸਿਆ ਕਿ ਇਸ ਮਿਲਣੀ ਪਿਛੋਂ ਪ੍ਰੋ: ਤੇਜਾ ਸਿੰਘ ਹੋਰਾਂ ਦਾ ਮਨ ਕਾਫੀ ਹੌਲਾ ਹੋ ਗਿਆ ਸੀ। ਵਾਸਤਵ ਵਿਚ ਅਜੇਹੀ ਗਲ ਨਹੀਂ ਸੀ। ਉਨ੍ਹਾਂ ਦੇ ਜੀਵਨ ਵਿਚ ਕੋਈ ਅਜਿਹੀ ਘਟਨਾ ਵਾਪਰ ਗਈ ਸੀ, ਜਿਸ ਨੂੰ ਉਹ ਯਤਨ ਕਰਨ ਦੇ ਬਾਵਜੂਦ ਭੁਲਾ ਨਹੀਂ ਸਨ ਸਕੇ। ਪ੍ਰੋਫੈਸਰ ਹੋਰੀ ਉਸ ਮਗਰੋਂ ਮੈਨੂੰ ਲਾਹੌਰ ਮਿਲਦੇ ਰਹੇ। ਉਨ੍ਹਾਂ ਮਿਲਣੀਆਂ ਵਿਚ ਵੀ ਉਨ੍ਹਾਂ ਦੇ ਸੀਨੇ ਪਿਆਰ ਤੇ ਵਿਛੋੜੇ ਦੇ ਡੂੰਘੇ ਲਗੇ ਘਾਉ ਸਾਫ ਵਿਖਾਈ ਦੇਂਦੇ ਸਨ।

ਸ੍ਰ: ਕਰਤਾਰ ਸਿੰਘ ਦੀ ਖੁਦਕਸ਼ੀ ਵਾਲੀ ਦੁਖਦਾਈ ਘਟਨਾ ਤੋਂ ਬਿਨਾਂ ਮੇਰਾ ਬਾਕੀ ਸਮਾਂ ਪ੍ਰੀਤਨਗਰ ਵਿਚ ਵਾਹ ਵਾਹ ਸੁਹਾਵਣਾ ਬੀਤਿਆ।

## ਪ੍ਰੀਤਨਗਰ ਵਿਚ ਖੇਡਾਂ

ਪ੍ਰੀਤਨਗਰ ਵਿਚ ਸਵੇਰੇ ਪੰਜ ਵਜੇ ਤੋਂ ਲੈ ਕੇ ਰਾਤ ਦੇ ਦਸ ਵਜੇ ਤੀਕ ਮੇਰਾ ਜੀਵਨ ਕਿਸੇ ਨਾ ਕਿਸੇ ਆਹਰੇ ਲਗਾ ਰਹਿੰਦਾ ਸੀ। ਇਸ ਲਈ ਆਮ ਤੌਰ ਤੇ ਮੇਰਾ ਮਨ ਸੰਤੁਸ਼ਟ ਰਹਿੰਦਾ ਸੀ।

ਪ੍ਰੀਤਨਗਰ ਵਿਚ ਖ਼ਾਸ ਖ਼ਾਸ ਦਿਨੀਂ ਪਿਕਨਿਕ ਲਈ ਸਭ ਪ੍ਰੀਤਨਗਰ ਵਾਸੀ ਇਕੱਠੇ ਹੁੰਦੇ। ਇਕੱਠੇ ਲੰਗਰ ਛਕਦੇ। ਗੀਤ ਗਾਏ ਜਾਂਦੇ। ਕਵਿਤਾਵਾਂ ਪੜ੍ਹੀਆਂ ਜਾਂਦੀਆਂ ਡਰਾਮੇਂ ਖੇਡੇ ਜਾਂਦੇ। ਇਨਡੋਰ ਤੇ ਆਊਟਡੋਰ ਖੇਡਾਂ ਹੁੰਦੀਆਂ। ਮੈਂ ਆਪ ਵਾਲੀਬਾਲ ਦਾ ਬੜਾ ਸ਼ੈਦਾਈ ਸਾਂ। ਸੰਨ 1924 ਵਿਚ ਇਹ ਖੇਡ ਸ਼ੁਰੂ ਕੀਤੀ ਤੇ 1946 ਵਿਚ ਜਦ ਲਾਹੌਰ ਫਸਾਦ ਸ਼ੁਰੂ ਹੋ ਗਏ ਤੇ ਘਰ ਘਾਟ ਛਡ, ਅਸੀਂ 18 ਜਨਵਰੀ 1948 ਨੂੰ ਦਿੱਲੀ ਵਲ ਭਜੇ। ਉਦੋਂ ਇਸ ਖੇਡ ਨੂੰ ਮਜਬੂਰਨ ਤਿਆਗਣਾ ਪਿਆ। ਪੂਰੇ 23 ਸਾਲ ਲਗਾਤਾਰ ਵਾਲੀਬਾਲ ਚਲਦਾ ਰਿਹਾ ਤੇ ਇਹ ਖੇਡ ਮੇਰੇ ਲਈ ਲਗਪਗ ਜ਼ਿੰਦਗੀ ਦਾ ਇਕ ਹਿਸਾ ਹੀ ਬਣ ਗਈ।

ਇਕ ਵਾਰ ਅਸੀਂ ਪ੍ਰੀਤਨਗਰ ਵਾਲੀਬਾਲ ਦਾ ਟੂਰਨਾਮੈਂਟ ਰਖਿਆ। ਕਈ ਟੀਮਾਂ ਖੇਡਣ ਲਈ ਆਂਈਆਂ। ਸਭ ਹਾਰ ਗਈਆਂ, ਤੇ ਅਖੀਰ ਸਾਡੀ ਤੇ ਅਜਨਾਲੇ ਦੀ ਟੀਮ ਫਾਈਨਲ ਵਿਚ ਪੁਜੀਆਂ। ਅਜਨਾਲੇ ਵਾਲੀ ਟੀਮ ਦੀ ਇਲਾਕੇ ਵਿਚ ਬੜੀ ਧੁੰਮ ਸੀ। ਉਸ ਦੇ ਖਿਡਾਰੀ ਵੀ ਵਾਹ ਵਾਹ ਉਚੇ ਲੰਮੇ-ਜਵਾਨ ਸਨ। ਦੋਵੇਂ ਟੀਮਾਂ ਲੰਗਰ ਲੰਗੋਟੇ ਕਸ ਮੈਦਾਨ ਵਿਚ ਨਿਤਰੀਆਂ। ਉਸ ਸਮੇਂ ਸ੍ਰ: ਗੁਰਬਖਸ਼ ਸਿੰਘ ਹੋਰੀ ਕੁਰਸੀ ਤੇ ਬੈਠੇ ਮੈਚ ਵੇਖ ਰਹੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਨ੍ਹੀਂ ਦਿਨੀਂ ਉਹਨਾਂ ਦੀ ਸਿਹਤ ਠੀਕ ਨਹੀਂ ਸੀ, ਪਰ ਮੈਚ ਵੇਖਣ ਉਚੇਚੇ ਗ੍ਰਾਉਂਡ ਵਿਚ ਆ ਗਏ ਸਨ। ਮੈਂ ਆਪਣੀ ਟੀਮ ਦਾ ਕਪਤਾਨ ਸਾਂ। ਖੇਡ ਸ਼ੁਰੂ ਹੋਣ ਤੋਂ ਪਹਿਲਾਂ ਉਹ ਮੈਨੂੰ ਆਪਣੇ ਪਾਸ ਬੁਲਾ ਕੇ ਹੌਲੇ ਜਿਹੇ ਕਹਿਣ ਲਗੇ, "ਅਜ ਕਿਸੇ ਕੀਮਤ ਤੇ ਨਹੀਂ ਹਾਰਨਾ। ਮੈਂ ਆਪਣੀ ਇਸ ਟੀਮ ਨੂੰ ਜੇਤੂ ਵੇਖਣ ਆਇਆ ਹਾਂ।"

ਸਾਡੀ ਟੀਮ ਦੇ ਹੌਸਲੇ ਅਗੇ ਹੀ ਬੁਲੰਦ ਸਨ, ਹੁਣੇ ਸ੍ਰਦਾਰ ਜੀ ਦੀ ਅਸੀਸ ਨਾਲ ਹੋਰ ਉਤਸ਼ਾਹ ਭਰਿਆ ਗਿਆ। ਮੈਚ ਸ਼ੁਰੂ ਹੋ ਗਿਆ। ਜਦ ਬਾਲ ਸਾਡੇ ਪਾਸੇ ਆਇਆ ਤਾਂ ਮੈਂ ਆਪਣੇ ਬੂਸਟਰ ਵਲ ਬਾਲ ਸੁਟਿਆ, ਉਸ ਨੇ ਉਚਾ ਕੀਤਾ, ਮੈਂ ਵਾਲੀ ਮਾਰਣ ਲਈ ਉਛਲਿਆ, ਤਾਂ ਮੁਕਾਬਲੇ ਦੀ ਟੀਮ ਦੇ ਦੋ ਉਚੇ ਲੰਮ ਸਲੰਮੇ ਖਿਡਾਰੀਆਂ ਨੇ ਬਾਲ ਰੋਕਣ ਲਈ ਉਛਲ ਕੇ ਹਥ ਉਚੇ ਕੀਤੇ, ਪਰ ਮੈਂ ਵਾਲੀ ਮਾਰਣ ਦੀ ਥਾਂ ਹੌਲੀ ਕੁ ਸਮੈਸ਼ਰ ਦੇ ਪਿਛੇ ਖਾਲੀ ਥਾਂ ਬਾਲ ਸੁਟ ਦਿਤਾ। ਇਸ ਤਰ੍ਹਾਂ ਜਦ ਦੋ ਤਿੰਨ ਵਾਰ ਹੋਇਆ ਤਾਂ ਉਨ੍ਹਾਂ ਦੇ ਹੌਸਲੇ ਡਿਗ ਪਏ।

ਸਾਡਾ ਦੂਜਾ ਸਮੈਸ਼ਰ ਹਿੰਦੀ ਦੇ ਸਾਹਿਤਕਾਰ ਉਪਿੰਦਰ ਨਾਥ ਅਸ਼ਕ ਦਾ ਛੋਟਾ ਭਰਾ ਇੰਦਰਜੀਤ ਸੀ। ਉਸ ਵੀ ਮੇਰੀ ਪ੍ਰਥਾ ਤੇ ਚਲਦਿਆਂ ਹੋਇਆਂ ਕਦੀ ਜ਼ੋਰ ਦੀ ਸਮੈਸ਼ ਮਾਰੀ ਤੇ ਕਦੀ ਉਹ ਹੌਲੀ ਕੁ ਮੁਕਾਬਲੇ ਵਾਲਿਆਂ ਦੇ ਅਗੇ ਪਿਛੇ ਬਾਲ ਸੁਟ ਦੇਵੇ। ਦਸਾਂ ਮਿੰਟਾਂ ਵਿਚ ਅਜਨਾਲੇ ਵਾਲੀ ਟੀਮ ਦੇ ਹੌਸਲੇ ਪਸਤ ਹੋ ਗਏ, ਤੇ ਅਸੀਂ ਫਾਈਨਲ ਮੈਚ ਜਿਤ ਗਏ। ਇਹ ਮੈਚ ਜਿਤਣ ਨਾਲ ਇਲਾਕੇ ਵਿਚ ਸਾਡੀ ਟੀਮ ਦੀ ਧਾਂਕ ਬੈਠ ਗਈ। ਮੈਚ ਖਤਮ ਹੋਣ ਮਗਰੋਂ ਸ੍ਰ: ਗੁਰਬਖਸ਼ ਸਿੰਘ ਹੋਰਾਂ ਮੈਨੂੰ ਛਾਤੀ ਨਾਲ ਲਾ ਕੇ ਸ਼ਾਬਾਸ਼ ਦਿਤੀ।

ਪ੍ਰੀਤਨਗਰ ਦੇ ਸਾਂਝੇ ਲੰਗਰ ਦੀਆਂ ਬੜੀਆਂ ਧੁੰਮਾਂ ਸਨ। ਉਨ੍ਹੀਂ ਦਿਨੀਂ ਲੰਗਰ ਇੰਚਾਰਜ ਹਰਚਰਨ ਸਿੰਘ ਸੀ। ਖਾਲਸ ਮੱਖਣ, ਦੁਧ ਤੇ ਘਿਉ ਆਮ ਮਿਲ ਜਾਂਦਾ ਸੀ। ਘਿਓ ਸਵਾ ਰੁਪਏ ਸੇਰ, ਕਣਕ ਢਾਈ ਰੁਪਏ ਮਣ ਤੇ ਦੁਧ ਦੋ ਆਨੇ ਸੇਰ। ਲੰਗਰ ਦੀ ਰੋਟੀ ਇੰਨੀ ਵਧੀਆ ਹੁੰਦੀ ਸੀ, ਕਿ ਜੋ ਇਕ ਵਾਰ ਖਾ ਕੇ ਜਾਂਦਾ, ਉਹ ਵਾਰ-ਵਾਰ ਪ੍ਰੀਤਨਗਰ ਲੰਗਰ ਵਿਚ ਪਹੁੰਚਦਾ। ਹਿੰਦੂ-ਮੁਸਲਮ, ਸਿਖ-ਈਸਾਈ ਸਭ ਬਰਾਬਰ ਸਨ ਪ੍ਰੀਤਨਗਰੀਆਂ ਦੇ ਆਪੋ ਵਿੱਚ ਦੇ ਪ੍ਰੇਮ ਪਿਆਰ, ਤੇ ਬੀਬੀਆਂ ਦਾ ਖੁਲ੍ਹਾ ਡੁਲ੍ਹਾ ਮੇਲ ਮਿਲਾਪ ਮਨ ਨੂੰ ਮੋਹ ਲੈਂਦਾ ਸੀ। ਐਕਟਿਵਿਟੀ ਸਕੂਲ ਕਰ ਕੇ ਵੀ ਇਥੇ ਹੁਣ ਤਕੜੀ ਰੌਣਕ ਰਹਿੰਦੀ। ਵਡੇ ਦਿਨਾਂ ਦੀਆਂ ਛੁਟੀਆਂ ਵਿਚ ਤਾਂ ਇਥੇ ਮੇਲਾ ਹੀ ਲਗਾ ਰਹਿੰਦਾ। ਛੁਟੀਆਂ ਕਟਣ, ਪਿਕਨਿਕ ਮਨਾਉਣ ਤੇ ਪ੍ਰੀਤਨਗਰ ਦੇ ਖੇਡ ਤਮਾਸ਼ੇ ਵੇਖਣ ਦੂਰੋਂ ਦੂਰੋਂ ਲੋਕ ਆਉਂਦੇ ਸਨ। ਦਸੰਬਰ ਦੀਆਂ ਛੁਟੀਆਂ ਵਿਚ ਤਾਸ਼ ਦੇ ਮੈਚ ਹੁੰਦੇ। ਨਿਕੇ ਮੋਟੇ ਕਵੀ ਦਰਬਾਰ ਹੁੰਦੇ। ਡਰਾਮੇ ਕੀਤੇ ਜਾਂਦੇ ਤੇ ਅੰਤ 31 ਦਸੰਬਰ ਰਾਤ ਬਾਰਾਂ ਵਜੇ ਮਗਰੋਂ ਨਵੇਂ ਸਾਲ ਦਾ ਸੁਨੇਹਾ ਸ੍ਰ: ਗੁਰਬਖਸ਼ ਸਿੰਘ ਹੋਰੀਂ ਆਏ ਮਹਿਮਾਨਾਂ ਤੇ ਪ੍ਰੀਤਨਗਰ ਨਿਵਾਸੀਆਂ ਨੂੰ ਦੇਂਦੇ। ਇਨ੍ਹੀਂ ਦਿਨੀਂ ਤੇ ਹੋਰ ਕਈ ਸਮਿਆਂ ਤੇ ਜੋ ਡਰਾਮੇ ਹੁੰਦੇ, ਲਗਪਗ ਉਨ੍ਹਾਂ ਸਾਰਿਆਂ ਵਿਚ ਮੈਂ ਭਾਗ ਲੈਂਦਾ। ਉਦੋਂ ਡਰਾਮਾਕਾਰ ਸਨ : ਸ੍ਰ: ਗੁਰਬਖਸ਼ ਸਿੰਘ, ਨਾਨਕ ਸਿੰਘ ਨਾਵਲਿਸਟ, ਬਲਵੰਤ ਗਾਰਗੀ ਤੇ ਡਾ: ਇੰਦਰਜੀਤ ਸਿੰਘ ਆਦਿ।

ਪ੍ਰੀਤਨਗਰ ਦੇ ਇਸ ਤਰ੍ਹਾਂ ਦੇ ਆਪੋ ਵਿਚ ਦੇ ਪ੍ਰੇਮ ਪਿਆਰ ਨੇ ਬਾਹਰ ਦੀ ਦੁਨੀਆਂ ਵਿਚ ਕੁਝ ਗਲਤਫਹਿਮੀਆਂ ਪਸਾਰ ਦਿਤੀਆਂ ਸਨ। ਲਾਹੌਰੋਂ ਨਿਕਲਦੇ ਉਰਦੂ ਦੇ ਰੋਜ਼ਾਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਅਖਬਾਰ 'ਪ੍ਰਭਾਤ' ਵਿਚ ਉਸ ਦੇ ਐਡੀਟਰ ਨਾਨਕ ਚੰਦ ਨਾਜ਼ ਨੇ ਇਕ ਸ਼ੋਸ਼ਾ ਛਡਿਆ. "ਪ੍ਰੀਤਨਗਰ ਨਿਵਾਸੀ ਕੀ ਮਰਦ ਕੀ ਤੀਵੀਆਂ - ਕੀ ਕੁੜੀਆਂ ਤੇ ਕੀ ਮੁੰਡੇ. ਸਭ ਇਕੋ ਤਲਾ ਵਿਚ ਇਕੱਠੇ ਨਹਾਂਦੇ ਹਨ। ਪ੍ਰੀਤਨਗਰ ਦੇ ਲੋਕ ਇਸ ਤਰ੍ਹਾਂ ਦੀ ਖੁਲ੍ਹੀ ਡੁਲ੍ਹੀ ਰਹਿਣੀ ਬਹਿਣੀ ਇਸ ਲਈ ਰਖਦੇ ਹਨ. ਕਿ ਉਨ੍ਹਾਂ ਦੀ ਜਿਨਸੀ ਭੁਖ ਦੂਰ ਹੋਵੇ।"

ਇਸ ਸੰਬੰਧ ਵਿਚ ਉਸ ਨੇ ਆਪਣੇ ਪਰਚੇ ਵਿਚ ਸਿਲਸਿਲੇਵਾਰ ਕਈ ਲੇਖ ਲਿਖੇ. ਜਿਨ੍ਹਾਂ ਵਿਚ ਅਸਲੀਅਤ ਦਾ ਨਾਂ-ਨਿਸ਼ਾਨ ਨਹੀਂ ਸੀ। ਲੋਕਾਂ ਨੂੰ ਸ਼ੋਸ਼ਾ ਚਾਹੀਦਾ ਹੈ। ਉਸ ਦੇ ਨਵੇਂ ਨਵੇਂ ਅਖਬਾਰ ਦੀ ਇਨ੍ਹਾਂ ਸ਼ੋਸ਼ਿਆਂ ਕਾਰਨ ਆਰਜ਼ੀ ਤੌਰ ਤੇ ਇਸ਼ਾਇਤ ਵਧ ਗਈ। ਕਈ ਨੌਜਵਾਨ ਇਹ ਕੁਝ ਪੜ੍ਹ ਕੇ ਪ੍ਰੀਤਨਗਰ ਆਪਣੀ ਅਖੀਂ ਤਲਾਬ ਵਿਚ ਨੌਜਵਾਨ ਗਭਰੂਆਂ ਤੇ ਯੁਵਤੀਆਂ ਨੂੰ ਇੱਕਠਿਆਂ ਨਹਾਂਦਿਆਂ ਵੇਖਣ ਤੁਰ ਪਏ। ਉਥੇ ਪਹੁੰਚ ਕੇ ਇਹ ਵੇਖ ਉਹ ਬੜੇ ਨਿਰਾਸ਼ ਹੋਏ. ਕਿ ਪ੍ਰੀਤਨਗਰ ਵਿਚ ਕੀ. ਉਸ ਦੇ ਆਲੇ-ਦੁਆਲੇ ਵੀ ਮੀਲ ਮੀਲ ਦੂਰ ਕੋਈ ਪਾਣੀ ਭਰਿਆ ਤਲਾਬ ਨਹੀਂ। ਹਾਂ. ਪ੍ਰੀਤਨਗਰ ਵਿਚ ਸਕੂਲ ਦੇ ਸਾਹਮਣੇ ਕਰ ਕੇ ਪੁਰਾਣੇ ਸਮਿਆਂ ਦਾ ਇਕ ਬਹੁਤ ਵਡਾ ਖੁਸ਼ਕ ਤਲਾਬ ਜ਼ਰੂਰ ਸੀ. ਜਿਸ ਵਿਚ ਆਮ ਕਰ ਕੇ ਸਬਜ਼ੀਆਂ ਬੀਜੀਆਂ ਜਾਂਦੀਆਂ ਸਨ।

## ਪ੍ਰੀਤਨਗਰ ਵਿਚ ਪੰ: ਨਹਿਰੂ

ਇਨ੍ਹੀਂ ਦਿਨੀਂ ਦੇਸ਼ ਬੜੀਆਂ ਉਲਝਨਾਂ 'ਚੋਂ ਲੰਘ ਰਿਹਾ ਸੀ। ਦੂਜੀ ਵਡੀ ਲੜਾਈ ਸਮੇਂ ਕਾਂਗਰਸ ਨੇ 'ਦੇਸ਼ ਛੋੜ ਦਿਓ' ਦਾ ਨਾਹਰਾ ਲਾਇਆ. ਤਾਂ ਸਾਰੇ ਕਾਂਗਰਸੀ ਲੀਡਰ ਗਰਿਫਤਾਰ ਕਰ ਲਏ ਗਏ। ਦੇਸ਼ ਭਰ ਵਿਚ ਮੁਰਦਨੀ ਜਿਹੀ ਛਾ ਗਈ। ਜੋ ਵੀ ਮੂੰਹ ਖੋਲ੍ਹਦਾ ਉਸ ਨੂੰ ਡੀਫੈਂਸ ਆਫ ਇੰਡੀਆ ਦੀ ਰੂਹ ਨਾਲ ਅੰਦਰ ਧੱਕ ਦਿਤਾ ਜਾਂਦਾ। ਜਦ ਹਾਲਾਤ ਕੁਝ ਠੀਕ ਹੋਏ, ਤਾਂ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਰਿਹਾ ਕੀਤਾ ਗਿਆ। ਉਨ੍ਹਾਂ ਨੇ ਜਿਹਲ 'ਚੋਂ ਨਿਕਲਦਿਆਂ ਹੀ ਸੁਤੇ ਪਏ ਦੇਸ਼ ਵਾਸੀਆਂ ਦੇ ਦਿਲਾਂ ਵਿਚ ਅੰਗ ਜਿਹੀ ਲਗਾ ਦਿਤੀ। ਉਹਨਾਂ ਸਾਰੇ ਦੇਸ਼ ਦਾ ਦੌਰਾ ਕੀਤਾ। ਉਹ ਲਾਹੌਰ ਵੀ ਆਏ। ਉਥੇ ਉਹ ਕਿਸੇ ਮੁਸਲਮਾਨ ਨਵਾਬ ਦੀ ਕੋਠੀ ਠਹਿਰੇ ਹੋਏ ਸਨ। ਇੰਦਰਾ ਵੀ ਉਨ੍ਹਾਂ ਨਾਲ ਸੀ। ਮੀਆਂ ਇਫਤਖਾਰੁਦੀਨ ਉਹਨੀਂ ਦਿਨੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ। ਉਨ੍ਹਾਂ ਰਾਹੀਂ ਪੰਡਤ ਜੀ ਦੇ ਪ੍ਰੀਤਨਗਰ ਆਉਣ ਦਾ ਪਰੋਗਰਾਮ ਬਣਾਇਆ ਗਿਆ। ਉਨ੍ਹਾਂ ਨੂੰ ਮੈਂ ਤੇ ਖੁਰਾਣਾ ਜੀ ਲਾਹੌਰੋਂ ਲੈਣ ਗਏ। ਇੰਦਰਾ ਜੀ ਨਹਿਰੂ ਜੀ ਦੇ ਬਾਕੀ ਸਾਥੀ ਸਿਧੇ ਅੰਮ੍ਰਿਤਸਰ ਜਾ ਪੁਜੇ। ਉਥੇ ਰਾਤੀਂ ਕਾਂਗਰਸ ਦਾ ਜਲਸਾ ਸੀ। ਨਹਿਰੂ ਜੀ ਤੇ ਮੀਆਂ ਹੋਰੀ ਸਾਡੇ ਨਾਲ ਪ੍ਰੀਤਨਗਰ ਆ ਗਏ। ਪ੍ਰੀਤਨਗਰ ਵੇਖ ਕੇ ਉਨ੍ਹਾਂ ਨੂੰ ਬੜੀ ਪ੍ਰਸੰਨਤਾ ਹੋਈ। ਉਨ੍ਹਾਂ ਰਾਏ ਜ਼ਾਹਿਰ ਕੀਤੀ ਕਿ ਇਸ ਤਰ੍ਹਾਂ ਦੇ ਅਫਿਰਕੂ ਨਗਰ. ਦੇਸ਼ ਵਿਚ ਭਾਰੀ ਗਿਣਤੀ ਵਿਚ ਹੋਣੇ ਚਾਹੀਦੇ ਹਨ. ਤਾਂ ਜੋ ਲੋਕਾਂ ਦਾ ਆਪੋ ਵਿਚ ਪ੍ਰੇਮ ਪਿਆਰ ਵਧੇ। ਸ਼ਾਮੀਂ ਪੰਡਤ ਜੀ ਨੂੰ ਮੈਂ ਅੰਮ੍ਰਿਤਸਰ ਛਡ ਕੇ ਵਾਪਸ ਪ੍ਰੀਤਨਗਰ ਪਰਤ ਆਇਆ।

## ਜਨਰਲ ਮੋਹਣ ਸਿੰਘ

ਆਈ.ਐਨ.ਆਈ. ਦੇ ਪਹਿਲੇ ਬਾਨੀ. ਰਿਹਾ ਹੋ ਕੇ ਜਨਰਲ ਮੋਹਣ ਸਿੰਘ ਪ੍ਰੀਤਨਗਰ ਆਏ। ਬੜੇ ਪਿਆਰੇ ਸਜਣ ਪੁਰਸ਼ ਸਨ। ਉਨ੍ਹਾਂ ਦਸਿਆ. ਕਿ ਆਜ਼ਾਦ ਹਿੰਦ ਫ਼ੌਜ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੁਨਿਆਦ ਤੋਂ ਕੁਝ ਵਰ੍ਹੇ ਪਹਿਲੇ ਉਹ ਪ੍ਰੀਤਨਗਰ ਆਏ ਸਨ। ਉਨ੍ਹਾਂ ਨੂੰ ਇਸ ਧਰਤੀ ਨਾਲ ਇਸ਼ਕ ਸੀ। ਉਨ੍ਹਾਂ ਦਾ ਪ੍ਰੀਤਨਗਰ ਵਾਲਿਆਂ ਨੇ ਬੜਾ ਨਿਘਾ ਸਵਾਗਤ ਕੀਤਾ।

## ਬਾਊ ਦੀਵਾਨ ਸਿੰਘ ਜੀ

ਸੰਨ 1940 ਵਿਚ ਮੈਂ ਪ੍ਰੀਤਨਗਰ ਚਲਾ ਗਿਆ। ਪ੍ਰੀਤਲੜੀ ਦੇ ਦਫਤਰ ਵਿੱਚ ਕੰਮ ਕਰਦਾ ਰਿਹਾ। ਪ੍ਰੀਤਨਗਰ ਦੀਆਂ ਖੇਡਾਂ, ਡਰਾਮੇ ਤੇ ਹੋਰ ਸਰਗਰਮੀਆਂ ਵਿਚ ਬਰਾਬਰ ਹਿਸਾ ਲੈਂਦਾ ਰਿਹਾ।

ਉਨ੍ਹੀਂ ਦਿਨੀਂ ਹੀ ਮੇਰੀਂ ਇਕ ਸਤਿਕਾਰਯੋਗ ਹਸਤੀ ਬਾਊ ਦੀਵਾਨ ਸਿੰਘ ਜੀ ਇੰਜੀਨੀਅਰ ਨਾਲ ਮੁਲਾਕਾਤ ਹੋਈ। ਉਹ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਣ ਮਗਰੋਂ ਪ੍ਰੀਤਨਗਰ ਵਿਚ ਹੀ ਰਹਿ ਰਹੇ ਸਨ। ਪ੍ਰੀਤਨਗਰ ਵਿਚ ਉਸਾਰੀ ਦਾ ਸਾਰਾ ਕੰਮ ਉਨ੍ਹਾਂ ਦੇ ਸਪੁਰਦ ਸੀ। ਬੜੇ ਮਿਹਨਤੀ, ਈਮਾਨਦਾਰ ਤੇ ਜ਼ਿੰਦਾਦਿਲ ਮੱਨੁਖ ਸਨ। ਸਵੇਰੇ ਉਠ ਕੇ ਇਸ਼ਨਾਨ ਕਰਨ ਮਗਰੋਂ ਨਿਤਨੇਮ ਕਰ ਆਪਣੀ ਡਿਊਟੀ ਤੇ ਜਾ ਪੁਜਦੇ। ਉਨ੍ਹੀਂ ਦਿਨੀਂ ਪ੍ਰੀਤਨਗਰ ਦੀਆਂ ਕੋਠੀਆਂ ਤੇ ਸਕੂਲ ਦੀ ਉਸਾਰੀ ਚਲ ਰਹੀ ਸੀ। ਸਵੇਰ ਤੋਂ ਸ਼ਾਮ ਤਕ ਉਹ ਆਪਣਾ ਫਰਜ਼ ਨਿਭਾਂਦੇ ਤੇ ਸ਼ਾਮ ਨੂੰ ਜਦੋਂ ਪ੍ਰੀਤਲੜੀ ਦੇ ਦਫਤਰ ਵਿਚ ਛੁੱਟੀ ਹੋ ਜਾਂਦੀ। ਉਸਾਰੀ ਕਰਨ ਵਾਲੇ ਮਿਸਤਰੀ ਮਜ਼ਦੂਰ ਛੁੱਟੀ ਕਰ ਕੇ ਚਲੇ ਜਾਂਦੇ, ਤਾਂ ਕਲਬ ਦੇ ਲਾਅਨ ਵਿਚ ਬਾਬੂ ਦੀਵਾਨ ਸਿੰਘ ਜੀ ਆ ਕੇ ਬੈਠ ਜਾਂਦੇ। ਉਨ੍ਹਾਂ ਦੇ ਨਾਲ ਹੀ ਸ੍ਰ: ਗੁਰਬਖਸ਼ ਸਿੰਘ, ਪ੍ਰੀਤ ਸੈਨਿਕ ਅਤੇ ਸਟਾਫ ਬੈਠ ਕੇ ਗਪਸ਼ਪ ਮਾਰਦੇ। ਮੈਂ ਵੀ ਉਥੇ ਪਹੁੰਚ ਜਾਂਦਾ। ਹੌਲੀ ਹੌਲੀ ਬਾਊ ਦੀਵਾਨ ਸਿੰਘ ਨੇ ਆਪਣੀ ਜੇਬ ਵਿਚੋਂ ਰੁਮਾਲ 'ਚ ਲਪੇਟੀ ਤਾਸ਼ ਕੱਢ ਸਾਹਮਣੇ ਰਖ ਦੇਣੀ। ਨਾਲ ਬੈਠੇ ਸਜਣਾਂ ਨੂੰ ਚੈਲੰਜ ਦੇਣ ਦੇ ਲਹਿਜੇ ਵਿਚ ਕਹਿੰਦੇ, "ਅਜ ਵੇਖਦੇ ਹਾਂ, ਕੌਣ ਜਿਤਦਾ ਤੇ ਕੌਣ ਹਾਰਦਾ ਹੈ?" ਮੈਂ ਤੇ ਸ੍ਰ: ਗੁਰਬਖਸ਼ ਸਿੰਘ ਜੀ ਆਮ੍ਹੋਂ ਸਾਹਮਣੇ ਬੈਠ ਜਾਂਦੇ। ਬਸ, ਚਲ ਸੋ ਚਲ। ਖੇਡ ਵਿਚ ਇਕ ਦੂਜੇ ਨੂੰ ਹਰਾਣ ਦੇ ਯਤਨ ਕੀਤੇ ਜਾਂਦੇ। ਉਚੀ ਉਚੀ ਬੋਲਦੇ। ਹਾਸਾ ਮਖੌਲ ਕਰਦੇ ਤੇ ਇਸ ਤਰ੍ਹਾਂ ਹੀ ਸ਼ਾਮ ਦਾ ਹਨੇਰਾ ਹੋਣ ਤਕ ਚੌਕੜੀ ਚਲਦੀ ਰਹਿੰਦੀ। ਸਾਡੇ ਨਾਲ ਹੀ ਦੂਜੀ ਚੌਕੜੀ ਬੈਠੀ ਹੁੰਦੀ, ਇਸ ਤਰ੍ਹਾਂ ਅਸੀਂ ਸ਼ਾਮ ਦੇ ਕੁਝ ਘੰਟੇ ਅਨੰਦ ਮਾਣਦੇ।

ਸੰਨ 1940 ਵਿਚ ਮੇਰੀ ਸ਼ਾਦੀ ਹੋਈ ਸੀ। ਇਕ ਸਾਲ ਪਿਛੋਂ ਮੇਰੀ ਵਡੀ ਬੇਟੀ ਰਾਮਿੰਦਰ ਕੌਰ ਦਾ ਜਨਮ ਹੋਇਆ। ਉਸ ਦੇ ਜਨਮ ਤੋਂ 15 ਦਿਨ ਮਗਰੋਂ ਜਦੋਂ ਮੈਂ ਰਾਵਲਪਿੰਡੀ ਗਿਆ, ਤਾਂ ਮੈਂ ਆਪਣੀ ਪਤਨੀ ਸਤਵੰਤ ਕੌਰ ਤੇ ਬੱਚੀ ਨੂੰ ਨਾਲ ਲੈ ਕੇ ਪ੍ਰੀਤਨਗਰ ਆ ਗਿਆ। ਇੰਨੇ ਛੋਟੇ ਬੱਚੇ ਨੂੰ ਪਾਲਣਾ ਪੋਸਣਾ ਬੜੀ ਕਠਿਨ ਤਪਸਿਆ ਸੀ। ਸਾਨੂੰ ਦੋਹਾਂ ਨੂੰ ਕੋਈ ਤਜਰਬਾ ਨਹੀਂ ਸੀ। ਸਾਰੀ ਰਾਤ ਅਸੀਂ ਜਾਗਦੇ ਰਹਿੰਦੇ। ਬੱਚੀ ਦਾ ਰੋਣਾ ਠਲ੍ਹਿਆ ਨਾ ਜਾਂਦਾ। ਉਨ੍ਹੀਂ ਦਿਨੀਂ ਬਾਊ ਦੀਵਾਨ ਸਿੰਘ ਦਾ ਪਰਿਵਾਰ ਨਾਲ ਦੀ ਕੋਠੀ ਵਿਚ ਰਹਿੰਦਾ ਸੀ। ਬਾਊ ਜੀ ਦੀ ਪਤਨੀ ਬੇ ਜੀ ਨੂੰ ਪਤਾ ਲਗਾ, ਤਾਂ ਉਸ ਨੇ ਸਾਡੀ ਬਚੀ ਨੂੰ ਸੰਭਾਲ ਲਿਆ। ਘਰੇਗੀ ਦੁਆਈਆਂ ਤੇ ਟੋਟਕੇ ਕੰਮ ਆਏ। ਬੱਚੀ ਦੀ ਹਾਲਤ ਸੁਧਰ ਆਈ। ਇਕ ਸਾਲ ਤੀਕ ਉਹ ਸਾਡੀ ਬੇਟੀ ਦੇ ਪਾਲਣ ਪੋਸਣ ਵਿਚ ਮਦਦ ਕਰਦੇ ਰਹੇ। ਬਾਊ ਜੀ ਦੇ ਪਰਿਵਾਰ ਨਾਲ ਸਾਡਾ ਪਰਿਵਾਰਕ ਰਿਸ਼ਤਾ ਬਣ ਗਿਆ। ਸਾਂਝ ਹੋਰ ਵੀ ਵਧ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਨ੍ਹੀਂ ਦਿਨੀਂ ਮੈਂ ਸਵੇਰੇ ਛੇ ਵਜੇ ਐਕਟਿਵਿਟੀ ਸਕੂਲ ਦੇ ਬੋਰਡਰ ਵਿਦਿਆਰਥੀਆਂ ਨੂੰ ਪੀ.ਟੀ. ਕਰਾਇਆ ਕਰਦਾ ਸੀ। ਉਸ ਮਗਰੋਂ ਪ੍ਰੀਤਨਗਰ ਵਾਸੀਆਂ ਨੂੰ ਵ੍ਰਜਸ਼ ਕਰਾਂਦਾ, ਤੇ ਦੌੜਾਂ ਲਗਵਾਇਆ ਕਰਦਾ ਸਾਂ। ਸ਼ਾਮ ਨੂੰ ਦਫਤਰੋਂ ਛੁਟੀ ਹੁੰਦੀ, ਤਾਂ ਅਗੇ ਹੀ ਵਾਲੀਬਾਲ ਦੇ ਖਿਡਾਰੀ ਖੜੋਤੇ ਹੁੰਦੇ। ਅਸੀਂ ਸਿਧੇ ਵਾਲੀਬਾਲ ਦੀ ਗਰਾਊਂਡ ਵਿਚ ਜਾ ਪੁੱਜਦੇ। ਆਂਢ-ਗੁਆਂਢ ਪਿੰਡਾਂ ਦੇ ਖਿਡਾਰੀ ਵੀ ਸਾਡੇ ਨਾਲ ਸ਼ਾਮਲ ਹੋ ਜਾਂਦੇ। ਘੰਟਾ ਭਰ ਇਹ ਗੇਮ ਖੂਬ ਭਖਦੀ। ਖੂਬ ਸ਼ੋਰ ਮਚਦਾ। ਹੱਲਾ ਗੁੱਲਾ ਰਹਿੰਦਾ। ਪ੍ਰੀਤਨਗਰ ਵਾਸੀ ਤੇ ਰਾਹ ਜਾਂਦੇ ਲੋਕ ਸਾਡੀ ਖੇਡ ਵੇਖਣ ਲਈ ਖੜੇ ਜਾਂਦੇ। ਇਕ ਪਾਸੇ ਦੀ ਟੀਮ ਦਾ ਕਪਤਾਨ ਮੈਂ ਹੁੰਦਾ, ਤੇ ਦੂਜੇ ਪਾਸੇ ਦੀ ਟੀਮ ਦਾ ਕਪਤਾਨ ਪ੍ਰੀਤਲੜੀ ਉਰਦੂ ਦਾ ਸੰਪਾਦਕ ਉਪੇਂਦਰ ਨਾਥ ਅਸ਼ਕ ਦਾ ਛੋਟਾ ਭਰਾ ਇੰਦਰਜੀਤ ਹੁੰਦਾ। ਇਸ ਹੱਲੇ ਗੁੱਲੇ ਵਿਚ ਇਹ ਵੀ ਨਾ ਪਤਾ ਲਗਦਾ, ਕਿ ਕਿਹੜੀ ਟੀਮ ਹਾਰ ਰਹੀ ਹੈ ਤੇ ਕਿਹੜੀ ਜੇਤੂ। ਹਨੇਰਾ ਪੈਣ ਤੇ ਪਸੀਨਾ-ਪਸੀਨਾ ਹੋਏ ਸਾਰੇ ਖਿਡਾਰੀ ਘਰਾਂ ਨੂੰ ਮੁੜਦੇ।

## ਜਨਰਲ ਜਗਜੀਤ ਸਿੰਘ ਅਰੋੜਾ

ਇਕ ਦਿਨ ਵਾਲੀਬਾਲ ਗਰਾਊਂਡ ਵਿਚ ਦਰਸ਼ਨ ਸਿੰਘ ਅਵਾਰਾ ਖੇਡ ਵੇਖਣ ਲਈ ਆ ਗਿਆ। ਮੈਚ ਖਤਮ ਹੋਣ ਤੇ ਉਸ ਨੇ ਮੈਨੂੰ ਇਕ ਸਰੂ ਕਦ, ਬੜੇ ਖੂਬਸੂਰਤ, ਤੇ ਪਹਿਲਵਾਨੀ ਕਦ ਕਾਠ ਵਾਲੇ ਨੌਜੁਆਨ ਨਾਲ ਮਿਲਾਇਆ, "ਇਹ ਬਾਊ ਦੀਵਾਨ ਸਿੰਘ ਦਾ ਬੇਟਾ ਜਗਜੀਤ ਸਿੰਘ ਫੌਜ ਵਿਚ ਕਪਤਾਨ ਹੈ।" ਹਥ ਮਿਲਾ ਕੇ ਅਸੀਂ ਤੁਰ ਪਏ, ਤਾਂ ਜਗਜੀਤ ਨੇ ਕਿਹਾ, "ਦਾਤਾ ਜੀ! ਤੁਸੀਂ ਆਪਣੇ ਯਾਰ ਜਗਜੀਤ ਨੂੰ ਭੁਲ ਗਏ ਹੋ? ਮੈਂ ਉਹੀ ਜਗਜੀਤ ਹਾਂ, ਜਿਸ ਦੀ ਮਿੱਤਰਤਾ ਤੁਹਾਡੇ ਨਾਲ ਸੰਨ 1934-35 ਵਿਚ ਡੀ.ਏ.ਵੀ. ਕਾਲਜ ਵਿਚ ਪੜ੍ਹਦਿਆਂ ਤੁਹਾਡੀ ਦੁਕਾਨ ਤੋਂ ਸ਼ੁਰੂ ਹੋਈ ਸੀ।"

ਮੈਂ ਜਗਜੀਤ ਸਿੰਘ ਨੂੰ ਵੇਖ ਹੈਰਾਨ ਰਹਿ ਗਿਆ। ਕਿਥੇ ਇਕ ਮਲੂਕ ਜਿਹਾ, ਪਤਲਾ ਛੀਟਕਾ ਜਗਜੀਤ ਤੇ ਕਿਥੇ ਬੜੇ ਉਚੇ ਕਦ ਤੇ ਦਰਸ਼ਨੀ ਡੀਲ ਡੌਲ ਦਾ ਬੜਾ ਸੁੰਦਰ ਫੌਜੀ ਕਪਤਾਨ। ਅਸੀਂ ਘੁਟ ਕੇ ਜਫੀਆਂ ਪਾਈਆਂ। ਦੋਹਾਂ ਦੀਆਂ ਅੱਖਾਂ 'ਚੋਂ ਖੁਸ਼ੀ ਦੇ ਅਥਰੂ ਨਿਕਲ ਆਏ। ਸਾਡੀ ਇਹ ਮਿਲਣੀ ਛੇ, ਸੱਤ ਸਾਲ ਮਗਰੋਂ ਪ੍ਰੀਤਨਗਰ ਵਿਚ ਹੋਈ। ਮੈਨੂੰ ਨਹੀਂ ਸੀ ਪਤਾ, ਕਿ ਮੇਰਾ ਪਿਆਰਾ ਮਿੱਤਰ ਜਗਜੀਤ, ਬਾਊ ਦੀਵਾਨ ਸਿੰਘ ਹੋਰਾਂ ਦਾ ਸਪੁੱਤਰ ਹੈ। ਪਿਛਲੀਆਂ ਬੜੀਆਂ ਪੁਰਾਣੀਆਂ ਯਾਦਾਂ ਦੁਹਰਾਈਆਂ ਗਈਆਂ। ਮੈਨੂੰ ਉਸ ਨੇ ਦੂਜੇ ਜਗਜੀਤ ਬਾਰੇ ਪੁਛਿਆ। ਮੈਂ ਕਿਹਾ, ਉਸ ਬਾਰੇ ਇੰਨਾ ਹੀ ਪਤਾ ਲਗਾ ਸੀ, ਕਿ ਉਹ ਰੇਲਵੇ ਵਿਚ ਭਰਤੀ ਹੋ ਗਿਆ ਸੀ। ਤੇ ਤੁਸੀਂ ਫੌਜ ਵਿਚ। ਇਸ ਤੋਂ ਬਿਨਾਂ ਤੁਹਾਡੇ ਦੋਹਾਂ ਬਾਰੇ ਮੈਨੂੰ ਕੁੱਝ ਪਤਾ ਨਹੀਂ ਲੱਗਾ। ਘਰ ਪਹੁੰਚ ਜਦੋਂ ਜਗਜੀਤ ਨੇ ਸਾਰਿਆਂ ਨਾਲ ਮੇਰੀ ਪੁਰਾਣੀ ਮਿੱਤਰਤਾ ਦੀ ਜਾਣਕਾਰੀ ਦਿਤੀ, ਤਾਂ ਸਾਰੇ ਬੜੇ ਖੁਸ਼ ਹੋਏ। ਇਸ ਮਿਲਣੀ ਤੋਂ ਬਾਅਦ ਜਗਜੀਤ ਜੀ ਦੀ ਸ਼ਾਦੀ ਸ੍ਰ: ਉਤਮ ਸਿੰਘ ਦੁਗਲ ਦੀ ਬੇਟੀ ਭਗਵੰਤ ਜੀ ਨਾਲ 25 ਜੁਲਾਈ 1942 ਨੂੰ ਹੋਈ।

ਇਸ ਤੋਂ ਮਗਰੋਂ ਕਈ ਸਾਲ ਸਾਡੀ ਮੁਲਾਕਾਤ ਨਾ ਹੋਈ। 1947 ਵਿਚ ਪ੍ਰੀਤਨਗਰ ਉਜੜ ਗਿਆ। ਸਾਰੇ ਪ੍ਰੀਤਨਗਰ ਨਿਵਾਸੀ ਖੇਰੂੰ ਖੇਰੂੰ ਹੋ ਗਏ। ਸ੍ਰ: ਗੁਰਬਖਸ਼ ਸਿੰਘ ਨੂੰ ਸ੍ਰ: ਮਹਿੰਦਰ ਸਿੰਘ ਰੰਧਾਵਾ ਨੇ ਮਹਿਰੌਲੀ ਵਿਚ ਰਹਿਣ ਲਈ ਬੁਲਾ ਲਿਆ। ਉਨ੍ਹਾਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੀ ਅਸੀਂ ਸਾਰੇ ਮਹਿਰੌਲੀ ਪਹੁੰਚ ਗਏ। ਬਾਊ ਦੀਵਾਨ ਸਿੰਘ ਜੀ ਵੀ ਦਿੱਲੀ ਆ ਗਏ।

ਉਦੋਂ ਤੀਕ ਜਗਜੀਤ ਜੀ ਫੌਜ ਵਿਚ ਉਚੇ ਅਸਥਾਨ ਤੇ ਪਹੁੰਚ ਗਏ ਸਨ, ਪਰ ਕਈ ਸਾਲ ਸਾਡੀ ਮੁਲਾਕਾਤ ਨਾ ਹੋਈ।

ਜਦੋਂ ਬੰਗਲਾ ਦੇਸ਼ ਵਿਚ ਇਕ ਲਖ ਦੇ ਕਰੀਬ ਪਾਕਿਸਤਾਨੀ ਫੌਜੀਆਂ ਨੇ ਹਿੰਦੁਸਤਾਨ ਦੀ ਫੌਜ ਤੇ ਬੰਗਲਾ ਵਾਹਿਨੀ ਦੇ ਸਾਹਮਣੇ ਹਥਿਆਰ ਸੁੱਟੇ, ਉਸ ਵੇਲੇ ਜਨਰਲ ਜਗਜੀਤ ਸਿੰਘ ਅਰੋੜਾ ਨੇ ਹੀ ਪਾਕਿਸਤਾਨੀ ਫੌਜ ਦੇ ਹਥਿਆਰ ਸੁਟਾਣ ਦੀ ਰਸਮ ਅਦਾ ਕੀਤੀ। ਕੇਵਲ ਭਾਰਤ ਵਿਚ ਹੀ ਨਹੀਂ, ਸਾਰੀ ਦੁਨੀਆਂ ਵਿਚ ਜਨਰਲ ਜਗਜੀਤ ਸਿੰਘ ਅਰੋੜਾ ਦਾ ਨਾਂ ਸੂਰਜ ਵਾਂਗ ਰੋਸ਼ਨ ਹੋ ਗਿਆ। ਇਹ ਵੇਖ ਮੈਨੂੰ ਬੜੀ ਖੁਸ਼ੀ ਹੋਈ। ਫੌਜ ਤੋਂ ਰੀਟਾਇਰ ਹੋਣ ਮਗਰੋਂ ਦਿੱਲੀ ਨਿਵਾਸੀਆਂ ਨੇ ਆਪਣੇ ਹੀਰੋ ਜਨਰਲ ਅਰੋੜਾ ਦਾ ਬੜੇ ਧੂਮ ਧੜਕੇ ਨਾਲ ਸਨਮਾਨ ਕੀਤਾ। ਮੈਂ ਸੋਚਾਂ, ਕਿ ਸ਼ੁਹਰਤ ਮਗਰੋਂ ਜਨਰਲ ਅਰੋੜਾ ਮੈਨੂੰ ਭੁਲ ਗਿਆ ਹੋਵੇਗਾ।

1984 ਦੇ ਦੰਗਿਆਂ ਮਗਰੋਂ ਜਦੋਂ ਸਿੱਖ ਫੋਰਮ ਕਾਇਮ ਹੋਇਆ, ਤਾਂ ਉਸ ਦੇ ਪ੍ਰਧਾਨ ਜਨਰਲ ਅਰੋੜਾ ਬਣੇ। ਇਕ ਦਿਨ ਸਿੱਖ ਫੋਰਮ ਦੇ ਦਫਤਰ ਵਿਚ ਜਨਰਲ ਅਰੋੜਾ ਨਾਲ ਅਚਾਨਕ ਮੇਰੀ ਮੁਲਾਕਾਤ ਹੋ ਗਈ। ਉਸ ਸਮੇਂ ਉਹ ਬੜੀ ਕਾਹਲ ਵਿਚ ਸਨ। ਉਹ ਕਿਸੇ ਸਮਾਗਮ ਦੀ ਪ੍ਰਧਾਨਗੀ ਕਰਨ ਜਾ ਰਹੇ ਸਨ। ਮੈਨੂੰ ਉਨ੍ਹਾਂ ਆਪਣੀ ਕਾਰ ਵਿਚ ਬਿਠਾ ਲਿਆ। ਰਾਹ ਵਿਚ ਰਸਮੀ ਜਿਹੀ ਗੱਲਬਾਤ ਹੋਈ। ਸਮਾਗਮ ਅਸਥਾਨ ਤੇ ਅਸੀਂ ਕਾਰ ਤੋਂ ਉਤਰੇ, ਤਾਂ ਮੇਰੇ ਇਕ ਵਾਕਫਕਾਰ ਨੇ ਜਨਰਲ ਅਰੋੜਾ ਨੂੰ ਮੇਰੇ ਨਾਲ ਮੁਲਾਕਾਤ ਕਰਾਂਦਿਆਂ ਦਸਿਆ, ''ਇਹ ਪਿਆਰਾ ਸਿੰਘ ਦਾਤਾ ਪੰਜਾਬੀ ਦੇ ਬੜੇ ਵਡੇ ਸਾਹਿਤਕਾਰ ਹਨ।''

ਉਸ ਦੀ ਗੱਲ ਕਟਦਿਆਂ ਹੋਇਆਂ ਜਨਰਲ ਅਰੋੜਾ ਨੇ ਮੈਨੂੰ ਘੁਟ ਕੇ ਜਫੀ ਪਾ ਕੇ ਉਸ ਸੱਜਣ ਨੂੰ ਕਿਹਾ, ''ਅਸੀਂ ਪਿਛਲੀ ਅੱਧੀ ਸਦੀ ਤੋਂ ਬੜੇ ਪਿਆਰੇ ਮਿੱਤਰ ਚਲੇ ਆ ਰਹੇ ਹਾਂ। ਤੁਹਾਡੇ ਸਾਰਿਆਂ ਨਾਲੋਂ ਮੈਨੂੰ ਆਪਣੇ ਮਿੱਤਰ ਬਾਰੇ ਵਧੇਰੇ ਜਾਣਕਾਰੀ ਹੈ।''

ਜਨਰਲ ਸਾਹਿਬ ਦੀ ਇਹ ਗੱਲ ਸੁਣ ਮੇਰੇ ਸਾਰੇ ਸਰੀਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਬਸ ਉਸ ਤੋਂ ਮਗਰੋਂ ਅਜ ਤਕ ਸਾਡੀ ਬੜੀ ਮਿੱਤਰਤਾ ਹੈ। ਕਿਸੇ ਸਮਾਗਮ ਵਿਚ ਕਿਸੇ ਪਰਤਿਸ਼ਟ ਹਸਤੀ ਨੂੰ ਪ੍ਰਧਾਨਗੀ ਵਾਸਤੇ ਬੁਲਾਣਾ ਹੋਵੇ, ਤਾਂ ਮੈਂ ਆਪਣੇ ਮਿੱਤਰ ਜਨਰਲ ਅਰੋੜਾ ਦਾ ਨਾਂ ਪੇਸ਼ ਕਰਦਾ ਹਾਂ। ਮੈਂ ਇਸ ਬਾਰੇ ਉਨ੍ਹਾਂ ਨਾਲ ਫੋਨ ਤੇ ਗੱਲ ਕਰਦਾ ਹਾਂ, ਤਾਂ ਉਹ ਸਭ ਕੰਮ ਛੱਡ ਕੇ ਉਸ ਸਮਾਗਮ ਤੇ ਪਹੁੰਚ ਜਾਂਦੇ ਹਨ।

ਸੰਨ 1988 ਦੇ ਸੰਤ ਨਿਧਾਨ ਸਿੰਘ ਕੇਸਰ ਮੈਮੋਰੀਅਲ ਟਰੱਸਟ ਬੈਂਕਾਕ ਵਲੋਂ ਮੇਰਾ ਸਨਮਾਨ ਹੋਇਆ, ਤਾਂ ਇਹ ਸਨਮਾਨ, ਮੈਂ ਜਨਰਲ ਜਗਜੀਤ ਸਿੰਘ ਅਰੋੜਾ ਦੇ ਹਥੋਂ ਹੀ ਪ੍ਰਾਪਤ ਕੀਤਾ।

ਦੇਸ਼ ਦੀ ਵੰਡ ਤੋਂ ਕਈ ਸਾਲ ਮਗਰੋਂ ਆਪਣੇ ਬਜ਼ੁਰਗ ਮਿੱਤਰ ਬਾਊ ਦੀਵਾਨ ਸਿੰਘ ਤੇ ਬੇ ਜੀ, ਜੋ ਲੁਧਿਆਣੇ ਨਿਵਾਸ ਰਖਦੇ ਸਨ, ਦੇ ਦਰਸ਼ਨ ਕਰਨ ਮੈਂ ਸੰਨ 1960 ਵਿਚ ਲੁਧਿਆਣੇ ਗਿਆ। ਉਨ੍ਹਾਂ ਦੀ ਨਜ਼ਰ ਘੱਟ ਗਈ ਸੀ, ਪਰ ਉਹ ਆਪ ਸਦਾ ਵਾਂਗ ਚੜ੍ਹਦੀ ਕਲਾ ਵਿਚ ਸਨ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਪ੍ਰੀਤਨਗਰ ਵਿਚ ਮਿਲਦੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪ੍ਰੀਤਨਗਰ ਦੀ ਇਕ ਛੋਟੀ ਜੇਹੀ ਘਟਨਾ ਮੈਨੂੰ ਯਾਦ ਆ ਗਈ ਹੈ। ਮੈਨੂੰ ਪਤਾ ਲਗਾ, ਕਿ ਬਾਊ ਜੀ ਬੀਮਾਰ ਹਨ। ਉਹਨਾਂ ਨੂੰ 104 ਦਾ ਬੁਖ਼ਾਰ ਸੀ। ਮੇਰੇ ਪਹੁੰਚਣ ਤੇ ਉਹ ਉਠ ਬੈਠੇ ਤੇ ਕਹਿਣ ਲਗੇ, ''ਦਾਤਾ ਜੀ! ਮੈਂ ਹੁਣ ਬਿਲਕੁਲ ਰਾਜੀ ਖੁਸ਼ੀ ਹਾਂ। ਦੋ ਦਿਨ ਹੋਏ ਮੈਂ, ਦਾਤਣ ਕਟਣ ਗਿਆ। ਕੁਹਾੜੀ ਮੇਰੇ ਹੱਥ ਵਿਚ ਸੀ। ਦਾਤਣ ਕੱਟਦਿਆਂ ਹੋਇਆਂ ਮੇਰੀ ਕੁਹਾੜੀ ਮੇਰੇ ਪੈਰ ਤੇ ਜਾ ਡਿਗੀ। ਪੈਰ ਵਿਚੋਂ ਲਹੂ ਵਗਣ ਲਗ ਪਿਆ। ਉਥੇ ਹੀ ਉਸ ਤੇ ਪੱਟੀ ਬੰਨ੍ਹ ਦਿੱਤੀ। ਹੁਣ ਦੁਬਾਰਾ ਡਾਕਟਰ ਤੋਂ ਪੱਟੀ ਕਰਾਈ ਹੈ। ਹੁਣ 104 ਬੁਖਾਰ ਹੈ, ਪਰ ਬਾਕੀ ਸਭ ਕੁਝ ਠੀਕ ਹੈ।'' ਇਹ ਕਹਿ ਕੇ ਉਹ ਕਹਿਕਹਾ ਮਾਰ ਕੇ ਸਵੱਸਥ ਬੰਦਿਆਂ ਵਾਂਗ ਖਿੜ-ਖਿੜਾ ਕੇ ਹਸਦੇ ਹੋਏ ਮੁੜ ਮੰਜੇ ਤੇ ਲੇਟ ਗਏ।

ਇਹ ਸਾਰਾ ਪਰਿਵਾਰ ਹੀ ਬੜਾ ਨੇਕ ਹਮਦਰਦ, ਲੋੜਵੰਦਾਂ ਦੀ ਸੇਵਾ ਕਰਨ ਵਾਲਾ ਹੈ। ਪਿਆਰੇ ਬਾਊ ਜੀ ਦੀ 25 ਅਕਤੂਬਰ 1966 ਵਿਚ ਮ੍ਰਿਤੂ ਹੋ ਗਈ। ਬੇ ਜੀ ਦੀ ਕਈ ਸਾਲ ਹੋਏ, ਮ੍ਰਿਤੂ ਹੋ ਗਈ ਸੀ, ਪਰ ਹੁਣ ਵੀ ਉਨ੍ਹਾਂ ਦੋਹਾਂ ਦੀ ਯਾਦ ਆਉਂਦੀ ਹੈ, ਤਾਂ ਅੱਖਾਂ ਵਿਚੋਂ ਖੁਸ਼ੀ ਦੇ ਅਥਰੂ ਨਿਕਲ ਆਂਦੇ ਹਨ।

## ਜੋਗੀ ਪ੍ਰੀਤਨਗਰ ਵਿਚ

ਸਤੰਬਰ 1940 ਦੀ ਗੱਲ ਹੈ। ਉਨ੍ਹੀਂ ਦਿਨੀਂ ਮੇਰਾ ਇਕ ਮਿਤਰ ਗਿ: ਨਰਿੰਦਰ ਸਿੰਘ ਰਾਵਲਪਿੰਡੀ ਸਾਡੇ ਗਵਾਂਢ ਵਿਚ ਰਹਿੰਦਾ ਸੀ। ਉਸ ਦਾ ਸਾਹਿਬਜ਼ਾਦਾ 'ਜੋਗੀ' ਘਰੋਂ ਨਠ ਕੇ ਸਿੱਧਾ ਪ੍ਰੀਤਨਗਰ ਆ ਪੁਜਾ। ਮੇਰੇ ਮਿੱਤਰ ਦੀ ਤਾਰ ਆਈ, 'ਜੋਗੀ ਭਜ ਗਿਐ। ਉਥੇ ਹੋਵੇ ਤਾਂ ਫੌਰਨ ਇਤਲਾਹ ਦਿਉ।'' ਮੈਂ ਤਾਰ ਜੋਗੀ ਹਥ ਫੜਾਈ। ਉਸ ਨੇ ਹਸ ਕੇ ਉੱਤਰ ਦਿਤਾ, ''ਤਾਰ ਦੇ ਦਿਉ, ਕਿ ਜੋਗੀ ਇਥੇ ਨਹੀਂ ਆਇਆ।''

ਮੈਂ ਪੁਛਿਆ, ''ਇਹ ਕਿਉਂ?''

ਉਹ ਕਹਿਣ ਲਗਾ, ''ਮੈਂ ਘਰੋਂ ਭਜ ਕੇ ਨਹੀਂ ਆਇਆ, ਘਰ-ਵਾਲਿਆਂ ਦੀ ਹਦੈਤ ਅਨੁਸਾਰ ਵਿਆਹ ਤੋਂ ਭਜਾ ਹਾਂ।''

ਫਿਰ ਉਸ ਸਾਰੀ ਕਥਾ ਸੁਣਾਈ, ''ਸਾਡੇ ਵਿਚੋਲੇ ਲੋਟੂ ਸ਼ਾਹ ਨੇ ਕੁੜੀ ਦੇ ਹੁਸਨ ਦੀਆਂ ਉਹ ਤਾਰੀਫ਼ਾਂ ਕੀਤੀਆਂ, ਕਿ ਉਸ ਸਾਹਮਣੇ ਜਹਾਂਗੀਰ ਦੀ ਬੇਗਮ ਨੂਰਜਹਾਂ ਵੀ ਪਾਣੀ ਭਰਦੀ ਹੈ। ਗੋਰੀ, ਹੁਸਨ ਦੀ ਪਟਾਰੀ ਹੈ, ਨਿਰੀ ਚੰਨ ਦੀ ਟੁਕੜੀ, ਉਸ ਦੀ ਅੱਖ ਵਿਚ ਠਾਠਾਂ ਮਾਰਦਾ ਸਾਗਰ ਹੈ, ਜਿਸ ਵਿਚ, ਵਿਆਹ ਕਰ ਕੇ ਜੋਗੀਆ, ਤੂੰ ਤਾਰੀਆਂ ਲਾਏਂਗਾ, ਤਾਰੀਆਂ।''

ਇਹ ਕਹਿ ਕੇ ਲੋਟੂ ਸ਼ਾਹ ਨੇ ਇਕ ਠਹਾਕਾ ਮਾਰਿਆ, ''ਉਹ ਦਸਵੀਂ ਵਿਚੋਂ ਫਸਟ ਆਈ ਹੈ।''

ਲੋਟੂ ਦੇ ਕਹਿਣ ਮੁਤਾਬਕ ਉਹ ਥਾਣੇਦਾਰ ਦੀ ਇਕੋ ਇਕ ਪੁਤਰੀ ਸੀ ਤੇ ਪਿਉ ਦੀ ਜਾਇਦਾਦ ਦੀ ਵਾਹਿਦ ਵਾਰਸ। ਪਰ ਜਦ ਮੰਗਣੀ ਹੋ ਜਾਣ ਪਿਛੋਂ ਵਿਆਹ ਦੀ ਤਰੀਕ ਮੁਕਰਰ ਹੋ ਗਈ, ਤਾਂ ਪਤਾ ਲਗਾ, ਕਿ ਉਹ ਥਾਣੇਦਾਰ ਦੀ ਨਹੀਂ, ਵਢੀ ਦੇ ਦੋਸ਼ ਵਿਚ ਬਰਖ਼ਾਸਤ ਹੋਏ ਭੁਖੜ ਹਵਾਲਦਾਰ ਦੀ ਧੀ ਹੈ। ਉਸ ਦੀ ਇੱਕ ਅੱਖ ਚੀਚਕ ਨਾਲ ਮਾਰੀ ਹੋਈ ਹੈ। ਰੰਗ ਉਸ ਦਾ ਸਾਡੀ ਕਾਲੋ ਮੱਝ ਨਾਲ ਮਿਲਦਾ ਜੁਲਦਾ ਹੈ। ਦੋਹੀਂ ਪਾਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ, ਕਿ ਸਾਨੂੰ ਇਸ ਭੇਤ ਦਾ ਪਤਾ ਲਗਾ। ਸੋ ਸਾਰੇ ਪਰਿਵਾਰ ਨੇ ਮਤਾ ਪਕਾਇਆ, ਕਿ ''ਜੋਗਿਆ! ਤੂੰ ਚੁਪਚਾਪ ਤਿਤਰ ਹੋ ਜਾ। ਅਸੀਂ ਸਾਰੇ ਪਾਸੇ ਤਾਰਾਂ ਖੜਕਾ ਦਿਆਂਗੇ, ਕਿ ਜੋਗੀ ਭਜ ਗਿਆ ਹੈ।''

ਜੋਗੀ ਆਪ ਹੀ ਪ੍ਰੀਤਨਗਰੋਂ ਅੰਮ੍ਰਿਤਸਰ ਜਾ ਕੇ ਤਾਰ ਦੇ ਆਇਆ, ਕਿ ਜੋਗੀ ਇਥੇ ਨਹੀਂ ਆਇਆ। ਦੂਜੇ ਦਿਨ ਜੋਗੀ ਦੇ ਪਿਤਾ ਦੀ ਘਰੋਂ ਸੁਖ-ਸਾਂਦ ਦੀ ਚਿੱਠੀ ਆ ਗਈ।

ਜੋਗੀ ਦੇ ਵਿਆਹ ਦੀ ਤਰੀਕ ਲੰਘ ਗਈ। ਉਸ ਦੇ ਘਰੋਂ ਚਿੱਠੀ ਆਈ ਕਿ ਉਸ ਹੁਸੀਨਾ ਦਾ ਵਿਆਹ ਇਕ ਹੋਰ ਮੁੰਡੇ ਨਾਲ ਉਸੇ ਤਰੀਕ ਕਰ ਦਿਤਾ ਗਿਆ ਹੈ, ਤੇ ਸਾਰੇ ਮਹੱਲੇ ਵਿਚ ਬੜੀ ਤਸ਼ਵੀਸ਼ ਹੈ ਕਿ ਜੋਗੀ ਪਤਾ ਨਹੀਂ ਕਿਥੇ ਅਲੋਪ ਹੋ ਗਿਐ?''

ਮਹੀਨਾ ਭਰ ਇਧਰ ਉਧਰ ਦੀ ਅਵਾਰਾਗਰਦੀ ਮਗਰੋਂ ਜੋਗੀ ਵਾਪਸ ਰਾਵਲਪਿੰਡੀ ਚਲਾ ਗਿਆ। ਉਸ ਇਕ ਬੜਾ ਦਿਲਚਸਪ ਨਾਟਕ ਰਚਿਆ। ਉਸ ਨੇ ਪਰਿਵਾਰ ਤੇ ਆਂਢ-ਗੁਆਂਢ ਦੀ ਇਕੱਠੀ ਹੋਈ ਭੀੜ ਨੂੰ ਸੰਬੋਧਨ ਕਰਦਿਆਂ ਹੋਇਆ ਇਉਂ ਭਾਸ਼ਨ ਦਿਤਾ, ''ਮੈਨੂੰ ਪਿੰਡੀ ਦੇ ਕੰਪਨੀ ਬਾਗ ਵਿਚ ਫਿਰਦਿਆਂ ਇਕ ਜੋਗੀ ਮਿਲ ਗਿਆ ਸੀ। ਉਸ ਨੇ ਅਜਿਹੀ ਬੂਟੀ ਮੈਨੂੰ ਸੁੰਘਾਈ ਕਿ ਮੇਰੀ ਯਾਦਾਸ਼ਤ ਇਕ ਦਮ ਗ਼ਾਇਬ ਹੋ ਗਈ। ਮੈਂ ਲੇਲੇ ਵਾਂਗ ਜੋਗੀ ਦੇ ਪਿਛੇ ਲਗ ਤੁਰਿਆ। ਜੋਗੀ ਮੈਨੂੰ ਹਰਦਵਾਰ ਲੈ ਗਿਆ। ਮਹੀਨੇ ਕੁ ਮਗਰੋਂ ਅਚਾਨਕ ਜੋਗੀ ਦੀ ਮੌਤ ਹੋ ਗਈ ਤਾਂ ਉਸ ਦੇ ਚੇਲਿਆਂ ਵਿਚ ਗਦੀ ਦੇ ਵਾਰਸ ਸਬੰਧੀ ਝਗੜਾ ਹੋ ਗਿਆ। ਉਨ੍ਹਾਂ ਦੀ ਆਪੋ ਵਿਚ ਖ਼ੂਬ ਮਾਰ ਕੁਟ ਹੋਈ। ਇਕ ਚੇਲੇ ਨੇ ਮੇਰੀ ਖੋਪੜੀ ਵਿਚ ਜ਼ੋਰ ਦੀ ਮੁਕਾ ਮਾਰਿਆ। ਉਸ ਮਾਰ ਨਾਲ ਮੈਂ ਬੇਹੋਸ਼ ਹੋ ਗਿਆ, ਪਰ ਹੋਸ਼ ਆਣ ਤੇ ਮੇਰੀ ਯਾਦ ਸ਼ਕਤੀ ਵੀ ਵਾਪਸ ਪਰਤ ਆਈ ਤੇ ਮੈਂ ਉਥੋਂ ਸਿੱਧਾ ਗਡੀ ਤੇ ਚੜ੍ਹ ਘਰ ਪਰਤ ਆਇਆ ਹਾਂ।''

ਇਸ ਤਰ੍ਹਾਂ ਆਂਢ ਗੁਆਂਢ ਤੇ ਰਿਸ਼ਤੇਦਾਰਾਂ ਨੇ ਉਸ ਦੇ ਇਸ ਪਖੰਡ ਤੇ ਵਿਸ਼ਵਾਸ਼ ਕਰ ਲਿਆ। ਮੰਗੇਤਰ ਕੁੜੀ ਦੇ ਪਿਤਾ ਨੇ ਵੀ ਸਾਰਿਆਂ ਸਾਹਮਣੇ ਜੋਗੀ ਦੇ ਪਿਤਾ ਦੇ ਪੈਰੀਂ ਹੱਥ ਲਾ ਕੇ ਮਾਫੀ ਮੰਗੀ।

ਮਹੀਨੇ ਕੁ ਮਗਰੋਂ ਮੈਂ ਪ੍ਰੀਤਨਗਰੋਂ ਲਾਹੌਰ ਆ ਗਿਆ। ਉਥੇ ਆ ਕੇ ਪਤਾ ਲਗਾ ਕਿ ਜੋਗੀ ਦੀ ਇਕ ਅਮੀਰ ਘਰ ਦੀ ਕੁੜੀ ਨਾਲ ਮੰਗਣੀ ਹੋ ਗਈ ਹੈ। ਵਿਆਹ ਦੀ ਤਰੀਕ ਵੀ ਮੁਕਰਰ ਹੋ ਗਈ। ਵਿਆਹ ਵਿਚ ਸ਼ਾਮਲ ਹੋਣ ਲਈ ਮੈਨੂੰ ਜੋਗੀ ਦਾ ਦਾਅਵਤਨਾਮਾ ਪੁਜਾ। ਪ੍ਰੀਤਨਗਰ ਦੇ ਜੀਵਨ ਵਿਚ ਇਹ ਦੂਜਾ ਅਨੰਦ ਕਾਰਜ ਸੀ, ਪਹਿਲਾ ਮੇਰਾ ਆਪਣਾ ਵਿਆਹ ਸੀ। ਮੌਸਮ ਠੰਡਾ ਸੀ, ਇਸ ਲਈ ਮੈਂ ਫੈਸਲਾ ਕੀਤਾ, ਕਿ ਸੂਟ ਸਿਲਾਇਆ ਜਾਵੇ। ਕਪੜਾ ਲੈ ਦਰਜੀ ਪਾਸ ਗਿਆ। ਉਸ ਪੁਛਿਆ, ''ਡਬਲ ਬਰੈਸਟ ਕਿ ਸਿੰਗਲ?'' ਨਾ ਮੈਨੂੰ ਡਬਲ ਬਰੈਸੱਟ ਦਾ ਪਤਾ ਸੀ, ਨਾ ਸਿੰਗਲ ਦਾ, ਪਰ ਮੇਰੇ ਮੂੰਹੋਂ ਨਿਕਲ ਗਿਆ 'ਡਬਲ ਬਰੈਸਟ'।

ਜਦ ਸੂਟ ਤਿਆਰ ਹੋ ਗਿਆ, ਤਾਂ ਡਬਲ ਬਰੈਸੱਟ ਪਹਿਨ ਕੇ ਵੇਖਿਆ। ਦੂਜੇ ਕੋਟਾਂ ਨਾਲੋਂ ਇਸ ਵਿਚ ਫਰਕ ਸੀ। ਉਪਰਲਾ ਬਟਨ ਦੋ ਕੁ ਇੰਚ ਲੰਮੇ ਧਾਗੇ ਨਾਲ ਲਟਕਿਆ ਰਹਿੰਦਾ ਸੀ। ਚਾਹੋ ਤਾਂ ਉਹ ਇਕੋ ਬਟਨ ਲਗਾ ਲਓ, ਚਾਹੋ ਤਾਂ ਤਿੰਨੇ ਬਟਨ ਲਗਾ ਲਗਾਊ, ਤਾਂ ਵੀ ਕੰਮ ਚਲ ਸਕਦਾ ਸੀ। ਮੈਂ ਜੋਗੀ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤਿਆਰ ਹੋ ਸਟੇਸ਼ਨ ਜਾ ਪੁਜਾ। ਕੋਟ ਮੈਂ ਪਹਿਨਿਆ ਹੋਇਆ ਸੀ। ਇਸ ਕਿਸਮ ਦੇ ਕੋਟ ਪਹਿਨਣ ਵਾਲੇ ਬੰਦੇ ਨੂੰ ਵੇਖਦਾ, ਤਾਂ ਜਿਵੇਂ ਉਸ ਦੇ ਬਟਨ ਬੰਦ ਹੁੰਦੇ, ਉਸੇ ਤਰ੍ਹਾਂ ਮੈਂ ਵੀ ਬੰਦ ਕਰਦਾ ਰਹਿੰਦਾ ਤੇ ਇਹ ਪ੍ਰਥਾ ਗੁਜਰਖਾਨ ਪਹੁੰਚਣ ਤਕ ਜਾਰੀ ਰਹੀ। ਰਾਹ ਵਿਚ ਮੈਂ ਸੋਚਾਂ, ਮੇਰੇ ਕੋਟ ਪਹਿਨਣ ਦੇ ਢੰਗ ਤੋਂ ਕੋਈ ਇਹ ਅੰਦਾਜ਼ਾ ਨਾ ਲਗਾ ਲਏ, ਕਿ ਇਸ ਮੂਰਖ ਨੂੰ ਕੋਟ ਪਹਿਨਣ ਦੀ ਜਾਚ ਨਹੀਂ। ਜਾਂ ਕੋਈ ਇਹ ਸਮਝੇ ਕਿ ਇਹ ਚੋਰੀ ਦਾ ਕੋਟ ਹੈ। ਸੋ ਬਾਰ ਬਾਰ ਬਟਨ ਬੰਦ ਕਰਨ ਦੇ ਢੰਗ ਨੂੰ ਬਦਲ ਬਦਲ ਅੰਤ ਤੰਗ ਆ ਕੇ ਬਿਨਾਂ ਬਟਨ ਬੰਦ ਕੀਤੇ ਕੋਟ ਖੁਲ੍ਹਾ ਹੀ ਛਡ ਦਿਤਾ।

ਇਕ ਗਲ ਹੋਰ ਯਾਦ ਆ ਗਈ ਹੈ। ਪ੍ਰੀਤਨਗਰੋਂ ਲਾਹੌਰ ਆਉਣ ਤੀਕ ਮੈਂ ਸਦਾ ਘੋਟਵਾਂ ਪਜਾਮਾ ਜਾਂ ਕਦੀ ਕਦੀ ਪੈਂਟ ਕੱਟ ਖੁਲ੍ਹਾ ਕਾਮਰੇਡੀ ਪਜਾਮਾ ਪਹਿਨਿਆ ਕਰਦਾ ਸਾਂ। ਮੇਰਾ ਇਕ ਸਹਾਇਕ ਸੀ। ਉਹ ਉਨ੍ਹੀਂ ਦਿਨੀਂ ਸੂਟ ਪਹਿਨਿਆ ਕਰਦਾ ਸੀ। ਉਸ ਦੀ ਪ੍ਰੇਰਨਾ ਨਾਲ ਮੈਂ ਵੀ ਪੈਂਟ ਸਿਲਾ ਕੇ ਪਜਾਮੇ ਨੂੰ ਤਿਲਾਂਜਲੀ ਦੇ ਦਿਤੀ। ਮੇਰਾ ਖਿਆਲ ਸੀ ਜਿਵੇਂ ਕਸ਼ਮੀਰੀ ਲੋਕ ਆਪਣੇ ਬਸਤਰ ਲੀਰੋ ਲੀਰ ਹੋ ਜਾਣ ਤੇ ਹੀ ਸਰੀਰ ਨਾਲੋਂ ਵਖ ਕਰਦੇ ਹਨ, ਇਵੇਂ ਮੈਂ ਵੀ ਪੈਂਟ ਪਾ ਕੇ ਨਿਤਾਪ੍ਰਤੀ ਧੋਣ-ਧਾਣ ਦੇ ਕਜੀਏ ਤੋਂ ਬਚ ਜਾਵਾਂਗਾ। ਪੰਦਰਾਂ ਕੁ ਦਿਨਾਂ ਮਗਰੋਂ ਮੈਂ ਇਕ ਮਿਤਰ ਦੀ ਇਹ ਗਲ ਸੁਣ ਬੜਾ ਹੈਰਾਨ ਹੋਇਆ, "ਦਾਤਾ ਜੀ! ਪੈਂਟ ਬਹੁਤ ਮੈਲੀ ਹੋ ਗਈ ਹੈ, ਇਸ ਨੂੰ ਧੋ ਲੈਣਾ ਚਾਹੀਦੈ।"

ਮੈਂ ਸੋਚਾਂ, ਜੇ ਇਹ ਵੀ ਪਜਾਮਿਆਂ ਵਾਂਗ ਦੂਜੇ ਚੌਥੇ ਦਿਨ ਧੋਣੀ ਪੈਂਦੀ ਹੈ, ਤਾਂ ਫਿਰ ਇਸ ਦਾ ਫਾਇਦਾ ਹੀ ਕੀ? ਸੋ ਅਸੀਂ ਪੈਂਟ ਪਹਿਨ ਆਪਣੇ ਡਬਲ ਬਰੈਸੱਟ ਕੋਟ ਦੀ ਨੁਮਾਇਸ਼ ਕਰਦੇ ਜੋਗੀ ਦੇ ਵਿਆਹ ਵਿਚ ਸ਼ਾਮਲ ਹੋਏ, ਪਰ ਮੈਂ ਇਹ ਵੇਖ ਹੈਰਾਨ ਰਹਿ ਗਿਆ ਕਿ ਸਾਡੇ ਬਿਨਾਂ ਡਬਲ ਬਰੈਸੱਟ ਕੀ ਸਿੰਗਲ ਬਰੈਸੱਟ ਦਾ ਕੋਟ ਵੀ ਕਿਸੇ ਨਹੀਂ ਸੀ ਪਹਿਨਿਆ ਹੋਇਆ। ਵਿਆਹ ਭੁਗਤਾ ਅਸੀਂ ਵਾਪਸ ਲਾਹੌਰ ਪਰਤ ਆਏ, ਪਰ ਸਾਰਾ ਰਾਹ ਅਸੀਂ ਡਬਲ ਬਰੈਸੱਟ ਤੇ ਸਿੰਗਲ ਬਰੈਸੱਟ ਦੀ ਨੁਮਾਇਸ਼ ਕਰਦੇ ਰਹੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਾਹੌਰ

## ਸੰਨ 1940 ਤੋਂ 1947 ਤੀਕ

ਸੰਨ 1940 ਵਿਚ ਮੈਂ ਪ੍ਰੀਤਨਗਰ ਆਇਆ। ਪਹਿਲਾਂ ਪ੍ਰੀਤਲੜੀ ਦੇ ਦਫਤਰ ਵਿਚ ਕੰਮ ਕੀਤਾ ਤੇ ਮਗਰੋਂ ਪ੍ਰੀਤਨਗਰ ਬੁਕ ਸ਼ਾਪ ਵਿਚ ਮੈਨੇਜਰ ਦੇ ਤੌਰ ਤੇ। 1942 ਵਿਚ ਪ੍ਰੀਤਨਗਰ ਪੁਸਤਕਾਲਯ ਦਾ ਦਫਤਰ ਅਸੀਂ ਨਿਸਬਤ ਰੋਡ ਲਾਹੌਰ, ਦੋ ਦੁਕਾਨਾਂ ਲੈ ਕੇ ਖੋਲ੍ਹ ਦਿਤਾ। ਉਸ ਸਮੇਂ ਪ੍ਰੀਤਨਗਰ ਤੇ ਪ੍ਰੀਤਲੜੀ ਬਾਰੇ ਦੇਸ਼ ਭਰ ਵਿਚ ਖੂਬ ਚਰਚਾ ਸੀ। ਪੰਜਾਬੀ ਪੁਸਤਕਾਂ ਦੀ ਅੱਛੀ ਵਿਕਰੀ ਸੀ। ਸ੍ਰ: ਗੁਰਬਖਸ਼ ਸਿੰਘ ਨੇ ਪਹਿਲੀ ਵਾਰ ਪੁਸਤਕਾਂ ਦਾ ਵਧੀਆ ਕਾਗਜ਼, ਸੁੰਦਰ ਛਪਾਈ ਅਰ ਬਹੁਤ ਪਿਆਰੀ ਦੱਖ ਵਾਲੀਆਂ ਪੰਜਾਬੀ ਪੁਸਤਕਾਂ ਦਾ ਪ੍ਰਕਾਸ਼ਨ ਅਰੰਭ ਕੀਤਾ ਸੀ। ਜਨਤਾ ਵਲੋਂ ਇਨ੍ਹਾਂ ਪੁਸਤਕਾਂ ਦਾ ਬੜਾ ਨਿਘਾ ਸਵਾਗਤ ਹੋਇਆ। ਲਾਹੌਰ ਦਫਤਰ ਵਿਚ ਤਿੰਨ ਚਾਰ ਬੰਦੇ ਮੇਰੇ ਕੋਲ ਕੰਮ ਕਰਦੇ ਸਨ। ਮਿਹਨਤ, ਈਮਾਨਦਾਰੀ ਤੇ ਮਿਲਣ ਆਣ ਵਾਲਿਆਂ ਨਾਲ ਚੰਗਾ ਵਰਤਾਓ ਸਾਡਾ ਮੁਖ ਮੰਤਵ ਹੁੰਦਾ ਸੀ, ਜਿਸ ਨਾਲ ਥੋੜੇ ਅਰਸੇ ਵਿਚ ਹੀ ਦੁਕਾਨ ਕਾਫੀ ਪ੍ਰਸਿੱਧ ਹੋ ਗਈ।

### ਸਾਈਕਲ ਦੀ ਚੋਰੀ

ਕਈ ਵਾਰ ਇਕ ਨਿਕੀ ਜਿਹੀ ਘਟਨਾ ਵੀ ਰਾਈ ਦਾ ਪਹਾੜ ਬਣ ਜਾਂਦੀ ਹੈ। ਇਕ ਦਿਨ ਸ਼ਾਮੀਂ ਦਫਤਰ ਬੰਦ ਕਰਨ ਲਗਿਆਂ ਅਸੀਂ ਵੇਖਿਆ ਕਿ ਸਾਡੀ ਨਵੀਂ ਸਾਈਕਲ ਗਾਇਬ ਸੀ, ਤੇ ਉਸ ਦੀ ਥਾਂ ਇਕ ਪੁਰਾਣੀ ਸਾਈਕਲ ਉਥੇ ਖੜੋਤੀ ਸੀ। ਐਸਾ ਜਾਪਦਾ ਸੀ ਕਿ ਕੋਈ ਆਦਮੀ ਆਪਣੀ ਪੁਰਾਣੀ ਸਾਈਕਲ ਨਾਲ ਸਾਡੀ ਨਵੀਂ ਸਾਈਕਲ ਬਦਲਾ ਕੇ ਲੈ ਗਿਆ ਹੈ। ਉਨ੍ਹੀਂ ਦਿਨੀਂ ਸਾਈਕਲਾਂ ਨੂੰ ਤਾਲਾ ਮਾਰਣ ਦਾ ਰਿਵਾਜ ਨਹੀਂ ਸੀ, ਨ ਹੀ ਸਾਈਕਲਾਂ ਅਜ ਵਾਂਗ ਭਾਰੀ ਗਿਣਤੀ ਵਿਚ ਚੋਰੀ ਹੁੰਦੀਆਂ ਸਨ। ਮੈਂ ਸੋਚਿਆ ਸਾਈਕਲ ਦੀ ਤਬਦੀਲੀ ਦੀ ਖਬਰ ਪੁਲਸ ਨੂੰ ਦੇ ਦਿਤੀ ਜਾਵੇ, ਪਰ ਇਕ ਹਮਦਰਦ ਨੇ ਸਲਾਹ ਦਿਤੀ ਕਿ ਪੁਲਸ ਨੂੰ ਜੇਕਰ ਰਿਪੋਰਟ ਦਿਤੀ ਗਈ ਕਿ ਸਾਈਕਲ ਕੋਈ ਬਦਲ ਕੇ ਲੈ ਗਿਆ ਹੈ, ਤਾਂ ਇਹ ਸਾਈਕਲ ਪੁਲਸ ਖੋਹ ਲਵੇਗੀ ਤੇ ਸਾਡੀ ਗੁੰਮ ਹੋਈ ਸਾਈਕਲ ਮਿਲਣੀ ਨਹੀਂ। ਇਸ ਲਈ ਸਿਰਫ ਆਪਣੀ ਸਾਈਕਲ ਗੁਆਚਣ ਦੀ ਹੀ ਰਿਪੋਰਟ ਦਰਜ ਕਰਾਣੀ ਚਾਹੀਦੀ ਹੈ।

ਅਸੀਂ ਇਸੇ ਤਰ੍ਹਾਂ ਕੀਤਾ। ਪੁਲਸ ਨੂੰ ਰਿਪੋਰਟ ਕਰ ਦਿਤੀ ਕਿ ਸਾਡੀ ਸਾਈਕਲ ਕੋਈ ਚੁਕ ਕੇ ਲੈ ਗਿਆ ਹੈ। ਸਾਈਕਲ ਦਾ ਨੰਬਰ ਤੇ ਖ੍ਰੀਦ ਰਸੀਦ ਆਦਿ ਪੁਲਸ ਦੇ ਹਵਾਲੇ ਕਰ ਦਿਤੀ, ਤੇ ਅਸੀਂ ਉਸ ਪੁਰਾਣੀ ਖੋਸਟ ਸਾਈਕਲ ਨਾਲ ਕੰਮ ਤੋਰਦੇ ਰਹੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹਫਤੇ ਕੁ ਮਗਰੋਂ ਇਕ ਦਿਨ ਅਚਾਨਕ ਇਕ ਪੁਲਸ ਦਾ ਸਿਪਾਹੀ ਸਾਡੇ ਬਾਜ਼ਾਰ ਵਿਚ ਆਇਆ। ਉਹ ਦੁਕਾਨਾਂ ਦੇ ਬਾਹਰ ਖੜੋਤੀਆਂ ਸਾਈਕਲਾਂ ਵਲ ਇਸ਼ਾਰਾ ਕਰਦਾ ਹੋਇਆ ਉਚੀ ਜਿਹੀ ਬੋਲਿਆ, "ਬਈ, ਆਪੋ ਆਪਣੀਆਂ ਸਾਈਕਲਾਂ ਤੇ ਹਥ ਰਖ ਲਉ। ਜਿਸ ਸਾਈਕਲ ਦਾ ਕੋਈ ਮਾਲਕ ਨਹੀਂ ਹੋਵੇਗਾ, ਉਹ ਥਾਣੇ ਪੁਚਾ ਦਿਤੀ ਜਾਵੇਗੀ।"

ਉਸ ਦੀ ਗੱਲ ਸੁਣ ਸਭ ਮਾਲਕ ਪਹੁੰਚ ਗਏ, ਬਾਕੀ ਸਾਰੇ ਸਾਈਕਲਾਂ ਵਾਲਿਆਂ ਵਾਂਗ ਸਾਡੇ ਦਫਤਰ ਦੇ ਇਕ ਕਾਮੇ ਜਗੀਰ ਸਿੰਘ ਨੇ ਵੀ ਸਾਡੇ ਦੁਕਾਨ ਦੀ ਸਾਈਕਲ ਤੇ ਹਥ ਰਖ ਦਿਤਾ। ਸਿਪਾਹੀ, ਬਾਕੀ ਸਾਰਿਆਂ ਨੂੰ ਛਡ ਸਾਡੀ ਸਾਈਕਲ, ਜਗੀਰ ਸਿੰਘ ਸਮੇਤ ਥਾਣੇ ਲੈ ਤੁਰਿਆ। ਅਸੀਂ ਹੈਰਾਨ-ਪ੍ਰੇਸ਼ਾਨ ਸਮਝ ਨਾ ਆਵੇ ਕਿ ਹੋਇਆ ਕੀ ਹੈ? ਅਸੀਂ ਵੀ ਥਾਣੇ ਜਾ ਪੁਜੇ। ਅਸੀਂ ਆਪਣੇ ਨਾਲ ਮਹੱਲੇ ਦੇ ਚੌਧਰੀ ਬੰਸੀ ਲਾਲ ਨੂੰ ਵੀ ਲੈ ਗਏ। ਉਥੇ ਪਹੁੰਚ ਬੰਸੀ ਨੇ ਪੁਲਸ ਵਾਲਿਆਂ ਨੂੰ ਤਕੜੀ ਝਾੜ ਪਾਈ, ਕਿ ਉਹ ਬੇਕਸੂਰ ਸ਼ਹਿਰੀਆਂ ਨੂੰ ਤੰਗ ਕਰਦੇ ਹਨ। ਉਸ ਦੀ ਗਲ ਸੁਣ ਥਾਣੇਦਾਰ ਨੇ ਮੁਸਕਰਾਂਦਿਆਂ ਹੋਈਆਂ ਸਾਈਕਲ ਦੀ ਇਹ ਕਥਾ ਸੁਣਾਈ:-

"ਅਜ ਤੋਂ ਦੋ ਦਿਨ ਪਹਿਲਾਂ ਬੰਸੀ ਪਿਆਰੇ। ਪ੍ਰੀਤਨਗਰ ਸ਼ਾਪ ਵਾਲਿਆਂ ਨੇ ਆਪਣੀ ਸਾਈਕਲ ਗੁੰਮ ਹੋਣ ਦੀ ਰਿਪੋਰਟ ਸਾਡੇ ਪਾਸ ਦਰਜ ਕਰਾਈ ਸੀ, ਪਰ ਅਜ ਪਤਾ ਲਗੈ, ਕਿ ਉਨ੍ਹਾਂ ਦੀ ਰਿਪੋਰਟ ਅਧੂਰੀ ਸੀ।"

ਬੰਸੀ ਨੇ ਪੁਛਿਆ, "ਉਹ ਕਿਵੇਂ ਥਾਣੇਦਾਰ ਸਾਹਿਬ?"

ਥਾਣੇਦਾਰ ਕਹਿਣ ਲਗਾ "ਗਲ ਇਉਂ ਹੋਈ ਚੌਧਰੀ ਸਾਹਿਬ! ਅਸਲ ਵਿਚ ਪ੍ਰੀਤਲੜੀ ਵਾਲਿਆਂ ਦੀ ਸਾਈਕਲ ਗੁੰਮ ਨਹੀਂ ਸੀ ਹੋਈ। ਬਦਲ ਗਈ ਸੀ।" ਫਿਰ ਉਸ ਨੇ ਨਾਲ ਦੀ ਕੁਰਸੀ ਤੇ ਬੈਠੇ ਇਕ ਵਿਅਕਤੀ ਵਲ ਇਸ਼ਾਰਾ ਕਰਦਿਆਂ ਉਸ ਨੇ ਕਿਹਾ, "ਜੋ ਸਾਈਕਲ ਅਸੀਂ ਇਨ੍ਹਾਂ ਦੇ ਦਫਤਰੋਂ ਫੜ ਲਿਆਂਦੀ ਹੈ, ਉਹ ਇਨ੍ਹਾਂ ਬਾਬੂ ਹੋਰਾਂ ਦੀ ਹੈ। ਪਿਛਲੇ ਸਨਿਚਰ ਦੀ ਗੱਲ ਹੈ। ਚਕਵਾਲ ਤੋਂ ਆਇਆ ਇਨ੍ਹਾਂ ਦਾ ਇਕ ਦੋਸਤ ਇਨ੍ਹਾਂ ਦੀ ਸਾਈਕਲ ਲੈ ਕੇ ਸਾਰਾ ਦਿਨ ਸ਼ਹਿਰ ਵਿਚ ਆਪਣੇ ਕੰਮ ਕਰਦਾ ਰਿਹਾ। ਉਹ ਪ੍ਰੀਤਨਗਰ ਸ਼ਾਪ ਤੇ ਵੀ ਕਿਤਾਬਾਂ ਖਰੀਦਣ ਆਇਆ ਸੀ। ਵਾਪਸੀ ਤੇ ਗਲਤੀ ਨਾਲ ਉਹ ਆਪਣੀ ਸਾਈਕਲ ਛਡ, ਪ੍ਰੀਤਨਗਰ ਵਾਲਿਆਂ ਦੀ ਸਾਈਕਲ ਲੈ ਗਿਆ। ਰਾਤੀਂ ਦੇਰ ਨਾਲ ਉਹ ਬਾਊ ਜੀ ਦੇ ਘਰ ਪੁਜਾ, ਤੇ ਸਾਈਕਲ ਉਥੇ ਟਿਕਾ ਆਪ ਰਾਤ ਦੀ ਗਡੀ ਫੜ ਆਪਣੇ ਘਰ ਚਕਵਾਲ ਚਲਾ ਗਿਆ। ਦੂਜੇ ਦਿਨ ਸਵੇਰੇ ਇਹ ਸ੍ਰੀਮਾਨ ਜਦੋਂ ਦਫਤਰ ਜਾਣ ਲਗੇ, ਤਾਂ ਇਨ੍ਹਾਂ ਵੇਖਿਆ ਕਿ ਸਾਈਕਲ ਬਦਲ ਗਈ ਹੈ। ਇਨ੍ਹਾਂ ਆਪਣੇ ਮਿੱਤਰ ਨੂੰ ਇਸ ਬਾਰੇ ਚਕਵਾਲ ਚਿੱਠੀ ਲਿਖੀ, ਉਸ ਨੇ ਉਤਰ ਵਿਚ ਉਹ ਠਿਕਾਣੇ ਦਸੇ, ਜਿਥੇ ਦਿਨੇ ਉਹ ਸਾਈਕਲ ਘੁਮਾਂਦਾ ਫਿਰਿਆ ਸੀ, ਤੇ ਉਨ੍ਹਾਂ ਥਾਂਵਾਂ ਵਿਚ ਇਕ ਪ੍ਰੀਤਨਗਰ ਸ਼ਾਪ ਦਾ ਵੀ ਨਾਂ ਸੀ।

"ਆਪਣੇ ਦੋਸਤ ਦੀ ਚਿੱਠੀ ਪੁਜਣ ਮਗਰੋਂ ਇਹ ਬਾਬੂ ਜੀ ਸਾਡੇ ਪਾਸ ਪੁਜੇ। ਸਾਰੀ ਹਕੀਕਤ ਦਸੀ। ਅਸੀਂ ਗੁੰਮ ਹੋਈਆਂ ਸਾਈਕਲਾਂ ਦੀਆਂ ਰਿਪੋਰਟਾਂ ਵੇਖੀਆਂ ਤਾਂ ਪ੍ਰੀਤਨਗਰ ਸ਼ਾਪ ਦੀ ਗੁੰਮ ਹੋਈ ਸਾਈਕਲ ਦਾ ਨੰਬਰ ਉਹੀ ਸੀ, ਜੋ ਬਾਊ ਜੀ ਥਾਣੇ ਆਪਣੇ ਨਾਲ ਲਿਆਏ ਸਨ, ਸਾਈਕਲ ਉਹ ਸਾਹਮਣੇ ਰਖੀ ਹੋਈ ਹੈ ਤੇ ਜੋ ਸਾਈਕਲ ਪ੍ਰੀਤਨਗਰ ਸ਼ਾਪ ਤੋਂ ਅਜ ਪ੍ਰਾਪਤ ਹੋਈ ਹੈ, ਇਹ ਇਨ੍ਹਾਂ ਬਾਬੂ ਹੋਰਾਂ ਦੀ ਹੈ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਅਸਲ ਵਿਚ ਬੰਸੀ ਚੌਧਰੀ ਨੂੰ ਸਾਰੀ ਕਹਾਣੀ ਦਾ ਪਤਾ ਸੀ ਤੇ ਉਹ ਜਾਣ ਬੁਝ ਕੇ ਮਚਲਾ ਬਣ ਗਿਆ ਸੀ। ਉਸ ਨੇ ਸਾਡੇ ਬੰਦੇ ਨੂੰ ਝਾੜ ਪਾਈ, ਜਿਸ ਨੂੰ ਸਾਈਕਲ ਸਮੇਤ ਸਿਪਾਹੀ ਨੇ ਫੜ ਲਿਆਂਦਾ ਸੀ।

ਥਾਣੇਦਾਰ ਨੇ ਇਹ ਕਹਿੰਦਿਆਂ ਹੋਇਆ ਜਾਗੀਰ ਤੇ ਸਾਡੀ ਸਾਈਕਲ ਨੂੰ ਲਿਜਾਣ ਦੀ ਆਗਿਆ ਦੇ ਦਿਤੀ, ''ਸਾਨੂੰ ਪ੍ਰੀਤਨਗਰ ਦੇ ਬੰਦਿਆਂ ਤੋਂ ਅਜੇਹੀ ਹਰਕਤ ਦੀ ਆਸ ਨਹੀਂ ਸੀ।''

ਸਾਈਕਲ ਵਾਪਸ ਮਿਲ ਗਈ। ਸਾਡਾ ਫੜਿਆ ਬੰਦਾ ਵੀ ਪੁਲਸ ਨੇ ਛਡ ਦਿਤਾ, ਪਰ ਮੈਂ ਥਾਣੇਦਾਰ ਦੇ ਅੰਤਮ ਸ਼ਬਦ ਅਜ ਤੀਕ ਨਹੀਂ ਭੁਲ ਸਕਿਆ। ਉਹ ਮੇਰੇ ਅੰਦਰ ਸਦਾ ਰੜਕਦੇ ਰਹਿੰਦੇ ਹਨ, ਕਿ ''ਪ੍ਰੀਤਲੜੀ ਵਾਲਿਆਂ ਤੋਂ ਸਾਨੂੰ ਇਸ ਤਰ੍ਹਾਂ ਦੇ ਕੰਮ ਦੀ ਆਸ ਨਹੀਂ ਸੀ।''

## ਭਗਵਾਨ ਸਿੰਘ ਦੀ ਲੱਸੀ

1942-43 ਦੇ ਦਿਨ ਸਨ। ਲਾਹੌਰ ਵਿਚ ਹੀ ਨਹੀਂ, ਸਾਰੇ ਪੰਜਾਬ ਵਿਚ ਭਗਵਾਨ ਸਿੰਘ ਅਨਾਰਕਲੀ ਵਾਲੇ ਦੀ ਲੱਸੀ ਬੜੀ ਪ੍ਰਸਿੱਧ ਸੀ। ਖਾਲਸ ਦੁੱਧ ਦੇ ਜੰਮੇ ਦਹੀਂ ਦੀ ਪਾ ਪਕੇ ਦੀ ਲੱਸੀ, (ਅਜ ਦਾ ਢਾਈ ਸੋ ਗਰਾਮ) ਵਡਾ ਸਾਰਾ ਨੱਕੋ ਨੱਕ ਭਰਿਆ ਗਿਲਾਸ ਉਪਰ ਮੋਟੀ ਮਲਾਈ, ਸਿਰਫ ਛੇ ਪੈਸਿਆਂ ਵਿਚ ਮਿਲਦੀ ਸੀ। ਪੇੜਿਆਂ ਦੀ ਲੱਸੀ ਕੇਵਲ ਅੱਠ ਪੈਸਿਆਂ ਵਿਚ, ਲੱਸੀ ਦੇ ਗਿਲਾਸ ਵਿਚ ਕੇਵੜਾ ਛਿੜਕਿਆ ਜਾਂਦਾ ਸੀ। ਦੂਰੋਂ ਦੂਰੋਂ ਲੋਕੀ ਲੱਸੀ ਪੀਣ ਉਥੇ ਪਹੁੰਚਦੇ ਸਨ। ਕਾਰਾਂ, ਦੁਕਾਨ ਦੇ ਬਾਹਰ ਖੜੀਆਂ ਰਹਿੰਦੀਆਂ ਤੇ ਅੰਦਰ ਕੇਵੜੇ ਵਾਲੀ ਲੱਸੀ ਨਾਲ ਆਪਣੇ ਸੀਨੇ ਠੰਡੇ ਕੀਤੇ ਜਾਂਦੇ। ਰਾਵਲਪਿੰਡੀ ਤੋਂ ਅੰਮ੍ਰਿਤਸਰ ਤੇ ਅੰਮ੍ਰਿਤਸਰ ਤੋਂ ਪਿੰਡੀ ਜਾਣ ਵਾਲੇ ਲੱਸੀ ਦੇ ਸ਼ੌਕੀਨ ਆਪਣੇ ਸਫਰ ਨੂੰ ਬ੍ਰੇਕ ਲਾ ਭਗਵਾਨ ਸਿੰਘ ਦੀ ਲੱਸੀ ਜ਼ਰੂਰ ਪੀ ਕੇ ਜਾਂਦੇ।

## ਚਾਹ ਦੀ ਬੀਮਾਰੀ

ਉਨ੍ਹਾਂ ਦਿਨਾਂ ਵਿਚ ਚਾਹ ਦਾ ਬਿਲਕੁਲ ਰਿਵਾਜ ਨਹੀਂ ਸੀ। ਕਿਸੇ ਬੀਮਾਰ ਨੂੰ ਡਾਕਟਰ ਚਾਹ ਪੀਣ ਲਈ ਕਹਿੰਦੇ, ਤਾਂ ਉਹ ਵੀ ਘਰ ਵਾਲਿਆਂ ਤੋਂ ਛੁਪ ਕੇ ਲੱਸੀ ਦਾ ਗਲਾਸ ਚੜ੍ਹਾ ਜਾਂਦਾ।

ਉਸ ਸਮੇਂ ਸਾਡੇ ਦੇਸ਼ ਤੋਂ ਬਿਨਾਂ ਸਾਰੀ ਦੁਨੀਆਂ ਵਿਚ ਚਾਹ ਦਾ ਰਿਵਾਜ ਸੀ, ਪਰ ਭਾਰਤ ਦੀਆਂ ਚਾਹ ਕੰਪਨੀਆਂ ਦਾ ਕਾਰੋਬਾਰ ਨਹੀਂ ਸੀ ਚਲਦਾ। ਸੋ ਉਨ੍ਹਾਂ ਹਿੰਦੁਸਤਾਨ ਦੇ ਸਭ ਵਡੇ ਵਡੇ ਸ਼ਹਿਰਾਂ ਵਿਚ ਆਪਣੇ ਏਜੰਟਾਂ ਰਾਹੀਂ ਲੋਕਾਂ ਨੂੰ ਮੁਫਤ ਚਾਹ ਪਿਲਾ ਕੇ ਚਾਹ ਨੂੰ ਰਿਵਾਜ ਦੇਣ ਦੀ ਠਾਣੀ। ਲਾਹੌਰ ਵਿਚ ਵੀ ਉਨ੍ਹਾਂ ਨੇ ਕਈ ਬੰਦੇ ਅਜਿਹੇ ਨੌਕਰ ਰਖੇ, ਜੋ ਲਾਹੌਰ ਦੀਆਂ ਗਲੀਆਂ ਮਹੱਲਿਆਂ ਵਿਚ ਫਿਰ ਕੇ ਫੇਰੀ ਵਾਲਿਆਂ ਵਾਂਗ ''ਹੋਕੇ ਦੇ ਕੇ'' ਅਜਿਹੇ ਆਦਮੀ ਢੂੰਡਦੇ ਸਨ, ਜੋ ਚਾਹ ਦੇ ਸੈਂਕੜੇ ਫਾਇਦੇ ਸੁਣ ਮੁਫਤ ਚਾਹ ਪੀਣ ਲਈ ਪ੍ਰੇਰੇ ਜਾ ਸਕਣ। ਇਕ ਵਡਾ ਸਾਰਾ ਲਿਸ਼ਕਿਆ ਪੁਸ਼ਕਿਆ ਨਲਕੀ ਵਾਲਾ ਪਾਣੀ ਦਾ ਡਰਮ ਮਜ਼ਦੂਰ ਦੇ ਸਿਰ ਤੇ ਰਖਿਆ ਹੁੰਦਾ ਤੇ ਨਾਲ ਗਰਮਾ ਗਰਮ ਦੁੱਧ ਤੇ ਖੰਡ। ਜਦੋਂ ਕੋਈ ਕਿਸਮਤ ਮਾਰਿਆ ਬੰਦਾ ਉਨ੍ਹਾਂ ਦੀ ਪਕੜ ਵਿਚ ਆ ਜਾਂਦਾ, ਤਾਂ ਬੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪ੍ਰਸੰਨਤਾ ਨਾਲ ਉਹ ਗਰਮਾ ਗਰਮ ਚਾਹ, ਜਿਸ ਵਿਚ ਅਧਿਉਂ ਵਧ ਦੁੱਧ ਹੁੰਦਾ ਸੀ, ਮੁਫਤ ਪਿਆ ਕੇ ਉਸ ਨੂੰ ਦੂਜੇ ਦਿਨ ਵੀ ਚਾਹ ਪੀਣ ਲਈ ਬੇਨਤੀ ਕਰਦੇ, ਚਾਹ ਦੇ ਗਿਣਤੀ ਦੇ ਪਿਆਕਾਂ ਨੂੰ ਨਿਹੰਗ ਸਿੰਘਾਂ ਵਾਂਗ ਸਿਰਫ ਉਂਗਲਾ ਹੀ ਫੇਰਨਾ ਪੈਂਦੀ ਸੀ, ਪਲਿਉਂ ਕੁਝ ਖਰਚਣਾ ਨਹੀਂ ਸੀ ਪੈਂਦਾ।

ਇਕ ਦੂਰੋਂ ਥਕਾ ਟੁਟਿਆ ਪਿੰਡ ਦੇ ਬਾਹਰਵਾਰ ਪੁਜਾ। ਉਹ ਇਕ ਸਿੰਘ ਨੂੰ ਕਹਿਣ ਲਗਾ "ਗੁਰਮੁਖਾ! ਜੇ ਇਕ ਸਰਬਲੋਹ ਦਾ ਬਾਟਾ ਮਿਲ ਜਾਵੇ। ਉਹ ਠੰਡੇ ਯਖ ਜਲ ਨਾਲ ਨਕੋ ਨਕ ਭਰਿਆ ਹੋਵੇ। ਉਸ ਵਿਚ ਸਕਰ ਪਾਈ ਜਾਵੇ। ਸਕਰ ਜਲ ਵਿਚ ਘੋਲ ਘਾਲ ਕੇ ਸਿੰਘ ਸ਼ਕ ਜਾਣ, ਤਾਂ ਨਸ਼ਾ ਆ ਜਾਵੇ।"

ਪਾਸ ਬੈਠਾ ਸਿੰਘ ਪੁਛਣ ਲਗਾ, "ਸਿੰਘ ਸਾਹਿਬ! ਇਸ ਸਾਰੀ ਸਮਿਗਰੀ ਵਿਚ ਤੁਹਾਡਾ ਕੀ ਹਿਸਾ ਹੋਵੇਗਾ?"

ਨਿਹੰਗ ਸਿੰਘ ਮੁਛਹਿਰਿਆਂ ਨੂੰ ਤਾਅ ਕੇ ਕਹਿਣ ਲਗਾ, "ਸਿੰਘਾਂ ਦਾ ਤਾਂ ਬਸ ਉਂਗਲਾ ਹੀ ਹੋਵੇਗਾ, ਜੋ ਬਾਟੇ ਵਿਚ ਫੇਰ ਕੇ ਸ਼ੱਕਰ ਤੇ ਜਲ ਘੋਲ ਕੇ ਇਕ ਸਾਰ ਕਰ ਦੇਵੇਗਾ।"

ਸੋ ਚਾਹ ਪੀਣ ਵਾਲਿਆਂ ਦਾ ਨਿੰਹਗ ਸਿੰਘਾਂ ਵਾਂਗ ਉਂਗਲਾ ਭਾਵ, ਮੂੰਹ ਹੀ ਹੁੰਦਾ ਸੀ, ਬਾਕੀ ਸਭ ਕੁਝ, ਚਾਹ ਕੰਪਨੀ ਹੀ ਸਪਲਾਈ ਕੀਤਾ ਕਰਦੀ ਸੀ। ਪਰ ਉਨ੍ਹਾਂ ਨੂੰ ਮੁਫਤ ਚਾਹ ਪੀਣ ਵਾਲਾ ਵੀ ਗਾਹਕ ਨਾ ਮਿਲਦਾ। ਅਜਿਹੇ ਡੋਲ ਚੁਕੀ ਚਾਹ ਦੇ ਮੁਲਾਜ਼ਮ ਪ੍ਰੀਤਨਗਰ ਸ਼ਾਪ ਅਗੇ ਡੇਰੇ ਆ ਲਾਂਦੇ। ਕੋਈ ਚਾਰਾ ਨਾ ਚਲਦਾ ਵੇਖ ਚਾਹ ਵਾਲਾ ਹਥ ਜੋੜ ਸਾਡੇ ਅਗੇ ਖੜੋ ਜਾਂਦਾ ਕਿ ਇਕ ਪਿਆਲੀ ਤਾਂ ਕਿਸੇ ਮੁਲਾਜ਼ਮ ਨੂੰ ਪਿਲਾ ਦਿਉ। ਆਮ ਕਰ ਕੇ ਉਸ ਨੂੰ ਸਾਡੇ ਦਫਤਰੋਂ ਖਾਲੀ ਹਥ ਹੀ ਵਾਪਸ ਜਾਣਾ ਪੈਂਦਾ, ਪਰ ਜੇ ਅਸੀਂ ਉਸ ਦੇ ਤਰਲਿਆਂ ਨਾਲ ਪਸੀਜ ਜਾਂਦੇ, ਤਾਂ ਉਸ ਮੁੰਡੇ ਨੂੰ ਜਿਸ ਨੇ ਕਿਸੇ ਕੰਮ ਨੂੰ ਕਰਨ ਵਿਚ ਸੁਸਤੀ ਵਿਖਾਈ ਹੋਵੇ, ਸਜ਼ਾ ਦੇ ਤੌਰ ਤੇ ਚਾਹ ਵਾਲੇ ਬੰਦੇ ਦੇ ਹਵਾਲੇ ਕਰਦੇ। ਇਸ ਸਜ਼ਾ ਮਗਰੋਂ ਉਹ ਕਦੀ ਵੀ ਕੰਮ ਵਿਚ ਸੁਸਤੀ ਨਾ ਵਿਖਾਂਦਾ। ਇਸ ਤਰ੍ਹਾਂ ਕਈ ਸਾਲਾਂ ਦੀ ਕਠਨ ਘਾਲਣਾ ਮਗਰੋਂ ਹੀ ਚਾਹ ਕੰਪਨੀਆਂ ਲੋਕਾਂ ਨੂੰ ਚਾਹ ਦਾ ਆਦੀ ਬਣਾ ਸਕੀਆਂ। ਹੁਣ ਤਾਂ ਚੰਗਾ ਭਲਾ ਸ਼ਰੀਫ ਆਦਮੀ ਵੀ ਦਿਨ ਵਿਚ ਕਈ ਕਈ ਵੇਰ ਉਸ ਚਾਹ ਦਾ ਸੇਵਨ ਕਰਦਾ ਹੈ, ਜਿਸ ਵਿਚ ਨਾਂ ਮਾਤਰ ਹੀ ਪਾਣੀ ਮਿਲਿਆ ਦੁੱਧ ਹੁੰਦਾ ਹੈ, ਪਰ ਉਨ੍ਹੀਂ ਨੀਂ ਦਿਨੀਂ ਵਿਗੜਿਆ ਹੋਇਆ, ਆਵਾਰਾਗਰਦ ਵਿਹਲਾ ਤੇ ਬੇਕਾਰ ਬੰਦਾ ਵੀ ਚਾਹ ਦੇ ਨਾਂ ਤੋਂ ਇੰਝ ਯਰਕਦਾ ਸੀ, ਜਿਵੇਂ ਉਸ ਨੂੰ ਹਵਾਲਾਤ ਡਕਣ ਦਾ ਨਾਦਰਸ਼ਾਹੀ ਹੁਕਮ ਜਾਰੀ ਹੋ ਗਿਆ ਹੋਵੇ।

ਲਾਹੌਰ ਰਹਿੰਦਿਆਂ ਕੁਝ ਦਿਲਚਸਪ ਤਜਰਬੇ ਵੀ ਹੋਏ, ਜਿਨ੍ਹਾਂ ਦਾ ਜ਼ਿਕਰ ਪਾਠਕਾਂ ਲਈ ਦਿਲਚਸਪੀ ਦਾ ਕਾਰਣ ਬਣੇਗਾ।

ਇਕ ਵਾਰ ਸ਼ਿਮਲਿਉਂ ਗਿਆਨੀ ਦੀਆਂ ਪੁਸਤਕਾਂ ਦਾ ਆਰਡਰ ਆਇਆ। ਅਸੀਂ ਪੁਸਤਕਾਂ ਵੀ: ਪੀ: ਰਾਹੀਂ ਘਲ ਦਿਤੀਆਂ, ਪਰ ਇਕ ਹਫਤੇ ਵਿਚ ਵੀ. ਪੀ. ਵਾਪਸ ਆ ਗਈ। ਪਾਰਸਲ ਖੋਲ੍ਹ ਕੇ ਵੇਖਿਆ, ਤਾਂ ਉਸ ਵਿਚ ਪੁਰਾਣੀਆਂ ਕਿਤਾਬਾਂ ਘੁਸੇੜੀਆਂ ਹੋਈਆਂ ਸਨ ਤੇ ਸਾਡੇ ਵਾਲੀਆਂ ਪੁਸਤਕਾਂ ਗ਼ਾਇਬ ਸਨ। ਅਸੀਂ ਉਹ ਪਾਰਸਲ ਪੋਸਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਾਸਟਰ ਨੂੰ ਜਾ ਦਸਿਆ। ਉਸ ਨੇ ਪੁਲਸ ਵਿਚ ਰਿਪੋਰਟ ਕਰਨ ਲਈ ਕਿਹਾ। ਗਲ ਸਾਫ ਸੀ, ਵੀ:ਪੀ: ਮੰਗਾਣ ਵਾਲੇ ਬੰਦੇ ਨੇ ਡਾਕ ਬਾਬੂ ਨਾਲ ਮਿਲ ਕੇ ਕਿਤਾਬਾਂ ਕਢ ਲਈਆਂ ਸਨ, ਪਰ 25 ਰੁਪਏ ਦੀ ਰਕਮ ਪਿਛੇ ਕੌਣ ਪੁਲਸ ਵਿਚ ਰਿਪੋਰਟ ਲਿਖਾ ਆਪ ਖਜਲ ਖਰਾਬ ਹੁੰਦਾ ਫਿਰੇ। ਅੰਤ ਮੈਨੂੰ ਇਕ ਤਜਵੀਜ਼ ਸੁਝੀ। ਮੈਂ ਉਸ ਬੰਦੇ ਨੂੰ ਚਿੱਠੀ ਲਿਖੀ, ''ਤੁਸੀਂ ਡਾਕਖਾਨੇ ਨਾਲ ਮਿਲ ਕੇ ਕਿਤਾਬਾਂ ਬਦਲ ਲਈਆਂ ਹਨ। ਵਾਪਸੀ ਡਾਕ 25 ਰੁਪਏ ਘਲ ਦਿਉ, ਵਰਨਾ ਡਾਕਖਾਨੇ ਅਤੇ ਤੁਹਾਡੇ ਦੋਹਾਂ ਵਿਰੁਧ ਪੁਲਸ ਵਿਚ ਕੇਸ ਦਰਜ ਕਰਾ ਦਿਤਾ ਜਾਵੇਗਾ।''

ਹਫਤੇ ਦੇ ਅੰਦਰ 25 ਰੁਪਏ ਤੇ ਨਾਲ ਇਕ ਤਾੜਨਾ ਭਰੀ ਚਿੱਠੀ ਪਹੁੰਚ ਗਈ। ਚਿੱਠੀ ਵਿਚ ਦਰਜ ਸੀ :

''ਤੁਸੀਂ ਆਪਣੇ ਗਾਹਕਾਂ ਤੇ ਨਾ-ਹਕ ਬੇਈਮਾਨੀ ਦਾ ਇਲਜ਼ਾਮ ਲਾਂਦੇ ਹੋ। ਮੈਂ ਪ੍ਰੋਟੈਸਟ ਦੇ ਤੌਰ ਤੇ 25 ਰੁਪਏ ਘਲ ਰਿਹਾ ਹਾਂ, ਹਾਲਾਂਕਿ ਕਿਤਾਬਾਂ ਮੈਨੂੰ ਮਿਲੀਆਂ ਹੀ ਨਹੀਂ। ਪਰ ਅਗੋਂ ਲਈ ਖਬਰਦਾਰ, ਜੇ ਕਿਸੇ ਸ਼ਰੀਫ ਗਾਹਕ ਨਾਲ ਇਹੋ ਜੇਹਾ ਸਲੂਕ ਕਰੋ. . .।''

ਤੇ ਇਸ ਤਾੜਨਾ ਮਗਰੋਂ ਸਚਮੁਚ ਅਸੀਂ ਕਿਸੇ ਸ਼ਰੀਫ ਗਾਹਕ ਨਾਲ ਇਹੋ ਜਿਹਾ ਸਲੂਕ ਨਾ ਕੀਤਾ, ਕਿਉਂਕਿ ਕਿਸੇ ਗਾਹਕ ਨੇ ਇਹੋ ਜਿਹਾ ਫਰਾਡ ਕੀਤਾ ਹੀ ਨਾ, ਜਿਹੋ ਜਿਹਾ ਸ਼ਿਮਲੇ ਦੇ ਇਸ ਗਿਆਨੀ ਸਾਹਿਬ ਨੇ ਕੀਤਾ ਸੀ।

ਇਕ ਦਿਨ ਮੈਂ ਦਿਨ ਵੇਲੇ ਘਰ ਰੋਟੀ ਖਾਣ ਗਿਆ, ਤਾਂ ਪਿਛੋਂ ਮਨੀਆਰਡਰ ਰਾਹੀਂ ਆਈ ਡੇਢ ਸੌ ਦੇ ਕਰੀਬ ਰਕਮ ਇਕ ਚਾਰ ਸੌ ਵੀਹ ਬੰਦਾ ਉਡਾ ਕੇ ਲੈ ਗਿਆ। ਮੇਰੇ ਵਾਪਸ ਪਰਤਣ ਤੇ ਮੇਰੇ ਸਹਾਇਕ ਸਰਦੂਲ ਸਿੰਘ ਨੇ ਤਫਸੀਲ ਇਸ ਤਰ੍ਹਾਂ ਬਿਆਨ ਕੀਤੀ :

''ਦਿਨੇ ਮਨੀਆਰਡਰ ਤੇ ਵੀ: ਪੀਆਂ: ਦੀ ਰਕਮ ਆਈ। ਦਸਖਤ ਕਰ ਕੇ ਮੈ ਫਾਰਮ ਡਾਕੀਏ ਨੂੰ ਦੇ ਰਿਹਾ ਸਾਂ, ਕਿ ਇਕ ਗਾਹਕ ਆ ਗਿਆ। ਉਹ ਬੜਾ ਕਾਹਲਾ ਸੀ। ਉਸ ਨੇ ਕੁਝ ਕਿਤਾਬਾਂ ਖ੍ਰੀਦ ਕੇ ਫੌਰਨ ਗਡੀ ਤੇ ਚੜ੍ਹ ਜਾਣਾ ਸੀ। ਮੈਂ ਡਾਕੀਏ ਪਾਸੋਂ ਰਕਮ ਵਸੂਲ ਕੇ ਕੁਰਸੀ ਨਾਲ ਟੰਗੇ ਆਪਣੇ ਕੋਟ ਦੀ ਜੇਬ੍ਹ ਵਿਚ ਪਾ ਦਿਤੀ। ਗਾਹਕ ਨੇ ਵੀਹ ਪੰਜੀ ਰੁਪਏ ਦੀਆਂ ਕਿਤਾਬਾਂ ਚੁਣੀਆਂ। ਉਸ ਦੀ ਚੋਣ ਤੋਂ ਜਾਪਦਾ ਸੀ, ਕਿ ਉਹ ਪੰਜਾਬੀ ਵੀ ਨਹੀਂ ਸੀ ਜਾਣਦਾ। ਚੋਣ ਮਗਰੋਂ ਉਸ ਨੇ ਥੈਲਾ ਮੰਗਿਆ, ਜਿਸ ਵਿਚ ਉਸ ਨੇ ਕਿਤਾਬਾਂ ਪਾ ਕੇ ਲਿਜਾਣੀਆਂ ਸਨ। ਆਪਣੇ ਪਾਸ ਥੈਲਾ ਹੈ ਨਹੀਂ ਸੀ। ਮੇਰੇ ਪਾਸ ਕੋਈ ਆਦਮੀ ਨਹੀਂ ਸੀ। ਮੈਂ ਉਸ ਸ਼ਰੀਫ ਆਦਮੀ ਨੂੰ ਉਥੇ ਛਡ ਕੇ ਥੈਲਾ ਖ੍ਰੀਦਣ ਚਲਾ ਗਿਆ। ਮੁੜ ਕੇ ਵਾਪਸ ਆਇਆ ਤਾਂ ਕਿਤਾਬਾਂ ਦਾ ਢੇਰ ਉਥੇ ਹੀ ਪਿਆ ਸੀ, ਪਰ ਗਾਹਕ ਆਪ ਚੰਪਤ ਸੀ। ਮਗਰੋਂ ਕੋਟ ਦੀ ਜੇਬ੍ਹ ਵਿਚ ਹਥ ਮਾਰਿਆ, ਤਾਂ ਅਜ ਦੀ ਡਾਕ ਰਾਹੀਂ ਆਈ ਸਾਰੀ ਮਾਇਆ ਵੀ ਗਾਇਬ ਸੀ।''

ਇਸ ਤਰ੍ਹਾਂ ਕਈ ਫਰਾਡਾਂ ਤੇ ਕਈ ਸ਼ਰੀਫ ਆਦਮੀਆਂ ਨਾਲ ਵਾਹ ਪੈਂਦਾ ਰਿਹਾ, ਤੇ ਸਾਡੇ ਸੁਖੀ ਸਾਂਦੀ ਦਿਨ ਬੀਤਦੇ ਗਏ।

ਇਕ ਦਿਨ ਮੇਰਾ ਮਿਤਰ ਰਾਵਲਪਿੰਡੀ ਦਾ ਇਕ ਪੁਰਾਣਾ ਸੋਸ਼ਲਿਸਟ ਪਾਰਟੀ ਦਾ ਕਾਮਰੇਡ, ਐਸ: ਰਾਮਾ ਜੋ ਉਨ੍ਹੀਂ ਦਿਨੀਂ ਭਗੌੜਾ (ਅੰਡਰਗਰਾਊਂਡ) ਸੀ, ਮਿਲਣ ਆਇਆ। ਉਸ ਨੇ ਮੈਨੂੰ ਦੁਕਾਨ ਤੋਂ ਦੂਰ ਲਿਜਾ ਕੇ ਕਿਹਾ, ''ਅਜ ਸ਼ਾਮ ਦੇ ਛੇ ਵਜੇ ਸੜਕੋਂ ਪਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਾਲੇ ਬ੍ਰਿਛਾ ਹੇਠਾਂ ਖੜੋਤਾ ਹੋਵੇਗਾ, ਉਸ ਨੂੰ ਜ਼ਰੂਰ ਮਿਲਣਾ।''

ਇਹ ਆਖ ਉਹ ਇਕ ਦਮ ਗ਼ਾਇਬ ਹੋ ਗਿਆ। ਇਹ ਕਾਮਰੇਡ ਅਜ ਤੋਂ ਤਿੰਨ ਸਾਲ ਪਹਿਲਾਂ ਰਾਵਲਪਿੰਡੀ ਮੇਰਾ ਸਾਥੀ ਸੀ। ਜਦ ਬਹੁਤ ਸਾਰੇ ਵਰਕਰਾਂ ਦੇ ਵਰੰਟ ਨਿਕਲ ਗਏ, ਤਾਂ ਮੈਂ ਪਾਰਟੀ ਦੀ ਹਿਦਾਇਤ ਤੇ ਪ੍ਰੀਤਨਗਰ ਪਹੁੰਚ ਗਿਆ। ਕੁਝ ਅੰਡਰਗਰਾਊਂਡ ਹੋ ਗਏ, ਤੇ ਬਾਕੀ ਦੇ ਫੜੇ ਗਏ। ਕਾਮਰੇਡ ਐਸ: ਰਾਮਾ ਦੇ ਜਾਣ ਮਗਰੋਂ ਉਸ ਸ਼ਾਮੀਂ ਸੜਕੋਂ ਪਾਰ ਦਰਖਤਾਂ ਦੇ ਝੁੰਡ ਥਲੇ ਸਚਮੁਚ ਇਕ ਪਠਾਣ ਖੜੋਤਾ ਸੀ। ਮੈਂ ਸੋਚਿਆ ਸ਼ਾਇਦ ਸਰਹਦ ਦੇ ਸੋਸ਼ਲਿਸਟ ਲੀਡਰ ਮੌਲਾਨਾ ਪੋਪਲਜ਼ਈ ਨੇ ਕਿਸੇ ਪਠਾਣ ਨੂੰ ਕਿਸੇ ਖਾਸ ਮਕਸਦ ਲਈ ਮੇਰੇ ਪਾਸ ਘਲਿਆ ਹੋਵੇ। ਰਾਵਲਪਿੰਡੀ ਵਿਚ ਜੈ ਪ੍ਰਕਾਸ਼ ਦੀ ਸੋਸ਼ਲਿਸਟ ਪਾਰਟੀ ਦਾ ਮੈਂ ਇਕ ਵਿਸ਼ੇਸ਼ ਰੁਕਨ ਸਾਂ। ਮੈਂ ਉਸ ਨੂੰ ਆਦਾਬ ਅਰਜ਼ ਕਹੀ, ਤਾਂ ਉਹ ਮੁਸਕਰਾ ਪਿਆ। ਇਹ ਸਾਡਾ ਪਿੰਡੀ ਦਾ ਕਾਮਰੇਡ ਸੋਮ ਪ੍ਰਕਾਸ਼ ਸੀ, ਜੋ ਕਾਫੀ ਦੇਰ ਤੋਂ ਭਗੋੜਾ ਸੀ। ਉਸ ਨੇ ਇਸ਼ਾਰੇ ਨਾਲ ਹੀ ਕਿਹਾ ''ਆਓ ਕਿਸੇ ਸੁਰੱਖਿਅਤ ਥਾਂ ਤੇ ਚਲੀਏ।'' ਮੈਂ ਆਪਣੇ ਘਰ ਵਲ ਤੁਰ ਪਿਆ। ਉਹ ਮੇਰੇ ਪਿਛੇ ਪਿਛੇ ਕਾਫੀ ਫਾਸਲੇ ਤੇ ਹੌਲੀ ਹੌਲੀ ਇਧਰ ਉਧਰ ਤਾਕਦਾ ਨਿਸਬਤ ਰੋਡ ਦੀ ਇਕ ਗਲੀ ਵਿਚ ਸਾਡੇ ਘਰ ਪਹੁੰਚ ਗਿਆ। ਉਥੇ ਅਸੀਂ ਕਾਫੀ ਦੇਰ ਤੀਕ ਗਲਾਂ ਕਰਦੇ ਰਹੇ। ਅਖੀਰ ਫੈਸਲਾ ਹੋਇਆ ਕਿ ਇਕ ਦੋ ਦਿਨਾਂ ਨੂੰ ਉਹ ਮੇਰੇ ਘਰ ਆ ਜਾਵੇਗਾ। ਕੁਝ ਦਿਨ ਇਥੇ ਰਹੇਗਾ?''

ਕਈ ਦਿਨ ਉਡੀਕਣ ਮਗਰੋਂ ਵੀ ਉਹ ਨਾ ਮਿਲ ਸਕਿਆ। ਕੁਝ ਦਿਨਾਂ ਪਿੱਛੋਂ ਪਤਾ ਲਗਾ ਕਿ ਉਹ ਗ੍ਰਿਫਤਾਰ ਕਰ ਲਿਆ ਗਿਆ ਹੈ।

ਰਾਵਲਪਿੰਡੀ ਛਡਣ ਮਗਰੋਂ ਮੇਰੀਆਂ ਰਾਜਸੀ ਸਰਗਰਮੀਆਂ ਲਗਪਗ ਖਤਮ ਹੋ ਚੁਕੀਆਂ ਸਨ। ਰਾਵਲਪਿੰਡੀ ਵਾਂਗ ਇਥੇ ਵੀ ਸਵੇਰੇ ਪੰਜ ਵਜੇ ਘਰੋਂ ਨਿਕਲ ਕੇ ਸਿੱਧਾ ਲਾਰੰਸ ਗਾਰਡਨ ਪਹੁੰਚਦਾ। ਉਥੇ ਇਕ ਯੋਗੀ ਨੇ ਤੀਹ ਚਾਲੀ ਬੰਦਿਆਂ ਨੂੰ ਯੋਗਆਸਨਾਂ ਦੀ ਸਿੱਖਲਾਈ ਕਰਵਾਣੀ। ਸੈਰ ਸਪਾਟੇ, ਵਰਜਸ਼, ਦੌੜਾਂ ਤੇ ਜਿਮਨਾਸਟਕ ਦਾ ਮੈਂ ਮੁਢ ਤੋਂ ਹੀ ਸ਼ੌਕੀਨ ਸਾਂ। ਜਿਵੇਂ ਕਿ ਪਿਛੇ ਮੈਂ ਦਸ ਚੁਕਿਆ ਹਾਂ, ਕਿ ਜਿਮਨਾਸਟਕ ਮੈਂ ਸੰਨ 1930 ਵਿਚ ਗ੍ਰੈਗਰੀ ਕਲਬ ਰਾਵਲਪਿੰਡੀ ਵਿਚ ਸਿੱਖੀ ਸੀ। ਹੁਣ ਯੋਗ-ਆਸਨਾਂ ਵਿਚ ਵੀ ਦਿਲਚਸਪੀ ਪੈਦਾ ਹੋ ਗਈ। ਲਾਹੌਰ ਅਸੀਂ ਦੇਸ਼ ਵੰਡ ਤੀਕ ਰਹੇ, ਤੇ ਮੈਂ ਉਦੋਂ ਤੀਕ ਲਗਾਤਾਰ ਰੋਜ਼ਾਨਾ ਸਵੇਰੇ ਯੋਗ-ਆਸਨ ਕੀਤਾ ਕਰਦਾ ਸਾਂ। ਦਿਨੇ, ਪ੍ਰੀਤਨਗਰ ਸ਼ਾਪ ਤੇ ਕੰਮ ਕਰਨਾ ਅਤੇ ਸ਼ਾਮੀਂ ਛੇ ਕੁ ਵਜੇ ਸ਼ਿਮਲਾ ਪਹਾੜੀ ਦੇ ਨੇੜੇ ਕਰ ਕੇ ਇਕ ਕਲੱਬ ਵਿੱਚ ਵਾਲੀਬਾਲ ਖੇਡਣ ਚਲੇ ਜਾਣਾ। ਇਸ ਤਰ੍ਹਾਂ ਵਾਲੀਬਾਲ ਖੇਡਣ ਅਤੇ ਯੋਗ-ਆਸਨਾਂ ਕਰਨ ਦੀ ਪ੍ਰਥਾ ਮੇਰੀ ਦੇਸ਼ ਵੰਡ ਤੀਕ ਲਗਾਤਾਰ ਜਾਰੀ ਰਹੀ।

ਲਾਹੌਰ ਦੀ ਰਿਹਾਇਸ਼ ਸਮੇਂ ਮੇਰੀ ਹਰ ਛੁੱਟੀ ਪ੍ਰੀਤਨਗਰ ਬੀਤਦੀ। ਉਥੇ ਐਤਵਾਰ ਤੇ ਹੋਰ ਛੁਟੀਆਂ ਵਾਲੇ ਦਿਨੀਂ ਖ਼ੂਬ ਰੌਣਕਾਂ ਹੁੰਦੀਆਂ। ਨਾਟਕ ਖੇਡੇ ਜਾਂਦੇ। ਇਨਡੋਰ ਤੇ ਆਊਟਡੋਰ ਗੇਮਾਂ ਖੇਡੀਆਂ ਜਾਂਦੀਆਂ। ਪਿਕਨਿਕਾਂ ਹੁੰਦੀਆਂ ਤੇ ਇਨ੍ਹਾਂ ਸਾਰੇ ਕਾਰਜਾਂ ਵਿਚ ਪ੍ਰੀਤਨਗਰ ਦੇ ਬਾਨੀ ਸ੍ਰ: ਗੁਰਬਖਸ਼ ਸਿੰਘ ਸਭ ਤੋਂ ਮੂਹਰੇ ਰਹਿੰਦੇ। ਉਨ੍ਹਾਂ ਦੀ ਹਿੰਮਤ ਲਗਨ ਤੇ ਸਾਰੇ ਪ੍ਰੀਤਨਗਰੀਆਂ ਨੂੰ ਉਤਸਾਹਿਤ ਕਰਨ ਦੀ ਕੋਸ਼ਿਸ਼ ਨਾਲ ਪ੍ਰੀਤਨਗਰ ਬਹੁਤ ਸਾਰੀਆਂ ਦਿਲਚਸਪੀਆਂ ਦਾ ਕੇਂਦਰ ਬਣ ਗਿਆ। ਇਨ੍ਹਾਂ ਸਰਗਰਮੀਆਂ ਵਿਚ ਮੈਂ ਵੀ ਵਿਸ਼ੇਸ਼ ਹਿਸਾ ਲਿਆ ਕਰਦਾ ਸਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



## ਸ੍ਰੀ ਰਾਮ ਐਂਡ ਕੰਪਨੀ

ਲਾਹੌਰ, ਪ੍ਰੀਤਨਗਰ ਸ਼ਾਪ ਦੇ ਦਫਤਰ ਵਿਚ ਕਾਂਗਰਸ ਤੇ ਸੋਸ਼ਲਿਸਟ ਨੇਤਾ ਲੋਕ ਆਮ ਕਰ ਕੇ ਆਸਣ ਜਮਾਈ ਰਖਦੇ ਸਨ। ਉਨ੍ਹੀਂ ਦਿਨੀਂ ਡਾਕਟਰ ਕਿਚਲੂ ਪੰਜਾਬ ਕਾਂਗਰਸ ਦੇ ਪ੍ਰਧਾਨ ਸੀ ਤੇ ਸੱਕਤਰ ਇਕ ਸਿੱਖ ਨੌਜਵਾਨ, ਜਿਸ ਦਾ ਨਾਂ ਭੁਲ ਗਿਆ ਹੈ। ਇਹ ਨੌਜਵਾਨ ਆਮ ਕਰ ਕੇ ਮੇਰੇ ਪਾਸ ਆਇਆ ਕਰਦਾ ਸੀ। ਇਕ ਦਿਨ ਉਸ ਦੀ ਹਾਜ਼ਰੀ ਵਿਚ ਇਕ ਹਿੰਦੂ ਸਜਣ ਆਏ। ਉਨ੍ਹਾਂ ਪ੍ਰੀਤਨਗਰ ਬਾਰੇ ਵਾਕਫੀ ਪ੍ਰਾਪਤ ਕੀਤੀ ਤੇ ਆਪਣੇ ਆਪ ਨੂੰ ਪ੍ਰੀਤਨਗਰ ਦਾ ਬਹੁਤ ਵਡਾ ਹਮਦਰਦ ਦਸਿਆ। ਉਸ ਕਿਹਾ ਕਿ ਉਹ ਪ੍ਰੀਤਨਗਰ ਨੂੰ ਕੁਝ ਸਹਾਇਤਾ ਦੇਣੀ ਚਾਹੁੰਦਾ ਹੈ। ਇਹ ਸੁਣ ਉਸ ਨੌਜਵਾਨ ਨੇ ਕਾਂਗਰਸ ਦੇ ਮੌਜੂਦਾ ਮਾਲੀ ਸੰਕਟ ਬਾਰੇ ਦਸ ਕੇ ਉਸ ਨੂੰ ਕੁਝ ਮਾਇਆ ਦੇਣ ਦੀ ਅਪੀਲ ਕੀਤੀ। ਉਹ 1942-43 ਦੇ ਦਿਨ ਸਨ। ਮਾਇਆ ਆਮ ਜਨ ਸਾਧਾਰਨ ਤੋਂ ਕੋਹੀਂ ਦੂਰ ਨੱਠਦੀ ਸੀ, ਪਰ ਨੌਜਵਾਨ ਦੀ ਅਪੀਲ ਤੇ ਉਸ ਸਜਣ ਨੇ ਇਕ ਇਕ ਰੁਪਏ ਦੇ ਨੋਟਾਂ ਦੀਆਂ ਚਾਰ ਪੰਜ ਥਹੀਆਂ ਨੌਜਵਾਨ ਵਲ ਇਵੇਂ ਸੁਟੀਆਂ, ਜਿਵੇਂ ਕੋਈ ਬਜ਼ੁਰਗ ਡੋਲੀ ਵੇਲੇ ਨਵਵਿਆਹੀ ਕੁੜੀ ਤੋਂ ਸੈਂਕੜੇ ਨਿਕੇ-ਵਡੇ ਸਕੇ ਵਾਰ ਕੇ ਸੁਟਦਾ ਹੈ। ਪੰਜ ਸੌ ਰੁਪਏ ਦੀ ਪ੍ਰਾਪਤੀ ਪਿਛੋਂ ਉਹ ਨੌਜਵਾਨ ਫਿਰ ਵੀ ਉਸ ਸਜਣ ਨੂੰ ਮਿਲ ਕੇ ਪੈਸੇ ਬਟੋਰਦਾ ਰਿਹਾ। ਪਤਾ ਨਹੀਂ ਉਹ ਮਾਇਆ ਦਫਤਰ ਵਿਚ ਜਮਾਂ ਹੁੰਦੀ ਰਹੀ ਜਾਂ ਸਿੱਧੀ ਉਸ ਦੀਆਂ ਸਤਿਆਰਥੀ ਮਾਰਕਾ ਲੰਬੇ ਕੋਟ ਦੀਆਂ ਜੇਬਾਂ ਵਿਚ ਅਲੋਪ ਹੁੰਦੀ ਰਹੀ।

ਇਸ ਸਜਣ ਬਾਰੇ ਜੋ ਵਾਕਫੀ ਮਗਰੋਂ ਪ੍ਰਾਪਤ ਹੋਈ, ਉਹ ਬੜੀ ਦਿਲਚੱਸਪ ਸੀ। ਉਸ ਦਾ ਨਾਂ ਸੀ ਸੰਤ ਰਾਮ। ਅਜ ਤੋਂ ਕੁਝ ਸਾਲ ਪਹਿਲਾਂ ਰੋਜ਼ਗਾਰ ਲਭਣ ਉਹ ਆਪਣਾ ਵਤਨ ਛਡ ਬਰਮਾ ਚਲਾ ਗਿਆ ਸੀ। ਉਥੇ ਉਹ ਇਕ ਸਿੱਖ ਠੇਕੇਦਾਰ ਪਾਸ ਨੌਕਰ ਹੋ ਗਿਆ। ਕੁਝ ਦਿਨਾਂ ਮਗਰੋਂ ਠੇਕੇਦਾਰ ਅਤੇ ਉਸ ਦੇ ਸਾਥੀਆਂ ਨੂੰ ਪ੍ਰਸੰਨ ਕਰਨ ਲਈ ਉਹ ਸਿੰਘ ਸਜ ਗਿਆ। ਨਾਂ ਉਸ ਨੇ ਸੰਤਰਾਮ ਸਿੰਘ ਰਖ ਲਿਆ। ਮਾਂਡਲੇ ਗੁਰਦੁਆਰੇ ਦਾ ਉਹ ਸੱਕਤਰ ਬਣ ਗਿਆ। ਹੁਣ ਉਹ ਬਰਮਾ ਦੇ ਸਾਰੇ ਸਿੱਖ ਸੰਸਾਰ ਦਾ ਪ੍ਰਸਿੱਧ ਨੇਤਾ ਸੀ। ਇਸ ਤਰ੍ਹਾਂ ਉਸ ਦੀ ਉਚੇ ਤਬਕੇ ਤੀਕ ਤਕੜੀ ਪਹੁੰਚ ਵੀ ਹੋ ਗਈ। ਫਿਰ ਉਸ ਨੇ ਆਪਣਾ ਨਿਜੀ ਠੇਕਾ ਲੈ ਲਿਆ। ਉਸ ਠੇਕੇ ਵਿਚੋਂ ਉਸ ਨੇ ਲਖਾਂ ਰੁਪਏ ਕਮਾਏ। ਬਹੁਤ ਸਾਰਾ ਧਨ ਕਮਾਣ ਮਗਰੋਂ ਉਹ ਮੁੜ ਸ੍ਰੀ ਸੰਤ ਰਾਮ ਬਣ ਗਿਆ। ਉਹ ਛੜਾ ਮਲੰਗ ਸੀ। ਲਖਾਂ ਰੁਪਏ ਕਮਾ ਕੇ ਉਹ ਦੇਸ਼ ਪਰਤ ਆਇਆ। ਕੌਮਪ੍ਰਸਤ ਹੋਣ ਨਾਤੇ ਦੇਸ਼ ਸੇਵਾ ਦੇ ਕੰਮਾਂ ਵਿਚ ਉਸ ਨੇ ਬਹੁਤ ਸਾਰਾ ਧਨ ਦਾਨ ਵੀ ਦਿਤਾ।

ਕੁਝ ਸਾਲਾਂ ਮਗਰੋਂ ਸੰਤ ਰਾਮ ਨੇ ਲਾਹੌਰ ਦੇ ਇਕ ਬਹੁਤ ਵਡੇ ਹੋਟਲ ਵਿਚ ਚਾਰ ਕਮਰੇ ਕਰਾਏ ਤੇ ਲੈ ਕੇ ਇਕ ਬਹੁਤ ਤਕੜੀ ਸ੍ਰੀ ਰਾਮ ਐਂਡ ਕੰਪਨੀ ਦੀ ਨੀਂਹ ਰਖ ਦਿਤੀ। ਹਜ਼ਾਰ ਰੁਪਏ ਮਹੀਨੇ ਤੇ ਇਕ ਅੰਗ੍ਰੇਜ਼ ਮੈਨੇਜਰ ਰਖਿਆ। ਰੀਸੈਪਸ਼ਨਿਸਟ ਬੜੀ ਸੁੰਦਰ ਗੋਰੀ ਕੁੜੀ ਸੀ। ਬਾਕੀ ਵੀ ਬਹੁਤ ਸਾਰਾ ਸਟਾਫ ਸੀ। ਅੰਗ੍ਰੇਜ਼ੀ ਅਖਬਾਰਾਂ ਵਿਚ ਵਡੇ ਪੈਮਾਨੇ ਤੇ ਸ੍ਰੀ ਰਾਮ ਐਂਡ ਕੰਪਨੀ ਵਲੋਂ ਨਵੀਂ ਕਾਲੋਨੀ ਵਿਚ ਪਲਾਟ ਖ੍ਰੀਦਣ ਅਰ ਕੋਠੀਆਂ ਬਨਾਣ ਲਈ ਇਸ਼ਤਿਹਾਰ ਦਿਤੇ ਗਏ। ਬਾਹਰੋਂ ਧੜਾਧੜ ਰੁਪਿਆ ਆਣਾ ਸ਼ੁਰੂ ਹੋ ਗਿਆ। ਕਾਲੋਨੀ ਲਈ ਜ਼ਮੀਨ ਹਾਲੀਂ ਖਰੀਦੀ ਨਹੀਂ ਸੀ ਗਈ ਪਰ ਕਾਗਜ਼ਾਂ ਵਿਚ ਬੜੇ ਸੁੰਦਰ ਬੰਗਲਿਆਂ ਦੀ ਧੜਾਧੜ ਉਸਾਰੀ ਹੋ ਰਹੀ ਹੈ। ਇੱਟਾਂ, ਸੀਮੰਟ, ਸਰੀਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਲਕੜ ਆਦਿ ਲਖਾਂ ਰੁਪਿਆਂ ਦਾ ਸਮਾਨ ਮੰਗਾਇਆ ਜਾ ਰਿਹਾ ਹੈ। ਪਲਾਟ ਅਰ ਬੰਗਲੇ ਖਰੀਦਣ ਵਾਲੇ ਧਨੀ ਲੋਕਾਂ ਦਾ ਮੈਨੇਜਰ ਦੇ ਕਮਰੇ ਵਿਚ ਤਾਂਤਾ ਲਗਾ ਰਹਿੰਦਾ। ਇਹ ਕਾਰਜ 1947 ਤੀਕ ਜਾਰੀ ਰਿਹਾ। ਇਸ ਮਗਰੋਂ ਸਾਰੀ ਦੁਨੀਆਂ ਵਾਂਗ ਸ੍ਰੀ ਰਾਮ ਐਂਡ ਕੰਪਨੀ ਵੀ ਆਪਣਾ ਲਟਾ ਪਟਾ ਸੰਭਾਲ ਭਾਰਤ ਆ ਗਈ। ਪਤਾ ਨਹੀਂ ਉਸ ਕਾਲੋਨੀ ਦਾ ਕੀ ਬਣਿਆ, ਜਿਸ ਲਈ ਧਰਤੀ ਹਾਲੀਂ ਖਰੀਦੀ ਜਾਣੀ ਸੀ, ਪਰ ਨਕਸ਼ੇ ਵਿਚ ਬਹੁਤ ਸਾਰੇ ਬੰਗਲੇ ਉਸਰ ਚੁਕੇ ਸਨ, ਤੇ ਸੜਕਾਂ ਤੇ ਤਾਰਕੋਲ ਵਿਛਾ ਦਿਤੀ ਗਈ ਸੀ। ਬਿਜਲੀ ਦੇ ਖੰਬੇ ਲਗ ਚੁਕੇ ਸਨ। ਪਕੀਆਂ ਨਾਲੀਆਂ ਬਣ ਗਈਆਂ, ਤੇ ਨਲਕੇ ਫਿਟ ਹੋ ਚੁਕੇ ਸਨ।

## ਲਾਹੌਰ ਵਿਚ ਫਿਰਕੂ ਫਸਾਦ

ਮਿ: ਜਿਨਾਹ ਦੀ ਉਕਸਾਹਟ ਤੇ ਭਾਰਤ ਦੀ ਮੁਸਲਮ ਬਹੁ-ਗਿਣਤੀ, ਦੇਸ ਦੇ ਟੁਕੜੇ ਕਰਨ ਦੇ ਹਕ ਵਿਚ ਉਠ ਖੜੋਤੀ। ਜਿਸ ਸੂਬੇ ਵਿਚ ਉਹਨਾਂ ਦੀ ਗਿਣਤੀ ਜ਼ਿਆਦਾ ਸੀ, ਉਥੇ ਉਨ੍ਹਾਂ ਹਿੰਦੂ, ਸਿੱਖ, ਈਸਾਈ ਤੇ ਕੌਮਪ੍ਰਸਤ ਮੁਸਲਮਾਣਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਬੰਗਾਲ ਤੇ ਸਰਹਦੀ ਸੂਬੇ ਵਿਚ ਉਨ੍ਹਾਂ ਨੇ ਹਿੰਦੂਆਂ ਦੀ ਭਾਰੀ ਗਿਣਤੀ ਵਿਚ ਤਬਾਹੀ ਕੀਤੀ। ਮਹਾਤਮਾ ਗਾਂਧੀ ਇਕ ਪਾਸੇ ਦੀ ਅਗ ਬੁਝਾਦੇ ਤਾਂ ਦੂਜੇ ਪਾਸੇ ਫਿਰਕੂ ਅਗ ਲਗਾ ਦੇਂਦੇ। ਹਜ਼ਾਰਾਂ ਆਦਮੀ ਕਤਲ ਕਰ ਦਿਤੇ ਗਏ। ਅਰਬਾਂ ਰੁਪਿਆਂ ਦੀਆਂ ਜਾਇਦਾਦਾਂ ਬਰਬਾਦ ਕਰ ਦਿਤੀਆਂ ਗਈਆਂ ਸਨ। ਸੰਨ 1946-47 ਵਿਚ ਦੇਸ਼ ਦੀ ਬਰਬਾਦੀ ਟੀਸੀ ਤੇ ਜਾ ਪਹੁੰਚੀ। ਚੁਪਾਸੀਂ ਅਗਾਂ ਦੇ ਭਾਂਬੜ ਬਲਦੇ ਨਜ਼ਰ ਆਂਦੇ ਸਨ। 1947 ਵਿਚ ਭਾਵੇਂ ਸਾਰੇ ਦੇਸ਼ ਦੇ ਪ੍ਰਧਾਨ ਮੰਤ੍ਰੀ ਪੰ: ਜਵਾਹਰ ਲਾਲ ਸਨ ਤੇ ਜਿਸ ਸੂਬੇ ਵਿਚ ਹਿੰਦੂ, ਘਟ ਗਿਣਤੀ ਦੇ ਮੁਸਲਮਾਣਾਂ ਤੋਂ ਬਦਲਾ ਲੈਂਦੇ, ਉਥੇ ਉਹ ਪਹੁੰਚ ਕੇ ਬੰਬਾਰੀ ਤੀਕ ਦਾ ਡਰ ਡਰਾਵਾ ਦੇ ਕੇ ਹਾਲਾਤ ਤੇ ਕਾਬੂ ਪਾ ਲੈਂਦੇ, ਪਰ ਬਹੁਗਿਣਤੀ ਦੇ ਮੁਸਲਮ ਇਲਾਕਿਆਂ ਵਿਚ ਉਨ੍ਹਾਂ ਦੀ ਕੋਈ ਨਾ ਸੁਣਦਾ। ਕਈ ਵਡੇ ਵਡੇ ਨੇਤਾ ਅਗ ਬੁਝਾਣ ਦੇ ਯਤਨ ਕਰਦੇ ਆਪ ਸੜ ਗਏ। ਕਈ ਕਟੜ ਫਿਰਕਾਪ੍ਰਸਤ ਬਣ ਗਏ। ਮੁਸਲਮ ਜਨਤਾ ਵਿਚ ਇੰਨਾਂ ਜ਼ਹਿਰ ਪ੍ਰਵੇਸ਼ ਕਰ ਦਿਤਾ ਗਿਆ, ਕਿ ਉਹ ਪਾਕਿਸਤਾਨ ਦੇ ਨਾਂ ਤੇ ਮਰ ਮਿਟਣ ਨੂੰ ਤਿਆਰ ਹੋ ਗਈ। ਕੌਮ-ਪ੍ਰਸਤ ਮੁਸਲਮਾਣਾਂ ਦੀ ਕੋਈ ਸੁਣਦਾ ਹੀ ਨਹੀਂ ਸੀ। ਮੌਲਾਨਾ ਆਜ਼ਾਦ, ਅਬਦੁਲ ਗੁਫ਼ਾਰ ਖਾਨ, ਡਾਕਟਰ ਖਾਨ ਸਾਹਿਬ ਤੇ ਲਖਾਂ ਮੁਸਲਮਾਣਾਂ ਦੇ ਪੀਰ ਨੇਤਾ ਸਯਦ ਅਤਾਉਲਾ ਸ਼ਾਹ ਬੁਖਾਰੀ ਵਰਗੇ ਲੀਡਰਾਂ ਦਾ ਜਨਤਾ ਵਿਚੋਂ ਰਸੂਖ ਉਡ ਗਿਆ। ਦੇਸ਼ ਦੇ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਵਿਚ ਫਿਰਕੂ ਅਗ ਪਸਰ ਗਈ।

ਅੰਗ੍ਰੇਜ਼ੀ ਸਰਕਾਰ ਤਾਂ ਚਾਹੁੰਦੀ ਹੀ ਇਹ ਸੀ। ਜਦੋਂ ਲੋਕੀ ਅੰਗ੍ਰੇਜ਼ ਹਾਕਮਾਂ ਪਾਸ ਸ਼ਿਕਾਇਤ ਲੈ ਕੇ ਜਾਂਦੇ, ਤਾਂ ਉਹ ਖੁਲ੍ਹਮ ਖੁਲ੍ਹਾ ਕਹਿੰਦੇ - ''ਜਾਓ ਗਾਂਧੀ ਪਾਸ, ਜਾਓ ਜਵਾਹਰ ਤੇ ਪਟੇਲ ਪਾਸ, ਜੋ ਤੁਮਹੇਂ ਆਜ਼ਾਦੀ ਦਿਲਾਨਾ ਚਾਹਤੇ ਹੈਂ।''

ਜਨਤਾ, ਹਾਕਮਾਂ ਪਾਸੋਂ ਤੰਗ ਪੈ ਗਈ। ਲੀਡਰਾਂ ਦੇ ਵਸ ਕੁਝ ਨਾ ਰਿਹਾ ਤਾਂ ਲੋਕਾਂ ਆਪ-ਬਚਾਉ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ। ਮਹੱਲੇ ਮਹੱਲੇ ਵਿਚ ਹਥਿਆਰ ਇਕੱਠੇ ਕੀਤੇ ਜਾਣ ਲਗੇ। ਬੰਦੂਕਾਂ, ਪਿਸਤੌਲ ਤੇ ਬੰਬ ਆਦਿ ਬਣਨੇ ਸ਼ੁਰੂ ਹੋ ਗਏ। ਹਰ ਮਹੱਲੇ ਵਿਚ ਸਿੱਖ, ਹਿੰਦੂ ਤੇ ਮੁਸਲਮਾਣਾਂ ਦੀਆਂ ਵੱਖ ਵੱਖ ਕਮੇਟੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬਣ ਗਈਆਂ, ਜਿਨ੍ਹਾਂ ਦਾ ਕੰਮ ਮੁਕਾਬਲੇ ਦੀ ਮੋਰਚਾ-ਬੰਦੀ ਕਰਨੀ ਹੁੰਦਾ ਸੀ। ਐਸਾ ਜਾਪਦਾ ਸੀ, ਜਿਵੇਂ ਦੇਸ਼ ਭਰ ਵਿਚ ਲਾ-ਕਾਨੂੰਨੀ ਫੈਲ ਗਈ ਹੈ।

ਪੱਛਮੀ ਭਾਰਤ ਵਿਚ ਸਭ ਤੋਂ ਪਹਿਲਾਂ ਇਹ ਅੱਗ ਸਰਹਦ ਵਿਚ ਲਗੀ। ਕਈ ਸੈਂਕੜੇ ਲੋਕ ਕਤਲ ਹੋ ਗਏ, ਤੇ ਬਾਕੀ ਦੇ ਹਿੰਦੂ ਸਿੱਖ ਨਠ ਕੇ ਪੰਜਾਬ ਦੇ, ਵੱਖ ਵੱਖ ਸ਼ਹਿਰਾਂ ਵਿਚ ਆ ਗਏ। ਖਾਨ ਭਰਾਵਾਂ ਨੇ ਆਪਣੀ ਸੁਰਖਪੋਸ਼ ਜਮਾਤ ਦੀ ਸਹਾਇਤਾ ਨਾਲ ਹਿੰਦੂ, ਸਿੱਖਾਂ ਦੀ ਭਾਰੀ ਮਦਦ ਕੀਤੀ, ਪਰ ਜੋ ਜ਼ਹਿਰ ਮੁਸਲਮ ਜਨਤਾ ਵਿਚ ਭਰਿਆ ਜਾ ਚੁਕਾ ਸੀ, ਉਸ ਤੋਂ ਬਚਾ ਨਹੀਂ ਸੀ ਕੀਤਾ ਜਾ ਸਕਦਾ।

ਉਸ ਉਪਰੰਤ ਰਾਵਲਪਿੰਡੀ ਕੈਂਬਲਪੁਰ ਤੇ ਜੇਹਲਮ ਦੇ ਜ਼ਿਲਿਆਂ ਵਿਚ ਮੁਸਲਮਾਣਾਂ ਦੇ ਹਥਿਆਰਬੰਦ ਗਰੋਹਾਂ ਨੇ ਅਗਾਂ ਲਾਈਆਂ। ਕਤਲ ਕੀਤੇ ਤੇ ਲੁਟ ਮਾਰ ਮਚਾਈ। ਵਡੇ ਵਡੇ ਸ਼ਹਿਰਾਂ ਵਿਚ ਤਾਂ ਸਿੱਖਾਂ ਤੇ ਹਿੰਦੂਆਂ ਨੇ ਮੁਕਾਬਲੇ ਦੀ ਤਕੜੀ ਮੋਰਚੇ-ਬੰਦੀ ਕਰ ਲਈ, ਪਰ ਪਿੰਡਾਂ ਵਿਚ ਉਹ ਤਬਾਹੀ ਮਚੀ, ਕਿ ਰਹੇ ਰਬ ਦਾ ਨਾਂ। ਹਜ਼ਾਰਾਂ ਮਾਰੇ ਗਏ। ਕਰੋੜਾਂ ਦੀ ਜਾਇਦਾਦ ਲੁਟੀ ਤੇ ਸਾੜੀ ਗਈ, ਤੇ ਬਚੇ ਖੁਚੇ ਲੋਕੀ ਕੈਂਪਾਂ ਵਿਚ ਆਣ ਪਹੁੰਚੇ। ਮੈਂ ਉਸ ਸਮੇਂ ਲਾਹੌਰ ਸਾਂ। ਲਾਹੌਰ ਵਿਚ ਗਲੀ ਗਲੀ ਮਹੱਲੇ ਮਹੱਲੇ ਇਹ ਅਗ ਫੈਲ ਗਈ। ਜਿਹੜੇ ਹਿੰਦੂ ਘਰ, ਮੁਸਲਮ ਬਹੁ-ਗਿਣਤੀ ਵਿਚ ਘਿਰੇ ਸਨ, ਉਨ੍ਹਾਂ ਨੂੰ ਲੁਟਿਆ ਤੇ ਸਾੜਿਆ ਗਿਆ। ਹੁਣ ਇਹ ਰੋਜ਼ਾਨਾ ਦਾ ਨਿਯਮ ਹੋ ਗਿਆ, ਕਿ ਕਿਸੇ ਨਾ ਕਿਸੇ ਮਹੱਲੇ ਚਵ੍ਹੀ ਘੰਟੇ ਅਗ ਲਗੀ ਹੀ ਰਹਿੰਦੀ, ਤੇ ਦਿਨ ਵਿਚ ਕਈ ਕਈ ਵਾਰ ਲੋਕੀ ਮੋਰਚੇ-ਬੰਦੀ ਕਰਦੇ।

ਕਾਰੋਬਾਰ ਤਬਾਹ ਹੋ ਗਏ ਸਨ। ਲੋਕੀ ਬਹੁਗਿਣਤੀ ਵਾਲੇ ਪੰਜਾਬ ਵਿਚ ਨਠੇ ਆ ਰਹੇ ਸਨ। ਉਸ ਸਮੇਂ ਖਬਰ ਮਿਲੀ, ਕਿ ਰਾਵਲਪਿੰਡੀ ਸ਼ਹਿਰ ਵਿਚ ਵਸਦੇ ਆਪਣੇ ਮਾਤਾ-ਪਿਤਾ ਤੇ ਹੋਰ ਰਿਸ਼ਤੇਦਾਰ ਉਜੜ-ਪੁਜੜ ਗਏ ਹਨ, ਤੇ ਇਸ ਸਮੇਂ ਉਹ ਪਤਾ ਨਹੀਂ ਕਿਸ ਹਾਲਤ ਵਿਚ, ਜਾਂ ਕਿਥੇ ਹਨ?

ਪਿੰਡੀ ਪਹੁੰਚਣ ਦੇ ਰਸਤੇ ਸਭ ਬੰਦ ਹੋ ਗਏ ਸਨ। ਗਡੀਆਂ ਤੇ ਬਸਾਂ ਦਾ ਸੰਬੰਧ ਵਡੇ ਵਡੇ ਸ਼ਹਿਰਾਂ ਨਾਲੋਂ ਟੁਟ ਚੁਕਾ ਸੀ। ਸਿਵਾਏ ਹਵਾਈ ਜਹਾਜ਼ ਦੇ ਹੋਰ ਸਭ ਸਫਰ ਦੇ ਸਾਧਨ ਬੰਦ ਹੋ ਚੁਕੇ ਸਨ।

## ਮਾਤਾ-ਪਿਤਾ ਰਾਵਲਪਿੰਡੀ ਤੋਂ ਪ੍ਰੀਤਨਗਰ

ਪੰਡਤ ਨਹਿਰੂ, ਗਿ: ਗੁਰਮੁਖ ਸਿੰਘ ਮੁਸਾਫਰ ਨਾਲ ਹਵਾਈ ਜਹਾਜ਼ ਰਾਹੀਂ ਮਈ-ਜੂਨ ਸੰਨ 1947 ਨੂੰ ਪਿੰਡੀ ਪਹੁੰਚ ਕੇ ਹਾਲਾਤ ਵੇਖ ਆਏ ਸਨ। ਉਨ੍ਹੀਂ ਦਿਨੀਂ ਆਪਣੇ ਪਲੇ ਪੈਸਾ ਨਹੀਂ ਸੀ। ਆਪਣੀ ਆਰਥਕ ਹਾਲਤ ਬੜੀ ਖਰਾਬ ਸੀ। ਭੈਣ ਜਸਵੰਤ ਨੇ ਕਿਧਰੋਂ ਇਕ ਸੌ ਰੁਪਿਆ ਲਿਆ ਦਿਤਾ। ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਨਿਗਰਾਨੀ ਲਈ ਛਡ, ਮੈਂ ਰਾਵਲਪਿੰਡੀ ਜਾਣ ਦੀ ਤਿਆਰੀ ਕਰ ਲਈ। ਤੀਜੇ ਦਿਨ ਮੈਨੂੰ ਹਵਾਈ ਜਹਾਜ਼ ਦਾ ਟਿਕਟ ਮਿਲ ਗਿਆ। ਆਪਣੇ ਪਰਿਵਾਰ ਤੇ ਬਚਿਆਂ ਨੂੰ ਲਾਹੌਰ ਦੀ ਅੱਗ ਵਿਚ ਸੁਟ ਆਪ ਪਿੰਡੀ ਵਲ ਨਠ ਤੁਰਿਆ। ਘੰਟੇ ਭਰ ਦਾ, ਸਫਰ ਸੀ, ਤੇ ਹਮਸਫਰ ਸਾਰੇ ਉਹ ਹਿੰਦੂ ਸਿੱਖ ਸਨ, ਜਿਨ੍ਹਾਂ ਮੇਰੇ ਵਾਂਗ ਇਸ ਮੁਸੀਬਤ ਸਮੇਂ ਹੀ ਪਹਿਲੀ ਵਾਰ ਹਵਾਈ ਜਹਾਜ਼ ਦਾ ਸਫਰ ਕੀਤਾ ਸੀ। ਰਾਹ ਵਿਚ ਪੰਜਾਬ ਦੇ ਪਿੰਡਾਂ ਵਿਚ ਅੱਗਾਂ ਦੇ ਬਲਦੇ ਭਾਂਬੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਹਾਜ਼ 'ਚੋਂ ਸਾਫ ਨਜ਼ਰ ਆਉਂਦੇ ਸਨ। ਹਵਾਈ ਜਹਾਜ਼, ਸ਼ਹਿਰ ਤੋਂ ਚਾਰ-ਪੰਜ ਮੀਲ ਦੂਰ ਚਕਲਾਲੇ ਦੇ ਹਵਾਈ ਅੱਡੇ ਤੇ ਜਾ ਉਤਰਿਆ। ਉਥੋਂ ਅਸੀਂ ਟੋਲੀਆਂ ਵਿਚ ਕੋਈ ਟਾਂਗੇ ਤੇ ਕੋਈ ਪੈਦਲ ਸ਼ਹਿਰ ਵਲ ਤੁਰ ਪਏ।

ਰਾਹ ਵਿਚ ਹੀ ਮੈਨੂੰ ਪਤਾ ਲਗ ਗਿਆ, ਕਿ ਸਾਡੇ ਬ੍ਰਿਧ ਮਾਤਾ ਪਿਤਾ ਤੇ ਹੋਰ ਸੰਬੰਧੀ ਸਿੰਘ ਸਭਾ ਗੁਰਦਵਾਰੇ ਵਿੱਚ ਬਣੇ ਕੈਂਪ ਵਿਚ ਆ ਗਏ ਹਨ। ਛੋਟੀ ਭੈਣ ਨੰਦ ਕੌਰ ਦਾ ਪਰਿਵਾਰ ਹਾਲੀਂ ਪਿੰਡ ਵਿਚ ਹੀ ਸੀ, ਉਸ ਪਿੰਡ ਵਿਚ ਚੰਗੀ ਤਕੜੀ ਖ਼ੂਨ ਦੀ ਹੋਲੀ ਖੇਡੀ ਜਾ ਚੁਕੀ। ਇਸ ਤੋਂ ਬਿਨਾਂ ਉਨ੍ਹਾਂ ਬਾਰੇ ਹੋਰ ਕੋਈ ਵਾਕਫੀ ਨਾ ਮਿਲ ਸਕੀ।

ਮੈਂ, ਸਿੰਘ ਸਭਾ ਗੁਰਦਵਾਰੇ ਜਾ ਪੁਜਾ। ਹਜ਼ਾਰਾਂ ਦੀ ਗਿਣਤੀ ਵਿਚ ਲੁਟੇ-ਪੁਟੇ ਲੋਕੀ ਉਥੇ ਮੌਜੂਦ ਸਨ। ਉਨ੍ਹਾਂ ਨੂੰ ਕਣਕ ਤੇ ਜੌਂ ਦੇ ਆਟੇ ਦੀ ਮਿਲੀ ਜੁਲੀ ਰੋਟੀ ਲੰਗਰ 'ਚੋਂ ਫਰੀ ਮਿਲਦੀ ਸੀ। ਪਿਤਾ ਜੀ ਦੀ ਸਿਹਤ ਕਾਫੀ ਖਰਾਬ ਸੀ। ਉਨ੍ਹਾਂ ਦੇ ਦਵਾ ਦਾਰੂ ਦਾ ਕੋਈ ਪ੍ਰਬੰਧ ਨਹੀਂ। ਪਲੇ ਪੈਸਾ ਨਹੀਂ। ਕੱਪੜਾ ਨਹੀਂ। ਬਿਸਤਰਾ ਨਹੀਂ। ਸਿਰਫ ਪਹਿਨੇ ਹੋਏ ਤਿੰਨ ਤਿੰਨ ਕਪੜਿਆਂ ਵਿਚ ਉਹ ਆਪਣੇ ਘਰੋਂ ਨਿਕਲੇ ਸਨ। ਸਾਡੇ ਮਹੱਲੇ ਰਾਮ ਨਗਰ ਤੇ ਹੋਏ ਹੱਲੇ ਤੇ ਖ਼ੂਨ ਖਰਾਬੇ ਦੀ ਸਾਰੀ ਕਹਾਣੀ ਉਨ੍ਹਾਂ ਸੁਣਾਈ। ਉਨ੍ਹਾਂ ਦੇ ਮਕਾਨ ਛਡਣ ਪਿਛੋਂ ਉਸ ਸਾਰੇ ਮਹੱਲੇ ਨੂੰ ਹੀ ਸਾੜ ਫੂਕ ਸੁਆਹ ਕਰ ਦਿਤਾ ਗਿਆ ਸੀ।

ਮੈਨੂੰ ਇਹ ਵੇਖ ਕੇ ਖੁਸ਼ੀ ਹੋਈ, ਕਿ ਮਾਤਾ-ਪਿਤਾ ਦੋਹਾਂ ਦੀ ਮਾਨਸਿਕ ਅਵੱਸਥਾ ਚੜ੍ਹਦੀ ਕਲਾ ਵਿਚ ਸੀ। ਉਹ ਇਸ ਸਾਂਝੀ ਆ ਪਈ ਬਿਪਤਾ ਲਈ ਸਾਂਝਾ ਹੀ ਦੁਖ ਦਰਦ ਮਹਿਸੂਸ ਕਰਦੇ ਸਨ, ਹਾਲਾਂਕਿ ਬਾਕੀ ਲੋਕਾਂ ਨੂੰ ਆਪੋ-ਧਾਪੀ ਪਈ ਹੋਈ ਸੀ। ਲੁਟੇ ਪੁਟੇ ਜਾਣ ਮਗਰੋਂ ਚਾਰੋਂ ਪਾਸੇ ਕੁਰਲਾਹਟ ਮਚਿਆ ਹੋਇਆ ਸੀ। ਕੈਂਪ ਵਿਚ ਸਾਡੇ ਹੋਰ ਵੀ ਬਹੁਤ ਸਾਰੇ ਸੰਬੰਧੀ ਆ ਗਏ ਸਨ, ਪਰ ਛੋਟੀ ਭੈਣ ਬਾਰੇ ਪਤਾ ਲਗਾ ਕਿ ਉਹ ਆਪਣੇ ਪਿੰਡ ਬੋਕਣ ਵਿਚ ਹੈ, ਜਿਹੜਾ ਦੁਪਾਸਿਉਂ ਵਡੇ ਵਡੇ ਮੁਸਲਮ ਪਿੰਡਾਂ ਨਾਲ ਘਿਰਿਆ ਹੋਇਆ ਹੈ। ਤੇ ਇਸ ਸਮੇਂ ਉਸ ਪਰਿਵਾਰ ਬਿਨਾਂ ਉਥੇ ਹੋਰ ਕੋਈ ਹਿੰਦੂ ਸਿੱਖ ਮੌਜੂਦ ਨਹੀਂ।

ਮੈਂ ਮਾਤਾ-ਪਿਤਾ ਦੀ ਆਰਜ਼ੀ ਦਵਾਦਾਰੂ ਦਾ ਪ੍ਰਬੰਧ ਕਰ ਕੇ ਆਪ ਭੈਣ ਦੇ ਪਿੰਡ ਵਲ ਤੁਰ ਪਿਆ। ਉਨ੍ਹਾਂ ਦੇ ਪਿੰਡ ਤੋਂ ਚਾਰ ਮੀਲ ਦੂਰ ਦੋਲਤਾਲੇ ਵਿਚ ਇਕ ਤਕੜਾ ਕੈਂਪ ਸੀ, ਜਿਥੇ ਗੋਰਖਾ ਤੇ ਗੋਰਾ ਮਿਲਟਰੀ ਮੌਜੂਦ ਸੀ। ਮੈਂ ਆਪਣੀ ਜਾਨ ਖਤਰੇ ਵਿਚ ਪਾ ਕੇ ਬਸ ਵਿਚ ਬੈਠ ਦੋਲਤਾਲੇ ਜਾ ਪੁਜਾ। ਉਥੇ ਮੇਰਾ ਇਕ ਮਿਤਰ ਦਲੀਪ ਸਿੰਘ ਮੌਜੂਦ ਸੀ। ਉਸ ਬਿਨਾਂ ਉਸ ਕਸਬੇ ਵਿਚ ਮੇਰਾ ਕੋਈ ਵਾਕਫ ਨਹੀਂ ਸੀ। ਮੈਂ ਕੈਂਪ ਇੰਚਾਰਜ ਨੂੰ ਆਪਣੀ ਤਕਲੀਫ ਦਸੀ, ਕਿ ਪਿੰਡ ਬੋਕਣ ਵਿਚ ਭੈਣ ਦਾ ਪਰਿਵਾਰ ਫਸਿਆ ਹੋਇਆ ਹੈ। ਉਸ ਨੂੰ ਉਥੋਂ ਕਢਣਾ ਹੈ। ਉਸ ਨੇ ਭਰੋਸਾ ਦਵਾਇਆ ਕਿ ਦੂਜੇ ਦਿਨ ਮਿਲਟਰੀ ਉਥੇ ਘਲ ਦਿਤੀ ਜਾਵੇਗੀ।

ਮੈਂ ਉਥੇ ਪੂਰੇ ਪੰਜ ਦਿਨ ਰਿਹਾ। ਰੋਜ਼ ਕੈਂਪ ਵਾਲੇ ਲਾਰਾ ਲਪਾ ਲਾ ਛਡਣ, ਪਰ ਰੋਜ਼ ਉਹ ਕਿਸੇ ਹੋਰ ਪਾਸੇ ਮਿਲਟਰੀ ਤੋਰ ਦਿਤਾ ਕਰਨ। ਲੋਕੀ ਵਢੀ ਤੇ ਰਸੂਖ ਲੜਾ, ਆਪਣੇ ਪਿੰਡਾਂ ਵਿਚ ਫਸੇ ਲੋਕਾਂ ਨੂੰ ਕਢਣ ਦਾ ਬਹਾਨਾ ਘੜ, ਉਥੇ ਦਬਿਆ ਧਨ, ਗਹਿਣਾ ਗਟਾ ਜਾਂ ਰਹਿ ਗਿਆ ਸਾਮਾਨ ਲੈਣ ਤੁਰ ਪੈਂਦੇ। ਅਖੀਰ ਪੰਜਵੇਂ ਦਿਨ ਮਿਲਟਰੀ ਨੂੰ ਨਾਲ ਲੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੋਕਣ ਪਿੰਡ ਜਾ ਪਹੁੰਚਿਆ। ਉਥੇ ਭੈਣ ਦਾ ਪਰਿਵਾਰ ਸਖਤ ਪ੍ਰੇਸ਼ਾਨੀ ਦੀ ਹਾਲਤ ਵਿਚ ਆਪਣੀ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ। ਉਨ੍ਹਾਂ ਨੂੰ ਆਸ ਨਹੀਂ ਸੀ, ਕਿ ਇਸ ਔਖੀ ਘੜੀ ਸਮੇਂ ਕੋਈ ਬਹੁੜ ਸਕੇਗਾ। ਅਜਿਹੇ ਪਰਿਵਾਰਾਂ ਨੂੰ ਪਨਾਹ ਦੇਣ ਪਿਛੋਂ ਕਤਲ ਕਰ ਦਿਤਾ ਜਾਂਦਾ ਸੀ। ਮੇਰੇ ਪਹੁੰਚਣ ਤੇ ਵੀ ਉਨ੍ਹਾਂ ਦੀ ਘਬਰਾਹਟ ਉਦੋਂ ਤੀਕ ਬਰਾਬਰ ਕਾਇਮ ਰਹੀ, ਜਦ ਤੀਕ ਮੈਂ ਮਿਲਟਰੀ ਦੀ ਗਡੀ ਵਿਚ ਉਨ੍ਹਾਂ ਨੂੰ ਦੌਲਤਾਲੇ ਕੈਂਪ ਵਿਚ ਨਾਲ ਨਾ ਲੈ ਆਇਆ।

ਦੌਲਤਾਲੇ ਕੈਂਪ 'ਚੋਂ ਉਹ ਆਪਣੇ ਵੀਰ ਮੇਜਰ ਹਰਦਿਤ ਸਿੰਘ ਪਾਸ ਸਿਆਲਕੋਟ ਚਲੇ ਗਏ, ਤੇ ਮੈਂ ਮੁੜ ਪਿੰਡੀ ਆ ਪਹੁੰਚਿਆ। ਉਦੋਂ ਤੀਕ ਗਡੀਆਂ ਦੀ ਮਾੜੀ ਮੋਟੀ ਆਵਾਜਾਈ ਸ਼ੁਰੂ ਹੋ ਗਈ ਸੀ। ਮਾਤਾ-ਪਿਤਾ ਜੀ ਬੜੀਆਂ ਰੀਝਾਂ ਨਾਲ ਉਸਾਰੇ ਆਪਣੇ ਨਿਵਾਸ ਅਸਥਾਨ ਦੀ ਢਹਿ ਢੇਰੀ ਹੋਈ ਤੇ ਸੜ ਚੁਕੀ ਇਮਾਰਤ ਦੇ ਵੀ ਮੇਰੇ ਪਿਛੋਂ ਦਰਸ਼ਨ ਕਰ ਆਏ ਸਨ। ਸੋ ਅਸੀਂ ਗਡੀ ਵਿਚ ਬੈਠ ਕੇ ਲਾਹੌਰ ਆਣ ਪੁਜੇ।

ਲਾਹੌਰ ਹੁਣ ਕਾਫੀ ਹਦ-ਤਕ ਖਤਰੇ ਵਿਚ ਘਿਰ ਚੁਕਾ ਸੀ। ਅਗਾਂ ਲਗਣ, ਛੁਰੇਬਾਜ਼ੀ ਅਰ ਕਤਲ ਦੀਆਂ ਆਮ ਵਾਰਦਾਤਾਂ ਹੋਣ ਲਗ ਪਈਆਂ ਸਨ। ਇਕ ਦਿਨ ਇਕ ਹਿੰਦੂ ਨੂੰ ਛੁਰਾ ਮਾਰ ਦਿਤਾ ਗਿਆ। ਜਦ ਉਸ ਦਾ ਸਸਕਾਰ ਕਰ ਕੇ ਉਸ ਦੇ ਸਬੰਧੀ ਰੋਂਦੇ ਪਿਟਦੇ ਘਰ ਵਾਪਸ ਪਰਤ ਰਹੇ ਸਨ, ਤਾਂ ਮਹੱਲੇ ਦੇ ਮੁਸਲਮਾਨਾਂ ਨੇ ਉਨ੍ਹਾਂ ਸਾਰਿਆਂ ਨੂੰ ਘੇਰ ਕੇ ਕਤਲ ਕਰ ਦਿਤਾ। ਇਸ ਦਾ ਬਦਲਾ ਇਕ ਮੁਸਲਮਾਣ ਵਸੋਂ ਵਾਲੇ ਕੁਝ ਘਰਾਂ ਤੇ ਬੰਬ ਸੁਟ ਕੇ ਲਿਆ ਗਿਆ, ਜਿਸ ਨਾਲ ਕਈ ਬੇਦੋਸੇ ਮਾਰੇ ਗਏ। ਇਨ੍ਹਾਂ ਹਾਲਾਤ ਵਿਚ ਮਾਤਾ-ਪਿਤਾ ਨੂੰ ਲਾਹੌਰ ਰਖਣਾ ਖਤਰੇ ਤੋਂ ਖਾਲੀ ਨਹੀਂ ਸੀ। ਸੋ ਉਨ੍ਹਾਂ ਨੂੰ ਪ੍ਰੀਤਨਗਰ ਆਪਣੇ ਮਿੱਤਰ ਗਿ: ਜਸਵੰਤ ਸਿੰਘ ਪਾਸ ਛਡ ਆਇਆ।

## ਲਾਇਬ੍ਰੇਰੀ ਦਾ ਆਰਡਰ

ਸੰਨ 1946 ਦੇ ਅਰੰਭ ਵਿਚ ਸਾਨੂੰ ਨਾਭੇ ਦੀ ਸਟੇਟ ਲਾਇਬ੍ਰੇਰੀ 'ਚੋਂ ਤਿੰਨ ਕੁ ਹਜ਼ਾਰ ਰੁਪਏ ਦੀਆਂ ਉਰਦੂ ਤੇ ਪੰਜਾਬੀ ਦੀਆਂ ਕਿਤਾਬਾਂ ਸਪਲਾਈ ਕਰਨ ਦਾ ਆਰਡਰ ਆਇਆ। ਨਾਲ ਹੀ ਲਾਇਬ੍ਰੇਰੀਅਨ ਨੇ ਲਿਖਿਆ ਸੀ ਕਿ ਫੋਰਨ ਪਹੁੰਚੋ ਯਾਨੀ ਕਿ ਫੋਰਨ ਸਪਲਾਈ ਤੇ ਇਕ ਦਮ ਬਿਲ ਦੀ ਅਦਾਇਗੀ। ਸੋ ਮੈਂ ਕੁਝ ਆਪਣੇ ਕੋਲੋਂ ਤੇ ਬਹੁਤ ਸਾਰੀਆਂ ਕਿਤਾਬਾਂ ਬਜ਼ਾਰੋਂ ਖਰੀਦ ਕੇ ਬੰਡਲ ਤਿਆਰ ਕਰ ਲਏ। ਸਾਰੀਆਂ ਪੁਸਤਕਾਂ ਵਡੇ ਸਾਰੇ ਬਿਸਤਰੇ ਵਿਚ ਬੰਨ੍ਹ ਆਪਣੇ ਅਜ਼ੀਜ਼ ਸਰਦੂਲ ਸਿੰਘ ਨੂੰ ਨਾਲ ਲੈ ਗਡੀ ਰਾਹੀਂ ਅਸੀਂ ਨਾਭੇ ਜਾ ਪੁਜੇ। ਜਦੋਂ ਅਸੀਂ ਨਾਭੇ ਵਿਚ ਕਿਸੇ ਧਰਮਸਾਲਾ ਵਿਚ ਰਾਤ ਰਹਿਣ ਦੀ ਸੋਚ ਰਹੇ ਸਾਂ। ਤਾਂ ਇਕ ਨੌਜਵਾਨ ਨੇ ਇਕ ਸਨਾਤਨ ਧਰਮਸਾਲਾ ਵਿਚ ਰਾਤ ਰਹਿਣ ਲਈ ਸੁਝਾ ਦਿਤਾ। ਉਸ ਨੇ ਆਪ ਹੀ ਸਾਡਾ ਭਾਰਾ ਬਿਸਤਰਾ ਆਪਣੇ ਸਿਰ ਤੇ ਰਖ ਕੇ ਸਾਨੂੰ ਅਪਣੇ ਪਿਛੇ-ਪਿਛੇ ਆਣ ਦਾ ਇਸ਼ਾਰਾ ਕੀਤਾ। ਧਰਮਸਾਲਾ ਪਹੁੰਚ ਉਸ ਨੇਕ ਦਿਲ ਨੌਜਵਾਨ ਨੇ ਮੈਨੇਜਰ ਨੂੰ ਕਹਿ ਕੇ ਸਾਨੂੰ ਕਮਰਾ ਦੁਆ ਦਿਤਾ। ਅਸੀਂ ਉਸ ਦਾ ਧੰਨਵਾਦ ਕੀਤਾ। ਕੁਝ ਰਕਮ ਸੇਵਾ ਫਲ ਵਲੋਂ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇਕ ਪੁਰਸ਼ ਨੇ ਲੈਣ ਤੋਂ ਨਾ ਕਰ ਦਿਤੀ। ਸਾਮਾਨ ਕਮਰੇ ਵਿਚ ਟਿਕਾ ਕੇ ਸਾਨੂੰ ਪ੍ਰਨਾਮ ਕਰ ਕੇ ਉਹ ਸਵੇਰੇ ਅਠ ਵਜੇ ਆਣ ਲਈ ਕਹਿ ਕੇ ਚਲਾ ਗਿਆ।

ਰਾਤੀਂ ਖਾਣਾ ਖਾਣ ਮਗਰੋਂ ਬਿਸਤਰੇ ਤੇ ਲੇਟੇ ਹੀ ਸਾਂ, ਕਿ ਮੈਨੇਜਰ ਹਸਦਿਆਂ ਹੋਇਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਡੇ ਕਮਰੇ ਵਿਚ ਆ ਵੜਿਆ, "ਸ੍ਰਦਾਰ ਜੀ! ਸ਼ੰਕਰ ਨਾਲ ਤੁਸੀਂ ਕਦੋਂ ਤੋਂ ਯਾਰੀ ਗੰਢੀ ਏ?"

ਮੈਂ ਉਸ ਨੂੰ ਦਸਿਆ, "ਇਸ ਨੇਕ ਬੰਦੇ ਨੇ ਆਪ ਹੀ ਸਟੇਸ਼ਨ ਤੋਂ ਸਾਡਾ ਸਾਮਾਨ ਚੁਕ ਕੇ ਇਥੇ ਪੁਚਾ ਦਿਤਾ ਸੀ। ਬੜਾ ਭਲਾ ਲੋਕ ਹੈ, ਇਹ ਨੌਜਵਾਨ!"

ਮੈਨੇਜਰ - "ਇਸ ਗਲ ਦਾ ਪਤਾ ਤਾਂ ਤੁਹਾਨੂੰ ਉਦੋਂ ਲਗੇਗਾ ਜਦੋਂ ਤੁਹਾਡਾ ਸਾਮਾਨ ਚੁਕ ਇਕ ਦਮ ਗਾਇਬ ਹੋ ਜਾਵੇਗਾ, ਸ੍ਰਦਾਰ ਜੀ! ਸ਼ੰਕਰ ਤਾਂ ਉਚੱਕਿਆਂ ਦਾ ਗੁਰੂ ਘੰਟਾਲ ਹੈ। ਕਿਧਰੇ ਇਸ ਦੇ ਟੇਟੇ ਹੀ ਨਾਂਹ ਚੜ੍ਹ ਜਾਇਉ।"

ਇਹ ਕਹਿ ਕੇ ਮੈਨੇਜਰ ਤਾਂ ਚਲਾ ਗਿਆ, ਪਰ ਸਾਰੀ ਰਾਤ ਸਾਨੂੰ ਨੀਂਦ ਨਾਂਹ ਆਈ।

ਸਵੇਰੇ ਉਠਦਿਆਂ ਸਾਰ, ਅਸੀਂ ਟਾਂਗਾ ਮੰਗਾ ਕੇ ਸਾਰਾ ਸਾਮਾਨ ਉਸ ਤੇ ਲਦ ਕੇ ਸਟੇਟ ਲਾਇਬ੍ਰੇਰੀ ਜਾ ਪੁਜੇ। ਤਿੰਨ ਘੰਟਿਆਂ ਬਾਅਦ ਜਦ ਲਾਇਬਰੇਰੀ ਖੁਲ੍ਹੀ ਤਾਂ ਅਸੀਂ ਕਿਤਾਬਾਂ ਦੇ ਕੇ ਆਪਣਾ ਚੈਕ ਲੈ ਕੇ ਵਾਪਸੀ ਗਡੀ ਤੇ ਲਾਹੌਰ ਜਾ ਪੁਜੇ।

ਲਾਹੌਰ ਇਨੀਂ ਦਿਨੀਂ ਫਿਰਕੂ ਅਗ ਭੜਕੀ ਹੋਈ ਸੀ। ਕਾਰੋਬਾਰ ਠਪ ਸਨ। ਸੋ ਕਈ ਮਹੀਨੇ ਨਾਭੇ ਤੋਂ ਆਈ ਰਕਮ ਨਾਲ ਹੀ ਅਸੀਂ ਰੋਟੀ-ਪਾਣੀ ਦਾ ਗੁਜ਼ਾਰਾ ਤੋਰਦੇ ਰਹੇ।

ਇਨੀਂ ਦਿਨੀਂ ਹੀ ਰਾਵਲਪਿੰਡੀ ਤੇ ਗੁਜਰਾਂਵਾਲੇ ਤੇ ਇਕ ਹੋਰ ਕਾਲਜ ਦੀਆਂ ਲਾਇਬ੍ਰੇਰੀਆਂ ਵਲੋਂ ਪੰਜਾਬੀ ਤੇ ਉਰਦੂ ਕਿਤਾਬਾਂ ਦੇ ਆਰਡਰ ਆ ਗਏ। ਹਾਲਾਤ ਖਰਾਬ ਹੋਣ ਦੇ ਬਾਵਜੂਦ ਅਸੀਂ ਉਰਦੂ ਕਿਤਾਬਾਂ ਬਜਾਰੋਂ ਖਰੀਦ ਕੇ, ਤੇ ਪੰਜਾਬੀ ਆਪਣੇ ਅਦਾਰੇ 'ਚੋਂ ਇਕਠੀਆਂ ਕਰ ਕੇ ਕਾਲਜਾਂ ਨੂੰ ਰੇਲ ਰਾਹੀਂ ਘਲ, ਬਿਲਟੀ ਤੇ ਬਿਲ ਭੇਜ ਦਿਤੇ। ਹਾਲਾਤ ਇੰਨੇ ਖਰਾਬ ਹੋ ਚੁਕੇ ਸਨ, ਕਿ ਕਿਤਾਬਾਂ ਦੀ ਸਪਲਾਈ ਤੋਂ ਦੋ ਕੁ ਮਹੀਨਿਆਂ ਪਿਛੋਂ ਅਸੀਂ ਆਪਣੇ ਪਰਿਵਾਰ ਤੇ ਸੰਖੇਪ ਜਿਹੇ ਘਰ ਦਾ ਸਾਮਾਨ ਲੈ ਕੇ ਪ੍ਰੀਤਨਗਰ ਜਾ ਪੁਜੇ।

## ਅਲਵਿਦਾ-ਲਾਹੌਰ

ਲਾਹੌਰ ਵਿਚ ਦਿਨ-ਬ-ਦਿਨ ਖਤਰਾ ਵਧਦਾ ਜਾ ਰਿਹਾ ਸੀ। ਮਹੱਲਿਆਂ ਦੇ ਮਹੱਲੇ ਖਾਲੀ ਹੋ ਰਹੇ ਸਨ। ਸਾਡਾ ਮਹੱਲਾ ਨਿਸਬਤ ਰੋਡ ਹਿੰਦੂ-ਸਿੱਖ ਬਹੁਗਿਣਤੀ ਦਾ ਗੜ੍ਹ ਸੀ। ਕੁਝ ਦਿਨ ਪਹਿਲਾਂ ਮਹੱਲੇ ਦੇ ਖਾਲੀ ਹੋਏ ਮਕਾਨਾਂ ਵਿਚ ਦੂਜੇ ਮਹੱਲਿਆਂ ਦੇ ਉਜੜੇ ਲੋਕੀ ਆ ਵਸੇ ਸਨ, ਪਰ ਹੁਣ ਇਹ ਮਹੱਲਾ ਵੀ ਖਾਲੀ ਹੋਣਾ ਸ਼ੁਰੂ ਹੋ ਗਿਆ। ਮੈਂ ਸੋਚਿਆ ਆਪਣੇ ਪਰਿਵਾਰ ਨੂੰ ਪ੍ਰੀਤਨਗਰ ਛਡ ਆਵਾਂ। ਇਹ ਰੌਲੇ ਗੋਲੇ ਖਤਮ ਹੋਣ ਮਗਰੋਂ ਅਸੀਂ ਮੁੜ ਲਾਹੌਰ ਪਰਤ ਆਵਾਂਗੇ, ਕਿਉਂਕਿ ਪਾਕਿਸਤਾਨ ਬਣ ਜਾਣ ਪਿਛੋਂ ਵੀ ਹਿੰਦੂ ਮੁਸਲਮਾਨਾਂ ਰਲ ਕੇ ਹੀ ਇਥੇ ਰਹਿਣਾ ਹੈ। ਇੰਨੇ ਤਕੜੇ ਕਾਰੋਬਾਰ, ਇੰਨੀਆਂ ਜਾਇਦਾਦਾਂ, ਸੈਂਕੜੇ ਸਕੂਲ-ਕਾਲਜ ਛਡ ਕੇ ਇਹ ਲੋਕ ਕਿਥੇ ਜਾ ਸਕਦੇ ਹਨ?

ਭੈਣ ਜਸਵੰਤ ਗਿੱਲ ਨੂੰ ਮੈਂ ਇਕ ਮਹੀਨਾ ਪਹਿਲਾਂ ਆਪਣੇ ਮਿੱਤਰ ਸ੍ਰ: ਸੋਭਾ ਸਿੰਘ ਆਰਟਿਸਟ ਪਾਸ ਅੰਧਰੇਟੇ ਛਡ ਆਇਆ ਸਾਂ। ਸੋ ਆਪਣੀ ਪਤਨੀ ਸਤਵੰਤ ਕੌਰ, ਬੇਟੀ ਰਾਮਿੰਦਰ ਕੌਰ (ਉਮਰ ਛੇ ਸਾਲ), ਬੇਟਾ, ਰਾਜਿੰਦਰ ਸਿੰਘ (ਉਮਰ ਚਾਰ ਸਾਲ) ਤੇ ਮੈਂ ਆਪ, ਜੁਲਾਈ 1947 ਵਿਚ ਟਾਂਗੇ ਵਿਚ ਬਿਠਾ ਪ੍ਰੀਤਨਗਰ ਦੇ ਬਸ ਦੇ ਅੱਡੇ ਵਲ ਤੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਿਆ। ਰਾਹ ਵਿਚ ਕਈ ਡਰਾਉਣੇ ਤੇ ਘਿਨਾਉਣੇ ਦ੍ਰਿਸ਼ ਵੇਖੇ। ਮੁਸਲਮ ਗੁੰਡਿਆਂ ਦੀਆਂ ਅਖਾਂ, ਸਾਡੇ ਟਾਂਗੇ ਵਲ ਸਨ। ਜਦ ਅਸੀਂ ਬਸ ਦੇ ਅੱਡੇ ਤੋਂ ਦੋ ਕੁ ਸੌ ਗਜ਼ ਦੀ ਵਿਥ ਤੇ ਪਹੁੰਚੇ, ਤਾਂ ਸ਼ੋਰ ਮਚ ਗਿਆ। ਨੇੜੇ ਤੇੜੇ ਤੇ ਮਹੱਲਿਆਂ ਵਿਚ ਕਰਫੀਊ ਲਗ ਗਿਆ ਸੀ। ਬੜੀ ਮੁਸੀਬਤ ਤੇ ਘਬਰਾਹਟ ਵਿਚ ਫਸੇ। ਹੁਣ ਜਾਈਏ ਕਿਥੇ? ਘਰ ਵਾਪਸ ਪਰਤ ਨਹੀਂ ਸਕਦੇ। ਇਹ ਸਾਰਾ ਇਲਾਕਾ ਮੁਸਲਮ ਵਸੋਂ ਦਾ ਸੀ। ਨਾ ਅਗੇ ਜੋਗੇ ਨਾ ਪਿਛੇ ਜੋਗੇ। ਇਸੇ ਹਾਲਤ ਵਿਚ ਬਸ ਦੇ ਅੱਡੇ ਵਿਚ ਜਾ ਵੜੇ। ਅੱਡੇ ਵਿਚ ਖੜੋਤੀਆਂ ਸਾਰੀਆਂ ਬਸਾਂ ਨਠ ਗਈਆਂ ਸਨ। ਲੋਕੀ ਘਰਾਂ ਵਲ ਦੌੜੀ ਜਾ ਰਹੇ ਸਨ। ਥੋੜੀ ਦੇਰ ਤੀਕ ਪੁਲਸ ਤੇ ਮਿਲਟਰੀ ਨੇ ਗਲੀਆਂ ਮਹੱਲੇ ਘੇਰ ਲੈਣੇ ਸਨ। ਹੁਣ ਕੀ ਕਰੀਏ? ਛੋਟੇ-ਛੋਟੇ ਦੋ ਬਚੇ, ਪਤਨੀ ਤੇ ਮੈਂ ਇਕ ਦੂਜੇ ਵਲ ਬਿਟ ਬਿਟ ਵੇਖਦੇ ਜਾਈਏ, ਪਰ ਕੁਝ ਸਮਝ ਨਾ ਆਵੇ ਕਿ ਹੁਣ ਕੀਤਾ ਕੀ ਜਾਵੇ?

ਟਾਂਗੇ ਵਾਲਾ ਮੁਸਲਮਾਣ ਆਖੇ, "ਸ੍ਰਦਾਰ ਜੀ! ਛੇਤੀ ਕਰੋ! ਆਪਣਾ ਸਾਮਾਨ ਉਤਾਰੋ ਆਪਣੇ ਨਾਲ ਮੈਨੂੰ ਵੀ ਨਾਂਹ ਮਰਵਾ ਦੇਣਾ।"

ਡਾਢੀ ਕੁੜਿਕੀ ਵਿਚ ਫਸੇ। ਅੱਡੇ ਵਾਲੀ ਸਰਾਂ ਖਾਲੀ ਪਈ ਭਾਂ ਭਾਂ ਕਰ ਰਹੀ ਸੀ। ਲੋਕੀ ਘਰਾਂ ਵਲ ਭਜ ਗਏ ਸਨ। ਕੇਵਲ ਸਾਡਾ ਟਾਂਗਾ ਹੀ ਉਥੇ ਦੁਪਾਸੀਂ ਮੁਸਲਮ ਵਸੋਂ ਵਿਚ ਬੁਰੀ ਤਰ੍ਹਾਂ ਘਿਰਿਆ ਖੜੋਤਾ ਆਪਣੀ ਮੌਤ ਉਡੀਕ ਰਿਹਾ ਸੀ।

ਇੰਨੇ ਨੂੰ ਮੈਂ ਵੇਖਿਆ, ਕਿ ਪ੍ਰੀਤਨਗਰ ਜਾਣ ਵਾਲੀ ਖਾਲੀ ਬਸ ਅੱਡੇ ਦੀ ਇਕ ਨੁਕਰ ਵਿਚ ਖੜੋਤੀ ਅੱਡਾ ਛਡ, ਭੱਜ ਜਾਣ ਦੀਆਂ ਤਿਆਰੀਆਂ ਵਿੱਚ ਹੈ। ਮੈਂ ਉਸ ਦੇ ਡਰਾਈਵਰ ਨੂੰ ਇਸ਼ਾਰਾ ਕੀਤਾ। ਉਸ ਤਰਸ ਭਰੀਆਂ ਅਖਾਂ ਨਾਲ ਛਿੰਨ ਭਰ ਲਈ ਬਸ ਖੜੀ ਕਰ ਲਈ। ਅਸੀਂ ਦੌੜ ਕੇ ਬਸ ਵਿਚ ਬੈਠ ਗਏ, ਤੇ ਬਸ ਪ੍ਰੀਤਨਗਰ ਵਲ ਨਠ ਉਠੀ।

ਬਸ ਵਿਚ ਸਿਰਫ ਸਾਡਾ ਪਰਿਵਾਰ, ਡਰਾਈਵਰ ਤੇ ਕਲੀਨਰ ਹੀ ਸਨ। ਬਸ ਤੇਜ ਰਫਤਾਰ ਸ਼ਹਿਰੋਂ ਬਾਹਰ ਭਜੀ ਜਾ ਰਹੀ ਸੀ। ਅਸਾਂ ਸਾਰਿਆਂ ਦੇ ਦਿਲ ਧੜਕ ਰਹੇ ਸਨ, ਕਿ ਪਤਾ ਨਹੀਂ ਕਿਥੇ ਮੁੜ ਘਿਰ ਜਾਈਏ, ਤੇ ਅਲਾ ਨੂੰ ਪਿਆਰੇ ਹੋ ਜਾਈਏ। ਸਹਿਮੇ ਸਹਿਮੇ ਖਾਮੋਸ਼ ਤੇ ਧੜਕਦੇ ਦਿਲ ਨਾਲ ਬੈਠੇ ਇਨ੍ਹਾਂ ਚੰਦ ਮੁਸਾਫਰਾਂ ਨੂੰ ਲੈ ਕੇ ਬਸ ਭਜੀ ਜਾ ਰਹੀ ਸੀ। ਜਦੋਂ ਅਸੀਂ ਅਟਾਰੀ ਪੁਜੇ ਤਾਂ ਸਾਡੀ ਹੋਸ਼ ਪਰਤੀ ਤੇ ਉਸ ਪਿਛੇ ਪ੍ਰੀਤਨਗਰ ਪਹੁੰਚਣ ਤੀਕ ਮੁੜ ਮਾੜੀ ਮੋਟੀ ਜਾਨ ਪਰਤ ਆਈ, ਬਸ, ਲਾਹੌਰ ਦੀ ਇਹ ਸਾਡੀ ਆਖਰੀ ਫੇਰੀ ਸੀ।

ਇਸ ਪਿਛੋਂ ਇਸ ਰੌਣਕੀਲੇ, ਵਸਦੇ-ਰਸਦੇ ਪਿਆਰੇ ਲਾਹੌਰ ਸ਼ਹਿਰ, ਜਿਥੇ ਜ਼ਿੰਦਗੀ ਦੇ ਭਰਪੂਰ ਛੇ ਸਾਲ ਗੁਜ਼ਾਰੇ ਸਨ, ਮੁੜ ਦਰਸ਼ਨ ਕਰਨ ਦਾ ਅਵਸਰ ਨਾ ਮਿਲਿਆ।

ਜਦੋਂ ਅਸੀਂ ਲਾਹੌਰ ਸ਼ਹਿਰ ਛਡਿਆ, ਉਦੋਂ ਵੀ ਲਾਹੌਰ ਵਿਚ ਹਿੰਦੂ-ਸਿੱਖ ਕਾਫੀ ਗਿਣਤੀ ਵਿਚ ਮੌਜੂਦ ਸਨ, ਜਿਨ੍ਹਾਂ ਅੰਤ ਤੀਕ ਲਾਹੌਰ ਰਹਿਣ ਦਾ ਹੀ ਵਿਚਾਰ ਬਣਾਇਆ ਹੋਇਆ ਸੀ। ਅਸੀਂ ਵੀ ਪ੍ਰੀਤਨਗਰ ਵਲ ਇਕ ਚਕਰ ਲਾਣ ਹੀ ਨਿਕਲੇ ਸਾਂ, ਪਰ ਇਸ ਚਕਰ ਸਮੇਂ ਜੋ ਦੌੜ ਭਜ ਹੋਈ, ਉਸ ਪਿਛੋਂ ਘਰ ਵਾਲਿਆਂ ਤੇ ਦੋਸਤਾਂ-ਮਿਤਰਾਂ ਮੁੜ ਲਾਹੌਰ ਵਲ ਮੂੰਹ ਕਰਨ ਨਾ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



# ਕਲਾਕਾਰ ਸੋਭਾ ਸਿੰਘ ਦਾ ਸਟੂਡਿਓ

ਸਾਡੇ ਬਜ਼ੁਰਗ ਮਿੱਤਰ ਸ੍. ਸੋਭਾ ਸਿੰਘ ਆਰਟਿਸਟ ਅਜ ਤੋਂ ਕੁਝ ਮਹੀਨੇ ਪਹਿਲਾਂ ਲਾਹੌਰ ਛਡ ਕੇ ਅੰਧਰੇਟੇ (ਕਾਂਗੜਾ ਵੈਲੀ ਵਿਚ ਚੁਪਾਸਿਉਂ ਪਹਾੜੀਆਂ ਤੇ ਹਰਿਆਵਲ ਨਾਲ ਘਿਰਿਆ ਇਕ ਰਮਣੀਕ ਪਿੰਡ) ਚਲੇ ਗਏ ਸਨ। ਇਸ ਆਖ਼ਰੀ ਦੋੜ-ਧੁਪ ਤੋਂ ਚੰਦ ਦਿਨ ਪਹਿਲਾਂ ਮੈਂ ਉਨ੍ਹਾਂ ਪਾਸ ਅੰਧਰੇਟੇ ਇਕ ਚਕਰ ਲਾ ਆਇਆ ਸਾਂ। ਅੰਧਰੇਟੇ, ਇਕ ਪਹਾੜੀ ਦੇ ਪੈਰਾਂ ਵਿਚ ਕਾਫ਼ੀ ਥਾ ਘੇਰ ਕੇ ਪ੍ਰਸਿੱਧ ਨਾਟਕਕਾਰ ਮਿਸਿਜ਼ ਨੋਰਾ ਰਿਚਰਡ ਰਹਿ ਰਹੀ ਸੀ। ਉਥੋਂ ਨੇੜੇ ਹੀ ਸ੍. ਸੋਭਾ ਸਿੰਘ ਹੋਰੀ ਇਕ ਪੁਰਾਣੇ ਕਿਸਮ ਦੇ ਮਕਾਨ ਵਿਚ ਠਹਿਰੇ ਹੋਏ ਸਨ। ਉਨ੍ਹਾਂ ਦਾ ਵਿਚਾਰ ਸੀ, ਕਿ ਆਪਣੀ ਅਗਲੀ ਜ਼ਿੰਦਗੀ ਇਥੇ ਹੀ ਬਿਤਾਈ ਜਾਵੇ।

ਉਥੋਂ ਨੇੜੇ ਹੀ ਕਈ ਸਦੀਆਂ ਪੁਰਾਤਨ ਬੈਜਨਾਥ ਦਾ ਮੰਦਰ ਹੈ। ਇਹ ਸਾਰਾ ਇਲਾਕਾ ਅਤਿ ਸੁੰਦਰ, ਸਰਸਬਜ਼ ਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ। ਭੈਣ ਡਾ. ਜਸਵੰਤ ਗਿਲ ਵੀ ਉਨ੍ਹੀਂ ਦਿਨੀਂ ਉਥੇ ਹੀ ਸੀ। ਅਸਾਂ ਤਿੰਨਾਂ ਰਲ ਕੇ ਜੋ ਸਮਾਂ ਅੰਧਰੇਟੇ ਗੁਜ਼ਾਰਿਆ, ਉਸ ਦੀ ਯਾਦ ਕਦੀ ਭੁਲਾਈ ਨਹੀਂ ਜਾ ਸਕਦੀ। ਇਥੇ ਹਫਤਾ ਕੁ ਵਿਚਰ ਕੇ ਮੈਂ ਫਿਰ ਲਾਹੌਰ ਪਰਤ ਆਇਆ ਸਾਂ। ਲਾਹੌਰ ਆਣ ਕੇ ਜੋ ਬੀਤੀ ਸੀ ਉਹ ਪਾਠਕ ਪੜ੍ਹ ਚੁਕੇ ਹਨ। ਸ੍. ਸੋਭਾ ਸਿੰਘ ਹੋਰੀ ਲਾਹੌਰ ਛਡਣ ਸਮੇਂ ਆਪਣਾ ਸਭ ਸਾਮਾਨ ਜਿਸ ਵਿਚ ਕਈ ਬੜੀਆਂ ਕੀਮਤੀ ਕਲਾਕ੍ਰਿਤੀਆਂ ਵੀ ਸਨ, ਸਾਡੇ ਘਰ ਛਡ ਗਏ ਸਨ। ਮੈਂ ਪ੍ਰੀਤਨਗਰ ਪਹੁੰਚ ਕੇ, ਲਾਹੌਰ ਰਹਿ ਰਹੇ ਆਪਣੇ ਮਿਤਰ ਡਾ. ਕੁਲਭੂਸ਼ਨ ਨੂੰ ਘਰ ਦੀ ਚਾਬੀ ਘਲ ਕੇ ਲਿਖਿਆ, ਕਿ ਉਹ ਕਮਰੇ 'ਚੋਂ ਸਾਰੀਆਂ ਤਸਵੀਰਾਂ ਕਢ ਕੇ ਆਪਣੇ ਘਰ ਲੈ ਜਾਵੇ। ਉਥੋਂ ਮੇਰਾ ਇਕ ਹੋਰ ਮਿਤ੍ਰ ਇਸ ਕੀਮਤੀ ਖਜ਼ਾਨੇ ਨੂੰ ਪ੍ਰੀਤਨਗਰ ਪੁਚਾ ਦੇਵੇਗਾ।

ਇਤਫਾਕ ਦੀ ਗਲ, ਉਨ੍ਹਾਂ ਦੋਹਾਂ ਦਾ ਆਪੋ ਵਿਚ ਮੇਲ ਨਾ ਹੋਇਆ। ਅੰਤ ਮਜਬੂਰ ਹੋ ਕੁਲਭੂਸ਼ਨ, ਲੋਹੇ ਦੀ ਸੀਖ ਲੈ ਕੇ ਸਾਡੇ ਨਿਸਬਤ ਰੋਡ ਵਾਲੇ ਮਕਾਨ ਦਾ ਤਾਲਾ ਤੋੜ ਕੇ ਸਾਮਾਨ ਕਢ ਲਿਆਣ ਲਈ ਸਾਡੇ ਮਹੱਲੇ ਜਾ ਪੁਜਾ। ਉਦੋਂ ਤੀਕ ਸਾਡੇ ਮਹੱਲੇ ਵਿਚ ਇਧਰਲੇ ਪੰਜਾਬ 'ਚੋਂ ਉਜੜ-ਪੁਜੜ ਕੇ ਕੁਝ ਮੁਸਲਮਾਨੀ ਵਸੋਂ ਪੁਜ ਚੁਕੀ ਸੀ। ਸਾਡੇ ਤਾਲੇ ਨੂੰ ਤੋੜਦਿਆਂ ਵੇਖ ਉਹ ਲੋਕ ਆਣ ਇਕੱਠੇ ਹੋਏ। ਇੰਨੇ ਨੂੰ ਕੁਲਭੂਸ਼ਨ ਹੋਰਾਂ ਦੇ ਮਹੱਲੇ ਦਾ ਗਵਾਲਾ ਉਧਰ ਆਣ ਨਿਕਲਿਆ। ਉਹ ਜਾਣਦਾ ਸੀ ਕਿ ਕੁਲਭੂਸ਼ਨ ਉਸੇ ਮਹੱਲੇ ਦੇ ਇਕ ਰਈਸ ਦਾ ਲੜਕਾ ਹੈ। ਉਸ ਨੇ ਇਕੱਠੇ ਹੋਏ ਮੁਸਲਮਾਣਾਂ ਨੂੰ ਇਸ਼ਾਰਾ ਕੀਤਾ ਕਿ ਇਸ ਨੂੰ ਬਿਲੇ ਲਾ ਦੇਣਾ ਚਾਹੀਦਾ ਹੈ। ਇਤਫਾਕ ਨਾਲ ਉਥੇ ਇਕ ਥਾਣੇਦਾਰ ਆ ਨਿਕਲਿਆ। ਉਹ ਕੁਲਭੂਸ਼ਨ ਨੂੰ ਮੈਡੀਕਲ ਕਾਲਜ ਦੇ ਵਿਦਿਆਰਥੀ ਦੇ ਤੌਰ ਤੇ ਜਾਣਦਾ ਸੀ, ਪਰ ਉਸ ਨੂੰ ਵੀ ਇਹ ਨਹੀਂ ਸੀ ।।- ਕਿ ਇਹ ਵਿਦਿਆਰਥੀ ਹਿੰਦੂ ਹੈ।

ਕੁਲਭੂਸ਼ਨ, ਥਾਣੇਦਾਰ ਨਾਲ ਹਥ ਮਿਲਾ ਸਲਾਮਾਲੇਕਮ ਕਰ ਕੇ ਗਲਾਂ ਕਰਦਾ ਮੌਤ ਦੇ ਪੰਜੇ 'ਚੋਂ ਸਾਫ ਬਚ ਕੇ ਆਪਣੇ ਮਹੱਲੇ ਜਾ ਪੁਜਾ ਤੇ ਉਥੋਂ ਸਿਧਾ ਅੰਮ੍ਰਿਤਸਰ। ਡਾ. ਕੁਲਭੂਸ਼ਨ ਉਦੋਂ ਮਿਊ ਕਾਲਜ ਵਿਚ ਡਾਕਟਰੀ ਦਾ ਵਿਦਿਆਰਥੀ ਸੀ। ਉਨ੍ਹੀਂ ਦਿਨੀਂ ਕਈ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਦਾ ਸਾਡੇ ਘਰ ਆਣ-ਜਾਣ ਸੀ। ਡਾ. ਕੁਲਭੂਸ਼ਨ, ਡਾ. ਜਸਵੰਤ ਸਿੰਘ ਬਾੜਾ ਹਿੰਦੂ ਰਾਏ ਦਿੱਲੀ ਵਾਲੇ, ਡਾ. ਰਸ਼ਪਾਲ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



(ਨਿਹਾਲ ਜੀ), ਡਾ: ਜੈ ਦੇਵ ਸਿੰਘ ਕੋਰਲੀ (ਦਿੱਲੀ), ਡਾ: ਜਸਵੰਤ ਕੌਰ ਗਿਲ, ਡਾ: ਖੁਰਸ਼ੀਦ (ਪਾਕਿਸਾਤਨ), ਡਾ: ਬਲਵੰਤ ਸਿੰਘ ਕੋਰਲੀ (ਅਮਰੀਕਾ) ਆਦਿ ਮਿੱਤਰ ਉਮਰ ਭਰ ਲਈ ਸਾਡੇ ਪਰਿਵਾਰ ਦੇ ਮਿੱਤਰ ਬਣ ਗਏ ਸਨ।

ਉਪ੍ਰੋਕਤ ਵਾਰਤਾ ਡਾ: ਕੁਲਭੂਸ਼ਨ ਨੇ ਮੈਨੂੰ ਪਾਕਿਸਤਾਨ ਬਣਨ ਤੋਂ ਕਈ ਸਾਲ ਬਾਅਦ ਇਕ ਮੁਲਾਕਾਤ ਸਮੇਂ ਸੁਣਾਈ। ਇਸ ਤਰ੍ਹਾਂ ਭਾਰਤ ਦੇ ਨਾਮਵਰ ਕਲਾਕਾਰ ਸ੍ਰ: ਸੋਭਾ ਸਿੰਘ ਦੀ ਸਾਰੀ ਉਮਰ ਦੀ ਕਮਾਈ ਤੇ ਦੁਰਲਭ ਕ੍ਰਿਤਾਂ ਪਾਕਿਸਤਾਨ ਦੀ ਭੇਟ ਹੋ ਗਈਆਂ। ਮੇਰਾ ਵਿਚਾਰ ਹੈ, ਕਿ ਉਹ ਕ੍ਰਿਤਾਂ ਇਧਰੋਂ ਗਏ ਮੁਸਲਮਾਨਾਂ ਨੇ ਮਕਾਨ ਦੇ ਕਬਜ਼ੇ ਪਿਛੋਂ ਜਲਾ ਦਿਤੀਆਂ ਹੋਣਗੀਆਂ ਪਰ ਸ੍ਰ: ਸੋਭਾ ਸਿੰਘ ਦਾ ਵਿਸ਼ਵਾਸ ਸੀ, ਕਿ ਲਾਹੌਰ ਦੇ ਇਕ ਆਰਟਿਸਟ ਦੀ ਅਖ ਚਿਰ ਤੋਂ ਉਨ੍ਹਾਂ ਤਸਵੀਰਾਂ ਤੇ ਸੀ। ਸੋ ਜ਼ਰੂਰ ਉਸ ਨੇ ਕਿਸੇ ਸ਼ਰਾਨਰਥੀ ਦੇ ਕਬਜ਼ੇ ਤੋਂ ਪਹਿਲਾਂ ਪਹਿਲਾਂ ਇਸ ਕੀਮਤੀ ਖਜ਼ਾਨੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਹੋਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੁੜ ਪ੍ਰੀਤਨਗਰ

ਅਸੀਂ ਪ੍ਰੀਤਨਗਰ ਪਹੁੰਚ ਗਏ। ਉਥੇ ਵੀ ਬੜੀ ਬੁਰੀ ਹਾਲਤ ਸੀ। ਪ੍ਰੀਤਨਗਰ ਦੇ ਬਾਨੀ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਸਨ। ਉਹ ਹਿੰਦੂ ਸਿੱਖ ਲੀਡਰਾਂ ਨੂੰ ਰੋਜ਼ਾਨਾ ਅੰਮ੍ਰਿਤਸਰ ਮਿਲਣ ਜਾਂਦੇ, ਤੇ ਉਥੋਂ ਵਿਸ਼ਵਾਸ ਲੈ ਕੇ ਆਉਂਦੇ, ਕਿ ਪ੍ਰੀਤਨਗਰ ਦੇ ਨੇੜੇ ਤੇੜੇ ਦੀ ਮੁਸਲਮ ਵਸੋਂ ਨੂੰ ਕੋਈ ਖਤਰਾ ਨਹੀਂ। ਮੁਸਲਮਾਨ, ਰੋਜ਼ ਸਰਦਾਰ ਜੀ ਤੋਂ ਰਾਏ ਲੈਣ ਆਉਂਦੇ। ਉਨ੍ਹਾਂ ਨੂੰ ਡਟੇ ਰਹਿਣ ਲਈ ਪੂਰਾ ਪੂਰਾ ਉਤਸ਼ਾਹ ਮਿਲਦਾ। ਉਨ੍ਹੀਂ ਦਿਨੀਂ ਅਸੀਂ ਵਕਤ ਟਪਾਣ ਲਈ ਤਾਸ਼ ਖੇਡਦੇ ਸਾਂ, ਪਰ ਮਨ ਸਾਡੇ ਡੋਲੇ ਹੋਏ ਸਨ। ਪ੍ਰੀਤਨਗਰ ਵੀ ਕੋਈ ਮਹਿਫੂਜ਼ ਥਾਂ ਨਹੀਂ ਸੀ ਰਹੀ। ਇਸ ਤਸੀਲ ਦੀ 70 ਪ੍ਰੀਤਸ਼ਤ ਵਸੋਂ ਮੁਸਲਮਾਨ ਸੀ, ਪਰ ਜ਼ਿਲੇ ਭਰ ਵਿਚ ਬਹੁਗਿਣਤੀ ਹਿੰਦੂ ਸਿੱਖਾਂ ਦੀ ਸੀ।

ਅਖੀਰ ਪੰਦਰਾਂ ਅਗਸਤ ਨੂੰ ਵੰਡ ਦਾ ਐਲਾਨ ਹੋ ਗਿਆ। ਉਸ ਮੁਤਾਬਕ ਲਾਹੌਰ ਸਾਡੀ ਪਿਆਰੀ ਮਾਤ ਭੂਮੀ, ਲਾਹੌਰ--ਪਾਕਿਸਤਾਨ ਚਲੀ ਗਈ ਤੇ ਪ੍ਰੀਤਨਗਰ ਤੇ ਉਸ ਤੋਂ ਚਾਰ-ਪੰਜ ਮੀਲ ਦੂਰ ਦੀ ਧਰਤੀ ਹਿੰਦ ਵਿਚ ਆ ਗਈ।

ਇਸ ਐਲਾਨ ਮਗਰੋਂ ਇਸ ਇਲਾਕੇ ਦੀ ਮੁਸਲਮ ਵਸੋਂ ਲਈ ਖਤਰਾ ਬਹੁਤ ਵਧ ਗਿਆ। ਪਾਕਿਸਾਤਨੋਂ ਉਜੜੇ ਲੋਕ ਇਸ ਇਲਾਕੇ ਦੇ ਰਿਸ਼ਤੇਦਾਰਾਂ ਪਾਸ ਆਣੇ ਸ਼ੁਰੂ ਹੋ ਗਏ।

ਕਲ ਦੇ ਲਖਾਂ ਦੇ ਮਾਲਕ ਅਜ ਕਖੋਂ ਹੌਲੇ ਹੋ ਕੇ ਢਾਹੀਂ ਮਾਰ ਰਹੇ ਸਨ। ਉਨ੍ਹਾਂ ਦੇ ਕੀਰਨੇ ਸੁਣੇ ਨਹੀਂ ਸਨ ਜਾਂਦੇ। ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਲੋਕਾਂ ਨੇ ਫੈਸਲਾ ਕਰ ਲਿਆ, ਕਿ ਮੁਸਲਮਾਨਾਂ ਨੂੰ ਕਢ ਕੇ ਇਨ੍ਹਾਂ ਸ਼ਰਨਾਰਥੀਆਂ ਨੂੰ ਵਸਾਣਾ ਹੈ। ਇਸ ਕਾਰਜ ਲਈ ਉਨ੍ਹਾਂ ਆਪਣੇ ਨੇਤਾਵਾਂ ਤੋਂ ਖੁਫੀਆ ਪ੍ਰਵਾਨਗੀ ਵੀ ਲੈ ਲਈ ਸੀ, ਜਿਸ ਦਾ ਪ੍ਰੀਤਨਗਰ ਵਾਲਿਆਂ ਨੂੰ ਕੋਈ ਪਤਾ ਨਹੀਂ ਸੀ।

ਇਕ ਦਿਨ ਅਸੀਂ ਤਾਸ਼ ਖੇਡ ਰਹੇ ਸਾਂ, ਕਿ ਦੂਰੋਂ ਬਹੁਤ ਸਾਰੇ ਮੁਸਲਮਾਨ ਸ: ਗੁਰਬਖਸ਼ ਸਿੰਘ ਹੋਰਾਂ ਦੀ ਕੋਠੀ ਵਲ ਆਉਂਦੇ ਨਜ਼ਰੀਂ ਪਏ। ਅਸੀਂ ਤਾਸ਼ ਦੇ ਪਤੇ ਹੇਠਾਂ ਵਿੱਛੀ ਚਿਟਾਈ ਹੇਠਾਂ ਦੇ ਲਏ, ਤੇ ਉਨ੍ਹਾਂ ਦੀਆਂ ਗਲਾਂ ਸੁਣਨ ਲਗ ਪਏ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਸ ਹਾਲਤ ਵਿਚ ਉਨ੍ਹਾਂ ਲਈ ਉਥੇ ਹੋਰ ਟਿਕਣਾ ਆਪਣੀ ਮੌਤ ਨੂੰ ਆਪ ਸੱਦਾ ਦੇਣਾ ਹੈ। ਸਰਦਾਰ ਜੀ ਨੇ ਉਨ੍ਹਾਂ ਨੂੰ ਵਿਸ਼ਵਾਸ਼ ਦਿਲਾਇਆ, ਕਿ ਉਨ੍ਹਾਂ ਲਈ ਬਿਲਕੁਲ ਖਤਰਾ ਨਹੀਂ, ਪਰ ਉਨ੍ਹਾਂ ਦਾ ਵਿਸ਼ਵਾਸ਼ ਡੋਲ ਚੁਕਾ ਸੀ। ਉਹ ਇਸ ਸਮੇਂ ਆਪਣੇ ਪਿਆਰੇ ਮਿੱਤਰ ਤੇ ਮਿਹਰਬਾਨ ਗਵਾਂਢੀ ਸਰਦਾਰਾਂ ਨੂੰ ਸਲਾਮ ਕਰਨ ਆਏ ਸਨ। ਅਸੀਂ ਸਾਰੇ ਉਨ੍ਹਾਂ ਨੂੰ ਵਗਦੇ ਹੰਝੂਆਂ ਨਾਲ ਮਿਲੇ। ਉਨ੍ਹਾਂ ਵਿਚੋਂ ਕੁਝ ਚੰਗੇ ਧਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਲੋਕ ਆਪਣਾ ਸਾਰਾ ਸਾਮਾਨ ਆਪਣੇ ਘਰਾਂ ਵਿਚ ਛਡ ਚਲੇ ਸਨ। ਉਨ੍ਹਾਂ ਨੇ ਹਾਲਾਤ ਸੁਧਰ ਜਾਣ ਤੇ ਵਾਪਸ ਆ ਜਾਣ ਦਾ ਨਿਸਚਾ ਪ੍ਰਗਟ ਕੀਤਾ।

ਉਹ ਲੋਕ ਮੁਰਝਾਏ ਚਿਹਰੇ ਤੇ ਢਠੇ ਦਿਲ ਨਾਲ ਉਥੋਂ ਚਲੇ ਗਏ। ਤਾਸ਼ ਦੇ ਪਤੇ ਉਸੇ ਹਾਲਤ ਵਿਚ ਪਏ ਰਹੇ। ਨਾ ਕਿਸੇ ਨੂੰ ਇਕੱਠੇ ਕਰਨ ਤੇ ਨਾ ਸਾਂਭਣ ਦੀ ਹੋਸ਼ ਰਹੀ। ਅਸੀਂ ਅਤਿ ਮਾਯੂਸੀ ਦੀ ਹਾਲਤ ਵਿਚ ਆਪੋ ਆਪਣੇ ਘਰਾਂ ਵਲ ਤੁਰ ਪਏ। ਉਨ੍ਹਾਂ ਲੋਕਾਂ ਨੂੰ ਗਿਆਂ ਹਾਲੀਂ ਘੰਟਾ ਭਰ ਵੀ ਨਹੀਂ ਸੀ ਹੋਇਆ ਕਿ ਖਬਰ ਆਈ ਕਿ ਪਾਕਿਸਤਾਨ ਜਾ ਰਹੇ ਮੁਸਲਮਾਨਾਂ ਤੇ ਹੱਲਾ ਬੋਲਣ ਲਈ ਇਕ ਸਿੱਖ ਜਥਾ ਤਿਆਰੀਆਂ ਕਰ ਰਿਹਾ ਹੈ। ਸਾਡੇ ਚੋਂ ਅਠ ਦਸ ਨੌਜਵਾਨਾਂ ਦੀ ਡਿਊਟੀ ਲਗੀ, ਕਿ ਉਹ ਗਵਾਂਢੀ ਪਿੰਡ ਵੈਰੋਕੀ ਦੀ ਹਿਫਾਜ਼ਤ ਲਈ ਚਲੇ ਜਾਣ, ਤੇ ਕਿਸੇ ਬੰਦੇ ਨੂੰ ਉਥੇ ਲੁਟ ਮਾਰ ਕਰਨ ਦੀ ਆਗਿਆ ਨਾ ਦਿਤੀ ਜਾਵੇ।

ਅਸੀਂ ਪਿੰਡ ਪਹੁੰਚ ਗਏ। ਮਸਾਂ ਅਧਾ ਕੁ ਘੰਟਾ ਉਨ੍ਹਾਂ ਮਕਾਨਾਂ ਤੇ ਪਹਿਰਾ ਦੇਂਦਿਆਂ ਲੰਘਿਆ ਹੋਵੇਗਾ, ਕਿ ਇਕ ਆਦਮੀ ਨੇ ਪਿਛਲੇ ਪਾਸਿਉਂ ਆ ਕੇ ਚਿਤਾਵਨੀ ਦਿਤੀ - "ਦੋਸਤੋ! ਬਰਛਿਆਂ, ਨੇਜ਼ਿਆਂ, ਤਲਵਾਰਾਂ ਤੇ ਛਵੀਆਂ ਨਾਲ ਮਸਲਾਹ ਜਥਾ ਘੋੜਿਆਂ ਤੇ ਦੌੜਦਾ ਚਲਾ ਆ ਰਿਹਾ ਹੈ। ਕਿਧਰੇ ਭਜੇ ਜਾ ਰਹੇ ਮੁਸਲਮਾਨਾਂ ਨਾਲ ਤੁਸੀਂ ਵੀ ਨਾ ਪਿਸ ਜਾਉ।"

ਇਸ ਚਿਤਾਵਨੀ ਤੋਂ ਕੁਝ ਹੀ ਪਲ ਮਗਰੋਂ ਅਸੀਂ ਲੋਪੋਕੀ ਵਲੋਂ ਉਡਦੀ ਧੂੜ ਵੇਖੀ। ਸਚਮੁਚ ਸੈਂਕੜੇ ਹਥਿਆਰਬੰਦ ਘੋੜਸਵਾਰ ਸਾਡੇ ਵਲ ਦੌੜਦੇ ਆ ਰਹੇ ਸਨ। ਅਸੀਂ ਪਹਿਰੇ ਛਡ ਪ੍ਰੀਤਨਗਰ ਵਲ ਦੌੜੇ, ਤਾਂ ਰਾਹ ਵਿਚ ਅਠ ਦਸ ਨੌਜਵਾਨਾਂ ਦੀ ਇਸ ਟੁਕੜੀ ਨੂੰ ਹਨੇਰੀ ਵਾਂਗ ਚੀਰਦੇ ਉਹ ਲੋਕ ਅਗੇ ਨਿਕਲ ਗਏ। ਭਜੇ ਜਾ ਰਹੇ ਬੇਗੁਨਾਹ ਮੁਸਲਮਾਨਾਂ ਤੇ ਉਹਨਾਂ ਨੇ ਬਾਜ਼ਾਂ ਵਾਂਗ ਜਾ ਝਪਟਾ ਮਾਰਿਆ।

ਪ੍ਰੀਤਨਗਰ ਦੇ ਨਾਲ ਲਗਦੇ ਮੈਦਾਨ ਅਰ ਖੇਤਾਂ ਵਿਚ ਖੂਨ ਦੀ ਹੋਲੀ ਖੇਡੀ ਜਾ ਰਹੀ ਸੀ। ਨਿਹੱਥੇ ਬੇਕਸੂਰ ਗਰੀਬ ਭਜੇ ਜਾਂਦੇ ਤੀਵੀਆਂ ਤੇ ਮਰਦਾਂ ਪੁਰ ਬਾਜ ਆਣ ਪਏ ਸਨ। ਕਿਥੇ ਉਹ ਸਮਾਂ ਸੀ, ਕਿ ਸਿੰਘ ਆਪਣੀਆਂ ਜਾਨਾਂ ਖਤਰੇ ਵਿਚ ਪਾ ਕੇ ਮਜ਼ਲੂਮਾਂ ਦੀ ਰਖਿਆ ਕਰਦੇ ਸਨ ਤੇ ਕਿਥੇ ਇਹ ਦਿਨ ਆ ਗਏ, ਕਿ ਭਜੇ ਜਾਂਦੇ ਬੇਕਸੂਰ ਲੋਕਾਂ ਤੇ ਮਾਸੂਮ ਬੱਚਿਆਂ ਨੂੰ ਘੇਰ ਘਾਰ ਕੇ ਕਤਲ ਕੀਤਾ ਜਾ ਰਿਹਾ ਸੀ।

ਤਾਸ਼ ਖੇਡਣ ਸਮੇਂ ਜਿਹੜੇ ਲੋਕ ਸਾਨੂੰ ਮਿਲਣ ਆਏ ਸਨ, ਉਹ ਸਰਦੇ-ਪੁਜਦੇ ਮੁਸਲਮਾਨ ਸਨ। ਉਹ ਇਸ ਹਲੇ ਤੋਂ ਦੋ ਕੁ ਘੰਟੇ ਪਹਿਲਾਂ ਆਪਣੇ ਘਰ-ਘਾਟ ਛਡ ਕੇ ਪਾਕਿਸਤਾਨ ਤੁਰ ਗਏ ਸਨ, ਤੇ ਉਨ੍ਹਾਂ ਦੀ ਵੇਖਾ ਵੇਖੀ ਧੋਬੀ, ਨਾਈ ਤੇ ਹੋਰ ਗਰੀਬ ਗੁਰਬਾ ਆਪਣਾ ਮਾਮੂਲੀ ਜਿਹਾ ਲਟਾਪਟਾ ਸੰਭਾਲੀ ਕੋਈ ਸਿਰ ਤੇ ਗੰਢ ਰਖੀ, ਕੋਈ ਖੋਤੀਆਂ ਤੇ ਭਾਂਡਾ ਟਿੰਡਰ ਲਦੀ ਨਠਿਆ ਜਾ ਰਿਹਾ ਸੀ, ਕਿ ਅਚਾਨਕ ਹਲਾ ਬੋਲ ਦਿਤਾ ਗਿਆ। ਸਾਡੀਆਂ ਅੱਖਾਂ ਸਾਹਮਣੇ ਸਾਡੇ ਉਸ ਦੇਸ਼ ਵਿਚ ਖੂਨੀ ਹੋਲੀ ਖੇਡੀ ਜਾ ਰਹੀ ਸੀ, ਜਿਸ ਦੀ ਆਜ਼ਾਦੀ ਲਈ ਹਿੰਦੂ ਸਿੱਖ ਤੇ ਮੁਸਲਮਾਨਾਂ ਦਾ ਸਾਂਝਾ ਲਹੂ ਡੁਲ੍ਹਾ ਸੀ।

ਅੱਧਾ ਕੁ ਘੰਟਾ ਇਹ ਲਹੂ ਲੁਹਾਨ ਹਲਾ ਜਾਰੀ ਰਿਹਾ। ਇਸ ਪਿਛੋਂ ਇਹ ਜਥਾ ਵਾਪਸ ਆਪਣੇ ਟਿਕਾਣੇ ਵਲ ਤੁਰ ਪਿਆ। ਕੁਝ ਨੌਜਵਾਨ ਤੀਵੀਆਂ ਨੂੰ ਉਨ੍ਹਾਂ ਆਪਣੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਘੋੜੀਆਂ ਤੇ ਲਦਿਆ ਤੇ ਖੂਨ ਨਾਲ ਲਥਪਥ ਲਾਸ਼ਾਂ ਤੇ ਚੀਕ ਪੁਕਾਰ ਕਰਦੇ ਜ਼ਖਮੀਆਂ ਨੂੰ ਪ੍ਰੀਤਨਗਰ ਦੀ ਪਵਿੱਤਰ ਧਰਤੀ ਤੇ ਸੁਟ, ਉਹ ਨੌਂ-ਦੋ ਗਿਆਰਾਂ ਹੋ ਗਏ।

ਇਕ ਦਿਨ ਦਾ ਵਾਕਿਆ ਹੈ। ਉਸ ਸਮੇਂ ਸਾਰੇ ਪ੍ਰੀਤਨਗਰ ਵਿਚ ਇੰਨਾਂ ਸਹਿਮ ਛਾਇਆ ਹੋਇਆ ਸੀ, ਕਿ ਆਪੋ ਵਿਚ ਗਲ ਕਰਦਿਆਂ ਵੀ ਦਿਲ ਧੜਕਦਾ ਸੀ। ਅਫਵਾਹ ਇਕ ਦਮ ਫੈਲ ਗਈ, ਕਿ ਇਕ ਸ਼ਸਤਰਬੰਦ ਜਥਾ ਪ੍ਰੀਤਨਗਰ ਤੇ ਹਲਾ ਬੋਲਣ ਵਾਲਾ ਹੈ, ਕਿਉਂਕਿ ਪ੍ਰੀਤਨਗਰ ਵਾਸੀਆਂ ਨੇ ਇਲਾਕੇ ਦੇ ਮੁਸਲਮਾਨਾਂ ਨੂੰ ਪਨਾਹ ਦਿਤੀ, ਤੇ ਪ੍ਰੀਤਨਗਰ ਵਿਚ ਹਾਲੀਂ ਕੁਝ ਮੁਸਲਮਾਨ ਮਰਦ-ਤੀਵੀਆਂ ਛੁਪੇ ਹੋਏ ਸਨ।

ਸ਼ਾਮੀਂ ਅਸੀਂ ਸਹਿਮੇ-ਸਹਿਮੇ ਘਰਾਂ 'ਚੋਂ ਬਾਹਰ ਨਿਕਲੇ, ਤਾਂ ਸਾਨੂੰ ਲੋਪੋਕੇ ਵਲੋਂ ਤਿੰਨ-ਚਾਰ ਬਜ਼ੁਰਗ ਸਰਦਾਰ ਆਉਂਦੇ ਮਿਲੇ। ਉਨ੍ਹਾਂ ਨਾਲ ਤਿੰਨ-ਚਾਰ ਮੁਸਲਮਾਨ ਤੀਵੀਆਂ ਸਨ। ਉਨ੍ਹਾਂ ਨੂੰ ਸਾਡੇ ਹਵਾਲੇ ਕਰ ਉਹ ਅੱਖਾਂ ਵਿਚ ਵਡੇ ਵਡੇ ਗਲੇਡੂ ਭਰ ਕਹਿਣ ਲਗੇ, ''ਆਹ! ਜਿਸ ਪਾਕ ਪਵਿੱਤਰ ਧਰਤੀ ਤੇ ਮੁਸਲਮਾਨ ਤੇ ਸਿੱਖ-ਹਿੰਦੂ ਇਕੱਠੇ ਖੇਡ ਖੇਡ ਵਡੇ ਹੋਏ ਸਾਂ, ਅਜ ਉਸੇ ਧਰਤੀ ਤੇ ਇਨ੍ਹਾਂ ਮਾਸੂਮਾਂ ਦਾ ਖੂਨ ਡੋਲ੍ਹਿਆ ਜਾ ਰਿਹਾ ਹੈ। ਇਹ ਬੀਬੀਆਂ ਅਸੀਂ ਪਿੰਡ ਦੇ ਲਫੰਗਿਆਂ ਹਥੋਂ ਖੋਹੀਆਂ ਹਨ, ਇਨ੍ਹਾਂ ਨੂੰ ਤੁਸੀਂ ਸ਼ਰਨ ਦਿਉ।''

ਅਸੀਂ ਉਨ੍ਹਾਂ ਬੀਬੀਆਂ ਨੂੰ ਪ੍ਰੀਤਨਗਰ ਵਿਚ ਰਹਿ ਰਹੇ ਮੁਸਲਮ ਪਰਿਵਾਰਾਂ ਨਾਲ ਪਨਾਹ ਦਿਤੀ, ਜਿਹੜੇ ਅਗੇ ਹੀ ਪ੍ਰੀਤਨਗਰ ਵਿਚ ਛਿਪ ਲੁਕ ਕੇ ਦਿਨ ਗੁਜ਼ਾਰ ਰਹੇ ਸਨ। ਇਨ੍ਹਾਂ ਪੰਜ ਸਤ ਪਰਿਵਾਰਾਂ ਨੂੰ ਪਿਛਲੀ ਰਾਤ ਪਹਿਲੀ ਥਾਂ ਤੋਂ ਘਟ ਖਤਰੇ ਵਾਲੀ ਥਾਂ ਤਬਦੀਲ ਕੀਤਾ ਗਿਆ। ਇਸ ਤਬਦੀਲੀ ਦਾ ਸਿਰਫ ਦੋ-ਚਾਰ ਬੰਦਿਆਂ ਨੂੰ ਹੀ ਪਤਾ ਸੀ। ਇਹ ਭੇਦ ਇਸ ਲਈ ਰਖਿਆ ਗਿਆ, ਕਿ ਗੱਲ ਨਿਕਲਦੀ ਨਿਕਲਦੀ ਉਨ੍ਹਾਂ ਲੋਕਾਂ ਤੀਕ ਨਾ ਪਹੁੰਚ ਜਾਵੇ, ਜੋ ਅਗੇ ਹੀ ਪ੍ਰੀਤਨਗਰ ਨੂੰ ਬਦਨਾਮ ਕਰਨ ਤੇ ਤੁਲੇ ਹੋਏ ਸਨ, ਤੇ ਜਿਨ੍ਹਾਂ ਨਾਹੱਕ ਮੁਸਲਮਾਨਾਂ ਦਾ ਖੂਨ ਡੋਲ੍ਹਿਆ ਸੀ।

ਪ੍ਰੀਤਨਗਰ ਦੀ ਇਕ ਨੁਕਰ ਤੇ ਹਾਲੀਂ ਵੀ ਲਾਸ਼ਾਂ ਪਈਆਂ ਸਨ। ਕੁਝ ਜ਼ਖਮੀ ਸਿਸਕ ਰਹੇ ਸਨ। ਕੁਝ ਅਲ੍ਹਾ ਨੂੰ ਪਿਆਰੇ ਹੋ ਗਏ ਸਨ। ਇਨ੍ਹਾਂ ਜ਼ਖਮੀਆਂ ਦੀ ਸਾਰ ਕੌਣ ਲੈਂਦਾ, ਇਨ੍ਹਾਂ ਦਾ ਦਵਾ ਦਰਮਲ ਕੌਣ ਕਰਦਾ, ਜਦ ਹਰ ਪ੍ਰੀਤਨਗਰ ਵਾਸੀ ਦਾ ਦਿਲ ਸਹਿਮਿਆ ਹੋਇਆ ਸੀ। ਜੋ ਕਿਸੇ ਮੁਸਲਮਾਨ ਨੂੰ ਪਨਾਹ ਦੇਵੇ, ਜਾਂ ਉਸ ਦੀ ਸਹਾਇਤਾ ਕਰੇ, ਉਸ ਦਾ ਆਪਣਾ ਘਾਣ-ਬੱਚਾ ਹੋ ਜਾਣਾ ਸੀ। ਐਨ ਉਸ ਵੇਲੇ ਇਸ ਅੱਗ ਵਿਚ ਕੁਦਣ ਲਈ ਸ੍ਰ. ਜਸਵੰਤ ਸਿੰਘ 'ਦੋਸਤ' ਨਾਂ ਦਾ ਇਕ ਨੌਜਵਾਨ ਘਰੋਂ ਨਿਕਲਿਆ। ਦੋ-ਤਿੰਨ ਆਪਣੇ ਵਰਗੇ ਨਿੱਡਰ ਸਾਥੀਆਂ ਨੂੰ ਉਸ ਨੇ ਨਾਲ ਲਿਆ। ਕਹੀਆਂ ਤੇ ਬੇਲਚੇ ਲੈ ਉਹ ਰਣਖੇਤਰ ਵਿਚ ਜਾ ਪੁਜੇ। ਮਰ ਗਿਆਂ ਦੀਆਂ ਲਾਸ਼ਾਂ ਲਈ ਕਬਰਾਂ ਖੋਦ, ਇਨ੍ਹਾਂ ਨੂੰ ਦਬਾ ਦਿਤਾ ਤੇ ਸਿਸਕਦਿਆਂ ਨੂੰ ਚੁਕ ਚੁਕ ਨਾਲ ਲਗਦੇ ਸਕੂਲ ਵਿਚ ਪੁਚਾਇਆ ਗਿਆ। ਉਨ੍ਹਾਂ ਦੀ ਮਰਹਮ ਪਟੀ ਕੀਤੀ ਗਈ। ਉਨ੍ਹਾਂ ਨੂੰ ਦੁੱਧ ਪਿਲਾਇਆ ਗਿਆ। ਇਹ ਕੰਮ ਕਰਨ ਵੇਲੇ ਉਨ੍ਹਾਂ ਨੂੰ ਪ੍ਰੀਤਨਗਰ ਵਾਸੀਆਂ ਵਲੋਂ ਵੀ ਸਹਿਯੋਗ ਨਾ ਮਿਲਿਆ, ਕਿਉਂਕਿ ਇਸ, ਖਤਰੇ ਵਿਚ ਪੈ ਕੇ ਕੋਈ ਵੀ ਪ੍ਰੀਤਨਗਰ ਦੀ ਪੀੜਤ ਜ਼ਿੰਦਗੀ ਨੂੰ ਹੋਰ ਖਤਰੇ, ਵਿਚ ਪਾਣ ਲਈ ਤਿਆਰ ਨਹੀਂ ਸੀ। ਪਰ ਉਨ੍ਹਾਂ ਦਲੇਰ ਨੌਜਵਾਨਾਂ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਆਪਣਾ ਫਰਜ਼ ਮੁਕਾ ਕੇ ਅਧੀ ਰਾਤ ਤੋਂ ਮਗਰੋਂ ਘਰ ਪਰਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਸਵੰਤ ਸਿੰਘ 'ਦੋਸਤ', ਮੇਰਾ ਚੰਗਾ ਮਿੱਤਰ ਤੇ ਗਵਾਂਢੀ ਸੀ। ਉਹ ਸਾਰੀ ਰਾਤ ਸੌਂ ਨਾ ਸਕਿਆ ਤੇ ਕਈ ਵਾਰ ਉਹ ਉਠ ਕੇ ਜ਼ਖ਼ਮੀਆਂ ਨੂੰ ਵੇਖਣ ਜਾਂਦਾ ਰਿਹਾ। ਉਸ ਖ਼ੂਨੀ ਰਾਤ ਨੂੰ ਕੋਈ ਪ੍ਰੀਤਨਗਰ ਵਾਸੀ ਸੌਂ ਨਾ ਸਕਿਆ। ਕਬਰਿਸਤਾਨ ਵਰਗੀ ਛਾਈ ਖਾਮੋਸ਼ੀ ਤੇ ਕਾਲੀ ਸ਼ਾਹ ਰਾਤ, ਰਣ ਖੇਤਰ ਦੇ ਬਿਲਕੁਲ ਨਾਲ ਕਰ ਕੇ ਵਸਦਾ ਇਹ ਨਗਰ। ਐਸਾ ਜਾਪਦਾ ਸੀ, ਜਿਵੇਂ ਹੁਣੇ ਹੁਣੇ ਇਥੇ ਬੰਬਾਰੀ ਹੋ ਕੇ ਹਟੀ ਹੋਵੇ, ਤੇ ਦੁਬਾਰਾ ਹੋਣ ਹੀ ਵਾਲੀ ਹੋਵੇ। ਨਾਲੋ ਨਾਲ ਕਰ ਕੇ ਮੰਜੀਆਂ ਤੇ ਅਸੀਂ ਸੁਤੇ ਪਏ ਸਾਂ। ਸੁਤਾ ਕੌਣ ਸੀ, ਸਭ ਜਾਗਦੇ ਹੀ ਸਾਂ। ਦਿਲ ਧੜਕ ਰਹੇ ਸਨ। ਸਹਿਮ ਦੇ ਮਾਰੇ ਕੋਈ ਇਕ ਦੂਜੇ ਨਾਲ ਗੱਲ ਵੀ ਨਹੀਂ ਸੀ ਕਰਦਾ।

ਸਾਡੇ ਸਿਰਾਂ ਤੇ ਦੋ ਤਰ੍ਹਾਂ ਦੇ ਖਤਰੇ ਮੌਤ ਦਾ ਰੂਪ ਧਾਰੀ ਖੜੋਤੇ ਸਨ। ਇਕ ਆਪਣੇ ਦੇਸ਼ ਵਾਸੀਆਂ ਵਲੋਂ, ਜਿਨ੍ਹਾਂ ਨੂੰ ਪਤਾ ਸੀ ਕਿ ਪ੍ਰੀਤਨਗਰੀਆਂ ਨੇ ਮੁਸਲਮਾਨਾਂ ਨੂੰ ਪਨਾਹ ਦਿਤੀ ਹੋਈ ਹੈ। ਉਨ੍ਹਾਂ ਨੂੰ ਇਹ ਨਹੀਂ ਸੀ ਪਤਾ, ਕਿਸ ਮਕਾਨ ਵਿਚ ਮੁਸਲਮਾਨਾਂ ਨੇ ਪਨਾਹ ਲਈ ਹੈ। ਇਸ ਲਈ ਸਾਰੇ ਪ੍ਰੀਤਨਗਰ ਉਤੇ ਹੀ ਮੁਸੀਬਤ ਪੈ ਸਕਦੀ ਸੀ। ਦੂਜੇ, ਇਹ ਨਗਰ, ਬਾਰਡਰ ਤੋਂ ਸਿਰਫ ਪੰਜ ਛੇ ਮੀਲ ਦੀ ਦੂਰੀ ਤੇ ਸੀ। ਪਾਕਿਸਤਾਨ ਦੀ ਬਲੋਚ ਮਿਲਟਰੀ ਵਲੋਂ ਇਹ ਖਤਰਾ ਬਣਿਆ ਰਹਿੰਦਾ ਸੀ, ਕਿ ਉਹ ਸਰਹਦ ਦੇ ਨਾਲ ਲਗਦੇ ਇਲਾਕੇ ਤੇ ਕਿਸੇ ਵੇਲੇ ਵੀ ਹਲਾ ਬੋਲ ਸਕਦੀ ਹੈ। ਇਸ ਤਰ੍ਹਾਂ ਅਸੀਂ ਚੁਪਾਸਿਉਂ ਖਤਰੇ ਵਿਚ ਘਿਰੇ ਹੋਏ ਸਾਂ।

ਪ੍ਰੀਤਨਗਰ ਦੇ ਬਾਨੀ ਸ੍ਰ: ਗੁਰਬਖਸ਼ ਸਿੰਘ ਨੂੰ ਪਾਕਿਸਤਾਨ ਜਾ ਰਹੇ ਮੁਸਲਮਾਨਾਂ ਤੇ ਕੀਤੇ ਗਏ ਹਲੇ ਕਾਰਣ ਬੜਾ ਦੁਖ ਸੀ। ਉਨ੍ਹਾਂ ਨੇ ਹੀ ਤਾਂ ਮੁਸਲਮਾਨਾਂ ਨੂੰ ਦੇਸ਼ ਛਡਣ ਤੋਂ ਹਾਲੀਂ ਤੀਕ ਰੋਕੀ ਰਖਿਆ ਸੀ। ਉਨ੍ਹਾਂ ਨੂੰ ਆਪਣੇ ਪਾਸੇ ਦੇ ਗੁੰਡਿਆਂ ਵਲੋਂ ਵਾਰਨਿੰਗ ਵੀ ਮਿਲ ਚੁਕੀ ਸੀ। ਇਕ ਬੰਦਾ ਦੋ ਬੰਬ ਆਪਣੇ ਝੋਲੇ ਵਿਚ ਪਾਈ ਦਿਨੇ ਉਨ੍ਹਾਂ ਦੀ ਕੋਠੀ ਦੁਆਲੇ ਫਿਰਦਾ ਵੀ ਵੇਖਿਆ ਗਿਆ ਸੀ। ਉਸ ਵੇਲੇ ਸ੍ਰਦਾਰ ਜੀ ਲੋਪੋਕੀ ਸਟੇਸ਼ਨ ਤੇ ਮੁਸਲਮਾਨਾਂ ਦੀ ਰਖਿਆ ਲਈ ਪੁਲਸ ਅਧਿਕਾਰੀਆਂ ਨੂੰ ਮਿਲਣ ਗਏ ਹੋਏ ਸਨ।

ਉਨ੍ਹੀਂ ਦਿਨੀਂ ਪ੍ਰੀਤਨਗਰ ਇਕ ਮਿਲਟਰੀ ਦਾ ਮੇਜਰ ਦਲੀਪ ਸਿੰਘ ਛੁੱਟੀ ਆਇਆ ਹੋਇਆ ਸੀ। ਉਸ ਨੇ ਖਤਰੇ ਦੀ ਬੂ ਸੁੰਘ ਕੇ ਸਰਦਾਰ ਹੋਰਾਂ ਦੀ ਕੋਠੀ ਅੱਗੇ ਮੁਸੱਲਾਹ ਹੋ ਪਹਿਰਾ ਦੇਣਾ ਸ਼ੁਰੂ ਕਰ ਦਿਤਾ, ਜੋ ਕਈ ਦਿਨ ਜਾਰੀ ਰਿਹਾ।

ਪ੍ਰੀਤਨਗਰ ਤੇ ਉਸ ਸਾਰੇ ਇਲਾਕੇ ਵਿਚ ਕਈ ਦਿਨ ਹਾਲਤ ਬੜੀ ਡਾਵਾਂਡੋਲ ਰਹੀ। ਜਿਨ੍ਹਾਂ ਪਿੰਡਾਂ ਨੇ ਬੇਦੋਸੇ ਤੇ ਨਿਹੱਥੇ ਪਾਕਿਸਤਾਨ ਜਾ ਰਹੇ ਲੋਕਾਂ ਤੇ ਹਲਾ ਬੋਲਿਆ ਸੀ, ਇਹ ਅਫਵਾਹ ਫੈਲ ਜਾਣ ਤੇ ਪਾਕੀ ਫੌਜ ਇਧਰ ਹਲਾ ਬੋਲਣ ਵਾਲੀ ਹੈ, ਉਹ ਸਾਰੇ ਪਿੰਡ ਇਕ ਦਮ ਖਾਲੀ ਹੋ ਗਏ। ਇਹ ਅਫਵਾਹ ਇੰਨੇ ਜ਼ੋਰ ਦੀ ਫੈਲੀ, ਕਿ ਸਰਹਦ ਦਾ ਇਹ ਸਾਰਾ ਇਲਾਕਾ ਹੀ ਅੰਮ੍ਰਿਤਸਰ ਵਲ ਭਜ ਉਠਿਆ, ਪਰ ਫਿਰ ਕੁਝ ਦੇਰ ਪਿਛੋਂ ਹੀ ਇਸ ਖਬਰ ਨੂੰ ਅਫਵਾਹ ਜਾਣ ਅੰਮ੍ਰਿਤਸਰ ਵਲ ਭਜੇ ਜਾਂਦੇ ਲੋਕੀ ਮੁੜ ਘਰੋ ਘਰੀ ਪਰਤ ਆਏ। ਇਹ ਉਹ ਦਿਨ ਸਨ, ਜਦੋਂ ਕਲਾ ਦੁਕਲਾ ਹਿੰਦੂ-ਸਿੱਖ ਵੀ ਘਰੋਂ ਬਾਹਰ ਨਹੀਂ ਸੀ ਨਿਕਲਦਾ। ਚੁਪਾਸੀਂ ਗੁੰਡਿਆਂ ਦਾ ਰਾਜ ਸੀ ਤੇ ਜੋ ਘਰੋਂ ਨਿਕਲਿਆ, ਉਸ ਨੂੰ ਕਤਲ ਕਰ ਦੇਣਾ ਤੇ ਲੁਟਪੁਟ ਲੈਣਾ ਆਮ ਹੋ ਗਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



## ਮੁਸਲਮ ਪਰਿਵਾਰਾਂ ਦੀ ਹਿਜਰਤ

ਇਸੇ ਤਰ੍ਹਾਂ ਕੁਝ ਦਿਨ ਹੋਰ ਬੀਤ ਗਏ। ਪ੍ਰੀਤਨਗਰ ਦੇ ਮੁਸਲਮ ਪਰਿਵਾਰਾਂ ਲਈ ਸਖਤ ਖਤਰਾ ਬਣਿਆ ਰਿਹਾ। ਹੁਣ ਯਕੀਨ ਹੋ ਗਿਆ, ਕਿ ਉਹ ਕਿਸੇ ਤਰ੍ਹਾਂ ਵੀ ਇਥੇ ਨਹੀਂ ਰਹਿ ਸਕਦੇ। ਪ੍ਰੀਤਨਗਰ ਵਾਸੀਆਂ ਨੇ ਉਨ੍ਹਾਂ ਨੂੰ ਰਾਏ ਦਿਤੀ, ਕਿ ਉਹ ਆਪਣੇ ਬਾਲ ਬੱਚੇ ਤੇ ਇਸਤਰੀਆਂ ਨੂੰ ਇਥੇ ਹੀ ਛਡ ਆਪ ਪਾਕਿਸਤਾਨ ਚਲੇ ਜਾਣ। ਹਾਲਾਤ ਸੁਧਰ ਜਾਣ ਤੇ ਪ੍ਰੀਤਨਗਰ ਵਾਪਸ ਪਰਤ ਆਣ, ਜਾਂ ਆਪਣੇ ਪਰਿਵਾਰਾਂ ਨੂੰ ਪਾਕਿਸਤਾਨ ਬੁਲਾ ਲੈਣ।

ਪਰ ਹੁਣ ਸਵਾਲ ਇਹ ਸੀ, ਕਿ ਉਹ ਚੁਪਾਸਿਉਂ ਖਤਰੇ 'ਚੋਂ ਘਿਰੀ ਇਸ ਬਸਤੀ 'ਚੋਂ ਨਿਕਲ ਕੇ ਪਾਕਿਸਤਾਨ ਪਹੁੰਚਣ ਕਿਵੇਂ? ਇਸ ਦੇ ਨਾਲ ਹੀ ਪ੍ਰੀਤਨਗਰ ਵਾਸੀ ਵੀ ਨੇੜੇ ਤੇੜੇ ਦੇ ਲੋਕਾਂ ਤੇ ਇਹ ਜ਼ਾਹਿਰ ਨਹੀਂ ਸੀ ਹੋਣ ਦੇਣਾ ਚਾਹੁੰਦੇ, ਕਿ ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਪਨਾਹ ਦਿਤੀ ਰਖੀ ਹੈ। ਇਸ ਔਖੀ ਘੜੀ ਫਿਰ ਮਨੁੱਖਤਾ ਦਾ ਹਾਮੀ ਤੇ ਦਲੇਰ ਨੌਜਵਾਨ ਸ੍ਰ: ਜਸਵੰਤ ਸਿੰਘ 'ਦੋਸਤ' ਨਿਤਰਿਆ। ਉਸ ਆਪਣੇ ਨਾਲ ਤਿੰਨ-ਚਾਰ ਹੋਰ ਸਾਥੀ ਲਏ। ਉਨ੍ਹਾਂ ਮਿੱਤਰਾਂ ਨੇ ਵੀ ਇਸ ਖਤਰੇ ਵਿਚ ਸਿਰਫ ਆਪਣੇ ਪ੍ਰੇਮੀ 'ਦੋਸਤ' ਕਹ ਕੇ ਹੀ ਛਾਲਾਂ ਮਾਰੀਆਂ, ਮੁਸੀਬਤ ਮਾਰਿਆਂ ਲੋਕਾਂ ਦੀ ਮੁਹੱਬਤ ਕਰ ਕੇ ਨਹੀਂ।

ਅੱਧੀ ਰਾਤ ਦਾ ਸਮਾਂ ਸੀ। ਕਾਲੀ ਸ਼ਾਹ ਰਾਤ ਸੀ। ਚੁਪਾਸੀਂ ਸਹਿਮ ਤੇ ਖਾਮੋਸ਼ੀ ਛਾਈ ਹੋਈ ਸੀ। ਇਨ੍ਹੀਂ ਰਾਤੀਂ ਨਾ ਕਿਸੇ ਨੂੰ ਨੀਂਦ ਆਉਂਦੀ ਸੀ, ਨਾ ਲੋਕੀਂ ਆਪੋ ਵਿਚ ਗੱਲਾਂ ਕਰਦੇ ਸਨ। ਐਸਾ ਜਾਪਦਾ ਸੀ, ਜਿਵੇਂ ਮਨੁੱਖਤਾ ਮਰ ਚੁਕੀ ਹੈ, ਤੇ ਚੁਪਾਸੀਂ ਗੁੰਡਿਆਂ ਦਾ ਰਾਜ ਹੈ। ਇਸ ਵਾਤਾਵਰਨ ਵਿਚ ਚੁਪ-ਚੁਪੀਤਾ ਜਸਵੰਤ ਸਿੰਘ ਘਰੋਂ ਨਿਕਲਿਆ ਤੇ ਆਪਣੇ ਸਾਥੀਆਂ ਤੇ ਮੁਸਲਮ ਪਰਿਵਾਰਾਂ ਨੂੰ ਨਾਲ ਲੈ ਪਾਕ-ਹਦ ਵਲ ਇਹ ਕਾਫਲਾ ਤੁਰ ਪਿਆ।

ਹਥਿਆਰ ਇਨ੍ਹਾਂ ਪਾਸ ਕੇਵਲ ਡਾਂਗਾਂ ਹੀ ਸਨ। ਛੁਪਦੇ ਛੁਪਾਂਦੇ ਇਹ ਲੋਕ ਦੋ ਘੰਟਿਆਂ ਵਿਚ ਸਰਹਦ ਤੀਕ ਪਹੁੰਚ ਗਏ। ਕੁਝ ਦਿਨਾਂ ਵਿਚ ਹੀ ਇਨ੍ਹਾਂ ਮੁਸਲਮਾਨ ਪਰਿਵਾਰਾਂ ਦੀ ਹਾਲਤ ਬੜੀ ਖਸਤਾ ਹੋ ਗਈ ਸੀ। ਚੌਵ੍ਹੀ ਘੰਟੇ ਸਟੋਰਾਂ ਵਿਚ ਜਾਂ ਮੰਜੀਆਂ ਹੇਠ ਛੁਪੇ ਰਹਿਣਾ। ਫਿਰ ਹਰ ਘੜੀ ਹਲੇ ਦਾ ਡਰ - ਐਸਾ ਜਾਪਦਾ ਸੀ, ਕਿ ਮੱਨੁਖ ਨਹੀਂ - ਕਬਰੋਂ ਨਿਕਲੇ ਹੋਏ ਮੁਰਦੇ ਹੋਣ। ਤੇ ਇਨ੍ਹਾਂ ਮੁਰਦਿਆਂ ਨੂੰ ਹੀ ਨਾਲ ਲਈ 'ਦੋਸਤ' ਸਰਹਦ ਤੀਕ ਜਾ ਪਹੁੰਚਿਆ। ਸਰਹਦ ਵੇਖ ਮੁਰਦਿਆਂ ਵਿਚ ਮੁੜ ਜਾਨ ਪਰਤ ਆਈ। ਉਹ ਘੁਟ ਘੁਟ ਜਫੀਆਂ ਪਾ ਰੋਂਦੀਆਂ ਅੱਖਾਂ ਨਾਲ ਆਪਣੇ ਮੁਹਾਫਜ਼ਾਂ ਨੂੰ ਗਲੇ ਮਿਲੇ, ਤੇ ਛੇਤੀ ਹੀ ਮੁੜ ਵਾਪਸ ਆਣ ਦਾ ਇਕਰਾਰ ਕਰ ਪਾਕਿਸਤਾਨ ਦਾਖਲ ਹੋ ਗਏ। ਮੁਹਾਫਜ਼ ਕਾਫਲਾ ਪ੍ਰੀਤਨਗਰ ਵਾਪਸ ਪਰਤ ਆਇਆ।

ਮੁਸਲਮ ਬੀਬੀਆਂ ਦੀ, ਆਪਣੇ ਮਰਦਾਂ ਦੇ ਸੁਖੀ ਸਾਂਦੀ ਇਸ ਬਿਪਤਾ 'ਚੋਂ ਬਚ ਕੇ ਨਿਕਲ ਜਾਣ ਦੀ ਖਬਰ ਨਾਲ ਜਾਨ ਵਿਚ ਜਾਨ ਆਈ। ਹਾਲਤ ਉਨ੍ਹਾਂ ਦੀ ਵੀ ਆਪਣੇ ਮਰਦਾਂ ਨਾਲੋਂ ਖਰਾਬ ਸੀ, ਕਿਉਂਕਿ ਪ੍ਰੀਤਨਗਰ ਵਿਚ ਹੋਏ ਖੂਨ-ਖਰਾਬੇ ਨੂੰ ਉਹ ਆਪਣੀ ਅਖੀਂ ਵੇਖ ਚੁਕੀਆਂ ਸਨ।

ਪਾਕਿਸਤਾਨੀ ਵੰਡ ਪਿਛੋਂ ਪੰਦਰਾਂ ਕੁ ਦਿਨ ਸਾਡੇ ਨੇੜੇ-ਤੇੜੇ ਗੁੰਡਾ-ਰਾਜ ਹੀ ਰਿਹਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੱਸਾਂ ਬੰਦ। ਕਾਫਲੇ ਇਧਰੋਂ ਉਧਰ ਤੇ ਉਧਰੋਂ ਇਧਰ ਆ ਰਹੇ ਸਨ। ਸਿੱਖ-ਹਿੰਦੂ ਸ਼ਰਨਾਰਥੀਆਂ ਦੀ ਆ ਰਹੀ ਇਕ ਗਡੀ ਨੂੰ. ਲਾਹੌਰ ਵਿਚ ਪਾਕਿਸਤਾਨੀ ਗੁੰਡਿਆਂ ਨੇ ਵਢ ਦਿਤਾ। ਜਦੋਂ ਉਸ ਗਡੀ ਦੇ ਜ਼ਖਮੀ ਤੇ ਮੁਰਦੇ ਇਧਰ ਪੁਜੇ. ਤਾਂ ਫੌਰਨ ਇਧਰੋਂ ਨਹਿਲੇ ਦਾ ਉਤਰ ਦਹਿਲੇ ਵਿਚ ਦਿਤਾ ਗਿਆ। ਬਸ ਹੁਣ ਕੀ ਸੀ? ਦੋ-ਪਾਸੀਂ ਕਟਾ ਵੱਢੀ ਅਰੰਭ ਹੋ ਗਈ। ਅਖੀਰ ਕੁਝ ਦਿਨਾਂ ਮਗਰੋਂ ਗ੍ਰਿਹ ਮੰਤਰੀ ਸਰਦਾਰ ਪਟੇਲ ਅੰਮ੍ਰਿਤਸਰ ਪੁਜਾ। ਉਸ ਇਕ ਜਲਸੇ ਵਿਚ ਭਾਸ਼ਨ ਦੇ ਕੇ ਜਨਤਾ ਨੂੰ ਸਮਝਾਇਆ. ਕਿ ਇਸ ਕਟਾ-ਵੱਢੀ ਨਾਲ ਅਸੀਂ ਪਾਕਿਸਤਾਨ ਵਿਚ ਰਹਿ ਰਹੇ ਆਪਣੇ ਸਾਰੇ ਭਰਾਵਾਂ ਨੂੰ ਮਰਵਾ ਦਿਆਂਗੇ। ਲੋਕਾਂ ਨੂੰ ਆਪਣੇ ਸਰਦਾਰ ਦੀ ਗਲ ਸਮਝ ਆ ਗਈ. ਤੇ ਉਨ੍ਹਾਂ ਇਹ ਕੰਮ ਬੰਦ ਕਰ ਦਿਤਾ। ਇਸ ਦੇ ਨਤੀਜੇ ਦੇ ਤੌਰ ਤੇ ਪਾਕਿਸਤਾਨੀਆਂ ਨੇ ਵੀ ਇਸ ਖ਼ੂਨੀ ਕਾਂਡ ਦਾ ਭੋਗ ਪਾ ਦਿਤਾ ਤੇ ਇਸ ਤਰ੍ਹਾਂ ਦੋਹਾਂ ਪਾਸਿਉਂ ਖ਼ੂਨ ਦੀ ਹੋਲੀ ਖੇਡੀ ਜਾਣੀ ਬੰਦ ਕਰ ਦਿਤੀ ਗਈ।

ਅਸੀਂ ਦੇਸ਼ ਵੰਡ ਤੋਂ ਪੰਦਰਾਂ ਦਿਨ ਮਗਰੋਂ ਇਸ ਯੋਗ ਹੋ ਸਕੇ. ਕਿ ਪ੍ਰੀਤਨਗਰੋਂ ਅੰਮ੍ਰਿਤਸਰ--ਕੇਵਲ ਪੰਦਰਾਂ ਮੀਲ ਦੀ ਦੂਰੀ ਤੇ--ਇਕ ਗਰੁਪ ਦੀ ਸ਼ਕਲ ਵਿਚ ਸਾਈਕਲਾਂ ਤੇ ਗਏ। ਅੰਮ੍ਰਿਤਸਰ ਦੀ ਹਾਲਤ ਵੇਖ ਕੇ ਸਾਨੂੰ ਆਪਣਾ ਦੁਖ ਭੁਲ ਗਿਆ। ਲੱਖਾਂ ਲੋਕੀ ਸਟੇਸ਼ਨ ਤੇ ਗੁਰਦਵਾਰਿਆਂ. ਸਰਾਵਾਂ. ਮੁਸਾਫਰਖਾਨਿਆਂ ਤੇ ਸਰਕਾਰੀ ਕੈਂਪਾਂ ਵਿਚ ਰੁਲ ਰਹੇ ਸਨ। ਉਪਰੋਂ ਹੋਰ ਗੱਡੀਆਂ ਤੇ ਹਵਾਈ ਜਹਾਜ਼ਾਂ ਰਾਹੀਂ ਲੱਖਾਂ ਬੰਦੇ ਰੋਜ਼ਾਨਾ ਉਜੜ-ਪੁਜੜ ਕੇ ਗੁਰੂ ਦੀ ਨਗਰੀ ਪਹੁੰਚ ਰਹੇ ਸਨ। ਪੰਜਾਹ-ਪੰਜਾਹ ਹਜ਼ਾਰ ਤੋਂ ਲੈ ਕੇ ਡੇਢ ਦੋ-ਦੋ ਲਖ ਦੇ ਕਾਫਲੇ ਪੈਦਲ ਮਾਰਚ ਕਰਦੇ ਤੇ ਰਾਹ ਵਿਚ ਪਾਕ ਪੁਲਸ ਤੇ ਮਿਲਟਰੀ ਅਰ ਗੁੰਡਿਆਂ ਦਾ ਟਾਕਰਾ ਕਰਦੇ ਤੂਫਾਨ ਵਾਂਗ ਦੇਸ਼ ਪਹੁੰਚ ਰਹੇ ਸਨ। ਉਨ੍ਹਾਂ ਦੀ ਰਿਹਾਇਸ਼. ਖਾਣ-ਪੀਣ. ਦਵਾਈ ਦਰਮਲ ਲਈ ਪ੍ਰਬੰਧ ਕਰਨਾ ਸੌਖਾ ਮਾਮਲਾ ਨਹੀਂ ਸੀ. ਪਰ ਆਮ ਜਨਤਾ ਤੇ ਸਰਕਾਰ ਨੇ ਇਨ੍ਹੀਂ ਦਿਨੀਂ ਸ਼ਰਨਾਰਥੀਆਂ ਦੀ ਬੜੀ ਸੇਵਾ ਕੀਤੀ। ਜ਼ਖਮੀਆਂ ਤੇ ਬੀਮਾਰਾਂ ਲਈ ਚਲਦੇ ਫਿਰਦੇ ਹਸਪਤਾਲ ਖੁਲ੍ਹ ਗਏ। ਸਰਕਾਰੀ ਕੈਂਪਾਂ ਤੇ ਜਨਤਾ ਵਲੋਂ ਲੰਗਰ ਜਾਰੀ ਹੋ ਗਏ. ਪਰ ਸ਼ਰਨਾਰਥੀਆਂ ਦਾ ਇਹ ਅਜਿਹਾ ਹੜ੍ਹ ਸੀ. ਜਿਸ ਦਾ ਠਲ੍ਹਿਆ ਜਾਣਾ ਕੋਈ ਸੌਖਾ ਕੰਮ ਨਹੀਂ ਸੀ।

ਅੰਮ੍ਰਿਤਸਰ ਵਿਚ ਮੁਸਲਮਾਣਾਂ ਦੀ ਤੱਕੜੀ ਵਸੋਂ ਸੀ। ਉਹ ਆਖਰੀ ਦਮ ਤੀਕ ਸ਼ਹਿਰ ਵਿਚ ਡਟੇ ਰਹੇ। ਜਿਵੇਂ ਸਾਡਾ ਖਿਆਲ ਸੀ. ਕਿ ਪਾਕਿਸਤਾਨ ਬਣ ਜਾਣ ਤੇ ਅਸੀਂ ਲਾਹੌਰ ਵਿਚ ਹੀ ਕਿਆਮ ਕਰਾਂਗੇ. ਇਵੇਂ ਹੀ ਅੰਮ੍ਰਿਤਸਰੀ ਮੁਸਲਮਾਣਾਂ ਦਾ ਵਿਚਾਰ ਵੀ ਇਥੇ ਹੀ ਡਟੇ ਰਹਿਣ ਦਾ ਸੀ. ਪਰ ਐਸਾ ਹੋਣਾ ਮੌਜੂਦਾ ਹਾਲਾਤ ਕਾਰਣ ਸੰਭਵ ਨਹੀਂ ਸੀ। ਲੱਖਾਂ ਦੀ ਗਿਣਤੀ ਵਿਚ ਪਾਕਿਸਤਾਨੋਂ ਇਧਰ ਆਉਣ ਵਾਲੇ ਲੋਕਾਂ ਨੂੰ ਠਿਕਾਣਾ ਕਿੱਥੇ ਦਿਤਾ ਜਾਵੇ? ਭਾਰਤ ਲਈ ਇਹ ਅਹਿਮ ਮਸਲਾ ਸੀ. ਤੇ ਇਹ ਉਸ ਤੋਂ ਵੀ ਵਧ ਅਹਿਮ ਗਲ ਸੀ. ਕਿ ਜੇ ਸਾਰਾ ਲਾਹੌਰ ਹਿੰਦੂ ਸਿੱਖਾਂ ਹਥੋਂ ਖਾਲੀ ਕੀਤਾ ਜਾ ਸਕਦਾ ਹੈ. ਤਾਂ ਕੀ ਅੰਮ੍ਰਿਤਸਰ ਮੁਸਲਮਾਣਾਂ ਤੋਂ ਖਾਲੀ ਨਹੀਂ ਕਰਾਇਆ ਜਾ ਸਕਦਾ? ਸੋ ਜੋ ਖ਼ੂਨੀ ਹੋਲੀ ਪਾਕਿਸਤਾਨ ਵਿਚ ਖੇਡੀ ਗਈ. ਉਸ ਲਹੂ ਲੁਹਾਨ ਕਾਂਡ ਨੂੰ ਮੁੜ ਹਿੰਦ ਵਿਚ ਦੁਹਰਾਇਆ ਗਿਆ. ਤੇ ਡੇਢ ਦੋ ਲੱਖ ਦੀ ਮੁਸਲਮਾਨ ਆਬਾਦੀ ਨੂੰ ਹਫਤੇ ਭਰ ਵਿਚ ਸਰਹਦੋਂ ਪਾਰ ਤੋਰ ਦਿਤਾ ਗਿਆ। ਵੱਸਦਾ-ਰੱਸਦਾ ਪੰਜਾਬ ਟੁਕੜ- ਟੁਕੜੇ ਹੋ ਗਿਆ। ਉਹ ਪਾਕ ਪੰਜਾਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵੀ ਕੀ. ਜਿਸ ਵਿਚ ਹਿੰਦੂ-ਸਿੱਖ ਨਹੀਂ ਤੇ ਉਹ ਲੰਗੜਾ ਪੰਜਾਬ ਕਾਹਦਾ. ਜਿਸ ਵਿਚ ਮੁਸਲਮਾਨ ਨਹੀਂ ਰਹਿ ਸਕਦੇ. ਪਰ ਦੋਹਾਂ ਪੰਜਾਬਾਂ ਨੂੰ ਤੇ ਦੋਹਾਂ ਬੰਗਾਲਾਂ ਨੂੰ ਵੰਡ ਵੰਡਾ ਤੇ ਕਟ ਕਟਾ ਕੇ ਕਿਸੇ ਕੰਮ ਦਾ ਨਾ ਰਹਿਣ ਦਿਤਾ ਗਿਆ।

ਇਨੀਂ ਦਿਨੀਂ ਹੀ ਖਤਰਾ ਸਹੇੜ ਸ੍ਰ. ਗੁਰਬਖਸ਼ ਸਿੰਘ. ਦੋ-ਚਾਰ ਸਾਥੀਆਂ ਦੇ ਨਾਲ ਸਾਈਕਲਾਂ ਤੇ ਸਵੇਰੇ ਸਵੇਰੇ ਅੰਮ੍ਰਿਤਸਰ ਤੁਰ ਪਏ। ਅਸੀਂ ਸ਼ਾਮੀ ਵਾਪਸ ਪ੍ਰੀਤਨਗਰ ਪਹੁੰਚ ਗਏ। ਉਹਨਾ ਦਿਨਾਂ ਵਿਚ ਇਸ ਪੰਦਰਾਂ ਮੀਲਾਂ ਦੇ ਛੋਟੇ ਜਿਹੇ ਟੁਕੜੇ ਵਿਚ ਹਰ ਥਾਂ ਖਤਰਾ ਹੀ ਖਤਰਾ ਸੀ। ਰਾਹ ਵਿਚ ਲੋਕਾਂ ਨੂੰ ਲੁਟ ਲਿਆ ਜਾਂਦਾ. ਤੇ ਬੰਦ ਘਰਾਂ ਦੇ ਤਾਲੇ ਤੋੜ ਲਏ ਜਾਂਦੇ। ਪੁਰਾਣੀਆਂ ਦੁਸ਼ਮਣੀਆਂ ਕੱਢੀਆਂ ਜਾਂਦੀਆਂ ਤੇ ਹਿੰਦ ਪਾਕ ਦੇ ਨਾਂ ਤੇ ਦਿਲ ਖੋਲ੍ਹ ਕੇ ਗੁੰਡਾਗਰਦੀ ਕੀਤੀ ਜਾਂਦੀ।

ਪ੍ਰੀਤਨਗਰ 'ਚੋਂ ਇਕ ਨਿੱਕੇ ਜਿਹੇ ਮੁਸਲਮ ਕਾਫਲੇ ਦੇ ਪਾਕਿਸਤਾਨ ਚਲੇ ਜਾਣ ਤੋਂ ਪੰਦਰਾਂ-ਕੁ ਦਿਨ ਪਿਛੋਂ ਪਾਕ ਮਿਲਟਰੀ ਦਾ ਟਰੱਕ ਆ ਕੇ ਪ੍ਰੀਤਨਗਰੋਂ ਮੁਸਲਮ ਤੀਵੀਆਂ ਤੇ ਉਨ੍ਹਾਂ ਦਾ ਸਾਮਾਨ ਲੈ ਗਿਆ। ਇਸ ਤਰ੍ਹਾਂ ਪ੍ਰੀਤਨਗਰ ਸਿਰੋਂ ਇਹ ਭਾਰੀ ਜ਼ਿੰਮੇਦਾਰੀ ਲਥ ਗਈ।

ਸਾਡੇ ਸਾਹਮਣੇ ਹੁਣ ਸਭ ਤੋਂ ਵੱਡਾ ਮਸਲਾ ਸੀ. ਕਿ ਭਵਿਖ ਵਿਚ ਕੀ ਕੰਮ ਕੀਤਾ ਜਾਵੇ ਤੇ ਰਿਹਾਇਸ਼ ਕਿਥੇ ਰੱਖੀ ਜਾਵੇ? ਪ੍ਰੀਤਨਗਰ ਲਗਪਗ ਉਜੜ ਗਿਆ ਸੀ। ਹਰ ਹਾਲਤ ਵਿਚ ਅਸੀਂ ਪ੍ਰੀਤਨਗਰੋਂ ਨਿਕਲਣਾ ਸੀ। ਪ੍ਰੀਤਨਗਰ ਵਿੱਚ ਆਪਣੇ ਮਾਤਾ-ਪਿਤਾ. ਆਪਣੇ ਬੱਚੇ. ਤੇ ਭੈਣ ਦਾ ਪਰਿਵਾਰ ਸੀ। ਇਨ੍ਹਾਂ ਪਰਿਵਾਰਾਂ ਦੀ ਪ੍ਰਿਤਪਾਲਣਾ ਕਿਵੇਂ ਕੀਤੀ ਜਾਵੇ. ਤੇ ਰਿਹਾਇਸ਼ ਕਿਥੇ ਰਖੀ ਜਾਵੇ? ਕੁਝ ਸਮਝ ਨਹੀਂ ਸੀ ਪੈਂਦੀ।

ਇਨ੍ਹਾਂ ਬੇਕਾਰੀ ਦੇ ਦਿਨਾਂ ਵਿਚ ਅਚਾਨਕ ਇਕ ਦਿਨ ਕੁਝ ਚਿੱਠੀਆਂ ਤੇ ਗੁਜਰਾਂਵਾਲਾ ਤੇ ਇਕ ਹੋਰ ਕਾਲਜ ਦੀਆਂ ਲਾਇਬ੍ਰੇਰਿਆਂ ਨੂੰ ਪੰਜਾਬੀ ਉਰਦੂ ਪੁਸਤਕਾਂ ਦੇ ਬਿਲਾਂ ਦੀ ਰਕਮ ਦੇ ਰਜਿਸਟਰੀ ਰਾਹੀਂ ਦੋ ਡਰਾਫਟ ਮਿਲ ਗਏ। ਲਾਹੌਰ ਛਡਦਿਆ ਮੈਂ ਡਾਕਖਾਨੇ ਨੂੰ ਸੂਚਨਾ ਦੇ ਆਇਆ ਸਾਂ. ਕਿ ਮੇਰੀ ਡਾਕ ਪ੍ਰੀਤਨਗਰ ਭੇਜੀ ਜਾਏ ਸੋ ਉਸੇ ਅਧਾਰ ਤੇ ਲਾਹੌਰ ਤੋਂ ਰੀਡਾਇਰੈਕਟ ਹੋ ਕੇ ਇਹ ਚਿੱਠੀਆਂ ਤੇ ਡਰਾਫਟ ਪ੍ਰੀਤਨਗਰ ਘਲੇ ਗਏ ਸਨ। ਇਹ ਉਨ੍ਹਾਂ ਦਿਨਾ ਦੀ ਗੱਲ ਹੈ. ਜਦੋਂ ਇਕੋ ਦੇਸ਼ ਦੇ ਦੋ ਟੁਕੜੇ ਕਰ ਕੇ ਭਰਾ ਭਰਾ ਨੂੰ ਆਪੋ ਵਿਚ ਲੜਾ ਕੇ ਉਨ੍ਹਾਂ ਦੇ ਖ਼ੂਨ ਦੀਆਂ ਨਦੀਆਂ ਵਹਾਈਆਂ ਜਾ ਰਹੀਆਂ ਸਨ। ਸੋ ਇਹ ਮਾਇਆ ਮਿਲਣੀ ਕੁਦਰਤ ਦਾ ਅਜਿਹਾ ਕ੍ਰਿਸ਼ਮਾ ਸੀ. ਜਿਸ ਨੂੰ ਮੈਂ ਭੁਲ ਨਹੀਂ ਸਕਦਾ।

## ਨਵਾਂ ਕਾਰੋਬਾਰ

ਜਦੋਂ ਮੈਂ ਸਕੂਲ ਪੜ੍ਹਦਾ ਸਾਂ. ਉਦੋਂ ਅਕਾਲੀ ਲਹਿਰ ਜ਼ੋਰਾਂ ਤੇ ਸੀ। ਅੰਗ੍ਰੇਜ਼ੀ ਸ੍ਰਕਾਰ ਵਲੋਂ ਹਿੰਦੁਸਤਾਨੀਆਂ ਪ੍ਰਤੀ ਬੜਾ ਘਟੀਆ ਸਲੂਕ ਕੀਤਾ ਜਾਂਦਾ ਸੀ। ਗੁਰਦਵਾਰਿਆਂ ਤੇ ਕਾਬਜ਼ ਮਹੰਤਾ ਨਾਲ ਮਿਲ ਕੇ ਉਹ ਸਿੱਖਾਂ ਦੀ ਮੁੱਢਲੀ ਸ਼ਾਨ ਨੂੰ ਮਿੱਟੀ ਵਿਚ ਰੋਲਣਾ ਚਾਹੁੰਦੀ ਸੀ। ਉਦੋਂ ਹੀ ਮੈਂ ਫੈਸਲਾ ਕੀਤਾ ਸੀ. ਕਿ ਮੈਂ ਸਰਕਾਰੀ ਨੌਕਰੀ ਨਹੀਂ ਕਰਨੀ। ਬਸਤਰ ਮੈਂ ਸਾਰੇ ਕਾਲੇ ਪਹਿਨ ਲਏ ਸਨ. ਜੋ ਸਕੂਲ ਦੇ ਛਡਣ ਤੀਕ ਪਹਿਨੀ ਰਖੇ।

ਸਕੂਲ ਤੋਂ ਨਿਕਲਣ ਮਗਰੋਂ ਬਾਕੀ ਦੀ ਆਯੂ ਕਾਰੋਬਾਰ ਹੀ ਕੀਤਾ। ਸ੍ਰਕਾਰੀ ਨੌਕਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਦੀ ਇੱਛਾ ਹੀ ਨਾ ਰਹੀ। ਲਾਹੌਰ ਛਡਣ ਮਗਰੋਂ, ਮੈਂ ਪ੍ਰੀਤਨਗਰ ਵਿਖੇ ਵੀ ਇਹੀ ਕਿੱਤਾ ਅਪਨਾਣ ਦਾ ਫੈਸਲਾ ਕੀਤਾ।

ਅਜ 31 ਅਗਸਤ 1947 ਹੈ। ਮੈਂ ਕਈ ਦਿਨਾਂ ਦੀ ਤਿਆਰੀ ਮਗਰੋਂ ਆਪਣੇ ਬੜੇ ਪਿਆਰੇ ਮਿੱਤਰ ਜਸਵੰਤ ਸਿੰਘ ਦੋਸਤ ਨਾਲ ਕਲ ਸ਼ਾਮੀਂ ਹੀ ਇਕ ਬਿਜ਼ਨੈਸ ਕਰ ਕੇ ਵਾਪਸ ਪਰਤਿਆ ਹਾਂ। ਆਪਣੀ ਡਾਇਰੀ 'ਚ ਦਰਜ ਹੇਠਲੀਆਂ ਸਤਰਾਂ ਉਸ ਕਾਰੋਬਾਰ ਬਾਰੇ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ :

ਅਗਸਤ ਸੰਨ 1947 ਦੇ ਅਖੀਰਲੇ ਦਿਨ ਅਤੇ ਭਿਆਨਕ, ਤੇ ਕਹਿਰਾਂ ਦੀ ਬੇ-ਰੁਜ਼ਗਾਰੀ ਦੇ ਦਿਹਾੜੇ ਸਨ। ਉਨ੍ਹੀਂ ਦਿਨੀਂ ਅਸੀਂ ਸਾਰੇ ਪ੍ਰੀਤਨਗਰ ਦੀ ਧਰਤੀ ਦੇ ਆਰਜ਼ੀ ਵਾਸੀ ਸਾਂ। ਦਿਨੇਂ ਤਾਸ਼ ਖੇਡਣੀ, ਸਵੇਰੇ ਸ਼ਾਮੀਂ ਗਪਬਾਜ਼ੀ ਵਿਚ ਵਕਤ ਗੁਜ਼ਾਰਨਾ, ਤੇ ਦਿਨ ਵਿਚ ਕਈ ਕਈ ਵਾਰ ਕਿਸੇ ਪਾਸਿਉਂ ਸ਼ੋਰ ਮਚ ਜਾਣ ਕਾਰਨ ਆਪਣੇ ਬਿਸਤਰੇ ਬੋਰੀਏ ਬੰਨ੍ਹ ਕੇ ਅੰਮ੍ਰਿਤਸਰ ਵਲ ਨਠ ਤੁਰਨ ਲਈ ਕਮਰ ਕਸੇ ਕਰ ਲੈਣੇ, ਸਾਡਾ ਨਿਤ-ਕਰਮ ਸੀ।

15 ਅਗਸਤ ਤੋਂ ਪਹਿਲਾਂ ਅਸੀਂ ਸੋਚਦੇ ਸਾਂ, ਸ਼ਾਇਦ ਲਾਹੌਰ, ਹਿੰਦੁਸਤਾਨ ਵਿਚ ਆ ਜਾਏ, ਤਾਂ ਅਸੀਂ ਮੁੜ ਲਾਹੌਰ ਜਾ ਵਸੇਬਾ ਕਰੀਏ। ਕਦੀ ਖਿਆਲ ਆਉਂਦਾ, ਕਿਧਰੇ ਪ੍ਰੀਤਨਗਰ ਨਾ ਪਾਕਿਸਤਾਨ ਵਿਚ ਚਲਾ ਜਾਏ। ਫਿਰ ਤਾਂ ਇਧਰ ਕੇ ਰਹੇ ਨਾ ਉਧਰ ਕੇ। ਸਾਡੀਆਂ ਅੱਖਾਂ 15 ਅਗਸਤ ਵਾਲੇ ਦਿਨ ਤੇ ਲਗੀਆਂ ਹੋਈਆਂ ਸਨ। ਕਿਸਮਤ ਸਾਨੂੰ ਕਿਥੇ ਸੁਟਦੀ ਹੈ। ਅਗੋਂ ਕੀ ਹੋਵੇਗਾ? ਕੰਮ ਕਿਹੜਾ ਸ਼ੁਰੂ ਕਰਾਂਗੇ? ਕਿਤਾਬਾਂ ਨੂੰ ਕਿਸੇ ਪੁਛਣਾ ਨਹੀਂ। ਪੰਜਾਬੀ ਲੋਕ ਉਖੜੇ ਹੋਏ ਹੋਣ ਕਾਰਨ, ਹਰ ਇਕ ਨੂੰ ਆਪਣੀ ਰੋਜ਼ੀ ਤੇ ਵਸੇਬੇ ਦੀ ਚਿੰਤਾ ਸੀ।

15 ਅਗਸਤ ਵਾਲੇ ਦਿਨ ਰੇਡੀਓ ਤੇ ਐਲਾਨ ਹੋਇਆ ਕਿ ਤਸੀਲ ਅਜਨਾਲਾ ਹਿੰਦੁਸਤਾਨ ਵਿਚ ਰਹੇਗੀ ਤੇ ਲਾਹੌਰ ਪਾਕਿਸਤਾਨ ਵਿਚ। ਇਹ ਸੁਣ ਲਾਹੌਰ ਜਾਣ ਦੀਆਂ ਸਾਡੀਆਂ ਆਸਾਂ ਮਿੱਟੀ ਵਿਚ ਰੁਲ ਗਈਆਂ।

15 ਅਗਸਤ ਗੁਜ਼ਰ ਗਈ, ਤਾਂ ਅਸੀਂ ਸੋਚਿਆ, ਹੁਣ ਕਿਹੜੇ ਦੇਸ਼ ਮੁਹਾਰਾਂ ਮੋੜਨੀਆਂ ਚਾਹੀਦੀਆਂ ਹਨ। ਕਿਉਂਕਿ ਆਪਣਾ ਪੰਜਾਬ ਤਾਂ ਹੁਣ ਬਿਗਾਨਾ ਹੋ ਚੁਕਾ ਹੈ, ਤੇ ਇਧਰ ਦੀ ਚਿੜੀ ਵੀ ਉਧਰ ਫੜਕ ਨਹੀਂ ਸਕਦੀ।

ਇਨ੍ਹੀਂ ਦਿਨੀਂ ਹੀ ਇਕ ਦਿਨ ਤਾਸ਼ ਦੀ ਬਾਜ਼ੀ ਤੇ ਗਲਾਂ ਤੁਰ ਪਈਆਂ, ਤੇ ਮੇਰਾ ਦੋਸਤ ਸ੍ਰ: ਜਸਵੰਤ ਸਿੰਘ ਕਹਿਣ ਲਗਾ, "ਰਮਤਾ ਸੈਹਬ! ਹੁਣ ਅਗੋਂ ਕੀ ਕਰਨਾ ਚਾਹੀਦੈ? ਸਾਡੇ ਪਿਛਲੇ ਸਾਰੇ ਕੰਮਾਂ ਤੇ ਤਾਂ ਹੁਣ ਸਿਆਹੀ ਫਿਰ ਚੁਕੀ ਹੈ। ਕੋਈ ਅਜਿਹਾ ਕੰਮ ਸੋਚੋ, ਜਿਸ ਵਿਚ ਸਰਮਾਇਆ ਵੀ ਨਾ ਲਗੇ, ਤੇ ਪਰਿਵਾਰ ਦੇ ਗੁਜ਼ਾਰੇ ਜੋਗੀ ਕਮਾਈ ਦੀ ਸਬੀਲ ਵੀ ਨਿਕਲ ਆਵੇ।"

ਬੈਠੇ ਬਿਠਾਏ ਮੈਂ ਆਪਣੇ ਮਥੇ ਨੂੰ ਆਪਣੀ ਵਿਚਕਾਰਲੀ ਉਂਗਲ ਨਾਲ ਇਵੇਂ ਠਕੋਰਦਾ ਰਿਹਾ, ਜਿਵੇਂ ਘੁਮਿਆਰੀ ਆਪਣੇ ਘੜੇ ਦੀ ਪਕਿਆਈ ਦਸਣ ਲਈ ਘੜੇ ਦੇ ਖ੍ਰੀਦਾਰ ਦੇ ਸਾਹਮਣੇ ਠਕੋਰਦੀ ਹੈ। "ਇਸ ਬਾਰੇ ਮੈਂ ਸਵੇਰੇ ਦਸਾਂਗਾ, ਦੋਸਤ।" ਮੈਂ ਜਸਵੰਤ ਸਿੰਘ ਦੇ ਕੰਨਾਂ ਪਾਸ ਮੂੰਹ ਲਿਜਾ ਕੇ ਕਿਹਾ। ਇਸ ਨਾਲ ਉਸ ਨੂੰ ਯਕੀਨ ਆ ਗਿਆ, ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰਮਤੇ ਨੇ ਕੋਈ ਐਸੀ ਤਜਵੀਜ਼ ਦਸਣੀ ਏ, ਜਿਸ ਨਾਲ ਸਾਡੇ ਸਾਰਿਆਂ ਦੇ ਪੌਂ ਬਾਰਾਂ ਹੋ ਜਾਣਗੇ।

ਉਨ੍ਹੀਂ ਦਿਨੀਂ ਪ੍ਰੀਤਨਗਰ ਦੀ ਧਰਤੀ, ਸਕੀਮਾਂ ਦਾ ਕੇਂਦਰ ਸੀ। ਇਥੇ ਕਈ ਕਾਰਖਾਨਿਆਂ (ਕਾਗਜ਼ ਬਣਾਣ ਦਾ ਕਾਰਖਾਨਾ, ਕੰਬਲ, ਬੁਰਸ਼ਾਂ ਦਾ ਕਾਰਖਾਨਾ, ਆਦਿ), ਬੀਮਾ ਕੰਪਨੀਆਂ, ਡੇਅਰੀ ਫਾਰਮਾਂ ਤੇ ਜਾਇਦਾਦ ਦੀ ਖਰੀਦੋ-ਫਰੋਖਤ ਦੀਆਂ ਤਜਵੀਜ਼ਾਂ ਬਣ ਕੇ ਪ੍ਰਵਾਨ ਚੜ੍ਹੀਆਂ (ਯਾਨੀ ਕਿ ਸੌ ਫੀ ਸਦੀ ਫਲਾਪ ਹੋ, ਮੂਧੇ ਭਾਰ ਜਾ ਪਈਆਂ।) ਸੋ, ਇਹੋ ਜੇਹੀ ਜ਼ਰਖੇਜ਼ ਧਰਤੀ ਤੇ ਵਿਚਰਦਿਆਂ ਰਮਤੇ ਨੂੰ ਕਿਸੇ ਪਾਰਸ ਉਗਲਵੀਂ ਤਜਵੀਜ਼ ਦਾ ਸੁਝ ਜਾਣਾ ਕੋਈ ਮਹਾਨ ਕ੍ਰਿਸ਼ਮਾ ਨਹੀਂ ਸੀ?

ਮੈਂ ਸਵੇਰੇ ਹਾਲੇ ਮੰਜੇ ਤੇ ਹੀ ਸਾਂ, ਕਿ ਦੋਸਤ ਨੇ ਆ ਬੂਹਾ ਠਕੋਰਿਆ। ਉਸ ਦੀਆਂ ਅੱਖਾਂ ਵਿਚ ਉਨੀਂਦਰਾ ਸੀ। ਉਸ ਦਸਿਆ, ਕਿ ਸਾਰੀ ਰਾਤ ਉਸ ਨੂੰ ਕਿਸੇ ਨਵੇਂ ਬਿਜਨੈਸ ਦੀ ਖੁਸ਼ੀ ਤੇ ਫਿਕਰ ਵਿਚ ਨੀਂਦ ਹੀ ਨਹੀਂ ਸੀ ਆਈ।

ਮੈਂ ਇਧਰ ਰਾਤ ਭਰ ਗੂੜ੍ਹੀ ਨੀਂਦ ਸੁਤਾ ਸਾਂ, ਪਰ ਫਿਰ ਵੀ ਇਕ ਸਫਲ ਤਜਵੀਜ਼ ਹਥ ਆ ਗਈ ਸੀ। ਜਦੋਂ ਉਹ ਤਜਵੀਜ਼ ਦੋਸਤ ਨੂੰ ਦਸੀ ਤਾਂ ਉਸ ਨੇ ਆਪਣੇ ਖਬੇ ਹਥ ਦੀ ਤਲੀ ਤੇ ਜ਼ੋਰ ਦਾ ਆਪਣਾ ਸਜਾ ਹਥ ਮਾਰਿਆ, ਤੇ "ਏਕ ਦਮ ਕਰੇਕਟ" ਕਹਿ ਰਮਤੇ ਨੂੰ ਘੁਟ ਕੇ ਛਾਤੀ ਨਾਲ ਲਾ ਲਿਆ।

ਤਜਵੀਜ਼ ਇਹ ਸੀ, ਕਿ ਪ੍ਰੀਤਨਗਰ ਦੇ ਨੇੜ ਤੇੜ ਦੇ ਜੰਗਲ 'ਚੋਂ ਦਾਤਨਾਂ ਵਢੀਆਂ ਜਾਣ। ਜਦੋਂ ਪੰਜ-ਸਤ ਹਜ਼ਾਰ ਦਾਤਨਾਂ ਤਿਆਰ ਹੋ ਜਾਣ, ਤਾਂ ਉਨ੍ਹਾਂ ਨੂੰ ਸਾਈਕਲ ਤੇ ਲੱਦ ਕੇ ਅੰਮ੍ਰਿਤਸਰ ਦੀ ਮੰਡੀ ਵਿਚ ਪੁਚਾਇਆ ਜਾਵੇ। ਉਨ੍ਹੀਂ ਦਿਨੀਂ ਲੋਕਾਂ ਨੂੰ ਆਪਣੀ ਸੁੱਧ ਬੁੱਧ ਨਹੀਂ ਸੀ, ਇਸ ਲਈ ਦਾਤਨਾਂ ਵੇਚਣ ਵਾਲੇ ਕਿਥੇ ਨਜ਼ਰ ਆਉਂਦੇ ਹੋਣਗੇ। ਪਤਾ ਨਹੀਂ ਇਕ ਪੈਸੇ ਫੀ ਦਾਤਨ ਵਿਕ ਜਾਵੇ। ਤੇ ਇਸ ਤਰ੍ਹਾਂ ਅਸੀਂ ਦੋਵੇ ਮਿਲ ਕੇ ਪੰਜ ਸਤ ਰੁਪਏ ਰੋਜ਼ ਖਰੇ ਕਰ ਲਿਆ ਕਰੀਏ।

ਮੇਰੇ ਮਿਤਰ ਨੂੰ ਇਹ ਤਜਵੀਜ਼ ਪਸੰਦ ਆਈ। ਇਸ ਬਿਜ਼ਨੈਸ ਵਿਚ ਸਰਮਾਏ ਦੀ ਬਿਲਕੁਲ ਲੋੜ ਨਹੀਂ ਸੀ। ਇਕ ਕੁਹਾੜੀ ਚਾਹੀਦੀ ਸੀ, ਜਿਹੜੀ ਅਗੇ ਹੀ ਉਸ ਪਾਸ ਮੌਜੂਦ ਸੀ। ਉਹ ਕਹਿਣ ਲਗਾ - "ਹੁਣੇ, ਤੇ ਇਸੇ ਘੜੀ ਕੰਮ ਸ਼ੁਰੂ ਕਰ ਦੇਣਾ ਚਾਹੀਦੈ।"

ਐਸਾ ਜਾਪਦਾ ਸੀ, ਕਿ ਉਸ ਨੇ ਦਿਲ ਹੀ ਦਿਲ ਵਿਚ, ਮਹੀਨਾ ਭਰ ਇਹ ਕੰਮ ਕਰ ਕੇ ਆਪਣੀ ਆਮਦਨ ਤੇ ਖਰਚ ਦਾ ਚਿਠਾ ਵੀ ਤਿਆਰ ਕਰ ਲਿਆ ਹੈ, ਪਰ ਮੈਂ ਉਸ ਨੂੰ ਸਬਰ ਸੰਤੋਖ ਦਾ ਉਪਦੇਸ਼ ਦੇਂਦਿਆਂ ਕਿਹਾ - "ਇੰਨੀਂ ਕਾਹਲ ਦੀ ਵੀ ਕੀ ਲੋੜ ਹੈ, ਦੋਸਤ! ਅਜ ਮੰਗਲ ਹੈ। ਇਹ ਦਿਨ ਬੜਾ ਮਨਹੂਸ ਹੁੰਦਾ ਹੈ। ਕਲ ਬੁਧਵਾਰ ਹੋਵੇਗਾ ਤੇ 'ਬੁੱਧ ਕੰਮ ਸੁਧ'। ਸੋ ਕਲ ਤੋਂ ਅਸੀਂ ਆਪਣਾ ਨਵਾਂ ਕਾਰੋਬਾਰ ਅਰੰਭ ਕਰ ਦਿਆਂਗੇ।"

ਮੇਰੇ ਮਿੱਤਰ ਦੇ ਚੇਹਰੇ ਤੋਂ ਐਸਾ ਜਾਪਦਾ ਸੀ, ਕਿ ਉਹ ਅਜ ਦਾ ਕੰਮ ਕਲ ਤੇ ਟਾਲਣ ਕਰ ਕੇ ਦਿਲੋਂ ਮੇਰੇ ਤੇ ਨਾਰਾਜ਼ ਹੈ, ਪਰ ਚੂੰਕਿ ਇਹ ਸਕੀਮ ਮੇਰੇ ਜ਼ਰਖੇਜ਼ ਦਿਮਾਗ ਦੀ ਮਹਾਨ ਕਾਢ ਸੀ, ਇਸ ਲਈ ਉਸ ਨੂੰ ਮਜਬੂਰਨ 'ਹਾਂ' ਕਰਨੀ ਹੀ ਪਈ।

ਫਿਰ ਮੈਂ ਉਸ ਨੂੰ ਆਪਣੇ ਨੇੜੇ ਕੁਰਸੀ ਸਰਕਾ ਕੇ ਆ ਬੈਠਣ ਲਈ ਇਸ਼ਾਰਾ ਕੀਤਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤੇ ਉਸ ਦੇ ਕੰਨਾਂ ਪਾਸ ਮੂੰਹ ਲਿਜਾ ਕੇ ਹੌਲੀ ਕੁ ਕਿਹਾ

"ਬਿਜ਼ਨੈਸ ਦੀ ਸਫਲਤਾ ਦਾ ਪਹਿਲਾ ਗੁਰ ਇਹ ਹੈ ਕਿ ਇਸ ਬਾਰੇ ਲੋਕਾਂ ਵਿਚ ਚਰਚਾ ਨਹੀਂ ਹੋਣੀ ਚਾਹੀਦੀ। ਉਹ ਇਸ ਲਈ ਕਿ ਹੋ ਸਕਦਾ ਹੈ. ਸਾਡੀ ਵੇਖਾ ਵੇਖੀ ਸਭ ਪ੍ਰੀਤਨਗਰ ਵਾਸੀ ਵੀ ਇਹ ਧੰਦਾ ਸ਼ੁਰੂ ਕਰ ਦੇਣ। ਉਸ ਹਾਲਤ ਵਿਚ ਸਫਲਤਾ ਬੇ-ਯਕੀਨੀ ਹੋ ਜਾਵੇਗੀ. ਕਾਮਰੇਡ ਜੀ!

ਮੇਰੀ ਇਸ ਸਿਖਿਆ ਦਾ ਮੇਰੇ ਮਿੱਤਰ ਤੇ ਭਲੀ ਪ੍ਰਕਾਰ ਅਸਰ ਪਿਆ. ਤੇ ਅਸੀਂ ਚੁਪ ਚਾਪ ਆਪਣਾ ਨਵਾਂ ਬਿਜ਼ਨੈਸ ਸ਼ੁਰੂ ਕਰ ਦਿਤਾ।

ਹੁਣ ਦੂਜੇ ਦਿਨ. ਭਾਵ 'ਬੁਧ ਕੰਮ ਸੁਧ' ਤੋਂ ਅਸੀਂ ਰੋਜ਼ ਸਵੇਰੇ ਪੰਜ ਕੁ ਵਜੇ ਘਰੋਂ ਉਠ ਕੇ ਜੰਗਲ ਚਲੇ ਜਾਂਦੇ। ਉਥੇ ਦਾਤਨ ਕਟ ਕੇ ਉਹਨਾਂ ਦੀ ਸਫਾਈ ਕਰਦੇ ਤੇ ਅੱਠ ਕੁ ਵਜੇ ਤੀਕ ਦਾਤਨਾਂ ਦਾ ਚੰਗਾ ਤਕੜਾ ਗੱਠਾ ਲਿਆ ਕੇ ਆਪਣੇ ਮਿੱਤਰ ਦੇ ਸਟੋਰ ਵਿਚ ਟਿਕਾ ਦੇਂਦੇ। ਕਈ ਵਾਰ ਸਾਡੇ ਹੱਥ ਪੈਰ ਕੰਡੇ ਲਗ ਲਗ ਲਹੂ ਲੁਹਾਨ ਹੋ ਜਾਂਦੇ. ਕਪੜੇ ਫਟ ਜਾਂਦੇ. ਪਰ ਸਫਲਤਾ ਦੇ ਪੱਥ ਦੇ ਦੋਵੇਂ ਪਾਂਧੀ ਆਪਣੀ ਮੰਜ਼ਲੇ-ਮਕਸੂਦ ਤੇ ਪਹੁੰਚਣ ਲਈ ਇਨ੍ਹਾਂ ਛੋਟੀਆਂ ਮੋਟੀਆਂ ਰੁਕਾਵਟਾਂ ਦੀ ਕਖ ਪਰਵਾਹ ਨਾ ਕਰਦੇ. ਤੇ ਆਪਣੀ ਧੁੰਨ ਵਿਚ ਗੜੂੰਦ ਰਹਿੰਦੇ।

ਹਫਤੇ ਕੁ ਮਗਰੋਂ ਅਸੀਂ ਹਿਸਾਬ ਲਗਾਇਆ ਤਾਂ ਸਾਡੇ ਪਾਸ ਦਸ ਕੁ ਹਜ਼ਾਰ ਹਰੇ ਹਰੇ ਸੁੰਦਰ ਦਾਤਨਾਂ ਦਾ ਸਟਾਕ ਇੱਕਤਰ ਹੋ ਗਿਆ ਸੀ। ਅਸੀਂ ਅਰਬਾ ਲਗਾਇਆ ਕਿ ਜੇ ਇਕ ਪੈਸੇ ਦੇ ਦੋ ਦੋ ਦਾਤਨ ਵਿਕਣ. ਤਾਂ ਇਸ ਗਠੇ ਦਾ ਤਿੰਨ ਕੁ ਸੌ ਰੁਪਿਆ ਵਟਿਆ ਜਾਵੇਗਾ. ਪਰ ਜੇ ਬਹੁਤ ਸਸਤੇ. ਭਾਵ ਪੈਸੇ ਦੇ ਚਾਰ ਚਾਰ ਵੇਚਣੇ ਪੈ ਜਾਣ. ਤਾਂ ਵੀ ਡੇਢ ਸੌ ਰੁਪਏ ਨੂੰ ਤਾਂ ਕੋਈ ਡਰ ਹੀ ਨਹੀਂ।

ਸਾਡੀ ਖੁਸ਼ਕਿਸਮਤੀ. ਕਿ ਦੂਜੇ ਦਿਨ ਵੀ ਬੁਧ ਹੀ ਸੀ. ਸੋ ਸਾਨੂੰ ਆਪਣੀ ਸਫਲਤਾ ਵਿੱਚ ਰਤੀ ਭਰ ਵੀ ਸੰਦੇਹ ਨਾ ਰਿਹਾ।

ਉਨ੍ਹੀਂ ਦਿਨੀਂ ਪ੍ਰੀਤਨਗਰ ਵਿੱਚ ਸਾਈਕਲਾਂ ਨਾਂ ਮਾਤਰ ਹੀ ਸਨ. ਜਿਸ ਕਰ ਕੇ ਹਰ ਲੋੜਵੰਦ ਸਾਡੇ ਮਿੱਤਰ ਪਾਸੋਂ ਸਾਈਕਲ ਮੰਗਣ ਆ ਜਾਂਦਾ ਸੀ। ਕਦੀ ਸਾਈਕਲ ਪੰਚਰ ਹੋ ਕੇ ਵਾਪਸ ਆਉਂਦੀ. ਕਦੀ ਗਦੀ ਟੁਟੀ ਹੁੰਦੀ. ਤੇ ਕਦੀ ਚੇਨ ਸ਼ਹੀਦੀਆਂ ਪ੍ਰਾਪਤ ਕਰਨ ਦੇ ਨੇੜੇ-ਤੇੜੇ ਪਹੁੰਚੀ ਹੁੰਦੀ। ਅਖੀਰ ਇਨ੍ਹਾਂ ਮੁਫਤ ਖੋਰਿਆਂ ਤੋਂ ਤੰਗ ਆ ਕੇ ਕਾਮਰੇਡ ਨੂੰ ਇਕ ਤਜਵੀਜ਼ ਸੁਝੀ। ਉਸ ਨੇ ਸਾਈਕਲ ਦੇ ਟਾਇਰ ਟਯੂਬਾਂ ਉਤਾਰ ਕੇ ਆਪਣੇ ਸਟੋਰ ਵਿੱਚ ਕਿਲੀ ਨਾਲ ਟੰਗ ਦਿਤੇ ਤੇ ਬਾਕੀ ਲਾਸ਼ ਨੂੰ ਰਸਾ ਪਾ ਕੇ ਛਤ ਨਾਲ ਲਟਕਾ ਦਿਤਾ। ਹੁਣ ਜੋ ਵੀ ਸਾਈਕਲ ਮੰਗਣ ਆਉਂਦਾ. ਕਾਮਰੇਡ ਛਤ ਵਲ ਇਸ਼ਾਰਾ ਕਰ ਕੇ ਦਸਦਾ. "ਸਾਈਕਲ ਉਪਰ ਲਟਕੀ ਹੋਈ ਹੈ। ਟਾਇਰ ਫਟੇ ਹੋਏ ਹਨ। ਟਯੂਬਾਂ ਪੰਚਰ ਹਨ। ਜੇ ਠੀਕ ਕਰਾ ਕੇ ਵਰਤ ਸਕਦੇ ਹੋ. ਤਾਂ ਲੈ ਜਾਉ।"

ਹੁਣ ਕਿਹੜਾ ਮਾਈ ਦਾ ਲਾਲ ਸਾਈਕਲ ਦੀਆਂ ਸਾਰੀਆਂ ਚੀਜ਼ਾਂ ਆਪੋ ਵਿੱਚ ਜੋੜਨ ਦਾ ਕਸ਼ਟ ਕਰਦਾ। ਸੋ ਮੰਗਣ ਆਈ ਜਨਤਾ ਆਪਣਾ ਨਿਕਾ ਜਿਹਾ ਮੂੰਹ ਲੈ ਕੇ ਪਰਤ ਜਾਂਦੀ. ਤੇ ਕਾਮਰੇਡ ਹੋਰੀਂ ਆਪਣੀ ਇਸ ਸਕੀਮ ਤੇ ਫੂਲੇ ਨਾ ਸਮਾਂਦੇ। ਜਦੋਂ ਉਨ੍ਹਾਂ ਨੂੰ ਆਪ ਇਸ ਹਵਾਈ ਘੋੜੇ ਦੀ ਲੋੜ ਪੈਂਦੀ ਤਾਂ ਘੜੀਆਂ ਪਲਾਂ ਵਿੱਚ ਫਿਟ ਕਰ ਕੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰਾਹ ਪੈਂਦੇ।

ਮੰਗਲ ਦੀ ਸ਼ਾਮ ਨੂੰ ਹੀ ਜਸਵੰਤ ਸਿੰਘ ਨੇ ਆਪਣੀ ਛਤ ਨਾਲ ਟੰਗੀ ਸਾਈਕਲ ਹੇਠਾਂ ਉਤਾਰ ਲਈ। ਉਸ ਦੇ ਪਹੀਆਂ ਵਿੱਚ ਟਾਇਰ ਟਿਊਬਾਂ ਕਸ ਕੇ ਹਵਾ ਭਰ ਲਈ। ਸਾਈਕਲ ਦੇ ਇਕ ਇਕ ਪੁਰਜ਼ੇ ਨੂੰ ਚੰਗੀ ਤਰ੍ਹਾਂ ਪੂੰਝਿਆ ਤੇ ਉਨ੍ਹਾਂ ਨੂੰ ਰਵਾਂ ਕਰਨ ਲਈ ਕੁਪੀ 'ਚੋਂ ਤੇਲ ਚੋਇਆ। ਪੂਰੀ ਤਰ੍ਹਾਂ ਸਫਾਈ ਕਰ ਕੇ ਤੇ ਸਾਈਕਲ ਦੇ ਇਕ ਇਕ ਪੁਰਜ਼ੇ ਨੂੰ ਠੋਕ ਵਜਾ ਕੇ ਵੇਖਣ ਪਿਛੋਂ ਦੋਸਤ, ਉਸ ਦੀ ਟਰਾਈ ਲੈਣ ਲਈ ਪ੍ਰੀਤਨਗਰ ਦੀ ਗਰੈਂਡ ਟਰੰਕ ਰੋਡ ਤੇ ਨਿਕਲਿਆ ਤੇ ਵਾਪਸ ਆ ਕੇ ਕਹਿਣ ਲਗਾ, "ਆਲ ਰੈਟ, ਮਾਸਾ ਕੁ ਚੇਨ ਢਿਲੀ ਹੈ, ਪਰ ਕੋਈ ਪ੍ਰਵਾਹ ਨਹੀਂ। ਅਸਾਂ ਦੋਹਾਂ ਨੂੰ ਸਣੇ ਕਾਰੋਬਾਰੀ ਸਮਿਆਨ ਦੇ ਲੱਦ ਕੇ ਬੜੀ ਆਸਾਨੀ ਨਾਲ ਇਹ ਅੰਮ੍ਰਿਤਸਰ ਪੁਚਾ ਸਕਦੀ ਹੈ।"

ਸੋ ਅਸੀਂ ਪੂਰੀ ਤਿਆਰੀ ਕਰਨ ਪਿਛੋਂ ਰਾਤ ਭਰ ਕਾਰੋਬਾਰੀ ਸੁਪਨਿਆਂ ਨਾਲ ਮਹਿਲ ਉਸਾਰਦੇ ਸੁਤੇ, ਤੇ ਦੂਜੇ ਦਿਨ ਸਵੇਰੇ ਸਵੇਰੇ ਅੰਮ੍ਰਿਤਸਰ ਵਲ ਕੂਚ ਦਾ ਬਿਗਲ ਵਜਾ ਦਿਤਾ।

ਅਸੀਂ ਸਾਈਕਲ ਪਿਛੇ 20-25 ਸੇਰ ਨਵੇਂ ਨਕੋਰ ਦਾਤਨਾਂ ਦੀ ਗੰਢ ਰਖੀ। 'ਦੋਸਤ' ਹੋਰਾਂ ਨੂੰ ਅਗੇ ਬਿਠਾਇਆ, ਤੇ 'ਏਕ ਦੋ ਤੀਨ' ਕਰ ਕੇ ਅਸੀਂ ਦੋਵੇਂ 'ਨੌਂ ਦੋ ਗਿਆਰਾਂ' ਹੋ ਗਏ।

ਪ੍ਰੀਤਨਗਰੋਂ ਮੀਲ ਕੁ ਅਗੇ ਲੋਪੋਕੇ ਹੈ। ਲੋਪੋਕੀ ਦੇ ਪੰਡਤ ਦੌਲਤ ਰਾਮ ਦੇ ਵਡਕਿਆਂ ਦੀ ਡਿਉਢੀ ਟਪਦਿਆਂ ਹੀ ਸਾਡੀ ਸਾਈਕਲ ਦੀ ਚੇਨ ਉਤਰ ਗਈ। ਅਸੀਂ ਦੋਵੇਂ ਉਤਰੇ, ਚੇਨ ਚੜ੍ਹਾ ਕੇ ਫਿਰ ਤੁਰ ਪਏ।

ਥੋੜੀ ਦੂਰ ਗਏ, ਤਾਂ ਫਿਰ ਚੇਨ ਉਤਰ ਗਈ। ਇਸ ਪਿਛੋਂ ਸੌ-ਸੌ ਦੋ-ਦੋ ਸੌ ਗਜ਼ ਦੀ ਦੂਰੀ ਤੇ ਜਾ ਕੇ ਚੇਨ ਉਤਰਨੀ ਸ਼ੁਰੂ ਹੋ ਜਾਂਦੀ ਤੇ ਅਸੀਂ ਹਥ ਤੇ ਕਪੜੇ ਕਾਲੇ ਕਰਦੇ, ਉਸ ਨੂੰ ਚੜ੍ਹਾਂਦੇ ਰਹਿੰਦੇ।

ਲੋਪੋਕਿਆਂ ਤੋਂ ਚੋਗਾਵਾਂ, ਤੇ ਚੋਗਾਵਾਂ ਤੋਂ ਅਗੇ ਰਾਮ ਤੀਰਥ ਵਲ ਦਾ ਸਾਰਾ ਰਾਹ ਲਗਪਗ ਅਸੀਂ ਤੁਰ ਕੇ ਜਾਂ ਚੇਨ ਚੜ੍ਹਾ ਚੜ੍ਹਾ ਕੇ ਗੁਜ਼ਾਰਿਆ। ਸਵੇਰੇ ਛੇ ਵਜੇ ਦੇ ਤੁਰੇ ਤੁਰੇ ਸ਼ਾਮ ਦੇ ਪੰਜ ਵਜੇ ਅਸੀਂ ਅੰਮ੍ਰਿਤਸਰ ਪੁਜੇ।

ਗੁਰੂ ਰਾਮਦਾਸ ਦੀ ਸਰਾਂ ਪਾਸ ਪੁਜੇ, ਤਾਂ ਦੂਰੋਂ ਹੀ ਸਾਨੂੰ ਆਪਣਾ ਪੁਰਾਣਾ ਬੇਲੀ ਮਾਨ ਸਿੰਘ ਨਜ਼ਰ ਆਇਆ। ਉਹ ਬੈਠਾ ਛੋਲੇ ਤੇ ਭਠੂਰੇ ਵੇਚ ਰਿਹਾ ਸੀ ਤੇ ਨਾਲ ਦੀ ਛਾਬੜੀ ਤੋਂ ਦਾਲ ਮੋਂਗਰਾ ਲੈ ਕੇ ਖਾ ਰਿਹਾ ਸੀ।

ਮੈਂ ਆਪਣੇ ਸਾਥੀ ਨੂੰ ਕਿਹਾ, "ਵੇਖ ਦੋਸਤ! ਰਬ ਨੇ ਕੈਸੀ ਬਣਤ ਬਣਾਈ ਹੈ ਕਿ ਸਾਡੇ ਬਿਜ਼ਨੈਸ ਨੂੰ ਚਾਰ ਚੰਨ ਲਾਣ ਵਾਲਾ ਮਾਨ ਸਿੰਘ ਵੀ ਇਥੇ ਹੀ ਧੂਣੀ ਰਮਾਈ ਬੈਠਾ ਹੈ। ਅਸੀਂ ਦਾਤਨ ਪ੍ਰੀਤਨਗਰੋਂ ਤਿਆਰ ਕਰ ਕਰ ਇਥੇ ਭੇਜੀ ਜਾਇਆ ਕਰਾਂਗੇ, ਤੇ ਇਥੇ ਮਾਨ ਸਿੰਘ ਇਨ੍ਹਾਂ ਨੂੰ ਠਿਕਾਣੇ ਲਾਈ ਜਾਵੇਗਾ। ਇਸ ਦਾ ਕਮਿਸ਼ਨ ਇਸ ਦੇ ਹਵਾਲੇ ਕਰਾਂਗੇ ਤੇ ਆਪਣੀ ਰਕਮ ਖਰੀ ਕਰ ਕੇ ਰਾਹ ਪਿਆ ਕਰਾਂਗੇ।"

ਮੇਰੇ ਮਿੱਤਰ ਨੇ 'ਹਾਂ' ਵਿੱਚ ਸਿਰ ਹਿਲਾਇਆ ਤੇ ਮੈਂ ਸਾਈਕਲ ਨਾਲੋਂ ਬੰਡਲ ਖੋਲ੍ਹ ਕੇ ਮਾਨ ਸਿੰਘ ਦੀ ਛਾਬੜੀ [illegible] ਮੈਂ ਮਾਨ ਸਿੰਘ ਨਾਲ ਕਾਰੋਬਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਗੱਲਬਾਤ ਤੋਰਨ ਹੀ ਲਗਾ ਸਾਂ, ਕਿ ਉਹ ਮੁਸਕਰਾ ਕੇ ਬੋਲਿਆ - ''ਰਮਤਾ ਸੈਹਬ! ਇਥੇ ਕਿਉਂ ਇਹ ਖਲਾਰਾ ਪਾਨੇਂ ਓ। ਓਹ ਸਾਹਮਣੇ ਵੇਖੋ ਨਾ, ਪਾਰ ਥੜੇ ਤੇ ਦਾਤਨਾਂ ਦਾ ਢੇਰ ਪਿਐ, ਤੁਸੀਂ ਆਪਣੇ ਦਾਤਨ ਵੀ ਉਸ ਵਿੱਚ ਰਲਾ ਦਿਓ। ਸਵੇਲੇ ਸਵੇਲੇ ਜਿਹੜੇ ਲੋਕ ਮਾ. . .ਯਾ ਇਧਰੋਂ ਲੰਘਨੇ ਨੁ, ਉਹ ਹਿਕ ਹਿਕ ਦਾਤਨ ਚਾਈ ਖੜਸਨ, ਤੇ ਉਨ੍ਹਾਂ ਨੇ ਦੰਦ ਮੋਤੀਆਂ ਅਰਗੇ ਚਿਟੇ ਦੁਧ ਹੋਈ ਵੰਜਸਨ।''

ਸਾਡੇ ਦੋਹਾਂ ਦਾ ਹੇਠਲਾ ਸਾਹ ਹੇਠਾਂ ਤੇ ਉਪਰਲਾ ਸਾਹ ਉਪਰ ਰਹਿ ਗਿਆ, ਪਰ ਮਾਨ ਸਿੰਘ ਤੇ ਅਸੀਂ ਕੋਈ ਗੱਲ ਜ਼ਾਹਿਰ ਨਾ ਹੋਣ ਦਿਤੀ। ਅਖੀਰ ਮੈਂ ਹੌਸਲਾ ਕਰ ਕੇ ਪੁਛਿਆ. . .''ਮਾਨ ਸਿੰਘ ਜੀ! ਇਹ ਢੇਰ ਕੌਣ ਲਾ ਗਿਐ?''

''ਇਥੇ ਰਫੂਜੀ ਜੋ ਮਾ. . .(ਵਡੀ ਸਾਰੀ ਗਾਲ੍ਹ ਕਢ ਕੇ) ਆ ਗਏ ਨੁ ਲਖਾਂ। ਦਿਨ ਰਾਤ ਕੰਮ ਤਾਂ ਉਨ੍ਹਾਂ ਮਾ. . .ਯਾ ਪਾਸ ਹੈ ਕੋਈ ਨਹੀਂ। ਸਵੇਲੇ ਸਵੇਲੇ ਉਠ ਕੇ ਬਾਹਰ ਚਲੇ ਜਾਨੇ ਨੁ, ਤੇ ਦਾਤਨ ਕਟ ਕਟ ਇਥੇ ਲੈ ਆਨੇ ਨੁ। ਕਦੇ ਸਵੇਲੇ ਆਉ, ਤਾਂ ਵੇਖੋ ਇਥੇ ਢੇਰਾਂ ਨੇ ਢੇਰ ਦਾਤਨਾਂ ਨੇ ਲਗੇ ਰਹਿਨੇ ਨੁ। ਮਾ. . .ਆਪਣੇ ਰਫੂਜੀਆਂ ਆਂ ਤਕੋ, ਇਥੇ ਵੀ ਉਹਨਾਂ ਸੇਵਾ ਭਾਵ ਨਹੀਂ ਛੋੜਿਆ। ਤੁਸੀਂ ਆਪਣੇ ਦਾਹਰ ਹੀ ਤਕੋ ਨਾ, ਕੁਥੈ ਮਾ. . .ਯਾ ਤੁਸਾਂ ਨਾ ਪ੍ਰੀਤਨਗਰ ਤੇ ਕੁਥੈ ਅੰਬਰਸਰ। ਤੈ ਜਾਰਾਂ ਨੀ ਗਿਣਤੀ ਵਿੱਚ ਦਾਤਨ ਕਟ ਕੇ ਮਾ. . . ਸੰਗਤਾਂ ਨੀਂ ਸੇਵਾ ਆਸਤੇ ਘਿਨ ਆਏ ਓ।''

ਮੈਂ ਬਣਾਵਟੀ ਜਿਹਾ ਹਾਸਾ ਹਸਿਆ, ਤੇ ਗਠਾ ਮਾਨ ਸਿੰਘ ਦੀ ਛਾਬੜੀ ਕੋਲੋਂ ਚੁਕ ਕੇ ਪਾਰ ਥੜੇ ਤੇ ਪਏ ਦਾਤਨਾਂ ਦੇ ਢੇਰ ਵਿੱਚ ਵਗਾਹ ਮਾਰਿਆ।

ਇਸ ਪਿਛੋਂ ਮੈਂ ਤੇ ਮੇਰਾ 'ਦੋਸਤ' ਕਈ ਪਲ ਇਕ ਦੂਜੇ ਦੇ ਮੂੰਹ ਵਲ ਵੇਖਦੇ ਰਹੇ, ਪਰ ਮੂੰਹੋਂ ਗੱਲ ਕੋਈ ਨਾ ਨਿਕਲੇ।

''ਤੇ ਰਮਤਾ ਸੈਹਬ! ਮੰਜੀ ਸੈਹਬ ਪਾਸ ਗੁਰੂ ਨਾਂ ਲੰਗਰ ਤਿਆਰ ਐ, ਮਾ. . .ਯਾ ਛਕ ਕੈ ਵਾਪਸ ਪ੍ਰੀਤਨਗਰ ਜਾਣਾ। ਐਵੇਂ ਨਾ ਟੁਰ ਪੈਣਾ, ਅੱਛਾ!'' ਮਾਨ ਸਿੰਘ ਨੇ ਇਕ ਆਨੇ ਦੇ ਛੋਲੇ ਗਾਹਕ ਨੂੰ ਫੜਾਂਦਿਆਂ ਹੋਇਆਂ ਸਾਨੂੰ ਕਿਹਾ।

''ਚੰਗਾ ਜੀ'' ਆਖ ਅਸੀਂ ਦੋਵੇਂ ਬਿਜ਼ਨੈਸਮੈਨ, ਆਪਣੇ ਕਾਰੋਬਾਰ ਵਲ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਦੇ ਹੋਏ, ਸਵੇਰ ਦੇ ਥਕੇ ਟੁੱਟੇ, ਤੇ ਪੇਟੋਂ ਭੁਖੇ ਗੁਰੂ ਕੇ ਲੰਗਰ ਵਲ ਲੰਗਰ ਛਕਣ ਨੂੰ ਤੁਰ ਪਏ।

**ਪਿਆਜ਼ਾਂ ਦਾ ਵਪਾਰ**

ਇਨ੍ਹਾਂ ਬੇਕਾਰੀ ਦੇ ਦਿਨਾਂ ਵਿੱਚ ਮੇਰਾ ਹਮਜਾਤੀ ਮਿੱਤਰ ਦਲੀਪ ਸਿੰਘ ਪ੍ਰੀਤਨਗਰ ਆਇਆ। ਉਹ ਕੁਝ ਦਿਨ ਅੰਮ੍ਰਿਤਸਰ ਰਹਿ ਆਇਆ ਸੀ। ਅੰਮ੍ਰਿਤਸਰ ਸਬਜ਼ੀਆਂ ਤੇ ਖਾਸ ਕਰ ਪਿਆਜ਼ ਤਾਂ ਬਿਲਕੁਲ ਨਾਯਾਬ ਸਨ। ਸ਼ਹਿਰ ਵਿੱਚ ਬਿਮਾਰੀ ਫੈਲਣ ਦਾ ਅੰਦੇਸ਼ਾ ਸੀ। ਪਾਕਿਸਤਾਨੋਂ ਸਿੱਖ ਹਿੰਦੂ ਲਖਾਂ ਦੀ ਗਿਣਤੀ ਵਿੱਚ ਇਸ ਸ਼ਹਿਰ ਵਿੱਚ ਆ ਵਸੇ ਸਨ। ਪਿਆਜ਼ਾਂ ਦੀ ਕਿਲਤ ਕਾਰਨ ਲੋਕੀ ਬੜੇ ਪ੍ਰੇਸ਼ਾਨ ਸਨ। ਪੰਜ ਰੁਪਏ ਕਿਲੋਂ ਤੋਂ ਵੀ ਪਿਆਜ਼ ਨਹੀਂ ਸਨ ਮਿਲਦੇ। ਇਧਰ ਪ੍ਰੀਤਨਗਰ ਦੇ ਆਲੇ ਦੁਆਲੇ ਪਿੰਡਾਂ ਵਿੱਚ ਪਿਆਜ਼ਾਂ ਨਾਲ ਨਾਲ ਭਰੇ ਹੋਏ ਕੋਠੇ ਸਨ, ਪਰ ਕੋਈ ਖ਼੍ਰੀਦਾਰ ਨਹੀਂ ਸੀ। ਸੋ ਦਲੀਪ ਸਿੰਘ ਨੇ ਸੁਝਾਅ ਦਿਤਾ ਕਿ ਜੇ ਮਣ ਕੁ ਪਿਆਜ਼ ਰੋਜ਼ ਅਸੀਂ ਪ੍ਰੀਤਨਗਰੋਂ ਅੰਮ੍ਰਿਤਸਰ ਬਾਈਸਿਕਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤੇ ਲਦ ਕੇ ਲੈ ਜਾਈਏ, ਤਾਂ ਰੋਟੀ ਪਾਣੀ ਚੰਗੀ ਤਰ੍ਹਾਂ ਚਲ ਸਕਦੀ ਹੈ।

ਸੋ ਉਸ ਦਿਨ ਤੋਂ ਹੀ ਅਸੀਂ ਪਿਆਜ਼ਾਂ ਦੀ ਖ਼੍ਰੀਦ ਸ਼ੁਰੂ ਕਰ ਦਿਤੀ। ਕੁਝ ਦਿਨਾਂ ਵਿੱਚ ਹੀ ਪੰਜ ਕੁ ਮਣ ਪਿਆਜ਼ ਕਠੇ ਕਰ ਲਏ। ਅਗਲੇ ਦਿਨ ਆਪਣੇ ਮਿੱਤਰ ਗਿ: ਜਸਵੰਤ ਸਿੰਘ ਤੋਂ ਸਾਈਕਲ ਮੰਗ ਇਕ ਮਣ ਪਿਆਜ਼ ਉਸ ਤੇ ਲੱਦ ਲਏ। ਸਾਈਕਲ ਤੇ ਅਗੋ ਪਿਛੇ ਦੋਵੇਂ ਤਾਜਰ ਸਵਾਰ ਹੋ ਬੜੀ ਮੁਸ਼ਕਲ ਨਾਲ ਅੰਮ੍ਰਿਤਸਰ ਪੁਜੇ। ਜਦੋਂ ਬਾਜ਼ਾਰ ਵਿੱਚ ਪਿਆਜ਼ਾਂ ਦਾ ਭਾਅ ਪਤਾ ਕੀਤਾ, ਤਾਂ ਉਹ ਪੰਜ ਰੁਪਏ ਤੋਂ ਡਿਗਦੇ ਡਿਗਦੇ ਇਕ ਰੁਪਏ ਕਿਲੋ ਤੀਕ ਆ ਚੁਕੇ ਸਨ। ਕਿਉਂਕਿ ਪਿਛਲੇ ਦਸਾਂ ਦਿਨਾਂ ਵਿੱਚ ਲੋਕਾਂ ਦੂਰ ਨੇੜਿਉਂ ਪਿਆਜ਼ ਇਕੱਠੇ ਕਰ ਕੇ ਬਾਜ਼ਾਰ ਵਿੱਚ ਪਿਆਜ਼ਾਂ ਦੇ ਢੇਰ ਲਗਾ ਦਿਤੇ ਸਨ। ਸੋ ਅਸੀਂ ਦੋ ਰੁਪਏ ਕਿਲੋ ਦੇ ਹਿਸਾਬ ਖ਼੍ਰੀਦੇ ਪਿਆਜ਼ ਇਕ ਰੁਪਏ ਦੇ ਹਿਸਾਬ ਨਾਲ ਵੇਚੇ। ਪ੍ਰੀਤਨਗਰ ਪਹੁੰਚੇ ਤਾਂ ਅਗੇ ਪਿਛੇ ਦੇ ਪਿੰਡਾਂ ਵਿੱਚ ਪਿਆਜ਼ ਹੋਰ ਵੀ ਸਸਤੇ ਹੋ ਚੁਕੇ ਸਨ। ਸੋ ਅਸੀਂ ਇਸ ਕਾਰੋਬਾਰ 'ਚੋਂ ਵੀ ਉਹੀ ਕੁਝ ਖਟਿਆ, ਜੋ ਰਾਵਲਪਿੰਡੀ ਤੋਂ ਲਾਹੌਰ ਪਹੁੰਚ ਨੇਜ਼ਿਆਂ ਦੇ ਵਪਾਰ, ਜਾਂ ਪ੍ਰੀਤਨਗਰ ਦੇ ਪਹਿਲੇ ਵਣਜ 'ਚੋਂ, ਤੇ ਹੁਣ ਆਜ਼ਾਦ ਭਾਰਤ ਵਿੱਚ ਪਾਕਿਸਤਾਨ ਦੀ ਸਰਹਦ ਤੇ ਵਸੇ ਪ੍ਰੀਤਨਗਰ ਵਿਖੇ ਪਿਆਜ਼ ਦੀ ਕਮਾਈ 'ਚੋਂ।

ਪ੍ਰਮਾਤਮਾ ਸਾਡੀ ਕਮਾਈ 'ਚ ਇਸੇ ਤਰ੍ਹਾਂ ਦੀ ਬਰਕਤ ਪਾਂਦਾ ਰਹੇ, ਇਹੀ ਸਾਡੀ ਅਰਦਾਸ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪ੍ਰੀਤਨਗਰੋਂ ਅੰਮ੍ਰਿਤਸਰ

ਪ੍ਰੀਤਨਗਰ, ਦਿਨ-ਬ-ਦਿਨ ਖਾਲੀ ਹੁੰਦਾ ਜਾ ਰਿਹਾ ਸੀ। ਮੈਂ ਸਣੇ ਪਰਿਵਾਰ ਆਰਜ਼ੀ ਤੌਰ ਤੇ ਪ੍ਰੀਤਨਗਰੋਂ ਅੰਮ੍ਰਿਤਸਰ ''ਭਗਤਾਂ ਵਾਲੇ'', ਇਕ ਤਕੜੀ ਖਾਲੀ ਹੋਈ ਮੁਸਲਮ ਆਬਾਦੀ ਵਿੱਚ ਆ ਗਿਆ। ਉਸ ਸਮੇਂ ਐਸਾ ਜਾਪਦਾ ਸੀ, ਕਿ ਦੇਸ਼ ਵੰਡ ਤੋਂ ਪਹਿਲਾਂ ਵਾਲੇ ਸਫਾਈ ਕਰਨ ਵਾਲੇ ਵੀ ਮੁਸਲਿਮ ਕਾਫਲਿਆਂ ਨਾਲ ਹੀ ਦੇਸ਼ ਛਡ ਗਏ ਹਨ। 'ਭਗਤਾਂ ਵਾਲੇ' ਵਿੱਚ ਨਵੇਂ ਵਸੇ ਲਖਾਂ ਰਿਫਊਜੀ, ਪਰ ਸਫਾਈ ਦਾ ਰਤਾ ਪ੍ਰਬੰਧ ਨਹੀਂ। ਚੁਪਾਸੀਂ ਬੂ ਹੀ ਬੂ ਫੈਲੀ ਹੋਈ ਸੀ। ਸੜਾਂਦ ਨਾਲ ਗਲੀਆਂ ਤੇ ਨਾਲੀਆਂ ਭਰੀਆਂ ਹੋਈਆਂ ਸਨ। ਲੋਕੀ ਬਾਹਰ ਖੇਤਾਂ ਵਿੱਚ ਟਟੀਆਂ ਫਿਰਨ ਜਾਂਦੇ, ਕਿਉਂਕਿ ਘਰਾਂ ਦੀਆਂ ਟਟੀਆਂ ਸਾਫ ਕਰਨ ਵਾਲਾ ਹੀ ਕੋਈ ਨਹੀਂ ਸੀ। ਚੁਪਾਸੀਂ ਫੈਲੀ ਬਦਬੂ ਕਾਰਣ ਬੀਮਾਰੀ ਦੇ ਫੈਲ ਜਾਣ ਦਾ ਸਖਤ ਖਤਰਾ ਸੀ।

ਸਾਡੇ ਅੰਮ੍ਰਿਤਸਰ ਪਹੁੰਚਣ ਤੋਂ ਕੁਝ ਦਿਨ ਹੀ ਪਹਿਲਾਂ ਇਥੋਂ ਦੇ ਜਮਪਲ ਮੁਸਲਮਾਣਾਂ ਨੂੰ ਡਰ ਡਰਾਵੇ ਦੇ ਕੇ ਨਠਾ ਦਿਤਾ ਗਿਆ ਸੀ। ਜੋ ਮੁਸਲਮ ਪਰਿਵਾਰ ਪਹਿਲਾਂ ਹੀ ਪਾਕਿਸਤਾਨ ਜਾ ਚੁਕੇ ਸਨ, ਉਹ ਆਪਣਾ ਲਟਾ ਪਟਾ ਵੀ ਆਪਣੇ ਨਾਲ ਲੈ ਗਏ ਸਨ, ਪਰ ਜੋ ਇਸ ਸ਼ਹਿਰ ਨੂੰ ਆਪਣੀ ਜਨਮ ਭੂਮੀ ਸਮਝ ਹਾਲੀ ਤੀਕ ਇਥੇ ਟਿਕੇ ਹੋਏ ਸਨ, ਉਹਨਾਂ ਨੂੰ ਇਥੋਂ ਦੀ ਪੁਲਸ ਤੇ ਫੌਜ ਨੇ ਮਾਰ ਭਗਾਇਆ ਸੀ। ਸਾਡੇ ਲੀਡਰਾਂ ਨੇ ਵੀ ਉਨ੍ਹਾਂ ਬੇਗੁਨਾਹ ਲੋਕਾਂ ਵਿਰੁਧ ਹਿੰਦੂ-ਸਿੱਖ ਜਨਤਾ ਨੂੰ ਖੂਬ ਭੜਕਾਇਆ ਸੀ, ਤੇ ਉਧਰ ਨਿਤ ਨਵੀਂ ਸਵੇਰ ਤਬਾਹ ਹਾਲ ਹਿੰਦੂ-ਸਿੱਖ ਪਾਕਿਸਤਾਨ ਵਿੱਚ ਆਪਣਾ ਸਭ ਕੁਝ ਲੁਟਾ, ਇਸਤਰੀਆਂ ਦੀ ਬੇਪਤੀ ਕਰਾ ਤੇ ਅਜ਼ੀਜ਼ ਰਿਸ਼ਤੇਦਾਰ ਗੁਆ ਕੇ ਅੰਮ੍ਰਿਤਸਰ ਪਹੁੰਚ ਰਹੇ ਸਨ। ਉਨ੍ਹਾਂ ਦੀ ਦਰਦਨਾਕ ਦਸ਼ਾ ਦੇਖ ਲੋਕੀ ਬਹੁਤ ਭੜਕੇ ਹੋਏ ਸਨ। ਅਸੀਂ ਭਗਤਾਂ ਵਾਲੇ ਮਹੱਲੇ ਵਿੱਚ ਆਣ ਡੇਰਾ ਲਾਇਆ। ਉਥੇ ਭਰੇ ਭਰੂਤੇ ਘਰਾਂ ਨੂੰ ਉਵੇਂ ਦਾ ਉਵੇਂ ਛਡ ਮੁਸਲਮਾਣ ਪਾਕਿਸਤਾਨ ਭਜ ਗਏ ਸਨ। ਜੇ ਘਰ ਦੀ ਸੁਆਣੀ ਨੇ ਰੋਟੀ ਤਵੇ ਤੇ ਪਾਈ ਹੈ, ਤਾਂ ਰੋਟੀ ਉਥੇ ਹੀ ਸੜ ਕੇ ਸੁਆਹ ਹੋ ਗਈ ਹੈ। ਦਾਲਾਂ ਸਬਜ਼ੀਆਂ ਦੀਆਂ ਹਾਂਡੀਆਂ ਚੁਲ੍ਹਿਆਂ ਤੇ ਚੜ੍ਹੀਆਂ ਰਹਿ ਗਈਆਂ। ਬਹੁਤੇ ਘਰਾਂ ਵਿੱਚ ਰਹਿਣ ਵਾਲਿਆਂ ਨੂੰ ਤਾਲਾ ਮਾਰਨ ਦੀ ਫੁਰਸਤ ਵੀ ਨਾ ਮਿਲੀ। ਉਨ੍ਹਾਂ ਗਲੀ ਮਹੱਲਿਆਂ ਵਿੱਚ ਵਿਚਰਦਿਆਂ ਦਿਲ ਦੁਖਦਾ ਸੀ, ਜਿਨ੍ਹਾਂ ਵਿੱਚ ਕੁਝ ਦਿਨ ਪਹਿਲਾਂ ਹੀ ਮਾਸੂਮਾਂ ਦੇ ਖੂਨ ਨਾਲ ਹੋਲੀ ਖੇਡੀ ਗਈ ਸੀ ਤੇ ਵਸਦੇ ਰਸਦੇ ਘਰਾਂ ਨੂੰ ਉਜਾੜ ਦਿਤਾ ਗਿਆ ਸੀ। ਸਾਡੇ ਇਥੇ ਆਣ ਤੀਕ ਵੀ ਉਨ੍ਹਾਂ ਘਰਾਂ ਦੀ ਲੁਟਮਾਰ ਜਾਰੀ ਸੀ।

ਅੰਮ੍ਰਿਤਸਰ ਪਹੁੰਚਿਆਂ ਪੂਰਾ ਹਫਤਾ ਵੀ ਨਹੀਂ ਸੀ ਗੁਜ਼ਰਿਆ ਕਿ ਆਪਣੀ ਛੋਟੀ ਭੈਣ ਨੰਦ ਕੌਰ ਬੀਮਾਰ ਹੋ ਗਈ। ਦੋ ਚਾਰ ਦਿਨਾਂ ਵਿੱਚ ਹੀ ਉਹ ਹੱਡੀਆਂ ਦੀ ਮੁਠ ਬਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੇ ਰਹਿ ਗਈ। ਦਸੰਬਰ 1947 ਦੇ ਅੰਤਲੇ ਦਿਨ ਸਨ। ਕਹਿਰਾਂ ਦੀ ਸਰਦੀ ਸੀ। ਇਡੇ ਵਡੇ ਪਰਿਵਾਰ ਦੇ ਕਿਸੇ ਵਿਅਕਤੀ ਪਾਸ ਵੀ ਗਰਮ ਕਪੜੇ ਨਹੀਂ ਸਨ। ਗਰਮ ਬਿਸਤਰੇ, ਕੋਟ ਪੈਂਟਾਂ ਤੇ ਸਵੈਟਰਾ ਸਭ ਅਸੀਂ ਲਾਹੌਰ ਛਡ ਆਏ ਸਾ। ਪਲੇ ਜੋ ਪੈਸੇ ਸਨ, ਉਹ ਡਾਕਟਰ ਦੀਆਂ ਫੀਸਾਂ ਤੇ ਦਵਾਈਆਂ ਤੇ ਖਰਚ ਹੋ ਚੁਕੇ ਸਨ। ਕਿਸੇ ਦਸ ਪਾਈ ਕਿ ਗੁਰੂ ਕੀ ਨਗਰੀ ਵਿੱਚ ਇਕ ਗੁਰਮੁਖ ਪਿਆਰਾ ਹੋਮਿਉਪੈਥਕ ਡਾਕਟਰ ਰਹਿੰਦਾ ਹੈ, ਉਸ ਨੂੰ ਵਿਖਾਇਆ ਜਾਵੇ।। ਹਡ ਤੋੜਵੀਂ ਸਰਦੀ ਸੀ। ਅਧੀ ਰਾਤ ਦਾ ਵੇਲਾ ਸੀ। ਮੈਂ ਆਪਣੇ ਮਿੱਤਰ ਤਖਤ ਸਿੰਘ ਮਹਿਤਾ (ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ) ਨਾਲ ਟਾਂਗੇ ਤੇ ਬੈਠਾ ਉਸ ਡਾਕਟਰ ਨੂੰ ਲਿਆਣ ਜਾ ਰਿਹਾ ਹਾਂ। ਖਦਰ ਦੀ ਕਮੀਜ਼ ਤੇ ਪਜਾਮੇ 'ਚੋਂ ਸਰਦੀ ਨਾਲ ਕੰਬਣੀ ਛਿੜੀ ਹੋਈ ਹੈ। ਦੰਦਕੜ ਵਜ ਰਹੇ ਹਨ। ਮੂੰਹੋਂ ਚੰਗੀ ਤਰ੍ਹਾਂ ਗੱਲ ਵੀ ਨਹੀਂ ਸੀ ਨਿਕਲਦੀ। ਇਸੇ ਹਾਲਤ ਵਿੱਚ ਅਸੀਂ ਦੋਵੇਂ ਡਾਕਟਰ ਪਾਸ ਪਹੁੰਚਦੇ ਹਾਂ, ਜਿਸ ਦੀ ਨੇਕੀ ਸਰਾਫਤ ਤੇ ਹਥ ਸ਼ਫਾ ਦੇ ਡੰਕੇ ਚੁਪਾਸੀਂ ਵਜੇ ਹੋਏ ਸਨ। ਅਸੀਂ ਡਾਕਟਰ ਨੂੰ ਮਰੀਜ਼ ਵੇਖਣ ਲਈ ਬੜੇ ਤਰਲੇ ਕੀਤੇ, ਪਰ ਉਸ ਨੇ ਜਾਣ ਤੋਂ ਸਾਫ ਇਨਕਾਰ ਕਰ ਦਿਤਾ, ਪਰ ਅਤਿ-ਕਿਰਪਾ ਕਰਦਿਆਂ ਹੋਇਆਂ, ਉਸ ਨੇ ਦੋ ਦਿਨਾਂ ਦੀ ਦਵਾਈ ਦੇ ਦਿਤੀ। ਰਾਤ ਜਗਾ ਕੇ ਮਸ਼ਵਰਾ ਲੈਣ ਦੀ ਤੇ ਦਵਾਈ ਦੀ ਫੀਸ ਪੂਰੇ ਵੀਹ ਰੁਪਏ, ਉਸ ਸਾਥੋਂ ਝਾੜ ਲਏ, ਤੇ ਇਹੋ ਸਾਡੇ ਪਾਸ ਆਪਣੀ ਬਚੀ ਖੁਚੀ ਆਖਰੀ ਪੂੰਜੀ ਸੀ।

ਦੋ ਦਿਨਾਂ ਮਗਰੋਂ ਭੈਣ ਦੀ ਹਾਲਤ ਹੋਰ ਖਰਾਬ ਹੋ ਗਈ। ਉਸ ਤੇ ਪਲ ਪਲ ਬੇਹੋਸ਼ੀ ਦੇ ਦੌਰੇ ਪੈਣੇ ਅਰੰਭ ਹੋ ਗਏ। ਉਸ ਨੇ ਸਾਰੇ ਗ੍ਰਹਿਸਥੀ ਜੀਵਨ ਵਿੱਚ ਕੋਈ ਸੁਖ ਨਹੀਂ ਸੀ ਪਾਇਆ। ਉਸ ਦਾ ਅੰਤ ਸਮਾਂ ਵੀ ਮੈਨੂੰ ਬੜਾ ਦੁਖਦਾਈ ਲਗ ਰਿਹਾ ਸੀ।

ਉਸ ਸਮੇਂ ਮੈਂ, ਮੇਰੀ ਪਤਨੀ ਸਤਵੰਤ ਕੌਰ ਤੇ ਬ੍ਰਿਧ ਮਾਤਾ ਪਿਤਾ ਉਸ ਪਾਸ ਮੌਜੂਦ ਸਾਂ। ਉਸ ਦੇ ਚਾਰ ਮਾਸੂਮ ਬਚੇ ਵਿਲਕ ਵਿਲਕ ਕੇ ਰੋ ਰਹੇ ਸਨ। ਜਦੋਂ ਉਹ ਹੋਸ਼ ਵਿੱਚ ਆਂਦੀ, ਉਸ ਦੇ ਮੂੰਹੋਂ ਇਹ ਸ਼ਬਦ ਨਿਕਲਦੇ "ਤੁਸੀਂ ਸਾਰੇ ਸੁਖੀ ਵਸੋ"। ਉਸ ਦੀਆਂ ਨਜ਼ਰਾਂ ਆਪਣੇ ਬਚਿਆਂ ਵਲ ਜਾਂਦੀਆਂ ਤੇ ਫਿਰ ਉਹ ਬੇਹੋਸ਼ ਹੋ ਜਾਂਦੀ। ਅਸੀਂ ਚਾਰ ਭੈਣ-ਭਰਾ ਸਾਂ। ਵਡਾ ਵੀਰ, ਗੁਰਬਖਸ਼ ਸਿੰਘ, ਵਡੀ ਭੈਣ ਨਾਨਕੀ ਦਸ ਬਾਰਾਂ ਸਾਲ ਪਹਿਲਾਂ ਰਬ ਨੂੰ ਪਿਆਰੇ ਹੋ ਗਏ ਸਨ। ਹੁਣ ਇਹ ਛੋਟੀ ਭੈਣ, ਜਿਸ ਨੇ ਆਪਣਾ ਸਾਰਾ ਜੀਵਨ ਹੀ ਦੁਖ ਮੁਸੀਬਤਾਂ ਸਹਿੰਦਿਆਂ ਕਟਿਆ ਸੀ, ਹਥੋਂ ਨਿਕਲੀ ਜਾ ਰਹੀ ਸੀ। ਭੈਣ ਦੀ ਰੋਜ਼ਾਨਾ ਨਿਘਰਦੀ ਹਾਲਤ ਵੇਖ ਅਖੀਰ ਉਸ ਨੂੰ ਹਸਪਤਾਲ ਦਾਖਲ ਕਰਵਾ ਦਿਤਾ। ਹਸਪਤਾਲ ਵਿੱਚ ਆਪਣੇ ਦੋ ਸਨੇਹੀ ਸਨ, ਡਾ. ਜਸਵੰਤ ਕੌਰ ਗਿੱਲ ਅਤੇ ਡਾ. ਕੁਲਭੂਸ਼ਨ। ਇਨ੍ਹਾਂ ਦੀ ਪਹੁੰਚ ਸਦਕਾ ਯੋਗ ਡਾਕਟਰੀ ਸਹਾਇਤਾ ਮਿਲ ਗਈ, ਪਰ ਭੈਣ ਦੀ ਸਿਹਤ ਵਿੱਚ ਕੁਝ ਫਰਕ ਨਾ ਪਿਆ। ਅੰਤ ਉਹ ਰਬ ਦੀ ਪਿਆਰੀ ਦਾਤ ਸਾਥੋਂ ਖੋਹ ਲਈ ਗਈ, ਜਿਸ ਨੂੰ ਬੜੇ ਯਤਨਾਂ ਨਾਲ ਮੈਂ ਪਾਕਿਸਤਾਨੋਂ ਬਚਾ ਕੇ ਲਿਆਂਦਾ ਸੀ।

ਉਹ ਸਮਾਂ ਹੁਣ ਵੀ ਜਦ ਅੱਖਾਂ ਅਗੇ ਆਉਂਦਾ ਹੈ, ਤਾਂ ਦਿਲ ਦੁਖ ਤੇ ਦਰਦ ਦੀ ਪੀੜਾ ਨਾਲ ਕੁਰਲਾ ਉਠਦਾ ਹੈ। ਭੈਣ ਦੀ ਮੌਤ ਤੋਂ ਦੋ ਦਿਨ ਪਹਿਲਾਂ ਮੈਂ, ਸਰੀਰਕ ਤੇ ਮਾਨਸਕ ਤੌਰ ਤੇ ਥਕ ਟੁਟ ਚੁਕਾ ਸਾਂ। ਰਾਤ ਮੰਜੇ ਤੇ ਪੈਣ ਸਮੇਂ ਮੇਰਾ ਰੋਣ ਨਿਕਲ ਜਾਂਦਾ ਸੀ। ਮੇਰੀ ਪਤਨੀ ਸਤਵੰਤ ਨੇ ਮੈਨੂੰ ਹੌਸਲਾ ਦੇਂਦਿਆ ਕਿਹਾ, "ਤੁਸੀਂ ਕਿਉਂ ਹੌਸਲਾ ਢਾਹ ਬੈਠੇ ਹੋ, ਕੀ ਪਤਾ ਕਿਸ ਵੇਲੇ ਭੈਣ ਸਾਡਾ ਸਾਥ ਛਡ ਦੇਵੇ। ਉਸ ਵਕਤ ਤੀਕ ਤੁਸੀਂ ਉਸ ਪਾਸ ਬੈਠ ਕੇ ਉਸ ਦੀ ਦਿਲਜੋਈ ਕਰੋ। ਹੋਣੀ ਨੂੰ ਕੋਈ ਨਹੀਂ ਟਾਲ ਸਕਦਾ। ਹੌਸਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰਖੋ, ਤੇ ਵਾਹਿਗੁਰੂ ਦੇ ਭਾਣੇ ਵਿੱਚ ਰਹੋ। ਅਸੀਂ ਹੋਰ ਕੁਝ ਕਰ ਹੀ ਨਹੀਂ ਸਕਦੇ।"

ਸਤਵੰਤ ਦੇ ਕਹੇ ਉਪ੍ਰੋਕਤ ਸ਼ਬਦਾਂ ਨਾਲ ਮੈਨੂੰ ਥੋੜ੍ਹੀ ਢਾਰਸ ਬਝ ਗਈ। ਦੋ ਦਿਨਾਂ ਮਗਰੋਂ ਭੈਣ ਦੀ ਮੌਤ ਹੋ ਗਈ। ਪਰਿਵਾਰ ਵਿੱਚ ਕੁਰਲਾਹਟ ਮਚ ਗਿਆ। ਭੈਣ ਦੀ ਲਾਸ਼ ਸਾਹਮਣੇ ਪਈ ਹੈ, ਪਰ ਉਸ ਨੂੰ ਚੁਕਣ ਲਈ ਆਪਣੇ ਬ੍ਰਿਧ ਪਿਤਾ ਸਮੇਤ ਮਸਾਂ ਅਸੀਂ ਤਿੰਨ ਮਰਦ ਸਾਂ। ਦੋ ਮਿੱਤਰਾਂ ਸ੍ਰ. ਤਖਤ ਸਿੰਘ ਮਹਿਤਾ ਤੇ ਸੇਵਾ ਸਿੰਘ (ਸਿੰਘ ਬ੍ਰਦਰਜ਼) ਨੂੰ ਖਬਰ ਪੁਜੀ ਤਾਂ ਉਹ ਵੀ ਬਹੁੜ ਪਏ। ਕੁਲ ਪੰਜ ਬੰਦੇ ਸਸਕਾਰ ਕਰਨ ਲਈ "ਸਤਿਨਾਮ - ਵਾਹਿਗੁਰੂ" ਦਾ ਅਲਾਪ ਕਰਦੇ, ਸ਼ਾਮੀਂ ਚੰਗਾ ਅਨ੍ਹੇਰਾ ਪਸਰ ਜਾਣ ਤੇ ਠੇਡੇ ਖਾਂਦੇ ਸ਼ਮਸ਼ਾਨ ਭੂਮੀ ਜਾ ਪੁਜੇ ਤੇ ਮ੍ਰਿਤਕ ਸਰੀਰ ਨੂੰ ਅਗਨੀ ਦੇ ਹਵਾਲੇ ਕਰ ਵਾਪਸ ਘਰ ਪਰਤ ਆਏ।

ਭੈਣ ਨੰਦ ਕੌਰ ਦੀ ਮ੍ਰਿਤੂ ਦੀ ਖਬਰ ਹਸਪਤਾਲ ਜਾ ਪੁਜੀ, ਜਿਸ ਤੇ ਭੈਣ ਜਸਵੰਤ ਗਿੱਲ ਤੇ ਮਿੱਤਰ ਡਾ: ਕੁਲਭੂਸ਼ਨ ਸਾਡੀ ਗੈਰਹਾਜ਼ਰੀ ਵਿੱਚ ਹੀ ਸਾਡਾ ਘਰ ਢੂੰਡਦੇ ਆ ਪੁਜੇ। ਭੈਣ ਜਸਵੰਤ ਗਿਲੀਆਂ ਅਖਾਂ ਨਾਲ ਮਾਸੂਮ ਬਚਿਆਂ ਨੂੰ ਰੋਟੀਆਂ ਪਕਾ ਖੁਆ ਰਹੀ ਸੀ। ਆਪਣੇ ਸਨੇਹੀਆਂ ਨੂੰ ਵੇਖ ਸਭ ਦੀਆਂ ਭੁਬਾਂ ਨਿਕਲ ਗਈਆਂ ਤੇ ਕਿੰਨਾ ਚਿਰ ਕਿਸੇ ਦੇ ਮੂੰਹੋਂ ਕੋਈ ਗੱਲ ਨਾ ਨਿਕਲ ਸਕੀ।

ਭੈਣ ਦੇ ਚਾਰ ਬਚੇ, ਦੋ ਆਪਣੇ ਬਚੇ ਤੇ ਪੰਜ ਵਡਕੇ ਬੜੀ ਔਖੀ ਜ਼ਿੰਦਗੀ ਕਟ ਰਹੇ ਸਾਂ। ਭੈਣ ਦੀ ਮੌਤ ਪਿਛੋਂ ਸਾਡਾ ਦਿਲ ਟੁਟ ਗਿਆ, ਤੇ ਅਸੀਂ ਪਕਾ ਫੈਸਲਾ ਕਰ ਲਿਆ ਕਿ ਇਸ ਨਗਰੀ ਵਿੱਚ ਨਹੀਂ ਰਹਿਣਾ ਜਿਥੇ, ਪਰਿਵਾਰ ਨੇ ਇੰਨਾਂ ਕੀਮਤੀ ਹੀਰਾ ਗਵਾ ਲਿਆ ਹੈ।

## ਰੈਣ ਬਸੇਰੇ ਦੀ ਤਲਾਸ਼ ਵਿਚ

ਹਫਤੇ ਕੁ ਮਗਰੋਂ ਆਪਣੇ ਮਿੱਤਰ ਗਿਆਨੀ ਜਸਵੰਤ ਸਿੰਘ ਦੋਸਤ ਨਾਲ ਸਲਾਹ ਕਰ ਕੇ ਅਸੀਂ ਪੰਜਾਬ ਯਾਤਰਾ ਤੇ ਤੁਰ ਪਏ। ਇਹ ਵੇਖਣ ਕਿ ਪੰਜਾਬ ਦੇ ਕਿਸ ਨਗਰ ਵਿੱਚ ਵਾਸਾ ਕੀਤਾ ਜਾਵੇ? ਕਿਹੜਾ ਪੇਸ਼ਾ ਅਖਤਿਆਰ ਕੀਤਾ ਜਾਵੇ। ਕਿਤਾਬਾਂ ਛਾਪਣ ਤੇ ਵੇਚਣ ਦੇ ਕਿਤੇ ਨੂੰ ਅਪਣਾਈ ਰਖਣ ਦੀ ਸੰਭਾਵਨਾ ਬੜੀ ਘਟ ਸੀ। ਇਸ ਲਈ ਕੋਈ ਨਵਾਂ ਪੇਸ਼ਾ ਅਪਨਾਉਣ ਦਾ ਵਿਚਾਰ ਸੀ। ਸੋ ਬਾਕੀ ਯਾਤਰੀਆਂ ਵਾਂਗ ਅੰਮ੍ਰਿਤਸਰੋਂ ਗਡੀ ਵਿੱਚ ਬੈਠ ਕੇ ਦੋਵੇਂ ਪਾਂਧੀ ਉਧਰ ਨੂੰ ਤੁਰ ਪਏ, ਜਿਧਰ ਗਡੀ ਨੇ ਜਾਣਾ ਸੀ।

ਉਨ੍ਹੀਂ ਦਿਨੀਂ ਗਡੀਆਂ ਵਿੱਚ ਟਿਕਟਾਂ ਖ੍ਰੀਦਣ ਤੇ ਚੈਕ ਕਰਨ ਦੇ ਕਾਰਜ ਨੂੰ ਪੁਰਾਤਨ ਰਵਾਜ ਸਮਝ ਕੇ ਤਿਆਗ ਦਿਤਾ ਗਿਆ ਜਾਪਦਾ ਸੀ। ਗਡੀਆਂ ਦੀਆਂ ਛਤਾਂ ਤੇ ਸਾਮਾਨ ਲਦਿਆ ਹੋਇਆ ਤੇ ਉਪਰ ਜਨਤਾ ਬੈਠੀ ਹੋਈ ਸੀ। ਡਬਿਆਂ ਅੰਦਰ ਬੰਦੇ ਪਸ਼ੂਆਂ ਵਾਂਗ ਤੂਸੇ ਹੋਏ ਸਨ। ਪਤਾ ਨਹੀਂ ਸੀ ਲਗਦਾ ਕਿ ਸਾਮਾਨ ਬੰਦਿਆਂ ਉਪਰ ਹੈ ਜਾਂ ਬੰਦੇ ਸਾਮਾਨ ਉਪਰ। ਸਟੇਸ਼ਨ ਤੇ ਖੜੋ ਕੇ ਗਡੀ ਤੇ ਨਜ਼ਰ ਮਾਰਿਆਂ ਐਸਾ ਜਾਪਦਾ ਸੀ, ਕਿ ਸਾਰਾ ਦੇਸ਼ ਹੀ ਆਪਣਾ ਸਭ ਕੁਝ ਲੁਟਾ ਪਟਾ ਕੇ ਕਿਸੇ ਅਨਜਾਣੇ ਦੇਸ਼ ਦੀ ਯਾਤਰਾ ਤੇ ਤੁਰ ਪਿਆ ਹੈ, ਜਿਸ ਦੇਸ਼ ਬਾਰੇ ਉਸ ਨੂੰ ਕੋਈ ਗਿਆਨ ਨਹੀਂ।

ਸਟੇਸ਼ਨਾਂ ਦੇ ਪਲੇਟ ਫਾਰਮਾਂ ਤੇ ਚੁਲ੍ਹੇ ਭਖ ਰਹੇ ਹਨ। ਰੋਟੀਆਂ ਪਕ ਰਹੀਆਂ ਹਨ। ਦਾਲੇ ਤਿਆਰ ਹੋ ਰਹੇ ਹਨ। ਪਕੌੜੇ ਤਲੇ ਜਾ ਰਹੇ ਹਨ। ਰੋਟੀਆਂ ਵੰਡੀਆਂ ਜਾ ਰਹੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹਨ। ਅਸੀਂ ਬਿਨਾਂ ਸਰੋ-ਸਾਮਾਨ ਦੇ ਦੋਵੇਂ ਯਾਤਰੀ ਕਿਧਰੇ ਬੈਠਣ ਜਾਂ ਖਲੋਣ ਦੀ ਥਾਂ ਲਭਦੇ ਲਭਾਂਦੇ ਬਾਵਲੇ ਹੋ ਗਏ। ਅਖੀਰ ਗਡੀ ਦੇ ਦੋ ਡਬਿਆਂ ਦੇ ਵਿਚਕਾਰ ਦੋ ਲੋਹੇ ਦੇ ਡੰਡਿਆਂ ਉਤੇ ਕਿਸੇ ਯਾਤਰੀ ਨੇ ਦੋ ਮੰਜੇ ਖੋਲ੍ਹ ਕੇ ਰਖੇ ਹੋਏ ਸਨ। ਯਾਤਰੀ ਆਪ ਉਥੇ ਹੀ ਇਕ ਨੁਕਰ ਵਿੱਚ ਦੜਿਆ ਬੈਠਾ ਸੀ। ਆਪਣੇ ਬਚਾ ਲਈ ਉਸ ਨੇ ਮੰਜੇ ਦੀ ਪੈਂਦ ਨਾਲ ਆਪਣੇ ਇਰਦ-ਗਿਰਦ ਇਕ ਤਾਣਾ ਜਿਹਾ ਤਣ ਲਿਆ ਸੀ। ਤਾਂ ਜੋ ਉਹ ਕਿਸੇ ਝਟਕੇ ਨਾਲ ਦੋਹਾਂ ਡਬਿਆਂ ਵਿਚਕਾਰ ਡਿਗ ਕੇ ਹਰਿ ਕੇ ਲੇਖੇ ਲਗਣੋ ਬਚ ਸਕੇ।

ਅਸੀਂ ਉਸ ਯਾਤ੍ਰੀ ਨੂੰ ਉਸ ਦੇ ਨਾਲ ਵਾਲੀ ਖਾਲੀ ਪਈ ਥਾਂ ਤੇ ਆਸਣ ਜਮਾ ਲੈਣ ਦੀ ਬੇਨਤੀ ਕੀਤੀ। ਉਹ ਤਾਂ ਅਗੇ ਹੀ ਇਹ ਚਾਹੁੰਦਾ ਸੀ, ਕਿ ਕੋਈ ਉਸ ਦਾ ਸਾਥ ਦੇਣ ਵਾਲਾ ਹੋਵੇ, ਕਿਉਂਕਿ ਹਰ ਘੜੀ ਉਥੇ ਮੌਤ ਹੀ ਮੰਡਲਾਂਦੀ ਵਿਖਾਈ ਦੇਂਦੀ ਸੀ। ਸੋ ਕਮਾਲ ਮਿਹਰਬਾਨੀ ਨਾਲ ਉਸ ਸਾਨੂੰ ਖਾਲੀ ਪਏ ਮੰਜੇ ਦੀਆਂ ਹੀਆਂ ਦੇ ਆਸਣ ਤੇ ਸਜ ਜਾਣ ਦੀ ਆਗਿਆ ਦੇ ਦਿਤੀ। ਅਸੀਂ ਦੋਵੇਂ ਯਾਤਰੀ ਉਸ ਸ਼ਹਿਨਸ਼ਾਹੀ ਤਖਤੇ-ਤਾਊਸ ਤੇ ਛਲਾਂਗ ਮਾਰ ਕੇ ਚੜ੍ਹ ਗਏ ਤੇ ਉਸ ਵਾਂਗ ਹੀ ਇਕ ਰਸੀ ਆਪਣੇ ਅਗੇ ਵਲ ਲਈ, ਮਤਾਂ ਗਡੀ ਦੇ ਪਹੀਆਂ ਵਿਚਕਾਰ ਡਿਗ ਕੇ ਰਾਹ 'ਚ ਹੀ ਨਾ ਅਕਾਲ ਚਲਾਣਾ ਕਰ ਜਾਈਏ।

ਗੱਡੀ ਸੀਟੀ ਮਾਰ ਤੁਰ ਪਈ। ਗੱਡੀ ਵਿੱਚ ਇੰਨੀ ਕਾਵਾਂ ਰੌਲੀ ਸੀ, ਕਿ ਬੰਦਾ, ਨਾਲ ਵਾਲੇ ਬੰਦੇ ਦੀ ਗੱਲ ਵੀ ਨਹੀਂ ਸੀ ਸੁਣ ਸਕਦਾ। ਇਸ ਸਫਰ ਦਾ ਹਰ ਯਾਤਰੀ ਆਪਣੀ ਦਰਦ ਕਹਾਣੀ ਦੂਜੇ ਨੂੰ ਸੁਣਾਣਾ ਤੇ ਉਸ ਤੋਂ ਸੁਣਨੀ ਚਾਹੁੰਦਾ ਸੀ। ਸਾਡੇ ਨਾਲ ਵਾਲੇ ਯਾਤਰੀ ਨੇ ਦਸਿਆ, "ਮੈਂ ਲਾਇਲਪੁਰੋਂ ਕਾਫਲੇ ਨਾਲ ਸਣੇ ਪਰਿਵਾਰ ਚਲਿਆ ਸੀ। ਘਰ ਦਾ ਸਾਮਾਨ ਤੇ ਕਣਕ ਆਦਿ ਦੀਆਂ ਬੋਰੀਆਂ ਨਾਲ ਕਈ ਗਡੇ ਤੂਸੇ ਹੋਏ ਸਨ, ਪਰ ਰਾਹ ਵਿੱਚ ਲੁਟੇਰਿਆਂ ਨੇ ਹਲਾ ਬੋਲ ਦਿਤਾ, ਤੇ ਪਰਿਵਾਰ ਦੇ ਸਾਰੇ ਬੰਦੇ ਮਾਰੇ ਗਏ। ਸਾਮਾਨ ਸਾਰਾ ਲੁਟ ਲਿਆ ਗਿਆ। ਇਕ ਪੰਜ ਸਾਲ ਦਾ ਬਚਾ ਬਚਿਆ ਸੀ, ਜਿਸ ਨੂੰ ਮੈਂ ਆਪਣੀ ਮਾਸੀ ਦੇ ਸਪੁਰਦ ਕਰ ਕੇ ਆਪ ਇਸ ਧਰਤੀ ਤੇ ਜਿਥੇ ਕਿਧਰੇ ਠਿਕਾਣਾ ਮਿਲੇ-ਸਿਰ ਛੁਪਾਣ ਲਈ ਜਾ ਰਿਹਾ ਹਾਂ।"

ਮੰਗਲ ਸਿੰਘ ਬੜਾ ਬਹਾਦਰ ਤੇ ਤਕੜਾ ਜ਼ਿਮੀਂਦਾਰ ਸੀ, ਪਰ ਕਿਸਮਤ ਨੇ ਉਸ ਤੋਂ ਸਭ ਕੁਝ ਖੋਹ ਲਿਆ ਸੀ। ਗੱਲ ਗੱਲ ਤੇ ਉਸਦੀਆਂ ਅੱਖਾਂ, ਹੰਝੂਆਂ ਨਾਲ ਭਰ ਜਾਂਦੀਆਂ ਸਨ। ਉਹ ਕਲ ਤੋਂ ਭੁਖਾ ਸੀ ਨਾ ਪਲੇ ਪੈਸਾ ਸੀ, ਨਾ ਹੀ ਪਾਸ ਕੁਝ ਖਾਣ ਜੋਗਾ ਸੀ। ਉਸ ਨਾਲ ਬੈਠੇ ਅਸਾਂ ਦੋਹਾਂ ਯਾਤਰੀਆਂ ਦਾ ਵੀ ਉਸੇ ਵਰਗਾ ਹਾਲ ਸੀ।

ਗੱਡੀ ਜਲੰਧਰ ਜਾ ਖੜੋਤੀ। ਸਾਡੇ ਸਾਹਮਣੇ ਪਲੇਟ ਫਾਰਮ ਤੇ ਇਕ ਬ੍ਰਿਧ ਬਾਬਾ ਆਪਣੀ ਬੁਗਣੀ ਵਿੱਚ ਰੋਟੀਆਂ ਪਾਈ ਵੰਡ ਰਿਹਾ ਸੀ। ਮੰਗਲ ਸਿੰਘ ਵੀ ਉਸ ਬਾਬੇ ਪਾਸੋਂ ਦੋ ਰੋਟੀਆਂ ਲੈਣ ਲਈ ਉਤਰਿਆ। ਮੰਗਲ ਸਿੰਘ ਨੇ ਸਾਨੂੰ ਦਸਿਆ ਸੀ, ਕਿ ਪਿੰਡ ਵਿੱਚ ਉਸ ਦੇ ਘਰ ਸਦਾ ਲੋਹ ਲੰਗਰ ਚਲਦੇ ਰਹਿੰਦੇ ਸਨ, ਤੇ ਪਿੰਡ ਵਿੱਚ ਜੋ ਅਭਿਆਗਤ ਜਾਂ ਲੋੜਵੰਦ ਆਵੇ, ਉਸ ਨੂੰ ਲੋਕੀ ਮੰਗਲ ਸਿੰਘ ਦੇ ਘਰ ਦਾ ਰਾਹ ਦਸਦੇ ਸਨ, ਤੇ ਅਜ ਉਹੀ 'ਦਾਤਾ' ਆਪ 'ਭਿਖਾਰੀ' ਬਣ ਦੋ ਰੋਟੀਆਂ ਲੈਣ ਲਈ ਹਥ ਅੜੀ ਖੜੋਤਾ ਸੀ।

ਰੋਟੀਆਂ ਵਾਲਾ ਬਾਬਾ ਚੁਪਾਸਿਉਂ ਭੀੜ ਵਿੱਚ ਘਿਰਿਆ ਹੋਇਆ ਸੀ। ਜਿਸ ਪਾਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਸ ਦਾ ਮੂੰਹ ਹੁੰਦਾ, ਮੰਗਲ ਸਿੰਘ ਉਧਰ ਜਾ ਖੜੋਂਦਾ, ਪਰ ਇੰਨੇ ਚਿਰ ਨੂੰ ਬਾਬਾ ਪਾਸਾ ਪਰਤ ਦੂਜੇ ਪਾਸੇ ਲੋਕਾਂ ਨੂੰ ਰੋਟੀਆਂ ਵੰਡਣ ਲਗ ਜਾਂਦਾ। ਉਧਰ ਬੁਗਣੀ ਉਸ ਦੀ ਪਲ ਪਲ ਖਾਲੀ ਹੁੰਦੀ ਜਾ ਰਹੀ ਸੀ। ਇਹ ਵੇਖ ਕਿ ਬੇਸਬਰੇ, ਬਾਬੇ ਦੀ ਬੁਗਣੀ ਵਿੱਚ ਹਥ ਪਾਣ ਲਗੇ। ਕੁਝ ਰੋਟੀਆਂ ਉਹਨਾਂ ਕਢ ਵੀ ਲਈਆਂ। ਬਾਬੇ ਉਨ੍ਹਾਂ ਵਲੋਂ ਮੂੰਹ ਮੋੜ ਦੂਜੇ ਪਾਸੇ ਰੋਟੀਆਂ ਵੰਡਣੀਆਂ ਸ਼ੁਰੂ ਕਰ ਦਿਤੀਆਂ। ਇਹ ਜਾਣ ਕੇ, ਕਿ ਰੋਟੀਆਂ ਮੁਕੀਆਂ ਕਿ ਮੁਕੀਆਂ, ਮੰਗਲ ਸਿੰਘ ਨੇ ਵੀ ਬਾਕੀਆਂ ਵਾਂਗ ਬੁਗਣੀ ਵਿੱਚ ਹਥ ਪਾ ਦਿਤਾ।

ਬਾਬਾ, ਬੁਗਣੀ ਵਿੱਚ ਹਥ ਪਾਣ ਵਾਲਿਆਂ ਤੋਂ ਤੰਗ ਆ ਚੁਕਾ ਸੀ। ਉਸ ਨੇ ਮੰਗਲ ਸਿੰਘ ਵਲ ਹੂਰਾ ਵਟਿਆ। ਜਦ ਬਾਬੇ ਤੇ ਮੰਗਲ ਸਿੰਘ ਦੀਆਂ ਅੱਖਾਂ ਚਾਰ ਹੋਈਆਂ ਤਾਂ ਬਾਬੇ ਦਾ ਹੂਰਾ ਉਥੇ ਦਾ ਉਥੇ ਰੁਕ ਗਿਆ। ਮੰਗਲ ਸਿੰਘ ਦਾ ਖਾਲੀ ਹਥ ਬੁਗਣੀ 'ਚੋਂ ਬਾਹਰ ਨਿਕਲ ਆਇਆ। ਬਾਬੇ ਨੇ ਕੁਝ ਕਹੇ ਸੁਣੇ ਬਿਨਾਂ ਬੁਗਣੀ 'ਚੋਂ ਰੋਟੀਆਂ ਦਾ ਦਥਾ ਕਢ ਮੰਗਲ ਸਿੰਘ ਹਥ ਫੜਾਇਆ। ਐਸਾ ਜਾਪਦਾ ਸੀ, ਜਿਵੇਂ ਬਾਬਾ ਮੰਗਲ ਸਿੰਘ ਤੋਂ ਚੰਗੀ ਤਰ੍ਹਾਂ ਜਾਣੂ ਹੈ, ਤੇ ਸ਼ਾਇਦ ਉਹ ਉਸ ਦੇ ਲਗਰੋਂ ਪ੍ਰਸ਼ਾਦਾ ਵੀ ਛਕ ਚੁਕਾ ਹੋਵੇ। ਮੰਗਲ ਸਿੰਘ ਰੋਟੀਆਂ ਦਾ ਦਥਾ ਹਥ ਫੜੀ ਉਥੋਂ ਤੁਰ ਪਿਆ, ਪਰ ਭੁਖੇ ਭਾਣੇ ਮੰਗਲ ਸਿੰਘ ਪਾਸੋਂ ਇਹ ਰੋਟੀਆਂ ਖਾਧੀਆਂ ਨਾ ਗਈਆਂ। ਅੱਖਾਂ ਵਿੱਚ ਗੱਲੇਡੂ ਭਰੀ ਉਸ ਨੇ ਰੋਟੀਆਂ ਲੋੜਵੰਦਾਂ ਵਿੱਚ ਵੰਡ ਦਿਤੀਆਂ, ਤੇ ਆਪ ਭੁਖਾ ਭਾਣਾ ਮੁੜ ਕੇ ਆਪਣੇ ਆਸਣ ਤੇ ਆ ਬੈਠਾ।

ਸਾਰੀ ਰਾਤ ਉਸ ਸਾਡੇ ਨਾਲ ਕੋਈ ਗੱਲ ਨਾ ਕੀਤੀ, ਤੇ ਨਾ ਹੀ ਸਾਨੂੰ ਉਸ ਤੋਂ ਮੁੜ ਕੁਝ ਪੁਛਣ ਦੀ ਜੁਰਅਤ ਹੀ ਹੋਈ।

ਕਈ ਸਟੇਸ਼ਨਾਂ ਤੇ ਲੋਕਾਂ ਨੇ ਉਜੜੇ ਲੋਕਾਂ ਲਈ ਲੰਗਰ ਲਾਇਆ ਹੋਇਆ ਸੀ। ਅਸੀਂ ਜਲੰਧਰ, ਲੁਧਿਆਣੇ ਤੇ ਅੰਬਾਲੇ ਆਦਿ ਸ਼ਹਿਰਾਂ ਦੀ ਯਾਤਰਾ ਕੀਤੀ। ਅੰਬਾਲੇ ਕੁਲਦੀਪ ਨਗਰ ਵਿੱਚ ਸ੍ਰ: ਰਸ਼ਪਾਲ ਸਿੰਘ 'ਰਿਸ਼ੀ' ਆਪਣਾ ਇਕ ਮਿੱਤਰ ਰਹਿੰਦਾ ਸੀ। ਜੋ ਪਿਛੋਂ ਗੁੜਗਾਉਂ ਆਣ ਵਸਿਆ ਸੀ। ਕਈ ਦਿਨ ਅਸੀਂ ਉਸ ਦੇ ਘਰ ਰਹੇ। ਉਸ ਨੇ ਸਾਡੀ ਬੜੀ ਸੇਵਾ ਕੀਤੀ। ਉਸ ਸੁਝਾ ਦਿਤਾ ਕਿ ਅਗੋਂ ਲਈ ਇਸੇ ਨਗਰ ਰਹਿਣ ਦਾ ਪ੍ਰੋਗਰਾਮ ਬਣਾਉ। ਉਸ ਦੇ ਕਹੇ ਅਨੁਸਾਰ ਅਸੀਂ ਅੰਬਾਲੇ ਹੀ ਰਹਿਣ ਦਾ ਪਕਾ ਵਿਚਾਰ ਬਣਾਇਆ।

ਵਾਪਸੀ ਤੇ ਵੀ ਸਾਨੂੰ ਗੱਡੀ ਅੰਦਰ ਥਾਂ ਨਾ ਮਿਲੀ ਤੇ ਸੈਂਕੜੇ ਹੋਰ ਯਾਤਰੀਆਂ ਵਾਂਗ ਅਸੀਂ ਦੋਵੇਂ ਇਕ ਡੱਬੇ ਦੇ ਦਰਵਾਜ਼ੇ ਨਾਲ ਲਟਕ ਗਏ। ਡੱਬੇ ਵਿੱਚ ਚੜ੍ਹਨ ਲਈ ਤਿੰਨ ਲਕੜ ਦੇ ਫਟੇ ਸਨ। ਅਸੀਂ ਹੇਠਲੇ ਫੱਟੇ ਤੇ ਪੈਰ ਰਖੇ ਹੋਏ ਸਨ ਤੇ ਹਥਾਂ ਨਾਲ ਉਪਰਲਾ ਡੰਡਾ ਬੜੀ ਮਜ਼ਬੂਤੀ ਨਾਲ ਫੜਿਆ ਹੋਇਆ ਆਪੋ ਵਿੱਚ ਗੱਲਾਂ ਕਰਦੇ ਜਾ ਰਹੇ ਸਾਂ। ਅਚਾਨਕ ਮੈਂ ਆਪਣੀਆਂ ਅਖਾਂ ਅਗੇ ਵਲ ਮੋੜੀਆਂ, ਤਾਂ ਵੇਖਿਆ, ਕਿ ਗੱਡੀ ਬੜੀ ਤੇਜ਼ੀ ਨਾਲ ਇਕ ਸਟੇਸ਼ਨ ਤੋਂ ਲੰਘ ਰਹੀ ਹੈ, ਜਿਸ ਦਾ ਪਲੇਟਫਾਰਮ ਹੇਠਲੇ ਫਟੇ ਤੋਂ ਉਚਾ ਹੈ। ਇਕ ਦਮ ਮੈਂ ਆਪਣੇ ਪੈਰ ਦੂਜੇ ਫਟੇ ਤੇ ਰਖ ਕੇ ਚੀਕਿਆ "ਦੋਸਤ! ਪੈਰ ਉਪਰਲੇ ਫਟੇ ਤੇ ਰਖ ਲਉ।" ਮੇਰੇ ਸਾਥੀ ਨੇ ਇਕ ਦਮ ਆਪਣੇ ਪੈਰ ਉਪਰ ਕਰ ਲਏ ਤੇ ਗੱਡੀ ਸਟੇਸ਼ਨੋਂ ਲੰਘ ਗਈ। ਕੁਦਰਤ ਨੇ ਅਸਾਂ ਦੋਹਾਂ ਨੂੰ ਹਥ ਦੇ ਕੇ ਰਖ ਲਿਆ ਸੀ। ਵਰਨਾ ਟੰਗਾਂ ਦੀ ਫੀਤੀ-ਫੀਤੀ ਹੋ ਜਾਣੀ ਸੀ। ਇਸ ਤਰ੍ਹਾਂ ਦੇ ਪਲੇਟਫਾਰਮਾਂ ਤੇ ਉਨ੍ਹੀਂ ਦਿਨੀਂ ਬੜੇ ਹਾਦਸੇ ਹੁੰਦੇ ਸਨ। ਕਈ ਵਾਰ ਗੱਡੀ ਉਪਰ ਬੈਠੀਆਂ ਸਵਾਰੀਆਂ ਦੀਆਂ ਪਗੜੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਗਡੀ ਦੇ ਸਜੇ ਖਬੇ ਪਾਸੇ ਖੜੋਤੇ ਵਡੇ-ਵਡੇ ਦਰਖਤ ਖੋਹ ਕੇ ਲੈ ਜਾਂਦੇ ਸਨ. ਤੇ ਕਈ ਯਾਤਰੀ ਮੂੰਹ ਭਾਰ ਹੇਠਾਂ ਜਾ ਡਿਗਦੇ ਸਨ।

ਹਫਤੇ ਭਰ ਦੀ ਇਸ ਇਤਿਹਾਸਕ ਯਾਤਰਾ ਪਿਛੋਂ ਅਸੀਂ ਅੰਮ੍ਰਿਤਸਰ ਪਹੁੰਚੇ। ਭਵਿਸ਼ ਬਾਰੇ ਕਿਸੇ ਆਖਰੀ ਫੈਸਲੇ ਤੇ ਪਹੁੰਚਣਾ ਬੜਾ ਮੁਸ਼ਕਲ ਸੀ। ਕਦੀ ਕਿਥੋਂ ਦਾ ਪ੍ਰੋਗਰਾਮ ਬਣਦਾ, ਕਦੀ ਕਿਥੇ ਦਾ। ਪਲੇ ਮਾਇਆ ਨਹੀਂ। ਪਰਿਵਾਰ ਦਾ ਗੁਜ਼ਾਰਾ ਕਿਵੇਂ ਚਲੇਗਾ? ਕਾਰੋਬਾਰ ਕੀ ਸ਼ੁਰੂ ਕੀਤਾ ਜਾਵੇ? ਇਨ੍ਹਾਂ ਵਿਚਾਰਾਂ ਵਿੱਚ ਉਹ ਰਾਤ ਕਟ ਗਈ। ਦੂਜੇ ਦਿਨ ਮੈਂ ਅੰਮ੍ਰਿਤਸਰ ਚਲਾ ਗਿਆ। ਉਥੇ ਆਪਣੇ ਮਿੱਤਰ ਪਿਆਰਿਆਂ ਨੂੰ ਅਲਵਿਦਾ ਕਹਿ ਕੇ ਅੰਮ੍ਰਿਤਸਰੋਂ ਪਰਿਵਾਰ ਨੂੰ ਨਾਲ ਲੈ ਅੰਬਾਲੇ ਜਾਣ ਦੀ ਯੋਜਨਾ ਬਣਾ ਲਈ। ਜਲੰਧਰ ਯਾਤਰਾ ਤੋਂ ਕੁਝ ਦਿਨ ਪਹਿਲਾਂ ਮੈਂ ਆਪਣੇ ਬਚਪਨ ਦੇ ਮਿੱਤਰ ਕੰਵਰ ਮਨਮੋਹਨ ਸਿੰਘ, ਜੋ ਮੇਰਾ 1939 ਵਿੱਚ ਗਿਆਨੀ ਦਾ ਕਲਾਸ ਫੈਲੋ ਸੀ, ਨੂੰ ਦਿੱਲੀ ਚਿੱਠੀ ਲਿਖੀ ਸੀ: "ਪਿਆਰੇ ਮਨਮੋਹਣ! ਅੱਸੀਂ ਲੋਕ ਲਾਹੌਰ ਛਡ ਆਏ ਹਾਂ। ਅੰਮ੍ਰਿਤਸਰ ਤੋਂ ਲੈ ਕੇ ਦਿੱਲੀ ਤੀਕ ਕਿਸੇ ਵੀ ਸ਼ਹਿਰ - ਜਿਥੇ ਅੰਨ ਜਲ ਲੈ ਜਾਵੇ, ਜਾਂ ਜਿਥੇ ਮਾੜਾ ਮੋਟਾ ਆਸਰਾ ਮਿਲ ਸਕੇ, ਡੇਰੇ ਡਾਲ ਕੇ ਮੁੜ ਅਸੀਂ ਮੁਢੋਂ ਸੁਢੋਂ ਜੀਵਨ ਅਰੰਭ ਕਰਨ ਦਾ ਵਿਚਾਰ ਰਖਦੇ ਹਾਂ।"

ਇਸੇ ਉਧੇੜ ਬੁਣ ਵਿੱਚ ਹੀ ਮੈਂ ਪ੍ਰੀਤਨਗਰ ਜਾ ਪੁਜਾ. ਪਰ ਕਿਸੇ ਫੈਸਲੇ ਤੇ ਮਨ ਖਲੋਵੇ ਨਾ। ਮਨ ਵਿੱਚ ਸੋਚਾਂ, ਕੋਈ ਹੋਣੀ ਮੈਨੂੰ ਅੰਬਾਲੇ ਜਾਣੋਂ ਰੋਕ ਕੇ ਉਥੇ ਭੇਜ ਦੇਵੇ, ਜਿਥੇ ਮੇਰਾ ਵਸੇਬਾ ਠੀਕ ਹੋਵੇ। ਪ੍ਰੀਤਨਗਰ ਪਹੁੰਚ ਕੇ ਵੇਖਿਆ ਦਿੱਲੀ ਤੋਂ ਮਨਮੋਹਣ ਸਿੰਘ ਦੀ ਚਿੱਠੀ ਆਈ ਹੋਈ ਸੀ, ਜਿਸ ਵਿੱਚ ਉਸ ਨੇ ਲਿਖਿਆ ਸੀ :

"ਪਿਆਰਿਓ! ਦਿੱਲੀ ਆ ਜਾਓ। ਇਥੇ ਅਜਿਹਾ ਜਾਪਦਾ ਹੈ, ਸਾਰਾ ਪੰਜਾਬ ਹੀ ਉਮਡ ਆਇਆ ਹੈ। ਲੋਕਲ ਲੋਕਾਂ ਵਿੱਚ ਸ਼ਰਨਾਰਥੀਆਂ ਪ੍ਰਤੀ ਬੜੀ ਹਮਦਰਦੀ ਹੈ, ਜਿਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਸਮੇਂ ਕੁਰਬਾਨੀ ਦਾ ਬਕਰਾ ਬਣਾਇਆ ਗਿਆ ਹੈ। ਮਕਾਨ ਵੀ ਮਿਲ ਜਾਵੇਗਾ, ਤੇ ਕਾਰੋਬਾਰ ਦਾ ਵੀ ਪ੍ਰਬੰਧ ਹੋ ਜਾਵੇਗਾ। ਤੁਸੀਂ ਇਕ ਦਮ ਦਿੱਲੀ ਲਈ ਚਾਲੇ ਪਾ ਦਿਓ।"

ਚਿੱਠੀ ਪੜ੍ਹੀ ਤਾਂ ਚਾਅ ਚੜ੍ਹ ਗਿਆ। ਮਿੱਤਰ ਮਨਮੋਹਨ ਸਿੰਘ ਨੇ ਇਕ ਤਕੜੀ ਉਲਝਨ 'ਚੋਂ ਕਢ ਲਿਆ ਸੀ। ਸੋ ਦੂਜੇ ਦਿਨ ਦਿੱਲੀ ਦੀ ਤਿਆਰੀ ਅਰੰਭ ਦਿਤੀ। ਦੋ ਦਿਨ ਮਗਰੋਂ ਦਿੱਲੀ ਜਾ ਪੁਜਾ। ਆਪਣੇ ਮਿੱਤਰ ਨੂੰ ਮਿਲਿਆ। ਉਸ ਦੇ ਪਰਿਵਾਰ ਨੇ ਤੇ ਖਾਸ ਤੌਰ ਤੇ ਮਾਤਾ ਮਾਨ ਕੌਰ ਨੇ ਬੜਾ ਸਨੇਹ ਪ੍ਰਗਟ ਕੀਤਾ। ਹਫਤਾ ਭਰ ਮੈਂ ਦਿੱਲੀ ਰਿਹਾ। ਸਾਰੀ ਦਿੱਲੀ ਸਾਈਕਲ ਤੇ ਗਾਹੀ। ਪੁਰਾਣੀਆਂ ਇਮਾਰਤਾਂ ਵੇਖੀਆਂ। ਇਤਿਹਾਸਕ ਗੁਰ-ਅਸਥਾਨਾਂ ਦੇ ਦਰਸ਼ਨ ਕੀਤੇ।

ਦਿੱਲੀ, ਲੋਧੀ ਰੋਡ ਵਿੱਚ ਆਪਣੇ ਮਿੱਤਰ ਮਨਮੋਹਣ ਸਿੰਘ ਦੇ ਕਵਾਟਰ ਵਿੱਚ ਹੀ ਮੈਂ ਇਹ ਹਫਤਾ ਰਿਹਾ। ਮਾਤਾ ਮਾਨ ਕੌਰ ਦੇ ਮਾਤਰੀ ਪਿਆਰ ਨੂੰ ਮੈਂ ਕਦੀ ਨਹੀਂ ਭੁਲ ਸਕਦਾ।

ਕੁਝ ਦਿਨ ਮਗਰੋਂ ਦਿੱਲੀ ਵਿੱਚ ਹੀ ਮੈਨੂੰ ਪਤਾ ਲਗਾ ਸ੍ਰ: ਗੁਰਬਖਸ਼ ਸਿੰਘ ਹੋਰੀ ਦਿੱਲੀ ਆਏ ਹੋਏ ਹਨ, ਤੇ ਉਹਨਾਂ ਦਾ ਪ੍ਰੀਤਨਗਰ ਛਡ ਕੇ ਦਿੱਲੀ ਰਿਹਾਇਸ਼ ਰਖਣ ਦਾ ਵਿਚਾਰ ਹੈ। ਉਸ ਸਮੇਂ ਦਿੱਲੀ ਦੇ ਡੀ.ਸੀ. ਸ੍ਰ: ਮਹਿੰਦਰ ਸਿੰਘ ਰੰਧਾਵਾ ਸਨ। ਮੈਂ ਉਨ੍ਹਾਂ ਦੀ ਕੋਠੀ ਜਾ ਕੇ ਸਰਦਾਰ ਜੀ ਨੂੰ ਮਿਲਿਆ। ਉਨ੍ਹਾਂ ਮੈਨੂੰ ਵੀ ਆਪਣੇ ਨਾਲ ਹੀ ਦਿੱਲੀ ਆ ਜਾਣ ਦੀ ਪ੍ਰੇਰਨਾ ਦਿਤੀ, ਤੇ ਅੰਤ ਫੈਸਲਾ ਹੋਇਆ ਕਿ ਅਗਲੇ ਪੰਦਰਾਂ ਦਿਨਾਂ ਵਿੱਚ ਅਸੀਂ ਦਿੱਲੀ-ਮਹਿਰੌਲੀ ਵਿੱਚ ਡੇਰਾ ਲਾਵਾਂਗੇ। ਇਸ ਪਿਛੋਂ ਅਸੀਂ ਵਾਪਸ ਪ੍ਰੀਤਨਗਰ ਆ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪ੍ਰੀਤ ਕਾਫਲਾ ਦਿੱਲੀ ਨੂੰ

18 ਜਨਵਰੀ 1948 ਨੂੰ ਪ੍ਰੀਤਨਗਰ ਦੇ ਦਸ ਕੁ ਪਰਿਵਾਰ ਸ੍: ਗੁਰਬਖਸ਼ ਸਿੰਘ ਨਾਲ ਹੀ ਮਹਿਰੋਲੀ ਆਣ ਪੁਜੇ। ਸ੍: ਗੁਰਬਖਸ਼ ਸਿੰਘ ਹੋਰਾਂ ਨੂੰ ਕੁਤਬ ਦੀ ਲਾਟ ਦੀ ਪਿਛਲੀ ਦੀਵਾਰ ਦੇ ਨਾਲ ਕਰ ਕੇ ਇਕ ਵੱਡੀ ਸਾਰੀ ਕੋਠੀ ਉਨ੍ਹਾਂ ਦੀ ਰਿਹਾਇਸ਼ ਤੇ ਦਫਤਰ ਲਈ 50 ਰੁਪਏ ਮਹੀਨੇ ਦੇ ਕਿਰਾਏ ਤੇ ਮਿਲ ਗਈ। ਸਾਨੂੰ ਮਹੱਲਾ ਜੱਟਵਾੜਾ ਵਿਚ ਕੋਠੀ ਕਾਲੇ ਖਾ, ਜਿਸ ਵਿਚ ਰਹਿਣ ਵਾਲੇ ਸਭ ਮੁਸਲਮ ਪਰਿਵਾਰ ਪਾਕਿਸਤਾਨ ਹਿਜਰਤ ਕਰ ਗਏ ਸਨ, ਰਿਹਾਇਸ਼ ਲਈ ਅਲਾਟ ਕਰ ਦਿਤੀ ਗਈ।

ਉਸੇ ਕੋਠੀ ਵਿਚ ਇਨ੍ਹਾਂ ਸਤਰਾਂ ਦੇ ਲਿਖਾਰੀ ਤੇ ਗਿਆਨੀ ਜਸਵੰਤ ਸਿੰਘ ਨੂੰ ਵੀ ਦੋ ਦੋ ਕਮਰੇ ਕਿਰਾਏ ਤੇ ਮਿਲ ਗਏ, ਜਿਨ੍ਹਾਂ ਦੇ ਦਰਵਾਜ਼ੇ ਤੇ ਖਿੜਕੀਆਂ ਨਦਾਰਦ ਸਨ। ਛੱਤਾਂ ਤੇ ਦੀਵਾਰਾਂ ਧੂਏਂ ਨਾਲ ਧੁਆਂਖੀਆਂ ਹੋਈਆਂ ਸਨ। ਅਸੀਂ ਪੀਣ ਲਈ ਪਾਣੀ ਦੋ ਕੁ ਫਰਲਾਂਗ ਦੀ ਦੂਰੀ ਤੋਂ ਇਕ ਪੁਰਾਤਨ ਡੂੰਘੇ ਖੂਹ 'ਚੋਂ ਲਿਆਂਦੇ ਸਾਂ। ਪ੍ਰੀਤਨਗਰ ਵਿਚ ਨਵਾਂ ਜੀਵਨ ਜੀਊਣ ਵਾਲੇ ਬੰਦਿਆਂ ਦੀ ਡੂੰਘੇ ਖੂਹ 'ਚੋਂ ਪਾਣੀ ਕੱਢ ਕੇ ਵੱਡਾ ਸਾਰਾ ਘੜਾ ਸਿਰ ਤੇ ਰਖ ਕੇ, ਗੱਲ ਵਿਚ ਲੰਮੀ ਲੱਜ ਲਪੇਟ ਕੇ ਇਕ ਹੱਥ ਵਿਚ ਪਾਣੀ ਦੀ ਭਰੀ ਹੋਈ ਬਾਲਟੀ ਚੁਕ ਕੇ, ਸਾਹੋ ਸਾਹ ਹੋ, ਸਿਰ ਤੋਂ ਲੈ ਕੇ ਪੈਰਾਂ ਤਕ ਚੋਂਦਾ ਪਸੀਨਾ, ਘਰ ਆਣ ਤਕ ਜਾਨ ਲਬਾਂ ਤੀਕ ਪਹੁੰਚ ਜਾਂਦੀ ਸੀ।

ਸ੍: ਗੁਰਬਖਸ਼ ਸਿੰਘ ਦੇ ਪਰਿਵਾਰ ਤੇ ਪ੍ਰੈਸ ਲਈ ਪਾਣੀ ਬੜੀ ਅਸਾਨੀ ਨਾਲ, ਗਵਾਂਢ ਦੀ ਕੋਠੀ 'ਚ ਲਗੇ ਟਯੂਬਵੈਲ ਤੋਂ ਪ੍ਰਾਪਤ ਹੋ ਜਾਂਦਾ ਸੀ। ਉਨ੍ਹੀਂ ਦਿਨੀਂ ਪ੍ਰੀਤਨਗਰ ਤੋਂ ਲਿਆਂਦੀਆਂ ਪੁਸਤਕਾਂ ਚਾਂਦਨੀ ਚੌਕ ਦੇ ਨੇੜੇ ਐਸਪਲੇਨੇਡ ਰੋਡ ਤੇ ਇਕ ਛੋਟੀ ਜਿਹੀ ਦੂਕਾਨ ਲੈ ਕੇ ਉਥੇ ਪ੍ਰੀਤਨਗਰ ਸ਼ਾਪ ਖੋਲ੍ਹ ਦਿਤੀ ਗਈ। ਮੈਂ ਉਸ ਦੂਕਾਨ ਦਾ ਮੈਨੇਜਰ ਸਾਂ। ਦੋ ਕਾਮੇ ਮੇਰੇ ਸਹਾਇਕਾਂ ਵਜੋਂ ਮੇਰੇ ਨਾਲ ਸਨ। ਸਾਰਾ ਸਾਰਾ ਦਿਨ ਅਸੀਂ ਦੂਕਾਨ ਵਿਚ ਬੈਠ ਕੇ ਮਖੀਆਂ ਮਾਰਦੇ ਰਹਿੰਦੇ ਸਾਂ, ਪਰ ਕੋਈ ਗਾਹਕ ਕਿਤਾਬਾਂ ਖ੍ਰੀਦਣ ਜਾਂ ਪੁਛਣ ਲਈ ਸਾਡੀ ਦੂਕਾਨ ਤੇ ਨਹੀਂ ਸੀ ਆਂਦਾ।

ਪ੍ਰੀਤਨਗਰ ਰਹਿਣ ਸਮੇਂ ਇਕ ਚਾਹ ਦੀ ਕੰਪਨੀ ਦੀ ਡਾਇਰੈਕਟਰ, ਜੋ ਸ੍: ਗੁਰਬਖਸ਼ ਸਿੰਘ ਦਾ ਬੜਾ ਪ੍ਰਸੰਸਕ ਸੀ, ਮਿਲਣ ਆਇਆ। ਉਹ ਬੜੀ ਸਸਤੀ ਕੀਮਤ ਤੇ ਕਾਮਰ ਨਾਂ ਦੀ ਸਟੇਸ਼ਨ ਵੈਗਨ ਸ੍ਰਦਾਰ ਜੀ ਨੂੰ ਦੇ ਗਿਆ। ਸ੍: ਗੁਰਬਖਸ਼ ਸਿੰਘ, ਸਕੀਮਾਂ ਘੜਨ ਦੇ ਤਾਂ ਤਕੜੇ ਮਾਹਿਰ ਸਨ। ਪ੍ਰੀਤਨਗਰੋਂ ਆਣ ਵੇਲੇ ਉਨ੍ਹਾਂ ਪਾਸ ਬਹੁਤ ਥੋੜੀ ਮਾਇਆ ਸੀ। ਇਸ ਲਈ ਕਾਮਰ ਗੱਡੀ ਨੂੰ ਦਿੱਲੀ ਪਹੁੰਚਾਣ ਲਈ ਪੈਟਰੋਲ ਖ੍ਰੀਦਣ ਦਾ ਵੱਡਾ ਮਸਲਾ ਸੀ। ਸ੍: ਗੁਰਬਖਸ਼ ਸਿੰਘ ਨੇ ਇਕ ਦਮ ਬੜੀ ਵਚਿੱਤਰ ਤੇ ਲਾਭਦਾਇਕ ਵਿਉਂਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤਿਆਰ ਕਰ ਲਈ. ਕਿ ਪ੍ਰੀਤਨਗਰ ਦੇ ਦੋ ਸੇਵਾਦਾਰ ਇਸ ਗੱਡੀ ਵਿਚ ਬੈਠ ਜਾਣ ਤੇ ਦੋ ਬਲਦ ਇਸ ਅੱਗੇ ਬੰਨ੍ਹ ਦਿਤੇ ਜਾਣ। ਇਕ ਸੇਵਾਦਾਰ ਸਟੇਰਿੰਗ ਤੇ ਬੈਠਾ ਜੀ.ਟੀ. ਰੋਡ ਦੇ ਸੱਜੇ ਖੱਬੇ ਉਸ ਨੂੰ ਘੁਮਾਂਦਾ ਫਿਰੇ. ਤੇ ਲੋੜ ਪੈਣ ਤੇ ਬ੍ਰੇਕ ਮਾਰ ਕੇ ਗੱਡੀ ਨੂੰ ਖੜਾ ਕਰ ਲਵੇ। ਰਸਤੇ ਵਿਚ ਦੋਵੇਂ ਸੇਵਾਦਾਰ ਆਪਣਾ ਖਾਣਾ ਆਪ ਤਿਆਰ ਕਰਦੇ। ਬੱਲਦ ਆਪਣਾ ਚਾਰਾ ਰਾਹ ਦੇ ਖੇਤਾਂ ਵਿਚੋਂ ਪ੍ਰਾਪਤ ਕਰਦੇ। ਇਸ ਤਰ੍ਹਾਂ ਕਾਮਰ ਗੱਡੀ 15 ਦਿਨਾਂ ਵਿਚ ਦਿੱਲੀ ਆਣ ਪਹੁੰਚੀ।

ਉਨ੍ਹੀਂ ਦਿਨੀਂ ਮਹਿਰੋਲੀ ਤੋਂ ਦਿੱਲੀ ਸ਼ਹਿਰ ਆਣ ਜਾਣ ਲਈ ਇਕ ਪ੍ਰਾਈਵੇਟ ਕੰਪਨੀ ਦੀ ਇਕੋ ਬਸ ਜਾਂਦੀ ਸੀ। ਕਦੀ ਉਹ ਰਾਹ ਵਿਚ ਖਰਾਬ ਹੋ ਜਾਂਦੀ। ਕਦੀ ਉਹ ਘਰੋਂ ਹੀ ਨਹੀਂ ਸੀ ਤੁਰਦੀ। ਇਸ ਕਾਰਣ ਅਸੀਂ ਕਾਮਰ ਗੱਡੀ ਨੂੰ ਸ਼ਹਿਰ ਆਣ-ਜਾਣ ਦਾ ਸਾਧਨ ਬਣਾਇਆ। ਪ੍ਰੀਤਨਗਰ ਵੀ ਇਸ ਗੱਡੀ ਨੂੰ ਮੈਂ ਹੀ ਚਲਾਂਦਾ ਸੀ। ਕਈ ਵਾਰ ਇਹ ਗੱਡੀ ਆਪਣੇ ਠਿਕਾਣੇ ਤੋਂ ਤੁਰਨ ਸਮੇਂ ਬੜਾ ਖੁਆਰ ਕਰਦੀ। ਪ੍ਰੀਤਨਗਰ ਵਾਸੀ. ਜਿਨ੍ਹਾਂ ਨੇ ਲਾਹੌਰ ਜਾਂ ਅੰਮ੍ਰਿਤਸਰ ਜਾਣਾ ਹੁੰਦਾ. ਇਸ ਨੂੰ ਧੱਕੇ ਮਾਰਦੇ। ਉਸ ਸਮੇਂ ਸਾਰਾ ਪ੍ਰੀਤਨਗਰ ਇਨ੍ਹਾਂ ਧਕਿਆਂ ਦੀ ਗਰਦੋ-ਗੁਬਾਰ ਵਿਚ ਛਿਪ ਜਾਂਦਾ। ਉਦੋਂ ਪ੍ਰੀਤਨਗਰ ਦੀਆਂ ਸੜਕਾਂ ਕਚੀਆਂ ਸਨ। ਇਸ ਤਰ੍ਹਾਂ ਘੰਟੇ ਅੱਧੇ ਘੰਟੇ ਦੀ ਪ੍ਰੇਸ਼ਾਨੀ ਮਗਰੋਂ ਜਦੋਂ ਇਹ ਸਟਾਰਟ ਹੁੰਦੀ, ਤਾਂ ਫਿਟ ਰੁਕਣ ਦਾ ਨਾਂ ਨਾ ਲੈਂਦੀ। ਇਹੀ ਹਾਲ ਇਸ ਦਾ ਮਹਿਰੋਲੀ ਤੋਂ ਸ਼ਹਿਰ ਆਣ ਸਮੇਂ ਹੁੰਦਾ। ਮਹਿਰੋਲੀ ਤੋਂ ਚਲਦਿਆਂ, ਆਰੰਭ ਵਿਚ ਉਤਰਾਈ ਪੈਂਦੀ। ਜਿਸ ਨਾਲ ਇਹ ਗੱਡੀ ਫੌਰਨ ਸਟਾਰਟ ਹੋ ਜਾਂਦੀ ਸੀ।

ਇਨ੍ਹੀਂ ਦਿਨੀਂ ਇਕ ਨਿਕਾ ਜਿਹਾ ਵਾਕਿਆ ਹੋ ਗਿਆ। ਇਕ ਸ਼ਾਮ ਕੁਤਬ ਦੀ ਪਿਛਲੀ ਸੜਕ ਤੇ ਇਕ ਸਾਈਕਲ ਸਵਾਰ ਜਾ ਰਿਹਾ ਸੀ। ਉਸ ਦੀ ਸਾਈਕਲ ਦੇ ਪਿਛੇ ਇਕ ਛੋਟਾ ਜਿਹਾ ਡੱਬਾ ਬੰਨ੍ਹਿਆ ਹੋਇਆ ਸੀ। ਉਹ ਜਦੋਂ ਪ੍ਰੀਤਲੜੀ ਵਾਲੀ ਕੋਠੀ ਪਾਸੋਂ ਲੰਘਿਆ, ਤਾਂ ਉਹ ਡੱਬਾ ਸਾਈਕਲ ਤੋਂ ਡਿੱਗ ਪਿਆ। ਸਾਈਕਲ ਦੇ ਪਿਛੇ ਪਿਛੇ ਪ੍ਰੀਤਲੜੀ ਦਾ ਇਕ ਕਾਮਾ ਤੁਰਿਆ ਆ ਰਿਹਾ ਸੀ। ਉਸ ਨੇਂ ਉਸ ਡੱਬੇ ਨੂੰ ਠੁੱਡਾ ਮਾਰਿਆ ਤੇ ਠੁੱਡੇ ਮਾਰਦਿਆਂ ਹੋਇਆਂ ਉਸ ਨੂੰ ਕਾਫੀ ਦੂਰ ਲੈ ਗਿਆ। ਇੰਨੀ ਦੇਰ ਨੂੰ ਉਸ ਸਾਈਕਲ ਸਵਾਰ ਨੇ ਉਹ ਡੱਬਾ ਚੁੱਕ ਲਿਆ, ਤੇ ਠੁੱਡੇ ਮਾਰਨ ਵਾਲੇ ਕਾਮੇ ਨੂੰ ਘੂਰ ਕੇ ਵੇਖਦਾ ਹੋਇਆ ਆਪਣੇ ਟਿਕਾਣੇ ਵਲ ਚਲਦਾ ਬਣਿਆ।

ਮਗਰੋਂ ਇਸ ਪ੍ਰੇਸ਼ਾਨ ਹਾਲ ਸਾਈਕਲ ਸਵਾਰ ਨੇ ਪੁਛ-ਪੜਤਾਲ ਕੀਤੀ. ਤਾਂ ਪਤਾ ਲਗਿਆ ਕਿ ਠੁੱਡੇ ਮਾਰਨ ਵਾਲਾ ਪ੍ਰੀਤਲੜੀ ਵਾਲਿਆਂ ਦਾ ਬੰਦਾ ਸੀ। ਸਾਈਕਲ ਸਵਾਰ ਨਾਲ ਵਾਲੀ ਕੋਠੀ, ਜਿਥੋਂ ਪ੍ਰੀਤਲੜੀ ਵਾਲੇ ਪਾਣੀ ਭਰਿਆ ਕਰਦੇ ਸਨ, ਦੇ ਟਯੂਬਵੈਲ ਦਾ ਮਕੈਨਿਕ ਸੀ। ਦੂਜੇ ਦਿਨ ਸਵੇਰੇ ਉਸ ਮਕੈਨਿਕ ਨੇ ਐਲਾਨ ਕਰ ਦਿਤਾ. ਕਿ ਇਸ ਟਯੂਬਵੈਲ ਤੋਂ ਪ੍ਰੀਤਲੜੀ ਵਾਲਿਆਂ ਨੂੰ ਪਾਣੀ ਨਹੀਂ ਮਿਲੇਗਾ। ਉਸ ਦੀਆਂ ਬੜੀਆਂ ਮਿੰਨਤਾਂ ਤਰਲੇ ਕੀਤੇ ਗਏ। ਉਸ ਕਾਮੇ ਤੋਂ ਮੁਆਫੀ ਮੰਗਵਾਈ ਗਈ। ਫਿਰ ਵੀ ਉਹ ਲੋਹੇ ਦਾ ਲੱਠ, ਕਿਸੇ ਵੀ ਹਾਲਤ ਵਿਚ ਪਾਣੀ ਦੇਣ ਨੂੰ ਤਿਆਰ ਨਹੀਂ ਸੀ। ਉਹ ਦਿਨ ਤਾਂ ਸ੍ਰਦਾਰ ਜੀ ਦੇ ਸਾਰੇ ਪਰਿਵਾਰ ਤੇ ਪ੍ਰੈਸ ਦੇ 12-15 ਕਾਮਿਆਂ ਦਾ ਪਾਣੀ ਬਿਨਾਂ ਬੜੀ ਮੁਸ਼ਕਲ ਨਾਲ ਬੀਤਿਆ। ਰਾਤ ਨੂੰ ਸ੍ਰਦਾਰ ਜੀ ਨੂੰ ਇਕ ਬੜੀ ਵੱਚਿਤਰ ਸਕੀਮ ਸੁਝੀ, ਕਿ ਤੇਲ ਦੇ ਵਡੇ ਖਾਲੀ ਟੀਨ ਬਾਜ਼ਾਰੋਂ ਖਰੀਦ ਲਏ ਜਾਣ। ਉਨ੍ਹਾਂ ਨੂੰ ਸਾਫ ਕਰ ਕੇ ਸਵੇਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਵੇਰੇ ਕਾਮਰ ਗੱਡੀ ਵਿਚ ਰਖ ਦਿੱਤੇ ਜਾਣ। ਪ੍ਰੀਤਨਗਰ ਸ਼ਾਪ ਦੇ ਕਾਮੇ ਸ਼ਾਮ ਨੂੰ ਆਪਣੀ ਦੁਕਾਨ ਦੇ ਸਾਹਮਣੇ ਦੇ ਨਲਕੇ ਤੋਂ ਉਹ ਟੀਨ ਪਾਣੀ ਨਾਲ ਭਰ ਕੇ ਗੱਡੀ ਵਿਚ ਲਦ ਦਿਤਾ ਕਰਨ। ਦੁਕਾਨ ਬੰਦ ਕਰ ਕੇ ਪਾਣੀ ਦੇ ਭਰੇ ਟੀਨਾਂ ਸਮੇਤ ਗੱਡੀ ਅਸੀਂ, ਪ੍ਰੀਤਲੜੀ ਦੀ ਪ੍ਰੈਸ ਵਾਲੀ ਕੋਠੀ 'ਚ ਆਣ ਖੜਾ ਕਰੀਏ। ਇਹ ਕੰਮ ਕਈ ਮਹੀਨੇ ਕੁਸ਼ੱਲਤਾ ਪੂਰਬਕ ਚਲਦਾ ਰਿਹਾ ਤੇ ਅਖੀਰ ਪ੍ਰੈਸ ਵਾਲੀ ਕੋਠੀ ਵਿਚ ਨਲਕਾ ਲਗਣ ਤੇ ਹੀ ਪਾਣੀ ਦਾ ਦਿਲੀਉਂ ਲੈ ਜਾਣ ਦਾ ਇਹ ਪ੍ਰਬੰਧ ਬੰਦ ਕਰਨਾ ਪਿਆ।

1950 ਦੀ ਗੱਲ ਹੈ। ਉਸ ਸਮੇਂ ਮੈਂ ਪ੍ਰੀਤਨਗਰ ਸ਼ਾਪ ਤੋਂ ਛੁੱਟੀ ਲੈ ਲਈ ਤੇ ਆਪਣਾ ਵਖਰਾ ਪਬਲਿਸ਼ਿੰਗ ਹਾਊਸ ਨੈਸ਼ਨਲ ਬੁਕ ਸ਼ਾਪ ਲੋਧੀ ਰੋਡ ਆਪਣੇ ਮਿੱਤਰ ਸ੍ਰ: ਪਿਆਰਾ ਸਿੰਘ ਐਮ.ਏ. (ਡੀਫੈਂਸ ਮਨਿਸਟਰੀ ਵਿਚ ਇਕ ਅਧਿਕਾਰੀ) ਦੇ ਕੁਆਟਰ ਦੀ ਤੀਜੀ ਮੰਜ਼ਲ ਤੇ ਬਣੀ ਬਰਸਾਤੀ ਵਿਚ ਖੋਲ੍ਹ ਲਿਆ। ਜੇਠ-ਹਾੜ ਦੇ ਦਿਨ ਸਨ। ਸਵੇਰੇ ਸੱਤ ਵਜੇ ਤੋਂ ਹੀ ਇਹ ਬਰਸਾਤੀ ਤਪਣੀ ਸ਼ੁਰੂ ਹੋ ਜਾਂਦੀ ਤੇ ਮਸਾਂ ਕਿਧਰੇ ਛੇ ਵਜੇ ਸ਼ਾਮੀਂ ਗਰਮੀ ਦਾ ਜੋਬਨ ਘਟਦਾ। ਸਾਰਾ ਦਿਨ ਬਰਸਾਤੀ ਵਿਚ ਡਠੀ ਮੰਜੀ ਤੇ ਮੈਂ ਪਾਸੇ ਮਾਰਦਾ ਰਹਿੰਦਾ। ਲੇਟ-ਲੇਟ ਕੇ ਜਦੋਂ ਪਾਸੇ ਥੱਕ ਜਾਂਦੇ, ਤਾਂ ਬਾਕੀ ਦਾ ਸਮਾਂ ਮੰਜੀ ਤੇ ਬੈਠ ਕੇ ਮੱਖੀਆਂ ਮਾਰਣ ਲਗ ਜਾਂਦਾ। ਸਵੇਰ ਤੋਂ ਸ਼ਾਮ ਤੀਕ ਇਸ ਪ੍ਰਕਾਸ਼ਨਾਲਯ ਵਿਚ ਕੋਈ ਬੰਦਾ ਨਾ ਫੜਕਦਾ। ਮੇਰੀਆ ਚਿੱਠੀਆ ਤੇ ਕਿਤਾਬਾਂ ਦੀਆ ਲਿਸਟਾਂ ਘਲਣ ਦੇ ਉੱਤਰ ਵਿਚ ਬਾਹਰੋਂ ਜੋ ਡਾਕ ਆਂਦੀ, ਉਹ ਡਾਕੀਆ ਹੇਠਾਂ ਹੀ ਸੁੱਟ ਜਾਂਦਾ। ਕਈ ਦਿਨ ਉਹ ਰੁਲਦੀ ਰਹਿੰਦੀ। ਇਸ ਬਰਸਾਤੀ ਵਿਚ ਕੋਈ ਪੱਖਾ ਵੀ ਨਹੀਂ ਸੀ। ਜੇ ਹੁੰਦਾ ਤਦ ਵੀ ਜੇਠ-ਹਾੜ ਦੀਆ ਬੰਦੇ ਦੇ ਅੜਾਟ ਕਢ ਦੇਣ ਵਾਲੀਆਂ ਗਰਮ ਲੂੰਆਂ ਸਾਹਮਣੇ ਉਸ ਦੀ ਕੋਈ ਵੁਕਅਤ ਨਹੀਂ ਸੀ।

ਇਨ੍ਹੀਂ ਦਿਨੀਂ ਮੇਰੇ ਗੁਆਂਢ ਦੇ ਇਕ ਕੁਆਟਰ ਵਿਚ ਇਕ ਕਾਂਗਰਸੀ ਨੇਤਾ ਨੇ ਧਿੰਗੋ-ਜ਼ੋਰੀ ਕਬਜ਼ਾ ਜਮਾ ਲਿਆ ਸੀ। ਹੇਠਲੇ ਹਿਸੇ ਵਿਚ ਉਹ ਆਪ ਰਹਿੰਦਾ ਸੀ। ਦੂਜੀ ਮੰਜ਼ਲ ਤੇ ਬਰਸਾਤੀ ਵਿਚ ਉਸ ਨੇ ਦੋ ਕਿਰਾਏਦਾਰ ਬਿਠਾ ਦਿਤੇ ਸਨ। ਆਪ ਉਹ ਕਿਰਾਇਆ ਦਿੰਦਾ ਨਹੀਂ ਸੀ ਤੇ ਉਨ੍ਹਾਂ ਦੋਹਾਂ ਕਿਰਾਏਦਾਰਾਂ ਤੋਂ ਕਿਰਾਇਆ ਵਸੂਲ ਕਰ ਲੈਂਦਾ। ਉਸ ਨੂੰ ਇਹ ਕੁਆਟਰ ਖਾਲੀ ਕਰਨ ਲਈ ਮਹਿਕਮੇ ਨੇ ਕਈ ਨੋਟਿਸ ਭੇਜੇ, ਪਰ ਉਸ ਨੇ ਕੱਖ ਪ੍ਰਵਾਹ ਨਾ ਕੀਤੀ, ਕਿਉਂਕਿ ਉਹ ਇਕ ਦਮ ਨੇਤਾ ਸੀ। ਜਦੋਂ ਉਸ ਨੇ ਕਿਸੇ ਤਰ੍ਹਾਂ ਵੀ ਕੁਆਟਰ ਖਾਲੀ ਕਰਨਾ ਪ੍ਰਵਾਨ ਨਾ ਕੀਤਾ, ਤਾਂ ਇਕ ਦਿਨ ਅਧਿਕਾਰੀਆਂ ਨੇ ਹੱਲਾ ਬੋਲ ਕੇ ਉਸ ਦਾ ਸਾਮਾਨ ਸੜਕ ਤੇ ਸੁਟ ਦਿਤਾ ਤੇ ਸਾਰੇ ਕੁਆਟਰ ਨੂੰ ਤਾਲੇ ਜੜ ਦਿਤੇ। ਉਸ ਨੇ ਪ੍ਰੋਟੈਸਟ ਵਜੋਂ ਬੜਾ ਹਲਾ ਗੁਲਾ ਕੀਤਾ। ਆਪਣੇ ਸਾਮਾਨ ਨੂੰ ਇਕੱਠਿਆਂ ਕਰ ਕੇ ਉਸ ਨੇ ਇਕ ਤੰਬੂ ਲਗਾ ਦਿਤਾ। ਨਾਲ ਹੀ ਕਾਂਗਰਸੀ ਝੰਡਾ ਗਡ ਦਿਤਾ। ਲੋਕਾਂ ਨੂੰ ਇੱਕਠਿਆ ਕਰ ਕੇ ਉਹ ਮਹਿਕਮੇ ਵਿਰੁਧ ਧੂੰਆਧਾਰ ਭਾਸ਼ਣ ਦੇਂਦਾ। ਨਾਹਰੇ ਮਾਰਦਾ, ਪਰ ਗੱਲ ਕਿਸੇ ਤਰ੍ਹਾਂ ਵੀ ਸਿਰੇ ਨਾ ਚੜ੍ਹੀ।

ਅੰਤ ਦੋ ਕੁ ਮਹੀਨੇ ਦੇ ਇਸ ਧਰਨੇ ਪਿਛੋਂ ਉਸ ਨੂੰ ਆਪਣਾ ਲਟਾ ਪਟਾ ਚੁੱਕ ਕੇ ਕਿਸੇ ਹੋਰ ਥਾਂ ਜਾਣਾ ਪਿਆ। ਇਹ ਦੋ ਮਹੀਨਿਆਂ ਦਾ ਸਮਾਂ ਮੇਰਾ ਮਨੋਰੰਜਨ ਵਿੱਚ ਬੀਤਿਆ, ਕਿਉਂਕਿ ਇਹ ਅਖਾੜਾ ਸਾਡੀ ਬਰਸਾਤੀ ਦੇ ਸਾਹਮਣੇ ਵਾਲੇ ਮੈਦਾਨ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੀ ਜੰਮਿਆ ਹੋਇਆ ਸੀ।

ਇਨ੍ਹੀਂ ਦਿਨੀਂ ਬੇ-ਸਿਰ ਪੈਰ ਦੀ ਅਵਾਰਾ-ਗਰਦੀ ਕਰਦਿਆਂ ਹੋਇਆਂ ਇਕ ਦਿਨ ਮੈਨੂੰ ਲਾਲ ਕੂਏਂ ਰਹਿੰਦਾ ਮੇਰਾ ਇਕ ਪੁਰਾਣਾ ਮਿੱਤਰ, ਜੋ ਕਿਸੇ ਸਮੇਂ ਉਰਦੂ ਪ੍ਰੀਤਲੜੀ ਦਾ ਕਾਤਿਬ ਰਹਿ ਚੁਕਿਆ ਸੀ, ਮਿਲਿਆ। ਸੁਖ ਸਾਂਦ ਪਿਛੋਂ ਉਸ ਨੇ ਆਪਣੇ ਬਾਰੇ ਦੱਸਿਆ ਕਿ ਉਸ ਨੇ ਇਕ ਹਿੰਦੀ ਦਾ ਬਹੁਤ ਵੱਡਾ ਪ੍ਰੈਸ ਖੋਲ੍ਹਿਆ ਹੈ। ਹੁਣੇ ਹੁਣੇ ਉਸ ਨੂੰ ਪੰਜਾਬ ਸਰਕਾਰ ਦਾ ਪੰਜਾਬੀ ਵਿਚ ਛਪਾਈ ਦਾ ਬਹੁਤ ਸਾਰਾ ਕੰਮ ਮਿਲਿਆ ਹੈ।

ਉਸ ਕਿਹਾ, "ਦਾਤਾ ਜੀ! ਜੇ ਤੁਹਾਡੀ ਦਿਲਚਸਪੀ ਹੋਵੇ, ਤਾਂ ਤੁਸੀਂ ਪੰਜਾਬੀ ਦਾ ਟਾਈਪ ਭਰ ਕੇ ਮੇਰੇ ਪ੍ਰੈਸ ਦੇ ਇਕ ਖਾਲੀ ਕਮਰੇ ਵਿਚ ਆ ਜਾਓ। ਦੋ-ਤਿੰਨ ਕੰਪੋਜ਼ੀਟਰ ਰਖ ਲਵੋ। ਉਹ ਸਾਰਾ ਦਿਨ ਕੰਪੋਜ਼ਿੰਗ ਕਰਦੇ ਰਹਿਣ। ਅਸੀਂ ਉਹ ਮੈਟਰ ਆਪਣੀ ਸਿਲੰਡਰ ਮਸ਼ੀਨ ਤੇ ਛਾਪ ਲਿਆ ਕਰਾਂਗੇ। ਇਸ ਕੰਮ 'ਚੋਂ ਵਰਕਰਾਂ ਨੂੰ ਮਜ਼ਦੂਰੀ ਦੇ ਕੇ ਵੀ ਤੁਹਾਨੂੰ ਡੇਢ ਦੋ ਹਜ਼ਾਰ ਮਾਸਿਕ ਬੱਚ ਜਾਇਆ ਕਰਨਗੇ।"

ਸਖ਼ਤ ਬੇਕਾਰੀ ਦੇ ਉਹ ਦਿਨ। ਫਿਰ ਪਿਛਲੇ ਛੇ ਮਹੀਨਿਆਂ ਤੋਂ ਬੇਕਾਰੀ ਨੇ ਮੇਰਾ ਬੁਰੀ ਤਰ੍ਹਾਂ ਕਚੂਮਰ ਕੱਢ ਦਿਤਾ ਸੀ। ਪ੍ਰੀਤਲੜੀ ਵਾਲੇ ਦਿੱਲੀ ਛੱਡ ਕੇ ਪ੍ਰੀਤਨਗਰ ਜਾ ਚੁਕੇ ਸਨ। ਸਿਰ ਦੋ ਪਰਿਵਾਰਾਂ ਦਾ ਬੋਝ ਸੀ। ਪਾਕਿਸਤਾਨ ਬਣਨ ਤੋਂ ਕੁਝ ਚਿਰ ਹੀ ਪਹਿਲਾਂ ਮੈਂ ਆਪਣੀ ਛੋਟੀ ਭੈਣ ਨੰਦ ਕੌਰ ਦੇ ਪਰਿਵਾਰ ਨੂੰ ਬੜੀ ਮੁਸ਼ਕਿਲ ਨਾਲ ਕਢ ਕੇ ਪ੍ਰੀਤਨਗਰ ਪਹੁੰਚਾਇਆ ਸੀ। ਉਹ ਪਰਿਵਾਰ ਵੀ ਸਾਡੇ ਨਾਲ ਹੀ ਆ ਗਿਆ ਸੀ। ਡੇਢ ਦੋ ਹਜ਼ਾਰ ਮਾਸਿਕ ਆਮਦਨੀ ਦਾ ਨਾਂ ਸੁਣ ਕੇ ਪਹਿਲਾਂ ਤਾਂ ਇਸ ਗੱਲ ਦਾ ਵਿਸ਼ਵਾਸ ਹੀ ਨਾ ਆਇਆ, ਪਰ ਜਦੋਂ ਮੇਰੇ ਦੋਸਤ ਨੇ ਆਪਣਾ ਬਹੁਤ ਵੱਡਾ ਪ੍ਰੈਸ ਤੇ ਉਸ ਵਿਚਲੀਆਂ ਚਲਦੀਆਂ ਠਾਹ-ਠਾਹ ਕਰਦੀਆਂ ਮਸ਼ੀਨਾਂ ਵਿਖਾਈਆਂ, ਤਾਂ ਯਕੀਨ ਹੋ ਗਿਆ ਕਿ ਇਥੇ ਗੱਲ ਬਣ ਜਾਵੇਗੀ।

ਉਨ੍ਹੀਂ ਦਿਨੀਂ ਟਾਈਪ ਵੀ ਬੜਾ ਸਸਤਾ ਸੀ। ਕੁਝ ਇਧਰੋਂ ਉਧਰੋਂ ਫੜ ਕੇ ਟਾਈਪ ਜੋਗੇ ਪੈਸੇ ਇੱਕਠੇ ਕੀਤੇ। ਲਾਲਾ ਧਨੀਰਾਮ ਚਾਤ੍ਰਿਕ ਦੀ ਸੁੱਦਰਸ਼ਨ ਫਾਊਂਡਰੀ ਤੋਂ ਲੋੜੀਂਦਾ ਟਾਈਪ ਮੰਗਵਾ ਲਿਆ ਤੇ ਆਪਣੇ ਮਿੱਤਰ ਦੇ ਕਮਰੇ ਵਿਚ ਕੰਪੋਜ਼ਿੰਗ ਸੈਕਸ਼ਨ ਖੋਲ੍ਹ ਦਿਤਾ। ਦੋ ਕੰਪੋਜ਼ੀਟਰ ਵੀ ਮੁਲਾਜ਼ਮ ਰਖ ਲਏ ਤੇ ਆਪ ਵੀ ਉਥੇ ਡੇਰਾ ਲਾ ਲਿਆ। ਪੂਰਾ ਮਹੀਨਾ ਅਸੀਂ ਸਾਰਾ ਸਾਰਾ ਦਿਨ ਵਿਹਲੇ ਬੈਠ ਮੱਖੀਆਂ ਮਾਰਦੇ ਰਹਿੰਦੇ ਸਾਂ, ਤੇ ਪੰਜਾਬ ਸਰਕਾਰ ਵਲੋਂ ਆਣ ਵਾਲੇ ਕੰਮ ਨੂੰ ਉਡੀਕਦੇ ਰਹਿੰਦੇ ਸਾਂ।

ਮਹੀਨੇ ਕੁ ਮਗਰੋਂ ਇਕ ਬੜੀ ਸੁਹਾਵਣੀ ਸਵੇਰ ਨੂੰ ਬੜੇ ਰੁਦਨ ਭਰੇ ਸਵਰ ਵਿਚ ਮੇਰੇ ਮਿੱਤਰ ਨੇ ਮੈਨੂੰ ਦਸਿਆ, "ਪੰਜਾਬ ਸਰਕਾਰ ਨੇ ਉਹ ਕੰਮ ਦਿੱਲੀ ਦੀ ਥਾਂ ਜਲੰਧਰ ਦੇ ਕਿਸੇ ਪ੍ਰੈਸ ਨੂੰ ਦੇਣ ਦਾ ਫੈਸਲਾ ਕੀਤਾਂ ਹੈ।" ਕਾਰਣ ਪੁੱਛਣ ਤੇ ਮੇਰੇ ਮਿੱਤਰ ਨੇ ਦਸਿਆ ਕਿ, "ਪੰਜਾਬ ਸਰਕਾਰ ਦੀ ਵਿਧਾਨ ਸਭਾ ਦੀ ਕਾਰਵਾਈ ਦਿੱਲੀ ਦੇ ਇਕ ਪ੍ਰੈਸ ਨੂੰ ਛੱਪਣ ਲਈ ਅਲਾਟ ਹੋਈ ਸੀ। ਪਿਛਲੇ ਮਹੀਨੇ ਅਸੀਂ ਆਪਣਾ ਜ਼ੋਰ ਪਾ ਕੇ ਉਹ ਸਾਰਾ ਕੰਮ ਆਪਣੇ ਨਾਂ ਅਲਾਟ ਕਰਾ ਲਿਆ। ਸਾਡੀ ਤੁਹਾਡੀ ਦੋਹਾਂ ਦੀ ਬਦ-ਕਿਸਮਤੀ ਕਿ ਪਹਿਲਾਂ ਵਾਲੇ ਪ੍ਰੈਸ ਨੇ ਵਿਧਾਨ ਸਭਾ ਦੀ ਪੰਜਾਬੀ ਵਿਚ ਛਪੀ ਕਾਰਵਾਈ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੇਅੰਤ ਗੱਲਤੀਆਂ ਛਾਪ ਦਿਤੀਆਂ, ਜਿਸ ਬਾਰੇ ਵਿਧਾਨ ਸਭਾ ਵਿਚ ਬੜਾ ਸ਼ੋਰ ਮਚਿਆ ਤੇ ਅੰਤ ਫੈਸਲਾ ਹੋਇਆ ਕਿ ਅਗੋਂ ਲਈ ਛਪਾਈ ਦਾ ਕੰਮ ਪੰਜਾਬ ਦੇ ਕਿਸੇ ਪ੍ਰੈਸ ਨੂੰ ਦੇ ਦਿਤਾ ਜਾਵੇ।''

ਫਿਰ ਉਹ ਆਪਣੀ ਵਿਅੰਗ-ਮਈ ਮੁਸਕਰਾਹਟ ਸੁਟਦਾ ਹੋਇਆ ਮੇਰੇ ਕੰਨ ਨੇੜੇ ਮੂੰਹ ਲਿਆ ਕੇ ਹੌਲੀ ਜਿਹੇ ਬੋਲਿਆ, ''ਅਸਲ ਗੱਲ ਇਹ ਹੈ ਦਾਤਾ ਜੀ! ਕਿ ਪੰਜਾਬੀ ਤੋਂ ਅਨਜਾਣ ਉਸ ਹਿੰਦੀ ਪ੍ਰੈਸ ਨੇ ਪੰਜਾਬੀ ਵਿਚ ਜੋ ਕਾਰਵਾਈ ਛਾਪੀ, ਉਸ ਨੇ ਡਾ: ਗੋਪੀ ਚੰਦ ਭਾਰਗੋ (ਮੁਖ ਮੰਤਰੀ ਪੰਜਾਬ) ਦੀ ਥਾਂ ਡਾ: ਖੋਤੀ ਚੰਦ ਛਾਪ ਦਿਤਾ, ਜਿਸ ਕਾਰਣ ਵਿਧਾਨ ਸਭਾ ਵਿਚ ਬੜਾ ਹੰਗਾਮਾ ਮਚਿਆ, ਤੇ ਅਗੋਂ ਲਈ ਇਹ ਕੰਮ ਦਿੱਲੀ ਤੋਂ ਨਾ ਕਰਾਉਣ ਦਾ ਫੈਸਲਾ ਕੀਤਾ ਗਿਆ।''

ਆਪਣੇ ਮਿੱਤਰ ਦੀ ਗੱਲ ਸੁਣ ਹਾਸਾ ਵੀ ਆਇਆ ਤੇ ਰੋਣਾ ਵੀ। ਤੇ ਇਸ ਤਰ੍ਹਾਂ ਇਕ ਮਹੀਨੇ ਦੀ ਖਜਲ ਖੁਆਰੀ ਪਿਛੋਂ ਪੰਜਾਬੀ ਕੰਪੋਜ਼ਿੰਗ ਦਾ ਸਾਰਾ ਸਾਮਾਨ ਚੁੱਕ ਕੇ ਅਸੀਂ ਆਪਣੇ ਮਿੱਤਰ ਪਿਆਰਾ ਸਿੰਘ ਐਮ.ਏ. ਦੀ ਲੋਧੀ ਰੋਡ ਵਾਲੀ ਬਰਸਾਤੀ ਵਿਚ ਆਣ ਟਿਕਾਇਆ ਤੇ ਬੜੀ ਮੁਸ਼ਕਿਲ ਨਾਲ ਅਗੋਂ ਪਿਛੋਂ ਕੁਝ ਰਕਮ ਇਕੱਠੀ ਕਰ ਕੇ ਉਨ੍ਹਾਂ ਦੋ ਕੰਪੋਜ਼ੀਟਰਾਂ ਦੀ ਤਨਖਾਹ ਦਾ ਭੁਗਤਾਨ ਕੀਤਾ।

## ਮਹਿਰੌਲੀ

ਮਾਲਵੀਆ ਨਗਰ ਦੀ ਸ਼ਰਨਾਰਥੀ ਕਾਲੋਨੀ 1954-55 ਵਿਚ ਬਣੀ ਸੀ। ਲੋਧੀ ਰੋਡ ਦੀ ਸਰਕਾਰੀ ਕਾਲੋਨੀ ਵਿਚ ਜੋ ਸ਼ਰਨਾਰਥੀ ਬਾਹਰੋਂ ਆ ਕੇ ਵੱਸ ਗਏ ਸਨ, ਉਹਨਾਂ ਨੂੰ ਉਥੋਂ ਕੱਢ ਕੇ ਪੁਲਸ ਨੇ ਮਾਲਵੀਆ ਨਗਰ ਦੇ ਕੁਆਟਰਾਂ ਵਿਚ ਲੈ ਆਂਦਾ, ਪਰ ਜੰਗਲ ਬੀਆਬਾਨ ਵਿਚ ਵਸੇ ਮਾਲਵੀਆ ਨਗਰ ਨੂੰ ਛੱਡ ਉਹ ਫਿਰ ਲੋਧੀ ਰੋਡ ਦੌੜ ਜਾਂਦੇ। ਇਸ ਤਰ੍ਹਾਂ ਸਾਰੀ ਕਾਲੋਨੀ ਸੁੰਨੀ ਸੁੰਨੀ ਲਗਦੀ। 200 ਗੱਜ਼ ਵਿਚ ਬਣਿਆ, ਇਕ ਕੁਆਟਰ ਸਾਢੇ ਸੱਤ ਹਜ਼ਾਰ ਵਿਚ ਮਿਲਦਾ। ਉਹ ਵੀ ਕਿਸ਼ਤਾਂ ਵਿੱਚ, ਪਰ ਲੋਕੀ ਇਤਨੀ ਦੂਰ ਜੰਗਲ ਵਿਚ ਰਹਿਣਾ ਪਸੰਦ ਨਾ ਕਰਦੇ। ਅਸੀਂ ਇਸ ਕਾਲੋਨੀ ਵਿੱਚ 1960 ਵਿਚ ਪੂਰੇ ਕਵਾਟਰ ਦਾ ਅੱਧਾ ਹਿੱਸਾ ਖਰੀਦ ਲਿਆ। ਉਹਨੀਂ ਦਿਨੀਂ ਲਾਲ ਕਿਲ੍ਹੇ ਤੋਂ ਹੋ ਕੇ ਦਿੱਲੀ ਸਟੇਸ਼ਨ ਤੀਕ ਮਾਲਵੀਆ ਨਗਰ ਤੋਂ ਇੱਕ ਅੱਧ ਬੱਸ ਹੀ ਚਲਦੀ। ਜਾਣ ਵਾਲਿਆਂ ਦੀ ਬੜੀ ਭੀੜ ਲਗੀ ਰਹਿੰਦੀ। ਬੱਸ ਦੇ ਆਣ ਸਾਰ ਹੀ ਲਾਈਨ ਟੁੱਟ ਜਾਂਦੀ। ਕੁਝ ਬੰਦੇ ਬਸ ਵਿਚ ਚੜ੍ਹ ਜਾਂਦੇ ਤੇ ਕੁਝ ਰਹਿ ਜਾਂਦੇ।

ਇਨ੍ਹੀਂ ਦਿਨੀਂ ਬੇਰੁਜ਼ਗਾਰੀ ਬੜੀ ਜ਼ੋਰਾਂ ਤੇ ਸੀ। ਆਪਣੀ ਆਰਥਕ ਹਾਲਤ ਵੀ ਡਾਵਾਂ-ਡੋਲ ਸੀ, ਪਰ ਮਨ ਮੁੱਢ ਤੋਂ ਹੀ ਚੜ੍ਹਦੀਆਂ ਕਲਾਂ ਵਿਚ ਸੀ। ਅਸੀਂ ਸੰਨ 1948 ਤੋਂ 1955 ਤਕ ਮਹਿਰੌਲੀ ਰਹਿੰਦੇ ਰਹੇ। ਪ੍ਰੀਤਨਗਰ ਦੇ ਜੋ ਪਰਿਵਾਰ ਮਹਿਰੌਲੀ ਜਾਂ ਦਿੱਲੀ ਰਹਿ ਰਹੇ ਸਨ, ਉਹਨਾਂ ਦਾ ਆਪਸ ਵਿਚ ਬੜਾ ਪਿਆਰ ਸੀ। ਇੱਕਠੇ ਰਹਿੰਦੇ। ਪਿਕਨਿਕਾਂ ਕਰਦੇ। ਸੈਰ ਸਪਾਟਾ ਚਲਦਾ ਰਹਿੰਦਾ। ਉਹਨੀਂ ਦਿਨੀਂ ਯੂਸਫ-ਸਰਾਏ ਇਕ ਛੋਟਾ ਜਿਹਾ ਪੁਰਾਤਨ ਪਿੰਡ ਸੀ। ਇਸ ਤੋਂ ਕੋਈ ਦੋ ਕਿਲੋਮੀਟਰ ਅੱਗੇ ਜਾ ਕੇ ਸੱਜੇ ਹੱਥ ਪੁਰਾਣਾ ਪਿੰਡ ਹੌਜ਼ਖਾਸ ਸੀ। ਮੁਗਲਾਂ ਦੇ ਸਮੇਂ ਉੱਥੇ ਸਰਕਾਰੀ ਮਦਰਸਾ ਬਣਿਆ ਹੋਇਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਸ ਮਦਰਸੇ ਵਿਚ ਦੂਰੋਂ-ਦੂਰੋਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਆਉਂਦੇ ਸਨ। ਮਦਰਸੇ ਦੇ ਨਾਲ ਕਈ ਇਮਾਰਤਾਂ ਸਨ। ਵਿਦਿਆਰਥੀਆਂ ਅਤੇ ਬਾਹਰੋਂ ਆਏ ਲੋਕਾਂ ਲਈ ਪੁਰਾਤਨ ਕਿਸਮ ਦੇ ਰਿਹਾਇਸ਼ੀ ਕਮਰੇ ਬਣੇ ਹੋਏ ਸਨ। ਨਾਲ ਹੀ ਇਕ ਵਿਸ਼ਾਲ ਤਲਾਬ ਸ਼ੀ। ਜਿਥੇ ਬਰਸਾਤਾਂ ਸਮੇਂ ਪਾਣੀ ਇੱਕਠਾ ਕੀਤਾ ਜਾਂਦਾ, ਜੋ ਲੋੜ ਵੇਲੇ ਪੀਣ ਤੇ ਨਹਾਣ ਦੇ ਕੰਮ ਆਉਂਦਾ ਸੀ। ਹੌਜ਼ਖਾਸ, ਅਸੀਂ ਕਈ ਵਾਰੀ ਪਿਕਨਿਕ ਕਰਨ ਜਾਂਦੇ ਰਹਿੰਦੇ ਸਾਂ। ਚਾਂਦਨੀਆਂ ਰਾਤਾ ਵਿਚ ਮਹਿਰੋਲੀ ਤੋਂ ਹੌਜ਼ਖਾਸ, ਗਿਰਜੇ ਪਾਸ ਖਾਲੀ ਪਈ ਸੁੰਨਸਾਨ ਸੜਕ ਤੇ ਨੱਚਦੇ ਟੱਪਦੇ ਢੋਲੇ ਤੇ ਮਾਹੀਏ ਗਾਂਦੇ ਜਾ ਪਹੁੰਚਦੇ ਸਾਂ।

ਇਕ ਦਿਨ ਸਾਰੇ ਪ੍ਰੀਤਨਗਰ ਵਾਸੀ ਪਰਿਵਾਰ ਬੱਚਿਆਂ ਸਮੇਤ ਰੱਲ ਮਿਲ ਗੀਤ ਗਾਂਦੇ ਸੜਕ ਵਿਚਕਾਰ ਬੈਠੇ ਸਾਂ। ਇਹਨਾਂ ਸਤਰਾਂ ਦਾ ਲੇਖਕ, ਪਿਆਰਾ ਸਿੰਘ ਦਾਤਾ ਤੇ ਕਾਮਰੇਡ ਪਿਆਰਾ ਸਿੰਘ ਸਹਿਰਾਈ ਅਗੇ ਪਿਛੇ ਹੇਕ ਲਾ ਕੇ ਤਰੱਨੁਮ ਨਾਲ ਮਾਹੀਏ ਢੋਲੇ ਗਾ ਰਹੇ ਸਾਂ। ਚੰਹੁ ਪਾਸੀਂ ਪਸਰੀ ਹੋਈ ਚਾਂਦਨੀ ਆਪਣੀ ਚਾਂਦੀ ਰੰਗੀਆ ਰਿਸ਼ਮਾ ਬਖੇਰ ਰਹੀ ਸੀ। ਬੜਾ ਸ਼ਾਂਤ ਵਾਤਾਵਰਣ, ਤੇ ਬੜਾ ਪਿਆਰਾ ਰੰਗ ਬਝ ਗਿਆ ਸੀ। ਅੱਜ ਚਾਲ੍ਹੀ ਸਾਲ ਮਗਰੋਂ ਵੀ ਦੋਹਾਂ ਪਿਆਰਿਆਂ ਨੂੰ ਉਦੋਂ ਦੇ ਗਾਏ ਮਾਹੀਏ, ਢੋਲੇ, ਟੱਪੇ ਤੇ ਬੈਂਤ ਯਾਦ ਹਨ। ਨਾਲ ਦੇ ਪਿੰਡਾਂ ਦੀਆਂ ਜੋਬਨ ਮਤੀਆਂ ਮੁਟਿਆਰਾਂ ਇਹਨਾਂ ਮਸਤਾਨੇ ਤੇ ਦੀਵਾਨਿਆਂ ਸੰਗੀਤਕਾਰਾਂ ਦੇ ਪਿਆਰ ਭਿੰਨੇ ਨਗਮੇਂ ਸੁਣ ਕੇ ਨਸ਼ਿਆ ਜਾਂਦੀਆਂ ਸਨ। ਪੱਲੇ ਪੈਸੇ ਨਹੀਂ, ਕੰਮ ਨਹੀਂ, ਕਾਜ ਨਹੀਂ, ਪਰ ਤਬੀਅਤ ਮਚਲ-ਮਚਲ ਜਾਂਦੀ। ਰਾਹ ਜਾਂਦੇ ਰਾਹੀ ਖਲੋ ਜਾਂਦੇ। ਐਸਾ ਜਾਪਦਾ ਜਿਵੇਂ ਕੁਦਰਤ ਇਹਨਾਂ ਰੋਮਾਂਟਿਕ ਨਗਮਿਆਂ ਨੂੰ ਸੁਣਨ ਲਈ ਪੱਲ ਭਰ ਲਈ ਖੜੋ ਗਈ ਹੋਵੇ।

ਕੁਝ ਇਸ ਤਰ੍ਹਾਂ ਦੇ ਗੀਤ ਪਾਠਕਾਂ ਨਾਲ ਸਾਂਝੇ ਕਰਦੇ ਹਾਂ

ਬੇ-ਕਦਰਾਂ ਦੀ ਯਾਰੀ ਕੋਲੋਂ, ਫੈਜ਼ ਕਿਸੇ ਨਹੀਂ ਪਾਇਆ
ਕਿਕਰ ਤੇ ਅੰਗੂਰ ਚੜ੍ਹਾਇਆ, ਹਰ ਗੁਛਾ ਆਜ਼ਮਾਇਆ

ਕਿਕਰੀ 'ਤੇ ਬੂਰ ਹੋਸੀ।
ਸਫਰੀ ਢੋਲਾ ਇਕ ਵਾਰੀ, ਰੁੰਨਾ ਜ਼ਰੂਰ ਹੋਸੀ।

ਪੈਸੇ ਦੀ ਚਾਹ ਪੀਤੀ।
ਲਖਾਂ ਦੀ ਜਿੰਦੜੀ ਹਿਜਰੇ, ਮਾਰ ਫਨਾਹ ਕੀਤੀ।

ਕਟੋਰਾ ਕਾਂਸੀ ਦਾ।
ਤੇਰੀ ਵੇ ਜੁਦਾਈ ਐ ਵੇ, ਜਿਵੇਂ ਝੂਟਾ ਫਾਂਸੀ ਦਾ।

ਕੋਈ ਛੱਪਰੀ ਛਾਂ ਵਾਲੀ।
ਕਿੱਥੇ ਲੁਕਾਸਾਂ ਜਿੰਦੜੀ, ਲਖਾਂ ਦੇ ਗੁਨਾਹਾਂ ਵਾਲੀ।

ਕਾਲਾ ਤਿਤਰ ਬਨੇਰੇ ਤੇ।
ਬੁਤ ਸਾਡਾ ਇਥੇ ਵਸਦਾ, ਦਿਲ ਸੱਜਣਾ ਦੇ ਡੇਰੇ ਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨਾਮ ਅਲਾ ਦਾ
· ਨਾਮ ਅਲਾ ਦਾ ਸਭ ਤੋਂ ਚੰਗਾ.

ਸਭ ਨੂੰ ਇਹੋ ਸੁਆਏ।
ਗਿਧੇ ਵਿਚ ਉਨ੍ਹਾਂ ਦਾ ਕੰਮ ਕੀ ਵੀਰਨੋ. ਜਿਹੜਾ ਅਲਾ ਦਾ ਨਾਂ ਭੁਲਾਏ।

ਦੋਹਾਂ ਜਹਾਨਾਂ ਦਾ ਅਲਾ ਹੀ ਵਾਲੀ.
ਉਹ ਦੀ ਸਿਫਤ ਕਰੀ ਨਾ ਜਾਏ
ਅਲਾ ਦਾ ਨਾਉਂ ਲੈ ਲਏ. ਜਿਹੜਾ ਗਿਧੇ ਵਿਚ ਆਏ।

ਗੁਰੂ ਨਾਨਕ ਜਿਹਾ ਭਗਤ ਨਾ ਕੋਈ
ਜਿਨ੍ਹਾਂ ਹਰ ਕਾ ਨਾਮ ਪਛਾਤੈ।

ਹਟ ਖੁਲ ਗਈ ਬਾਬੇ ਨਾਨਕ ਦੀ, ਸੌਦਾ ਲੈਣ ਗੇ ਨਸੀਬਾਂ ਵਾਲੇ।

ਮਿਠੀ ਲਗਦੀ ਗੁਰਾਂ ਦੀ ਬਾਣੀ ਵੇਲੇ ਅੰਮ੍ਰਿਤ ਦੇ।
ਸਾਡੇ ਗੁਰਾ ਨੇ ਜਹਾਜ਼ ਬਣਾਇਆ. ਆਓ ਕਿਸੇ ਪਾਰ ਲੰਘਣਾ।

## ਯੋਗੀ ਰਾਮਨਾਥ

ਯੋਗੀ ਰਾਮਨਾਥ ਸ਼ਾਸਤਰੀ, ਰਾਵਲਪਿੰਡੀ ਸਥਿਤ ਸ਼ਿਵਾਲਾ ਜੋਗੀਆਂ ਦੇ ਮੁੱਖ ਮਹੰਤ (ਟਰਸਟੀ) ਸਨ। ਇਕ ਦਿਨ ਉਹ ਕੁਤਬ ਤੇ ਸੈਰ ਕਰਦਿਆਂ ਮੈਨੂੰ ਮਿਲ ਗਏ। ਮੈਂ ਪ੍ਰਨਾਮ ਕੀਤੀ। ਉਨ੍ਹਾਂ ਸਤਿ ਸ੍ਰੀ ਅਕਾਲ ਬੁਲਾਈ।

ਮੁਢਲੀ ਗੁਫਤਗੂ ਸਮੇਂ ਮੈਂ ਪੁਛਿਆ, "ਜੋਗੀ ਸਾਹਬ! ਕਿਹਾ ਹਾਲ ਹੈ? ਆਪ ਰਾਵਲਪਿੰਡੀ ਸੇ ਕੈਸੇ ਨਿਕਲੇ, ਔਰ ਦਿੱਲੀ ਕਬ ਆਏ?"

ਹਿੰਦੀ ਵਿਚ ਕਹੀ ਮੇਰੀ ਗੱਲ ਸੁਣ ਉਹ ਬੜੇ ਜਲਾਲ ਵਿਚ ਆ ਗਏ, ਬੋਲੇ, "ਦਾਤਾ ਜੀ! ਆਪਣਾ ਦੇਸ ਛੁਟ ਗਿਆ। ਜਾਇਦਾਦਾਂ, ਕਾਰੋਬਾਰ ਆਦਿ ਸਭ ਕੁਝ ਪਾਕਿਸਤਾਨ ਵਿਚ ਰਹਿ ਗਿਆ। ਹੁਣ ਤਾਂ ਇਹ ਤਨ ਦੇ ਕਪੜੇ ਤੇ ਮਾਤ ਬੋਲੀ ਹੀ ਸਾਡਾ ਅਸਾਸਾ ਹੈ। ਤੁਸੀਂ ਦਿੱਲੀ ਵਿਚ ਆ ਕੇ ਸਭ ਕੁਝ ਭੁੱਲ ਗਏ ਹੋ। ਕੁਰਤੇ ਪਜਾਮੇ ਦੀ ਥਾਂ ਪੈਂਟ ਤੇ ਬੁਸ਼ਰਟ ਪਹਿਨ ਲਈ ਹੈ। ਆਪਣੀ ਮਾਤ ਬੋਲੀ ਪੰਜਾਬੀ ਵੀ ਨੂੰ ਤਿਆਗ ਦਿਤਾ ਹੈ। ਇੰਨਾਂ ਜ਼ੁਲਮ ਨਾ ਕਰੋ।"

ਯੋਗੀ ਰਾਮ ਨਾਥ ਹੋਰੀ ਜ਼ਿਲਾ ਕਾਂਗਰਸ ਕਮੇਟੀ ਰਾਵਲਪਿੰਡੀ ਦੇ ਪ੍ਰਧਾਨ. ਤੇ ਮੈਂ ਜ਼ਿਲਾ ਕਾਂਗਰਸ ਕਮੇਟੀ ਦਾ ਜਨਰਲ ਸੱਕਤਰ ਸਾਂ। ਕਈ ਮੀਟਿੰਗਾਂ ਤੇ ਜਲਸਿਆਂ ਵਿਚ ਅਸੀਂ ਇੱਕਠੇ ਹੁੰਦੇ। ਵਾਰਤਾਲਾਪ ਚਲਦਾ ਰਹਿੰਦਾ। ਜਲਸਿਆਂ ਵਿਚ ਧੂੰਆਂਧਾਰ ਪੰਜਾਬੀ ਵਿਚ ਤਕਰੀਰਾਂ ਹੁੰਦੀਆਂ। ਉਹ ਸ਼ਿਵਾਲਾ ਜੋਗੀਆਂ (ਡਿੰਗੀ ਖੂਹੀ) ਦੀ ਕਰੋੜਾਂ ਰੁਪਏ ਦੀ ਜਾਇਦਾਦ ਦੇ ਟਰੱਸਟੀ ਸਨ। ਬੜੇ ਪਿਆਰੇ ਨਿਸ਼ਕਾਮ, ਰਾਜਸੀ ਨੇਤਾ, ਵਲ ਛਲ ਤੋਂ ਰਹਿਤ। ਉਨ੍ਹਾਂ ਪਾਸੋਂ ਉਪ੍ਰੋਕਤ ਸ਼ਬਦ ਸੁਣ ਮੈਨੂੰ ਬੜੀ ਸ਼ਰਮ ਆਈ। ਆਪਣੀ ਗਲਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਦੀ ਖਿਮਾਂ ਮੰਗੀ। ਇਸ ਪਿਛੋਂ ਸਾਡੀਆਂ ਆਪੋ ਵਿਚ ਬੜੀ ਦੇਰ ਸਿਆਸਤ, ਮਾਂ ਬੋਲੀ, ਦੇਸ਼ ਦੀ ਮੌਜੂਦਾ ਹਾਲਤ ਬਾਰੇ ਗੱਲਾਂ ਹੁੰਦੀਆਂ ਰਹੀਆਂ। ਦਿੱਲੀ 'ਚੋਂ ਮੁਸਲਮਾਣਾਂ ਨੂੰ ਡਰਾ ਧਮਕਾ ਕੇ ਕਢ ਕੇ ਪਾਕਿਸਤਾਨ ਘਲਣ ਦੇ ਅਸੀਂ ਦੋਵੇਂ ਵਿਰੋਧੀ ਸਾਂ, ਪਰ ਦਿੱਲੀ ਦੇ ਹਾਲਾਤ ਦਿਨ-ਬ-ਦਿਨ ਖਰਾਬ ਹੁੰਦੇ ਜਾ ਰਹੇ ਸਨ। ਰਾਵਲਪਿੰਡੀ ਤੋਂ ਹਿਜਰਤ ਕਰ ਕੇ ਉਹ ਦਿੱਲੀ ਪਹੁੰਚੇ। ਉਨ੍ਹਾਂ ਨੇ ਕੁਤਬ ਮੀਨਾਰ (ਮਹਿਰੋਲੀ) ਦੇ ਨੇੜੇ ਪੈਟਰੋਲ ਪੰਪ ਦੇ ਸਾਹਮਣੇ ਇਕ ਕਮਰੇ ਵਿਚ ਰਿਹਾਇਸ਼ ਰਖੀ। ਉਚ ਪਾਏ ਦੇ ਉਹ ਵੈਦ ਸਨ। ਆਪਣੀ ਉਪਜੀਵਕਾ ਲਈ ਉਨ੍ਹਾਂ ਆਪਣੇ ਰਿਹਾਇਸ਼ੀ ਕਮਰੇ ਵਿਚ ਦਵਾਈਖਾਨਾ ਖੋਲ੍ਹਿਆ ਹੋਇਆ ਸੀ। ਗਰੀਬਾਂ ਨੂੰ ਫਰੀ ਦਵਾਈ, ਤੇ ਸਰਦੇ ਪੁਜਦੇ ਪਾਸੋਂ ਮਾਮੂਲੀ ਜਿਹੀ ਦਵਾਈ ਦੀ ਕੀਮਤ ਲੈਣੀ। ਇਸੇ ਤਰ੍ਹਾਂ ਮਹਿਰੋਲੀ ਰਹਿੰਦਿਆਂ ਯੋਗੀ ਰਾਮ ਨਾਥ ਹੋਰਾਂ ਨੂੰ ਕਈ ਸਾਲ ਬੀਤ ਗਏ। ਉਹ ਪ੍ਰਧਾਨ ਮੰਤਰੀ ਜਵਾਹਰ ਲਾਲ ਦੇ ਕਾਫੀ ਨੇੜੇ ਸਨ। ਰਾਵਲਪਿੰਡੀ ਵਿਚ ਰਹਿਣ ਸਮੇਂ ਜੋ ਵੀ ਕੇਂਦਰੀ ਨੇਤਾ, ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਜੈ ਪ੍ਰਕਾਸ਼ ਨਾਰਾਇਣ, ਤੇ ਸੁਭਾਸ਼ ਚੰਦਰ ਬੋਸ ਆਦਿ ਪਧਾਰਦੇ, ਸਭ ਦੇ ਉਹ ਨੇੜੇ ਸਨ। ਸਾਰੇ ਉਨ੍ਹਾਂ ਦੀ ਇੱਜ਼ਤ ਕਰਦੇ ਸਨ। ਕੌਮੀ ਜਲਸਿਆਂ ਵਿਚ ਉਹ ਵਧ ਚੜ੍ਹ ਕੇ ਹਿੱਸਾ ਲੈਂਦੇ, ਤੇ ਵਿਤ ਅਨੁਸਾਰ ਮਾਇਕ ਸਹਾਇਤਾ ਵੀ ਦੇਂਦੇ ਪਰ ਉਨ੍ਹਾਂ ਆਪਣੀ ਜ਼ਾਤ ਲਈ ਕਿਸੇ ਤੋਂ ਕੋਈ ਫਾਇਦਾ ਨਹੀਂ ਉਠਾਇਆ। ਕਈ ਵਾਰ ਉਹ ਜੇਲ੍ਹ ਗਏ। ਦੇਸ਼ ਭਗਤੀ ਦੀ ਲਹਿਰ ਵਿਚ ਉਹ ਸਦਾ ਜੁਟੇ ਰਹੇ।

ਮੈਂ ਮਹਿਰੋਲੀ ਜਨਵਰੀ 1948 ਤੋਂ 1955 ਤੀਕ ਰਿਹਾਇਸ਼ ਰਖੀ। ਸਾਡੀ ਮੁਲਾਕਾਤ ਤੋਂ ਦੋ ਕੁ ਸਾਲ ਮਗਰੋਂ ਜਦੋਂ ਸਵੇਰ ਸਾਰ ਮੈਂ ਸੈਰ ਕਰ ਕੇ ਵਾਪਸ ਪਰਤ ਰਿਹਾ ਸਾਂ, ਤਾਂ ਯੋਗੀ ਰਾਮਨਾਥ ਦੀ ਰਿਹਾਇਸ਼ ਸਾਹਮਣੇ ਸੜਕ ਤੇ ਉਨ੍ਹਾਂ ਦਾ ਸਾਰਾ ਸਾਮਾਨ ਬਿਸਤਰੇ ਟਰੰਕ, ਕਪੜਾ ਲੱਤਾ, ਲਾਇਬਰੇਰੀ ਦੀਆਂ ਪੁਸਤਕਾਂ ਤੇ ਦਵਾਈਆਂ ਦੀਆਂ ਸ਼ੀਸ਼ੀਆਂ ਆਦਿ ਸਭ ਕੁਝ ਬਿਖਰਿਆ ਪਿਆ ਸੀ। ਸੜਕ ਦੇ ਕਿਨਾਰੇ ਸਟੂਲ ਤੇ ਬੈਠੇ ਉਹ ਮਰੀਜ਼ਾਂ ਨੂੰ ਵੇਖ ਰਹੇ ਸਨ। ਮੈਂ ਨਮਸਕਾਰ ਕਰ ਕੇ ਹੈਰਾਨ ਹੋ, ਪੁਛਿਆ, ''ਯੋਗੀ ਜੀ! ਇਹ ਕੀ? ਸਭ ਕੁਝ ਕਿਵੇਂ ਉਥਲ-ਪੁਥਲ ਹੋ ਗਿਆ ਹੈ?''

ਯੋਗੀ ਜੀ ਮੁਸਕਰਾ ਕੇ ਕਹਿਣ ਲਗੇ, ''ਦਾਤਾ ਜੀ! ਆਜ਼ਾਦੀ ਦੀ ਕੀਮਤ ਤਾਂ ਚੁਕਾਣੀ ਹੀ ਪੈਂਦੀ ਹੈ। ਤੇ ਇਹ ਉਸ ਦੀ ਆਖਰੀ ਕਿਸ਼ਤ ਸੀ।''

ਫਿਰ ਉਨ੍ਹਾਂ ਦਸਿਆ ਕਿ ਮਹਿਕਮਾ ਮੁੜ ਵਸਾਊ ਵਾਲਿਆਂ ਨੇ ਇਸ ਇਮਾਰਤ ਨੂੰ ਖਾਲੀ ਕਰਾਣ ਲਈ ਸਾਨੂੰ ਨੋਟਸ ਦਿਤਾ ਸੀ। ਇਸ ਲਈ ਕਿ ਇਹ ਕਮਰੇ ਪਾਕਿਸਤਾਨੋਂ ਉਜੜ ਕੇ ਆਏ ਸ਼ਰਨਾਰਥੀਆਂ ਨੂੰ ਅਲਾਟ ਕੀਤੇ ਜਾਣੇ ਹਨ। ਮੈਂ ਉਨ੍ਹਾਂ ਨੂੰ ਬਥੇਰਾ ਕਿਹਾ ਕਿ ਅਸੀਂ ਪਾਕਿਸਤਾਨ ਤੋਂ ਉਜੜ ਕੇ ਆਏ। ਸ਼ਰਨਾਰਥੀ ਹੀ ਤਾਂ ਹਾਂ, ਪਰ ਉਨ੍ਹਾਂ ਸਾਡੀ ਇਕ ਨਾ ਸੁਣੀ। ਇਕ ਦਿਨ ਮਹਿਕਮੇ ਦੇ ਅਧਿਕਾਰੀਆਂ ਨੇ ਮੇਰੀ ਗੈਰ-ਹਾਜ਼ਰੀ ਵਿਚ ਮੇਰਾ ਸਾਰਾ ਸਾਮਾਨ ਸੜਕ ਤੇ ਸੁੱਟ ਮਕਾਨ ਨੂੰ ਤਾਲਾ ਜੜ੍ਹ ਦਿਤਾ।''

ਮੈਂ ਕਿਹਾ, ''ਯੋਗੀ ਜੀ, ਇਸ ਗੱਲ ਦੀ ਸ਼ਿਕਾਇਤ ਤੁਸੀਂ ਪੰਡਤ ਜੀ ਨੂੰ ਕਿਉਂ ਨਹੀਂ ਕੀਤੀ?''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਹ ਬੋਲੇ, "ਇਸ ਨਗੂਣੇ ਜਿਹੇ ਕੰਮ ਲਈ ਪ੍ਰਧਾਨ ਮੰਤਰੀ ਨੂੰ ਪ੍ਰੇਸ਼ਾਨ ਕਰਨਾ ਠੀਕ ਨਹੀਂ। ਅਗੇ ਹੀ ਉਹ ਬੜੇ ਮਸਰੂਫ ਹਨ।" - ਇਹ ਕਹਿ ਕੇ ਉਹ ਸੜਕ ਤੇ ਬੈਠ ਕੇ ਹੀ ਮਰੀਜ਼ਾਂ ਨੂੰ ਵੇਖ ਕੇ ਦਵਾਈਆਂ ਦਿੰਦੇ ਰਹੇ।

ਇਸ ਤਰ੍ਹਾਂ ਕਈ ਦਿਨ ਉਹ ਸੜਕ ਦੇ ਕਿਨਾਰੇ ਹੀ ਇਕ ਨੁਕਰ ਵਿਚ ਆਪਣਾ ਸਾਮਾਨ ਟਿਕਾ ਕੇ ਫਿਰਤੂ ਦਵਾਈਖਾਨਾ ਚਲਾਂਦੇ ਰਹੇ। ਕੁਝ ਮਹੀਨਿਆਂ ਮਗਰੋਂ ਦਰੀਬੇ ਵਿਚ ਉਨ੍ਹਾਂ ਦੇ ਕਿਸੇ ਸੇਵਕ ਨੇ ਉਨ੍ਹਾਂ ਨੂੰ ਇਕ ਕਮਰਾ ਦੇ ਦਿਤਾ, ਜਿਥੇ ਕਈ ਸਾਲ ਆਪਣਾ ਦਵਾਈਖਾਨਾ ਚਲਾਂਦੇ ਰਹੇ। ਇਹ ਸਤਰਾਂ ਲਿਖਣ ਸਮੇਂ ਤੀਕ, ਪਤਾ ਨਹੀਂ, ਲੋਕਾਂ ਦੇ ਹਿਤੂ ਨਿਸ਼ਕਾਮ ਸੇਵਕ ਨੇਕ ਤੇ ਬੇ-ਗ਼ਰਜ਼ ਵਿਅਕਤੀ ਯੋਗੀ ਰਾਮ ਨਾਥ ਜੀ ਕਿਥੇ ਰਿਹਾਇਸ਼ ਰਖਦੇ ਤੇ ਅਪਣਾ ਦਵਾਖਾਨਾ ਚਲਾ ਰਹੇ ਹਨ?

## ਸਰਕਾਰੀ ਕਰਜ਼ਾ

ਦੇਸ਼ ਵੰਡ ਮਗਰੋਂ ਜਦੋਂ ਅਸੀਂ ਜਨਵਰੀ ਸੰਨ 1948 ਨੂੰ ਮਹਿਰੋਲੀ ਆ ਗਏ, ਤਾਂ ਸਾਡੇ ਮਿੱਤਰ ਗਿਆਨੀ ਗੁਰਮੁਖ ਸਿੰਘ ਮੁਸਾਫਰ ਐਮ.ਪੀ. 21, ਫਿਰੋਜ਼ਸ਼ਾਹ ਰੋਡ ਵਿਖੇ ਰਹਿ ਰਹੇ ਸਨ। ਉਹ ਸ਼ਰਨਾਰਥੀਆਂ ਨੂੰ ਕਰਜ਼ਾ ਦੇਣ ਵਾਲੀ ਕਮੇਟੀ ਦੇ ਮੈਂਬਰ ਸਨ। ਅਸੀਂ ਆਪਣੇ ਪ੍ਰੈਸ ਲਈ 10 ਹਜ਼ਾਰ ਰੁਪਏ ਕਰਜ਼ੇ ਦੀ ਮੰਗ ਕੀਤੀ, ਪਰ ਉਹ ਪ੍ਰਵਾਨ ਨਾ ਹੋ ਸਕਿਆ। ਮੈਂ ਉਨ੍ਹਾਂ ਦੀ ਕੋਠੀ ਵਿੱਚ ਉਨ੍ਹਾਂ ਨੂੰ ਮਿਲਿਆ। ਉਹਨਾਂ ਦਸਿਆ ਤੁਹਾਡੇ ਲਈ ਕਰਜ਼ੇ ਦੀ ਮੈਂ ਸਿਫਾਰਸ਼ ਕਰ ਦਿਤੀ ਸੀ, ਪਰ ਉਹ 10,000/- ਰੁਪਏ ਦੀ ਥਾਂ 5500/- ਰੁਪਏ ਹੀ ਪ੍ਰਵਾਨ ਹੋ ਸਕਿਆ ਹੈ।" ਇੰਨਾਂ ਕਰਜ਼ਾ ਵੀ ਗਿਆਨੀ ਸਾਹਿਬ ਦੀ ਕੋਸ਼ਿਸ਼ ਨਾਲ ਹੀ ਮਿਲ ਸਕਿਆ ਸੀ। ਸੋ ਅਸੀਂ ਇਸ ਕਰਜ਼ੇ ਵਿਚੋਂ ਤਿੰਨ ਹਜ਼ਾਰ ਦੀ 10"x15" ਦੀ ਛਪਾਈ ਦੀ ਮਸ਼ੀਨ ਖਰੀਦ ਲਈ, ਤੇ ਦੋ ਹਜ਼ਾਰ ਰੁਪਿਆ ਕਾਗਜ਼ ਤੇ ਸਿਹਾਈਆਂ ਦੇ ਬਿਲਾਂ ਦਾ ਅਦਾ ਕਰ ਦਿਤਾ।

ਇਨ੍ਹਾਂ ਦਿਨਾਂ ਵਿਚ ਹੀ ਸਾਡੇ ਨੇੜੇ ਕਪੜੇ ਸੀਣ ਵਾਲੀ ਸਿਲਾਈ ਮਸ਼ੀਨ ਦੀ ਏਜੰਸੀ ਖੁਲ੍ਹ ਗਈ। ਮਸ਼ੀਨ ਦੀ ਕੀਮਤ ਡੇਢ ਸੌ ਰੁਪਿਆ ਸੀ। ਪੰਜਾਹ ਰੁਪਏ ਪੇਸ਼ਗੀ ਦੇਣ ਤੇ ਪੰਜ ਰੁਪਏ ਮਹੀਨੇ ਦੀ ਕਿਸ਼ਤ ਦਾ ਫੈਸਲਾ ਹੋ ਗਿਆ। ਕੁਝ ਮਹੀਨੇ ਤਾਂ ਇਹ ਕਿਸ਼ਤ ਅਸੀਂ ਲਗਾਤਾਰ ਦਿੰਦੇ ਰਹੇ, ਪਰ ਇਸ ਮਗਰੋਂ ਇਕ ਸਾਲ ਤਕ ਕਿਸ਼ਤਾਂ ਨਾ ਦਿਤੀਆਂ ਜਾ ਸਕੀਆਂ। ਅਖੀਰ ਤੀਜੇ ਸਾਲ ਨੂੰ ਹੀ ਬਾਕੀ ਕਿਸ਼ਤਾਂ ਸੂਦ ਸਣੇ ਚੁਕਾਈਆਂ ਜਾ ਸਕੀਆਂ।

ਸੰਨ 1950-51 ਦੀ ਗੱਲ ਹੈ। ਮਰਦਮ ਸ਼ੁਮਾਰੀ ਦੇ ਸਬੰਧ ਵਿਚ ਵੋਟਰਾਂ ਦੀਆਂ ਲਿਸਟਾਂ ਬਣਨੀਆਂ ਸਨ। ਇਕ ਸਜਣ ਨੇ ਦੌੜ ਭੱਜ ਕਰ ਕੇ ਪੰਜਾਬੀ ਵਿਚ ਲਿਸਟਾਂ ਛਪਵਾਣ ਦਾ ਠੇਕਾ ਲੈ ਲਿਆ। ਜਿਵੇਂ ਉਰਦੂ ਦੀ ਛਪਾਈ ਲਈ ਅਸਤਰ ਤੇ ਕਿਤਾਬਤ ਹੁੰਦੀ ਹੈ, ਤੇ ਮਗਰੋਂ ਪਥਰ ਦੇ ਛਾਪੇ ਤੇ ਛਪਾਈ ਹੋ ਜਾਂਦੀ ਹੈ। ਇਵੇਂ ਹੀ ਪੰਜਾਬੀ ਵਿਚ ਕਿਤਾਬਤ ਕਰਨ ਦਾ ਕੰਮ ਉਸ ਨੂੰ ਮਿਲ ਗਿਆ। ਉਸ ਨੇ ਬੜੀ ਮਿਹਰਬਾਨੀ ਨਾਲ ਪ੍ਰੀਤਨਗਰੋਂ ਆਏ ਹੋਏ ਪਰਿਵਾਰਾਂ ਨੂੰ ਇਹ ਕੰਮ ਕਰਨ ਲਈ ਦੇ ਦਿਤਾ। ਸ਼ਾਇਦ ਦੋ ਆਨੇ ਫੀ ਸਫਾ ਉਜਰਤ ਮੁਕਰਰ ਹੋਈ। ਪ੍ਰੀਤਨਗਰੀ ਪਰਿਵਾਰਾਂ ਨੇ ਲਿਖਣ ਦਾ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੰਮ ਸ਼ੁਰੂ ਕਰ ਦਿਤਾ। ਇਨ੍ਹਾਂ ਵਿਚ ਸ੍ਰ. ਪ੍ਰੀਤਮ ਸਿੰਘ, ਗਿਆਨੀ ਜਸਵੰਤ ਸਿੰਘ, ਇਨ੍ਹਾਂ ਸਤਰਾਂ ਦਾ ਲਿਖਾਰੀ ਤੇ ਹੋਰ ਬਹੁਤ ਸਾਰੇ ਪ੍ਰੀਤਨਗਰੋਂ ਆਏ ਹੋਏ ਪਰਿਵਾਰ ਸ਼ਾਮਲ ਸਨ। ਦਿਨ ਰਾਤ ਇਹ ਕੰਮ ਚਲਦਾ ਰਿਹਾ। ਅਸੀਂ ਆਪ ਤੇ ਸਾਡੀਆਂ ਪਤਨੀਆਂ ਇਸ ਕੰਮ ਵਿਚ ਦਿਨ ਰਾਤ ਜੁਟੀਆਂ ਰਹਿੰਦੀਆਂ। ਦੋ ਮਹੀਨੇ ਵਿਚ ਇਹ ਕੰਮ ਖਤਮ ਹੋਇਆ। ਸਾਡੇ ਤੋਂ ਉਸ ਸਜਣ ਨੇ ਕਿਤਾਬਤ ਕੀਤੇ ਅਸਤਰ ਇਕੱਠੇ ਕਰ ਲਏ। ਮਹੀਨੇ ਪਿਛੋਂ ਬਣਦੀ ਉਜਰਤ ਦੀ ਅਦਾਇਗੀ ਦਾ ਲਾਰਾ ਲਾਇਆ, ਪਰ ਮਹੀਨਾ, ਦੋ ਮਹੀਨੇ, ਚਾਰ ਮਹੀਨੇ ਤਕ ਟਰਕਾਣ ਮਗਰੋਂ ਉਹ ਬੰਦਾ ਐਸਾ ਅਲੋਪ ਹੋਇਆ, ਜੋ ਅੱਜ ਤੱਕ ਨਾ ਮਿਲਿਆ। ਪ੍ਰੀਤਨਗਰ ਦੇ ਸਾਰੇ ਪਰਿਵਾਰ ਅਜ ਤੀਕ ਉਸ ਮਹਾ ਜਨ ਨੂੰ ਯਾਦ ਕਰਦੇ ਰਹਿੰਦੇ ਹਨ।

ਜਿਵੇਂ ਕਿ ਮੈਂ ਪਿਛੇ ਦਸ ਚੁਕਾ ਹਾਂ, ਜੀਵਨ ਨੱਈਆ ਨੂੰ ਅਗਾਂਹ ਤੋਰਨ ਲਈ ਅਸੀਂ ਕਈ ਪਾਪੜ ਵੇਲੇ। ਸਕੂਲ ਦੀ ਸਿਖਿਆ ਤੋਂ ਬਾਅਦ ਆਪਣੀ ਵਾਹਨ ਸੇਵਾ ਰਾਵਲਪਿੰਡੀ ਤੋਂ ਕਸ਼ਮੀਰ ਤਕ ਤੇ ਰਾਵਲਪਿੰਡੀ ਤੋਂ ਕੋਹਮਰੀ ਤੀਕ ਚਾਰ ਪੰਜ ਸਾਲ ਚਲਦੀ ਰਹੀ। ਉਸ ਮਗਰੋਂ ਤਿੰਨ ਕੁ ਸਾਲ ਸਟੇਸ਼ਨਰੀ ਤੇ ਤਸਵੀਰਾਂ ਫਰੇਮਾਂ ਦਾ ਕਾਰਜ ਕੀਤਾ। ਇਸੇ ਦੌਰਾਨ 1935 ਵਿਚ ਦਿੱਲੀ ਦਾ ਚੱਕਰ ਲਗਾਇਆ। ਉਸ ਸਮੇਂ ਗੁਰਦੁਆਰਾ ਸੀਸ ਗੰਜ ਵਿਚ ਇਕ ਮੈਨੇਜਰ ਦੀ ਲੋੜ ਸੀ। ਉਸ ਅਸਾਮੀ ਨੂੰ ਪੁਰ ਕਰਨ ਲਈ ਇਕੋ ਇਕ ਉਮੀਦਵਾਰ ਇਨ੍ਹਾਂ ਸਤਰਾਂ ਦਾ ਲੇਖਕ ਸੀ। ਉਸ ਦੀ ਪਹੁੰਚ ਵੀ ਕੇਂਦਰੀ ਸਰਕਾਰ ਦੇ ਇਕ ਉਚ ਅਧਿਕਾਰੀ ਤੀਕ ਸੀ। ਪਰ ਦੋ ਮਹੀਨੇ ਦੀ ਉਡੀਕ ਪਿਛੋਂ ਮੈਨੂੰ ਰਾਵਲਪਿੰਡੀ ਵਾਪਸ ਪਰਤਨਾ ਪਿਆ, ਕਿਉਂਕਿ ਗੁਰਦੁਆਰਾ ਸੀਸ ਗੰਜ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਕਦੇ ਕੋਰਮ ਹੀ ਨਹੀਂ ਸੀ ਪੂਰਾ ਹੋਇਆ। ਕਮੇਟੀ ਦੇ ਬੜੇ ਅਮੀਰ, ਧਨੀ, ਠੇਕੇਦਾਰ ਅਤੇ ਸਰਕਾਰੀ ਅਫਸਰ ਮੈਂਬਰ ਸਨ। ਕਿਸੇ ਨੂੰ ਫੁਰਸਤ ਹੀ ਨਹੀਂ ਸੀ, ਕਿ ਉਹ ਮੀਟਿੰਗ ਵਿਚ ਪਹੁੰਚ ਸਕੇ।

ਸੰਨ 1937-38 ਵਿਚ ਪੰਜਾਬੀ ਦੇ ਪ੍ਰਸਿੱਧ ਪੱਤਰ ਪ੍ਰੀਤਲੜੀ ਵਿਚ ਕੰਮ ਕਰਨ ਲਈ ਸ੍ਰ: ਗੁਰਬਖਸ਼ ਸਿੰਘ ਨੇ ਮੈਨੂੰ ਮਾਡਲ ਟਾਊਨ ਬੁਲਾਇਆ। ਉਥੇ ਵੀ ਮੈਂ ਇਕ ਸਾਲ ਤੋਂ ਵਧ ਸਮਾਂ ਨਾ ਟਿੱਕ ਸਕਿਆ। ਉਧਰ ਮੇਰੀ ਆਪਣੀ ਦੁਕਾਨ, ਭਾਈ ਜਸਵੰਤ ਸਿੰਘ ਇਕ ਨੇਕ ਸ਼ਰੀਫ ਅਤੇ ਸਾਈਂ ਲੋਕ ਸੇਵਕ ਚਲਾਂਦਾ ਸੀ। ਮਾਡਲ ਟਾਊਨ ਤੋਂ ਵਾਪਸ ਰਾਵਲਪਿੰਡੀ ਪਹੁੰਚ ਉਸ ਦੁਕਾਨ ਨੂੰ ਵੀ ਚਲਤਾ ਕੀਤਾ। ਇਸ ਮਗਰੋਂ ਆਪਣੇ ਮਿੱਤਰ ਤੇ ਜੀਜਾ, ਸ੍ਰ: ਬੇਅੰਤ ਸਿੰਘ ਨਾਲ ਇਕ ਸਾਲ ਡੇਅਰੀ ਚਲਾਈ। ਇਸ ਕਾਰਜ ਦਾ ਵੀ ਉਹੀ ਹਸ਼ਰ ਹੋਇਆ, ਜੋ ਪਹਿਲੇ ਕੰਮਾਂ ਦਾ।

ਸੰਨ 1938 ਵਿਚ ਪ੍ਰੀਤਲੜੀ ਦਾ ਦਫਤਰ ਮਾਡਲ ਟਾਊਨ ਦੀ ਥਾਂ ਪ੍ਰੀਤਨਗਰ ਆ ਗਿਆ। ਸ੍ਰ. ਗੁਰਬਖਸ਼ ਸਿੰਘ ਹੋਰਾਂ ਨਾਲ ਉਸੇ ਤਰ੍ਹਾਂ ਦਾ ਸਨੇਹ ਸੀ। ਉਨ੍ਹਾਂ ਸੰਨ 1940 ਵਿਚ ਪ੍ਰੀਤਨਗਰ ਬੁਲਾ ਲਿਆ। ਸਾਲ ਕੁ ਪ੍ਰੀਤਲੜੀ ਦੇ ਦਫਤਰ ਵਿਚ ਕੰਮ ਕੀਤਾ। ਅਗਲੇ ਸਾਲ ਪ੍ਰੀਤਲੜੀ ਪ੍ਰਕਾਸ਼ਕਾਂ ਦੀ ਵਿਕਰੀ ਲਈ ਪ੍ਰੀਤਨਗਰ ਬੁੱਕ ਸ਼ਾਪ ਨਾਂ ਦੇ ਅਦਾਰੇ ਨੂੰ ਚਲਾਣ ਲਈ ਮੈਨੂੰ ਲਾਹੌਰ ਭੇਜ ਦਿਤਾ ਗਿਆ। ਸੰਨ 1944-45 ਤਕ ਮੈਂ ਇਸ ਅਦਾਰੇ ਵਿਚ ਮੈਨੇਜਰ ਦੇ ਤੌਰ ਤੇ ਕੰਮ ਕੀਤਾ। ਇਸ ਮਗਰੋਂ ਜਿਵੇਂ ਕਿ ਪਿਛੇ ਜ਼ਿਕਰ ਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਚੁਕਾ ਹੈ. ਪ੍ਰੀਤਨਗਰ ਸ਼ਾਪ ਛੱਡ ਮੈਂ ਆਪਣਾ ਵਖਰਾ ਅਦਾਰਾ ਨੈਸ਼ਨਲ ਬੁਕ ਸ਼ਾਪ ਖੋਲ੍ਹ ਲਿਆ ਪਰ ਸ੍ਰ: ਗੁਰਬਖਸ਼ ਸਿੰਘ ਤੇ ਪ੍ਰੀਤਨਗਰ ਵਾਸੀਆਂ ਨਾਲ ਮੇਰਾ ਉਹੀ ਪਹਿਲਾਂ ਵਾਲਾ ਸਨੇਹ ਭਰਪੂਰ ਸੰਪਰਕ ਰਿਹਾ। ਅਖੀਰ ਦੇਸ਼ ਵੰਡ ਸਮੇਂ ਪ੍ਰੀਤਨਗਰ ਦੇ ਕਾਫਲੇ ਨਾਲ ਸਾਡਾ ਪਰਿਵਾਰ ਵੀ 18 ਜਨਵਰੀ 1948 ਨੂੰ ਦਿੱਲੀ ਆ ਗਿਆ। ਕੁਝ ਚਿਰ ਪ੍ਰੀਤਲੜੀ ਵਲੋਂ ਐਸਪਲੇਨੇਡ ਰੋਡ ਤੇ ਜਾਮਾ ਮਸਜਿਦ ਦੇ ਨੇੜੇ ਇਕ ਦੁਕਾਨ ਵਿਚ ਮੁੜ 'ਪ੍ਰੀਤਨਗਰ ਸ਼ਾਪ' ਅਰੰਭ ਕਰ ਦਿਤੀ। ਲਗਭਗ ਦੋ ਸਾਲ ਇਹ ਕੰਮ ਚਲਦਾ ਰਿਹਾ।

## ਨੈਸ਼ਨਲ ਪ੍ਰੈਸ ਆਫ ਇੰਡੀਆ ਦਾ ਅਰੰਭ

ਸ੍ਰ: ਗੁਰਬਖਸ਼ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੇ ਮੁੜ ਪ੍ਰੀਤਨਗਰ ਚਲੇ ਜਾਣ ਮਗਰੋਂ ਮੈਂ ਚਾਂਦਨੀ ਚੌਕ ਸਥਿਤ ਪਲੱਈਅਰ ਗਾਰਡਨ ਮਾਰਕੀਟ ਵਿਚ ਆਪਣਾ 'ਨੈਸ਼ਨਲ ਪ੍ਰੈਸ ਆਫ ਇੰਡੀਆ' ਨਾਂ ਦਾ ਪ੍ਰੈਸ ਖੋਲ੍ਹ ਲਿਆ। ਕੁਝ ਚਿਰ ਮਗਰੋਂ ਚਾਂਦਨੀ ਚੌਕ ਵਿਚ ਇਕ ਛੋਟੀ ਦੁਕਾਨ ਮਿਲ ਗਈ। ਜਿਸ ਰਾਹੀਂ ਅਸੀਂ ਚਾਂਦਨੀ ਚੌਕ ਵਿਚ ਹੀ ਆਪਣੀ ਨੈਸ਼ਨਲ ਬੁਕ ਸ਼ਾਪ ਤੇ ਪ੍ਰੈਸ ਦਾ ਦਫਤਰ ਖੋਲ੍ਹ ਦਿਤਾ।

ਇਹ ਉਹ ਦਿਨ ਸਨ, ਜਦੋਂ ਲੱਖਾਂ ਦੀ ਗਿਣਤੀ ਵਿਚ ਸ਼ਰਨਾਰਥੀਆਂ ਨੇ ਪਾਕਿਸਤਾਨੋਂ ਉਜੜ ਕੇ ਦਿੱਲੀ ਵਿਚ ਪਨਾਹ ਲਈ ਸੀ। ਇਨ੍ਹਾਂ ਸ਼ਰਨਾਰਥੀਆਂ ਲਈ ਪੁਰਾਣੀ ਅਤੇ ਨਵੀਂ ਦਿੱਲੀ ਵਿਚ ਕਈ ਕਾਲੋਨੀਆਂ ਵਸਾਈਆਂ ਗਈਆਂ। ਚਾਂਦਨੀ ਚੌਕ ਨਾਲ ਕਿਲ੍ਹੇ ਵਾਲੇ ਪਾਸਿਉਂ ਜੈਨ ਮੰਦਰ ਤੋਂ ਲੈ ਕੇ ਫਤਹਪੁਰੀ ਤੀਕ ਪੁਰਾਣੀਆਂ ਦੁਕਾਨਾਂ ਦੇ ਅਗੇ ਕਰ ਕੇ ਸ਼ਰਨਾਰਥੀਆਂ ਨੇ ਆਪਣੇ ਅੱਡੇ ਜਮਾ ਲਏ। ਸਵੇਰ ਸਾਰ ਉਠ ਕੇ ਉਹਾ ਥੋਕ ਦੇ ਭਾਅ ਵਿਚ ਕਣਕ, ਚੀਨੀ, ਦਾਲਾਂ, ਗੁੜ, ਸ਼ਕਰ ਆਦਿ ਖ੍ਰੀਦਦੇ ਤੇ ਇਹ ਸਾਰੀਆਂ ਵਸਤਾਂ ਦੀਆਂ ਬੋਰੀਆਂ ਸਾਰੇ ਚਾਂਦਨੀ ਚੌਕ ਵਿਚ ਸਜਾ ਦੇਣੀਆਂ। ਥੋਕ ਦੇ ਹਿਸਾਬ ਨਾਲ ਹੀ ਇਹ ਨਵੇਂ ਵਪਾਰੀ ਚੀਜ਼ਾਂ ਖ੍ਰੀਦਦੇ ਅਤੇ ਥੋਕ ਦੇ ਭਾਅ ਹੀ ਵੇਚ ਦਿੰਦੇ। ਸ਼ਾਮ ਤਕ ਖਾਲੀ ਹੋਈਆਂ ਬੋਰੀਆਂ ਵੇਚ ਆਪਣੇ ਅੰਨ ਪਾਣੀ ਦਾ ਪ੍ਰਬੰਧ ਕਰਦੇ। ਸਸਤ ਭਾਈ ਦਾ ਜ਼ਮਾਨਾ ਸੀ। ਸਾਰਿਆਂ ਦਾ ਰੋਟੀ ਪਾਣੀ ਟੁਰ ਜਾਂਦਾ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਜੋ ਕਿੱਤੇ, ਜਾਂ ਪਿਤਾ-ਪੁਰਖੀ ਪੇਸ਼ੇ ਸਨ, ਉਹ ਸਾਰੇ ਦਿੱਲੀ ਵਿਚ ਬਦਲ ਗਏ। ਉਥੇ ਜਿਨ੍ਹਾਂ ਦੀਆਂ ਕਰਿਆਨੇ ਦੀਆਂ ਦੁਕਾਨਾਂ ਸਨ, ਇਥੇ ਆ ਕੇ ਉਨ੍ਹਾਂ ਡੇਅਰੀ ਖੋਲ੍ਹ ਲਈ। ਮੁਰਗੀਖਾਨੇ ਸ਼ੁਰੂ ਕਰ ਦਿਤੇ। ਨੌਕਰੀ ਪੇਸ਼ਾ ਲੋਕਾਂ ਨੇ ਇਥੋਂ ਛਡ ਗਏ ਬੰਦਿਆਂ ਦੇ ਕਿੱਤੇ ਅਪਣਾ ਲਏ। ਕਿਸੇ ਨੂੰ ਘੋੜਾ ਤੇ ਰੇੜ੍ਹਾ ਮਿਲ ਗਿਆ, ਤਾਂ ਉਸ ਨੇ ਢੋ-ਢੁਆਈ ਦਾ ਕੰਮ ਸ਼ੁਰੂ ਕਰ ਦਿਤਾ। ਜੇ ਕਿਸੇ ਨੂੰ ਟਾਂਗਾ ਤੇ ਘੋੜਾ ਮਿਲ ਗਿਆ, ਤਾਂ ਉਸ ਨੇ ਟਾਂਗਾ ਚਲਾਣਾ ਸ਼ੁਰੂ ਕਰ ਦਿਤਾ।

## ਸਰਦਾਰ ਸਿੰਘ

ਮੇਰਾ ਮਿੱਤਰ ਸਰਦਾਰ ਸਿੰਘ ਬੀ.ਏ. ਜੋ ਰਾਵਲਪਿੰਡੀ ਵਿਚ ਟਰਾਂਸਪੋਰਟ ਕੰਪਨੀ ਵਿਚ ਇਕ ਉਚ ਅਧਿਕਾਰੀ ਸੀ, ਤੇ ਉਸਦਾ ਹਿਸਾ ਵੀ ਉਸ ਕੰਪਨੀ ਵਿਚ ਸੀ, ਨੂੰ ਦਿੱਲੀ ਪਹੁੰਚ ਆਪਣੀ ਰਿਹਾਇਸ਼ ਦੇ ਨਾਲ ਕਰ ਕੇ ਇਕ ਟਾਂਗਾ ਤੇ ਘੋੜਾ ਕਿੱਲੇ ਨਾਲ ਬੰਨ੍ਹਿਆ ਮਿਲ ਗਿਆ। ਸੋ ਉਸ ਨੇ ਟਾਂਗੇ ਰਾਹੀਂ ਸਟੇਸ਼ਨ ਤੋਂ ਚਾਂਦਨੀ ਚੌਕ ਤਕ ਸਵਾਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਢੋਣੀਆਂ ਅਰੰਭ ਕਰ ਦਿਤੀਆਂ। ਇਕ ਦਿਨ ਉਹ ਹਸਦਾ ਹਸਦਾ ਮੇਰੇ ਕੋਲ ਆਇਆ ਤਾਂ ਉਸ ਨੇ ਆਪਣੀ ਵਿਥਿਆ ਸੁਣਾਈ:

''ਦਾਤਾ ਜੀ! ਜਦੋਂ ਅਸੀਂ ਦਿੱਲੀ ਪਹੁੰਚੇ, ਤਾਂ ਸਾਨੂੰ ਇਕ ਟੁਟਾ ਭੱਜਾ ਮਕਾਨ ਮਿਲ ਗਿਆ। ਉਸ ਮਕਾਨ ਵਿਚ ਥੋੜਾ ਬਹੁਤ ਸਾਮਾਨ ਦਿਲੀਓਂ ਭਜੇ ਕਿਸੇ ਸ਼ਰਨਾਰਥੀ ਦਾ ਰਹਿ ਗਿਆ ਸੀ। ਪੱਲੇ ਜੋ ਕੁਝ ਸੀ ਅਸੀਂ ਖਾ ਪੀ ਬੈਠੇ। ਕਲਰਕੀ ਤੋਂ ਸਿਵਾ ਸਾਨੂੰ ਕੋਈ ਕੰਮ ਨਹੀਂ ਸੀ ਆਉਂਦਾ। ਸੋਚਾਂ, ਕਿ ਹੁਣ ਕਰੀਏ ਤੇ ਕੀ ਕਰੀਏ? ਇਕ ਟਾਂਗਾ ਤੇ ਘੋੜਾ ਮਿਲ ਗਿਆ। ਮੈਂ ਟਾਂਗੇ ਅਗੇ ਘੋੜਾ ਜੋਤ ਕੇ ਇਧਰ ਉਧਰ ਚਲਾਣ ਦੀ ਟਰਾਈ ਮਾਰੀ। ਹੌਲੀ ਹੌਲੀ ਉਸ ਨੂੰ ਪੁਰਾਣੀ ਦਿੱਲੀ ਵਿਚ ਚਲਾਉਣਾ ਸ਼ੁਰੂ ਕਰ ਦਿਤਾ। ਸ਼ੁਰੂ ਸ਼ੁਰੂ ਵਿਚ ਤਾਂ ਇਹ ਹਾਲ ਸੀ, ਕਿ ਜਿਥੇ ਕਿਧਰੇ ਕੋਈ ਸਵਾਰੀ ਟਾਂਗਾ ਰੋਕਣ ਦਾ ਇਸ਼ਾਰਾ ਕਰਦੀ, ਉਥੇ ਮੈਂ ਇਕ ਦਮ ਟਾਂਗੇ ਦੀਆਂ ਵਾਗਾ ਰੁਕਣ ਲਈ ਖਿਚਦਾ, ਤਾ ਘੋੜਾ ਰੁਕਣ ਦੀ ਥਾਂ ਸਰਪਟ ਦੌੜ ਪੈਂਦਾ। ਜਿਥੇ ਘੋੜੇ ਨੂੰ ਤੁਰਨ ਦਾ ਇਸ਼ਾਰਾ ਕਰਦਾ ਉਥੇ ਉਹ ਰੁਕ ਜਾਂਦਾ। ਕਈ ਦਿਨ ਮੈਨੂੰ ਘੋੜੇ ਦੀਆਂ ਵਾਗਾਂ ਖਿਚਣ ਤੇ ਰੋਕਣ ਦੇ ਫਰਕ ਦਾ ਹੀ ਪਤਾ ਨਾ ਲਗਿਆ।

''ਕਈ ਵਾਰ ਮੈਨੂੰ ਸੂਟ-ਬੂਟ ਵਿਚ ਟਾਂਗੇ ਤੇ ਬੈਠਾ ਵੇਖ, ਇਸ ਟਾਂਗੇ ਨੂੰ ਲੋਕੀ ਨਵਾਬੀ ਬੱਘੀ ਸਮਝਦੇ। ਧੋਤੇ-ਧਾਤੇ ਬਸਤਰ ਸਜਾਈ ਜਦੋਂ ਮੈਂ ਟਾਂਗੇ ਤੇ ਬੈਠਾ ਸੁਆਰੀ ਦੀ ਉਡੀਕ ਕਰਦਾ, ਤਾਂ ਲੋਕੀ ਸਮਝਦੇ, ਕਿ ਇਹ ਕਿਸੇ ਅਮੀਰ ਸਰਦਾਰ ਦਾ ਘੋੜਾ ਟਾਂਗਾ ਹੈ। ਇਸ ਤਰ੍ਹਾਂ ਮੈਂ ਇਹ ਕਾਰਜ ਦੋ ਮਹੀਨੇ ਕੀਤਾ। ਟਾਂਗੇ ਦੀ ਕਮਾਈ 'ਚੋਂ ਮੈਂ ਨਾ ਆਪਣੇ ਪਰਿਵਾਰ ਦੀ ਪੇਟ ਪੂਜਾ ਕਰ ਸਕਦਾ, ਨਾ ਘੋੜੇ ਦਾ ਖਰਚ ਤੋਰ ਸਕਦਾ। ਇਸ ਤੋਂ ਮਗਰੋਂ ਮੈਂ ਇਸ ਟਾਂਗੇ ਘੋੜੇ ਨੂੰ ਵੇਚ ਦਿਤਾ। ਦੋ ਕੁ ਮਹੀਨੇ ਹੋਰ ਘਰੋਗੀ ਖਰਚ ਚਲਦਾ ਰਿਹਾ, ਪਰ ਮਗਰੋਂ ਚਾਂਦਨੀ ਚੌਕ ਵਿਚ ਰੇਹੜੀ ਲਗਾਈ। ਰੇਹੜੀ ਵਿਚ ਸਾਬਣ ਤੇ ਕੰਘੇ-ਕੰਘੀਆਂ, ਨਾੜੇ, ਠਾਠੇ ਤੇ ਹੋਰ ਨਿਕ ਸੁਕ ਸਜਾ, ਮੈਂ ਚਾਂਦਨੀ ਚੌਕ ਹੋਕਾ ਦਿੰਦਾ, ਰੇਹੜੀ ਚਲਾਂਦਾ। ਇਸ ਮਗਰੋਂ ਇਸ ਕਿੱਤੇ ਨੂੰ ਵੀ ਮੈਂ ਖੈਰਬਾਦ ਕਹਿ ਦਿਤਾ। ਅਜ ਕਲ ਮੈਂ ਪਹਿਲਾਂ ਵਾਂਗ ਮੁੜ ਵੇਹਲੇ ਦਾ ਵੇਹਲਾ ਹਾਂ।''

ਇਸੇ ਮਿੱਤਰ ਸਰਦਾਰ ਸਿੰਘ ਨਾਲ ਰਲ ਕੇ ਅਜ ਤੋਂ 20 ਸਾਲ ਪਹਿਲਾਂ ਮੈਂ ਰਾਵਲਪਿੰਡੀ ਵਿਚ 'ਵਿਦਿਆ' ਨਾਂ ਦਾ ਪੰਜਾਬੀ ਮਾਸਕ ਪਤਰ ਚਲਾਇਆ ਸੀ। ਜਿਸ ਨੂੰ ਕੁਝ ਮਹੀਨਿਆ ਬਾਅਦ ਆਰਥਕ ਪੱਖੋਂ ਆਏ ਘਾਟੇ ਕਾਰਣ ਬੰਦ ਕਰ ਦਿਤਾ ਗਿਆ ਸੀ। ਇਸ ਪਿਛੋਂ ਆਪਣੇ ਘਰੋਗੀ ਹਾਲਾਤ ਠੀਕ ਨਾ ਹੋਣ ਕਾਰਣ ਸਰਦਾਰ ਸਿੰਘ ਮੇਰੇ ਪਾਸ ਪ੍ਰੀਤਨਗਰ ਆ ਗਿਆ ਸੀ। ਦਸ ਪੰਦਰਾਂ ਦਿਨ, ਉਹ ਮੇਰੇ ਪਾਸ ਹੀ ਟਿਕਿਆ ਰਿਹਾ। ਰੋਟੀ ਪਾਣੀ ਅਸੀਂ ਰਸੋਈ ਵਿਚ ਤਿਆਰ ਕਰਦੇ। ਅਗੋਂ ਪਿਛੋਂ ਲਕੜਾਂ ਇਕੱਠੀਆਂ ਕਰਦੇ ਤੇ ਰੋਟੀ ਪਾਣੀ ਦਾ ਪ੍ਰਬੰਧ ਕਰਦੇ। ਰਸੋਈ ਦੇ ਧੂੰਏਂ ਨਾਲ ਸਾਡੇ ਦੋਹਾਂ ਦੀਆਂ ਅੱਖਾਂ ਵਿਚ ਅੱਸੂ ਆ ਜਾਂਦੇ। ਕਦੇ ਰੋਟੀ ਸੜ ਜਾਂਦੀ, ਕਦੇ ਕੱਚੀ ਰਹਿ ਜਾਂਦੀ। ਦਾਲ, ਸਬਜ਼ੀ ਵਿਚ ਕਦੀ ਨਮਕ ਮਿਰਚ ਘਟ ਹੋ ਜਾਂਦਾ, ਕਦੀ ਵਧ। ਤੇ ਉਹੀ ਸਰਦਾਰ ਸਿੰਘ ਅੱਜ ਮੇਰੇ ਪਾਸ ਬੈਠਾ ਆਪਣੀ ਅਜਕਲ ਦੀ ਵਿਥਿਆ ਸੁਣਾ ਰਿਹਾ ਸੀ। ਕਦੀ ਅਸੀਂ ਆਪਣੀ ਹੁਣ ਦੀ ਤਰਸਯੋਗ ਹਾਲਤ ਤੇ ਮੁਸਕਰਾਂਦੇ, ਕਦੀ ਖਿੜ ਖਿੜ ਹਸਦੇ, ਤੇ ਜ਼ਿੰਦਗੀ ਦੇ ਇਸ ਦੌਰ ਤੇ ਲਾਹਨਤਾਂ ਪਾਂਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



## ਸਫ਼ਾਈ ਦਾ ਦਰੋਗਾ

ਇਕ ਦਿਨ ਮੈਂ ਨੈਸ਼ਨਲ ਪ੍ਰੈਸ ਆਫ ਇੰਡੀਆ ਦੇ ਦਫਤਰ ਬੈਠਾ ਪਰੂਫ ਪੜ੍ਹ ਰਿਹਾ ਸਾਂ, ਕਿ ਇਕ ਸਜਣ ਆਇਆ। ਉਸ ਨੇ ਕਿਹਾ, "ਮੈਂ ਇਸ ਇਲਾਕੇ ਦਾ ਸੈਨੇਟਰੀ ਇੰਨਸਪੈਕੱਟਰ ਹਾਂ। ਤੁਸੀਂ ਜਿਥੇ ਆਪਣੇ ਫਰਮੇ ਧੋਂਦੇ ਹੋ, ਉਥੇ ਗੰਦ ਪੈ ਜਾਂਦਾ ਹੈ। ਮੈਂ ਤੁਹਾਡਾ ਚਲਾਨ ਕਰਾਂਗਾ।

ਅਸੀਂ ਉਥੇ ਜ਼ਮੀਨਦੋਜ਼ ਖੱਡਾ ਖੋਦਿਆ ਸੀ, ਜਿਸ ਦੇ ਅੰਦਰ ਹੀ ਗੰਦਾ ਪਾਣੀ ਸਮਾ ਜਾਂਦਾ ਸੀ, ਪਰ ਫਿਰ ਵੀ ਉਸ ਦੇ ਕਹਿਣ ਦੇ ਮੁਤਾਬਕ ਇਹ ਗਲਤ ਕੰਮ ਹੈ। ਅਖੀਰ ਉਸ ਨੇ ਇਕ ਸੌ ਰੁਪਿਆ ਮਹੀਨਾ ਬੰਨ੍ਹ ਦੇਣ ਦੀ ਮੰਗ ਕੀਤੀ। ਕਈ ਮਹੀਨੇ ਇਹ ਕੰਮ ਚਲਦਾ ਰਿਹਾ। ਮੈਨੂੰ ਪਤਾ ਲਗਾ, ਕਿ ਸਾਡੇ ਨਾਲ ਦੇ ਨਵਯੁਗ ਪ੍ਰੈਸ ਤੋਂ ਵੀ ਉਹ ਇੰਨੀ ਹੀ ਰਕਮ ਬਟੋਰਦਾ ਰਿਹਾ ਹੈ। ਚਾਰ-ਪੰਜ ਮਹੀਨੇ ਮਗਰੋਂ ਜਦੋਂ ਉਹ ਉਗਰਾਹੀ ਲਈ ਆਇਆ, ਤਾਂ ਮੈਂ ਉਸ ਨੂੰ ਇਕ ਸੌ ਰੁਪੈ ਮਹੀਨੇ ਦੀ ਥਾਂ 50 ਰੁਪੈ ਪੇਸ਼ ਕੀਤੇ।

ਉਹ ਕਹਿਣ ਲਗਾ, "ਮਹਿੰਗਾਈ ਦਾ ਜ਼ਮਾਨਾ ਹੈ। ਲੋਕਾਂ ਦੀ ਤਰੱਕੀ ਹੁੰਦੀ ਹੈ, ਤੇ ਇਸ ਸਰਕਾਰੀ ਅਧਿਕਾਰੀ ਨੂੰ ਤੁਸੀਂ ਅੱਧੇ ਪੈਸੇ ਦੇ ਰਹੇ ਹੋ। ਬੜੀ ਸ਼ਰਮ ਦੀ ਗਲ ਹੈ। ਮੈਂ ਤਾਂ ਮਹੀਨੇ ਦੀ ਬੱਧੀ ਰਕਮ ਵਧਾਣ ਆਇਆ ਹਾਂ। ਅਛਾ, ਕੋਈ ਗਲ ਨਹੀਂ। ਤੁਸੀਂ ਆਪਣੇ ਹੀ ਆਦਮੀ ਹੋ।"

ਇਸ ਤਰ੍ਹਾਂ ਇਹ ਕੰਮ ਕਈ ਮਹੀਨੇ ਹੋਰ ਚਲਦਾ ਰਿਹਾ। ਸਾਡੀ ਮਾਰਕਿਟ ਦੇ ਪਿਛੇ ਹੀ ਸੈਨੇਟਰੀ ਵਾਲਿਆਂ ਦਾ ਦਫਤਰ ਸੀ। ਇਕ ਦਿਨ ਮੈਂ ਉਧਰੋਂ ਲੰਘਦਿਆਂ ਚਪੜਾਸੀ ਤੋਂ ਉਸ ਸਜਣ ਬਾਰੇ ਪੁਛਿਆ ਤਾਂ ਉਸ ਨੇ ਦਸਿਆ, "ਇਹ ਸਫਾਈ ਦਾ ਦਰੋਗਾ ਪਿਛਲੇ ਸਾਲ ਤੋਂ ਦਫਤਰ ਨਹੀਂ ਆਂਦਾ। ਵੱਢੀ ਦੇ ਜੁਰਮ ਕਾਰਣ ਉਸ ਨੂੰ ਸਸਪੈਂਡ ਕੀਤਾ ਗਿਆ ਸੀ। ਹਾਲੀਂ ਉਸ ਤੇ ਮੁਕਦਮਾ ਚਲ ਰਿਹਾ ਹੈ। ਉਹ ਬੜਾ ਬੇਈਮਾਨ ਤੇ ਸ਼ੈਤਾਨ ਅਧਿਕਾਰੀ ਸੀ।"

ਇਹ ਸੁਣ ਮੈਂ ਬੜਾ ਹੈਰਾਨ ਹੋਇਆ, ਕਿ ਰਿਸ਼ਵਤ ਲੈਂਦਾ ਉਹ ਦਰੋਗਾ ਫੜਿਆ ਗਿਆ। ਉਹ ਸਸਪੈਂਡ ਹੋਇਆ। ਰਿਸ਼ਵਤ ਦਾ ਉਸ ਤੇ ਮੁਕਦਮਾ ਚਲ ਰਿਹਾ ਹੈ। ਇਸ ਹਾਲਤ ਵਿੱਚ ਵੀ ਉਹ ਪਿਛਲਾ ਸਾਰਾ ਸਾਲ ਸਾਡੇ ਤੋਂ ਰਿਸ਼ਵਤ ਖਾਂਦਾ ਰਿਹਾ ਹੈ। ਸਾਡੇ ਵਾਂਗ ਉਹ ਹੋਰ ਕਈ ਬੰਦਿਆਂ ਤੋਂ ਵੀ ਰਿਸ਼ਵਤ ਲੈ ਰਿਹਾ ਹੋਣੈ।

ਮੈਂ ਇਹ ਸੂਚਨਾ ਆਪਣੇ ਮਿੱਤਰ ਪ੍ਰੀਤਮ ਸਿੰਘ ਨੂੰ ਦਿਤੀ। ਉਹ ਵੀ ਬੜਾ ਹੈਰਾਨ ਹੋਇਆ। ਦੂਜੇ ਮਹੀਨੇ ਜਦੋਂ ਅਸੀਂ ਬੱਧੀ ਰਕਮ ਦੇਣ ਤੋਂ ਇਨਕਾਰੀ ਹੋਏ, ਤਾਂ ਸਫਾਈ ਦਾ ਦਰੋਗਾ ਆਪਣਾ ਭੈੜਾ ਜਿਹਾ ਮੂੰਹ ਬਣਾ ਕੇ ਉਥੋਂ ਚਲਦਾ ਬਣਿਆ। ਮੁੜ ਅਜ ਤੀਕ ਉਸ ਦੇ ਦਰਸ਼ਨ ਨਹੀਂ ਹੋਏ।

## ਸੌ ਰੁਪਏ ਦਾ ਲੈਣ-ਦੇਣ

ਇਹ ਉਹ ਦਿਨ ਸਨ, ਜਦੋਂ ਸਾਡੇ ਪ੍ਰੈਸ ਦੀ ਆਮਦਨ ਘਟ ਤੇ ਖਰਚ ਵਧ ਸੀ। ਹਰ ਸਾਲ ਕਰਜ਼ ਚੁਕਣ ਦੇ ਬਾਵਜੂਦ ਵੀ ਖਰਚ ਨਹੀਂ ਸੀ ਟੁਰਦਾ। ਸਾਡੇ ਇਕ ਵਰਕਰ ਦੀ ਮਾਂ ਬਿਮਾਰ ਸੀ। ਉਸ ਨੇ ਮੈਥੋਂ 100 ਰੁਪਿਆ ਮੰਗਿਆ। ਉਸ ਸਮੇਂ ਮੇਰੇ ਪਾਸ ਫੁਟੀ ਕੌਡੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਨਹੀਂ ਸੀ। ਮੈਂ ਇਕ ਚਿੱਟ ਲਿਖ ਕੇ ਆਪਣੇ ਮਿੱਤਰ ਪ੍ਰੀਤਮ ਸਿੰਘ ਨੂੰ ਭੇਜੀ, "ਇਕ ਸੌ ਰੁਪਿਆ ਇਕ ਮਹੀਨੇ ਲਈ ਚਾਹੀਦਾ ਹੈ।" ਉਸ ਨੇ ਸੌ ਰੁਪਿਆ ਭੇਜ ਦਿਤਾ। ਇਸ ਤਰ੍ਹਾਂ ਉਸ ਵਰਕਰ ਦਾ ਕੰਮ ਬਣ ਗਿਆ। ਅਗਲੇ ਮਹੀਨੇ ਗਿਆਨੀ ਜਸਵੰਤ ਸਿੰਘ ਨੂੰ ਸੌ ਰੁਪਿਆ ਘਲਣ ਲਈ ਰੁਕਾ ਭੇਜ ਦਿਤਾ। ਉਹ ਸੌ ਰੁਪਿਆ ਮੈਂ ਪ੍ਰੀਤਮ ਸਿੰਘ ਹੋਰਾਂ ਨੂੰ ਭੇਜ, ਕਰਜ਼ਾ ਉਤਾਰ ਦਿਤਾ। ਦੂਜੇ ਮਹੀਨੇ ਚਿੱਟ ਭੇਜ ਪ੍ਰੀਤਮ ਸਿੰਘ ਹੋਰਾਂ ਤੋਂ ਸੌ ਰੁਪਿਆ ਮੰਗਾ ਕੇ ਗਿਆਨੀ ਜੀ ਨੂੰ ਭੇਜ ਦਿਤਾ। ਇਸੇ ਤਰ੍ਹਾਂ ਹੀ ਇਹ ਕੰਮ ਛੇ ਮਹੀਨੇ ਚਲਦਾ ਰਿਹਾ।

ਦੁਪਿਹਰ ਨੂੰ ਅਸੀਂ ਤਿੰਨੇ ਮਿੱਤਰ ਰਲ ਕੇ ਖਾਣਾ ਖਾਇਆ ਕਰਦੇ ਸਾਂ। ਖਾਣਾ ਖਾਣ ਵੇਲੇ ਹੋਰ ਮਿੱਤਰ ਵੀ ਆ ਜਾਂਦੇ। ਗੱਪਸ਼ਪ ਚਲਦੀ ਰਹਿੰਦੀ। ਹਾਸਾ ਮਖੌਲ ਵੀ ਤੁਰਦਾ ਰਹਿੰਦਾ ਸੀ। ਇਕ ਦਿਨ ਮੇਰੇ ਕੋਲੋਂ ਰਿਹਾ ਨਾ ਗਿਆ। ਹਸਦਿਆਂ ਹਸਦਿਆਂ ਮੇਰੇ ਪੇਟ ਵਿੱਚ ਕੜਵਲ ਪੈਣ ਲਗ ਪਏ। ਸਾਥੀਆਂ ਨੇ ਇਸ ਦਾ ਕਾਰਣ ਪੁਛਿਆ, ਤਾਂ ਮੈਂ ਆਪਣੇ ਹਾਸੇ ਨੂੰ ਰੋਕ ਕੇ ਕਿਹਾ, "ਸ੍ਰ: ਪ੍ਰੀਤਮ ਸਿੰਘ ਜੀ! ਤੁਹਾਡੇ ਤੋਂ ਮੈਂ ਪਹਿਲੀ ਤ੍ਰੀਕ ਇਕ ਸੌ ਰੁਪਿਆ ਮੰਗਵਾ ਕੇ ਗਿਆਨੀ ਜੀ ਦਾ ਕਰਜ਼ਾ ਚੁਕਾਂਦਾ ਹਾਂ। ਦੂਜੇ ਮਹੀਨੇ ਦੀ ਪਹਿਲੀ ਤ੍ਰੀਕ ਗਿਆਨੀ ਜੀ ਤੋਂ ਸੌ ਰੁਪਿਆ ਲੈ ਕੇ ਤੁਹਾਨੂੰ ਮੋੜ ਦਿੰਦਾ ਹਾਂ। ਇਸ ਤਰ੍ਹਾਂ ਇਹ ਪ੍ਰਥਾ ਪਿਛਲੇ 6 ਮਹੀਨਿਆਂ ਤੋਂ ਚਲ ਰਹੀ ਹੈ। ਦਸੋ, ਮੈਂ ਇਸ ਸਿਆਪੇ ਤੋਂ ਕੀ ਲੈਣੈ? ਤੁਸਾਂ ਦੋਹਾਂ ਚੋਂ ਇਕ ਸਜਣ ਆਪਣੇ ਆਪ ਹੀ ਪਹਿਲੀ ਤ੍ਰੀਕ ਸੌ ਰੁਪਿਆ ਦੂਜੇ ਨੂੰ ਦੇ ਦਿਤਾ ਕਰੋ, ਤੇ ਦੂਜੇ ਮਹੀਨੇ ਉਸ ਕੋਲੋਂ ਲੈ ਕੇ ਅਗਲੇ ਮਹੀਨੇ ਦੂਜੇ ਨੂੰ ਮੋੜ ਦਿਤਾ ਕਰੋ। ਮੈਂ ਇਨ੍ਹਾਂ ਸਾਹਨਾਂ ਦੇ ਭੇੜ ਵਿੱਚੋਂ ਕੀ ਲੈਣਾ? ਤੁਸੀਂ ਜਾਣੋਂ ਤੇ ਤੁਹਾਡਾ ਕੰਮ।" ਮੇਰੀ ਗਲ ਸੁਣ ਬੜਾ ਹਾਸਾ ਮੱਚਿਆ। ਉਸ ਦਿਨ ਹੀ ਉਨ੍ਹਾਂ ਦੋਹਾਂ ਮਿੱਤਰਾਂ ਨੂੰ ਮੇਰੇ ਇਸ ਸੌ ਰੁਪਏ ਦੇ ਲੈਣ-ਦੇਣ ਦੀ ਗਲ ਦਾ ਪਤਾ ਲਗਿਆ।

ਇਸੇ ਤਰ੍ਹਾਂ ਹੀ ਇਹ ਜ਼ਿੰਦਗੀ ਚਲਦੀ ਜਾ ਰਹੀ ਸੀ। 1955 ਨੂੰ ਜਦੋਂ ਅਸੀਂ ਮਹਿਰੌਲੀ ਛੱਡ ਗਾਂਧੀ ਨਗਰ ਪੁੱਜੇ, ਉਸ ਵੇਲੇ ਗਾਂਧੀ ਨਗਰ ਕੋਈ ਵਿਰਲਾ ਹੀ ਮਕਾਨ ਬਣਿਆ ਹੋਇਆ ਸੀ। ਸੜਕਾਂ ਤੇ ਨਾਲੀਆਂ ਦਾ ਕੋਈ ਵਿਤਕਰਾ ਹੀ ਨਹੀਂ ਸੀ ਛਡਿਆ ਗਿਆ। ਚਹੁੰ ਪਾਸੀ ਗੰਦੇ ਗੰਦੇ ਪਾਣੀ ਦੇ ਛਪੜ ਲਗੇ ਹੋਏ ਸਨ। ਇਸ ਕਾਲੋਨੀ ਵਿੱਚ ਤਿੰਨ ਸਾਲ ਰਹੇ। ਇਸ ਮਗਰੋ ਅਸੀਂ ਕ੍ਰਿਸ਼ਨ ਨਗਰ, ਅੱਛੀ ਸਾਫ ਸੁਥਰੀ ਕਾਲੋਨੀ ਵਿੱਚ ਆ ਗਏ।

## ਸੇਲਜ਼ ਟੈੱਕਸ ਅਫਸਰ

1960 ਦੇ ਨੇੜੇ ਤੇੜੇ ਦੀ ਗਲ ਹੈ। ਇਕ ਦਿਨ ਸਵੇਰੇ ਸਵੇਰੇ ਇਕ ਉਚਾ ਲੰਮਾ ਪਹਿਲਵਾਨ ਕਿਸਮ ਦਾ ਬੰਦਾ ਸਾਡੇ ਪ੍ਰੈਸ ਵਿੱਚ ਆਇਆ। ਉਸ ਦੇ ਨਾਲ ਹੀ ਉਸ ਦਾ ਚਪੜਾਸੀ ਵੀ ਸੀ। ਉਸ ਨੇ ਸੇਲ ਟੈੱਕਸ ਨਾਲ ਸਬੰਧਤ ਰਜਿਸਟਰ ਮੰਗੇ। ਉਨ੍ਹੀਂ ਦਿਨੀਂ ਸਾਡਾ ਕੰਮ ਕਾਜ ਤਾਂ ਸਿਫਰ ਦੇ ਬਰਾਬਰ ਸੀ। ਅਸੀਂ ਸੇਲਜ਼ ਟੈਕਸ ਦਾ ਨੰਬਰ ਨਹੀਂ ਸੀ ਲਿਆ। ਜਦੋਂ ਉਸ ਨੂੰ ਇਹ ਗਲ ਦਸੀ, ਤਾਂ ਉਹ ਬੜੇ ਗੁੱਸੇ ਨਾਲ ਬੋਲਿਆ, "ਅਗਲੇ ਸੋਮਵਾਰ ਸੇਲਜ਼ ਟੈੱਕਸ ਆਫਿਸ ਆ ਜਾਣਾ। ਨਾਲ ਹੀ ਆਪਣਾ ਖਾਤਾ ਲੈ ਆਉਣਾ। ਜੇ ਇੰਜ ਨਾ ਕੀਤਾ ਗਿਆ, ਤਾਂ ਤੁਹਾਡੇ ਤੇ ਪਿਛਲੇ ਦਸਾਂ ਸਾਲਾਂ ਦਾ ਦੋ ਹਜ਼ਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰੁਪਿਆ ਸਾਲ ਦੇ ਹਿਸਾਬ ਟੈੱਕਸ ਠੋਕ ਦੇਵਾਂਗਾ।''

ਇਹ ਕਹਿ ਕੇ ਉਹ ਚਲਦਾ ਬਣਿਆ। ਇਧਰ ਸਾਡੀ ਹਾਲਤ ਖਰਾਬ ਹੋ ਗਈ। ਕੰਮ ਕਾਜ ਹੈ ਨਹੀਂ। ਕਾਮਿਆਂ, ਸਿਆਹੀ ਤੇ ਪੇਪਰ ਵਾਲਿਆਂ ਨੂੰ ਦੇਣ ਜੋਗੇ ਪੱਲੇ ਪੈਸੇ ਨਹੀਂ। ਜੇ 20 ਹਜ਼ਾਰ ਰੁਪਿਆ ਸੇਲ ਟੈੱਕਸ ਠੁਕ ਗਿਆ, ਤਾਂ ਕੀ ਬਣੇਗਾ? ਪੁਛ ਪੜਤਾਲ ਤੋਂ ਪਤਾ ਲਗਾ, ਕਿ ਇਸ ਅਫਸਰ ਦਾ ਨਾਂ ਸ਼ਹਿਜ਼ਾਦਾ ਹੈ। ਇਹ ਪੀਣ ਪਿਆਣ ਵਾਲਾ ਬੰਦਾ ਹੈ। ਇਸ ਦੇ ਘਰ ਪਹੁੰਚ ਨਕਦ ਨਾਰਾਇਣ ਜਾਂ ਬੋਤਲ ਭੇਟ ਕਰੋ, ਤਾਂ ਹੀ ਇਸ ਨੇ ਤੁਹਾਨੂੰ ਛੱਡਣਾ ਹੈ।

ਸਾਡੇ ਪਾਸ ਨਾ ਨਕਦ-ਨਾਰਾਇਣ, ਨਾ ਬੋਤਲ ਤੇ ਨਾ ਹੀ ਕਿਸੇ ਨੂੰ ਦੇਣ ਦੀ ਜੁਰੱਅਤ ਹੀ ਸੀ। ਪੰਜ ਸਤ ਦਿਨ ਇਸ ਦੌੜ ਧੁੱਪ ਵਿੱਚ ਗੁਜਰ ਗਏ, ਕਿ ਕੀ ਕੀਤਾ ਜਾਵੇ? ਸਨਿਚਰਵਾਰ ਦਾ ਦਿਨ ਸੀ ਤੇ ਸੋਮਵਾਰ ਅਸੀਂ ਸ਼ਹਿਜਾਦੇ ਦੇ ਦਫਤਰ ਪਹੁੰਚਣਾ ਸੀ। ਮੌਜੂਦਾ ਸਥਿਤੀ ਕਾਰਣ ਮਨ ਬੜਾ ਅਸ਼ਾਂਤ ਸੀ। ਕਿਸੇ ਕਿਸੇ ਵੇਲੇ ਛਾਤੀ ਵਿੱਚ ਦਰਦ ਵੀ ਹੋ ਜਾਂਦਾ ਸੀ। ਜਾਪਦਾ ਸੀ ਕਿ ਜੇ ਕੋਈ ਹਲ ਨਾ ਲਭਿਆ, ਤਾਂ ਮਾਨਸਕ ਤੌਰ ਤੇ ਕੋਈ ਅਨ-ਹੋਣੀ ਵਾਪਰ ਸਕਦੀ ਹੈ। ਇਕ ਦੋ ਦਿਨ ਸਥਿਤੀ ਇਸੇ ਤਰ੍ਹਾਂ ਹੀ ਰਹੀ।

ਚਾਂਦਨੀ ਚੌਕ ਲਾਲ ਕਿਲ੍ਹੇ ਦੇ ਚੌਕ ਵਿੱਚ ਖੜੋਤਾ ਹੋਇਆ ਮੈਂ ਆਪਣੇ ਇਕ ਮਿੱਤਰ ਸ੍ਰ: ਹਰਬੰਸ ਸਿੰਘ ਨਾਲ ਗਲ ਕਰ ਰਿਹਾ ਸੀ, ਤਾਂ ਉਸ ਨੂੰ ਇਕ ਦਮ ਯਾਦ ਆਇਆ, ਕਿ ਇਕ ਸ਼ਰੀਫ਼ ਤੇ ਨੇਕ ਸੇਲਜ਼ ਟੈੱਕਸ ਅਫਸਰ ਉਸ ਦੀ ਜਾਣ ਪਛਾਣ ਦਾ ਹੈ। ਉਸ ਨੇ ਆਪਣੀ ਯਾਦ ਸ਼ਕਤੀ ਤੇ ਜ਼ੋਰ ਪਾ ਕੇ ਦਸਿਆ, ਕਿ ਉਸ ਨੇ ਮੈਨੂੰ ਸਾਲ ਪਹਿਲਾਂ ਕਸ਼ਮੀਰੀ ਗੇਟ ਡਾਕਖਾਨੇ ਦੇ ਨਾਲ ਕਰ ਕੇ ਆਪਣੀ ਰਿਹਾਇਸ਼ ਦਸੀ ਸੀ। ਕਿਉਂ ਨਾ ਉਸ ਦੀ ਸਲਾਹ ਲੈਣ ਚਲੀਏ?''

ਅਸੀਂ ਦੋਵੇਂ ਡਾਕਖਾਨੇ ਵਲ ਤੁਰ ਪਏ। ਰਾਹ ਵਿੱਚ ਮੇਰੇ ਮਿੱਤਰ ਨੇ ਦਸਿਆ, ਕਿ ਉਹ ਪੰਡਤ ਜੀ ਬੜੇ ਦਿਆਨਤਦਾਰ ਅਤੇ ਭਗਵਾਨ ਦੇ ਭਗਤ ਹਨ। ਅਜ ਤੋਂ ਕਈ ਸਾਲ ਪਹਿਲਾਂ ਸ਼ਰਨਾਰਥੀਆਂ ਨੂੰ ਕਰਜ਼ ਦੇਣ ਵਾਲੇ ਮਹਿਕਮੇ ਵਿੱਚ ਅਫਸਰ ਸਨ। ਕਿਸੇ ਬੰਦੇ ਨੇ ਇਨ੍ਹਾਂ ਨੂੰ ਫਸਾ ਦਿਤਾ। ਦੋ ਸਾਲ ਇਹ ਸਸਪੈਂਡ ਰਹੇ। ਉਸ ਮਗਰੋਂ ਉਹ ਸਾਫ ਬਰੀ ਹੋ ਗਏ। ਉਨ੍ਹਾਂ ਨੂੰ ਹੁਣ ਇਸ ਮਹਿਕਮੇਂ ਵਿੱਚ ਅਫਸਰ ਬਣਾ ਦਿਤਾ ਗਿਆ ਹੈ।

ਮੇਰਾ ਮਿੱਤਰ ਦੱਸ ਰਿਹਾ ਸੀ, ''ਜਦੋਂ ਪੰਡਤ ਜੀ ਸਸਪੈਂਡ ਸਨ ਤਾਂ ਕਦੀ ਕਦੀ ਮੈਂ ਉਨ੍ਹਾਂ ਦੇ ਘਰ ਬੈਠ ਪਾਠ ਕਰ ਕੇ ਅਰਦਾਸ ਕਰਦਾ, ''ਹੇ ਪ੍ਰਭੂ! ਤੇਰੇ ਭਗਤ ਦਾ ਵਾਲ ਵੀ ਵਿੰਗਾ ਨਹੀਂ ਹੋਣਾ ਚਾਹੀਦਾ।'' ਅਖੀਰ ਔਖੀ ਘੜੀ ਟਲ ਗਈ। ਉਨ੍ਹਾਂ ਦਿਨਾਂ ਤੋਂ ਮੇਰੀ ਪੰਡਤ ਜੀ ਨਾਲ ਜਾਣ ਪਛਾਣ ਵਧ ਕੇ ਦੋਸਤੀ ਦੀ ਹੱਦ ਤੀਕ ਜਾ ਪੁਜੀ ਹੈ।''

ਗਲਾਂ ਕਰਦੇ ਹੀ ਸਾਂ, ਕਿ ਪੰਡਤ ਜੀ ਦਾ ਮਕਾਨ ਆ ਗਿਆ। ਪੱਤਾ ਲੱਗਾ, ਹਾਲੀ ਉਹ ਪੂਜਾ ਪਾਠ ਵਿੱਚ ਲਗੇ ਹੋਏ ਹਨ, ਪੰਜ ਸਤ ਮਿੰਟ ਵਿੱਚ ਡਰਾਇੰਗ ਰੂਮ ਵਿੱਚ ਆ ਜਾਣਗੇ।

ਕੁਝ ਮਿੰਟਾਂ ਤੱਕ ਪੰਡਤ ਜੀ ਆ ਗਏ। ਬੜੇ ਪਿਆਰ ਨਾਲ ਸਾਨੂੰ ਮਿਲੇ। ਚਾਹ ਦਾ ਆਰਡਰ ਦੇ ਦਿਤਾ। ਦੁਖ ਸੁਖ ਦੀਆਂ ਗੱਲਾਂ ਹੁੰਦੀਆਂ ਰਹੀਆਂ। ਅਖੀਰ ਮੇਰੇ ਦੋਸਤ ਨੇ ਮੇਰੀ ਜਾਣ ਪਛਾਣ ਕਰਾਈ। ਉਨ੍ਹਾਂ ਨੂੰ ਸ਼ਹਿਜ਼ਾਦਾ, ਸੇਲਜ਼ ਟੈਕਸ ਅਫਸਰ ਦੀ ਆਮਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦਾ ਸਾਰਾ ਕਿੱਸਾ ਸੁਣਾਇਆ ਤੇ ਕਿਹਾ. ''ਪੰਡਤ ਜੀ! ਮੇਰੇ ਮਿੱਤਰ ਦੀ ਆਰਥਕ ਹਾਲਤ ਅਗੇ ਹੀ ਬੜੀ ਡਾਵਾਂਡੋਲ ਹੈ। ਉਪਰੋਂ ਇਹ ਸ਼ਿਕਰਾ ਇਨ੍ਹਾਂ ਦਾ ਰਹਿੰਦਾ ਖੂੰਹਦਾ ਮਾਸ ਵੀ ਨੋਚਣ ਆ ਗਿਆ ਹੈ। ਇਸ ਸਮੱਸਿਆ ਦਾ ਕੁਝ ਬਾਨਣੂ ਬੰਨ੍ਹਣਾ ਚਾਹੀਦਾ ਹੈ।''

ਮੈਂ ਚਾਹ ਦੀ ਪਿਆਲੀ ਆਪਣੇ ਲਬਾਂ ਨਾਲ ਲਾਈ ਹੋਈ ਸੀ. ਪਰ ਮੇਰੇ ਅੰਦਰ ਚਾਹ ਦਾ ਘੁੱਟ ਨਹੀਂ ਸੀ ਜਾ ਰਿਹਾ। ਉਧਰ ਪੰਡਤ ਜੀ ਮੇਰੇ ਮਿੱਤਰ ਨਾਲ ਹੱਸ ਹੱਸ ਗੱਲਾਂ ਕਰ ਰਹੇ ਸਨ। ਅਖੀਰ ਉਨ੍ਹਾਂ ਵਿਦਾ ਕਰਦਿਆਂ ਸਾਨੂੰ ਕਿਹਾ. ''ਤੁਸੀਂ ਦੋਵੇਂ ਸੋਮਵਾਰ ਸਵੇਰੇ 9 ਵਜੇ ਮੇਰੇ ਦਫਤਰ ਆ ਜਾਵੋ। ਸਭ ਕੁਝ ਠੀਕ ਹੋ ਜਾਵੇਗਾ। ਫਿਕਰ ਚਿੰਤਾ ਦੀ ਕੋਈ ਗਲ ਨਹੀਂ।''

ਪੰਡਤ ਜੀ ਦੀ ਗਲ ਸੁਣ, ਇਕ ਦਮ ਮੇਰੇ ਸੀਨੇ ਤੋਂ ਭਾਰੀ ਪੱਥਰ ਲਥ ਗਿਆ। ਮੇਰੇ ਕਲੇਜੇ ਵਿੱਚ ਹੋ ਰਿਹਾ ਦਰਦ ਗ਼ਾਇਬ ਹੋ ਗਿਆ, ਪਰ ਮੈਂ ਆਪਣੇ ਦੋਸਤ ਨੂੰ ਇਹ ਖਦਸ਼ਾ ਜ਼ਾਹਿਰ ਕੀਤਾ. ਕਿ ਇਹ ਕੰਮ ਇੰਨਾਂ ਸਾਧਾਰਣ ਨਹੀਂ ਜਿੰਨਾਂ ਪੰਡਤ ਜੀ ਨੇ ਦਸਿਆ ਹੈ।

ਮੇਰੇ ਮਿੱਤਰ ਨੇ ਮੈਨੂੰ ਤਸਲੀ ਦਿਤੀ. ਤੇ ਕਿਹਾ, ''ਪੰਡਤ ਜੀ ਦੀ ਪਹੁੰਚ ਬਹੁਤ ਉਪਰ ਤੱਕ ਹੈ। ਇਹ ਬੜੇ ਸ਼ਰੀਫ ਲੋਕ ਹਿਤੂ, ਨੇਕ ਦਿਲ ਤੇ ਸਾਧੂ ਬਿਰਤੀ ਦੇ ਸਜਣ ਪੁਰਸ਼ ਹਨ। ਸੋ ਸਭ ਕੁਝ ਠੀਕ ਹੋ ਜਾਇਗਾ।''

ਸੋਮਵਾਰ ਸਵੇਰੇ 9 ਵਜੇ ਮੈਂ ਆਪਣੇ ਮਿੱਤਰ ਨੂੰ ਨਾਲ ਲੈ ਕੇ ਪੰਡਤ ਜੀ ਦੇ ਦਫਤਰ ਜਾ ਪੁੱਜਾ। ਉਹ ਸਾਨੂੰ ਨਾਲ ਲੈ ਕੇ ਸ਼ਹਿਜ਼ਾਦਾ ਸਾਹਿਬ ਦੇ ਦਫਤਰ ਜਾ ਪਹੁੰਚੇ। ਸਾਨੂੰ ਦੋਹਾਂ ਨੂੰ ਬਾਹਰ ਖੜਾ ਕਰ ਕੇ ਆਪ ਉਹ ਸ਼ਹਿਜ਼ਾਦੇ ਨਾਲ ਗਲ ਕਰ ਕੇ ਛਿੰਨਾਂ ਪਲਾਂ ਵਿੱਚ ਬਾਹਰ ਆ ਗਏ। ਸਾਨੂੰ ਸ਼ਹਿਜਾਦੇ ਦੇ ਦਫਤਰ ਅੰਦਰ ਭੇਜ ਕੇ ਆਪ ਆਪਣੇ ਦਫਤਰ ਵਲ ਤੁਰ ਪਏ।

ਅਸੀਂ ਦੋਵੇਂ ਸ਼ਹਿਜ਼ਾਦੇ ਨੂੰ ਨਮਸਕਾਰ ਕਰ ਕੇ ਕੁਰਸੀਆਂ ਤੇ ਬੈਠ ਗਏ। ਇਸ ਘੜੀ ਉਸ ਦੀ ਹਾਲਤ ਇਕ ਖੰਭ ਝੜੇ ਪੰਛੀ ਵਰਗੀ ਸੀ। ਪਹਿਲਾਂ ਵਾਲੀ ਆਕੜ ਤੇ ਸ਼ਿਕਰੇ ਵਾਲੀਆਂ ਖੂਨੀ ਅੱਖਾਂ ਵਿੱਚ ਨਿਮਰਤਾ ਭਰੀ ਹੋਈ ਸੀ। ਬੜੇ ਨਰਮ ਲਹਿਜੇ ਵਿੱਚ ਉਹ ਕਹਿਣ ਲੱਗਾ ''ਸਰਦਾਰ ਜੀ! ਮੈਂ ਪੰਡਤ ਜੀ ਦਾ ਕਹਿਣਾ ਨਹੀਂ ਮੋੜ ਸਕਦਾ। ਤੁਸੀਂ ਦਸੋ ਕਿਸ ਤਰ੍ਹਾਂ ਕੀਤਾ ਜਾਵੇ?'' ਇਸ ਤੋਂ ਬਾਅਦ ਉਸ ਆਪ ਹੀ ਇਕ ਚਿੱਠਾ ਤਿਆਰ ਕੀਤਾ. ਜਿਸ ਦੀ ਰੂਹ ਨਾਲ ਉਸ ਨੇ ਸਾਡੇ ਤੇ ਪਿਛਲੇ ਦੋ ਸਾਲਾਂ ਦਾ 150/- ਰੁਪਏ ਦੇ ਲਗਭਗ ਸੇਲ ਟੈੱਕਸ ਲਾ ਦਿਤਾ। ਅਗੋਂ ਲਈ ਹਿਸਾਬ ਕਿਤਾਬ ਰਖਣ ਲਈ ਕਹਿ ਦਿਤਾ। ਨਾਲ ਹੀ ਉਸ ਕਿਹਾ, ਕਿ ਇਸ ਸਬੰਧ ਵਿੱਚ ਤੁਹਾਨੂੰ ਛੇਤੀ ਹੀ ਸਾਡੇ ਦਫਤਰੋਂ ਨੋਟਸ ਘਲਿਆ ਜਾਵੇਗਾ। ਤੁਸੀਂ ਆਪਣੀ ਪ੍ਰਵਾਨਗੀ ਦੀ ਚਿੱਠੀ ਲਿਖ ਕੇ ਜਵਾਬ ਦੇ ਦੇਣਾ. ਤੇ ਨਾਲ ਹੀ ਪੈਸੇ ਜਮ੍ਹਾਂ ਕਰਵਾ ਦੇਣਾ। ਇਸ ਤਰ੍ਹਾਂ ਤੁਹਾਡੀ ਚਿੱਠੀ ਦਾਖਲ ਦਫਤਰ ਹੋ ਜਾਵੇਗੀ, ਤੇ ਮਾਮਲਾ ਖਤਮ ਹੋ ਜਾਵੇਗਾ।

ਸ਼ਹਿਜ਼ਾਦੇ ਦਾ ਫੈਸਲਾ ਸੁਣ ਅਸੀਂ ਉਸ ਦਾ ਧੰਨਵਾਦ ਕੀਤਾ ਤੇ ਪੰਡਤ ਜੀ ਦੇ ਦਫਤਰ ਵਿੱਚ ਪਹੁੰਚ ਉਨ੍ਹਾਂ ਤੋਂ ਸ਼ਹਿਜ਼ਾਦੇ ਦੇ ਇਸ ਨਰਮ ਵਤੀਰੇ ਦਾ ਕਾਰਣ ਪੁਛਿਆ। ਉਹ ਮੁਸਕਰਾ ਕੇ ਬੋਲੇ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



"ਸ਼ਹਿਜ਼ਾਦਾ ਆਪਣੀਆਂ ਕਰਤੂਤਾਂ ਕਾਰਣ ਕਈ ਕੇਸਾਂ ਵਿੱਚ ਫਸ ਗਿਆ ਸੀ। ਇਸ ਨੂੰ ਮੈਂ ਬੜੀਆਂ ਮੁਸ਼ਕਲਾਂ ਨਾਲ ਉਨ੍ਹਾਂ ਕੇਸਾਂ 'ਚੋਂ ਬਚਾਇਆ, ਪਰ ਇਹ ਸ਼ਖਸ ਹਾਲੀ ਵੀ ਮਾੜੇ ਕੰਮਾਂ ਤੋਂ ਬਾਜ਼ ਨਹੀਂ ਆਂਦਾ।"

ਅਸੀਂ ਪੰਡਤ ਜੀ ਦਾ ਧੰਨਵਾਦ ਕਰ ਕੇ ਵਾਪਸ ਆ ਗਏ। ਇਸ ਮਗਰੋਂ ਸਾਨੂੰ ਸੇਲਜ਼ ਟੈਕਸ ਤੇ ਇਨਕਮ ਟੈਕਸ ਅਫਸਰ ਹਮੇਸ਼ਾ ਹੀ ਬੜੇ ਸ਼ਰੀਫ ਨੇਕ ਤੇ ਚੰਗੇ ਸੁਭਾਅ ਵਾਲੇ ਮਿਲਦੇ ਰਹੇ।

## ਅਜ਼ਾਦੀ ਦਾ ਘੁਲਾਟੀਆ – ਹਕੀਮ ਮੰਨਾ ਸਿੰਘ

ਸੰਨ 1955 ਨੂੰ ਮੈਂ ਮਹਿਰੌਲੀ ਛਡ ਕੇ ਆਪਣੇ ਮਿੱਤਰ ਮਾਸਟਰ ਹਰਬੰਸ ਸਿੰਘ ਹੋਰਾਂ ਦੀ ਪ੍ਰੇਰਨਾ ਨਾਲ ਗਾਂਧੀ ਨਗਰ ਆ ਗਿਆ। ਕੁਝ ਸਾਲ ਗਾਂਧੀ ਨਗਰ ਰਿਹਾਇਸ਼ ਰਖਣ ਮਗਰੋਂ ਕ੍ਰਿਸ਼ਨਾ ਨਗਰ ਇਕ ਕਿਰਾਏ ਦੇ ਮਕਾਨ ਵਿੱਚ ਆ ਟਿਕਿਆ। ਇੰਨ੍ਹੀਂ ਦਿਨੀਂ ਜਦੋਂ ਮੈਂ ਗਾਂਧੀ ਨਗਰ ਦੀ ਮੁਖ ਰੋਡ ਤੋਂ ਲੰਘ ਰਿਹਾ ਸੀ, ਤਾਂ ਘਾਹ ਮੰਡੀ ਵਿੱਚ ਘਾਹ ਦੀਆਂ ਪੰਡਾਂ ਦੇ ਵਿੱਚਕਾਰ ਇਕ ਜਾਣੀ ਪਛਾਣੀ ਸੂਰਤ ਵੇਖੀ। ਨੇੜੇ ਜਾ ਕੇ ਵੇਖਿਆ ਤਾਂ ਇਹ ਹਕੀਮ ਮਨਾ ਸਿੰਘ ਸੀ। ਹਕੀਮ ਮਨਾ ਸਿੰਘ ਦੇਸ਼ ਵੰਡ ਤੀਕ ਪੰਜਾਬ ਵਿੱਚ ਹੋ ਰਹੇ ਰਾਜਸੀ ਜਲਸਿਆਂ ਦੀ ਜਿੰਦ ਜਾਨ ਹੋਇਆ ਕਰਦਾ ਸੀ। ਉਚਾ ਲੰਮਾ ਕਦ ਖਦਰ ਦਾ ਕੁਰਤਾ-ਪਜਾਮਾ ਤੇ ਸਿਰ ਤੇ ਖਦਰ ਦੀ ਚਿਟੀ ਦਸਤਾਰ। ਜਦੋਂ ਤਰੱਨਮ ਨਾਲ ਉਹ ਦੇਸ਼ ਭਗਤੀ ਦੇ ਗੀਤ ਤੇ ਨਜ਼ਮਾਂ ਗਾ ਕੇ ਪੜ੍ਹਦਾ, ਤਾਂ ਲੋਕੀ ਮੁਗਧ ਹੋ ਕੇ ਸੁਣਦੇ। ਵਡੇ ਵਡੇ ਨੇਤਾ ਜਦੋਂ ਪੰਜਾਬ ਪਧਾਰਦੇ, ਤਾਂ ਉਨ੍ਹਾਂ ਜਲਸਿਆਂ ਵਿੱਚ ਹਕੀਮ ਮਨਾ ਸਿੰਘ ਨੂੰ ਜ਼ਰੂਰ ਯਾਦ ਕੀਤਾ ਜਾਂਦਾ। ਆਪਣੀਆਂ ਰਾਜਸੀ ਕਵਿਤਾਵਾਂ ਸੁਣਾ ਸੁਣਾ ਉਹ ਅੰਗ੍ਰੇਜ਼ੀ ਸ਼ਾਸਕਾਂ ਤੇ ਟੋਡੀਆਂ - ਦੀ ਖੂਬ ਮਿਟੀ ਪਲੀਤ ਕਰਦਾ। ਕਈ ਵਾਰ ਉਸ ਨੇ ਕੈਦ ਕਟੀ। ਰਿਹਾ ਹੋ ਉਹ ਫ਼ਿਰ ਰਾਜਸੀ ਜਲਸਿਆਂ ਦਾ ਸ਼ਿੰਗਾਰ ਬਣ ਜਾਂਦਾ।

ਪਰ ਅਜ ਮੈਂ ਉਸ ਨੂੰ ਘਾਹ ਮੰਡੀ ਵਿੱਚ, ਫਟੀ ਹੋਈ ਪਗੜੀ, ਤੇ ਮੈਲਾ ਜਿਹਾ ਲੰਮਾਂ ਕੁਰਤਾ ਤੇ ਕੱਛਾ ਪਹਿਨੀ ਵੇਖ ਦੰਗ ਰਹਿ ਗਿਆ। ਪੁਛਣ ਤੇ ਉਸ ਨੇ ਦਸਿਆ, "ਵੀਰ! ਆਪਣਾ ਸਭ ਕੁਝ ਪਾਕਿਸਤਾਨ ਰਹਿ ਗਿਆ ਹੈ। ਪਰਿਵਾਰ 'ਚੋਂ ਕੁਝ ਬੰਦੇ ਉਥੇ ਮਾਰੇ ਗਏ ਹਨ, ਤੇ ਬਾਕੀਆਂ ਦਾ ਕੋਈ ਪਤਾ ਨਹੀਂ। ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਬਚਦਾ ਬਚਾਂਦਾ ਦਿੱਲੀ ਪੁਜਿਆ ਹਾਂ। ਕਿਸੇ ਨੇਕ ਬੰਦੇ ਨੇ ਰਿਹਾਇਸ਼ ਲਈ ਪਨਾਹ ਦਿਤੀ ਹੈ। ਸਵੇਰ ਸਾਰ ਉਠ ਕੇ ਰੰਬਾ ਫੜ ਦੂਰ ਦੁਰਾਡੇ ਦੀ ਚਰਾਗਾਹ ਤੋਂ ਘਾਹ ਕਟ ਲਿਆਦਾਂ ਹਾਂ। ਚਾਰ ਆਨੇ ਤੋਂ ਘਾਹ ਦੀ ਇਕ ਪਿੰਡ ਵਿਕ ਜਾਂਦੀ ਹੈ। ਦੋ ਪੰਡਾਂ ਨਾਲ ਮਾੜੀ ਮੋਟੀ ਰੋਟੀ ਤੁਰ ਜਾਂਦੀ ਹੈ।"

"ਤੇ ਉਹ ਤਰੱਨਮ ਨਾਲ ਗਾਏ ਗੀਤ ਤੇ ਸ਼ਿਅਰੋ-ਸ਼ਾਇਰੀ ਦਾ ਕੀ ਬਣਿਆ, ਮਨਾ ਸਿੰਘ ਜੀ?" ਮੈਂ ਹੈਰਾਨ ਹੋ ਕੇ ਪੁਛਿਆ

"ਸਰਦਾਰ ਸਾਹਿਬ! ਜਿਧਰ ਗਈਆਂ ਬੇੜੀਆਂ ਉਧਰ ਗਏ ਮਲਾਹ! ਦੇਸ਼ ਨੂੰ ਆਜ਼ਾਦੀ ਮਿਲ ਗਈ। ਅਸੀਂ ਆਜ਼ਾਦੀ ਦੀ ਖਾਤਰ ਆਪਣਾ ਸਭ ਕੁਝ ਨਿਛਾਵਰ ਕਰ ਦਿਤਾ। ਕੋਈ ਗਲ੍ਹ ਨਹੀਂ, ਦੇਸ਼ ਨੇ ਸਾਨੂੰ ਭੁਲਾ ਦਿਤਾ ਹੈ। ਅਸੀਂ ਤਾਂ ਭਾਰਤ ਮਾਤਾ ਨੂੰ ਆਜ਼ਾਦ ਕਰਾਣ ਲਈ ਕੁਰਬਾਨੀਆਂ ਦਿਤੀਆਂ ਸਨ। ਹੁਣ ਸਾਡੀ ਗੁਲਾਮ ਮਾਂ ਆਜ਼ਾਦ ਹੋ ਗਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਹੈ। ਇਹੀ ਬੜੀ ਪ੍ਰਾਪਤੀ ਹੈ। ਅਲਾ ਅਲਾ ਖ਼ੈਰ ਸਲਾਹ . . .

ਹਕੀਮ ਮਨਾ ਸਿੰਘ ਦੀ ਗਲ ਸੁਣ ਮੇਰੀਆਂ ਅੱਖਾਂ 'ਚੋਂ ਆਂਸੂ ਨਿਕਲ ਆਏ। ਮੈਂ ਉਸ ਨਾਲ ਅੱਖਾਂ ਨਾ ਮਿਲਾ ਸਕਿਆ। ਆਪਣੀ ਸਾਈਕਲ ਧਰੂੰਹਦਾ ਗ਼ਮ ਵਿੱਚ ਗਲਤਾਨ ਅਗੇ ਨਿਕਲ ਗਿਆ।

ਸਾਲ ਕੁ ਮਗਰੋਂ ਰਾਵਲਪਿੰਡੀ ਦੇ ਇਕ ਕਾਮਰੇਡ ਨੇ ਦਸਿਆ ਕਿ ਹਕੀਮ ਮਨਾ ਸਿੰਘ ਦੀ ਇਸ ਦੁਰਦਸ਼ਾ ਦਾ ਜਦੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨੂੰ ਪਤਾ ਲਗਾ, ਤਾਂ ਉਸ ਨੇ ਮੁੜ ਵਸਾਊ ਮਹਿਕਮੇ ਨੂੰ ਉਸ ਦੀ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਕਹਿ ਦਿਤਾ, ਤੇ ਨਾਲ ਹੀ ਉਸ ਦੇ ਗੁਜ਼ਾਰੇ ਲਈ ਪ੍ਰਧਾਨ ਮੰਤਰੀ ਫੰਡ 'ਚੋਂ ਪੈਨਸ਼ਨ ਬੰਨ੍ਹ ਦਿਤੀ।

ਇਹ ਖਬਰ ਸੁਣ ਮੈਨੂੰ ਬੜੀ ਖੁਸ਼ੀ ਹੋਈ।

## ਚਾਂਦਨੀ ਚੌਕ

ਉਨ੍ਹੀਂ ਦਿਨੀਂ ਸਾਡੇ ਪ੍ਰੈਸ ਵਿੱਚ ਘਟ ਹੀ ਕੋਈ ਕੰਮ ਆਉਂਦਾ। ਪੰਜਾਬੀ ਕਿਤਾਬਾਂ ਨੂੰ ਤਾਂ ਕੋਈ ਪੁਛਦਾ ਹੀ ਨਾ। ਮੈਨੂੰ ਯਾਦ ਹੈ, ਕਿ ਸਖਤ ਗਰਮੀਆਂ ਦੇ ਦਿਨਾਂ ਵਿੱਚ ਮੇਰੇ ਪਾਸ ਇਕ ਟੁੱਟਾ ਭਜਾ ਰੂੜੀ ਮਾਰਕਾ ਟੇਬਲ ਫੈਨ ਸੀ, ਜੋ ਪ੍ਰੈਸ ਕਾਮਿਆਂ ਦੇ ਪਸੀਨੇ ਸੁਕਾਂਦਾ ਰਹਿੰਦਾ, ਤੇ ਮੈਂ ਚਾਂਦਨੀ ਚੌਕ ਵਿੱਚ ਆਪਣੇ ਦਫਤਰ ਵਿੱਚ ਗੱਤੇ ਦੀ ਪੱਖੀ ਝਲਦਾ ਮਖੀਆਂ ਮਾਰਦਾ ਰਹਿੰਦਾ। ਜੇ ਕੋਈ ਗਾਹਕ ਆਇਆ। ਉਸ ਨੇ ਲੈਟਰ ਪੈਡ ਛਪਾਣਾ ਹੁੰਦਾ, ਕਿਸੇ ਹੋਰ ਨੇ ਬਿਲ ਬੁਕ ਜਾਂ ਕੈਸ਼ ਮੀਮੋ ਛਪਾਉਣਾ ਹੁੰਦਾ, ਤਾਂ ਇਨ੍ਹਾਂ ਤਿੰਨ-ਚਾਰ ਚੀਜ਼ਾਂ ਨੂੰ ਇਕੱਠਿਆਂ ਫਰਮੇਂ ਵਿੱਚ ਕਸ ਕੇ ਮੈਂ ਆਪਣੇ ਮੋਢੇ ਤੇ ਚੁੱਕ ਲਾਜਪਤ ਮਾਰਕੀਟ ਵਿੱਚ ਦਸ-ਪੰਦਰਾਂ ਦੀ ਛੋਟੀ ਮਸ਼ੀਨ ਤੇ ਛਪਣ ਲਈ ਲੈ ਜਾਂਦਾ।

ਜਦੋਂ, ਚਾਂਦਨੀ ਚੌਕ ਵਿੱਚ ਬੈਠੇ ਸ਼ਰਨਾਰਥੀਆਂ ਨੂੰ ਵਖੋ ਵਖ ਕਾਲੋਨੀਆਂ ਵਿੱਚ ਘਰ ਤੇ ਦੁਕਾਨਾਂ ਅਲਾਟ ਹੋ ਗਈਆਂ। ਸਾਰਾ ਚਾਂਦਨੀ ਚੌਕ ਸਾਫ ਹੋ ਗਿਆ। ਸਾਰੇ ਬਾਜ਼ਾਰ ਵਿੱਚ ਬੇਰੌਣਕੀ ਹੋ ਗਈ। ਹੁਣ ਇਥੇ ਸਿਰਫ ਆਈਸ ਕਰੀਮਾਂ ਜਾਂ ਹਲਵੇ ਦੀਆਂ ਹੀ ਰੇਹੜੀਆਂ ਰਹਿ ਗਈਆਂ। ਗੁਰਦੁਆਰਾ ਸੀਸ ਗੰਜ ਵਿੱਚ ਮੱਥਾ ਟੇਕਣ ਆਏ ਲੋਕੀ ਇਨ੍ਹਾਂ ਹਲਵੇ ਦੀਆਂ ਰੇਹੜੀਆਂ ਤੋਂ ਦੇਸੀ ਘਿਓ ਦੇ ਕੜਾਹ ਚਾਰ ਆਨੇ ਫੀ ਛਟਾਂਕ ਲੈ ਕੇ ਛਕਦੇ। ਕੜਾਹ ਵਿੱਚ ਬਦਾਮਾਂ ਦੀਆਂ ਗਿਰੀਆਂ, ਖਾਜਾ ਤੇ ਸੌਂਗੀ ਵੀ ਹੁੰਦੀ। ਇਨ੍ਹਾਂ ਦੋ-ਤਿੰਨ ਰੇਹੜੀਆ ਦਾ ਮਾਲਕ ਗਿਆਨੀ ਤੀਰਥ ਸਿੰਘ ਸੀ। ਉਸ ਦੇ ਕੜਾਹ ਦਾ ਨਾਂ 'ਗਿਆਨੀ ਹਲਵਾ' ਪ੍ਰਸਿੱਧ ਸੀ। ਲੋਕੀ ਦੂਰੋਂ ਦੂਰੋਂ ਆਉਂਦੇ। ਗਿਆਨੀ ਹਲਵਾ ਛਕ ਕੇ ਮੁੱਛਾਂ ਤੇ ਹਥ ਫੇਰਦੇ ਤੇ ਵਾਹ ਵਾਹ ਕਰਦੇ ਚਲੇ ਜਾਂਦੇ।

ਗਿਆਨੀ ਦੇ ਇਕ ਕਰਿੰਦੇ ਨੇ ਗਿਆਨੀ ਦੀ ਰੇਹੜੀ ਛੱਡ ਕੇ ਆਪਣੀ ਨਵੀਂ ਹਲਵੇ ਦੀ ਰੇਹੜੀ ਬਣਾ ਲਈ। ਉਸ ਨੇ ਆਪਣੀ ਰੇਹੜੀ ਦਾ ਬੋਰਡ ਤੇ 'ਮਹਾਂ ਗਿਆਨੀ ਹਲਵਾ' ਲਿਖਾ ਦਿਤਾ। ਉਸ ਦਾ ਵੀ ਕੰਮ ਵਾਹ ਵਾਹ ਚਲ ਪਿਆ। ਉਸ ਨੂੰ ਵੇਖ ਕੁਝ ਹੋਰ ਰੇਹੜੀਆਂ ਵੀ ਉਥੇ ਆ ਗਈਆਂ। ਉਹ 'ਗਿਆਨੀ' ਤੇ 'ਮਹਾਂ ਗਿਆਨੀ ਹਲਵੇ' ਦੀ ਥਾਂ 'ਅਗਿਆਨੀ' ਹਲਵਾ ਵੇਚਣ ਲਗ ਪਏ।

ਉਨ੍ਹੀਂ ਦਿਨੀਂ ਸਾਡੇ ਵਾਲੇ ਪਾਸੇ ਚਾਂਦਨੀ ਚੌਕ ਵਿੱਚ ਲਾਲ ਕਿਲ੍ਹੇ ਵਲ ਜਾਣ ਵਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੋਈ ਵਿਰਲਾ ਹੀ ਬੰਦਾ ਨਜ਼ਰ ਆਉਂਦਾ। ਅਸੀਂ ਸਾਰਾ ਦਿਨ ਗਾਹਕ ਕੀ, ਕਿਸੇ ਬੰਦੇ ਦੀ ਸ਼ਕਲ ਵੇਖਣ ਲਈ ਵੀ ਤਰਸਦੇ ਰਹਿੰਦੇ ਸਾਂ। ਕੋਈ ਕਿਸਮਤ ਦਾ ਮਾਰਿਆ ਜਾਣ ਪਛਾਣ ਵਾਲਾ ਬੰਦਾ ਹੁੰਦਾ। ਕੋਈ ਸਟੇਜੀ ਕਵੀ ਜਾਂ ਕਹਾਣੀਕਾਰ ਆ ਟਪਕਦਾ, ਤਾਂ ਉਸ ਨਾਲ ਗਪਸ਼ਪ ਚਲਦੀ ਰਹਿੰਦੀ। ਇਸ ਤਰ੍ਹਾਂ ਹੀ ਇਹ ਪਹਾੜ ਜਿਡਾ ਦਿਨ ਗੁਜ਼ਰ ਜਾਂਦਾ।

ਇਹ ਚਾਂਦਨੀ ਚੌਕ ਉਹੀ ਸੀ, ਜਿਥੇ ਬਜ਼ਾਰ ਦੇ ਦੋਹੀਂ ਪਾਸੀਂ ਵਡੀਆਂ ਵਡੀਆਂ ਦੁਕਾਨਾਂ ਤੇ ਸਟੋਰਾਂ ਦੇ ਅਗੇ ਸ਼ਰਨਾਰਥੀ ਦੁਕਾਨਦਾਰ ਬੈਠ ਕੇ ਥੋਕ ਵਿੱਚ ਲਿਆਂਦਾ ਮਾਲ, ਚੀਨੀ, ਆਟਾ, ਦਾਲਾਂ ਆਦਿ ਥੋਕ ਦੇ ਭਾਅ ਹੀ ਵੇਚ ਦਿਤਾ ਕਰਦੇ ਸਨ। ਗਾਹਕਾਂ ਦੀ ਭਰਮਾਰ ਤੇ ਗਹਿਮਾ ਗਹਿਮੀ ਸੀ। ਇਸੇ ਚਾਂਦਨੀ ਚੌਕ ਵਿੱਚੋਂ ਅੱਜ ਤੋਂ ਇਕ ਸਦੀ ਪਹਿਲਾਂ, ਬਾੜਾ ਹਿੰਦੂ ਰਾਓ ਤੋਂ ਲੈ ਕੇ ਫਤਹਿਪੁਰੀ, ਲਾਲ ਕੂਆਂ, ਜਾਮਾ ਮਸਜਿਦ, ਐਸਪਲੇਨੇਡ ਰੋਡ ਤੋਂ ਹੁੰਦੀ ਹੋਈ ਟਰੈਮ, ਮੁੜ ਬਾੜਾ ਹਿੰਦੂ ਰਾਓ, ਸਦਰ ਬਜ਼ਾਰ ਤੀਕ ਜਾ ਪੁਜਦੀ ਸੀ। ਇਹ ਉਹੀ ਚਾਂਦਨੀ ਚੌਕ ਹੈ, ਜਿਸ ਦੇ ਨਾਲ ਮੁਗਲ ਬਾਦਸ਼ਾਹ ਜਹਾਨ ਨੇ ਵਸਾਈ ਦਿੱਲੀ, ਸ਼ਾਹਜਹਾਨ ਨਾਂ ਤੇ ਸ਼ਾਹਜਹਾਨਾਬਾਦ ਰਖਿਆ ਸੀ। ਬਾਜ਼ਾਰ ਦੇ ਵਿਚਕਾਰ ਕਰ ਕੇ ਸੀਤਲ ਜਲ ਦੀ ਨਹਿਰ ਹੁੰਦੀ ਸੀ। ਜਿਸ ਦੇ ਸਾਫ ਸਫਾ ਪਾਣੀ 'ਚੋਂ ਸ਼ੁਕੀਨ ਮਾਝੇ, ਗਾਮੇ, ਰੰਗੀਨ ਤਬੀਅਤ ਦੇ ਬਟੇਰ ਬਾਜ਼, ਪਤੰਗ ਬਾਜ਼, ਕਬੂਤਰ ਬਾਜ਼ ਤੇ ਗੁਲੀ ਡੰਡਾ ਖੇਡਣ ਤੇ ਵੇਹਲੀਆਂ ਗਪਾਂ ਹਾਂਕਣ ਵਾਲੇ ਬਾਂਕੇ ਆਪਣੇ ਪਟਿਆਂ ਤੇ ਖੁਸ਼ਬੂਆਂ ਬਖੇਰਦੇ ਹੋਏ ਆਪਣੇ ਚੰਨ ਜਿਹੇ ਚੇਹਰੇ ਵੇਖਦੇ ਸਨ।

ਗਰਮੀਆਂ ਵਿੱਚ ਇਸ ਨਹਿਰ ਦੇ ਦੋਹੀਂ ਪਾਸੀਂ ਮਾਸ਼ਕੀ ਪਾਣੀ ਤਰੌਂਕਿਆ ਕਰਦੇ ਸਨ। ਨੌਜੁਆਨ ਅਤੇ ਸ਼ੁਕੀਨ ਬੰਦੇ ਤਰ੍ਹਾਂ ਤਰ੍ਹਾਂ ਦੀਆਂ ਪੁਸ਼ਾਕਾਂ ਪਹਿਨ ਕੇ ਮਟਰ ਗਸ਼ਤੀ ਕਰਦੇ ਸਨ, ਤੇ ਆਣ-ਜਾਣ ਵਾਲੀਆਂ ਹੁਸਨਮਤੀਆਂ ਯੁਵਤੀਆਂ ਨੂੰ ਘੂਰਿਆ ਕਰਦੇ ਸਨ। ਇਸੇ ਚਾਂਦਨੀ ਚੌਕ ਵਿੱਚ ਲਖਨਊ ਦੇ ਬਾਂਕੇ ਆਪਣੇ ਵਿਸ਼ੇਸ਼ ਲਿਬਾਸ ਨਾਲ ਅਵਾਰਾ-ਗਰਦੀ ਕਰਦੇ ਸਨ। ਇਨ੍ਹਾਂ ਸਭ ਬਾਂਕਿਆ ਦੇ ਬਸਤਰ ਵਖ-ਵਖ ਕਿਸਮ ਦੇ, ਇਕ ਦੂਜੇ ਨਾਲੋਂ ਵਿਲੱਖਣ ਹੁੰਦੇ ਸਨ। ਪਜਾਮੇ ਦਾ ਜੇ ਇਕ ਪੌਂਚਾ ਧਰਤੀ ਨੂੰ ਛੂੰਹਦਾ ਸੀ, ਤਾਂ ਦੂਜਾ ਗੋਡੇ ਤਕ ਜਾ ਪੁਜਦਾ ਸੀ। ਇਕ ਤਲਵਾਰ ਗਾਤਰੇ ਵਿੱਚ ਲਟਕੀ ਹੋਈ ਧਰਤੀ ਨੂੰ ਛੂੰਹਦੀ ਤਾਂ ਦੂਜੀ ਅਕਾਸ਼ ਵੱਲ ਖੜੀ ਹੁੰਦੀ। ਪਗੜੀ ਦਾ ਇਕ ਤੁਰਾ ਪਗੜੀ ਤੋਂ ਇਕ ਫੁਟ ਉਚਾ ਖੜੋਤਾ ਹੁੰਦਾ, ਤਾਂ ਦੂਜਾ ਸੀਨੇ ਵਲ ਲਟਕਿਆ ਹੁੰਦਾ। ਮਜਾਲ ਹੈ, ਕੋਈ ਲੰਘਦਾ ਰਾਹੀ ਇਨ੍ਹਾਂ ਬਾਂਕਿਆਂ ਨਾਲ ਨੋਕ-ਝੋਕ ਕਰ ਜਾਂਦਾ, ਤਾਂ ਉਸ ਦੀ ਖੈਰ ਨਹੀਂ ਸੀ ਹੁੰਦੀ।

ਇਹ ਉਹੀ ਚਾਂਦਨੀ ਚੌਕ ਸੀ, ਜਿਸ ਤੇ ਪਿਛਲੀਆਂ ਕਈ ਸਦੀਆਂ ਤੋਂ ਕਈ ਰੰਗੀਨ ਬਹਾਰਾਂ ਆਈਆਂ, ਪਰ ਅਜ ਇਸ ਤੇ ਪਤਝੜ ਛਾਈ ਹੋਈ ਸੀ।

ਸੰਨ 1950 ਤੋਂ ਅਸੀਂ ਛਾਪੇਖਾਨੇ ਤੇ ਪ੍ਰਕਾਸ਼ਨ ਦਾ ਕੰਮ ਅਰੰਭਿਆ ਸੀ। ਨਾ ਕੋਈ ਛਾਪੇਖਾਨੇ ਵਿੱਚ ਲਾਹੇਵੰਦ ਕੰਮ ਆਉਂਦਾ, ਨਾ ਕਿਤਾਬਾਂ ਦੀ ਵਿਕਰੀ ਹੁੰਦੀ। ਇਸ ਛਾਪੇ-ਖਾਨੇ ਦੀ ਦੁਕਾਨ ਮੈਂ ਆਪਣੇ ਇਕ ਮਿੱਤਰ ਤੋਂ ਖ੍ਰੀਦੀ ਸੀ। ਜਿਸ ਨੇ ਦੁਕਾਨ ਵਿੱਚ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਟੁੱਟੇ ਫੁੱਟੇ ਫਰਨੀਚਰ ਦੀ ਕੀਮਤ 1200 ਰੁਪਏ ਮੰਗੀ ਸੀ। ਉਸ ਮਿੱਤਰ ਨੂੰ ਮੈਂ 1200 ਰੁਪਏ ਦਾ ਚੈਕ ਪੇਸ਼ਗੀ ਦੇ ਦਿਤਾ ਸੀ, ਜੋ ਇਕ ਹਫਤੇ ਮਗਰੋਂ ਕੈਸ਼ ਹੋਣਾ ਸੀ। ਆਪਣੇ ਪਾਸ ਤਾਂ ਪੈਸੇ ਵਲੋਂ ਸਦਾ ਵਾਂਗ ਕੜਕੀ ਹੀ ਰਹਿੰਦੀ ਸੀ। ਕੁਝ ਦੋਸਤਾਂ ਮਿੱਤਰਾਂ ਕੋਲੋਂ ਉਧਾਰ ਫੜ ਕੇ ਜਦੋਂ ਮੈਂ ਸਵੇਰੇ 9 ਵਜੇ ਮਿਥੀ ਤ੍ਰੀਕ ਤੇ ਬੈਂਕ ਵਿੱਚ ਪੈਸੇ ਜਮ੍ਹਾਂ ਕਰਾਣ ਗਿਆ, ਤਾਂ ਮੇਰੀ ਜਾਣ-ਪਛਾਣ ਦੇ ਇਕ ਕਰਮਚਾਰੀ ਨੇ ਮੈਨੂੰ ਦਸਿਆ, ਕਿ ਤੁਹਾਡਾ ਦੋਸਤ ਬੈਂਕ ਖੁਲ੍ਹਣ ਤੋਂ ਪਹਿਲਾਂ ਹੀ ਚੈਕ ਕੈਸ਼ ਕਰਾਣ ਆ ਗਿਆ ਸੀ। ਤੇ ਹੁਣ 10 ਮਿੰਟ ਬਾਅਦ ਉਸ ਨੇ ਫਿਰ ਆਣਾ ਹੈ। ਸੋ ਮੈਂ 1200 ਰੁਪਿਆ ਜਮ੍ਹਾਂ ਕਰਵਾ ਕੇ ਉਸ ਦੋਸਤ ਤੋਂ ਮੁਕਤ ਹੋਇਆ, ਪਰ ਉਸ ਦੋਸਤ ਦਾ ਸਾਰੀ ਉਮਰ ਇਹੀ ਗਿਲਾ ਰਿਹਾ, ਕਿ ਤੁਹਾਨੂੰ ਸਵੇਰੇ 9 ਵਜੇ ਬੈਂਕ ਖੁਲ੍ਹਣ ਤੋਂ ਪਹਿਲਾਂ ਹੀ ਇਹ ਰਕਮ ਜਮ੍ਹਾਂ ਕਰਵਾਣੀ ਚਾਹੀਦੀ ਸੀ।

ਦੁਕਾਨ ਦੀ ਸਾਡੇ ਨਾਂ ਅਲਾਟਮੈਂਟ ਲਾਲ ਕਿਲ੍ਹੇ ਦੇ ਦਫਤਰ ਵਲੋਂ ਹੋਈ ਸੀ। ਉਨੀਂ ਦਿਨੀਂ ਡਾ: ਰੰਧਾਵਾ ਸਾਹਿਬ ਜੋ ਦਿੱਲੀ ਦੇ ਭੂਤਪੂਰਵ ਡਿਪਟੀ ਕਮਿਸ਼ਨਰ ਸਨ, ਦਾ ਤਬਾਦਲਾ ਪੰਜਾਬ ਹੋ ਚੁੱਕਾ ਸੀ। ਪੰਜਾਬ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਇਕ ਜੱਜ ਮਿੱਤਰ ਨੂੰ ਮੇਰੀ ਸਿਫਾਰਸ਼ ਕਰ ਦਿਤੀ ਸੀ। ਜਦੋਂ ਮੈਂ ਉਸ ਜੱਜ ਕੋਲ ਪੁਜਾ, ਤਾਂ ਉਹ ਕਹਿਣ ਲੱਗਾ, ''ਅਜ ਸ਼ਾਮੀਂ ਚਾਰ ਵਜੇ ਮੇਰੇ ਦਫਤਰ ਆ ਜਾਓ। ਇਕੱਠੇ ਲਾਲ ਕਿਲ੍ਹੇ ਦੇ ਅਲਾਟਮੈਂਟ ਆਫਿਸ ਚਲਾਂਗੇ। ਤੁਹਾਡਾ ਕੰਮ ਅਵੱਸ਼ ਹੋ ਜਾਵੇਗਾ।'' ਮੈਂ ਉਨ੍ਹਾਂ ਨੂੰ ਬੇਨਤੀ ਕੀਤੀ, ਕਿ ਅਜ ਦੀ ਬਜਾਏ ਕਲ ਕਿਉਂ ਨਾ ਲਾਲ ਕਿਲ੍ਹੇ ਦੇ ਦਫਤਰ ਚਲੀਏ?

ਉਹ ਸਜਣ ਮੁਸਕਰਾਏ ਤੇ ਕਹਿਣ ਲਗੇ, ''ਤੁਹਾਨੂੰ ਇਕ ਦੁਕਾਨ ਦੀ ਅਲਾਟਮੈਂਟ ਅਜ ਹੋਣੀ ਹੈ, ਤੇ ਤੁਸੀਂ ਇਸ ਨੂੰ ਟਾਲ ਕੇ ਕਲ ਤੇ ਪਾ ਰਹੇ ਹੋ। ਲੋਕੀ ਤਾਂ ਤਰਸਦੇ ਹਨ, ਕਿ ਇਹ ਕੰਮ ਹੁਣੇ ਤੇ ਇਸੇ ਘੜੀ ਹੋਣਾ ਚਾਹੀਦਾ ਹੈ।''

ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਸ਼ਾਮੀਂ ਚਾਰ ਵਜੇ ਉਨ੍ਹਾਂ ਦੇ ਦਫਤਰ ਪਹੁੰਚ ਗਿਆ। ਉਨ੍ਹਾਂ ਮੇਰੇ ਨਾਲ ਲਾਲ ਕਿਲ੍ਹੇ ਦੇ ਦਫਤਰ ਜਾ ਕੇ ਛਿਣਾਂ ਪਲਾਂ ਵਿੱਚ ਇਹ ਦੁਕਾਨ ਮੇਰੇ ਨਾਂ ਅਲਾਟ ਕਰਾ ਦਿਤੀ।

ਕੈਸੇ ਭਲੇ ਸਮੇਂ ਸਨ ਉਹ, ਤੇ ਕਿਹੋ ਜਿਹੇ ਉਹ ਸੱਜਣ ਪੁਰਸ਼ ਸਨ, ਜੋ ਬਿਨਾਂ ਕਿਸੇ ਤਰ੍ਹਾਂ ਦੇ ਲਾਲਚ ਦੇ ਦੂਜਿਆਂ ਦੇ ਕੰਮ ਆਉਣ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ।

ਇਸ ਤਰ੍ਹਾਂ ਸਾਡਾ ਪ੍ਰੈਸ ਤੇ ਦੁਕਾਨ ਦਾ ਕੰਮ ਹੌਲੀ ਹੌਲੀ ਰਿੜਨਾ ਸ਼ੁਰੂ ਹੋ ਗਿਆ। ਹਰ ਸਾਲ ਕਿਸੇ ਮਿੱਤਰ ਤੋਂ ਕਰਜ਼ਾ ਲੈ ਕੇ ਇਸ ਕਾਰਜ ਵਿੱਚ ਪਾਣਾ ਪੈਂਦਾ, ਤਾਂ ਗੱਡੀ ਅਗਾਹਾਂ ਚਲਦੀ, ਕਿਸੇ ਦਿਨ ਆਪਣੇ ਘਰ ਦੇ ਖਰਚ ਲਈ ਜੇਬ ਵਿੱਚ ਕੇਵਲ ਪੰਜ ਰੁਪਏ ਹੀ ਹੁੰਦੇ, ਤਾਂ ਘਰ ਜਾਣ ਤੋਂ ਪਹਿਲਾਂ ਕਿਸੇ ਕਾਮੇ ਨੇ ਪੰਜ ਰੁਪੈ ਮੰਗ ਲਏ, ਤਾਂ ਖਾਲੀ ਖੀਸੇ ਹੀ ਅਸੀਂ ਘਰ ਜਾ ਪਹੁੰਚੇ।

## ਸ਼ਾਹਜਹਾਨਾ ਬਾਦ

ਪੁਰਾਣੀ ਦਿੱਲੀ ਨੇ, ਸੰਨ 1947-48 ਵਿੱਚ ਪਾਕਿਸਤਾਨ ਤੋਂ ਧਕਦੇ ਧਿਕਾਂਦੇ ਸ਼ਰਨਾਰਥੀਆਂ ਦੇ ਇਥੇ ਆ ਕੇ ਡੇਰੇ ਡਾਲ ਦੇਣ ਤੋਂ ਪਹਿਲਾਂ, ਬੜੇ ਰੰਗ ਵੇਖੇ। ਮੁਗਲਾਂ ਦੇ ਜ਼ਮਾਨੇ ਤੋਂ ਪਹਿਲਾਂ ਵੀ ਦਿੱਲੀ ਨੇ ਕਈ ਇਨਕਲਾਬ ਵੇਖੇ। ਕਈ ਵਾਰ ਤਾਂ ਅਜਿਹਾ ਵੀ ਹੋਇਆ ਕਿ ਲੁਟੇਰਿਆਂ ਨੇ ਪਿਛਲੇ ਬਾਦਸ਼ਾਹਾਂ ਦੀ ਰਾਜਧਾਨੀ, ਰਾਜ ਮਹੱਲ ਤੇ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਅਮਾਰਤਾਂ ਆਦਿ ਨੂੰ ਢਾਹ ਢੇਰੀ ਕਰ ਕੇ-ਉਤੇ ਖੇਤਿਆਂ ਰਾਹੀਂ ਹਲ ਚਲਾ ਦਿਤੇ। ਪਿਛਲੇ ਬਾਦਸ਼ਾਹਾਂ ਦੇ ਸਮੇਂ ਦੇ ਸਭ ਨਿਸ਼ਾਨ ਪੁਰਾਣੀ ਦਿੱਲੀ ਤੇ ਨਾਂ ਨਿਸ਼ਾਨ ਮਿਟਾ ਕੇ ਉਸ ਤੇ ਨਵੀਆ ਇਮਾਰਤਾਂ ਉਸਾਰ ਦਿਤੀਆਂ ਗਈਆ। ਤੁਰਕਾਂ ਤੇ ਪਠਾਣਾਂ ਦੇ ਸਮੇਂ ਤੋਂ ਹੀ ਦਿੱਲੀ ਕੋਮਾਤਰੀ ਸ਼ਹਿਰ ਗਰਦਾਨਿਆ ਜਾਦਾ ਸੀ। ਇਥੇ ਈਰਾਨੀਆਂ ਤੇ ਕਾਬਲੀਆਂ ਦੇ ਵਖਰੇ ਵਖਰੇ ਮਹਲੇ ਆਬਾਦ ਸਨ। ਸ਼ਾਹਜਹਾਨ ਨੂੰ ਨਵੀਆਂ ਤੇ ਖ਼ੂਬਸੂਰਤ ਇਮਾਰਤਾਂ ਉਸਾਰਨ ਦਾ ਬੜਾ ਸ਼ੌਕ ਸੀ। ਉਸ ਨੇ ਸ਼ਾਹਜਹਾਨਾਬਾਦ ਵਿਖੇ ਬਾਦਸ਼ਾਹ. ਅਮੀਰਾਂ ਤੇ ਵਜ਼ੀਰਾਂ ਲਈ ਬੜੇ ਸੁਦੰਰ ਮਹਲ ਬਣਾਏ। ਅਮੀਰਾਂ ਦੀਆਂ ਬੜੀਆਂ ਲੰਮੀਆਂ ਚੌੜੀਆਂ ਹਵੇਲੀਆਂ ਉਸਰ ਗਈਆਂ। ਖੁਲ੍ਹੀਆਂ ਸਾਫ ਸੁਥਰੀਆਂ ਸੜਕਾਂ ਬੜੇ ਸੁੰਦਰ ਫੁੱਲਾਂ ਦੀਆਂ ਆਕਰਸ਼ਕ ਕਿਆਰੀਆਂ - ਘਾਹ ਦੇ ਕਿਤੇ ਤੇ ਵਿਸ਼ਾਲ ਬਾਗ ਬਣਾਏ ਗਏ। ਨਹਿਰਾਂ ਕਢੀਆਂ ਗਈਆਂ। ਹੌਜ਼ ਬਣਵਾਏ ਗਏ। ਸ਼ਹਿਰ ਦੀ ਚਾਰ ਦੀਵਾਰੀ. ਵਡੇ ਵਡੇ ਦਰਵਾਜ਼ੇ. ਸੁੰਦਰ ਮਹੱਲ. ਚੌਂਕ. ਕੂਚੇ ਤੇ ਬਾਜ਼ਾਰ ਬਣੇ-ਕਈ ਵਾਰ ਜ਼ਮਾਨੇ ਦੇ ਇਨਕਲਾਬ ਸਮੇਂ ਦਿੱਲੀ ਉਸਰੀ ਤੇ ਮਿੱਟੀ ਦੀ ਢੇਰੀ ਹੋ ਗਈ।

ਸ਼ਾਹਜਹਾਨ ਨੂੰ. ਆਪਣੀ ਪਿਆਰੀ ਦਿੱਲੀ. ਸ਼ਾਹਜਹਾਨਾਬਾਦ ਨੂੰ ਵਸਾਇਆਂ ਕੁਝ ਸਾਲ ਹੀ ਬੀਤੇ ਸਨ. ਕਿ ਹਵਾ ਦਾ ਰੁਖ ਬਦਲ ਗਿਆ। ਔਰੰਗਜ਼ੇਬ ਨੇ ਆਪਣੇ ਬੀਮਾਰ ਪਿਤਾ ਸ਼ਾਹਜਹਾਨ ਨੂੰ ਉਸ ਦੇ ਆਪਣੇ ਉਸਾਰੇ ਤਾਜਮਹੱਲ ਦੇ ਨੇੜੇ ਹੀ ਲਾਲ ਕਿਲਾ ਆਗਰੇ ਵਿੱਚ ਕੈਦ ਕਰ ਦਿਤਾ। ਮਹੀਉੱਦੀਨ ਔਰੰਗਜ਼ੇਬ ਸ਼ਹਿਨਸ਼ਾਹ ਆਲਮਗੀਰ ਦੇ ਨਾਂ ਤੇ ਖੁਤਬਾ ਪੜ੍ਹਿਆ ਗਿਆ। ਔਰੰਗਜ਼ੇਬ ਦੇ ਨਾਂ ਦਾ ਸਿੱਕਾ ਜਾਰੀ ਹੋਇਆ. ਪਰ ਇਸੇ ਬਾਦਸ਼ਾਹ ਦੇ ਸਮੇਂ ਜੋ ਜ਼ੁਲਮ ਹੋਏ. ਉਨ੍ਹਾਂ ਨੂੰ ਇਤਿਹਾਸ ਵਿੱਚ ਕਾਲਾ ਯੁੱਗ ਕਰਾਰ ਦਿਤਾ ਗਿਆ। ਇਸ ਦੇ ਸਮੇਂ ਹੀ ਸਿੱਖਾਂ ਦੇ ਨਾਵੇਂ ਗੁਰੂ. ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਕ ਕੋਤਵਾਲੀ ਸਾਹਮਣੇ ਸ਼ਹੀਦ ਕੀਤਾ ਗਿਆ। ਮੁਸਲਮਾਣ ਪੀਰ ਮੁਹੰਮਦ ਸਰਮਦ ਨੂੰ ਔਰਗਜ਼ੇਬ ਦੇ ਹੁਕਮ ਨਾਲ ਸੰਗਸਾਰ ਕੀਤਾ ਗਿਆ।

ਔਰੰਗਜ਼ੇਬ ਦੇ ਸਮੇਂ ਤੋਂ ਹੀ ਮੁਗਲਾਂ ਦਾ ਰਾਜ ਢਹਿੰਦੀਆਂ ਕਲਾਂ ਵਿੱਚ ਜਾਣ ਲਗ ਪਿਆ। ਔਰੰਗਜ਼ੇਬ ਦੀ ਮੌਤ ਮਗਰੋਂ ਮੁਗਲ ਰਾਜ ਦੀਆਂ ਜੜਾਂ. ਖੋਖਲੀਆਂ ਹੋਣੀਆਂ ਸ਼ੁਰੂ ਹੋ ਗਈਆਂ। ਮੁਹੰਮਦ ਮੁਅਜ਼ਮ ਸ਼ਾਹ ਬਹਾਦਰ ਸ਼ਾਹ ਤੋਂ ਲੈ ਕੇ ਬਹਾਦਰ ਸ਼ਾਹ 'ਜ਼ਫਰ' ਤੀਕ ਦਸ ਮੁਗਲ ਬਾਦਸ਼ਾਹਾਂ ਨੇ ਹਿੰਦੁਸਤਾਨ ਤੇ ਰਾਜ ਕੀਤਾ। ਇਨ੍ਹਾਂ 'ਚੋਂ ਛੇ ਬਾਦਸ਼ਾਹ. ਕੁਝ ਸਾਲ ਜਾਂ ਕੁਝ ਮਹੀਨੇ ਹੀ ਰਾਜ ਸਿੰਘਾਸਨ ਤੇ ਬੈਠ ਸਕੇ। ਬਾਕੀ ਚਾਰ ਬਾਦਸ਼ਾਹਾਂ ਨੇ ਕਾਫੀ ਸਮਾ ਤਾਜ ਤਖਤ ਸੰਭਾਲਿਆ। ਪਰ ਇਨ੍ਹਾਂ 'ਚੋਂ ਕੋਈ ਇਕ ਵੀ ਕੰਮ ਦਾ ਨਾ ਨਿਕਲਿਆ। ਇਹ ਸਭ ਮਿੱਟੀ ਦੇ ਮਾਧੋ ਹੀ ਸਨ।

ਫਰਖ਼ਸੀਅਰ ਦੇ ਸਮੇਂ ਸਾਦਾਤ ਲੋਕ ਇੰਨਾ ਜ਼ੋਰ ਪਕੜ ਗਏ ਕਿ ਜਿਸ ਨੂੰ ਉਹ ਚਾਹੁੰਦੇ ਦਿੱਲੀ ਦੇ ਤਖਤ ਤੇ ਬਿਠਾ ਦੇਂਦੇ। ਜਿਸ ਨੂੰ ਚਾਹੁਣ ਘੜੀਆਂ ਪਲਾਂ ਵਿੱਚ ਤਖਤੋਂ ਉਤਾਰ ਸੁਟਦੇ ਜਾਂ ਮੌਤ ਦੇ ਘਾਟ ਉਤਾਰ ਦੇਂਦੇ। ਕੁਝ ਸਾਲਾਂ ਮਗਰੋਂ ਫਰਖ਼ਸੀਅਰ ਨੂੰ ਅੰਨ੍ਹਿਆਂ ਕਰ ਦਿਤਾ ਗਿਆ. ਤੇ ਮਗਰੋਂ ਉਸ ਨੂੰ ਕਤਲ ਕਰ ਦਿਤਾ ਗਿਆ। ਕੇਵਲ ਸਤਾਂ ਮਹੀਨਿਆਂ ਵਿੱਚ ਚਾਰ ਬਾਦਸ਼ਾਹ ਤਖਤ ਤੇ ਬੈਠੇ। ਇਨ੍ਹਾਂ 'ਚੋਂ ਆਖਰੀ ਚੌਥੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਦੇ ਸਮੇਂ ਹੀ ਲੁਟੇਰੇ ਨਾਦਰ ਸ਼ਾਹ ਨੇ ਦਿੱਲੀ ਤੇ ਹਮਲਾ ਬੋਲਿਆ। ਦਿੱਲੀ ਦੀ ਕਿਸਮਤ ਵਿੱਚ ਕਤਲ-ਖ਼ੂਨ. ਲੁਟ ਮਾਰ ਤੇ ਕਿਆਮਤ ਬਰਪਾ ਹੋ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੁਗਲ ਬਾਦਸ਼ਾਹਾਂ ਦਾ ਖਜ਼ਾਨਾ. ਕੀਮਤੀ ਹੀਰੇ ਮੋਤੀ. ਜਵਾਹਰਾਤ ਤੇ ਮੁਗਲਾਂ ਦਾ ਤਖਤ ਤਾਊਸ. ਕਈ ਹਜ਼ਾਰ ਕੀਮਤੀ ਸਾਮਾਨ ਨਾਲ ਲਦੇ ਹਾਥੀ. ਊਠ. ਘੋੜੇ. ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਭੇਡਾ ਬਕਰੀਆਂ ਵਾਂਗ ਧਕਦਿਆਂ ਹੋਇਆਂ ਅਪਣੇ ਵਤਨ ਵਲ ਤੁਰ ਪਿਆ। ਪੰਜਾਬ ਪੁਜਣ ਤੇ ਇਕ ਰਾਤ ਸਿੱਖ ਜਥਿਆਂ ਨੇ ਛਾਪਾ ਮਾਰ ਕੇ. ਬਹੁਤ ਸਾਰੇ ਲੁਟ ਦੇ ਮਾਲ ਤੇ ਗੁਲਾਮ ਇਸਤ੍ਰੀਆਂ ਮਰਦ ਛੁੜਾ ਕੇ - ਨਾਦਰ ਸ਼ਾਹ ਦੇ ਲੁਟੇ ਹੋਏ ਮਾਲ ਨੂੰ ਹੋਲਾ ਕਰ ਦਿਤਾ।

ਨਾਦਰ ਸ਼ਾਹ ਦੀ ਲੁਟ ਮਾਰ ਮਗਰੋਂ ਮੁਹੰਮਦ ਸ਼ਾਹ ਰੰਗੀਲਾ ਇਸੇ ਗ਼ਮ ਵਿੱਚ ਮਰ ਗਿਆ। ਉਸ ਦੀ ਮੌਤ ਮਗਰੋਂ ਉਸ ਦਾ ਪੁੱਤਰ ਅਹਿਮਦ ਸ਼ਾਹ ਤਖਤ ਤੇ ਬੈਠਾ। ਇਸ ਮਗਰੋਂ ਮੁਗਲ ਰਾਜ ਢਹਿੰਦੀਆਂ ਕਲਾਂ ਵਿੱਚ ਜਾ ਡਿਗਾ। ਸਾਰੇ ਸੂਬੇ ਬਾਗੀ ਹੋ ਗਏ। ਦਿੱਲੀ ਲੁਟਣ ਲਈ ਲੁਟੇਰਿਆਂ ਨੇ ਲਕ ਬੰਨ੍ਹ ਲਿਆ। ਖਾਲੀ ਮੈਦਾਨ ਵੇਖ ਰੁਹੇਲਿਆਂ ਨੇ ਤਾਕਤ ਫੜਨੀ ਅਰੰਭ ਕਰ ਦਿਤੀ। ਅਹਿਮਦ ਸ਼ਾਹ ਨੇ ਮਰਹੱਟਿਆਂ ਤੇ ਜਾਟਾਂ ਤੋਂ ਮਦਦ ਮੰਗੀ। ਜਾਟ ਤੇ ਮਰਹੱਟੇ ਆਪੋ ਵਿੱਚ ਮਿਲ ਗਏ। ਉਨ੍ਹਾਂ ਨੇ ਦਿੱਲੀ ਦੀ ਇੱਟ ਨਾਲ ਇੱਟ ਵਜਾ ਦਿਤੀ। ਇਹ ਹਾਲਤ ਵੇਖ ਵਿਦੇਸ਼ੀ ਲੁਟੇਰੇ ਅਹਿਮਦ ਸ਼ਾਹ ਅਬਦਾਲੀ ਨੇ ਥੋੜੀ ਥੋੜੀ ਦੇਰ ਮਗਰੋਂ ਦਿੱਲੀ ਤੇ ਕਈ ਹਲੇ ਬੋਲੇ। ਨਾਦਰ ਸ਼ਾਹ ਤੋਂ ਬਚ ਗਈ ਦਿੱਲੀ ਨੂੰ ਬਾਰ ਬਾਰ ਅਬਦਾਲੀ ਨੇ ਲੁਟਿਆ ਤੇ ਬਰਬਾਦ ਕੀਤਾ।

ਸ਼ਾਹ ਆਲਮ ਦੇ ਸਮੇਂ ਪੰਜਾਬ ਦੀ ਹਕੂਮਤ ਕਮਜ਼ੋਰ ਹੋ ਗਈ। ਸਿੱਖ ਜ਼ੋਰ ਪਕੜਦੇ ਗਏ। ਸਿੱਖ ਮਿਸਲਾਂ ਨੇ ਆਪਣੇ ਇਲਾਕੇ ਮਲ ਕੇ ਮੁਗਲ ਹਕੂਮਤ ਨੂੰ ਹੋਰ ਕਮਜ਼ੋਰ ਕਰ ਦਿਤਾ।

ਹਕੂਮਤ ਦੀ ਵਾਗ ਡੋਰ ਸੰਭਾਲਣ ਲਈ ਸ਼ਾਹ ਆਲਮ ਦੇ ਜ਼ਮਾਨੇ ਵਿੱਚ ਗ਼ੁਲਾਮ ਕਾਦਰ ਰੁਹੇਲਾ ਨਾਂ ਦੇ ਲੁਟੇਰੇ ਨੇ ਦਿੱਲੀ ਤੇ ਤਖਤ ਕਬਜ਼ਾ ਕਰ ਲਿਆ। ਉਸ ਨੇ ਸ਼ਾਹ ਆਲਮ ਨੂੰ ਅੰਨ੍ਹਾ ਕਰ ਦਿਤਾ। ਦਿੱਲੀ ਤੇ ਦਿੱਲੀ ਵਾਲਿਆਂ ਤੇ ਉਸ ਨੇ ਰਜ ਕੇ ਜ਼ੁਲਮ ਢਾਹੇ। ਹਰਮ ਦੀਆਂ ਬੇਗਮਾਂ ਤੇ ਸਹਿਜ਼ਾਦੀਆਂ. ਜਿਨ੍ਹਾਂ ਨੇ ਬੇਗਮ ਸੂਰਜ ਦਾ ਚਾਨਣ ਵੀ ਨਹੀਂ ਸੀ ਵੇਖਿਆ. ਰਜ ਕੇ ਬੇਹੁਰਮਤੀ ਕੀਤੀ ਗਈ। ਕਈ ਦਿਨ ਉਨ੍ਹਾਂ ਨੂੰ ਭੁਖਿਆਂ ਰਖਿਆ ਗਿਆ ਤਾਂ ਜੋ ਸ਼ਾਹੀ ਖ਼ਜ਼ਾਨੇ ਦੀ ਸੂਹ ਦੇ ਸਕਣ। ਦਿੱਲੀ ਤੇ ਆਈ ਇਸ ਆਫਤ ਸਮੇਂ ਕਈ ਪਰਿਵਾਰ ਦਿੱਲੀ ਛਡ ਕੇ ਹਿਜਰਤ ਕਰ ਗਏ। ਹਜ਼ਾਰਾਂ ਮਾਰੇ ਤੇ ਲੁਟੇ ਪੁਟੇ ਗਏ। ਹਿਜਰਤ ਕਰਨ ਵਾਲਿਆਂ ਨੂੰ ਕਿਧਰੇ ਢੋਈ ਨਾ ਮਿਲੀ। ਉਹ ਮੁੜ ਦਿੱਲੀ ਦੀ ਪਨਾਹ ਹੇਠਾਂ ਆ ਗਏ।

ਉਨ੍ਹੀਂ ਦਿਨੀਂ ਅਕਬਰ ਸ਼ਾਹ ਸਾਨੀ. ਨਾਂ ਦਾ ਹੀ ਬਾਦਸ਼ਾਹ ਸੀ। ਉਸ ਸਮੇਂ ਦਿੱਲੀ ਤੇ ਰਾਜ ਕਰਨ ਵਾਲਾ ਕੋਈ ਜਬਰਦਸਤ ਹੁਕਮਰਾਨ ਨਹੀਂ ਸੀ ਰਹਿ ਗਿਆ। ਇਸੇ ਸਮੇਂ ਦਿੱਲੀ ਦੀ ਹਕੂਮਤ ਦੀ ਕਮਜ਼ੋਰੀ ਤੋਂ ਫਾਇਦਾ ਉਠਾ ਕੇ ਸਿੱਖਾਂ ਦਿੱਲੀ ਤੇ ਧਾਵਾ ਬੋਲ ਦਿਤਾ। ਮਾਰਚ 1783 ਵਿੱਚ ਸ੍ਰ. ਬਘੇਲ ਸਿੰਘ ਦੀ ਕਮਾਨ ਹੇਠ 30 ਹਜ਼ਾਰ ਸਿੱਖ ਘੋੜ ਸਵਾਰਾਂ ਨੇ ਦਿੱਲੀ ਤੇ ਕਬਜ਼ਾ ਕਰ ਲਿਆ। ਉਸ ਸਮੇਂ ਮੁਗਲ ਹਕੂਮਤ ਦੀ ਸ਼ਕਤੀ ਖੇਰੂੰ ਖੇਰੂੰ ਹੋ ਚੁਕੀ ਸੀ। ਸਾਰਾ ਭਾਰਤ ਵਖੋ ਵਖ ਸੂਬਿਆਂ. ਰੁਹੇਲਿਆਂ. ਜਾਟਾਂ. ਮਰਹਟਿਆਂ ਤੇ ਸਿੱਖਾਂ ਵਿੱਚ ਵੰਡਿਆ ਹੋਇਆ ਸੀ। ਇਸੇ ਲਈ ਦਿੱਲੀ ਤੇ ਕਬਜ਼ਾ ਕਰਨ ਵਿੱਚ ਸਿੱਖਾਂ ਦੇ ਰਾਹ ਵਿੱਚ ਕੋਈ ਰੁਕਾਵਟ ਨਾ ਖੜੇ ਸਕੀ। ਇਨ੍ਹਾਂ ਮੌਜੂਦਾ ਤੀਸ ਹਜ਼ਾਰੀ ਵਾਲੀ ਥਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤੇ ਆਪਣੀ ਛਾਵਣੀ ਪਾਈ। ਖਾਲਸਾ ਫ਼ੌਜ ਦੀ ਤੀਹ ਹਜ਼ਾਰ ਗਿਣਤੀ ਕਾਰਣ ਹੀ ਇਸ ਇਲਾਕੇ ਦਾ ਨਾਂ 'ਤੀਸ ਹਜ਼ਾਰੀ' ਪੈ ਗਿਆ। ਸਭ ਤੋਂ ਪਹਿਲਾਂ ਸ੍ਰ: ਬਘੇਲ ਸਿੰਘ ਨੇ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਦੀ ਯਾਦ ਵਿੱਚ ਤੇਲੀ ਵਾੜੇ ਵਿਖੇ ਗੁਰਦਵਾਰਾ ਬਣਵਾਇਆ। ਮਗਰੋਂ ਗੁ: ਬੰਗਲਾ ਸਾਹਿਬ, ਗੁਰਦਵਾਰਾ ਬਾਲਾ ਸਾਹਿਬ, ਗੁ: ਸੀਸ ਗੰਜ ਤੇ ਗੁਰਦਵਾਰਾ ਰਕਾਬ ਗੰਜ ਆਦਿ ਇਤਿਹਾਸਕ ਅਸਥਾਨਾਂ ਤੇ ਸਿੱਖਾਂ ਨੇ ਆਪਣੇ ਝੰਡੇ ਲਹਿਰਾਏ। ਸਾਰੀ ਦਿੱਲੀ ਵਿੱਚ ਆਪਣੀ ਹਕੂਮਤ ਬਹਾਲ ਕਰ ਕੇ ਸ੍ਰ: ਬਘੇਲ ਸਿੰਘ ਆਪਣੇ ਛੋਟੇ ਜੇਹੇ ਦਸਤੇ ਨੂੰ ਦਿੱਲੀ ਛਡ, ਅੰਮ੍ਰਿਤਸਰ ਦੀਵਾਲੀ ਮਨਾਣ ਤੁਰ ਗਏ। ਸਿੱਖ ਪੰਜਾਬ ਦੇ ਲੜਾਈ ਝਗੜਿਆਂ ਵਿੱਚ ਐਸੇ ਫਸੇ ਕਿ ਮੁੜ ਉਹ ਦਿੱਲੀ ਨਾ ਪਰਤ ਸਕੇ।

ਅਕਬਰ ਸ਼ਾਹ ਸਾਨੀ ਜਾਟਾਂ ਦੇ ਹਮਲਿਆਂ ਤੋਂ ਤੰਗ ਆ ਗਿਆ। ਵਾਰ ਵਾਰ ਦੀਆਂ ਲੁਟਾਂ ਮਗਰੋਂ ਬੇਚਾਰਗੀ ਦੇ ਆਲਮ ਵਿੱਚ ਉਸ ਨੇ ਅੰਗ੍ਰੇਜ਼ੀ ਕੰਪਨੀ ਅਗੇ ਗੋਡੇ ਟੇਕ ਦਿਤੇ। ਇਕ ਦਿਨ ਅਕਬਰ ਸ਼ਾਹ ਦੀ ਇਕ ਸੁੰਦਰ ਬੇਗਮ ਮੁਮਤਾਜ਼ ਮਹੱਲ ਦੇ ਇਕ ਲਾਡਲੇ ਬੇਟੇ ਮਿਰਜ਼ਾ ਜਹਾਂਗੀਰ ਨੇ ਇਕ ਅੰਗ੍ਰੇਜ਼ ਅਫਸਰ ਨਾਲ ਮਜ਼ਾਕ ਕੀਤਾ, ਤੇ ਮਗਰੋਂ ਉਸ ਨੂੰ ਇਕ ਜ਼ੋਰ ਦੀ ਥਪੜ ਜੜ ਦਿਤਾ। ਅੰਗ੍ਰੇਜ਼ਾਂ ਨੇ ਮਿਰਜ਼ਾ ਜਹਾਂਗੀਰ ਨੂੰ ਫੜ ਕੇ ਅਲਾਹਬਾਦ ਨਜ਼ਰਬੰਦ ਕਰ ਦਿਤਾ। ਹੁਣ ਵਾਰੀ ਆਈ, ਬਹਾਦਰ ਸ਼ਾਹ ਦੀ। ਬਹਾਦਰ ਸ਼ਾਹ ਇਕ ਸ਼ਾਇਰ ਸੀ। ਕਲਮੀ ਨਾਂ ਸੀ 'ਜ਼ਫ਼ਰ'। ਬਹਾਦਰ ਸ਼ਾਹ ਨੂੰ ਅੰਗ੍ਰੇਜ਼ੀ ਕੰਪਨੀ ਸਰਕਾਰ ਨੇ ਇਕ ਲਖ ਰੁਪਿਆ ਮਾਸਕ ਵਜ਼ੀਫਾ ਦੇਣ ਦੀ ਇਸ ਸ਼ਰਤ ਤੇ ਤਖਤਪੋਸ਼ੀ ਕਰਵਾਈ, ਕਿ ਉਸ ਦੀ ਮੌਤ ਮਗਰੋਂ ਦਿੱਲੀ ਦੀ ਹਕੂਮਤ ਅੰਗ੍ਰੇਜ਼ਾਂ ਦੇ ਹਥਾਂ ਵਿੱਚ ਆ ਜਾਵੇਗੀ। ਸਠ ਸਾਲ ਦੀ ਉਮਰ ਵਿੱਚ ਬਾਦਸ਼ਾਹ ਜ਼ਫਰ ਤਖਤ ਤੇ ਬੈਠਾ, ਪਰ ਲਾਲ ਕਿਲ੍ਹੇ ਤੋਂ ਬਾਹਰ ਉਸ ਦਾ ਹੁਕਮ ਨਹੀਂ ਸੀ ਚਲਦਾ। ਕਿਸੇ ਦੀ ਸ਼ਿਕਾਇਤ ਆਣ ਤੇ ਬਾਦਸ਼ਾਹ ਜ਼ਫਰ ਉਸ ਨੂੰ ਅੰਗ੍ਰੇਜ਼ੀ ਸਰਕਾਰ ਦੀ ਅਦਾਲਤ ਵਲ ਘਲ ਦੇਂਦਾ ਸੀ। ਇਸ ਹਾਲਤ ਵਿੱਚ ਵੀ ਦਿੱਲੀ ਦੇ ਅਮੀਰ ਵਜ਼ੀਰ ਤੇ ਪਰਜਾ ਉਸ ਦੀ ਬੜੀ ਇਜ਼ਤ ਕਰਦੇ ਸੀ। ਭਾਵੇਂ ਦਰਜਨਾਂ ਵਾਰ ਦਿੱਲੀ ਲੁਟੀ ਜਾ ਚੁਕੀ ਸੀ, ਪਰ ਹਾਲੀ ਵੀ ਬਾਦਸ਼ਾਹ 'ਜ਼ਫਰ' ਦੇ ਜ਼ਮਾਨੇ ਵਿੱਚ ਵੀ ਅਮੀਰਾਂ ਪਾਸ ਬੜੀਆਂ ਵਿਸ਼ਾਲ ਹਵੇਲੀਆਂ ਤੇ ਕੋਠੀਆਂ ਸਨ। ਹਵੇਲੀਆਂ ਵਿੱਚ ਹਾਥੀ ਝੂਮਦੇ ਸਨ। ਵਿਦੇਸ਼ੀ ਲੁਟੇਰਿਆਂ ਤੋਂ ਬਚ ਗਿਆ ਧਨ ਹਾਲੀ ਵੀ ਬੇਸ਼ੁਮਾਰ ਸੀ। ਰਈਸ, ਉਮਰਾਅ 'ਵਜ਼ੀਰਾਂ' ਅਮੀਰਾਂ ਜਾਗੀਰਦਾਰਾਂ ਪਾਸ ਪਾਲਕੀਆਂ 'ਲਾਓ ਲਸ਼ਕਰ', 'ਸਿਪਾਹੀ', 'ਚੋਬਦਾਰ' ਡਿਉਢੀਆਂ ਵਿੱਚ ਹਾਥੀ ਝੂਮਦੇ ਸਨ। ਕੁਮ੍ਹਾਰ, ਲੌਂਡੀਆਂ, ਨੌਕਰਾਣੀਆਂ, ਮੁਗਲਾਣੀਆਂ, ਤੁਰਕਣਾਂ, ਹਬਸ਼ਣਾਂ, ਖ਼ੁਆਜਾ ਸਰਾ, ਦਰਬਾਸ਼, ਪਾਸਬਾਨ ਸਨ। ਸਸਤ ਭਾਈ ਦਾ ਜ਼ਮਾਨਾ ਸੀ। ਪਰਿਵਾਰ ਦਾ ਇਕ ਬੰਦਾ ਕਮਾਂਦਾ ਸੀ, ਤੇ ਦਸ ਬੰਦੇ ਖਾਂਦੇ ਸਨ। ਰਹਿਣ ਲਈ ਮਹੱਲ, ਅਦਬ ਅਦਾਬ, ਬੋਲਚਾਲ, ਰਸਮ ਰਿਵਾਜ, ਤਿਉਹਾਰ ਮੇਲੇ ਠੇਲੇ, ਸੈਰ ਤਮਾਸ਼ੇ ਆਦਿ ਸਭ ਕੁਝ ਬੜੇ ਅਨੁਸ਼ਾਸਨ ਵਿੱਚ ਸੀ। ਦਿੱਲੀ ਦੀ ਤਹਿਜ਼ੀਬ, ਇਕ ਮਿਸਾਲੀ ਤਹਿਜ਼ੀਬ ਸਮਝੀ ਜਾਂਦੀ ਸੀ। ਦਿੱਲੀ ਦੀ ਇਹ ਸ਼ਾਨ ਸੀ, ਕਿ ਬਹੁਤ ਕੁਝ ਬਰਬਾਦ ਹੋਣ ਦੇ ਬਾਵਜੂਦ ਦਿੱਲੀ ਸਵਰਗ ਬਣੀ ਹੋਈ ਸੀ।

ਦਿੱਲੀ ਦੀ ਸ਼ਾਹੀ ਤਹਿਜ਼ੀਬ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਸੀ। ਬਾਦਸ਼ਾਹਾਂ, ਸ਼ਾਹਿਜ਼ਾਦਿਆਂ, ਅਮੀਰਾਂ ਵਜ਼ੀਰਾਂ ਦੇ ਰਹਿਣ-ਸਹਿਣ ਤੇ ਬੋਲ-ਚਾਲ ਦੀ ਵਜਾਹਕਤਾ ਤੋਂ ਦਿੱਲੀ ਵਾਲਿਆਂ ਬਹੁਤ ਗ੍ਰਹਿਣ ਕੀਤਾ। ਇਥੋਂ ਤੀਕ ਕਿ ਨੀਵੀਂ ਜਾਤ ਦੇ ਕੰਜੜੇ, ਜੁਲਾਹਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭਟਿਆਰਿਆਂ, ਛੋਟੇ ਦੁਕਾਨਦਾਰਾਂ, ਹਲਵਾਈਆਂ ਤੇ ਨਾਈਆਂ ਆਦਿ ਦੀ ਗੁਫਤਗੂ ਵਿੱਚ ਬੜਾ ਸਲੀਕਾ ਸੀ। ਦਿੱਲੀ ਵਾਲਿਆਂ ਨੂੰ ਰਹਿਣ ਸਹਿਣ ਦਾ ਢੰਗ ਆ ਗਿਆ ਸੀ। ਦੁਕਾਨਦਾਰ ਆਪਣੀ ਲੋੜੀਂਦੀ ਕਮਾਈ ਕਰਨ ਮਗਰੋਂ ਆਪਣੀਆਂ ਦੁਕਾਨਾਂ ਵਕਤ ਤੋਂ ਪਹਿਲਾਂ ਹੀ ਬੰਦ ਕਰਦੇ ਸਨ। ਕਾਰੋਬਾਰ ਉਨਾਂ ਕੀਤਾ ਜਾਂਦਾ, ਜਿਸ ਨਾਲ ਦੋਹਾਂ ਵਕਤਾਂ ਦੀ ਰੋਟੀ ਨਿਕਲ ਆਏ। ਬਹੁਤੀ ਕਮਾਈ ਤੋਂ ਉਨ੍ਹਾਂ ਕੀ ਲੈਣਾ? ਅਜ ਜੋ ਕਮਾਇਆ ਖਰਚ ਦਿਤਾ। ਕਲ ਦੀ ਰਾਮ ਜਾਣੇ। ਕਾਸੇ ਦੀ ਫਿਕਰ ਨਹੀਂ। ਦਿੱਲੀ ਵਾਲੇ ਜੇ ਆਪਣੀ ਆਈ ਤੇ ਆ ਜਾਣ, ਤਾਂ ਘਰ ਫੂਕ ਤਮਾਸ਼ਾ ਵੇਖਣਾ ਉਨ੍ਹਾਂ ਨੂੰ ਖੂਬ ਆਂਦਾ ਸੀ।

ਉਸ ਸਮੇਂ ਦਿੱਲੀ ਵਾਲਿਆਂ ਨੂੰ ਸੈਰ ਸਪਾਟੇ ਦਾ ਵੀ ਬੜਾ ਸ਼ੌਂਕ ਸੀ। ਮਿਹਨਤ ਨਾਲ ਕਮਾਂਦੇ ਸਨ, ਤੇ ਖੁਲ੍ਹੇ ਹਥੀਂ ਖਰਚ ਕਰ ਦੇਂਦੇ ਸਨ। ਦਿੱਲੀ ਬਾਗ਼ਾਂ ਦਾ ਸ਼ਹਿਰ ਸੀ।

ਕੁਦਸੀਆ ਬਾਗ, ਜਹਾਂਆਰਾ ਬਾਗ, ਰੋਸ਼ਨਆਰਾ ਬਾਗ, ਸ਼ੈਦੀ ਗੌਹਰ ਦਾ ਬਾਗ, ਚੱਠੀ ਨਵੀਸ ਦਾ ਬਾਗ, ਰੰਡੀ ਵਾਲਾ ਬਾਗ਼, ਬਾਗ਼ੇ ਬੇਦਿਲ, ਬਾਗ਼ ਕੜੇ ਖਾਨ ਤੇ ਮਹਲਦਾਰ ਖਾਂ ਦਾ ਬਾਗ਼ ਆਦਿ। ਇਹ ਸਾਰੇ ਬਾਗ ਨਿਰਾ ਜਨੱਤ ਦਾ ਨਮੂਨਾ ਸਨ। ਇਨ੍ਹਾਂ ਖੂਬਸੂਰਤ ਬਾਗਾਂ ਬਿਨਾਂ ਵਿੱਦਿਅਕ ਅਸਥਾਨਾਂ (ਮਦਰਸੇ), ਨਹਿਰਾਂ, ਮਕਬਰੇ ਹੌਜ਼ ਤੇ ਫਵਾਰੇ ਭਾਰੀ ਗਿਣਤੀ ਵਿੱਚ ਸਨ। ਦਿੱਲੀ ਦੀ ਜਾਮਾ ਮਸਜਿਦ, ਜੋ ਨੈਸ਼ਨਲ ਪ੍ਰੈਸ ਆਫ ਇੰਡੀਆ ਦੇ ਨੇੜੇ ਕਰ ਕੇ ਹੀ ਹੈ, ਬੜੀ ਉਚੀ ਕੁਰਸੀ ਤੇ ਬਣੀ ਹੋਈ ਹੈ। ਕਾਫੀ ਉਚੀਆਂ ਸੀੜ੍ਹੀਆਂ ਚੜ੍ਹਨ ਮਗਰੋਂ ਹੀ ਮਸਜਿਦ ਦਾ ਦੀਦਾਰ ਕੀਤਾ ਜਾ ਸਕਦਾ ਹੈ। ਪਹਿਲੀ ਵਾਰ ਜਾਮਾ ਮਸਜਿਦ ਦਾ ਦੀਦਾਰ ਕਰਨ ਤੇ ਪਤਾ ਲਗਾ, ਕਿ ਲਾਲ ਕਿਲ੍ਹੇ ਦੇ ਮੈਦਾਨ ਦੇ ਸਾਹਮਣੇ ਜਿਥੇ ਇਸ ਸਮੇਂ ਮਸਜਿਦ ਬਣੀ ਹੋਈ ਹੈ, ਕਿਸੇ ਸਮੇਂ ਉਚੀ ਪਹਾੜੀ ਸੀ। ਇਨ੍ਹਾਂ ਉੱਚੀਆਂ ਸੀੜੀਆਂ ਨੇ ਉਸ ਸਮੁਚੀ ਪਹਾੜੀ ਨੂੰ ਲਕੋ ਲਿਆ ਹੈ। ਮਸਜਿਦ ਦੇ ਨਾਲ ਕਰ ਕੇ ਇਕ ਇਤਿਹਾਸਕ ਚੌਕ ਸੀ। ਸ਼ਾਹੀ ਜ਼ਮਾਨੇ ਵਿੱਚ ਇਥੇ ਸ਼ਾਮ ਪੈਂਦਿਆਂ ਸਾਰ ਹੀ ਚਹਿਲ ਪਹਿਲ ਸ਼ੁਰੂ ਹੋ ਜਾਂਦੀ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਸੈਰ ਸਪਾਟੇ ਦੇ ਸ਼ੌਕੀਨ, ਇਥੇ ਇਕੱਠੇ ਹੋ ਜਾਂਦੇ ਸਨ। ਬਾਜ਼ਾਰ ਵਿੱਚ ਬੜੀ ਰੋਣਕ ਹੋ ਜਾਂਦੀ ਸੀ। ਸੰਨ 1857 ਦੀ ਲੜਾਈ ਸਮੇਂ ਇਹ ਬਾਜ਼ਾਰ ਉਜੜ ਗਿਆ। ਉਸ ਸਮੇਂ ਦਿੱਲੀ-ਵਾਲ, ਪੰਛੀ ਤੇ ਜਨੌਰ ਰਖਣ ਦੇ ਬੜੇ ਸ਼ੁਕੀਨ ਸਨ। ਹਰ ਘਰ ਵਿੱਚ ਭੇਡਾਂ, ਬਕਰੇ ਤੇ ਦੁੰਬ ਆਦਿ ਪਾਲਣ ਦਾ ਰਿਵਾਜ ਸੀ। ਇਸੇ ਇਤਿਹਾਸਕ ਚੌਕ ਦੇ ਇਕ ਕੋਨੇ ਤੇ ਕਬੂਤਰ, ਮੁਰਗੇ, ਬਤਖਾਂ, ਬੁਲਬੁਲ, ਤੋਤੇ, ਚੰਡੋਲ, ਤਿੱਤਰ, ਬਟੇਰੇ, ਕੁਮਰੀਆਂ, ਬੰਗਾਲੀ ਮੈਨਾ ਤੇ ਸ਼ਿਕਰੇ ਵੀ ਵਿਕਦੇ ਸਨ।

ਜਿਵੇਂ ਪਿਛੇ ਦਸਿਆ ਜਾ ਚੁਕਿਆ ਹੈ, ਬਾਦਸ਼ਾਹ ਜ਼ਫ਼ਰ ਦੀ ਹੈਸੀਅਤ ਸ਼ਤਰੰਜ ਦੇ ਸ਼ਾਹ ਵਰਗੀ ਸੀ। ਉਸ ਦੀ ਹਕੂਮਤ ਸਿਰਫ ਲਾਲ ਕਿਲ੍ਹੇ ਦੇ ਅੰਦਰ ਤੀਕ ਹੀ ਸੀਮਤ ਸੀ। ਬਾਦਸ਼ਾਹ ''ਜ਼ਫ਼ਰ'' ਦੀ ਲਾਡਲੀ ਬੇਗਮ ਜ਼ੀਨਤ ਮਹਲ ਆਪਣੇ ਬੇਟੇ ਮਿਰਜ਼ਾ ਜਵਾਨ ਬਖਤ ਨੂੰ ਵਲੀਅਹਿਦ ਬਨਾਣਾ ਚਾਹੁੰਦੀ ਸੀ। ਉਸ ਨੇ ਅੰਗ੍ਰੇਜ਼ਾਂ ਨਾਲ ਅੰਦਰ-ਖਾਤੇ ਸਾਜ਼ਸ਼ ਕਰ ਰਖੀ ਸੀ। ਬੁਢੇ ਬਾਦਸ਼ਾਹ ਮਗਰੋਂ ਉਸ ਦੇ ਪੁੱਤਰ ਨੂੰ ਹੀ ਤਖਤ ਤੇ ਬਿਠਾਇਆ ਜਾਵੇ। ਬਾਦਸ਼ਾਹ ਦਾ ਇਕ ਰਿਸ਼ਤੇਦਾਰ ਮਿਰਜ਼ਾ ਅਲੀ ਬਖਸ਼, ਅੰਗ੍ਰੇਜ਼ਾਂ ਨਾਲ ਮਿਲਿਆ ਹੋਇਆ ਸੀ। ਇਸੇ ਤਰ੍ਹਾਂ ਸ਼ਾਹੀ ਹਕੀਮ ਅਹਿਸਾਨ-ਉਲਾ ਵੀ ਅੰਦਰ ਖਾਤੇ ਕੰਪਨੀ ਸਰਕਾਰ ਦਾ ਦਮ ਭਰਦਾ ਸੀ।

ਸੰਨ 1857 ਦੇ ਗ਼ਦਰ ਸਮੇਂ ਸਾਰੇ ਸੂਬਿਆਂ ਦੀਆਂ ਦੇਸੀ ਫੌਜਾਂ ਅੰਗ੍ਰੇਜ਼ਾਂ ਨੂੰ ਭਾਰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਚੋ ਬਾਹਰ ਕਢਣ ਲਈ ਦਿੱਲੀ ਵਲ ਦੌੜਦੀਆਂ ਆ ਰਹੀਆਂ ਸਨ। ਉਨ੍ਹਾਂ ਨੇ ਬਾਦਸ਼ਾਹ ਜ਼ਫਰ ਨੂੰ ਪਿੰਗੇਜ਼ੀਰੀ ਹਿੰਦੁਸਤਾਨ ਦਾ ਬਾਦਸਾਹ ਘੋਸਤ ਕਰ ਕੇ ਸਾਰੀਆਂ ਦੇਸੀ ਫ਼ੌਜਾਂ ਉਸ ਦੇ ਝੰਡੇ ਹੇਠਾਂ ਆਣ ਜਮ੍ਹਾ ਹੋਈਆਂ। ਜਦੋਂ ਲੜਾਈ ਸ਼ੁਰੂ ਹੋਈ. ਤੇ ਜੋ ਬਰੂਦ ਲਾਲ ਕਿਲ੍ਹੇ ਵਿੱਚਲੀ ਫ਼ੌਜ ਨੂੰ ਤੋਪਾਂ ਵਿੱਚ ਭਰਨ ਲਈ ਭੇਜਿਆ ਜਾਂਦਾ ਸੀ ਉਸ ਵਿੱਚ ਰੰਗਿਆ ਹੋਇਆ ਬਾਜਰਾ ਹੁੰਦਾ। ਇਸ ਹਾਲਤ ਵਿੱਚ ਦੇਸੀ ਫ਼ੌਜਾਂ ਨੇ ਕੀ ਸੁਆਹ ਲੜਨਾ ਸੀ। ਅੰਗ੍ਰੇਜ਼ਾਂ ਨਾਲ ਮਿਲੇ ਹੋਏ ਗ਼ਦਾਰ ਲਾਲ ਕਿਲ੍ਹੇ ਦੇ ਅੰਦਰ ਤੇ ਬਾਹਰ ਹਰ ਥਾਂ ਛਾਏ ਹੋਏ ਸਨ। ਜਦੋਂ ਲੜਾਈ ਵਿੱਚ ਸਾਫ ਹਾਰ ਨਜ਼ਰ ਆਈ. ਤਾਂ ਬਾਦਸ਼ਾਹ ਜ਼ਫਰ ਆਪਣੇ ਸਹਿਜ਼ਾਦਿਆਂ ਨੂੰ ਨਾਲ ਲੈ ਕੇ ਹਮਾਯੂੰ ਦੇ ਮਕਬਰੇ ਜਾ ਛੁਪਿਆ। ਹਡਸਨ ਆਪਣੀ ਫੌਜ ਦੀ ਟੁਕੜੀ ਲੈ ਕੇ ਹੁਮਾਯੂੰ ਦੇ ਮਕਬਰੇ ਜਾ ਪੁਜਾ। ਉਸ ਨੇ ਬਾਦਸ਼ਾਹ ਨੂੰ ਵਾਪਸ ਕਿਲ੍ਹੇ ਆ ਜਾਣ ਲਈ ਜ਼ੋਰ ਦਿਤਾ। ਹਾਰੇ ਹੋਏ ਬਾਦਸ਼ਾਹ ਨੇ ਆਪਣੀਆਂ ਸ਼ਰਤਾਂ ਉਸ ਸਾਹਮਣੇ ਰਖੀਆਂ। ਉਸ ਨੇ ਆਪਣੇ ਪਰਿਵਾਰ ਦੀ ਜਾਨ ਬਖ਼ਸ਼ੀ ਦੇ ਨਾਲ ਆਪਣੇ ਵਜ਼ੀਰਾਂ ਅਮੀਰਾਂ ਤੇ ਦਿੱਲੀ ਵਾਲਿਆਂ ਤੋਂ ਪਹਿਲਾਂ ਵਾਂਗ ਨਜ਼ਰਾਨੇ ਵਸੂਲ ਕਰਨ ਦੀ ਸ਼ਰਤ ਵੀ ਰਖੀ।

ਹਡਸਨ ਨੇ ਬਾਦਸ਼ਾਹ ਦੀਆਂ ਸਾਰੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ। ਬਾਦਸ਼ਾਹ ਜ਼ਫਰ ਨੂੰ ਸ਼ਾਹੀ ਗੱਡੀ ਵਿੱਚ ਸਵਾਰ ਕੀਤਾ ਗਿਆ। ਮਗਰੋਂ ਦੂਜੀ ਗੱਡੀ ਵਿੱਚ ਛੇ ਸ਼ਹਿਜ਼ਾਦਿਆ ਨੂੰ ਨਾਲ ਲੈ ਕੇ ਉਹ ਖ਼ੂਨੀ ਦਰਵਾਜ਼ੇ ਪੁਜਾ। ਪਿਸਤੌਲ ਨਾਲ ਸਾਰੇ ਸਹਿਜਾਦਿਆਂ ਨੂੰ ਢੇਰ ਕਰ ਦਿਤਾ। ਜਦੋਂ ਸ਼ਹਿਜ਼ਾਦੇ ਸੜਕ ਤੇ ਖ਼ੂਨ ਨਾਲ ਲਥਪਥ ਹੋ ਤੜਪ ਰਹੇ ਸਨ ਤਾਂ ਉਸ ਨਾ-ਮੁਰਾਦ ਨੇ ਉਨ੍ਹਾਂ ਦਾ ਲਹੂ ਪੀ ਕੇ ਆਪਣਾ ਕਲੇਜਾ ਠੰਡਾ ਕੀਤਾ। ਉਹ ਗੁੱਸੇ ਵਿੱਚ ਚੀਕ ਕੇ ਕਹਿਣ ਲਗਾ. "ਅਜ ਮੈਂ ਆਪਣੇ ਅੰਗ੍ਰੇਜ਼ਾਂ ਦੇ ਖ਼ੂਨ ਦਾ ਬਦਲਾ ਲੈ ਲਿਆ ਹੈ।"

ਹਡਸਨ ਦੇ ਹੁਕਮ ਨਾਲ ਸ਼ਹਿਜ਼ਾਦਿਆਂ ਦੇ ਸਿਰ ਕਟ ਕੇ ਉਨ੍ਹਾਂ ਦੀਆਂ ਲਾਸ਼ਾਂ ਖ਼ੂਨੀ ਦਰਵਾਜ਼ੇ ਉਪਰ ਲਟਕਾ ਦਿਤੀਆਂ ਗਈਆਂ। ਬਾਦਸ਼ਾਹ ਨੂੰ ਉਸ ਨੇ ਲਾਲ ਕਿਲ੍ਹੇ ਵਿੱਚ ਕੈਦ ਕਰ ਦਿਤਾ ਤੇ ਤੋਹਫ਼ੇ ਵਜੋਂ ਸ਼ਹਿਜ਼ਾਦਿਆਂ ਦੇ ਕਟੇ ਸਿਰ ਥਾਲ ਵਿੱਚ ਰਖ ਕੇ ਪੇਸ਼ ਕੀਤੇ ਗਏ। ਇਸ ਲੜਾਈ ਵਿੱਚ ਦਿੱਲੀ ਪੂਰੀ ਤਰ੍ਹਾਂ ਤਬਾਹ ਹੋ ਗਈ। ਸ਼ਹਿਜ਼ਾਦੀਆਂ. ਦਿੱਲੀ ਦੇ ਵੀਰਾਨ ਤੇ ਉਜੜ-ਪੁਜੜ ਗਲੀਆਂ ਮੁਹੱਲਿਆਂ ਵਿੱਚ ਭਟਕ ਰਹੀਆਂ ਸਨ। ਚਾਂਦਨੀ ਚੌਕ ਕੋਤਵਾਲੀ ਦੇ ਚਬੂਤਰੇ ਤੇ ਫਾਂਸੀਆਂ ਗੱਡੀਆਂ ਗਈਆਂ। ਚੁਣ ਚੁਣ ਕੇ ਬਾਗੀਆਂ ਨੂੰ ਫਾਂਸੀਆਂ ਦਿਤੀਆਂ ਜਾਣ ਲਗ ਪਈਆਂ। ਅਮੀਰਾਂ ਵਜ਼ੀਰਾਂ ਤੇ ਧਨੀਆਂ ਦੀਆਂ ਵਿਸ਼ਾਲ ਹਵੇਲੀਆਂ ਢਾਹ ਦਿਤੀਆਂ ਗਈਆਂ। ਉਨ੍ਹਾਂ ਦੇ ਘਰਾਂ ਵਿੱਚੋਂ ਦਬੇ ਹੋਏ ਧਨ. ਜ਼ੇਵਰ ਤੇ ਚਾਂਦੀ ਦੇ ਰੁਪਏ ਢੂੰਡਣ ਲਈ ਇਨ੍ਹਾਂ ਦੀਆਂ ਕੋਠੀਆਂ ਤੇ ਹਵੇਲੀਆਂ ਨੂੰ ਢਾਹ ਕੇ ਉਨ੍ਹਾਂ ਉਤੇ ਖੋਤਿਆਂ ਰਾਹੀਂ ਹਲ ਚਲਾ ਦਿਤੇ ਗਏ। ਬਾਦਸ਼ਾਹ ਜ਼ਫਰ ਤੇ ਮੁਕਦਮਾ ਚਲਾ ਕੇ ਉਸ ਨੂੰ ਰੰਗੂਨ ਭੇਜ ਦਿਤਾ ਗਿਆ। ਲਾਲ ਕਿਲ੍ਹੇ ਵਿੱਚ ਦੇਸੀ ਫ਼ੌਜ ਦੀ ਥਾਂ ਹੁਣ ਗੋਰਾ ਫ਼ੌਜ ਰਹਿਣ ਲਗ ਪਈ।

ਕੁਝ ਸਾਲਾਂ ਮਗਰੋਂ ਜਦੋਂ ਥੋੜ੍ਹੀ ਸ਼ਾਂਤੀ ਹੋਈ ਤਾਂ ਸੈਂਕੜੇ ਦੀ ਗਿਣਤੀ ਵਿੱਚ ਸਹਿਜ਼ਾਦੇ. ਸ਼ਹਿਜ਼ਾਦੀਆਂ ਤੇ ਰਿਸ਼ਤੇਦਾਰ ਹੋਰ ਕੋਈ ਠਿਕਾਣਾ ਨਾ ਮਿਲਣ ਕਰ ਕੇ ਵਾਪਸ ਦਿੱਲੀ ਆ ਗਏ। ਉਨ੍ਹਾਂ ਨੇ ਬਾਕੀ ਦੀ ਜ਼ਿੰਦਗੀ ਗੁਮਨਾਮੀ ਦੀ ਹਾਲਤ ਵਿੱਚ ਬਿਤਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸ਼ਹਿਜਾਦਿਆਂ, ਪਰਦੇਦਾਰ ਬੇਗਮਾਂ, ਅਮੀਰ ਤੇ ਨਵਾਬ ਪਰਿਵਾਰ ਦੀਆਂ ਬੇਗਮਾਂ ਜੋ ਦਿੱਲੀ ਉਜੜ ਜਾਣ ਸਮੇਂ ਦਿੱਲੀ ਛਡ ਕੇ ਨਿਕਲ ਗਈਆਂ ਸਨ, ਆਪਣੇ ਆਪ ਨੂੰ ਛੁਪਾ ਗਰੀਬ ਇਸਤ੍ਰੀਆਂ ਵਾਂਗ ਲੁਕ ਛਿਪ ਕੇ ਦਿਨ ਕਟਣ ਲਗ ਪਈਆਂ। ਅਜ ਵੀ ਦਿੱਲੀ ਵਿੱਚ ਵਸੇ ਹਜ਼ਾਰਾਂ ਗਰੀਬ ਪਰਿਵਾਰ ਅਜਿਹੇ ਹਨ, ਜਿਨ੍ਹਾਂ ਪਿਛਲੀ ਸਦੀ ਵਿੱਚ ਵਸਦੀ ਰਸਦੀ ਦਿੱਲੀ ਦੀਆਂ ਬਹਾਰਾਂ ਵੇਖੀਆਂ ਸਨ।

ਪਾਕਿਸਤਾਨ ਬਣ ਜਾਣ ਤਕ ਉਸੇ ਦਿੱਲੀ ਵਿੱਚ, ਲਖਾਂ ਦੀ ਗਿਣਤੀ ਵਿੱਚ ਸ਼ਰਨਾਰਥੀਆਂ ਨੇ ਆਪਣੇ ਘਰ ਘਾਟ ਛਡ ਕੇ ਆ ਪਨਾਹ ਲਈ। ਤੇ ਉਸੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਸਾਡਾ ਛਾਪਾਖਾਨਾ ਨੈਸ਼ਨਲ ਪ੍ਰੈਸ ਆਫ਼ ਇੰਡੀਆ ਤੇ ਪੁਸਤਕਾਂ ਦੀ ਦੁਕਾਨ ਨੈਸ਼ਨਲ ਬੁਕ ਸ਼ਾਪ ਹੈ। ਸਾਡੇ ਛਾਪੇਖਾਨੇ ਤੇ ਕਿਤਾਬਾਂ ਦੀ ਦੁਕਾਨ ਨੇਂ ਵੀ ਸ਼ਾਹਜਹਾਨਾਬਾਦ, ਯਾਨੀ ਪੁਰਾਣੀ ਦਿੱਲੀ ਵਾਂਗ ਲਗਪਗ ਪਿਛਲੀ ਅੱਧੀ, ਸਦੀ ਵਿਚ ਬੜੇ ਇਨਕਲਾਬ ਵੇਖੇ।

ਪੁਰਾਣੀ ਦਿੱਲੀ ਸ਼ਾਹਜਹਾਨਾਬਾਦ ਨੂੰ ਕਿਸੇ ਸਮੇਂ ਆਪਣੇ ਸ਼ਾਇਰਾਂ-ਮੋਮਨ, ਗ਼ਾਲਬ ਤੇ ਫੈਜ਼ ਵਰਗੀਆਂ ਮਹਾਨ ਹਸਤੀਆਂ ਤੇ ਬੜਾ ਗੋਰਵ ਸੀ, ਪਰ ਦੇਸ਼ ਵੰਡ ਮਗਰੋਂ ਕੁਝ ਸਾਲਾਂ ਬਾਅਦ ਮੇਰੇ ਕੁਝ ਮਿੱਤਰ ਪਾਕਿਸਤਾਨੀ ਅਦੀਬ ਦੁਕਾਨ ਤੇ ਮੈਨੂੰ ਮਿਲਣ ਆਏ। ਉਨ੍ਹਾਂ ਦੀ ਇੱਛਾ, ਮਹਾਨ ਸ਼ਾਹੀ ਸ਼ਾਇਰ ਗ਼ਾਲਬ ਦਾ ਮਕਾਨ ਤੇ ਮਕਬਰਾ ਵੇਖਣ ਦੀ ਸੀ। ਮੈਂ ਉਨ੍ਹਾਂ ਨੂੰ ਨਾਲ ਲੈ ਜਾਮਾ ਮਸਜਿਦ ਦੇ ਨਾਲ ਕਰ ਕੇ ਕਈ ਗਲੀਆਂ ਲੰਘਦਿਆਂ ਹੋਇਆਂ ਪੁਰਾਣੇ ਮੁਸਲਮ ਮਹੱਲੇ ਵਿੱਚ ਲੈ ਗਿਆ। ਉਥੇ ਨਾਨ ਪਕ ਰਹੇ ਸਨ। ਸਾਲਨੇ ਦੀ ਖੁਸ਼ਬੂ ਚੁਪਾਸੀਂ ਬਿਖਰੀ ਹੋਈ ਸੀ। ਲੋਕੀ ਆਪੋ ਆਪਣੇ ਕਾਰੋਬਾਰ ਵਿੱਚ ਮਸਰੂਫ ਸਨ। ਕਿਸੇ ਨੂੰ ਗੱਲ ਕਰਨ ਦੀ ਫੁਰਸਤ ਨਹੀਂ ਸੀ। ਨੌਜਵਾਨ ਪੀੜੀ ਨੂੰ ਤਾਂ ਇਹ ਵੀ ਪਤਾ ਨਹੀਂ ਸੀ; ਕਿ ਗ਼ਾਲਬ ਕੋਈ ਸ਼ਾਇਰ ਹੈ, ਮੁਗਲ ਸ਼ਹਿਜ਼ਾਦਾ ਜਾਂ ਆਸਾਰੇ-ਕਦੀਮਾਂ ਦਾ ਕੋਈ ਉਚ ਅਧਿਕਾਰੀ। ਬੜੀ ਮੁਸ਼ਕਲ ਨਾਲ ਇਕ ਬਜ਼ੁਰਗ ਨੇ ਇਕ ਟੁੱਟੇ ਹੋਏ, ਖੰਡਰ-ਨੁਮਾ ਮਕਾਨ ਵਲ ਇਸ਼ਾਰਾ ਕੀਤਾ ਪਰ ਹਜ਼ਾਰ ਯਤਨ ਕਰਨ ਤੇ ਵੀ ਇਹ ਨਾ ਪਤਾ ਲਗਾ ਸਕਿਆ, ਕਿ ਗ਼ਾਲਬ ਦੀ ਕਬਰ ਕਿਥੇ ਹੈ? ਵਾਹ, ਵੇਖੋ ਜ਼ਮਾਨੇ ਦੇ ਰੰਗ! ਮਹਾਨ ਸ਼ਾਇਰ ਦੀ ਕਬਰ ਤੇ "ਨਾ ਕੋਈ ਦੀਵਾ ਬਲਦਾ ਦਿਸੇ, ਨਾ ਕੋਈ ਫੂਲ ਚੜ੍ਹਾਵੇ" ਵਾਲੀ ਗੱਲ ਸੀ।

"ਵੁਹ ਸੂਰਤੇਂ ਇਲਾਹੀ ਕਿਸ ਮੁਲਕ ਕੀ ਬਸਤੀਆਂ ਹੈਂ?
ਆਜ ਜਿਨ ਕੇ ਦੇਖਨੇ ਕੋ ਆਖੇਂ ਤਰਸਤੀ ਹੈ।"

ਸੋਲ੍ਹਾ ਪੁਰ ਦੀ ਅਮੀਨਾਬਾਈ ਨੇ ਠੀਕ ਹੀ ਤਾਂ ਕਿਹਾ ਸੀ:

ਨਾਮ ਮਨਜ਼ੂਰ ਹੈ, ਤੋ 'ਫੈਜ਼' ਕੇ ਅਸਬਾਬ ਬਨਾ।
ਪੁਲ ਬਨਾ, ਚਾਹ ਬਨਾ, ਮਸਜਦੋ ਤਾਲਾਬ ਬਨਾ।
ਯਾਨੀ ਕਿ ਤੂੰ ਸ਼ੇਅਰੋ ਸ਼ਾਇਰੀ ਤੋਂ ਕੀ ਲੈਣਾ ਹੈ?

## ਜ਼ਮੀਨ ਅਲਾਟ ਹੋਈ

ਦੇਸ਼ ਵੰਡ ਸਮੇਂ ਅਸੀ ਲਾਹੌਰੋਂ ਅਗਸਤ ਸੰਨ 1947 ਵਿੱਚ ਉਜੜ ਕੇ ਪ੍ਰੀਤਨਗਰ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਫਿਰ ਕੁਝ ਚਿਰ ਅੰਮ੍ਰਿਤਸਰ ਭਗਤਾਂ ਵਾਲੇ ਗੇਟ, ਰਿਹਾਇਸ਼ ਰਖੀ। ਮਗਰੋਂ 18 ਜਨਵਰੀ 1948 ਨੂੰ ਮਹਿਰੋਲੀ ਦਿੱਲੀ ਵਿਖੇ ਆ ਪਹੁੰਚੇ। ਉਨ੍ਹੀਂ ਦਿਨੀਂ ਆਰਥਕ ਹਾਲਤ ਬਿਲਕੁਲ ਡਾਂਵਾਂਡੋਲ ਹੋ ਗਈ ਸੀ।

ਇਹ ਸਤਰਾਂ ਲਿਖਣ ਸਮੇਂ ਤਾਂ ਮੈਂ ਆਰਥਕ ਪਖੋਂ ਗੁਜ਼ਾਰੇ ਜੋਗਾ ਠੀਕ ਹੀ ਹਾਂ, ਪਰ ਜਦੋਂ ਮੈਂ ਅਤੀਤ ਵਲ ਨਜ਼ਰ ਮਾਰਦਾ ਹਾਂ, ਤਾਂ ਬੜਾ ਅਚੰਭਾ ਹੁੰਦਾ ਹੈ। ਸਾਡੇ ਪਿੰਡ ਦੇ ਕਈ ਸਿੱਖ ਘਰਾਣਿਆਂ ਵਾਂਗ ਸਾਡੇ ਪਰਿਵਾਰ ਦੀ ਵੀ ਮੌਰੂਸੀ ਜ਼ਮੀਨ ਸੀ। ਦਿੱਲੀ ਰਿਹਾਇਸ਼ ਤੋਂ ਤਿੰਨ ਚਾਰ ਸਾਲਾਂ ਮਗਰੋਂ ਸਾਨੂੰ ਅੰਬਾਲੇ ਦੇ ਨੇੜੇ ਜ਼ਮੀਨ ਅਲਾਟ ਹੋਣ ਦੀ ਸਰਕਾਰੀ ਇਤਲਾਹ ਆ ਗਈ। ਇਹ ਉਹ ਦਿਨ ਸਨ, ਜਦੋਂ ਸਾਰੇ ਦਿਨ ਦੀ ਸਖਤ ਜਦੋਜਹਿਦ ਮਗਰੋਂ ਮਸਾਂ ਦੋ ਡੰਗ ਰੋਟੀ ਜੁੜਦੀ ਸੀ। ਸਾਡੇ ਛਾਪੇਖਾਨੇ "ਨੈਸ਼ਨਲ ਪ੍ਰੈਸ ਆਫ ਇੰਡੀਆ" ਤੇ "ਨੈਸ਼ਨਲ ਬੁਕ ਸ਼ਾਪ" ਦੀਆਂ ਕਿਤਾਬਾਂ ਦੀ ਵਿਕਰੀ ਦਾ ਬੁਰਾ ਹਾਲ ਸੀ। ਉਸ ਸਮੇਂ ਸਾਡੇ ਪਾਸ ਅੰਬਾਲੇ ਜਾ ਕੇ ਆਪਣੀ ਜ਼ਮੀਨ ਵੇਖਣ ਭਾਲਣ, ਤੇ ਸਾਂਭਣ ਲਈ ਨਾ ਸਮਾਂ ਸੀ, ਨਾ ਕਿਰਾਏ ਜੋਗੇ ਪੈਸੇ। ਉਸ ਜਮੀਨ ਨੂੰ ਅਸੀਂ ਕਰਾਂਗੇ ਕੀ? ਇਹ ਸੋਚ ਅਸੀਂ ਫੈਸਲਾ ਕੀਤਾ, ਕਿ "ਜਿਧਰ ਗਈਆਂ ਬੇੜੀਆਂ, ਉਧਰ ਗਏ ਮਲਾਹ" ਜਾਂ "ਜਾਹ ਨੀ ਧੀਏ ਰਾਵੀ, ਨਾ ਕੋਈ ਜਾਵੀ ਨਾ ਕੋਈ ਆਵੀ" ਦੇ ਅਸੀਂ ਆਪਣੀ ਮੌਰੂਸੀ ਜ਼ਮੀਨ ਨੂੰ ਦਿੱਲੀ ਵਿੱਚ ਬੈਠਿਆਂ ਹੀ ਅਲਵਿਦਾ ਕਹਿ ਦਿਤਾ।

ਸਾਡੇ ਤਿੰਨ ਚਾਚੇ ਦੇਸ਼ ਵੰਡ ਮਗਰੋਂ ਅੰਬਾਲੇ ਆ ਟਿਕੇ ਸਨ। ਉਨ੍ਹਾਂ ਤਿੰਨਾਂ ਭਰਾਵਾਂ ਦੀ ਜ਼ਮੀਨ ਸਾਂਝੀ ਸੀ। ਸਾਡੇ ਲਾਲਾ ਜੀ ਦੇ ਨਾਂ ਦੀ ਜ਼ਮੀਨ ਵਖਰੀ। ਆਪਣੇ ਚਾਚੇ ਤੇ ਉਹਨਾਂ ਦੇ ਪਰਿਵਾਰਾਂ ਬਾਰੇ ਕਈ ਸਾਲ ਮਗਰੋਂ ਪਤਾ ਲਗਾ, ਕਿ ਉਨ੍ਹਾਂ ਨੇ ਆਪਣੀ ਮੌਰੂਸੀ ਜ਼ਮੀਨ ਸੰਭਾਲ ਲਈ ਸੀ। ਉਹ ਜ਼ਮੀਨ ਉਨ੍ਹਾਂ ਨੇ ਕਿਸੇ ਲੋਕਲ ਜਿਮੀਂਦਾਰ ਨੂੰ ਪੱਟੇ ਤੇ ਦਿਤੀ ਹੋਈ ਸੀ।

ਕਈ ਸਾਲਾਂ ਮਗਰੋਂ ਮੈਂ ਆਪਣੇਂ ਚਾਚਿਆਂ ਨੂੰ ਢੂੰਡਦਾ ਮਹਲਾ ਕਾਜੀਵਾੜੇ, ਅੰਬਾਲੇ ਜਾ ਪੁਜਾ। ਚਾਚਾ ਬੇਲਾ ਸਿੰਘ ਤੇ ਚਾਚਾ ਬੁਧ ਸਿੰਘ ਨੂੰ ਹਜ਼ਰਤ ਨੂਹ ਦੇ ਸਮੇਂ ਦੇ ਬਣੇ ਇਕ ਟੁਟੇ ਭਜੇ ਮਕਾਨ ਦੇ ਦੋ ਕਮਰੇ ਅਲਾਟ ਹੋਏ ਸਨ। ਇਨ੍ਹਾਂ ਕਮਰਿਆਂ ਵਿੱਚ ਉਹ ਆਪ ਤੇ ਉਹਨਾਂ ਦੇ ਪੁਤਰਾਂ ਦੇ ਪਰਿਵਾਰ ਵੀ ਰਹਿੰਦੇ ਸਨ। ਉਨ੍ਹਾਂ ਦੋ ਕਮਰਿਆਂ ਵਿੱਚ, ਦੁਪਹਿਰ ਵੇਲੇ ਜਦੋਂ ਸੂਰਜ ਸਿਰ ਤੇ ਖੜੋ ਕੇ ਸਾਰੇ ਸ਼ਹਿਰ ਦੀ ਹਰ ਨੁਕਰ ਤੇ ਝਾਤ ਮਾਰਦਾ ਸੀ, ਵੀ ਦੀਵੇ ਬਤੀ ਬਿਨਾਂ ਅੰਦਰ ਜਾਣ ਲਗਿਆਂ, ਬੰਦਾ ਠੋਹਕਰਾਂ ਖਾਂਦਾ ਸੀ। ਕਈ ਵਾਰ ਕੋਈ ਬਾਲ ਛਤ ਹੇਠ ਦਿਤੀ ਥੰਮੀ ਨੂੰ ਟਟੋਲਦਿਆਂ ਹੋਇਆਂ, ਕਿਸੇ ਹੋਰ ਬੰਦੇ ਨੂੰ ਜਾ ਫੜਦਾ ਸੀ।

ਆਪਣੇ ਪਰਿਵਾਰਾਂ ਦੀ ਡੰਗ ਟਪਾਈ ਲਈ ਦੋਹਾਂ ਚਾਚਿਆਂ ਨੇ ਇਕ ਮੱਝ ਰਖੀ ਹੋਈ ਸੀ। ਉਸ ਦੇ ਦੁੱਧ ਨਾਲ ਹੀ ਸਾਰੇ ਵਡੇ ਪਰਿਵਾਰ ਦਾ ਗੁਜ਼ਾਰਾ ਚਲਦਾ ਸੀ। ਸਵੇਰ ਸਾਰ ਨਾਸ਼ਤਾ ਖਾ ਕੇ ਦੋਵੇਂ ਚਾਚੇ ਮੱਝ ਸ਼ਹਿਰੋਂ ਬਾਹਰ ਦੂਰ ਸਾਰੇ ਇਕ ਸ਼ਾਮਲਾਟ ਵਿੱਚ ਚਰਾਣ ਲੈ ਜਾਂਦੇ ਸਨ। ਮੱਝ, ਜ਼ਰਾ ਅਗੇ ਪਿਛੇ ਹੋਈ, ਤਾਂ ਛੋਟਾ ਭਰਾ ਉਸ ਨੂੰ ਲਭਣ ਲਈ ਉਠ ਦੌੜਦਾ ਸੀ। ਮੱਝ ਹੋਰ ਅਗੇ ਨਿਕਲ ਜਾਂਦੀ, ਤੇ ਜਦੋਂ ਛੋਟੇ ਭਰਾ ਦੇ ਵਾਪਸ ਆਣ ਵਿੱਚ ਦੇਰ ਹੋ ਜਾਂਦੀ, ਤਾਂ ਦੂਜਾ ਭਰਾ ਆਪਣੇ ਛੋਟੇ ਵੀਰ ਨੂੰ ਲਭਣ ਤੁਰ ਜਾਂਦਾ ਸੀ। ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਈ ਘੰਟਿਆਂ ਦੀ ਖਜਲ-ਖਰਾਬੀ ਮਗਰੋਂ ਨਾ ਮੱਝ ਹੀ ਵਾਪਸ ਪਰਤਦੀ, ਨਾ ਹੀ ਦੋਵੇਂ ਭਰਾ ਆਪੋ ਵਿੱਚ ਮਿਲਦੇ। ਇਸੇ ਦੌੜ ਭਜ ਵਿੱਚ ਰਾਤ ਪੈ ਜਾਂਦੀ। ਭੁਖੇ ਭਾਣੇ ਦੋਵੇਂ ਭਰਾ ਮਾਯੂਸ ਹੋ ਘਰ ਪਰਤ ਆਂਦੇ, ਤੇ ਅਗੇ ਮੱਝ ਕਿਲ੍ਹੇ ਤੇ ਬੱਧੀ ਹੁੰਦੀ।

ਇਸ ਤਰ੍ਹਾਂ ਉਨ੍ਹਾਂ ਦਾ ਸਮਾਂ ਗੁਜ਼ਰ ਰਿਹਾ ਸੀ। ਬੱਚੇ ਜਵਾਨ ਹੋ ਗਏ ਸਨ। ਕੁਝ ਨੌਕਰੀਆਂ ਤੇ ਲਗ ਗਏ ਸਨ। ਕੁਝ ਪੜ੍ਹਾਈ ਕਰ ਰਹੇ ਸਨ।

ਕਈ ਸਾਲਾਂ ਮਗਰੋਂ ਜਦੋਂ ਮੈਂ ਚਾਚਾ ਬੇਲਾ ਸਿੰਘ ਦੇ ਬੇਟੇ ਸੰਤੋਖ ਸਿੰਘ 'ਰੰਗੀਲਾ' ਨੂੰ ਦਿੱਲੀ ਮਿਲਿਆ, ਤਾਂ ਗੱਲਾਂ ਗੱਲਾਂ ਵਿੱਚ ਉਸ ਨੇ ਅੰਬਾਲੇ ਰਹਿਣ ਸਮੇਂ ਦਾ ਵਾਕਿਆ ਸੁਣਾਇਆ, "ਵੀਰ ਜੀ! ਅਸੀਂ ਆਪਣੀ ਸਾਰੀ ਜ਼ਮੀਨ ਦੀਵਾਨ ਚੰਦ ਦੇ ਬੇਟੇ ਨੂੰ ਠੇਕੇ ਤੇ ਦਿਤੀ। ਵਰ੍ਹੇ ਛਿਮਾਹੀ ਦੀਵਾਨ ਚੰਦ ਦੇ ਪਿੰਡ ਟਕਰਾਂ ਮਾਰ ਮਾਰ ਆਪਣੇ ਹਿੱਸੇ ਦੇ ਵੀਹ-ਤੀਹ ਰੁਪਏ ਪ੍ਰਾਪਤ ਹੋ ਜਾਂਦੇ। ਉਸ ਜ਼ਮੀਨ ਤੇ ਲਗੇ ਪੇੜਾਂ ਨੂੰ ਉਹ ਵਢ ਕੇ ਵੇਚ ਦੇਂਦਾ। ਜਦੋਂ ਸਾਨੂੰ ਪਤਾ ਲਗਦਾ ਤਾਂ ਦਸ ਵੀਹੀਂ ਰੁਪਏ ਉਸ ਪੇੜ ਦੇ ਇਵਜ਼ਾਨੇ ਵਜੋਂ ਸਾਡੇ ਮਥੇ ਮਾਰਦਾ।

ਕਈ ਸਾਲਾਂ ਦੀ ਦੌੜ ਭਜ ਤੇ ਖਜਲ ਖੁਆਰੀ ਮਗਰੋਂ ਇਕ ਦਿਨ ਪਿਤਾ ਜੀ (ਚਾਚਾ ਬੇਲਾ ਸਿੰਘ) ਕਹਿਣ ਲਗੇ, "ਸੰਤੋਖ ਸਿੰਘਾ! ਤੇਰੇ ਤੋਂ ਇਹ ਕੁਤਾ ਕੰਮ ਨਹੀਂ ਹੁੰਦਾ। ਇਡੀ ਜ਼ਰਖੇਜ਼ ਤੇ ਵਿਸ਼ਾਲ ਧਰਤੀ 'ਚੋਂ ਇਹ ਨਿਗੂਣੀ ਜੇਹੀ ਪ੍ਰਾਪਤੀ? ਹੁਣ ਮੈਂ ਆਪ ਪੂਰਵਜਾਂ ਦੀ ਇਸ ਧਰਤੀ ਨੂੰ ਸੰਭਾਲਾਂਗਾਂ।"

"ਮੈਂ ਆਪਣੇ ਪਿਤਾ ਸਮੇਤ ਬਸ ਤੇ ਬੈਠਾ ਦੀਵਾਨ ਚੰਦ ਦੇ ਪਿੰਡ ਜਾ ਪੁਜਾ। ਉਥੋਂ ਨੇੜੇ ਹੀ ਸਾਡੀ ਜ਼ਮੀਨ ਸੀ। ਅਸੀਂ ਦੀਵਾਨ ਚੰਦ ਦੇ ਪੁਤਰ ਭਗਵਾਨੇ ਨੂੰ ਨਾਲ ਲੈ ਕੇ ਆਪਣੀ ਜ਼ਮੀਨ ਵਲ ਤੁਰ ਪਏ। ਤਿੰਨ ਚਾਰ ਮੀਲ ਗਏ ਹੋਵਾਂਗੇ, ਕਿ ਪਿਤਾ ਜੀ ਦੀ ਤਬੀਅਤ ਖਰਾਬ ਹੋ ਗਈ। ਉਹ ਥਕ ਕੇ ਚੂਰ ਹੋ ਉਥੇ ਹੀ ਬੈਠ ਗਏ। ਥੋੜੀ ਦੇਰ ਮਗਰੋਂ ਉਹ ਬੇਹੋਸ਼ ਹੋ ਗਏ। ਭਗਵਾਨਾ ਦੌੜ ਕੇ ਪਾਣੀ ਲਿਆਇਆ। ਦੋ ਘੁਟ ਪਾਣੀ ਪੀ ਕੇ ਉਨ੍ਹਾਂ ਨੂੰ ਜ਼ਰਾ ਹੋਸ਼ ਆਈ, ਤਾਂ ਉਹ ਕਹਿਣ ਲਗੇ, "ਸੰਤੋਖ ਸਿੰਘਾ! ਯਾਵੇ ਦਾ ਅਗੇ ਹੋਰ ਕਿੰਨਾ ਕੁ ਪੈਂਡਾ ਹੈ?"

ਭਗਵਾਨਾ ਖਚਰਾ ਮੂੰਹ ਬਣਾ ਕੇ ਕਹਿਣ ਲਗਾ, "ਭਾਈਆ ਜੀ! ਹੁਣ ਥੋੜ੍ਹਾ ਜਿਹਾ ਹੀ ਤਾਂ ਰਹਿ ਗਿਆ ਹੈ। ਜਿੰਨਾਂ ਕੁ ਫ਼ਾਸਲਾ ਅਸੀਂ ਆਏ ਹਾਂ, ਬਸ ਇਸ ਤੋਂ ਦੁਗਣਾ-ਤਿਗਣਾ। ਹਿੰਮਤ ਤੋਂ ਕੰਮ ਲਓ। ਆਪਣੀ ਜ਼ਮੀਨ ਤੇ ਪਹੁੰਚ, ਕੇ ਛਾਂ ਹੇਠਾਂ ਬੈਠਾਂਗੇ। ਠੰਡਾ ਪਾਣੀ ਪੀਵਾਂਗੇ, ਨਾਲੇ ਲਾਲਾ ਦੀਵਾਨ ਚੰਦ ਹੋਰਾਂ ਨੂੰ ਮਿਲ ਲੈਣਾ।"

ਭਗਵਾਨੇ ਦੀ ਗੱਲ ਸੁਣ ਪਿਤਾ ਜੀ ਦੀ ਖਾਨਿਉਂ ਗਈ। ਉਹ ਮੇਰਾ ਮੋਢਾ ਫੜ ਕੇ ਉਠ ਖੜੋਤੇ ਤੇ ਕਹਿਣ ਲਗੇ, "ਮਾਰੋ ਸੁ ਸੌ ਜੁਤੀਆਂ ਇਸ ਖਸਮਾਂ ਖਾਣੀ ਜਿਮੀਂ ਨੂੰ ਸੂਰਾਂ ਖਾਣੀ ਇਹ ਮੇਰੀ ਜਾਨ ਹੀ ਕਢੀ ਜਾਣੀ ਐ। ਟੁਰ ਪੁਤਰਾ! ਆਪਣੇ ਘਰ ਚਲ। ਸਾਨੂੰ ਨਹੀਂ ਚਾਹੀਦੀ ਪਿਤਾ ਪੁਰਖੀ ਮਾ. . .ਚੋ. . .ਇਹ ਜਿਮੀਂ?"

"ਬਸ ਭਾਪਾ ਜੀ! ਬੜੀ ਮੁਸ਼ਕਲ ਨਾਲ ਪਿਤਾ ਜੀ ਨੂੰ ਠੱਲ੍ਹ ਕੇ ਮੈਂ ਘਰ ਪੁਚਾਇਆ। ਕਈ ਦਿਨ ਉਹ ਮੰਜੇ ਤੇ ਪਏ ਰਹੇ। ਇਸ ਤੋਂ ਕੁਝ ਮਹੀਨਿਆਂ ਮਗਰੋਂ ਦੀਵਾਨ ਚੰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪ ਪਿਤਾ ਜੀ ਦੀ ਖਬਰ ਲੈਣ ਆਇਆ। ਉਸ ਨੇ ਠਣ ਠਣ ਕਰਦੇ ਚਾਂਦੀ ਦੇ ਬੇਗਿਣਤ ਸਿੱਕੇ ਪਿਤਾ ਜੀ ਦੀ ਝੋਲੀ ਪਾ ਦਿਤੇ। ਚਾਂਦੀ ਦੇ ਸਿੱਕਿਆਂ ਦਾ ਢੇਰ ਹੀ ਲਗ ਗਿਆ। ਪਤਾ ਨਹੀਂ ਉਹ ਗਿਣਤੀ ਵਿੱਚ ਦੋ ਸੌ ਸਨ, ਜਾਂ ਤਿੰਨ ਸੌ।

''ਅਸੀਂ ਸ਼ੁਕਰ ਕੀਤਾ। ਬਲਾ ਗਲੋਂ ਟਲੀ। ਅਸੀਂ ਦੀਵਾਨ ਚੰਦ ਨੂੰ ਜ਼ਮੀਨ ਦਾ ਮੁਖਤਾਰ-ਨਾਮਾ ਲਿਖ ਦਿਤਾ, ਤੇ ਆਪਣਾ ਜੁਲੀ ਚਪੜ ਚੁਕ ਕੇ ਦਿੱਲੀ ਆ ਗਏ। ਸੋ ਭਾਪਾ ਜੀ! ਇਹ ਸੀ ਸਾਡੀ ਜ਼ਮੀਨ ਦੀ ਪ੍ਰਾਪਤੀ। ਤੁਸੀਂ ਚੰਗਾ ਕੀਤਾ, ਦਿੱਲੀ ਵਿੱਚ ਹੀ ਬੈਠੇ ਰਹੇ, ਤੇ ਇਸ ਖਜਲ-ਖਰਾਬੀ ਤੋਂ ਬਚੇ ਰਹੇ।''

ਆਪਣੀ ਛੋਟੇ ਵੀਰ ਸੰਤੋਖ ਸਿੰਘ ਦੀ ਗੱਲ ਸੁਣ ਰਬ ਦਾ ਸੌ-ਸੌ ਸ਼ੁਕਰ ਮਨਾਇਆ। ਉਸ ਸਮੇਂ ਮੈਨੂੰ ਪੂਰਨ ਸਿੰਘ ਦੇ ਗੋਸ਼ਾ ਫਾਰਮ ਦੀ ਯਾਦ ਆਈ। ਬਾਰ ਵਿੱਚ ਕਈ ਸੈਂਕੜੇ ਏਕੜਾਂ ਵਿੱਚ ਫੈਲੀ ਫਾਰਮ ਵਿੱਚ ਜਦ ਇਕ ਵਾਰ ਹੜ ਆ ਗਿਆ। ਫਾਰਮ ਦੀ ਸਾਰੀ ਫਸਲ ਤਬਾਹ ਹੋ ਗਈ। ਨਾਲ ਦੇ ਪਿੰਡਾਂ ਤੇ ਫਾਰਮ ਦੇ ਮਕਾਨ ਵੀ ਢਹਿ ਢੇਰੀ ਹੋ ਗਏ। ਕਈ ਸਾਲਾਂ ਦੀ ਮਿਹਨਤ ਤੇ ਧਨ ਬਰਬਾਦ ਹੋ ਗਿਆ, ਤਾਂ ਬਚੇ ਹੋਏ ਫਾਰਮ ਦੇ ਇਕ ਕੋਨੇ ਤੇ ਖੜੇ ਕੇ ਪ੍ਰੋ: ਪੂਰਨ ਸਿੰਘ, ਰਬ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਉਚੀ ਉਚੀ ਗਾਉਣ ਲਗ ਪਿਆ, ''ਭਲਾ, ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜ਼ਾਬੋਂ ਛੁੱਟੀ।''

ਸੋ ਅਸੀਂ ਵੀ ਇਸ ਗੀਤ ਨੂੰ ਗੁਣਗਣਾਂਦਿਆਂ ਤੇ ਇਸ ਦਾ ਜਪਾ ਜਾਪ ਕਰਦਿਆਂ, ਦਿੱਲੀ ਤੋਂ ਬਾਹਰ ਨਿਕਲ ਅੰਬਾਲੇ ਵਲ ਨਾ ਝਾਕਦਿਆਂ ਹੋਇਆਂ, ਸਬਰ ਸੰਤੋਖ ਨਾਲ ਆਪਣੀ ਕੋਠੀ ਕਾਲੇ ਖਾਂ (ਮਹਿਰੋਲੀ) ਦੇ ਰੈਣ ਬਸੇਰੇ ਵਿੱਚ ਹੀ ਬੈਠੇ ਰਹੇ, ਤੇ ਆਪਣੀ ਪਿਤਾ ਪੁਰਖੀ ਪ੍ਰਾਪਤ ਜ਼ਮੀਨ ਦੇ ਦਰਸ਼ਨ ਵੀ ਕਰਨ ਨਾ ਜਾ ਸਕੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਾਹੌਰ ਯਾਤਰਾ

(ਸੰਨ 1975)

## ਲਾਹੌਰ ਦੀ ਇਕ ਅਭੁੱਲ ਯਾਦ

ਲਾਹੌਰ ਅਸੀਂ 1947 ਵਿੱਚ ਛਡਿਆ ਸੀ। ਲਗਪਗ ਤੀਹ ਸਾਲ ਮਗਰੋਂ ਸੰਨ 1975 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਪੁਰਬ ਸਮੇਂ ਜਥੇ ਨਾਲ ਮੈਂ ਲਾਹੌਰ ਪਹੁੰਚਿਆ।

ਲਾਹੌਰ ਪਹੁੰਚਿਆਂ ਅਜ ਤੀਜਾ ਦਿਨ ਹੈ। ਪੰਜਾਬੀ ਮਾਸਕ ਪੱਤਰ 'ਪੰਜ ਦਰਿਆ' ਦੇ ਟੈਂਪਲ ਰੋਡ ਦਫਤਰ ਵਿੱਚ ਭਾਰਤੋਂ ਗਏ ਅਦੀਬਾਂ ਦੇ ਸਵਾਗਤ ਵਿੱਚ ਪਾਕ ਪੰਜਾਬੀ ਸ਼ਾਇਰਾਂ ਤੇ ਸਾਹਿਤਕਾਰਾਂ ਦਾ ਤਕੜਾ ਇਕੱਠ ਸੀ। ਜਨਾਬ ਮੁਨੀਰ ਨਿਆਜ਼ੀ, ਸ਼ਰੀਫ. ਕੁੰਜਾਹੀ. ਫਖਰ ਜ਼ਮਾਂ, ਜ਼ੈਗਮ ਸਾਹਿਬ, ਡਾ: ਜਮਾਲ, ਹਨੀਫ ਚੌਧਰੀ, ਪ੍ਰੋ: ਐਮ ਜ਼ਮੁਰਦ, ਮਲਕ ਸ਼ਾਹਬਾਜ਼ ਖਾਨ, ਅਮਜਦ ਭਟੀ, ਬਸ਼ੀਰ ਗੁਰਾਇਆ. ਬੇਗਮ ਨਾਸਰੀ. ਮਿਸ ਹਜੂਵੇਰੀ ਆਦਿ ਬਹੁਤ ਸਾਰੇ ਲੇਖਕ, ਕਵੀ ਤੇ ਕਵਿੱਤਰੀਆਂ ਮੌਜੂਦ ਸਨ। ਜਦੋਂ ਮੈਂ ਇਸ ਹਾਲ ਵਿੱਚ ਪੁਜਾ ਤਾਂ ਲਾਹੌਰੀ ਅਦੀਬ ਮਸਾਂ ਦਸ ਬਾਰਾਂ ਹੀ ਸਨ. ਤੇ ਬਾਕੀ ਹੌਲੀ ਹੌਲੀ ਪੁਜ ਰਹੇ ਸਨ, ਕਿ ਇਕ ਸਜਣ ਨੇ ਬੜੇ ਪਿਆਰ ਨਾਲ ਮੈਨੂੰ ਆ ਗਲਵਕੜੀ ਪਾਈ। ਸੁਖ ਸਾਂਦ ਪੁਛੀ. ਤੇ ਮੇਰੇ ਸਾਹਮਣੇ ਵਾਲੀ ਕੁਰਸੀ ਤੇ ਬੈਠ ਗਏ। ਇਕ ਨੌਜਵਾਨ ਕਵਿੱਤਰੀ ਆਪਣੀ ਆਟੋਗਰਾਫ ਕਾਪੀ ਲੈ ਕੇ ਮੇਰੇ ਪਾਸ ਹਸਤਾਖ਼ਸ਼ਰਾਂ ਲਈ ਆਣ ਖੜੋਤੀ। ਮੈਂ ਉਸ ਦੀ ਕਾਪੀ ਫੋਲਣ ਲਗ ਪਿਆ। ਉਸ ਕਾਪੀ ਵਿੱਚ ਕਈ ਸ਼ਾਇਰਾਂ ਦੇ ਸ਼ੇਅਰ. ਤੇ ਉਚ ਹਸਤੀਆਂ ਦੇ ਵਿੱਚਾਰ ਤੇ ਹਸਤਾਖਸ਼ਰ ਮੌਜੂਦ ਸਨ। ਉਸ ਦੀ ਆਟੋਗਰਾਫ ਬੁਕ ਵੇਖ ਮੈਨੂੰ ਅਜ ਤੋਂ 30 ਕੁ ਸਾਲ ਪਹਿਲਾਂ ਦਾ ਇਕ ਵਾਕਿਆ ਯਾਦ ਆ ਗਿਆ :

ਬੰਬਈ ਦੀ ਇਕ ਸਾਹਿਤਕ ਰੁਚੀਆਂ ਰਖਣ ਵਾਲੀ ਪ੍ਰਸਿੱਧ ਗਾਇਕਾ ਦੇ ਘਰ ਸ਼ਾਇਰਾ ਦੀ ਮਹਿਫਲ ਜੰਮੀ ਹੋਈ ਸੀ। ਇਸ ਵਿੱਚ ਜੋਸ਼ ਮਲੀਹਾਬਾਦੀ. ਜਿਗਰ ਮੁਰਾਦਾਬਾਦੀ. ਅਫ਼ੀਜ਼ ਜਲੰਧਰੀ. ਮਜਾਜ਼, ਤੇ ਸਾਗਰ ਨਿਜ਼ਾਮੀ ਆਦਿ ਸ਼ਾਇਰ ਸ਼ਾਮਲ ਸਨ। ਇਸ ਕਵੀ ਮਿਲਣੀ ਦੇ ਖਤਮ ਹੋਣ ਤੇ ਇਕ ਦੁਬਲੀ ਪਤਲੀ ਜਿਹੀ ਲੜਕੀ ਜਿਸ ਦੀਆਂ ਮਾਸੂਮ ਅੱਖਾਂ ਕਿਸੇ ਗਜ਼ਲ ਦੇ ਗ਼ਮਗੀਨ ਸ਼ਿਅਰਾਂ ਵਾਂਗ ਹੁਸੀਨ ਸਨ, ਇਕ ਛੋਟੀ ਜਿਹੀ ਬੁਕ ਲੈ ਕੇ ਸ਼ਰਮਾਂਦੀ. ਲੱਜਾਂਦੀ ਵਾਰੋ ਵਾਰੀ ਸਭ ਸ਼ਾਇਰਾਂ ਤੋਂ ਆਟੋਗਰਾਫ ਲੈਣ ਲਗੀ। ਜਿਗਰ ਮੁਰਾਦਾਬਾਦੀ ਨੇ ਉਸ ਦੀ ਆਟੋਗਰਾਫ ਬੁਕ ਤੇ ਲਿਖਿਆ :

''ਅਜ਼ਲ ਹੀ ਸੇ ਚਮਨ ਬੰਦੇ ਮੁਹੱਬਤ.
ਯਹੀ ਨਾਰੰਗੀਆਂ ਦਿਖਲਾ ਰਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਲੀ ਕੋਈ ਜਹਾ ਪਰ ਖਿਲ ਰਹੀ ਹੈ,
ਵਹੀਂ ਏਕ ਫੂਲ ਭੀ ਮੁਰਝਾ ਰਹਾ ਹੈ।''

ਤੇ ਜਦ ਹਫੀਜ਼ ਦੀ ਵਾਰੀ ਆਈ, ਤਾਂ ਇਸ ਮਾਸਮੂ ਲੜਕੀ ਦੇ ਚਿਹਰੇ ਤੇ ਇਕ ਹਸਰਤ ਦੀ ਨਜ਼ਰ ਸੁਟਦਿਆਂ ਹੋਇਆ ਉਸ ਲਿਖ ਦਿਤਾ

ਮਾਸੂਮ ਉਮੰਗੇ ਝੂਮ ਰਹੀ ਹੈਂ
ਦਿਲਦਾਰੀ ਕੇ ਝੂਲੋਂ ਮੇਂ,
ਯੇ ਕਚੀ ਕਲੀਆਂ ਕਿਆ ਜਾਨੇ ਕਬ ਖਿਲਨਾ
ਕਬ ਮੁਰਝਾਨਾ ਹੈ?

ਇਸ ਪਿਛੋਂ ਦੂਜੇ ਸ਼ਾਇਰਾਂ ਨੇ ਵੀ ਆਪਣੀ ਮਰਜ਼ੀ ਮੁਤਾਬਕ ਕੁਝ ਸ਼ਿਅਰ ਲਿਖ ਦਿਤੇ। ਜੋਸ਼ ਮਲੀਹਾਬਾਦੀ ਪਾਸ ਜਦ ਆਟੋਗਰਾਫ ਬੁਕ ਲਿਆਂਦੀ ਗਈ, ਉਨ੍ਹਾਂ ਕੁਝ ਲਿਖਣ ਤੋਂ ਪਹਿਲਾਂ ਇਸ ਦੇ ਸਫੇ ਉਲਟਣੇ ਸ਼ੁਰੂ ਕਰ ਦਿਤੇ। ਆਟੋਗਰਾਫ ਵਿੱਚ ਜਿਗਰ ਅਤੇ ਹਫੀਜ਼ ਦੇ ਸੁੱਚਜੇ ਸ਼ਿਅਰਾਂ ਦੇ ਨਾਲ ਹੀ ਦੂਜੇ ਕਈ ਸ਼ਾਇਰਾ ਦੇ ਊਟਪਟਾਂਗ ਸ਼ਿਅਰ ਵੀ ਦਰਜ ਸਨ। ਉਨ੍ਹਾਂ ਨੇ ਆਟੋਗਰਾਫ ਤੇ ਲਿਖ ਦਿਤਾ, ''ਆਟੋਗਰਾਫ ਬੁਕ ਇਕ ਅਜਿਹਾ ਅਸਤਬਲ ਹੈ, ਜਿਸ ਵਿੱਚ ਗੱਧੇ ਤੇ ਘੋੜੇ ਨਾਲੋ ਨਾਲ ਬੰਨ੍ਹੇ ਜਾਂਦੇ ਹਨ।

ਉਹ ਬੁਢੀ ਗਾਇਕਾ ਜਿਦਨ ਬਾਈ ਸੀ, ਤੇ ਉਹ ਮਾਸੂਮ ਛੋਟੀ ਉਮਰ ਦੀ ਹੁਸੀਨ ਬਾਲੜੀ, ਉਸ ਦੀ ਲਾਡਲੀ ਬੇਟੀ ਫਾਤਿਮਾ ਕਨੀਜ਼ ਸੀ, ਜੋ ਮਗਰੋਂ ਫ਼ਿਲਮੀ ਦੁਨੀਆਂ ਦੀ ਪ੍ਰਸਿੱਧ ਅਭਿਨੇਤਰੀ ਨਰਗਿਸ ਬਣੀ।

ਪੰਜਾਬੀ ਕਵਿੱਤਰੀ ਦੀ ਆਟੋਗਰਾਫ ਕਾਪੀ ਤੇ ਮੈਂ ਇਹ ਗੀਤ ਲਿਖ ਦਿਤਾ -

''ਬਾਗ ਹੁਸਨ ਵਿੱਚ ਸੁਪਨੇ ਜੇਹੇ,
ਫੁਲ ਜੋ ਨਜ਼ਰੀ ਆਏ।
ਰਸ ਸਹੁੱਪਣ ਮਹਿਕ, ਸੁਹਜ, ਸਭ
ਡਾਢੇ ਦਿਲ ਨੂੰ ਭਾਏ।
ਕਵਿਤਾ ਦੇਵੀ ਮਾਲਣ ਬਣ,
ਹਾਰ ਅਨੂਪ ਬਣਾਏ।
ਪੰਜਾਬੀ ਰਾਣੀ ਦੇ ਗੱਲ ਵਿੱਚ
ਚਾਈਂ ਚਾਈਂ ਪਾਏ।'' (ਪ੍ਰੋ: ਦੀਵਾਨ ਸਿੰਘ)

ਇਸ ਕੰਮੋਂ ਵੇਹਲਿਆਂ ਹੋ ਕੇ ਮੈਂ ਆਪਣੇ ਨਾਲ ਬੈਠੇ ਮਿੱਤਰ ਸ਼ਾਹਬਾਜ਼ ਤੇ ਹਨੀਫ ਚੌਧਰੀ ਨਾਲ ਗੱਲਾਂ ਕਰਨ ਲਗ ਪਿਆ। ਉਹੀ ਸਜਣ ਮੈਨੂੰ ਕਹਿਣ ਲਗੇ, ''ਤੁਹਾਡੀ ਬੇਟੀ ਤੇ ਬਾਕੀ ਪਰਿਵਾਰ ਕਿਥੇ ਹੈ?'' ਮੈਂ ਉਨ੍ਹਾਂ ਦੇ ਇਸ ਸਵਾਲ ਤੇ ਪਹਿਲਾਂ ਤਾਂ ਬੜਾ ਹੈਰਾਨ ਹੋਇਆ, ਪਰ ਫੌਰਨ ਹੀ ਮੈਨੂੰ ਸਮਝ ਆ ਗਈ ਕਿ ਇਹ ਪ੍ਰੋ: ਪ੍ਰੀਤਮ ਸਿੰਘ ਹੋਰਾਂ ਦੇ ਭੁਲੇਖੇ ਮੈਨੂੰ ਮਿਲ ਰਹੇ ਹਨ। ਮੈਂ ਉਨ੍ਹਾਂ ਨੂੰ ਕਿਹਾ, ''ਤੁਸੀਂ ਪ੍ਰੋ: ਪ੍ਰੀਤਮ ਸਿੰਘ ਹੋਰਾਂ ਨੂੰ ਮਿਲਣ ਆਏ ਹੋਵੋਗੇ?'' ਉਨ੍ਹਾਂ 'ਹਾਂ' ਕਹੀ ਤਾਂ ਮੈਂ ਉਨ੍ਹਾਂ ਨੂੰ ਦਸਿਆ ਕਿ ਪ੍ਰੋ. ਸਾਹਿਬ ਹੁਣੇ ਆ ਜਾਣਗੇ। ਪ੍ਰੋ: ਸਾਹਿਬ ਦੇ ਵਾਪਸ ਆਣ ਤੇ ਉਹ ਉਨ੍ਹਾਂ ਨੂੰ ਮਿਲ ਕੇ ਚਲੇ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਗਰੋਂ ਪ੍ਰੋ. ਪ੍ਰੀਤਮ ਸਿੰਘ ਜੀ ਵੀ ਕਿਸੇ ਨੂੰ ਮਿਲਣ ਤੁਰ ਗਏ। ਅੱਧੇ ਕੁ ਘੰਟੇ ਮਗਰੋਂ ਉਹ ਸਜਣ ਫਿਰ ਵਾਪਸ ਆ ਗਏ ਤੇ ਮੈਨੂੰ ਕਹਿਣ ਲਗੇ "ਮੈ ਯੂਨੀਵਰਸਿਟੀ ਲਾਇਬ੍ਰੇਰੀ ਵਿੱਚ ਪ੍ਰੋਫੈਸਰ ਸਾਹਿਬ ਦੇ ਪਰਿਵਾਰ ਨੂੰ ਢੂੰਡ ਆਇਆ ਹਾਂ. ਉਥੇ ਕੋਈ ਨਹੀਂ ਮਿਲਿਆ।"

ਉਨ੍ਹਾਂ ਆਪਣਾ ਤੁਆਰਫ ਕਰਾਂਦਿਆਂ ਹੋਇਆਂ ਦਸਿਆ. ਕਿ ਉਹ ਡਾ. ਰਹਿਮਾਨ ਹਨ। ਉਹ ਆਪ ਤੇ ਉਨ੍ਹਾਂ ਦੀਆਂ ਬੇਟੀਆਂ ਆਰਟਿਸਟ ਹਨ। ਉਨਾਂ ਮੈਨੂੰ ਕਿਹਾ, "ਤੁਸੀਂ ਸਾਡੇ ਘਰ ਚਲੋ। ਉਥੇ ਪਰਿਵਾਰ ਨੂੰ ਮਿਲਾ ਕੇ ਤੇ ਸਟੂਡੀਓ ਵਿਖਾ ਕੇ ਤੁਹਾਨੂੰ ਇਕ ਘੰਟੇ ਵਿੱਚ ਵਾਪਸ ਇਥੇ ਛਡ ਜਾਵਾਂਗੇ।" ਮੈਂ ਉਹਨਾਂ ਦੇ ਇਸ ਸੱਦੇ ਤੇ ਹੈਰਾਨ ਵੀ ਤੇ ਖੁਸ਼ ਵੀ ਹੋਇਆ। ਆਪੋ ਵਿੱਚ ਅਸੀਂ ਵਾਕਫ ਨਹੀਂ. ਇਕ ਦੂਜੇ ਦਾ ਨਾਂ ਵੀ ਨਹੀਂ ਜਾਣਦੇ ਪਰ ਇਸ ਸਜਣ ਵਿੱਚ ਕਿੰਨਾ ਖਲੂਸ ਤੇ ਪਿਆਰ ਭਰਿਆ ਹੋਇਆ. ਹੈ।

ਉਸ ਸਮੇਂ ਤੀਕ ਹਾਲ ਪੰਜਾਬੀ ਅਦੀਬਾਂ ਨਾਲ ਭਰ ਗਿਆ ਸੀ, ਪਰ ਭਾਰਤੋਂ ਆਏ ਅਸੀਂ ਦੋ ਸਜਣ ਹੀ ਮੌਜੂਦ ਸਾਂ। ਬਾਕੀ ਦੇ ਵੀ.ਸੀ. ਸਾਹਿਬ ਦੇ ਸੱਦੇ ਤੇ ਪੰਜਾਬੀ ਯੂਨੀਵਰਸਿਟੀ ਗਏ ਹੋਏ ਸਨ। ਇਸ ਹਾਲਤ ਵਿੱਚ ਮੇਰਾ ਉਥੋਂ ਚਲੇ ਜਾਣਾ ਠੀਕ ਨਹੀਂ ਸੀ ਲਗਦਾ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ, "ਇਥੋਂ ਘੰਟੇ ਕੁ ਮਗਰੋਂ ਛੁੱਟੀ ਕਰ ਕੇ ਮੈਂ ਘਰ ਹਾਜ਼ਰ ਹੋ ਸਕਦਾ ਹਾਂ।" ਉਨ੍ਹਾਂ ਘਰ ਦਾ ਪਤਾ ਮੈਨੂੰ ਦੇ ਦਿਤਾ ਤੇ ਪਾਸ ਖੜੋਤੇ ਅਜ਼ੀਜ਼ ਅਰਸ਼ਦ ਦੀ ਡਿਊਟੀ ਲਗਾ ਗਏ, ਕਿ ਉਹ ਮੈਨੂੰ ਲੈ ਕੇ ਉਨ੍ਹਾਂ ਦੀ ਕੋਠੀ ਪਹੁੰਚ ਜਾਵੇ।

ਮੈਂ ਉਨ੍ਹਾਂ ਦਾ ਪਤਾ ਆਪਣੇ ਪਾਸ ਇਸ ਖਿਆਲ ਨਾਲ ਰਖ ਲਿਆ ਕਿ ਪ੍ਰੋ. ਹੋਰਾਂ ਨੂੰ ਆਣ ਤੇ ਦੇ ਦਿਆਂਗਾ, ਮੈਨੂੰ ਤਾਂ ਉਥੇ ਜਾਣ ਦੀ ਫੁਰਸਤ ਮਿਲਣੀ ਨਹੀਂ। ਹੁਣ ਤੀਕ ਹਾਲ ਵਿੱਚ ਖੂਬ ਗਹਿਮਾਗਹਿਮ ਹੋ ਗਈ ਸੀ। ਤੀਹ ਚਾਲੀ ਮਰਦ ਤੇ ਦਸ ਬਾਰਾਂ ਅਦੀਬ ਇਸਤਰੀਆਂ ਪੁਜੀਆਂ ਗਈਆਂ ਸਨ। ਬਹੁਤੀ ਗਿਣਤੀ ਨਵੀਂ ਪੀੜੀ ਦੀ ਹੀ ਸੀ। ਪੁਰਾਣੀ ਪੀਹੜੀ ਦੇ ਤਾਂ ਉਂਗਲਾਂ ਤੇ ਗਿਣੇ ਜਾਣ ਵਾਲੇ ਹੀ ਨਾ ਸਨ। ਡਾ: ਜ਼ੈਗਮ. ਸ਼ਰੀਫ ਕੁੰਜਾਹੀ. ਮੁਨੀਰ ਨਿਆਜ਼ੀ. ਹਨੀਫ ਚੌਧਰੀ, ਪ੍ਰੋ: ਜ਼ਮੁਰਦ. ਡਾ: ਜਮਾਲ ਤੇ ਬੇਗਮ ਹਾਜਰਾ ਮਸ਼ਕੂਰ ਆਦਿ ਤੋਂ ਬਿਨਾਂ ਸਾਰੇ ਨੌਜਵਾਨ ਅਦੀਬ ਸਨ। ਪ੍ਰੋ. ਪ੍ਰੀਤਮ ਸਿੰਘ. ਡਾਕਟਰ ਕਰਨੈਲ ਸਿੰਘ ਥਿੰਦ. ਅਤੇ ਬਲਬੀਰ ਮੋਮੀ. ਪੰਜਾਬੀ ਯੂਨੀਵਰਸਿਟੀ ਤੋਂ ਪਰਤ ਆਏ ਸਨ। ਇਸ ਭਰੇ ਸਮਾਗਮ ਵਿੱਚ ਸਭ ਦੀਆਂ ਅੱਖਾਂ ਖੁਸ਼ੀ ਨਾਲ ਭਰਪੂਰ ਸਨ। ਪਾਕ-ਪੰਜਾਬੀ ਅਦੀਬ ਅਜ ਭਾਰਤੀ ਅਦੀਬਾਂ ਦੇ ਸਵਾਗਤ ਵਿੱਚ ਇਕੱਠੇ ਹੋਏ ਸਨ। ਉਨ੍ਹਾਂ ਨੇ ਆਪਣੀਆਂ ਨਜ਼ਮਾਂ ਸੁਣਾਈਆਂ. ਅਤੇ ਅਸੀਂ ਆਪਣੇ ਵਿੱਚਾਰ ਦਸੇ। ਪੰਜਾਬੀ ਬੋਲੀ ਦੀ ਉਨਤੀ ਸਬੰਧੀ ਵਿੱਚਾਰ ਵਟਾਂਦਰਾ ਹੁੰਦਾ ਰਿਹਾ। ਦੋ ਤਿੰਨ ਘੰਟੇ ਇਹ ਸਮਾਗਮ ਚਲਦਾ ਰਿਹਾ. ਤੇ ਅੰਤ ਇਕ ਦੂਜੇ ਦੇ ਧੰਨਵਾਦ ਅਤੇ ਜਾਣ-ਪਛਾਣ ਮਗਰੋਂ ਪਿਆਰ ਗਲਵਕੜੀਆਂ ਪਾ ਤੇ ਅੱਖਾਂ ਵਿੱਚ ਵਿਛੋੜੇ ਦੇ ਆਂਸੂ ਲਿਆ ਇਹ ਸਮਾਗਮ ਖਤਮ ਹੋਇਆ। ਇਸ ਪਿਆਰ ਮਿਲਣੀ ਦੌਰਾਨ ਹੀ ਅਜ਼ੀਜ਼ ਅਰਸ਼ਦ ਮੈਨੂੰ ਵਾਰ ਵਾਰ ਪਕਿਆਂ ਕਰਦਾ ਰਿਹਾ. ਕਿ ਅਸੀਂ ਡਾਕਟਰ ਰਹਿਮਾਨ ਹੋਰਾਂ ਦੇ ਘਰ ਜਾਣਾ ਹੈ।

ਉਪ੍ਰੋਕਤ ਕਾਰਵਾਈ ਖਤਮ ਹੋਣ ਤੇ ਉਹ ਮੈਨੂੰ ਨਾਲ ਲੈ ਡਾਕਟਰ ਹੋਰਾਂ ਦੇ ਘਰ ਵਲ ਚਲ ਪਿਆ। ਅਸੀਂ ਟੈਕਸੀ ਤੇ ਬੈਠ ਕੇ ਇਛਰਾ ਕਾਲੋਨੀ ਜਾ ਪੁਜੇ. ਤਾਂ ਅਰਸ਼ਦ ਕਹਿਣ ਲੱਗਾ. 'ਚਾਚਾ ਜਾਨ! ਡਾਕਟਰ ਸਾਹਿਬ ਦਾ ਪਤਾ ਜ਼ਰਾ ਵਿਖਾਣਾ। ਹੁਣ ਮੈਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਯਾਦ ਆਇਆ ਕਿ ਉਹ ਪਤਾ ਤਾਂ ਮੈਂ ਪ੍ਰੋਫੈਸਰ ਸਾਹਿਬ ਨੂੰ ਦੇ ਦਿਤਾ ਸੀ। ਅਰਸ਼ਦ ਕਹਿਣ ਲਗਾ, "ਚਲੋ ਕੋਈ ਗੱਲ ਨਹੀਂ, ਅਸ਼ੀਂ ਘਰ ਢੂੰਡ ਲਵਾਂਗੇ।"*

ਇਛਰੇ ਪਹੁੰਚ ਟੈਕਸੀ ਛਡ ਦਿਤੀ, ਤੇ ਡਾਕਟਰ ਜੀ ਦਾ ਘਰ ਢੂੰਡਣ ਲਗੇ। ਡਾਕਟਰ ਰਹਿਮਾਨ ਉਨ੍ਹਾਂ ਦਾ ਅਧਾ ਨਾ ਹੈ, ਐਡਰੈਸ ਵੀ ਸਾਡੇ ਪਾਸ ਮੌਜੂਦ ਨਹੀਂ ਸੀ, ਪਰ ਥੋੜੀ ਦੌੜ ਧੁਪ ਮਗਰੋਂ ਕੋਠੀ ਮਿਲ ਹੀ ਗਈ। ਡਾਕਟਰ ਸਾਹਿਬ ਆਪ ਘਰ ਨਹੀਂ ਸਨ। ਉਨ੍ਹਾਂ ਦੀ ਬੇਗਮ ਸਾਹਿਬਾ ਅਤੇ ਬੇਟੀਆਂ ਘਰ ਸਨ। ਪਰਿਵਾਰ ਨੂੰ ਸਾਡੀ ਆਮਦ ਦਾ ਪਤਾ ਵੀ ਨਹੀਂ ਸੀ ਪਰ ਉਨ੍ਹਾਂ ਸਾੜ੍ਹਾ ਨਿਘਾ ਸਵਾਗਤ ਕੀਤਾ। ਸ਼ਰਬਤ ਆਦਿ ਨਾਲ ਸੇਵਾ ਮਗਰੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਆਪਣੇ ਪਾਸ ਸਮਾਂ ਸਿਰਫ ਅਧਾ ਕੁ ਘੰਟਾ ਹੈ, ਇਸ ਲਈ ਆਪਣੀਆਂ ਪੇਂਟਿੰਗਜ਼ ਬਾਰੇ ਸਾਨੂੰ ਚਾਨਣਾ ਪਾਉ। ਅਸੀਂ ਉਨ੍ਹਾਂ ਦੇ ਸਟੂਡਿਉ ਹਾਲ ਵਿੱਚ ਹੀ ਬੈਠੇ ਸਾਂ। ਇਸ ਪਰਿਵਾਰ ਵਲੋਂ ਖੇਡਾਂ ਅਰ ਪੇਂਟਿੰਗਜ਼ ਰਾਹੀਂ ਜਿਤੇ ਬਹੁਤ ਸਾਰੇ ਕਪ ਨੁਕਰੇ ਪਏ ਹੋਏ ਸਨ ਤੇ ਹਾਲ ਉਨ੍ਹਾ ਦੀਆਂ ਕ੍ਰਿਤਾਂ ਨਾਲ ਭਰਿਆ ਹੋਇਆ ਸੀ। ਅਸੀਂ ਇਹ ਸੁਣ ਕੇ ਹੈਰਾਨ ਹੋਏ, ਕਿ ਡਾਕਟਰ ਜੀ ਦੀਆਂ ਸੱਤ ਬੱਚੀਆਂ, ਘਰ ਦੋ ਬੇਟੇ, ਉਨ੍ਹਾਂ ਸਮੇਤ ਦਸ ਆਰਟਿਸਟਾਂ ਦਾ ਇਹ ਘਰ ਹੈ। ਕਈ ਤਸਵੀਰਾਂ ਵਾਟਰ ਕਲਰ ਦੀਆਂ ਸਨ ਤੇ ਕਈ ਦੂਜੀਆਂ। ਕਈ ਮਿੱਟੀ ਦੇ ਬੁਤ ਸਨ, ਕਈਆਂ ਤੇ ਮੋਤੀਆਂ ਨਾਲ ਕੰਮ ਹੋਇਆ ਹੋਇਆ ਸੀ। ਕੁਝ ਤਸਵੀਰਾਂ ਦੋਹਾਂ ਭੈਣਾਂ ਨੇ ਰਲ ਕੇ ਬਣਾਈਆਂ ਸਨ, ਕੁਝ ਤਿੰਨਾਂ ਨੇ, ਪਰ ਬਹੁਤਾ ਕੰਮ ਉਨ੍ਹਾਂ ਸਭ ਦਾ ਵਖੋ ਵਖਰਾ ਸੀ। ਛੋਟੇ ਮਾਸੂਮ ਬਚੇ ਜਿਨ੍ਹਾਂ ਦੀਆਂ ਉਮਰਾਂ ਸੱਤ ਤੇ ਨੌਂ ਸਾਲ ਸਨ, ਉਨ੍ਹਾਂ ਦੀ ਵੀ ਇਸ ਕਿੱਤੇ ਨਾਲ ਭਾਰੀ ਦਿਲਚਸਪੀ ਸੀ।

ਡਾਕਟਰ ਰਹਿਮਾਨ ਆਪ ਬੜੇ ਵਡੇ ਆਰਟਿਸਟ ਹਨ ਤੇ ਉਹਨਾਂ ਨੇ ਆਪਣੇ ਪਰਿਵਾਰ ਦੇ ਸਭ ਜੀਆਂ ਨੂੰ ਹੀ ਆਰਟਿਸਟ ਬਣਾ ਦਿੱਤਾ। ਕੁਝ ਤਸਵੀਰਾਂ ਰੇਅਰ ਪੇਂਟਿੰਗਜ਼ ਵੀ ਉਥੇ ਮੌਜੂਦ ਸਨ, ਜੋ, ਉਨ੍ਹਾਂ ਦੇਸੋਂ ਬਾਹਰ ਦੇ ਮਿੱਤਰਾਂ ਸਜਣਾਂ ਤੋਂ ਇਕਠੀਆਂ ਕੀਤੀਆਂ ਸਨ। ਬੇਟੀ ਜ਼ਾਹਿਦਾ ਸਾਨੂੰ ਹਰ ਬੱਚੇ ਦਾ ਵਖਰਾ ਵਖਰਾ ਕੰਮ ਵਿਖਾਈ ਜਾ ਰਹੀ ਸੀ। ਹਾਲੀਂ ਉਹ ਅਧ ਵਿੱਚ ਹੀ ਪੁਜੀ ਸੀ ਕਿ ਡਾਕਟਰ ਰਹਿਮਾਨ ਆਪਣੀਆਂ ਬਾਕੀ ਬੇਟੀਆਂ ਸਣੇ ਵਾਪਸ ਆ ਗਏ। ਬਚੀਆਂ ਤੇ ਡਾਕਟਰ ਹੋਰੀ ਯੂਨੀਵਰਸਿਟੀ ਦੇ ਖੇਡ ਮੁਕਬਾਲੇ 'ਚੋਂ ਵਾਪਸ ਆਏ ਸਨ। ਡਾਕਟਰ ਸਾਹਿਬ ਨੇ ਬਾਕੀ ਬਚੀਆਂ ਨਾਲ ਤਆਰਫ ਕਰਾਇਆ ਤੇ ਬਾਕੀ ਸਭ ਕੰਮ ਵਿੱਚੇ ਛਡ ਚਾਹ-ਪੀਣ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਨੂੰ ਬਤੇਰਾ ਜ਼ੋਰ ਦਿੱਤਾ, ਕਿ ਹੁਣੇ ਹੁਣੇ ਅਸੀਂ ਸ਼ਰਬਤ ਆਦਿ ਪੀ ਚੁਕੇ ਹਾਂ ਪਰ ਉਹ ਨਾ ਮੰਨੇ। ਇੰਨੇ ਨੂੰ ਚਾਹ ਆ ਗਈ, ਤਾਂ ਉਨ੍ਹਾਂ ਦੀ ਬੇਟੀ ਜ਼ਾਹਿਦਾ ਬੋਲੀ, "ਚਾਚਾ ਜੀ (ਉਥੇ ਚਾਚੇ ਮਾਮੇ ਨੂੰ ਅੰਕਲ, ਚਾਚੀਆਂ ਮਾਮੀਆਂ ਨੂੰ ਆਂਟੀ ਤੇ ਪਿਉ ਮਾਂ ਨੂੰ ਡੇਡੀ ਮੰਮੀ ਕਹਿਣ ਦਾ ਰਿਵਾਜ ਨਹੀਂ) ਸ਼ੁਭਚਿੰਤ ਨੂੰ ਕਹਿਣਾ, ਨਾ ਤੂੰ ਮੇਰੀ ਚਿੱਠੀ ਦਾ ਜਵਾਬ ਦਿਤੈ, ਅਤੇ ਨਾ ਤੂੰ ਮਿਲਣ ਹੀ ਆਈ। ਮੈਂ ਦੋ ਦਿਨਾਂ ਤੋਂ ਉਸ ਨੂੰ ਉਡੀਕ ਰਹੀ ਹਾਂ।" ਇਹ ਕਹਿੰਦਿਆਂ ਹੋਇਆਂ, ਉਸ ਦੀਆਂ ਅਖਾਂ 'ਚ ਅਾਂਸੂ ਆ ਗਏ। ਮੈਨੂੰ ਨਹੀਂ ਸੀ ਪਤਾ, ਸ਼ੁਭਚਿੰਤ ਕੌਣ ਹੈ, ਪਰ

* ਅਰਸ਼ਦ ਅਠਾਰਾਂ ਕੁ ਸਾਲਾਂ ਦਾ ਬੜਾ ਪਿਆਰਾ ਤੇ ਸਾਹਿਤ ਪ੍ਰੇਮੀ ਬੀ: ਏ: ਪੜ੍ਹ ਰਿਹਾ ਨੌਜਵਾਨ ਹੈ। ਉਹ ਜਨਾਬ ਮੌਲਾ ਬਖਸ਼ ਕੁਸ਼ਤਾ ਦਾ ਪੋਤਾ, ਅਫਜ਼ਲ ਹੋਰਾਂ ਦਾ ਹੋਣਹਾਰ ਬੇਟਾ ਤੇ ਅਮਜਦ ਭਟੀ ਐਡੀਟਰ ਪੰਜ ਦਰਿਆ ਦਾ ਛੋਟਾ ਵੀਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੈਂ ਅਨੁਮਾਨ ਲਾਇਆ ਕਿ ਪ੍ਰੋ. ਪ੍ਰੀਤਮ ਸਿੰਘ ਹੋਰਾਂ ਦੀ ਬੇਟੀ ਹੋਵੇਗੀ। ਮੈਂ ਕਿਹਾ, ''ਬੇਟਾ, ਉਸ ਨੂੰ ਤੇਰਾ ਸੁਨੇਹਾ ਪੁਚਾ ਦਿਆਂਗੇ, ਤੇ ਉਹ ਕਲ ਤੈਨੂੰ ਜ਼ਰੂਰ ਮਿਲਣ ਆਵੇਗੀ।''

ਉਹ ਬੜੀ ਹਸਰਤ ਨਾਲ ਕਹਿ ਰਹੀ ਸੀ, ''ਤੇ ਤੁਸੀਂ ਆਪਣੀ ਬੇਟੀ ਨੂੰ ਵੀ ਕਹਿਣਾ, ਚਿੱਠੀ ਲਿਖੇ।'' ਡਾ: ਰਾਣਾ ਰਹਿਮਾਨ ਬੜੇ ਅਰਮਾਨ ਭਰੇ ਲਹਿਜੇ ਵਿੱਚ ਕਹਿਣ ਲਗੇ, ''ਪ੍ਰੋ: ਪ੍ਰੀਤਮ ਸਿੰਘ ਹੋਰੀ ਨਹੀਂ ਆਏ, ਹਾਲਾਂਕਿ ਉਨ੍ਹਾ ਇਕਰਾਰ ਕੀਤਾ ਹੋਇਐ, ਤੇ ਅਸੀਂ ਸਾਰੇ ਦੋ ਦਿਨਾਂ ਤੋਂ ਉਨ੍ਹਾਂ ਦੇ ਪਰਿਵਾਰ ਦੀ ਉਡੀਕ ਵਿੱਚ ਹਾਂ।''

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਇਸ ਘਰ ਦਾ ਮਹਿਮਾਨ ਹਾਂ, ਜਾਂ ਘਰ ਦਾ ਜੀਅ। ਇਨ੍ਹਾਂ ਲੋਕਾਂ ਵਿੱਚ ਕਿੰਨੀ ਪਿਆਰ ਭੁਖ ਹੈ। ਸਚਮੁਚ ਇਹ ਇਨਸਾਨ ਨਹੀਂ ਫਰਿਸ਼ਤੇ ਸਨ।

ਵਕਤ ਅੱਠ ਦਾ ਹੋ ਗਿਆ ਸੀ। ਆਪਣੇ ਮਿੱਤਰ ਸ਼ਾਹਬਾਜ਼ ਮਲਕ ਤੇ ਗੁਰਾਇਆ ਹੋਰਾਂ ਨੂੰ ਸਤ ਵਜੇ ਮਿਲਣ ਦਾ ਵਕਤ ਦਿਤਾ ਹੋਇਆ ਸੀ, ਪਰ ਇਸ ਸਵਰਗ 'ਚੋਂ ਉਠੇ ਕੌਣ? ਚਾਹ ਪੀਂਦਿਆਂ ਮੈਂ ਡਾਕਟਰ ਹੋਰਾਂ ਤੇ ਸਵਾਲ ਕੀਤਾ ''ਵੀਰ! ਤੁਹਾਡੇ ਸਾਰੇ ਬੱਚੇ ਕਿਵੇਂ ਆਰਟਿਸਟ ਬਣ ਗਏ? ਅਜ ਤੀਕ ਸੰਸਾਰ ਵਿੱਚ ਜਿੰਨੇ ਵੀ ਮਹਾਂ-ਪੁਰਸ਼ ਹੋ ਗੁਜ਼ਰੇ ਹਨ, ਉਨ੍ਹਾਂ ਦੀ ਔਲਾਦ ਆਪਣੇ ਵਡਕਿਆਂ ਦੇ ਨਕਸ਼ੇ-ਕਦਮ ਤੇ ਬਿਲਕੁਲ ਨਹੀਂ ਚਲਦੀ, ਫਿਰ ਤੁਸੀਂ ਕਿਵੇਂ ਉਸ ਦੇ ਉਲਟ ਕਰ ਵਿਖਾਇਆ?''

ਉਹ ਕਹਿਣ ਲਗੇ-''ਸਰਦਾਰ ਸਾਹਿਬ! ਮੈਂ ਆਪਣੇ ਘਰ ਦਾ ਮਾਹੌਲ ਹੀ ਐਸਾ ਬਣਾਇਆ ਹੈ, ਕਿ ਸਾਡੇ ਬੱਚੇ ਮਨ-ਇੱਛੇ ਢਾਂਚੇ ਵਿੱਚ ਢਲਣ। ਸਾਡੀਆਂ ਤਿੰਨ ਲੜਕੀਆਂ ਐਮ. ਏ. ਵਿੱਚ ਪੜ੍ਹਦੀਆ ਹਨ, ਦੋ ਬੀ. ਏ. ਤੇ ਬਾਕੀ ਹਾਇਰ ਸੈਕੰਡਰੀ। ਦੋ ਛੋਟੇ ਬੱਚੇ ਛੋਟੀਆਂ ਜਮਾਤਾਂ ਵਿੱਚ ਪੜ੍ਹਦੇ ਹਨ। ਅਸੀਂ ਅਰੰਭ ਤੋਂ ਹੀ ਬੱਚਿਆਂ ਹਥ ਬੁਰਸ਼ ਫੜਾ ਦੇਂਦੇ ਹਾਂ। ਉਹ ਆਪਣੇ ਸਕੂਲਾਂ-ਕਾਲਜਾਂ ਦੇ ਕੰਮ ਤੋਂ ਮਗਰੋਂ ਇਸ ਸਟੂਡੀਓ ਵਿੱਚ ਬੈਠ ਆਪਣੀਆਂ ਮਨ ਚਾਹੀਆਂ ਮੂਰਤਾਂ ਬਣਾਂਦੇ ਹਨ। ਸਾਡੇ ਘਰ ਕਦੀ ਕਿਸੇ ਕਮਰੇ ਜਾਂ ਟਰੰਕ ਨੂੰ ਤਾਲਾ ਨਹੀਂ ਲਗਾ। ਪੈਸੇ ਸਦਾ ਸਭ ਬਚਿਆਂ ਦੇ ਸਾਹਮਣੇ ਪਏ ਰਹਿੰਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਦਸਿਆ ਹੋਇਐ, ਕਿ ਉਨ੍ਹਾਂ ਘਟੋ ਘਟ ਐਮ. ਏ. ਤੀਕ ਪੜ੍ਹਾਈ ਕਰਨੀ ਹੈ। ਅਗੋਂ ਉਨ੍ਹਾ ਦੀ ਮਰਜ਼ੀ ਹੈ ਪੜ੍ਹਨ ਜਾਂ ਨਾ। ਕਿਸੇ ਬੱਚੇ ਬੱਚੀ ਦੀ ਵੀ ਐਮ. ਏ. ਤੋਂ ਪਹਿਲਾਂ ਸ਼ਾਦੀ ਨਹੀਂ ਹੋਣੀ। ਕਿਸੇ ਬੱਚੇ ਨੂੰ ਅਸੀਂ ਰਿਸ਼ਤੇਦਾਰਾਂ ਜਾਂ ਦੋਸਤਾਂ ਸਹੇਲੀਆਂ ਦੇ ਘਰ ਨਹੀਂ ਘਲਦੇ। ਸਾਡਾ ਨਾਹਰਾ ਹੈ, ''ਸਕੂਲ, ਕਾਲਜ ਜਾਂ ਘਰ' ਤਿੰਨੇ ਥਾਂਵਾਂ ਇਨ੍ਹਾਂ ਦੀਆਂ ਦਰਸਗਾਹਾਂ ਹਨ। ਰਾਤੀਂ ਸੁਤਿਆਂ ਪਿਆਂ ਜਦੋਂ ਕੋਈ ਬੱਚਾ ਜਾਂ ਬੱਚੀ ਜਾਗ ਉਠੇ, ਤਾਂ ਉਹ ਸਟੂਡੀਊ ਆ ਬੈਠਦੇ ਹਨ। ਜਿੰਨਾਂ ਚਿਰ ਮਰਜ਼ੀ ਹੈ, ਕੰਮ ਕਰਨ ਤੇ ਮਗਰੋਂ ਉਹ ਆਪਣੇ ਸੌਣ ਕਮਰੇ ਵਿੱਚ ਚਲੇ ਜਾਣ। ਹੁਣ ਇਨ੍ਹਾਂ ਨੂੰ ਆਪਣੇ ਕੰਮ ਨਾਲ ਇੰਨੀ ਲਗਨ ਹੈ, ਕਿ ਅਸੀਂ ਇਨ੍ਹਾਂ ਨੂੰ ਕਿਸੇ ਦੋਸਤ ਜਾਂ ਰਿਸ਼ਤੇਦਾਰ ਦੀ ਸ਼ਾਦੀ ਜਾਂ ਪਿਕਨਿਕ ਤੇ ਜਾਣ ਲਈ ਕਹਿੰਦੇ ਹਾਂ, ਤਾਂ ਬੇਟੀਆਂ ਕਹਿੰਦੀਆਂ ਹਨ, ''ਅਬਾ-ਜਾਨ, ਤੁਸੀਂ ਤੇ ਅਮਾਂ-ਜਾਨ ਹੋ ਆਉ। ਅਸੀਂ ਆਪਣੀਆਂ ਤਸਵੀਰਾਂ ਮੁਕੰਮਲ ਕਰਨੀਆਂ ਹਨ।''

ਡਾਕਟਰ ਹੋਰਾਂ ਚਾਹ ਦਾ ਘੁਟ ਭਰਦਿਆਂ ਕਿਹਾ, ''ਸਰਦਾਰ ਸਾਹਿਬ! ਅਸੀਂ ਆਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪਣੇ ਬਚਪਨ ਤੋਂ ਵੀ ਬੜਾ ਸਬਕ ਸਿਖੀਐ। ਅਸੀਂ ਅੰਮ੍ਰਿਤਸਰ ਦੇ ਰਹਿਣ ਵਾਲੇ ਹਾਂ। ਜੇ ਅਸੀਂ ਕਿਤਾਬਾਂ ਕਾਪੀਆਂ ਜਾਂ ਕੋਈ ਹੋਰ ਚੀਜ਼ ਖ੍ਰੀਦਣ ਘਰੋਂ ਅਮਾਂ ਜਾਨ ਤੋਂ ਪੁਛ ਕੇ ਬਾਜ਼ਾਰ ਜਾਂਦੇ. ਤੇ ਸਾਡੇ ਵਡਕਿਆਂ ਨੂੰ ਕੋਈ ਆਣ ਕੇ ਦਸਦਾ ਕਿ ਰਹਿਮਾਨ ਨੂੰ ਹਾਲ ਬਾਜ਼ਾਰ ਵਿੱਚ ਫਿਰਦਿਆਂ ਵੇਖਿਆ ਹੈ. ਤਾਂ ਘਰ ਪਹੁੰਚਦਿਆਂ ਸਾਰ ਉਨ੍ਹਾਂ ਥਪੜ ਮੂੰਹ ਤੇ ਠੋਕਣ ਮਗਰੋਂ ਹੀ ਪੁਛਣਾ ਏ. ਕਿ ਅਗੋਂ ਵੀ ਤੂੰ ਆਵਾਰਾਗਰਦੀਆਂ ਕਰੇਂਗਾ? ਜਦੋਂ ਉਨ੍ਹਾਂ ਨੂੰ ਪਤਾ ਲਗਣਾ. ਕਿ ਅਸੀਂ ਕਿਸੇ ਬਜ਼ੁਰਗ ਦੀ ਆਗਿਆ ਲੈ ਕੇ ਗਏ ਸਾਂ. ਤਾਂ ਉਨ੍ਹਾਂ ਨੂੰ ਅਫੋਸਸ ਦੀ ਥਾਂ ਹੋਰ ਗੁੱਸਾ ਆਉਣਾ।

"ਸੋ ਅਸੀਂ ਉਹ ਸਾਰਾ ਮਾਹੌਲ ਹੀ ਬਦਲ ਦਿਤਾ ਹੈ। ਬੱਚੀਆਂ. ਜੋ ਜੀ ਚਾਹੇ ਕਰਨ। ਉਨ੍ਹਾਂ ਨੂੰ ਪੂਰਨ ਆਜ਼ਾਦੀ ਹੈ। ਇਸੇ ਲਈ ਸਕੂਲ-ਕਾਲਜ ਘਰ. ਤੇ ਤਸਵੀਰਾਂ ਦੇ ਕੰਮਾਂ ਤੋਂ ਵੇਹਲਿਆਂ ਹੋ ਬੱਚੀਆਂ ਆਪਣਾ ਘਰ ਵੀ ਆਪ ਸੰਭਾਲਦੀਆਂ ਹਨ।"

ਉਨ੍ਹਾਂ ਦੀ ਬੇਗਮ ਨਜਮਾ ਰਹਿਮਾਨ ਬੋਲੀ "ਵੀਰ ਜੀ! ਬੱਚੀਆਂ ਖਾਣ ਪਕਾਣ ਵਿੱਚ ਨਿਪੁੰਨ ਹਨ। ਚਾਹ ਨਾਲ ਜੋ ਸਾਮਾਨ ਅਸੀਂ ਖਾ ਰਹੇ ਹਾਂ. ਇਹ ਸਭ ਇਨ੍ਹਾਂ ਬਚੀਆਂ ਨੇ ਆਪ ਤਿਆਰ ਕੀਤਾ ਹੈ।" ਤੇ ਮੈਂ ਪੁਛ ਰਿਹਾ ਸਾਂ. "ਡਾਕਟਰ ਸਾਹਿਬ! ਇੰਨੇ ਨਿਪੁੰਨ ਬੱਚੇ ਬਣਾਣ ਵਿੱਚ ਤੁਹਾਡੀ ਬੇਗਮ ਸਾਹਿਬਾ ਦਾ ਜ਼ਰੂਰ ਹਥ ਹੋਣਾ ਏ? ਤੇ ਆਪਣੀ ਮਨਮਰਜੀ ਦੀ ਪਤਨੀ ਮਿਲਣੀ ਸਾਡੇ ਤੁਹਾਡੇ ਸਮਾਜ ਵਿੱਚ ਸੰਭਵ ਨਹੀਂ। ਇਸ ਬਾਰੇ ਕੁਝ ਚਾਨਣਾ ਪਾਉ।"

ਮੇਰਾ ਇਹ ਪ੍ਰਸ਼ਨ ਸੁਣ ਉਹ ਖਿੜਖਿੜਾ ਕੇ ਹਸ ਪਏ। ਕਹਿਣ ਲਗੇ. "ਲਉ. ਸਾਡੀ ਸ਼ਾਦੀ ਦੀ ਕਥਾ ਵੀ ਸੁਣ ਲਉ। ਉਦੋਂ ਮੈਂ ਇਕ ਰੈਸਟੋਰੈਂਟ ਵਿੱਚ ਮੁਲਾਜ਼ਮ ਸਾਂ. ਤੇ ਇਹ ਕਿਸੇ ਦਫਤਰ ਵਿੱਚ ਨੌਕਰ ਸਨ। ਇਹ ਸਾਡੇ ਰੈਸਟੋਰੈਂਟ ਵਿੱਚ ਕਈ ਵਾਰ ਖਾਣਾ ਖਾਣ ਆਂਦੇ ਰਹਿੰਦੇ ਸਨ। ਅਸੀਂ ਇਕ ਦੂਜੇ ਤੋਂ ਜਾਣੂ ਸਾਂ. ਤੇ ਬਸ। ਉਸ ਸਮੇਂ ਮੈਨੂੰ ਮਸਾਂ ਗੁਜ਼ਾਰੇ ਜੋਗੀ ਤਨਖਾਹ ਮਿਲਦੀ ਸੀ। ਆਪਣੇ ਵਡਿਕਿਆਂ 'ਚੋਂ ਸਭ ਅਲਾ ਨੂੰ ਪਿਆਰੇ ਹੋ ਗਏ ਸਨ। ਸ਼ਾਦੀ ਲਈ ਨਾ ਪਲੇ ਪੈਸਾ ਸੀ. ਨਾ ਇਸ ਹਾਲਤ ਵਿੱਚ ਸਾਡੇ ਨਾਲ ਕੋਈ ਕੁੜੀ ਸ਼ਾਦੀ ਲਈ ਤਿਆਰ ਹੀ ਸੀ। ਮੈਂ ਕਦੀ ਸੋਚਿਆ ਹੀ ਨਹੀਂ ਸੀ. ਕਿ ਮੇਰੀ ਵੀ ਸ਼ਾਦੀ ਹੋ ਸਕਦੀ ਹੈ। ਇਕ ਦਿਨ ਮੈਂ ਆਪਣੇ ਇਕ ਮਿੱਤਰ ਨੂੰ ਮਿਲਣ ਜਾਣਾ ਸੀ. ਤੇ ਇਨ੍ਹਾਂ ਦਾ ਘਰ ਵੀ ਉਧਰ ਹੀ ਸੀ। ਇਹ ਮੇਰੀ ਮੋਟਰ ਸਾਈਕਲ ਪਿਛੇ ਬੈਠ ਗਏ। ਅਸੀਂ ਆਪਣੇ ਦੋਸਤ ਦੇ ਘਰ ਪਹੁੰਚੇ. ਉਥੇ ਚਾਹ ਪਾਣੀ ਪੀਤਾ. ਤਾਂ ਮੇਰੇ ਦੋਸਤ ਦੀ ਵਹੁਟੀ ਕਹਿਣ ਲਗੀ. "ਰਹਿਮਾਨ! ਤੂੰ ਸ਼ਾਦੀ ਕਿਉਂ ਨਹੀਂ ਕਰ ਲੈਂਦਾ?" ਮੈਂ ਹਸ ਕੇ ਕਿਹਾ "ਭਾਬੀ! ਮੇਰੀ ਸ਼ਾਦੀ! ਕੌਣ ਮੇਰੇ ਨਾਲ ਸ਼ਾਦੀ ਕਰਨ ਲਈ ਤਿਆਰ ਹੋਵੇਗੀ?"

ਉਹ ਕਹਿਣ ਲਗੀ. "ਇਸੇ ਕੁੜੀ ਨਾਲ ਕਿਉਂ ਨਹੀਂ ਸ਼ਾਦੀ ਕਰ ਲੈਂਦਾ. ਜਿਹੜੀ ਤੇਰੇ ਨਾਲ ਆਈ ਹੈ।"

ਮੈਂ ਕਿਹਾ. "ਇਸ ਨੂੰ ਪੁਛ ਵੇਖੋ।"

ਉਨ੍ਹਾਂ ਨੇ. ਇਨ੍ਹਾਂ ਨੂੰ ਪੁਛਿਆ "ਕਿਉਂ ਬੀਬੀ. ਤੂੰ ਰਹਿਮਾਨ ਨਾਲ ਸ਼ਾਦੀ ਕਰਨ ਲਈ ਤਿਆਰ ਏਂ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਅਸਾਂ ਦੋਹਾਂ ਨੂੰ ਪਤਾ ਸੀ, ਇਹ ਸਾਰੀ ਗੱਲਬਾਤ ਹਾਸੇ ਮਖੌਲ ਦੇ ਰੌਂ ਵਿੱਚ ਚਲ ਰਹੀ ਹੈ। ਇਨ੍ਹਾਂ ਨੇ ਉਸ ਮਾਹੌਲ ਮੁਤਾਬਕ ਹੀ ਹਾਸੇ ਨਾਲ ਉੱਤਰ ਦਿਤਾ, ''ਹਾਂ, ਬਿਲਕੁਲ ਤਿਆਰ ਹਾਂ।''

ਉਨ੍ਹਾਂ ਉਸੇ ਘੜੀ ਮੌਲਵੀ ਨੂੰ ਬੁਲਾਇਆ ਤੇ ਘੜੀਆਂ ਪਲਾਂ ਵਿੱਚ ਸਾਡਾ ਵਿਆਹ ਹੋ ਗਿਆ। ਦੂਜੇ ਦਿਨ ਦਫਤਰ ਵਾਲਿਆਂ ਨੂੰ ਪਤਾ ਲਗਾ, ਤਾਂ ਉਨ੍ਹਾਂ ਪਾਰਟੀ ਮੰਗੀ। ਸਾਡੇ ਦੋਹਾਂ ਪਾਸ ਪਾਰਟੀ ਲਈ ਪੈਸੇ ਕਿਥੇ? ਸੋ ਉਨ੍ਹਾਂ ਆਪ ਹੀ ਚੰਦਾ ਇਕੱਠਾ ਕਰ ਕੇ ਵਿਆਹ ਦੀ ਖੁਸ਼ੀ ਵਿੱਚ ਪਾਰਟੀ ਕਰ ਦਿਤੀ। ਸੋ ਇਹ ਸਾਡੀ ਸ਼ਾਦੀ ਦੀ ਗਰੈਂਡ ਪਾਰਟੀ ਸੀ।''

ਡਾਕਟਰ ਸਾਹਿਬ ਆਪਣੀ ਦਿਲਚਸਪ ਵਿਥਿਆ ਸੁਣਾਈ ਜਾ ਰਹੇ ਸਨ ਤੇ ਬੇਗਮ ਅਤੇ ਬੱਚੀਆਂ ਹਸੀ ਜਾ ਰਹੀਆਂ ਸਨ। ਵਕਤ ਨੌਂ ਦਾ ਹੋ ਗਿਆ ਸੀ। ਅਸੀਂ ਬਾਕੀ ਰਹਿੰਦੀਆਂ ਤਸਵੀਰਾਂ ਵੇਖੀਆਂ। ਕੁਝ ਐਲਬਮਾਂ ਵਿੱਚ ਲਗੀਆਂ ਤਸਵੀਰਾਂ ਵੀ ਜ਼ਾਹਿਦਾ ਨੇ ਵਿਖਾਈਆਂ। ਉਨ੍ਹਾਂ ਦੇ ਸਾਰੇ ਬੱਚੇ ਚੋਟੀ ਦੇ ਖਿਡਾਰੀ ਸਨ। ਉਹ ਸਕੂਲ, ਕਾਲਜ ਤੇ ਯੂਨੀਵਰਸਿਟੀ ਦੇ ਮੁਕਾਬਲਿਆਂ ਵਿੱਚ ਸਦਾ ਪਹਿਲੇ ਜਾਂ ਦੂਜੇ ਦਰਜੇ ਤੇ ਆਉਂਦੇ ਸਨ। ਇਹ ਸੁਣ ਕੇ ਮੈਨੂੰ ਹੋਰ ਵੀ ਹੈਰਾਨੀ ਹੋਈ, ਕਿ ਬੱਚੀਆਂ ਦਾ ਪ੍ਰੋਗਰਾਮ ਲਾਹੌਰ ਰੇਡੀਓ ਤੋਂ ਵੀ ਪ੍ਰਸਾਰਤ ਹੁੰਦਾ ਹੈ। ਇਨ੍ਹਾਂ ਆਰਟਿਸਟ ਬੱਚੀਆਂ ਨੇ ਪ੍ਰਸਿੱਧ ਆਰਟਿਸਟ ਚੁਗਤਾਈ ਅਲਾ ਬਖਸ਼ ਅਰ ਸ਼ਾਕਰ ਅਲੀ ਦੇ ਕੰਮਾਂ ਤੋਂ ਬੜੀ ਪ੍ਰੇਰਨਾ ਲਈ ਹੈ। ਜ਼ਾਹਦਾ ਦੇ ਕਹਿਣ ਅਨੁਸਾਰ ਫਰੀਦਾ (ਐਮ.ਐਸ.ਸੀ. ਦੀ ਵਿਦਿਆਰਥਣ) ਸਭ ਤੋਂ ਵਧੀਆ ਮੁਸੱਵਰ ਹੈ। ਸਭ ਤੋਂ ਛੋਟੀ ਲੜਕੀ ਦੀ ਉਮਰ ਕੇਵਲ 12 ਸਾਲ ਹੈ, ਪਰ ਕੰਮ ਉਸ ਦਾ ਵੀ ਉਸਤਤ-ਯੋਗ ਹੈ। ਬਾਕੀ ਦੀਆਂ ਖੇਡਾਂ ਦੇ ਨਾਲ ਇਹ ਬੱਚੀਆਂ ਜੂਡੋ ਵਿੱਚ ਵੀ ਬੜੀਆਂ ਮਾਹਿਰ ਹਨ। ਯੂਨੀਵਰਸਿਟੀ ਮੁਕਾਬਲਿਆਂ ਵਿੱਚ ਉਨ੍ਹਾਂ ਕਈ ਇਨਾਮ ਪ੍ਰਾਪਤ ਕੀਤੇ ਹਨ।

ਅਰਸ਼ਦ, ਮੈਨੂੰ ਨਾਲੋ ਨਾਲ ਇਸ਼ਾਰੇ ਕਰ ਰਿਹਾ ਸੀ, ਕਿ ਅਸੀਂ ਬਹੁਤ ਲੇਟ ਹੋ ਗਏ ਹਾਂ। ਅਜੇ ਅਸੀਂ ਆਪ ਸਤਿਨਾਮ ਨੂੰ ਵੀ ਮਿਲਣ ਜਾਣਾ ਹੈ। ਅਸੀਂ ਉਠ ਖੜੋਤੇ। ਇੰਨੇ ਨੂੰ ਜ਼ਾਹਿਦਾ ਚਾਰ ਬੋਤਲਾਂ ਚੁਕ ਕੇ ਲੈ ਆਈ ਤੇ ਕਹਿਣ ਲਗੀ, ''ਚਾਚਾ ਜਾਨ! ਇਨ੍ਹਾਂ ਵਿੱਚੋਂ ਇਕ ਚਟਨੀ ਅਤੇ ਇਕ ਅਚਾਰ ਦੀ ਬੋਤਲ ਸ਼ੁਭਚਿੰਤ ਨੂੰ ਦੇ ਦੇਣੀ, ਤੇ ਬਾਕੀ ਦੋ ਆਪਣੀ ਬੇਟੀ ਨੂੰ। ਮੇਰੀਆਂ ਭੈਣਾਂ ਨੂੰ ਕਹਿਣਾ, ਇਹ ਦੋਵੇਂ ਚੀਜ਼ਾਂ ਜ਼ਾਹਿਦਾ ਨੇ ਆਪਣੀ ਹਥੀਂ ਤਿਆਰ ਕੀਤੀਆਂ ਹਨ।'' ਡਾਕਟਰ ਰਹਿਮਾਨ ਨੇ ਆਪਣੀ ਕਾਰ ਕਢੀ। ਅਸੀਂ ਤਿੰਨੇ ਕਾਰ ਵਿੱਚ ਬੈਠ ਗਏ। ਬੇਗਮ ਸਾਹਿਬਾ ਤੇ ਉਨ੍ਹਾਂ ਦੇ ਬੱਚੇ ਬੱਚੀਆਂ ਨੇ ਅਲਵਿਦਾ ਕਹੀ। ਇਨ੍ਹਾਂ ਕੁਝ ਘੜੀਆਂ ਦੀ ਮੁਲਾਕਾਤ ਪਿਛੋਂ ਤੁਰਨ ਸਮੇਂ ਸਭ ਦੀਆਂ ਅੱਖਾਂ ਸਜਲ ਸਨ। ਐਸਾ ਜਾਪਦਾ ਸੀ, ਜਿਵੇਂ ਅਸੀਂ ਆਪਣੇ ਪਰਿਵਾਰ ਤੋਂ ਵਿਛੜ ਕੇ ਜਾ ਰਹੇ ਹੋਈਏ ਤੇ ਮੁੜ ਮਿਲ ਸਕਣ ਦਾ ਅਵਸਰ ਮਿਲੇ ਜਾਂ ਨਾ, ਇਹ ਵੀ ਪਤਾ ਨਹੀਂ ਸੀ।

ਡਾਕਟਰ ਰਹਿਮਾਨ ਦੀ ਕਾਰ ਲਾਹੌਰ ਦੀਆਂ ਸੜਕਾਂ ਤੇ ਫਰਾਟੇ ਮਾਰਦੀ ਜਾ ਰਹੀ ਸੀ। ਉਹ ਸਾਨੂੰ ਸਜੇ ਖੱਬੇ ਦੀਆਂ ਬਸਤੀਆਂ, ਬਿਲਡਿੰਗਾਂ ਅਤੇ ਪਾਰਕਾਂ ਆਦਿ ਦੀ ਵਾਕਫੀ ਦੇ ਰਹੇ ਸਨ। ਕੁਝ ਘੜੀਆਂ ਲਈ ਡਾਕਟਰ ਰਹਿਮਾਨ ਖਾਮੋਸ਼ ਹੋ ਗਏ। ਐਸਾ ਜਾਪਦਾ ਸੀ, ਜਿਵੇਂ ਉਹ ਕਿਸੇ ਪੁਰਾਣੀ ਯਾਦ ਵਿੱਚ ਗਵਾਚ ਗਏ ਹੋਣ। ਫਿਰ ਡਾਕਟਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਰਹਿਮਾਨ ਨੇ ਦਸਣਾ ਸ਼ੁਰੂ ਕੀਤਾ, ''ਸਰਦਾਰ ਸਾਹਿਬ! ਦੇਸ਼ ਵੰਡ ਤੋਂ ਪਹਿਲਾਂ ਅਸੀਂ ਸ਼ਰੀਫ ਪੁਰੇ ਮਹੱਲੇ ਅੰਮ੍ਰਿਤਸਰ ਵਿੱਚ ਰਹਿੰਦੇ ਸਾਂ। ਉਥੇ ਬਹੁਤੀ ਆਬਾਦੀ ਮੁਸਲਮਾਨਾਂ ਦੀ ਸੀ। ਜਦ ਅੰਮ੍ਰਿਤਸਰ ਵਿੱਚ ਫਸਾਦ ਸ਼ੁਰੂ ਹੋਏ, ਤਾਂ ਕੋਈ ਮਹੱਲਾ ਵੀ ਸੁਰੱਖਿਅਤ ਨਹੀਂ ਸੀ ਰਿਹਾ। ਉਸ ਸਮੇਂ ਅੰਮ੍ਰਿਤਸਰ ਦੇ ਹਿੰਦੂ ਸਿੱਖਾਂ ਨੂੰ ਸ਼ਰੀਫਪੁਰੇ ਵਿੱਚੋਂ ਲੰਘ ਕੇ ਆਪਣੇ ਕੰਮਾਂ ਤੇ ਜਾਣਾ ਪੈਂਦਾ ਸੀ। ਅਸੀਂ ਇਕ ਦੇਸ਼ ਸੇਵਕ ਵਾਲੰਟੀਅਰ ਕੋਰ ਬਣਾਈ। ਜਿਸ ਦਾ ਕੰਮ ਆਪਣੇ ਮਹੱਲੇ ਵਿੱਚੋਂ ਹਿੰਦੂ ਸਿੱਖਾਂ ਨੂੰ ਹਿਫਾਜ਼ਤ ਨਾਲ ਕਢ ਕੇ ਲਿਜਾਣਾ ਹੁੰਦਾ ਸੀ। ਇਹ ਉਨ੍ਹਾਂ ਵਾਲੰਟੀਅਰਾਂ ਦੀ ਹਿੰਮਤ ਦਲੇਰੀ ਤੇ ਕੁਰਬਾਨੀ ਸਦਕਾ ਹੀ ਸੰਭਵ ਹੋ ਸਕਿਆ ਸੀ, ਕਿ ਫਸਾਦਾਂ ਸਮੇਂ ਸਾਡੇ ਮਹੱਲੇ ਵਿੱਚੋਂ ਲੰਘਦੇ ਇਕ ਵੀ ਹਿੰਦੂ ਸਿੱਖ ਦੇ ਕਤਲ ਦਾ ਵਾਕਿਆ ਨਹੀਂ ਹੋਇਆ।''

ਡਾਕਟਰ ਸਾਹਿਬ ਦੁਨੀਆਂ ਦੇ ਸਾਰੇ ਮਜ਼੍ਹਬਾਂ ਦਾ ਬੜਾ ਸਤਿਕਾਰ ਕਰਦੇ ਹਨ। ਉਨ੍ਹਾਂ ਨੂੰ ਦੇਸ਼ ਵੰਡ ਮਗਰੋਂ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਪ੍ਰਾਪਤ ਹੋਈ, ਜਿਸ ਨੂੰ ਉਨ੍ਹਾਂ ਕਈ ਸਾਲ ਬੜੇ ਸਤਿਕਾਰ ਨਾਲ ਆਪਣੇ ਘਰ ਵਿੱਚ ਰਖਿਆ, ਤੇ ਕੁਝ ਹੀ ਦਿਨ ਪਹਿਲਾਂ ਉਹ ਉਸ ਬੀੜ ਨੂੰ ਬੜੇ ਸਤਿਕਾਰ ਨਾਲ ਰੁਮਾਲਿਆਂ ਵਿੱਚ ਲਪੇਟ ਕੇ ਡੇਹਰਾ ਸਾਹਿਬ, ਗਿਆਨੀ ਹਰੀ ਸਿੰਘ ਨੂੰ ਪਹੁੰਚਾ ਆਏ ਸਨ।

ਉਹ ਦਸ ਰਹੇ ਸਨ, ਕਿ ਡੇਹਰਾ ਸਾਹਿਬ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੀ ਇਤਿਹਾਸਕ ਇਮਾਰਤ ਅੰਦਰ ਦੀਆਂ ਛਤਾਂ ਤੇ ਕੀਤੀ ਮੀਨਾਕਾਰੀ ਸਾਰੀ ਖਰਾਬ ਹੋ ਚੁਕੀ ਹੈ, ਪਰ ਦੀਵਾਰਾਂ ਤੇ ਕਈ ਸਦੀਆਂ ਪਹਿਲਾਂ ਦੀ ਨਕਾਸ਼ੀ ਜਿਉਂ ਦੀ ਤਿਉਂ ਕਾਇਮ ਹੈ। ਜੇ ਪ੍ਰਬੰਧਕਾਂ ਵਲੋਂ ਸਾਨੂੰ ਆਗਿਆ ਮਿਲ ਜਾਵੇ, ਤਾਂ ਮੇਰੀ ਦਿਲੀ ਰੀਝ ਹੈ, ਕਿ ਮੈਂ ਤੇ ਮੇਰੀਆਂ ਲੜਕੀਆਂ ਮਿਲ ਕੇ ਸੇਵਾ ਵਜੋਂ ਅੰਦਰ ਦੀਆਂ ਛਤਾਂ ਦੇ ਨਕਾਸ਼ੀ ਦੇ ਕੰਮ ਨੂੰ ਮੁਕੰਮਲ ਕਰ ਲਈਏ, ਤਾਂ ਜੋ ਪੁਰਾਤਨ ਨਕਾਸ਼ਾਂ ਤੇ ਆਰਟਿਸਟਾਂ ਦੀ ਬੜੀ ਮਿਹਨਤ ਨਾਲ ਕੀਤੀ ਇਸ ਯਾਦਗਾਰੀ ਘਾਲਣਾ ਦੀ ਸੰਭਾਲ ਕੀਤੀ ਜਾ ਸਕੇ।'' ਹੁਣ ਅਸੀਂ ਗੁਲਬਰਗ ਵਿੱਚ ਸਾਂ, ਤੇ ਉਥੇ ਡਾਕਟਰ ਸਤਿਨਾਮ ਮਹਿਮੂਦ ਦੀ ਕੋਠੀ ਢੂੰਡਣ ਵਿੱਚ ਅਰਸ਼ਦ ਸਾਡੀ ਅਗਵਾਈ ਕਰ ਰਿਹਾ ਸੀ। ਇਤਫਾਕ ਦੀ ਗੱਲ, ਇਧਰੋਂ ਸਾਡੀ ਕਾਰ ਉਨ੍ਹਾਂ ਦੀ ਕੋਠੀ ਪਹੁੰਚੀ, ਉਧਰੋਂ ਉਨ੍ਹਾਂ ਦੀ ਕਾਰ ਬਾਹਰੋਂ ਵਾਪਸ ਪਰਤ ਕੇ ਆ ਗਈ। ਇਹ ਬੜੀ ਪਿਆਰੀ ਤੇ ਯਾਦਗਾਰੀ ਮੁਲਾਕਾਤ ਸੀ। ਡਾਕਟਰ ਸਤਿਨਾਮ ਮਹਿਮੂਦ, ਪਾਕਿਸਤਾਨ ਦੀਆਂ ਬੜੀਆਂ ਪ੍ਰਸਿੱਧ ਵਿਦਵਾਨ ਵਿਅਕਤੀਆਂ ਵਿੱਚੋਂ ਹਨ। ਜਦੋਂ ਅਸੀਂ ਡਾਕਟਰ ਰਹਿਮਾਨ ਦੇ ਘਰ ਬੈਠੇ ਚਾਹ ਪੀ ਰਹੇ ਸਾਂ, ਉਸ ਵਕਤ ਪਾਕਿਸਤਾਨੀ ਤੇ ਭਾਰਤੀ ਅਦੀਬਾਂ ਦਾ ਰਾਤ ਦਾ ਖਾਣਾ ਇਕ ਹੋਟਲ ਵਿੱਚ ਸੀ। ਇਸ ਸਮੇਂ ਸਤਿਨਾਮ ਹੋਰੀ ਉਥੋਂ ਸਿਧੇ ਹੀ ਘਰ ਪਰਤ ਰਹੇ ਸਨ। ਡਾਕਟਰ ਸਤਿਨਾਮ ਜੀ ਨੇ ਦਸਿਆ, ਕਿ ਪਾਕਿਸਤਾਨ ਵਿੱਚ ਗੁਰਮੁਖੀ ਅਖਰਾਂ ਵਿੱਚ ਪੰਜਾਬੀ ਦਿਨ-ਬ-ਦਿਨ ਮਕਬੂਲ ਹੋ ਰਹੀ ਹੈ, ਤੇ ਅਜ ਕਲ ਗੁਰਮੁਖੀ ਦੀਆਂ ਰਾਤਰੀ ਕਲਾਸਾਂ ਦਿਆਲ ਸਿੰਘ ਕਾਲਜ ਲਾਇਬ੍ਰੇਰੀ ਵਿੱਚ ਲਗਦੀਆਂ ਹਨ। ਸਤਿਨਾਮ ਹੁਰਾਂ ਦਸਿਆ, ''ਇਨ੍ਹੀਂ ਦਿਨੀਂ ਰੂਸ ਤੋਂ ਛਪੀ ਇਕ ਪੁਸਤਕ ਮੇਰੇ ਹੱਥ ਆਈ ਹੈ, ਉਸ ਵਿੱਚ ਪੰਜਾਬੀ ਜ਼ਬਾਨ ਬਾਰੇ ਤੇ ਵਿਸ਼ੇਸ਼ ਕਰ ਕੇ ਹਾਸ ਵਿਅੰਗ ਬਾਰੇ ਇਕ ਵਖਰਾ ਕਾਂਡ ਹੈ, ਜਿਸ ਵਿੱਚ ਮੇਰੇ ਪਿਤਾ ਐਸ. ਐਸ. ਚਰਨ ਸਿੰਘ 'ਸ਼ਹੀਦ' ਦੀਆਂ ਪੰਜਾਬੀ ਮਾਂ ਦੀਆਂ ਸੇਵਾਵਾਂ ਦਾ ਵਿਸਥਾਰ ਸਹਿਤ ਜ਼ਿਕਰ ਹੈ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਥੇ ਬੈਠਿਆਂ ਕਾਫੀ ਦੇਰ ਹੋ ਗਈ ਸੀ। ਅਸੀਂ ਸਤਿਨਾਮ ਜੀ ਤੇ ਡਾਕਟਰ ਰਹਿਮਾਨ ਤੋਂ ਛੁੱਟੀ ਲਈ ਤੇ ਅਰਸ਼ਦ ਸਾਨੂੰ ਡੇਹਰਾ ਸਾਹਿਬ ਪੁਚਾ ਆਇਆ।

ਦੂਜੇ ਦਿਨ ਮੈਂ ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਨੂੰ ਸ਼ਾਮ ਦੀ ਦਿਲਚਸਪ ਮਿਲਣੀ ਦਾ ਜ਼ਿਕਰ ਕੀਤਾ ਤਾਂ ਉਹ ਕਹਿਣ ਲਗੇ, ''ਡਾਕਟਰ ਰਹਿਮਾਨ ਤੇ ਉਨ੍ਹਾਂ ਦੇ ਪਰਿਵਾਰ ਵਿੱਚ ਹਮਦਰਦੀ ਦਾ ਜਜ਼ਬਾ ਤੇ ਪਿਆਰ ਕੂਟ ਕੂਟ ਕੇ ਭਰਿਆ ਹੋਇਆ ਹੈ। ਇਨ੍ਹਾਂ ਦੇ ਖਲੂਸ ਦਾ ਜਵਾਬ ਨਹੀਂ।''

ਉਨ੍ਹਾਂ ਆਪਣੀ ਪਹਿਲੀ ਮੁਲਾਕਾਤ ਦਾ ਜ਼ਿਕਰ ਕਰਦਿਆਂ ਹੋਇਆਂ ਦਸਿਆ, ''ਪਿਛਲੀ ਵਾਰ ਜਦੋਂ ਅਸੀਂ ਅਨਾਰਕਲੀ ਦੀ ਸੈਰ ਕਰਨ ਮਗਰੋਂ ਡੇਹਰਾ ਸਾਹਿਬ ਵਾਪਸ ਆਣ ਲਈ ਕੋਈ ਸਸਤੀ ਜਿਹੀ ਸਵਾਰੀ ਤਲਾਸ਼ ਕਰ ਰਹੇ ਸਾਂ, ਤਾਂ ਡਾਕਟਰ ਰਹਿਮਾਨ ਸਾਡੇ ਨੇੜਿਉਂ ਲੰਘੇ, ਤੇ ਕਹਿਣ ਲਗੇ, ''ਸਰਦਾਰ ਜੀ! ਤੁਸੀਂ ਕਿਸੇ ਟੈਕਸੀ ਦੀ ਤਲਾਸ਼ ਵਿੱਚ ਹੋ?'' ਅਸੀਂ ਸਿਰ ਹਿਲਾ ਕੇ ਅਗੇ ਤੁਰ ਗਏ, ਤਾਂ ਥੋੜ੍ਹੀ ਦੇਰ ਅਗੇ ਜਾਣ ਤੇ ਉਹ ਫਿਰ ਮਿਲ ਪਏ ਤੇ ਕਹਿਣ ਲਗੇ, ''ਆਉ, ਕਾਰ ਵਿੱਚ ਬੈਠੋ, ਮੈਂ ਤੁਹਾਨੂੰ ਡੇਹਰਾ ਸਾਹਿਬ ਛਡ ਆਉਂਦਾ ਹਾਂ।'' ਅਸੀਂ ਕਾਰ ਵਿੱਚ ਬੈਠ ਗਏ, ਉਹ ਡੇਹਰਾ ਸਾਹਿਬ ਜਾਣ ਦੀ ਥਾਂ ਆਪਣੇ ਘਰ ਵਲ ਤੁਰ ਪਏ ਤੇ ਕਹਿਣ ਲਗੇ, ''ਸਰਦਾਰ ਜੀ, ਤੁਹਾਨੂੰ ਬਹੁਤੀ ਕਾਹਲ ਤਾਂ ਨਹੀਂ ਨਾ, ਲਾਹੌਰ ਦੀ ਸੈਰ ਕਰਾਣ ਤੋਂ ਬਾਅਦ ਮੈਂ ਤੁਹਾਨੂੰ ਤੁਹਾਡੇ ਟਿਕਾਣੇ ਛਡ ਆਵਾਂਗਾ। ਕੁਝ ਦੇਰ ਅਸੀਂ ਸੈਰ ਕਰਨ ਪਿਛੋਂ ਉਨ੍ਹਾਂ ਦੇ ਘਰ ਜਾ ਪਹੁੰਚੇ। ਘਰ ਪਹੁੰਚ ਕੇ ਉਨ੍ਹਾਂ ਸਾਨੂੰ ਆਪਣੇ ਪਰਿਵਾਰ ਨਾਲ ਮੁਲਾਕਾਤ ਕਰਾਈ। ਸਾਡੇ ਲਈ ਪ੍ਰਸ਼ਾਦ ਪਾਣੀ ਤਿਆਰ ਕੀਤਾ। ਉਨ੍ਹਾਂ ਦੀਆਂ ਬੱਚੀਆਂ ਦੀਆਂ ਪੇਂਟਿੰਗਜ਼ ਦੇਖੀਆਂ। ਪ੍ਰਸ਼ਾਦ ਛਕਾਣ ਤੋਂ ਬਾਅਦ ਉਹ ਸਾਨੂੰ ਡੇਹਰਾ ਸਾਹਿਬ ਛਡ ਆਏ। ਵਿਸ਼ੇਸ਼ ਜ਼ਿਕਰ ਯੋਗ ਗੱਲ ਇਹ ਹੈ, ਕਿ ਜਦੋਂ ਡਾਕਟਰ ਸਾਹਿਬ ਨੇ ਸਾਨੂੰ ਆਪਣੀ ਕਾਰ ਵਿੱਚ ਬਿਠਾਇਆ, ਉਦੋਂ ਸਾਡੇ ਪਾਸ ਟੈਕਸੀ ਕਰ ਕੇ ਆਪਣੇ ਠਿਕਾਣੇ ਪੁਜਣ ਲਈ ਵੀ ਪੈਸੇ ਨਹੀਂ ਸਨ।''

ਡਾਕਟਰ ਰਾਣਾ ਮਹਿਮੂਦ ਰਹਿਮਾਨ ਤੇ ਉਨ੍ਹਾਂ ਦੇ ਪਰਿਵਾਰ ਨਾਲ ਹੋਈ ਇਹ ਬੜੀ ਪਿਆਰੀ, ਪੁਰਖਲੂਸ, ਤੇ ਯਾਦਗਾਰੀ ਮੁਲਾਕਾਤ ਮੇਰੀਆਂ ਅਭੁੱਲ ਯਾਦਾਂ 'ਚੋਂ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕਰਜ਼

ਕਰਜ ਨੇ ਸਾਰੀ ਉਮਰ ਮੇਰਾ ਪਿਛਾ ਨਹੀਂ ਛਡਿਆ। ਅਸਲ ਵਿੱਚ ਤਾ ਇਹ ਸਾਡੇ ਪਰਿਵਾਰ ਨੂੰ ਸੰਨ 1925-26 ਵਿੱਚ ਹੀ ਚਮੜ ਗਿਆ ਸੀ। ਵਡੇ ਵੀਰ ਸ੍ਰ. ਗੁਰਬਖਸ਼ ਸਿੰਘ ਨੇ ਆਪਣੀ ਨੌਕਰੀ ਛਡਣ ਤੋਂ ਬਾਅਦ ਫੋਰਡ ਗਡੀ ਖ੍ਰੀਦੀ. ਜਿਸ ਤੋਂ ਰੇਲਵੇ ਪਾਰਸਲ ਤੇ ਸਵਾਰੀਆਂ ਢੋਣ ਵਾਲੀ ਬਸ ਦਾ ਵੀ ਕੰਮ ਲਿਆ ਜਾਂਦਾ ਸੀ। ਉਹ ਗੱਡੀ ਫੋਰਡ ਕੰਪਨੀ ਵਾਲਿਆਂ ਤੋਂ ਦੋਸਤਾਂ-ਮਿੱਤਰਾਂ ਤੋਂ ਕਰਜ਼ ਲੈ ਕੇ ਹੀ ਖ੍ਰੀਦੀ ਸੀ। ਇਹ ਗੱਡੀ ਐਨ.ਡੀ. ਰਾਧਾਕਿਸ਼ਨ ਰਾਵਲਪਿੰਡੀ ਵਾਲਿਆਂ ਨਾਲ ਅਟੈਚ ਕਰ ਦਿਤੀ ਸੀ। ਉਸ ਏਜੰਸੀ ਰਾਹੀਂ ਰਾਵਲਪਿੰਡੀ ਤੋਂ ਸ੍ਰੀ ਨਗਰ ਤਕ ਰੇਲਵੇ ਪਾਰਸਲ ਢੋਏ ਜਾਂਦੇ ਸਨ। ਮੈਂ 1929 ਵਿੱਚ ਦਸਵੀਂ ਪਾਸ ਕਰ ਕੇ ਇਸੇ ਬਸ ਤੋਂ ਹੀ ਸਿਖਲਾਈ ਪ੍ਰਾਪਤ ਕੀਤੀ ਸੀ।

ਅਗਲੇ ਸਾਲ ਮੈਂ ਡਰਾਈਵਰੀ ਦਾ ਲਾਇਸੰਸ ਪ੍ਰਾਪਤ ਕਰ ਕੇ ਇਕ ਪੁਰਾਣੀ ਸ਼ੇਵਰਲੈਟ ਕਾਰ ਖ੍ਰੀਦੀ. ਜਿਸ ਨੂੰ ਮੈਂ ਰਾਵਲਪਿੰਡੀ ਤੋਂ ਕੋਹਮਰੀ ਤੀਕ ਚਲਾਦਾ ਸੀ। ਇਹ ਕੰਮ ਮੈਂ 1930 ਤੋਂ ਲੈ ਕੇ 1934 ਤਕ ਕੀਤਾ। ਟੈਕਸੀ ਵੀ ਅਸੀਂ 1200 ਰੁਪਏ ਕਰਜ਼ ਲੈ ਕੇ ਖ੍ਰੀਦੀ ਸੀ। ਮੈਂ ਸੰਨ 1934 ਵਿੱਚ ਇਸ ਟੈਕਸੀ ਵਾਲਾ ਗੱਲ ਗੱਲਾਵਾ ਗਲੋਂ ਲਾਹ ਸੁਟਿਆ। ਪੁਲਿਸ ਦੀ ਪ੍ਰੇਸ਼ਾਨੀ ਤੋਂ ਬਿਨਾਂ. ਇਸ ਦਾ ਇਕ ਕਾਰਣ ਇਹ ਵੀ ਸੀ ਕਿ ਇਸ ਕਿੱਤੇ ਵਾਲੇ ਬਹੁਗਿਣਤੀ ਦੇ ਡਰਾਈਵਰ ਤੇ ਟਰਾਂਸਪੋਰਟਰ ਸ਼ਰਾਬ ਪੀਂਦੇ. ਆਪਸ ਵਿੱਚ ਲੜਦੇ ਝਗੜਦੇ. ਗਾਹਲਾਂ ਕਢਦੇ ਤੇ ਵੇਸ਼ਵਾ-ਗਮਣੀ ਵਿੱਚ ਗੱਲਤਾਨ ਰਹਿੰਦੇ ਸਨ। ਇਸੇ ਲਈ ਇਸ ਕਿੱਤੇ ਨੂੰ ਮੈਂ ਤੇ ਵਡਾ ਵੀਰ ਪਸੰਦ ਨਹੀਂ ਸਾਂ ਕਰਦੇ।

ਸੰਨ 1934 ਈਸਵੀ ਵਿੱਚ ਇਹ ਕਾਰ ਵੇਚ ਛੱਡੀ ਤੇ ਸਟੇਸ਼ਨਰੀ ਤੇ ਕਾਪੀਆਂ-ਕਿਤਾਬਾਂ ਦੀ ਦੁਕਾਨ ਸ਼ੁਰੂ ਕਰ ਦਿਤੀ। ਮੇਰੀ ਵੇਖਾ-ਵੇਖੀ ਵੀਰ ਜੀ ਨੇ ਵੀ ਟਰਾਂਸਪੋਰਟ ਦਾ ਕੰਮ ਛੱਡ ਦਿਤਾ। ਉਸ ਸਮੇਂ ਤੀਕ ਅਸੀਂ ਕਿਰਾਏ ਦੇ ਮਕਾਨ ਦੀ ਥਾਂ ਆਪਣਾ ਮਕਾਨ ਗੁਆਲਮੰਡੀ ਵਿੱਚ ਬਣਾ ਲਿਆ ਸੀ। ਜਿਸ ਵਿੱਚ ਅਸੀਂ ਦੋਵੇਂ ਭਰਾ ਤੇ ਮਾਤਾ-ਪਿਤਾ ਰਹਿੰਦੇ ਸਾਂ। ਸਾਡੀਆਂ ਦੋਵੇਂ ਭੈਣਾਂ ਵਿਆਹੀਆਂ ਹੋਈਆਂ ਸਨ। ਬੇਰੋਜ਼ਗਾਰੀ ਅਤਿ ਦੀ ਸੀ। ਆਪਣੀ ਦੁਕਾਨ ਤੋਂ ਘਰ ਦਾ ਖਰਚ ਵੀ ਨਿਕਲਣਾ ਮੁਸਕਲ ਸੀ। ਦਿਨ-ਬ-ਦਿਨ ਕਰਜ਼ ਦੀ ਪੰਡ ਵਧਦੀ ਜਾ ਰਹੀ ਸੀ। ਵਡੇ ਭਰਾ ਦੀ ਪਤਨੀ ਰਬ ਨੂੰ ਪਿਆਰੀ ਹੋ ਗਈ ਸੀ। ਦੂਜੀ ਪਤਨੀ 'ਚੋਂ ਦੋ ਬਚੇ ਹੋਏ। ਛੋਟੀ ਬਾਲੜੀ ਛੇ ਮਹੀਨੇ ਦੀ ਸੀ ਕਿ ਵੀਰ ਜੀ ਪਰਲੋਕ ਸਿਧਾਰ ਗਏ। ਪਿਤਾ ਜੀ ਬਜ਼ੁਰਗ ਸਨ। ਉਹਨਾਂ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਕਰਜ਼ ਵਾਲਿਆਂ ਨੇ ਤਕਾਜ਼ਾ ਕਰਨਾ ਸ਼ੁਰੂ ਕਰ ਦਿੱਤਾ। ਕਰਜ਼ ਚਾਰ-ਪੰਜ ਹਜ਼ਾਰ ਤੋਂ ਵਧ ਨਹੀਂ ਸੀ. ਪਰ ਉਸ ਸਮੇਂ ਜਿਸ ਕਿਸੇ ਪਾਸ ਕੁਝ ਸੈਂਕੜੇ ਰੁਪਏ ਹੋਣ. ਤਾਂ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਹ ਅਮੀਰ ਸਮਝਿਆ ਜਾਂਦਾ ਸੀ। ਕਰਜ਼ ਲੈਣ ਵਾਲਿਆਂ ਦੇ ਤਕਾਜ਼ਿਆਂ ਤੋਂ ਤੰਗ ਆ ਕੇ ਅਖੀਰ ਅਸੀਂ ਮਕਾਨ ਨੂੰ ਵੇਚ ਛਡਿਆ ਤੇ ਕਰਜ਼ ਦੀ ਪੰਡ ਸਿਰੋਂ ਲਾਹ ਦਿਤੀ।

ਗਵਾਲਮੰਡੀ ਦੇ ਨੇੜੇ ਲਾਲਾ ਦੀਵਾਨ ਚੰਦ ਦੇ ਗੋਦਾਮ ਦੇ ਲਾਗੇ ਅਸੀਂ ਲਕੜ ਦਾ ਖੋਖਾ ਛਤ ਲਿਆ, ਤੇ ਉਸੇ ਵਿੱਚ ਰਿਹਾਇਸ਼ ਰੱਖ ਲਈ। ਇਸ ਦੇ ਨਾਲ ਹੀ ਲਕੜੀਆਂ ਦਾ ਟਾਲ ਖੋਲ੍ਹ ਲਿਆ। ਦੂਜੇ ਸਿਰੇ ਤੇ ਅਸਾਂ ਮਝਾਂ ਰਖ ਲਈਆਂ। ਇਹ ਪ੍ਰਥਾ 1937 ਤਕ ਚਲਦੀ ਰਹੀ। ਸੰਨ 1937-38 ਵਿੱਚ ਮੈਨੂੰ ਪ੍ਰੀਤਲੜੀ ਦੇ ਦਫਤਰ ਮਾਡਲ ਟਾਊਨ ਲਾਹੌਰ ਵਿੱਚ ਸ੍ਰ: ਗੁਰਬਖਸ਼ ਸਿੰਘ ਹੋਰਾਂ ਨੇ ਬੁਲਾ ਲਿਆ, ਜਿਥੇ ਨੌਂ ਮਹੀਨੇ ਰਹਿਣ ਮਗਰੋਂ ਮੇਰਾ ਦਿਲ ਉਚਾਟ ਹੋ ਗਿਆ। ਵਡੇ ਵੀਰ ਜੀ ਦੀ ਮ੍ਰਿਤੂ ਸੰਨ 1935 ਵਿੱਚ ਹੋ ਗਈ ਸੀ। ਵਡੀ ਭੈਣ ਨਾਨਕੀ ਸੰਨ 1937 ਵਿੱਚ ਵਿਛੋੜਾ ਦੇ ਗਈ। ਅਖੀਰ, ਮੈਂ ਮਾਡਲ ਟਾਊਨ ਲਾਹੌਰ ਤੋਂ ਆਣ ਮਗਰੋਂ ਇਸੇ ਗੁਦਾਮ ਵਿੱਚ ਆਪਣੇ ਜੀਜੇ ਸ੍ਰ: ਬੇਅੰਤ ਸਿੰਘ ਨਾਲ ਰਲ ਕੇ ਡੇਅਰੀ ਖੋਲ੍ਹ ਲਈ। ਸਾਲ ਕੁ ਮਗਰੋਂ ਉਸੇ ਡੇਅਰੀ ਫਾਰਮ ਨੂੰ ਵੀ ਚਲਤਾ ਕੀਤਾ ਤੇ ਕੁਝ ਕਰਜ਼ਾ ਸਿਰ ਤੇ ਚੜ੍ਹਾ ਕੇ ਪ੍ਰੀਤਨਗਰ ਆ ਗਿਆ। ਸੰਨ 1940 ਤੋਂ ਲੈ ਕੇ 1950 ਤਕ ਪੂਰੇ ਦਸ ਸਾਲ ਮੈਂ ਆਪਣੇ ਸਿਰ ਤੇ ਕਰਜ਼ ਨਹੀਂ ਚੜ੍ਹਨ ਦਿਤਾ। ਸੰਨ 1947 ਵਿੱਚ ਅਸੀਂ ਲਾਹੌਰ ਤੋਂ ਪ੍ਰੀਤਨਗਰ ਆ ਗਏ। ਪ੍ਰੀਤਨਗਰ ਤੋਂ ਦਿੱਲੀ ਦੇ ਡਿਪਟੀ ਕਮਿਸ਼ਨਰ ਸ੍ਰੀ ਐਮ. ਐਸ. ਰੰਧਾਵਾ ਸਾਹਿਬ ਦੇ ਸੱਦੇ ਤੇ ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਕਾਫਲੇ ਨਾਲ 18 ਜਨਵਰੀ ਸੰਨ 1948, ਮਹਿਰੌਲੀ ਆ ਗਏ। ਮੈਨੂੰ ਸ੍ਰ: ਗੁਰਬਖਸ਼ ਸਿੰਘ ਨੇ ਪ੍ਰੀਤਨਗਰ ਸ਼ਾਪ ਦਾ ਮੈਨੇਜਰ ਨਿਯੁੱਕਤ ਕਰ ਦਿਤਾ ਸੀ। 1950 ਵਿੱਚ ਸ੍ਰ: ਗੁਰਬਖਸ਼ ਸਿੰਘ ਤੇ ਉਹਨਾਂ ਦਾ ਪਰਿਵਾਰ ਵਾਪਸ ਪ੍ਰੀਤਨਗਰ ਚਲਾ ਗਿਆ। ਨਾਲ ਹੀ ਉਹਨਾਂ ਦਾ ਪ੍ਰੈਸ ਵੀ। ਬਹੁਤ ਸਾਰੇ ਸੈਨਿਕ ਤੇ ਹਮਾਤੜ ਸਾਥੀ ਕਾਮੇ ਲੋਕ ਦਿੱਲੀ ਵਿੱਚ ਹੀ ਰਹਿ ਗਏ।

1950 ਵਿੱਚ ਮੈਂ ਆਪਣਾ ਪ੍ਰੈਸ ਤੇ ਪੰਜਾਬੀ ਕਿਤਾਬਾਂ ਦੀ ਦੁਕਾਨ ਚਾਂਦਨੀ ਚੌਕ ਵਿੱਚ ਖੋਲ੍ਹ ਲਈ। ਉਹਨੀਂ ਦਿਨੀਂ ਕੰਮ ਕਾਜ ਤਾਂ ਹੈ ਨਹੀਂ ਸੀ। ਲਖਾਂ ਲੋਕੀ ਉਜੜ ਕੇ ਦਿੱਲੀ ਆ ਗਏ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਨਾਰਥੀ ਦਿੱਲੀ ਦੀਆਂ ਸੜਕਾਂ ਤੇ ਰੁਲ ਰਹੇ ਸਨ। ਜਿਸ ਥਾਂ ਟਿਕਾਣਾ ਮਿਲਿਆ ਦੋ ਚਾਦਰਾਂ ਤਾਣ ਕੇ ਉਥੇ ਹੀ ਉਨ੍ਹਾਂ ਆਪਣੀ ਝੌਂਪੜੀ ਉਸਾਰ ਲਈ।

ਇਹ ਦਿੱਲੀ ਉਹ ਸੀ, ਜਿਸ ਦੀ ਦੇਸ਼ ਵੰਡ ਤੋਂ ਪਹਿਲਾਂ ਮਸਾਂ ਪੰਜ ਲਖ ਦੀ ਆਬਾਦੀ ਸੀ। ਸੜਕਾਂ, ਰਾਤ ਨੂੰ ਬਿਲਕੁਲ ਸੁੰਨਸਾਨ ਲਗਦੀਆਂ ਸਨ। ਪੁਰਾਣੀ ਦਿੱਲੀ ਤੋਂ ਕੁਝ ਪੰਜ ਕੁ ਕਿਲੋਮੀਟਰ ਦੀ ਦੂਰੀ ਤੇ ਨਵੀਂ ਦਿੱਲੀ ਵਿੱਚ ਕੋਈ ਵਿਰਲਾ ਬੰਦਾ ਹੀ ਸਾਈਕਲ ਤੇ ਜਾਂਦਾ-ਆਂਦਾ ਨਜ਼ਰ ਆਉਂਦਾ ਸੀ। ਪਾਕਿਸਤਾਨ ਤੋਂ ਲੁਟੇ ਪੁਟੇ ਆਏ ਸ਼ਰਨਾਰਥੀਆਂ ਨੇ ਚਾਂਦਨੀ ਚੌਕ, ਕਰੋਲਬਾਗ ਤੇ ਹਰ ਵੱਡੇ ਵੱਡੇ ਬਾਜ਼ਾਰਾਂ ਵਿੱਚ ਆਪਣੀਆਂ ਟਪਰੀਵਾਸ ਦੁਕਾਨਾਂ ਖੋਲ੍ਹ ਲਈਆਂ। ਉਹਨਾਂ ਉਜੜੇ ਹੋਏ ਲੋਕਾਂ ਨੇ ਖੰਡ, ਆਟਾ, ਚਾਵਲ, ਦਾਲਾਂ, ਮਿਰਚ-ਮਸਾਲੇ, ਘਿਓ ਆਦਿ ਲੋੜੀਂਦੀਆਂ ਵਸਤਾਂ ਮੰਡੀ ਵਿੱਚੋਂ, ਜਿਸ ਭਾਅ ਖਰੀਦਣਾ ਉਸੇ ਭਾ ਵੇਚ ਦੇਣੀਆਂ ਤੇ ਸ਼ਾਮੀਂ ਖਾਲੀ ਬੋਰੀਆਂ ਇਕੱਠੀਆਂ ਕਰ ਕੇ ਉਹਨਾਂ ਨੂੰ ਵੇਚ, ਜੋ ਵਟਿਆ, ਘਰ ਦੀਆਂ ਲੋੜਦੀਆਂ ਚੀਜ਼ਾਂ ਖ੍ਰੀਦ ਕੇ ਰੋਟੀ-ਪਾਣੀ ਦਾ ਗੁਜ਼ਾਰਾ ਤੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਲਿਆ। ਉਸ ਹਾਲਤ ਵਿੱਚ ਪੰਜਾਬੀ ਦੀਆਂ ਕਿਤਾਬਾਂ ਨੂੰ ਕੌਣ ਪੁਛਦਾ? ਤੇ ਪੰਜਾਬੀ ਦੇ ਪ੍ਰੈਸ ਤੋਂ ਕਿਸੇ ਕੀ ਛਪਾਣਾ ਹੁੰਦਾ? ਸੋ ਮੁੜ ਸਿਰ ਤੇ ਕਰਜ਼ ਚੜ੍ਹਨਾ ਸ਼ੁਰੂ ਹੋ ਗਿਆ। ਪ੍ਰੈਸ ਵਿੱਚ ਇਕ ਟੇਬਲ ਫੈਨ ਸੀ, ਜੋ ਵਰਕਰਾਂ ਪਾਸ ਰਹਿੰਦਾ ਸੀ। ਆਪ ਮੈਂ ਸਾਰਾ ਦਿਨ ਗਰਮੀ ਦੀਆਂ ਲੂਆਂ ਵਿੱਚ ਭੁਜਦੇ ਰਹਿਣਾ। ਸਾਰਾ ਸਾਰਾ ਦਿਨ ਕੋਈ ਗਾਹਕ ਨਹੀਂ ਸੀ ਫਟਕਦਾ। ਜੇ ਕੋਈ ਛੋਟਾ ਮੋਟਾ ਕੰਮ ਛਪਣ ਲਈ ਆ ਗਿਆ ਤਾਂ ਉਹ ਕਾਮਿਆਂ ਪਾਸੋਂ ਕੰਪੋਜ਼ ਕਰਾ ਕੇ ਗੇਲੀ ਮੋਢੇ ਤੇ ਰਖ ਕੇ ਲਾਜਪਤ ਮਾਰਕੀਟ ਵਿੱਚ ਮੈਂ ਆਪ ਇਕ ਛੋਟੇ ਜਿਹੇ ਪ੍ਰੈਸ ਦੀ ਮਸ਼ੀਨ ਤੋਂ ਫਰਮੇ ਛਪਾਣ ਤੁਰ ਪੈਂਦਾ ਸਾਂ। ਦਿਨ ਵਿੱਚ ਕਈ ਕਈ ਚਕਰ ਕਟਣ ਤੋਂ ਮਗਰੋਂ ਫਰਮਾ ਛਪਿਆ ਹੋਇਆ ਮਿਲਦਾ। ਜੇ ਉਹ ਫਰਮਾ, ਬਿਲ ਬੁਕਾਂ, ਜਾਂ ਕੈਸ਼ ਮੀਮੋ ਦਾ ਹੁੰਦਾ, ਤਾਂ ਬੁਕ ਬਾਈਂਡਰ ਪਾਸ ਲੈ ਜਾਣਾ ਪੈਂਦਾ। ਉਥੇ ਵੀ ਕਈ ਕਈ ਚੱਕਰ ਕਟਣੇ ਪੈਂਦੇ। ਥੋੜ੍ਹਾ ਬਹੁਤ ਜੋ ਛਪਾਈ ਦਾ ਕੰਮ ਆਉਂਦਾ, ਉਹ ਉਧਾਰ ਵਿੱਚ ਚਲਾ ਜ਼ਾਂਦਾ। ਵਰਕਰਾਂ ਨੂੰ ਹਰ ਮਹੀਨੇ ਪੈਸੇ ਦੇਣੇ ਪੈਂਦੇ। ਆਪਣੇ ਪਰਿਵਾਰ ਦੇ ਖਰਚਾਂ ਲਈ ਵੀ ਮਾਇਆ ਲੋੜ ਪੈਂਦੀ। ਸੋ ਹੌਲੀ ਹੌਲੀ ਫੇਰ ਕਰਜ਼ਾ ਸਿਰ ਤੇ ਚੜ੍ਹਨ ਲਗ ਪਿਆ।

ਕੁਝ ਚਿਰ ਬਾਅਦ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦੀ ਕਿਰਪਾ ਨਾਲ ਸਰਕਾਰ ਵਲੋਂ ਸਾਢੇ ਪੰਜ ਹਜ਼ਾਰ ਰੁਪਏ ਕਰਜ਼ੇ ਦੀ ਮੰਨਜ਼ੂਰੀ ਆ ਗਈ। ਜੋ ਅਸੀਂ ਕਈ ਸਾਲ ਕਿਸ਼ਤਾਂ ਨਾਲ ਸੂਦ ਸਮੇਤ ਉਤਾਰਦੇ ਰਹੇ। ਇਸ ਸਰਕਾਰੀ ਕਰਜ਼ੇ ਨਾਲ ਅਸੀਂ ਪੁਰਾਣੀ ਮਸ਼ੀਨ ਖਰੀਦੀ। ਜਿਸ ਦੇ ਪੁਰਜ਼ੇ ਕੁਝ ਦਿਨਾਂ ਮਗਰੋਂ ਟੁਟ ਭਜ ਜਾਂਦੇ। ਕਦੀ ਗਰਾਰੀ ਹੈ ਨਹੀਂ, ਕਦੀ ਪੱਟਾ ਟੁਟ ਗਿਆ, ਕਦੀ ਫਰਮੇਂ ਦਾ ਚੇਸ ਮਸ਼ੀਨ ਵਿੱਚ ਹੀ ਡਿਗ ਪਿਆ। ਅੱਖਰ ਟੁੱਟ ਜਾਂਦੇ। ਕਦੀ ਫਰਮਾ ਟੇਢਾ ਛਪ ਜਾਂਦਾ, ਕਦੀ ਗਲਤ ਛਪ ਜਾਂਦਾ।

ਸੰਨ 1950 ਵਿੱਚ ਲੋਕੀ ਆਪਣੇ ਟਿਕਾਣਿਆਂ ਵਿੱਚ ਬੈਠ ਗਏ, ਤਾਂ ਬੱਚੇ-ਬੱਚੀਆਂ ਦੀਆਂ ਸ਼ਾਦੀਆਂ ਦੇ ਸੇਹਰੇ-ਸਿਖਿਆ ਤੇ ਸਵਾਗਤੀ ਕਾਰਡ ਛਪਣੇ ਸ਼ੁਰੂ ਹੋ ਗਏ। ਥੋੜ੍ਹਾ ਬਹੁਤਾ ਸਾਨੂੰ ਕੰਮ ਮਿਲਣ ਲਗ ਪਿਆ। ਵੇਹਲੇ ਕਵੀਆਂ ਦੀ ਚਾਂਦੀ ਹੋਣ ਲਗ ਪਈ। ਗੁਰਪੁਰਬਾਂ ਦੇ ਇਸ਼ਤਿਹਾਰ ਛਪਣੇ ਸ਼ੁਰੂ ਹੋ ਗਏ, ਪਰ ਇਸ ਦੇ ਬਾਵਜੂਦ ਅਸੀਂ ਮਸਤ-ਮਲੰਗ ਹੀ ਰਹੇ। ਹਰ ਸਾਲ ਸਿਰ ਤੇ ਸੂਦ ਸਮੇਤ ਕਰਜ਼ਾ ਵਧਦਾ ਰਿਹਾ। ਸੂਦ ਵੀ ਵਾਪਸ ਕਰਨਾ ਔਖਾ ਸੀ। ਕਰਜ਼ ਲਈ ਰਕਮ ਨੂੰ ਮੋੜਨ ਦਾ ਕੋਈ ਬਾਨਣੂ ਨਹੀਂ ਸੀ ਬੰਨ੍ਹਿਆ ਜਾ ਸਕਦਾ। ਤਬੀਅਤ ਬੜੀ ਪ੍ਰੇਸ਼ਾਨ ਰਹਿਣ ਲੱਗ ਪਈ।

ਸੰਨ 1960 ਵਿੱਚ ਇਕ ਸੌ ਗਜ਼ ਦਾ ਦੋ ਕਮਰਿਆਂ ਦਾ ਮਕਾਨ ਮਾਲਵੀਆ ਨਗਰ ਵਿਖੇ ਸਾਢੇ ਚਾਰ ਹਜ਼ਾਰ ਤੋਂ ਖ੍ਰੀਦਿਆ, ਜੋ ਪਰਿਵਾਰ ਅਗੇ ਬੈਠਾ ਸੀ, ਉਸ ਨੂੰ ਵੀ ਮਕਾਨ ਖਾਲੀ ਕਰਾਣ ਲਈ ਚੋਖੀ ਰਕਮ ਦੇਣੀ ਪਈ। ਇਸ ਕਰਜ਼ੇ ਨੂੰ ਮੁਕਾਣ ਲਈ ਤਿੰਨ-ਚਾਰ ਹਜ਼ਾਰ ਦੇ ਸਰਕਾਰੀ ਬਾਂਡ ਖਰੀਦੇ ਗਏ। ਦੋ ਤਿੰਨ ਸਾਲ ਬਾਅਦ ਜਦ ਇਹ ਬਾਂਡ ਆਪਣੇ ਕਵਾਟਰ ਦੇ ਕਰਜ਼ੇ ਬਦਲੇ ਸਰਕਾਰੀ ਖਜ਼ਾਨੇ ਵਿੱਚ ਭੇਜੇ ਗਏ, ਤਾਂ ਪਤਾ ਲਗਾ ਕਿ ਇਹਨਾਂ ਬਾਂਡਾਂ ਦੇ ਮਾਲਕ ਨੇ ਇਹ ਬਾਂਡ ਪਹਿਲਾਂ ਕਿਸੇ ਹੋਰ ਨੂੰ ਵੇਚ ਦਿਤੇ ਸਨ। ਸੋ ਸਾਨੂੰ ਇਹ ਕਰਜ਼ਾ ਵੀ ਸੂਦ ਸਮੇਤ ਮੋੜਨਾ ਪਿਆ।

6 ਦਸੰਬਰ 1960 ਤੋਂ ਇਕ ਦਮ ਤਬੀਅਤ ਪ੍ਰੇਸ਼ਾਨ ਰਹਿਣ ਲਗ ਪਈ। ਇਕ ਰਾਤ ਜਦੋਂ ਮੈਂ ਗੁਸਲਖਾਨੇ ਜਾਣ ਲਈ ਉਠਿਆ, ਤਾਂ ਪੈਰ ਪੁਟਣ ਹੀ ਨਾ ਹੋਵੇ। ਬੜੀ ਮੁਸ਼ਕਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਨਾਲ ਦੀਵਾਰਾਂ ਦਾ ਆਸਰਾ ਲੈ ਕੇ ਗੁਸਲਖਾਨੇ ਤੋਂ ਮੁੜ ਕੇ ਇਸੇ ਤਰ੍ਹਾਂ ਹੀ ਵਾਪਸ ਮੰਜੇ ਤੇ ਪਰਤਿਆ। ਸਵੇਰੇ ਫੇਰ ਉਹੀ ਹਾਲ। ਡਾਕਟਰ ਨੂੰ ਦਸਿਆ। ਉਸ ਨੇ ਇਸ ਨੂੰ ਨਰਵਸ ਦੀ ਬੀਮਾਰੀ ਦਾ ਨਾਂ ਦਿਤਾ। ਇਸ ਬੀਮਾਰੀ ਦੇ ਕਾਰਣ ਉਸ ਨੇ ਮਨ ਪ੍ਰੇਸ਼ਾਨ, ਕਾਰੋਬਾਰ ਵਿੱਚ ਘਾਟਾ ਤੇ ਚਿੰਤਾ ਆਦਿ ਦਸਿਆ। ਡਾਕਟਰ ਨੇ ਕੁਝ ਦਿਨ ਆਪਣਾ ਕੰਮ ਛਡ ਕੇ ਆਰਾਮ ਕਰਨ ਦਾ ਮਸ਼ਵਰਾ ਦਿਤਾ। ਮੈਂ ਦਿੱਲੀ ਛੱਡ, ਚੰਡੀਗੜ੍ਹ ਦੇ ਇਕ ਮਿੱਤਰ ਨਾਲ ਪਹਾੜਾਂ ਨੂੰ ਨਿਕਲ ਤੁਰਿਆ। ਵਾਪਸ ਆ ਕੇ 25 ਜਨਵਰੀ 1967 ਨੂੰ ਮੁੜ ਨਰਵਸ ਨੇ ਪਹਿਲਾਂ ਵਾਂਗ ਆਣ ਘੇਰਿਆ। ਪੂਰੇ 8 ਮਹੀਨੇ ਟਾਫਰਾਨਿਲ ਅੰਗ੍ਰੇਜ਼ੀ ਦਵਾਈ ਵਰਤਦਾ ਰਿਹਾ, ਤਾਂ ਇਸ ਤੋਂ ਜਾਨ ਛੁਟੀ।

ਲੋੜ ਵੇਲੇ ਕਰਜ਼ ਲੈਣ ਦੀ ਬੀਮਾਰੀ ਪ੍ਰੀਤਨਗਰੋਂ ਲਗੀ ਸੀ। ਸ੍ਰ. ਗੁਰਬਖਸ਼ ਸਿੰਘ ਦੇ ਸਿਰ ਤੇ ਹਜ਼ਾਰਾਂ ਰੁਪਏ ਦਾ ਕਰਜ਼ਾ ਸੀ ਤੇ ਲੋੜ ਵੇਲੇ ਉਹ ਹੋਰ ਕਰਜ਼ਾ ਲਈ ਜਾਂਦੇ ਸਨ, ਜੋ ਲਖਾਂ ਤੀਕ ਇਹ ਕਰਜ਼ਾ ਜਾ ਪੁਜਾ ਸੀ। ਉਹੀ ਹਾਲ ਮੇਰਾ ਸੀ।

ਆਪਣੇ ਪ੍ਰੈਸ ਲਈ ਇਕ ਪੁਰਾਣੀ ਮਸ਼ੀਨ ਖਰੀਦ ਲਈ। ਇਸ ਦੇ ਨਾਲ ਹੀ ਕਟਾਈ ਦੀ ਮਸ਼ੀਨ। ਜਦੋਂ ਪ੍ਰੈਸ ਵਿੱਚ ਕੰਮ ਨਾ ਹੁੰਦਾ, ਤਾਂ ਆਪਣੀਆਂ ਕਿਤਾਬਾਂ ਛਾਪੀਆਂ ਜਾਂਦੀਆਂ। ਇਹਨਾਂ ਕਿਤਾਬਾਂ ਲਈ ਕਾਗਜ਼ ਉਧਾਰ ਲੈਣਾ ਪੈਂਦਾ। ਪੰਜਾਬੀ ਕਿਤਾਬਾਂ ਨੂੰ ਕੋਈ ਨਾ ਪੁਛਦਾ। ਲੱਖਾਂ ਲੋਕੀ ਜੋ ਉਜੜ ਕੇ ਦਿੱਲੀ ਜਾਂ ਹੋਰ ਥਾਵਾਂ ਤੇ ਆ ਵਸੇ ਸਨ, ਉਹਨਾਂ ਨੂੰ ਜ਼ਿੰਦਗੀ ਦੀਆਂ ਲੋੜਾਂ ਹੀ ਨਹੀਂ ਸਨ ਸਿਰ ਚੁਕਣ ਦਿੰਦੀਆਂ, ਕਿਤਾਬਾਂ ਨੂੰ ਕੌਣ ਪੁਛੇ? ਰਜੇ ਪੁਜੇ ਪੰਜਾਬੀ ਕਿਤਾਬਾਂ ਨੂੰ ਵੇਖਣ ਨੂੰ ਵੀ ਤਿਆਰ ਨਹੀਂ ਸਨ। ਉਹ ਪੰਜਾਬੀ ਕਿਤਾਬਾਂ ਨੂੰ ਪੜ੍ਹਨ ਦੀ ਥਾਂ ਸ਼ਰਾਬ ਦੇ ਪਿਆਲੇ ਦੇ ਰਸੀਏ ਸਨ। ਪੰਜਾਬੀਆਂ ਨੇ ਪੰਜਾਬੀ ਦੇ ਪ੍ਰਚਾਰ ਲਈ ਕਈ ਮੋਰਚੇ ਲਾਏ, ਜਿਨ੍ਹਾਂ ਵਿੱਚ ਛਪੰਜਾ ਹਜ਼ਾਰ ਪੰਜਾਬੀ ਜੇਲ੍ਹਾਂ ਵਿੱਚ ਗਏ। ਲੱਖਾਂ ਰੁਪਏ ਜੁਰਮਾਨੇ ਭਰੇ, ਪਰ ਕੀ ਮਜਾਲ ਕਿ ਜਨਸਧਾਰਣ ਤੋਂ ਲੈ ਕੇ ਜਥੇਦਾਰਾਂ ਤੀਕ ਕੋਈ ਪੰਜਾਬੀ ਦੀ ਕਿਤਾਬ ਪੜ੍ਹਨ ਜਾਂ ਖ੍ਰੀਦਣ ਲਈ ਤਿਆਰ ਹੁੰਦਾ। ਪੰਜਾਬੀ ਪ੍ਰਕਾਸ਼ਕਾਂ ਦੀਆਂ ਛਪੀਆਂ ਕਤਾਬਾਂ ਦੇ ਗੋਦਾਮ ਭਰੇ ਗਏ। ਬਾਰਸ਼ ਨਾਲ ਛੱਤਾਂ ਚੋਣ ਕਾਰਣ ਕਿਤਾਬਾਂ ਖ਼ਰਾਬ ਹੁੰਦੀਆਂ ਰਹਿੰਦੀਆਂ। ਕਿਤਾਬਾਂ, ਕੀੜੇ-ਪਤੰਗੇ ਤੇ ਸਿਉਂਕ ਦਾ ਆਹਾਰ ਹੁੰਦੀਆਂ।

ਸਾਡੀ ਇਹ ਪ੍ਰਥਾ ਲਗਭਗ 1980 ਤੀਕ ਇਸੇ ਤਰ੍ਹਾਂ ਹੀ ਚਾਲੂ ਰਹੀ। ਸੰਨ 1966 ਵਿੱਚ ਮੈਂ ਸਾਹਿਤ ਸੇਵਾ ਨੂੰ ਮੁਖ ਰਖਦਿਆਂ ਹੋਇਆ, ''ਨਵਾਂ ਸਾਹਿਤ'' ਨਾਂ ਦਾ ਇਕ ਹਾਸ-ਵਿਅੰਗ ਮੈਗਜ਼ੀਨ ਕੱਢਿਆ। ਜਿਸ ਦੇ ਕਈ ਵਿਸ਼ੇਸ਼ ਅੰਕ ਛਪੇ। ਪੰਜਾਬੀ ਪਾਠਕਾਂ ਵਿੱਚ ਇਹ ਪਰਚਾ ਮਕਬੂਲ ਹੋਇਆ, ਪਰ ਇਸ ਕਾਰਜ ਵਿੱਚ ਵੀ ਸਾਡਾ ਉਹੀ ਹਾਲ ਹੋਇਆ, ਜੋ ਪੰਜਾਬੀ ਕਿਤਾਬਾਂ ਦੀ ਵਿਕਰੀ ਦਾ ਸੀ। ਕਈ ਏਜੰਸੀਆਂ ਵਾਲੇ ਹਜ਼ਾਰਾਂ ਰੁਪਏ ਹੜਪ ਕਰ ਗਏ। ਨਵੀਆਂ ਪ੍ਰਕਾਸ਼ਨਾਂ ਦਾ ਵੀ ਇਹੀ ਹਾਲ ਹੋਇਆ। ਕੁਝ ਗਿਣਤੀ ਦੇ ਵਿਕਰੇਤਾਵਾਂ ਤੇ ਲਾਇਬ੍ਰੇਰੀਆਂ ਤੋਂ ਛੁਟ ਬਾਕੀ ਦੀਆਂ ਕਿਤਾਬਾਂ ਗਰਦੋ-ਗੁਬਾਰ ਨਾਲ ਅਟੀਆਂ ਰਹਿੰਦੀਆਂ। ਪੰਜਾਬੀ ਕਿਤਾਬਾਂ ਮਣਾਂ ਮੂੰਹੀ ਰੱਦੀ ਦਾ ਰੂਪ ਧਾਰਣ ਕਰਦੀਆਂ ਤੇ ਉਹ ਕਬਾੜੀਆਂ ਦੇ ਗੋਦਾਮਾਂ ਦਾ ਸ਼ਿੰਗਾਰ ਹੁੰਦੀਆਂ।

ਪਿਛਲੇ ਚਾਲ੍ਹੀ ਸਾਲ ਤੋਂ ਕਰਜ਼ੇ ਵਾਲੀ ਪ੍ਰਥਾ ਹਾਲੀ ਤਕ ਜਾਰੀ ਹੈ। ਪਤਾ ਨਹੀਂ, ਸਾਡੇ ਜੀਵਨ ਦੇ ਅੰਤ ਤੀਕ ਇਸ ਦਾ ਅੰਤ ਹੋਣਾ ਹੈ ਜਾਂ ਅਗਲੀਆਂ ਪੀੜ੍ਹੀਆਂ ਦੇ ਮੋਢਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤੇ ਵੀ ਇਸ ਨੇ ਸਵਾਰ ਰਹਿਣਾ ਹੈ।

## ਦੈਨਿਕ ਪੰਜਾਬੀ ਪੱਤਰ

'ਨੈਸ਼ਨਲ ਪ੍ਰੈਸ ਆਫ ਇੰਡੀਆ' ਚਾਲੂ ਕਰਨ ਤੋਂ ਪਹਿਲਾਂ ਪ੍ਰੀਤਨਗਰ ਦੇ ਆਪਣੇ ਮਿੱਤਰ ਪ੍ਰੀਤਮ ਸਿੰਘ ਹੋਰਾਂ ਨੇ ਸ੍ਰ: ਗੁਰਬਖਸ਼ ਸਿੰਘ ਹੋਰਾਂ ਦੇ ਪ੍ਰੀਤ ਸੈਨਿਕ ਪ੍ਰੈਸ ਤੋਂ ਨੌਕਰੀ ਛੱਡ ਆਪਣਾ ਨਵਯੁਗ ਪ੍ਰੈਸ ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ ਵਿੱਚ ਖੋਲ੍ਹਿਆ।

ਇਸ ਮਾਰਕੀਟ ਵਿੱਚ ਨਾ ਪਲੱਈਅਰ ਗਾਰਡਨ (ਸ਼ਾਂਤੀ ਅਮਨ ਚੈਨ ਜਾਂ ਮਨੋਰੰਜਨ ਭਰਪੂਰ ਕੋਈ ਬਾਗ) ਸੀ, ਨਾ ਹੀ ਇਥੋਂ ਕਈ ਮੀਲਾਂ ਦੀ ਦੂਰੀ ਤੀਕ ਕੋਈ ਮੈਦਾਨ ਸੀ। ਪ੍ਰੀਤਮ ਸਿੰਘ ਹੋਰਾਂ ਦਾ ਕੰਮ ਵੀ ਮੇਰੇ ਵਾਂਗੂ ਢਿਕਚੂੰ ਢਿਕਚੂੰ ਰਿੜ ਰਿਹਾ ਸੀ, ਪਰ ਕੁਝ ਚਿਰ ਪਿਛੋਂ ਉਨ੍ਹਾਂ ਨੂੰ ਇਕ ਅੰਬੈਸੀ ਦੀਆਂ ਕੁਝ ਕਿਤਾਬਾਂ ਛਪਣ ਲਈ ਮਿਲ ਗਈਆਂ ਸਨ। ਇਸ ਲਈ ਆਰਥਕ ਤੌਰ ਤੇ ਉਹ ਬਹੁਤ ਸੌਖੇ ਹੋ ਗਏ। ਕੁਝ ਸਾਲਾਂ ਮਗਰੋਂ ਰੂਸੀ ਅੰਬੈਸੀ ਦੇ ਚਾਰ ਹਫਤੇਵਾਰ ਪਰਚੇ ਹਿੰਦੀ, ਉਰਦੂ, ਪੰਜਾਬੀ ਤੇ ਕਨੜ ਉਨ੍ਹਾਂ ਨੂੰ ਛਪਣ ਲਈ ਮਿਲ ਗਏ। ਸਾਡੇ ਮਿੱਤਰ ਗਿਆਨੀ ਜਸਵੰਤ ਸਿੰਘ ਨੇ ਵੀ ਲਾਜੱਪਤ ਰਾਏ ਮਾਰਕੀਟ ਵਿੱਚ ਇਕ ਛੋਟਾ ਜਿਹਾ ਪ੍ਰੈਸ ਲਾ ਲਿਆ। ਤਿੰਨੇ ਮਿੱਤਰ ਦੁਪਹਿਰ ਦਾ ਖਾਣਾ ਇੱਕਠੇ ਖਾਂਦੇ। ਇਸ ਲਈ ਜਦੋਂ ਉਹ ਚਾਰ ਪਰਚੇ ਨਵਯੁਗ ਪ੍ਰੈਸ ਨੂੰ ਛਪਣ ਲਈ ਮਿਲ ਗਏ, ਤਾਂ ਅਸਾਂ ਤਿੰਨਾਂ ਨੇ ਅਗੋਂ ਪਿਛੋਂ ਕੁਝ ਪੈਸੇ ਇੱਕਠੇ ਕਰ ਕੇ ਇਕ ਪੁਰਾਣੀ ਸਲੰਡਰ ਮਸ਼ੀਨ ਖਰੀਦ ਲਈ। ਉਸ ਮਸ਼ੀਨ ਨੂੰ ਸਾਡੇ ਪ੍ਰੈਸ ਵਿੱਚ ਫਿਟ ਕਰ ਦਿਤਾ ਗਿਆ। ਇਸ ਤਰ੍ਹਾਂ ਸਾਡੀ ਇਤਨੀ ਕੁ ਆਮਦਨ ਹੋਣੀ ਸ਼ੁਰੂ ਹੋ ਗਈ, ਜਿਸ ਨਾਲ ਅਸੀਂ ਪ੍ਰੈਸ ਦੇ ਕਾਮਿਆਂ ਦੀਆਂ ਵਕਤ ਸਿਰ ਤਨਖਾਹਾਂ ਦੇ ਸਕਦੇ। ਕੁਝ ਸਮੇਂ ਮਗਰੋਂ ਸਾਡੇ ਪਾਸ ਪੰਜਾਬੀ ਦਾ ਇਕ ਦੈਨਿਕ ਅਖ਼ਬਾਰ ਛਪਣ ਲਈ ਆ ਗਿਆ। ਅਸੀਂ ਇਸ ਅਖ਼ਬਾਰ ਲਈ ਅਠ ਦਸ ਕੰਪਾਜ਼ੀਟਰ ਰਖ ਲਏ। ਛੇ ਮਹੀਨੇ ਵਿੱਚ ਹੀ ਅਸੀਂ ਬੜੇ ਸੌਖੇ ਹੋ ਗਏ। ਕਈ ਹਜ਼ਾਰ ਰੁਪਿਆ ਸਾਡਾ ਅਖਬਾਰ ਦੇ ਮਾਲਕਾਂ ਵਲ ਲਗਦਾ, ਜਿਸ ਨੂੰ ਉਹ ਕਿਸ਼ਤਾਂ ਨਾਲ ਹੌਲੀ ਹੌਲੀ ਨਬੇੜਦੇ। ਮਾਲਕਾਂ ਨੇ ਵੀ ਰਾਜਨੀਤਕ ਤੇ ਧਾਰਮਿਕ ਦੈਨਿਕ ਪਰਚਾ ਹੋਣ ਦੇ ਨਾਤੇ ਲੋਕਾਂ ਪਾਸੋਂ ਉਗਰਾਹੀ ਕਰਨੀ ਹੁੰਦੀ ਸੀ। ਜੇ ਵਕਤ ਸਿਰ ਉਨ੍ਹਾਂ ਨੇ ਸਾਡੇ ਬਿਲ ਦੀ ਅਦਾਇਗੀ ਕਰ ਦਿਤੀ, ਤਾਂ ਕਾਮਿਆਂ ਨੂੰ ਸੱਤ ਤ੍ਰੀਕ ਨੂੰ ਵਕਤ ਸਿਰ ਤਨਖਾਹ ਦੇ ਦਿਤੀ ਜਾਂਦੀ। ਜੇ ਛਪਾਈ ਦਾ ਬਿਲ ਰੁਕ ਗਿਆ, ਤਾਂ ਬਾਹਰੋਂ ਕਰਜ਼ਾ ਲੈ ਕੇ ਵਰਕਰਾਂ ਦੀਆਂ ਤਨਖਾਹਾਂ ਭੁਗਤਾਈਆਂ ਜਾਂਦੀਆਂ।

ਦੋ ਕੁ ਸਾਲਾਂ ਮਗਰੋਂ ਅਖਬਾਰ ਦੇ ਮਾਲਕਾਂ ਦੀ ਪਾਰਟੀਬਾਜ਼ੀ ਨੇ ਐਸਾ ਰੰਗ ਵਿਖਾਇਆ, ਕਿ ਸਾਨੂੰ ਰਾਤੀਂ ਸੁਤਿਆਂ ਪਿਆਂ ਹੀ ਇਤਲਾਹ ਮਿਲੀ, ਕਿ ਅਖ਼ਬਾਰ ਦੇ ਦਫਤਰ ਤੇ ਦੂਸਰੀ ਪਾਰਟੀ ਦੇ ਤਾਲੇ ਲਗ ਗਏ ਹਨ। ਦੂਸਰੇ ਗਰੁਪ ਨੇ ਪਹਿਲਾਂ ਲਗੇ ਤਾਲੇ ਤੇ ਤਾਲਾ ਜੜ ਦਿਤਾ, ਤੇ ਪੁਲਸ ਨੂੰ ਇਤਲਾਹ ਦੇ ਦਿਤੀ। ਦਫਤਰ ਅਗੇ ਹਥਿਆਰ-ਬੰਦ ਸੇਵਾਦਾਰਾਂ ਦਾ ਪਹਿਰਾ ਬਿਠਾ ਦਿਤਾ ਗਿਆ।

ਇਸ ਤਰ੍ਹਾਂ ਦਫਤਰ ਨੂੰ ਦੋ ਤਾਲੇ ਲਗ ਜਾਣ ਕਾਰਣ ਅਖ਼ਬਾਰ ਦਾ ਕੰਮ ਠੱਪ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਗਿਆ। ਸਾਡੇ ਕਾਮੇ ਵੇਹਲੇ ਹੋ ਗਏ। ਸਾਡੀ ਪਿਛਲੀ ਰਕਮ ਰੁਕ ਗਈ। ਅਖ਼ਬਾਰ ਦੇ ਦਫਤਰ ਦੀ ਮਾਲਕੀ ਲਈ ਮੁਕਦਮਾ ਚਲ ਪਿਆ। ਉਸ ਕੇਸ ਦਾ ਕਈ ਸਾਲ ਤਕ ਫੈਸਲਾ ਨਾ ਹੋਇਆ।

ਇਸ ਤਰ੍ਹਾਂ ਅਸੀਂ ਮੁੜ ਉਸੇ ਹਾਲਤ ਵਿੱਚ ਆ ਪੁਜੇ, ਜਿਥੇ ਅਖ਼ਬਾਰ ਤੋਂ ਪਹਿਲਾਂ ਸਾਂ। ਪ੍ਰੈਸ ਦਾ ਕੰਮ ਪਹਿਲਾਂ ਵਾਂਗ ਢਿਲਾ ਮੱਠਾ ਚਲਣ ਲਗ ਪਿਆ। ਕਰਜ਼ ਦੀ ਪੰਡ ਪਹਿਲਾਂ ਨਾਲੋਂ ਵੀ ਬੋਝਲ ਹੁੰਦੀ ਗਈ।

**ਸੰਨ 1980**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬੈਂਕਾਕ ਯਾਤਰਾ

## (ਤੀਜੀ ਵਾਰ)

ਪਹਿਲੀ ਵਾਰ ਮੈਂ ਸੰਨ 1973 ਵਿੱਚ ਮਲੇਸ਼ੀਆ, ਸਿੰਘਾਪੁਰ, ਤੇ ਥਾਈਲੈਂਡ ਦੀ ਯਾਤਰਾ ਕੀਤੀ। ਦੂਜੀ ਵਾਰ ਵਿਸ਼ਵ ਪੰਜਾਬੀ ਕਾਨਫਰੰਸ ਸਮੇਂ ਸੰਨ 1983 ਦੇ ਅਰੰਭ ਵਿੱਚ, ਅਤੇ ਤੀਜੀ ਵਾਰ ਨਵੰਬਰ 1983 ਵਿੱਚ।

ਨਵੰਬਰ ਸੰਨ 1983 ਵਿੱਚ ਸ੍ਰੀ ਗੁਰੂ ਸਿੰਘ ਸਭਾ ਬੈਂਕਾਕ ਵਲੋਂ ਪ੍ਰਿੰਸੀਪਲ ਸਤਿਬੀਰ ਸਿੰਘ, ਸ੍ਰ: ਮਨੋਹਰ ਸਿੰਘ ਮਾਰਕੋ ਤੇ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੇ ਚਾਰ-ਰੋਜ਼ਾ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਗਿਆ। ਬੈਂਕਾਕ ਦੇ ਗੁਰਦੁਆਰੇ ਦੀ ਪਹਿਲੀ ਇਮਾਰਤ ਗਿਰਾ ਕੇ ਨਵੀਂ ਇਮਾਰਤ ਦੀ ਕਈ ਸਾਲ ਉਸਾਰੀ ਹੁੰਦੀ ਰਹੀ। ਉਨ੍ਹੀਂ ਦਿਨੀਂ ਹੀ ਇਹ ਚਾਰ ਮੰਜ਼ਲੀ ਸ਼ਾਨਦਾਰ ਇਮਾਰਤ ਮੁਕੰਮਲ ਹੋਈ ਸੀ। ਇਸ ਸਾਲ ਗੁਰੂ ਨਾਨਕ ਦੇਵ ਜੀ ਦਾ ਮਹਾਨ ਜਨਮ ਉਤਸਵ ਇਸੇ ਇਮਾਰਤ ਵਿੱਚ ਮਨਾਇਆ ਜਾਣਾ ਸੀ। ਸ੍ਰੀ ਗੁਰੂ ਸਿੰਘ ਸਭਾ ਵਲੋਂ ਸ੍ਰ: ਕੁਲਦੀਪ ਸਿੰਘ ਜੀ (ਚਾਈਡੀ) ਉਚੇਚੇ ਤੌਰ ਤੇ ਇਸ ਕਾਰਜ ਲਈ ਦਿੱਲੀ ਆਏ ਸਨ, ਤਾਂ ਜੋ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ, ਜਨਮ ਸਾਖੀਆਂ, ਹੁਕਮਨਾਮੇ, ਦਸਾਂ ਗੁਰੂਆਂ ਨਾਲ ਸਬੰਧਤ ਪੁਰਾਤਨ ਕਲਾਕਾਰਾਂ ਦੀਆਂ ਬਣੀਆਂ ਹੋਈਆਂ ਤਸਵੀਰਾਂ ਦੀ ਗੁਰਦੁਆਰੇ ਦੇ ਬਣੇ ਨਵੇਂ ਹਾਲ ਵਿੱਚ ਨੁਮਾਇਸ਼ ਲਾਈ ਜਾਵੇ ਤੇ ਉਨ੍ਹਾਂ ਬਾਰੇ ਉਚੇਚੀ ਜਾਣਕਾਰੀ ਦਿਤੀ ਜਾ ਸਕੇ। ਮੈਂ ਤੇ ਪ੍ਰਿੰ: ਸਤਿਬੀਰ ਸਿੰਘ ਦੀ ਇਹ ਪੁਖਤਾ ਰਾਏ ਸੀ, ਕਿ ਇਸ ਸਬੰਧ ਵਿੱਚ ਸ੍ਰ. ਮਨੋਹਰ ਸਿੰਘ ਮਾਰਕੋ ਦਾ ਸਹਿਯੋਗ ਲੈਣਾ ਜ਼ਰੂਰੀ ਹੈ, ਕਿਉਂਕਿ ਪਿਛਲੀ ਅੱਧੀ ਸਦੀ ਤੋਂ ਗੁਰੂ ਘਰ ਸਬੰਧੀ ਪੁਰਾਤਨ ਬੀੜਾਂ, ਹੁਕਮਨਾਮੇ, ਤਸਵੀਰਾਂ, ਹਥ ਲਿਖਤ ਖਰੜੇ, ਵਖੋ ਵਖ ਸਮੇਂ ਲਿਖੀਆਂ ਗਈਆਂ ਜਨਮ ਸਾਖੀਆਂ ਅਤੇ ਪੁਰਾਤਨ ਦੁਰਲਭ ਗ੍ਰੰਥ ਉਨ੍ਹਾਂ ਬੜੀ ਘਾਲਣਾ ਘਾਲ, ਸਾਰੇ ਭਾਰਤ 'ਚੋਂ ਜਿਥੋਂ ਵੀ ਸੰਭਵ ਹੋ ਸਕਿਆ, ਇਕੱਤਰ ਕਰ ਕੇ ਆਪਣੇ ਘਰ ਦੇ ਦੋ ਕਮਰਿਆਂ ਵਿੱਚ ਸੁਰਖਿਅਤ ਕੀਤੇ ਸੀ। ਜਿਹੜੇ ਗ੍ਰੰਥ ਦੁਰਲਭ ਸਨ, ਉਨ੍ਹਾਂ ਦੀਆਂ ਫੋਟੋਸਟੈਟ ਕਾਪੀਆਂ ਜਾਂ ਮਾਈਕਰੋ ਫਿਲਮਾਂ ਵੀ ਉਨ੍ਹਾਂ ਆਪਣੇ ਕੋਲ ਰਖੀਆਂ ਸਨ।

ਸੋ ਅਸੀਂ ਲੋੜੀਂਦੇ ਗ੍ਰੰਥ ਤੇ ਉਨ੍ਹਾਂ ਬਾਰੇ ਭਰਪੂਰ ਜਾਣਕਾਰੀ ਇੱਕਤਰ ਕਰ ਕੇ ਜਹਾਜ਼ ਰਾਹੀਂ ਬੈਂਕਾਕ ਜਾ ਪੁਜੇ। ਸ੍ਰੀ ਗੁਰੂ ਸਿੰਘ ਸਭਾ ਬੈਂਕਾਕ ਦੇ ਗੁਰਮੁਖ ਵਿਦਵਾਨ ਅਤੇ ਚੰਗੀ ਰਹਿਣੀ ਬਹਿਣੀ ਵਾਲੇ ਗਿਆਨੀ ਅਰਜਨ ਸਿੰਘ ਅਤੇ ਕੁਝ ਹੋਰ ਪ੍ਰਤਿੱਸ਼ਟ ਸੱਜਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri 8595



ਅੰਮ੍ਰਿਤਸਰ ਗੁਰੂ ਗ੍ਰੰਥ ਸਾਹਿਬ ਦੀ ਪੁਰਾਤਨ ਇਤਿਹਾਸਕ ਬੀੜ ਵੀ ਆਪਣੇ ਨਾਲ ਲਿਆਏ ਸਨ। ਹਵਾਈ ਜਹਾਜ਼ ਤੋਂ ਉਤਰਨ ਵਾਲੇ 15 ਕੁ ਪ੍ਰਤਿੱਸ਼ਟ ਸੱਜਣਾਂ ਦੇ ਸੁਆਗਤ ਲਈ ਹਵਾਈ ਜਹਾਜ਼ ਦੇ ਅੱਡੇ ਤੇ ਹਜ਼ਾਰਾਂ ਸੰਗਤਾਂ ਪਹੁੰਚੀਆਂ ਹੋਈਆਂ ਸਨ। ਜਹਾਜ਼ ਤੋਂ ਉਤਰਨ ਸਮੇਂ ਇਕ ਸੱਜਣ ਨੇ ਮੇਰੇ ਤੋਂ ਪੁਛਿਆ, "ਦਾਤਾ ਜੀ! ਤੁਹਾਡੇ ਪਾਸ ਪੰਜ ਸੌ ਡਾਲਰ ਤਾਂ ਹੋਣਗੇ ਹੀ, ਕਿਉਂਕਿ ਇਥੋਂ ਹਵਾਈ ਜਹਾਜ਼ ਤੋਂ ਉਤਰਨ ਪਿਛੋਂ ਇਮੀਗਰੇਸ਼ਨ ਵਾਲੇ ਪੜਤਾਲ ਕਰਦੇ ਹਨ। ਹਰ ਯਾਤਰੀ ਕੋਲ 500 ਡਾਲਰ ਹੋਣੇ ਜ਼ਰੂਰੀ ਹਨ।" ਮੈਂ ਕਿਹਾ, "ਸ੍ਰੀਮਾਨ ਜੀ! ਪਿਛਲੇ ਦਸ ਪੰਦਰਾਂ ਸਾਲ ਵਿੱਚ ਮੈਨੂੰ ਕਈ ਵਾਰ ਹਵਾਈ ਜਹਾਜ਼ ਦੇ ਸਫਰ ਦਾ ਮੌਕਾ ਮਿਲਿਆ ਸੀ, ਪਰ ਕਦੇ ਕਿਸੇ ਨੇ ਪੁਛਿਆ ਨਹੀਂ। ਉਸ ਸੱਜਣ ਨੇ ਕਿਹਾ, "ਪਰ ਕਾਨੂੰਨ ਮੁਤਾਬਕ ਉਹ ਪੁਛ ਵੀ ਸਕਦੇ ਹਨ। ਤੁਸੀਂ ਇਹ ਫੜੋ 500 ਡਾਲਰ। ਜਦੋਂ ਹਵਾਈ ਅੱਡੇ ਤੋਂ ਬਾਹਰ ਨਿਕਲੋਗੇ, ਤਾਂ ਮੈਨੂੰ ਵਾਪਸ ਕਰ ਦੇਣਾ।"

ਉਸ ਸੱਜਣ ਨੇ ਮੈਨੂੰ ਪੰਜ ਸੌ ਡਾਲਰ ਆਪਣੇ ਪੈਂਟ ਦੀ ਜੇਬ ਵਿੱਚੋਂ ਇਕ ਵੱਡੀ ਸਾਰੀ ਦਥੀ 'ਚੋਂ ਕੱਢ ਕੇ ਫੜਾਏ। ਮੈਂ ਨੋਟ ਫੜਦਿਆਂ ਸੋਚ ਰਿਹਾ ਸਾਂ, ਕਿ ਇਹ ਲੋਕ ਕਿੰਨੇ ਬੇਪਰਵਾਹ ਹਨ। ਇਨ੍ਹਾਂ ਕੋਲ 50 ਹਜ਼ਾਰ ਜਾਂ ਲੱਖ ਦੀ ਮਾਲੀਅਤ ਦੇ ਡਾਲਰ ਹੋਣਗੇ, ਜੋ ਇਨ੍ਹਾਂ ਆਪਣੀਆਂ ਜੇਬਾਂ ਵਿੱਚ ਘਸੋੜੇ ਹੋਏ ਹਨ। ਡਾਲਰ ਕਢਦਿਆਂ ਇਹ ਡਿਗ ਵੀ ਸਕਦੇ ਹਨ। ਮੈਂ ਆਪ ਆਪਣੇ ਪੈਸਿਆਂ ਨੂੰ ਕਿੰਨਾਂ ਸੰਭਾਲ ਕੇ ਰਖਦਾ ਹਾਂ? ਕਮੀਜ਼ ਹੇਠਾਂ ਪਹਿਨੀ ਹੋਈ ਬਨੈਣ ਦੇ ਖੀਸੇ ਵਿੱਚ ਚੰਗੀ ਤਰ੍ਹਾਂ ਸੁਰਖਿਅਤ ਰਖਦਾ ਹਾਂ। ਨਾਲ ਹੀ ਕਈ ਵਾਰ ਆਪਣੀ ਬਾਂਹ ਦੀ ਕੋਹਨੀ ਨਾਲ ਟੋਹ ਕੇ ਵੀ ਵੇਖ ਲੈਂਦਾ ਹਾਂ, ਕਿ ਸਭ ਕੁਝ ਸੁਰਖਿਅਤ ਹੈ।

ਮੈਂ ਉਹ ਪੰਜ ਸੌ ਡਾਲਰ ਚੰਗੀ ਤਰ੍ਹਾਂ ਟੋਹ ਟਾਹ ਕੇ ਆਪਣੀ ਬਨੈਣ ਦੇ ਖੀਸੇ ਵਿੱਚ ਘੁਸੇੜ ਦਿਤੇ। ਬਨੈਣ ਉਪਰ ਆਪਣੀ ਪੈਂਟ ਕਸੀ ਹੋਈ ਸੀ। ਇਹ ਕਾਰਜ ਕਰ ਕੇ ਅਸੀਂ ਜਹਾਜ਼ ਤੋਂ ਉਤਰੇ ਏਮੀਗਰੇਸ਼ਨ ਵਾਲਿਆਂ ਨੇ ਕਿਸੇ ਮੁਸਾਫਰ ਤੋਂ ਵੀ ਡਾਲਰਾਂ ਬਾਰੇ ਪੁਛ ਪੜਤਾਲ ਨਾ ਕੀਤੀ। ਹਵਾਈ ਅੱਡੇ ਤੋਂ ਨਿਕਲਦਿਆਂ ਮੈਂ ਉਸ ਸੱਜਣ ਨੂੰ ਕਿਹਾ "ਤੁਸੀਂ ਆਪਣੀ ਮਾਇਆ ਲੈ ਲਓ।" ਉਹ ਕਹਿਣ ਲੱਗੇ, "ਅੱਗੇ ਵੀ ਕੋਈ ਅਫਸਰ ਪੁਛ ਸਕਦਾ ਹੈ, ਇਸ ਲਈ ਬਾਹਰ ਨਿਕਲ ਕੇ ਆਰਾਮ ਨਾਲ ਮੈਨੂੰ ਡਾਲਰ ਦੇ ਦੇਣੇ। ਕੋਈ ਕਾਹਲ ਨਹੀਂ।"

ਗੱਲ ਆਈ ਗਈ ਹੋ ਗਈ। ਹਵਾਈ ਅੱਡੇ ਤੋਂ ਬਾਹਰ ਬੈਂਕਾਕ ਦੀਆਂ ਸੰਗਤਾਂ ਨੇ ਸਾਡਾ ਭਰਪੂਰ ਸਵਾਗਤ ਕੀਤਾ। ਭਾਰੀ ਗਿਣਤੀ ਵਿੱਚ ਸੰਗਤਾਂ ਹਵਾਈ ਅੱਡੇ ਤੇ ਪਹੁੰਚ ਰਹੀਆਂ ਸਨ। ਇਥੋਂ ਹੀ ਦੋ ਘੰਟੇ ਬਾਅਦ ਜਲੂਸ ਨਿਕਲਣਾ ਸੀ। ਕਾਰਾਂ, ਸਟੇਸ਼ਨ ਵੈਗਨਾਂ ਤੇ ਬਸਾਂ ਕਾਫੀ ਗਿਣਤੀ ਵਿੱਚ ਇਕੱਠੀਆਂ ਹੋ ਰਹੀਆਂ ਸਨ। ਏਨੇ ਨੂੰ ਪ੍ਰਬੰਧਕਾਂ 'ਚੋਂ ਇਕ ਸੱਜਣ ਨੇ ਸਾਨੂੰ ਕਿਹਾ, "ਗੁਰਦੁਆਰਾ ਸਾਹਿਬ ਵਲ ਕਾਰ ਜਾ ਰਹੀ ਹੈ। ਤੁਸੀਂ ਉਸ ਵਿੱਚ ਬੈਠ ਜਾਓ। ਇਹੀ ਸੱਜਣ ਤੁਹਾਨੂੰ ਗੁਰਦੁਆਰੇ ਦੇ ਗੈਸੱਟ ਹਾਊਸ ਵਿੱਚ ਪਹੁੰਚਾ ਦੇਣਗੇ। ਜਿਥੇ ਤੁਹਾਡਾ ਕਮਰਾ ਰਿਜ਼ਰਵ ਹੈ। ਜਲੂਸ ਨੇ ਹਾਲੇ ਦੋ ਘੰਟੇ ਬਾਅਦ ਚਲਣਾ ਹੈ। ਇਸ ਲਈ ਤੁਸੀਂ ਗੈਸੱਟ ਹਾਊਸ ਵਿੱਚ ਜਾ ਕੇ ਇਸ਼ਨਾਨ ਪਾਣੀ ਕਰ ਕੇ ਕਪੜੇ ਬਦਲ ਕੇ ਮੁੜ ਹਵਾਈ ਅੱਡੇ ਪਹੁੰਚ ਜਾਣਾ ਤੇ ਜਲੂਸ ਵਿੱਚ ਸ਼ਾਮਲ ਹੋ ਜਾਣਾ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੋ ਅਸੀਂ ਕਾਰ ਵਿੱਚ ਹਵਾਈ ਅੱਡੇ ਤੋਂ 21 ਕਿਲੋਮੀਟਰ ਦੂਰੀ ਤੇ ਗੈਸੱਟ ਹਾਊਸ ਵਿੱਚ ਜਾ ਪੁੱਜੇ। ਸਾਮਾਨ ਸਾਡਾ ਇਕ ਕਮਰੇ ਵਿੱਚ ਰਖਿਆ ਗਿਆ। ਅਸੀਂ ਨਹਾਣ ਦੀ ਤਿਆਰੀ ਕਰਨ ਲਗੇ। ਕਪੜੇ ਉਤਾਰਨ ਸਮੇਂ ਮੈਂ ਆਪਣੀ ਬਨੈਣ ਦੀ ਅੰਦਰਲੀ ਜੇਬ ਵਿੱਚ ਹੱਥ ਮਾਰਿਆ, ਤਾਂ ਇਕ ਦਮ ਮੈਂ ਚਕ੍ਰਿਤ ਰਹਿ ਗਿਆ। ਨਿਰੇ ਡਾਲਰ ਹੀ ਨਹੀਂ ਸਗੋਂ ਮੇਰੀ ਬਨੈਣ ਦੀ ਜੇਬ ਵੀ ਗ਼ਾਇਬ ਸੀ। ਹੁਣ ਮੈਨੂੰ ਪੱਤਾ ਲਗਾ, ਕਿ ਦਿਲੀਓਂ ਸਵੇਰੇ ਇਸ਼ਨਾਨ ਪਾਣੀ ਕਰਨ ਤੋਂ ਬਾਅਦ ਜੋ ਬਨੈਣ ਪਾਈ ਸੀ, ਉਸ ਦੀ ਜੇਬ ਹੀ ਹੈ ਨਹੀਂ ਸੀ। ਇਹ ਬਨੈਣ ਮੈਂ ਕਦੀ ਕਦਾਈਂ ਹੀ ਪਾਇਆ ਕਰਦਾ ਸੀ।

ਇਹ ਵੇਖ ਮੈਨੂੰ ਹਥਾਂ ਪੈਰਾਂ ਦੀ ਪੈ ਗਈ। ਮਾਰਕੋ ਸਾਹਿਬ ਇਸ਼ਨਾਨ ਕਰ ਕੇ ਵਾਪਸ ਆਏ ਤਾਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਮੈਨੂੰ ਧਰਵਾਸ ਦੇਂਦਿਆਂ ਕਿਹਾ, ''ਦਾਤਾ ਜੀ! ਪੈਸੇ ਕਿਧਰੇ ਜਾਂਦੇ ਨਹੀਂ। ਇਥੇ ਹੀ ਕਿਧਰੇ ਹੋਣਗੇ। ਨਹੀਂ ਤਾਂ ਹਵਾਈ ਅੱਡੇ ਦੇ ਕਿਸੇ ਥਾਂ ਤੇ ਸੁਰਖਿਅਤ ਪਏ ਹੋਣਗੇ।''

ਉਨ੍ਹਾਂ ਦੀ ਗੱਲ ਵਿੱਚ ਕੋਈ ਵਜ਼ਨ ਨਹੀਂ ਸੀ। ਕਿਉਂਕਿ ਹਵਾਈ ਅੱਡੇ ਦੇ ਭੀੜ ਭੜਕੇ ਵਿੱਚ ਹੁਣ ਤੋਂ ਡੇਢ ਦੋ ਘੰਟੇ ਪਹਿਲਾਂ ਡਿੱਗੀ ਰਕਮ ਮੈਨੂੰ ਕਿਵੇਂ ਪ੍ਰਾਪਤ ਹੋ ਸਕਦੀ ਸੀ? ਪਰ ਉਨ੍ਹਾਂ ਦੀ ਗੱਲ ਨਾਲ ਮੈਨੂੰ ਕੁਝ ਧਰਵਾਸ ਹੋ ਗਈ। ਅਸੀਂ ਛੇਤੀ ਛੇਤੀ ਨਹਾ ਕੇ ਕਪੜੇ ਬਦਲੇ ਤੇ ਟੈਕਸੀ ਫੜ ਹਵਾਈ ਅੱਡੇ ਜਾ ਪੁਜੇ। ਸੰਗਤਾਂ ਜਲੂਸ ਦੀਆਂ ਤਿਆਰੀਆਂ ਕਰ ਰਹੀਆਂ ਸਨ। ਸ਼ਹਿਰ ਦੇ ਪ੍ਰੇਮੀ ਧੜਾ-ਧੜ ਪਹੁੰਚ ਰਹੇ ਸਨ। ਅਸੀਂ ਹਵਾਈ ਅੱਡੇ ਦੇ ਅੰਦਰ ਗਏ। ਜਿਨ੍ਹਾਂ ਰਾਹਾਂ ਤੋਂ ਅਸੀਂ ਹਵਾਈ ਜਹਾਜ਼ ਤੋਂ ਉਤਰੇ ਸਾਂ, ਇਮੀਗਰੈਸ਼ਨ ਤੇ ਕਸਟਮ ਆਦਿ ਸਾਰੀਆਂ ਥਾਵਾਂ ਗਾਹ ਮਾਰੀਆਂ ਜਿਸ ਨੂੰ ਪੁਛੀਏ, ਉਹੀ ਹੈਰਾਨ ਹੋ ਜਾਂਦਾ। ਦੋ ਘੰਟੇ ਪਹਿਲਾਂ ਡਿਗੇ 500 ਡਾਲਰ ਕਿਵੇਂ ਇਸ ਸਮੇਂ ਮਿਲ ਸਕਦੇ ਸਨ? ਸੋ ਨਿਰਾਸ਼ ਹੋ ਕੇ ਅਸੀਂ ਜਲੂਸ ਵਿੱਚ ਸ਼ਾਮਲ ਹੋਏ। ਜਲੂਸ ਬੈਂਕਾਕ ਦੀਆਂ ਸੜਕਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਦੀ ਨਵੀਂ ਉਸਰੀ ਇਮਾਰਤ ਦੇ ਨੇੜੇ ਜਾ ਪੁਜਾ। ਸਾਰਾ ਰਸਤਾ ਝੰਡੀਆਂ ਭੁਕਾਨਿਆਂ ਤੇ ਵੰਨ-ਸਵੰਨੇ ਕਪੜਿਆਂ ਦੇ ਬੋਰਡਾਂ ਨਾਲ ਸਜਿਆ ਹੋਇਆ ਸੀ। ਬੈਂਕਾਕ ਦੇ ਲਖਾਂ ਲੋਕੀ ਇਸ ਵਚਿਤਰ ਦ੍ਰਿਸ਼ ਨੂੰ ਸੜਕਾਂ ਦੇ ਦੋਹੀਂ ਪਾਸੀਂ ਖੜੋਤੇ ਦੇਖ ਰਹੇ ਸਨ। ਜਲੂਸ ਦੀ ਸਮਾਪਤੀ ਤੋਂ ਬਾਅਦ ਫਿਰ ਅਸੀਂ ਆਪਣੇ ਗੈਸੱਟ-ਹਾਊਸ ਪੁੱਜੇ। ਆਪਣੇ ਸਾਰੇ ਕਪੜਿਆਂ ਦੀ ਮੁੜ ਤਲਾਸ਼ੀ ਲਈ, ਪਰ ਉਡਣ-ਪੰਖੇਰੂ ਅਲੋਪ ਹੋ ਚੁਕਾ ਸੀ। ਮਨ ਬੜਾ ਉਦਾਸ ਸੀ। ਉਸ ਸਮੇਂ 500 ਅਮਰੀਕਨ ਡਾਲਰ ਲਗਭਗ ਸਾਢੇ ਛੇ ਹਜ਼ਾਰ ਭਾਰਤੀ ਰੁਪਏ ਬਣਦੇ ਸਨ, ਇਹ ਕਿਵੇ ਵਾਪਸ ਮੋੜੇ ਜਾਣਗੇ? ਅਖੀਰ ਆਪਣੇ ਆਪ ਨੂੰ ਧਰਵਾਸ ਦਿਤਾ ਕਿ ਜੋ ਹੋ ਗਿਆ ਸੋ ਹੋ ਗਿਆ। ਮੂਰਖਤਾ ਤਾਂ ਇਹ ਆਪਣੀ ਸੀ ਕਿ ਘਰੋਂ ਚਲਣ ਸਮੇਂ ਮੈਂ ਜੋ ਬਨੈਣ ਬਦਲੀ ਸੀ, ਉਸ ਦੀ ਜੇਬ ਹੀ ਨਹੀਂ ਸੀ।

ਸ਼ਾਮ ਨੂੰ ਉਸ ਸੱਜਣ ਨੂੰ ਮਿਲੇ, ਜਿਨ੍ਹਾਂ ਨੇ 500 ਡਾਲਰ ਦਿਤੇ ਸਨ। ਉਨ੍ਹਾਂ ਨੂੰ ਮੈਂ ਸਾਰੀ ਗੱਲ ਦਸੀ। ਉਹ ਵੀ ਹੈਰਾਨ ਹੋ ਗਏ। ਕੁਝ ਪਲਾਂ ਦੀ ਖਾਮੋਸ਼ੀ ਮਗਰੋਂ ਮੈਂ ਉਨ੍ਹਾਂ ਨੂੰ ਕਿਹਾ, ''ਮਿੱਤਰ ਜੀ! ਦੋ ਹਜ਼ਾਰ ਰੁਪਏ ਦੀ ਕਰੰਸੀ ਮੇਰੇ ਪਾਸ ਹੈ। ਉਹ ਤੁਸੀਂ ਕਬੂਲ ਕਰੋ। ਬਾਕੀ ਦੇ ਪੈਸੇ ਮੈਂ ਹੌਲੀ ਹੌਲੀ ਦੇਸ਼ ਪਹੁੰਚ ਕੇ ਮੋੜਦਾ ਰਹਾਂਗਾ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਅਸੀਂ ਹਫਤਾ ਭਰ ਬੈਂਕਾਕ ਰਹੇ। ਸਾਰੇ ਸਮਾਗਮਾਂ ਵਿੱਚ ਸ਼ਾਮਲ ਹੋਏ। ਪਿਆਰੇ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਤੇ ਭਾਸ਼ਨ ਵੀ ਦਿਤਾ। ਸਿੱਖ ਇਤਿਹਾਸ ਸਬੰਧੀ ਪੁਰਾਤਨ ਤਸਵੀਰਾਂ, ਜਨਮ ਸਾਖੀਆਂ, ਪਾਵਨ ਬੀੜਾਂ ਆਦਿ ਬਾਰੇ ਚਰਚਾ ਵੀ ਹੁੰਦੀ ਰਹੀ। ਨਮਾਇਸ਼ ਵੀ ਲੱਗੀ, ਪਰ ਮਨ ਅਸ਼ਾਂਤ ਹੀ ਰਿਹਾ।

ਇਕ ਹਫਤੇ ਦੀ ਬੈਂਕਾਕ ਫੇਰੀ ਮਗਰੋਂ ਮੈਂ ਵਾਪਸ ਦਿੱਲੀ ਆ ਗਿਆ। ਲਗਪਗ ਪੰਜਾਂ ਸਾਲਾਂ ਵਿੱਚ ਬਾਕੀ ਦੀ ਰਕਮ, ਉਸ ਸੱਜਣ ਨੂੰ ਵਾਪਸ ਮੋੜ ਸਕਿਆ, ਤਾਂ ਕਿਧਰੇ ਜਾ ਕੇ ਮੇਰੇ ਸਿਰੋਂ ਭਾਰ ਉਤਰਿਆ, ਤੇ ਮਨ ਸ਼ਾਂਤ ਹੋਇਆ।

## ਜਗਜੀਤ ਸਿੰਘ ਗੁਲ਼ਾਟੀ

ਸੰਨ 1950 ਵਿੱਚ ਅਸੀਂ ਆਪਣਾ ਪ੍ਰੈਸ ਚਾਂਦਨੀ ਚੌਕ ਦਿੱਲੀ ਵਿਖੇ ਅਰੰਭ ਕੀਤਾ। ਆਪਣੀਆਂ ਸਭ ਕਿਤਾਬਾਂ ਦੀਆਂ ਲਿਸਟਾਂ ਦੇਸ਼ ਵਿਦੇਸ਼ਾਂ ਵਿੱਚ ਭੇਜੀਆਂ। ਉਨ੍ਹੀਂ ਦਿਨੀਂ ਬੈਂਕਾਕ ਦੇ ਇਕ ਸੱਜਣ ਜਗਜੀਤ ਸਿੰਘ ਦੀ ਚਿੱਠੀ ਆਈ। ਉਸ ਨੇ ਪੰਜਾਬੀ ਦਾ ਕੁਝ ਟਾਈਪ ਡਾਕ ਰਾਹੀਂ ਮੰਗਾਇਆ। ਉਹ ਆਪਣੇ ਕਾਰੋਬਾਰ ਦੇ ਨਾਲ ਨਾਲ ਸਿੱਖਿਆ ਸੇਹਰੇ ਤੇ ਸ਼ਾਦੀ, ਗਮੀ ਦੇ ਕਾਰਡ ਛਾਪਣ ਦੀ ਸੇਵਾ ਕਰਦਾ ਸੀ। ਇਸ ਤਰ੍ਹਾਂ ਸਾਡਾ ਆਪੋ ਵਿੱਚ ਪਿਆਰ ਵਧਦਾ ਰਿਹਾ। ਚਿੱਠੀ ਪੱਤਰ ਚਾਲੂ ਹੋ ਗਿਆ। ਸੰਨ 1955 ਵਿੱਚ ਉਹ ਅਚਾਨਕ ਸਾਡੇ ਪ੍ਰੈਸ ਵਿੱਚ ਚਾਂਦਨੀ ਚੌਕ ਦਿੱਲੀ ਪਹੁੰਚ ਗਿਆ। ਉਸ ਨੇ ਆਪਣੀ ਜਾਣ-ਪਛਾਣ ਕਰਵਾਈ ਤੇ ਨਾਲ ਹੀ ਦਸਿਆ ਕਿ ਉਹ ਕੁਝ ਮਹੀਨੇ ਦਿੱਲੀ ਵਿੱਚ ਹੀ ਰਹੇਗਾ। ਉਸ ਪਾਸ ਤਨ ਦੇ ਕਪੜੇ, ਤੇ ਪਾਸਪੋਰਟ ਤੋਂ ਬਿਨਾਂ ਕੋਈ ਸਾਮਾਨ ਨਹੀਂ ਸੀ। ਉਸ ਦੀ ਇਹ ਹਾਲਤ ਵੇਖ ਮੈਂ ਬੜਾ ਹੈਰਾਨ ਹੋਇਆ। ਉਸ ਨੇ ਕਿਹਾ - ''ਦਾਤਾ ਜੀ! ਜਦੋਂ ਮੈਂ ਬੈਂਕਾਕ ਤੋਂ ਚਲਿਆ, ਉਸ ਸਮੇਂ ਘਰ ਵਿੱਚ ਕੋਈ ਵੀ ਨਹੀਂ ਸੀ। ਹਵਾਈ ਜਹਾਜ਼ ਦਾ ਟਿਕਟ ਮੈਂ ਪਹਿਲਾਂ ਹੀ ਮੰਗਾ ਰਖਿਆ ਸੀ। ਮੇਰਾ ਕਾਰੋਬਾਰ ਇਕ ਦਮ ਢਹਿੰਦੀਆਂ ਕਲਾਂ ਜਾ ਪੁਜਾ। ਲੋਕੀ ਮੈਥੋਂ ਕਰਜ਼ ਦਿਤੇ ਰੁਪਏ ਦੀ ਮੰਗ ਕਰਦੇ ਸਨ। ਇਸ ਲਈ ਮੈਂ ਅਚਾਨਕ ਭਾਰਤ ਨਠ ਆਇਆਂ।''

ਉਸ ਸਮੇਂ ਮੈਂ ਮਹਿਰੋਲੀ ਛਡ ਕੇ ਜਮਨਾ ਪਾਰ ਗਾਂਧੀ ਨਗਰ ਵਿੱਚ ਆ ਗਿਆ ਸੀ। ਸੋ ਸ਼ਾਮੀਂ ਮੈਂ ਉਸ ਨੂੰ ਆਪਣੇ ਘਰ ਲੈ ਗਿਆ ਉਸ ਦੀ ਰਿਹਾਇਸ਼ ਰੋਟੀ ਪਾਣੀ ਦਾ ਪ੍ਰਬੰਧ ਸਾਡੇ ਘਰ ਦੇ ਗੁਰੂ ਦੇ ਲੰਗਰ ਵਿੱਚੋਂ ਕਈ ਮਹੀਨੇ ਚਲਦਾ ਰਿਹਾ। ਉਹ ਰੋਜ਼ ਸਵੇਰੇ ਇਸ਼ਨਾਨ ਪਾਣੀ ਕਰ, ਨਾਸ਼ਤਾ ਮੇਰੇ ਨਾਲ ਹੀ ਕਰ ਕੇ ਚਾਂਦਨੀ ਚੌਕ ਆ ਜਾਂਦਾ। ਪ੍ਰੈਸ ਵਿੱਚ ਜੇ ਕੋਈ ਛੋਟਾ ਮੋਟਾ ਕੰਮ ਹੁੰਦਾ ਤਾਂ ਕਰਦਾ ਰਹਿੰਦਾ, ਜਾਂ ਕਿਤਾਬਾਂ ਪੜ੍ਹਦਾ ਰਹਿੰਦਾ।

ਮਹੀਨੇ ਕੁ ਮਗਰੋਂ ਸਾਡੇ ਮਿੱਤਰ ਸ੍ਰ: ਨਰਾਇਣ ਸਿੰਘ ਸ਼ਗੁਫਤਾ ਬੈਂਕਾਕ ਤੋਂ ਦਿੱਲੀ ਆਏ। ਸਾਨੂੰ ਮਿਲੇ ਤਾਂ ਸਾਹਮਣੇ ਬੈਠੇ ਹੋਏ ਜਗਜੀਤ ਨੂੰ ਵੇਖ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ। ਉਸ ਨੇ ਬੈਂਕਾਕ ਜਗਜੀਤ ਦੇ ਘਰ ਚਿੱਠੀ ਲਿਖੀ, ਕਿ ਇਨ੍ਹੀਂ ਦਿਨੀਂ ਜਗਜੀਤ ਉਰਫ ਖੁੱਦਾ, ਦਿੱਲੀ ਵਿੱਚ ਪਿਆਰਾ ਸਿੰਘ 'ਦਾਤਾ' ਦੇ ਪਾਸ ਰਹਿ ਰਿਹਾ ਹੈ। ਹਫਤੇ ਕੁ ਮਗਰੋਂ ਜਗਜੀਤ ਦੇ ਘਰੋਂ ਉਸ ਦੀ ਵਡੀ ਬੇਟੀ ਕੰਵਲਜੀਤ ਦੀ ਚਿੱਠੀ ਆਈ। ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿੱਚ ਉਸ ਨੇ ਘਰ ਦੀ ਖਸਤਾ ਹਾਲਤ ਤੇ ਲੈਣ ਦੇਣ ਬਾਰੇ ਕਾਫੀ ਜਾਣਕਾਰੀ ਘੱਲੀ ਸੀ। ਨਾਲ ਹੀ ਉਸ ਨੇ ਲਿਖਿਆ ਸੀ, "ਇਸ ਭਰੀ ਦੁਨੀਆਂ ਵਿੱਚ ਕੌਣ ਅਜਿਹਾ ਬੰਦਾ ਹੋ ਸਕਦਾ ਹੈ, ਜਿਸ ਪਾਸ ਤੁਸੀਂ ਘਰ ਵਾਂਗਣ ਰਹਿ ਰਹੇ ਹੋ। ਪੱਲੇ ਪੈਸਾ ਨਹੀਂ। ਕਪੜਾ ਲੱਤਾ ਨਹੀਂ। ਇਹ ਵੇਖ ਮੈਨੂੰ ਹੈਰਾਨੀ ਵੀ ਹੋਈ ਤੇ ਖੁਸ਼ੀ ਵੀ। ਉਨ੍ਹਾਂ ਅੰਕਲ ਜੀ ਨੂੰ ਮੇਰਾ ਪ੍ਰਨਾਮ ਦੇਣਾ।"

ਜਗਜੀਤ ਸਿੰਘ ਨੇ ਥਾਈ ਵਿੱਚ ਲਿਖੀ ਚਿੱਠੀ ਦਾ ਅਨੁਵਾਦ ਕਰ ਕੇ ਮੈਨੂੰ ਸੁਣਾਇਆ। ਸੁਣਾਣ ਸਮੇਂ ਉਸ ਦੀਆਂ ਅਖਾਂ ਸਜਲ ਸਨ। ਉਹ ਇਕ ਦਮ ਭਾਵਕ ਹੋ ਗਿਆ। ਉਸ ਦਾ ਆਪਣੀ ਬੇਟੀ ਨਾਲ ਅਥਾਹ ਪਿਆਰ ਸੀ। ਵੈਸੇ ਉਸ ਦੀ ਬੇਪਰਵਾਹੀ ਦੀ ਫਿਤਰਤ ਸੀ। ਉਸ ਨੂੰ ਘਰ ਘਾਟ ਦੀ ਕੋਈ ਚਿੰਤਾ ਨਹੀਂ ਸੀ। ਇਸ ਤਰ੍ਹਾਂ ਹੀ ਦਿਨ ਤੇ ਮਹੀਨੇ ਲੰਘਦੇ ਜਾ ਰਹੇ ਸਨ।

ਛੇ ਮਹੀਨੇ ਮਗਰੋਂ ਜਗਜੀਤ ਨੇ ਇਕ ਦਮ ਵਾਪਸ ਜਾਣ ਦੀ ਤਿਆਰੀ ਕਰ ਲਈ। ਵਾਪਸੀ ਟਿਕਟ ਤੇ ਪਾਸਪੋਰਟ ਉਸ ਪਾਸ ਸੀ। ਜਾਣ ਵੇਲੇ ਉਸ ਦਸਿਆ "ਦਾਤਾ ਜੀ! ਮੇਰੇ ਸਿਰ ਕਈ ਲੱਖ ਕਰਜ਼ਾ ਸੀ। ਲਹਿਣੇਦਾਰ ਤੰਗ ਕਰਦੇ ਸਨ। ਬੈਂਕਾਕ ਦੇ ਕਾਨੂੰਨ ਮੁਤਾਬਿਕ ਕਰਜ਼ਾ ਵਾਪਸ ਨਾ ਕਰਨ ਵਾਲੇ ਨੂੰ ਫੌਰੀ ਤੌਰ ਤੇ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿਤਾ ਜਾਂਦਾ ਹੈ। ਕਰਜ਼ਾ ਲੈਣ ਵਾਲਾ ਜੇ ਦੇਸ਼ ਵਿੱਚੋਂ ਘਟੋ ਘਟ ਛੇ ਮਹੀਨੇ ਲਈ ਰੂਪੋਸ਼ ਹੋ ਜਾਵੇ, ਤਾਂ ਇਸ ਮਗਰੋਂ ਉਸ ਨੂੰ ਕਰਜ਼ਾ ਵਾਪਸ ਕਰਨ ਦੀ ਲੋੜ ਨਹੀਂ ਰਹਿੰਦੀ। ਇਸੇ ਕਰ ਕੇ ਹੀ ਮੈਂ 6 ਮਹੀਨੇ ਪੂਰੇ ਕਰ ਕੇ ਸੁਖੀ ਸਾਂਦੀ ਆਪਣੇ ਘਰ ਜਾ ਰਿਹਾ ਹਾਂ। ਨਵਾਂ ਕਾਰੋਬਾਰ ਸ਼ੁਰੂ ਕਰਾਂਗਾ। ਉਸ ਕਾਰੋਬਾਰ ਲਈ ਕਰਜ਼ਾ ਵੀ ਮਿਲ ਜਾਂਦਾ ਹੈ।"

ਜਗਜੀਤ ਸਿੰਘ ਬੈਂਕਾਕ ਵਾਪਸ ਪਹੁੰਚ ਗਿਆ। ਚਿੱਠੀ ਪੱਤਰ ਚਲਦਾ ਰਿਹਾ, ਪਰ ਛੇ ਕੁ ਮਹੀਨੇ ਮਗਰੋਂ ਚਿੱਠੀ ਪਤਰ ਬੰਦ ਹੋ ਗਿਆ। ਮੈਂ ਕਈ ਚਿੱਠੀਆਂ ਲਿਖੀਆਂ, ਪਰ ਕੋਈ ਜੁਆਬ ਨਹੀਂ। ਮੈਂ ਸਮਝ ਗਿਆ ਕਿ ਕਾਰੋਬਾਰ ਵਿੱਚ ਫਿਰ ਕੋਈ ਔਕੜ ਆ ਬਣੀ ਹੋਵੇਗੀ। ਇਸ ਕਾਰਣ ਉਹ ਕਿਸੇ ਹੋਰ ਦੇਸ਼ ਮਫਰੂਰ ਹੋ ਗਿਆ ਹੋਵੇਗਾ।

31 ਦਸੰਬਰ ਸੰਨ 1973 ਨੂੰ ਥਾਈਲੈਂਡ, ਮਲੇਸ਼ੀਆ ਅਤੇ ਸਿੰਘਾਪੁਰ ਜਾਣ ਦਾ ਮੇਰਾ ਅਚਾਨਕ ਪ੍ਰੋਗਰਾਮ ਬਣ ਗਿਆ। ਮੈਨੂੰ ਉਸ ਜਹਾਜ਼ ਦੇ 24 ਘੰਟੇ ਲਈ ਬੈਂਕਾਕ ਰੁਕਣ ਤੇ ਦੂਜੇ ਦਿਨ ਇਕ ਹੋਰ ਜਹਾਜ਼ ਰਾਹੀਂ ਕੁਆਲਾਲੰਪੁਰ ਜਾਣ ਦੀ ਟਿਕਟ ਮਿਲ ਗਈ। ਆਪਣੇ ਆਣ ਦੀ ਖਬਰ ਆਪਣੇ ਇਕ ਮਿੱਤਰ ਨੂੰ ਮੈਂ ਬੈਂਕਾਕ ਭੇਜ ਦਿਤੀ। ਉਹ ਮੈਨੂੰ ਹੋਟਲ ਵਿੱਚ ਮਿਲਣ ਆਇਆ। ਇਸ ਮਗਰੋਂ ਉਹ ਮੈਨੂੰ ਆਪਣੇ ਘਰ ਲੈ ਗਿਆ। ਰੋਟੀ ਪਾਣੀ ਖਾਣ ਮਗਰੋਂ ਮੈਂ ਉਸ ਤੋਂ ਆਪਣੇ ਮਿੱਤਰ ਜਗਜੀਤ ਬਾਰੇ ਪੁਛਿਆ। ਪਰ ਉਸ ਨੂੰ ਜਗਜੀਤ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਹ ਮੈਨੂੰ ਉਸ ਦੇ ਪੁਰਾਣੇ ਪਤੇ ਤੇ ਲੈ ਗਿਆ। ਉਥੋਂ ਪਤਾ ਲਗਾ ਕਿ ਉਸ ਦੇ ਪਿਤਾ ਜੀ ਨੇੜੇ ਹੀ ਰਹਿੰਦੇ ਹਨ। ਉਨ੍ਹਾਂ ਨਾਲ ਪਹਿਲਾਂ ਤੋਂ ਹੀ ਮੇਰੀ ਜਾਣ-ਪਛਾਣ ਸੀ। ਉਹਨਾਂ ਜਗਜੀਤ ਦਾ ਫੋਨ ਮਿਲਾਇਆ। ਮੇਰੀ ਬੈਂਕਾਕ ਵਿੱਚ ਆਮਦ ਸੁਣ ਕੇ ਉਸ ਨੂੰ ਚਾਅ ਚੜ੍ਹ ਗਿਆ। ਉਸ ਦੇ ਮੂੰਹੋਂ ਕੋਈ ਸ਼ਬਦ ਨਾ ਨਿਕਲੇ। ਥੋੜੀ ਦੂਰ ਹੀ ਉਸ ਦਾ ਘਰ ਸੀ। ਅਸੀਂ ਪੈਦਲ ਹੀ ਉਥੇ ਪਹੁੰਚ ਗਏ। ਸੱਜਲ ਅੱਖਾਂ ਨਾਲ ਜਗਜੀਤ ਤੇ ਉਸ ਦਾ ਪਰਿਵਾਰ ਮੈਨੂੰ ਮਿਲਿਆ। ਦੁਖ ਸੁਖ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਗੱਲਾਂ ਹੋਈਆਂ, ਪਰ ਉਸ ਦੇ ਬੱਚਿਆਂ ਵਿੱਚੋਂ ਉਹ ਕੁੜੀ ਮੈਨੂੰ ਨਜ਼ਰ ਨਾ ਆਈ, ਜਿਸ ਨੇ ਮੇਰੇ ਬਾਰੇ ਜਗਜੀਤ ਨੂੰ ਚਿੱਠੀ ਲਿਖੀ ਸੀ।

ਮੈਂ ਜਗਜੀਤ ਨੂੰ ਪੁਛਿਆ, "ਸਾਡੀ ਉਹ ਬੇਟੀ ਕਿਥੇ ਹੈ, ਜਿਸ ਨੇ ਤੁਹਾਨੂੰ ਦਿੱਲੀ ਚਿੱਠੀ ਲਿਖੀ ਸੀ। ਇਨ੍ਹਾਂ ਬਚਿਆਂ ਵਿੱਚ ਤਾਂ ਉਹ ਹੈ ਨਹੀਂ।" ਮੇਰੀ ਗੱਲ ਸੁਣ ਸਾਰਾ ਪਰਿਵਾਰ ਬੜਾ ਹੈਰਾਨ ਹੋਇਆ। ਏਨੇ ਨੂੰ ਬੇਟੀ ਕੰਵਲਜੀਤ ਉਪਰ ਵਾਲੇ ਕਮਰੇ ਤੋਂ ਹੇਠਾਂ ਦੌੜਦੀ ਆਈ ਤੇ ਮੈਨੂੰ ਜਫੀ ਪਾ ਲਈ। ਪਰਿਵਾਰ ਨੂੰ ਮਿਲ ਮੈਨੂੰ ਤੇ ਪਰਿਵਾਰ ਨੂੰ ਅੱਤ ਦੀ ਖੁਸ਼ੀ ਹੋਈ। ਮੈਂ ਜਗਜੀਤ ਨੂੰ ਦਸਿਆ ਕਿ ਤੁਹਾਨੂੰ ਮਿਲਣ ਮਗਰੋਂ ਮੈਂ ਆਪਣੇ ਹੋਟਲ ਜਾਣਾ ਹੈ। ਉਸ ਨੇ ਬੜੇ ਜਜ਼ਬਾਤੀ ਲਹਿਜੇ ਵਿੱਚ ਕਿਹਾ, "ਦਾਤਾ ਜੀ! ਅਜ ਦੀ ਰਾਤ ਤੁਸੀਂ ਸਾਡੇ ਘਰ ਰਹਿ ਜਾਉ। ਦੁਖ ਸੁਖ ਦੀਆਂ ਗੱਲਾਂ ਕਰਾਂਗੇ। ਮੈਂ ਕਲ੍ਹ ਤੁਹਾਨੂੰ ਹੋਟਲ ਪਹੁੰਚਾ ਦਿਆਂਗਾ। ਉਥੋਂ ਵਕਤ ਸਿਰ ਤੁਸੀਂ ਹਵਾਈ ਅੱਡੇ ਤੇ ਪਹੁੰਚ ਜਾਣਾ।"

ਉਸ ਦੀ ਗੱਲ ਸੁਣ ਮੈਂ ਰਾਤ ਭਰ ਲਈ ਉਥੇ ਹੀ ਟਿਕ ਗਿਆ। ਰਾਤੀਂ ਜਗਜੀਤ ਨੇ ਦਸਿਆ, "ਅੱਜ ਤੋਂ ਪੰਦਰਾਂ ਦਿਨ ਬਾਅਦ ਤੁਹਾਡੀ ਬੇਟੀ ਕੰਵਲਜੀਤ ਦੀ ਸ਼ਾਦੀ ਹੈ। ਜਿਸ ਨੇ ਤੁਹਾਡੇ ਬਾਰੇ ਮੈਨੂੰ ਦਿੱਲੀ ਵਿੱਚ ਚਿੱਠੀ ਲਿਖੀ ਸੀ। ਉਸ ਦੀ ਸ਼ਾਦੀ ਤੇ ਆਪ ਨੇ ਆਣਾ ਹੋਵੇਗਾ।"

ਗੱਲਾਂ ਗੱਲਾਂ ਵਿੱਚ ਉਸ ਨੇ ਦਸਿਆ, "ਪਿਛਲੇ ਕਈ ਸਾਲਾਂ ਤੋਂ ਮੁੜ ਮੇਰੀ ਆਰਥਕ ਹਾਲਤ ਪਹਿਲਾਂ ਵਾਂਗ ਡਾਵਾਂਡੋਲ ਹੋ ਗਈ ਸੀ। ਕੰਮ ਕਾਜ ਛੁਟ ਗਿਆ। ਆਪਣੇ ਘਰ ਤੋਂ ਬੜੇ ਦੂਰ ਕਿਸੇ ਥਾਈ ਮਹੱਲੇ ਵਿੱਚ ਮੈਂ ਰੇਹੜੀ ਲਾਣੀ ਸ਼ੁਰੂ ਕਰ ਦਿਤੀ। ਮੈਂ ਚਾਕੂ ਛੁਰੀਆਂ, ਪੈਨਸਲਾਂ, ਪੈਨ ਆਦਿ ਵੇਚਣ ਦਾ ਕੰਮ ਕਰਦਾ ਰਹਿੰਦਾ ਸਾਂ। ਇਸ ਤਰ੍ਹਾਂ ਮੈਂ ਆਪਣੇ ਔਖੇ ਦਿਨ ਟਪਾ ਲਏ ਸਨ, ਪਰ ਹੁਣ ਗੁਰੂ ਦੀ ਕਿਰਪਾ ਹੈ, ਤੇ ਕੰਮ ਠੀਕ ਚਲ ਰਿਹਾ ਹੈ।" ਬੇਟੀ ਦੀ ਸ਼ਾਦੀ ਬਾਰੇ ਉਸ ਦਸਿਆ ਕਿ ਕੁਝ ਰੁਪਿਆ ਮੈਂ ਜਮ੍ਹਾਂ ਕੀਤਾ ਹੈ। ਬਾਕੀ ਇਸ ਦੇ ਮਾਮਾ ਜੀ ਨੇ ਆਪਣੇ ਜ਼ਿਮੇਂ ਲਿਆ ਹੈ। ਇਸ ਤਰ੍ਹਾਂ ਇਹ ਕਾਰਜ ਸਿਰੇ ਚੜ੍ਹ ਜਾਣਾ ਹੈ।

ਦੂਜੇ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਵਸ ਸੀ। ਮੈਨੂੰ ਜਗਜੀਤ ਸਿੰਘ ਦੇ ਪਿਤਾ ਜੀ, ਸਿੰਘ ਸਭਾ ਗੁਰਦਵਾਰੇ ਲੈ ਗਏ। ਪ੍ਰਧਾਨ ਤੇ ਸੰਗਤਾਂ ਨਾਲ ਮੇਰੀ ਵਾਕਫੀ ਕਰਾਈ। ਮੇਰਾ ਨਾਂ ਸੁਣ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸੰਗਤਾਂ ਨੇ ਮੈਨੂੰ ਸਰੋਪਾ ਬਖਸ਼ਿਆ। ਗੁਰਦਵਾਰੇ ਤੋਂ ਵਿਦਾ ਹੋ ਮੈਂ ਜਹਾਜ਼ ਰਾਹੀਂ ਕੁਆਲਾਲੰਪੁਰ ਜਾ ਪੁਜਾ। ਪੰਦਰਾਂ ਦਿਨ ਮਗਰੋਂ ਕੰਵਲਜੀਤ ਦੀ ਸ਼ਾਦੀ ਲਈ ਪੀਨਾਂਗ ਤੋਂ ਗੱਡੀ ਰਾਹੀਂ ਮੁੜ ਬੈਂਕਾਕ ਆ ਗਿਆ।

ਸ਼ਾਦੀ ਤੋਂ ਕੁਝ ਦਿਨ ਪਹਿਲਾਂ ਕੰਵਲਜੀਤ ਤੇ ਉਸ ਦੀਆਂ ਭੈਣਾਂ ਮੈਨੂੰ ਅਪਣੇ ਘਰ ਤੋਂ ਬਹੁਤ ਦੂਰ ਜਗਜੀਤ ਦੇ ਦਫਤਰ ਵਿੱਚ ਕਾਰ ਤੇ ਲੈ ਗਈਆਂ। ਉਹ, ਸਾਨੂੰ ਵੇਖ ਕੇ ਬੜਾ ਹੈਰਾਨ ਹੋਇਆ, ਤੇ ਉਸੇ ਘੜੀ ਕਾਰ ਤੇ ਹੀ ਸਾਨੂੰ ਸਾਰਿਆਂ ਨੂੰ ਵਾਪਸ ਭੇਜ ਦਿਤਾ। ਜਾਪਦਾ ਸੀ ਕਿ ਉਹ ਆਪਣੇ ਕਿਸੇ ਜਾਣ-ਪਛਾਣ ਵਾਲੇ ਬੰਦੇ ਨੂੰ ਆਪਣਾ ਕਾਰ-ਵਿਹਾਰ ਤੇ ਥਾਂ ਟਿਕਾਣਾ ਨਹੀਂ ਸੀ ਦਸਣਾ ਚਾਹੁੰਦਾ।

ਕੁਝ ਦਿਨ ਬੈਂਕਾਕ ਰਹਿ ਕੇ ਮੈਂ ਬੇਟੀ ਕੰਵਲਜੀਤ ਦੀ ਸ਼ਾਦੀ ਮਗਰੋਂ ਕੁਆਲਾਲੰਪੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤੇ ਸਿੰਘਾਪੁਰ ਦੀ ਦੋ ਮਹੀਨੇ ਦੀ ਯਾਤਰਾ ਮਗਰੋਂ ਸਮੁੰਦਰੀ ਜਹਾਜ਼ ਰਾਹੀਂ ਮਦਰਾਸ ਤੋਂ ਹੋ ਕੇ ਦਿੱਲੀ ਪਹੁੰਚ ਗਿਆ।

ਕੁਝ ਮਹੀਨੇ ਸਾਡਾ ਚਿੱਠੀ ਪੱਤਰ ਚਲਦਾ ਰਿਹਾ। ਛੇ ਮਹੀਨੇ ਮਗਰੋਂ ਉਸ ਦੀ ਚਿੱਠੀ ਆਈ, "ਦਾਤਾ ਜੀ! ਮੈਂ ਆਪਣੀਆਂ ਦੋ ਬੇਟੀਆਂ ਨੂੰ ਨਾਲ ਲੈ ਕੇ ਦਿੱਲੀ ਆ ਰਿਹਾ ਹਾਂ। ਬੇਟੀਆਂ ਨੂੰ ਮਸੂਰੀ ਸਕੂਲ ਵਿੱਚ ਦਾਖਲ ਕਰਵਾਣਾ ਹੈ। ਕੁਝ ਦਿਨ ਮੈਂ ਆਪ ਪਾਸ ਰਹਿ ਕੇ ਵਾਪਸ ਮੁੜਨਾ ਹੈ। ਇਨ੍ਹੀਂ ਦਿਨੀਂ ਮੇਰੇ ਹਾਲਾਤ ਬਹੁਤ ਅੱਛੇ ਹਨ। ਕੋਈ ਚੀਜ਼ ਮੰਗਾਣੀ ਹੋਵੇ ਤਾਂ ਲਿਖੋ।"

ਮੈਂ ਉਸ ਨੂੰ ਚਿੱਠੀ ਲਿਖੀ, ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ, ਹਾਂ, ਜੇ ਆਪਣੇ ਨਾਲ ਅੰਗ੍ਰੇਜ਼ੀ ਦਾ ਸੈਕੰਡਹੈਂਡ, ਜਾਂ ਨਵਾਂ ਟਾਈਪਰਾਈਟਰ ਲਿਆ ਸਕੇ, ਜੋ ਬਹੁਤ ਕੀਮਤੀ ਨਾ ਹੋਵੇ। ਤੁਹਾਡੇ ਪਾਸ ਤਿੰਨ ਟਿਕਟਾਂ ਹੋਣਗੀਆਂ। ਟਾਈਪਰਾਈਟਰ ਤੇ ਕਸਟਮ ਫਰੀ ਹੋ ਜਾਵੇਗੀ। ਜਾਂ ਥੋੜੀ ਬਹੁਤ ਲਗੇਗੀ। ਟਾਈਪਰਾਈਟਰ ਦੇ ਪੈਸੇ ਮੈਂ ਇਥੇ ਆਉਣ ਤੇ ਦੇ ਦਿਆਂਗਾ।

ਜੁਆਬ ਵਿੱਚ ਉਸ ਦੀ ਚਿੱਠੀ ਆਈ, ਕਿ ਤੁਹਾਡੇ ਲਈ ਟਾਈਪਰਾਈਟਰ ਖ੍ਰੀਦ ਲਿਆ ਹੈ। ਅਸੀਂ ਫਲਾਣੀ ਤ੍ਰੀਕ ਨੂੰ ਦਿੱਲੀ ਪੁਜ ਰਹੇ ਹਾਂ। ਤੁਸੀਂ ਹਵਾਈ ਅੱਡੇ ਤੇ ਪਹੁੰਚ ਜਾਣਾ।

ਮੈਂ ਹਵਾਈ ਅੱਡੇ ਤੇ ਪਹੁੰਚ ਗਿਆ। ਜਗਜੀਤ ਤੇ ਉਸਦੀਆਂ ਬਚੀਆਂ ਨੂੰ ਮਿਲਿਆ। ਮੈਨੂੰ ਘੁਟ ਕੇ ਜਫੀ ਪਾ ਉਸ ਨੇ ਦੋਵੇਂ ਖਾਲੀ ਹਥ ਮਲਦਿਆਂ ਬੜੀ ਸ਼ਾਨ ਨਾਲ ਮੈਨੂੰ ਦੱਸਿਆ, "ਦਾਤਾ ਜੀ! ਮੈਂ ਕੋਈ ਚੀਜ਼ ਨਹੀਂ ਲਿਆਇਆ। ਖਾਲੀ ਹੱਥ ਆ ਗਿਆ ਹਾਂ। ਇਸ ਵਾਰ ਮੈਂ ਇਕ ਖਾਸ ਮਿਸ਼ਨ ਤੇ ਦਿੱਲੀ ਆਇਆ ਹਾਂ। ਕੁਝ ਦਿਨ ਮੈਂ ਤੁਹਾਡੇ ਪਾਸ ਰਹਿ ਕੇ ਵਾਪਸ ਚਲੇ ਜਾਣਾ ਹੈ।" ਮੈਂ ਹੈਰਾਨ ਹੋਇਆ, ਕਿ ਮੇਰੇ ਟਾਈਪਰਾਈਟਰ ਦਾ ਕੀ ਬਣਿਆ? ਉਸ ਬਾਰੇ ਕੁਝ ਪੁਛਣਾ ਜਾਂ ਗੱਲ ਨੂੰ ਕੁਰੇਦਣਾ ਮੈਂ ਠੀਕ ਨਾ ਸਮਝਿਆ।

ਤਿੰਨ ਚਾਰ ਦਿਨਾਂ ਨੂੰ ਉਹ ਆਪਣੀਆਂ ਬੇਟੀਆਂ ਨੂੰ ਮਸੂਰੀ ਗੁਰੂ ਨਾਨਕ ਪੰਜਵੀਂ ਸ਼ਤਾਬਦੀ ਸਕੂਲ ਵਿੱਚ ਦਾਖਲ ਕਰਾ ਆਇਆ। ਲੋੜ ਪੈਣ ਤੇ ਉਨ੍ਹਾਂ ਨੂੰ ਮਸੂਰੀ ਜਾ ਕੇ ਮਿਲਣ ਤੇ ਪੈਸੇ ਘਲਣ ਦੀ ਮੇਰੀ ਡਿਊਟੀ ਲਾ ਦਿਤੀ।

ਕੁਝ ਦਿਨਾਂ ਮਗਰੋਂ ਉਸ ਨੇ ਦਸਿਆ, "ਦਾਤਾ ਜੀ! ਮੈਨੂੰ ਸਰਕਾਰੀ ਤੌਰ ਤੇ ਬਾਦਸ਼ਾਹ ਸਲਾਮਤ ਨੇ ਭਾਰਤ ਭੇਜਿਆ ਹੈ। ਬੁਧ ਮੱਤ ਦੀਆਂ ਬਹੁਤ ਸਾਰੀਆ ਕਿਤਾਬਾਂ ਇੱਕਠੀਆਂ ਕਰ ਕੇ ਮੈਂ ਆਪਣੇ ਨਾਲ ਲਿਜਾਣੀਆਂ ਹਨ। ਗਯਾ ਤੇ ਹੋਰ ਇਤਿਹਾਸਕ ਬੋਧੀ ਸਥਾਨਾਂ ਦੀ ਯਾਤਰਾ ਕਰਨੀ ਹੈ। ਜਿਸ ਥਾਂ ਮਹਾਤਮਾ ਬੁਧ ਨੇ ਤਪਸਿਆ ਕੀਤੀ ਸੀ, ਉਨ੍ਹਾਂ ਬ੍ਰਿਛਾਂ ਦੇ ਪਿਪਲ ਦੇ ਪਤਿਆਂ ਨੂੰ ਇਕੱਠਾ ਕਰਨਾ ਹੈ। ਉਨ੍ਹਾਂ ਪਵਿੱਤਰ ਅਸਥਾਨਾਂ ਦੀ ਪਵਿੱਤਰ ਮਿੱਟੀ ਨਾਲ ਲੈ ਕੇ ਜਾਣੀ ਹੈ।"

ਇਸੇ ਮਹਾਨ ਕਾਰਜ ਲਈ ਉਹ ਪੂਰਾ ਮਹੀਨਾ ਰੁਝਿਆ ਰਿਹਾ। ਮਹਾਤਮਾ ਬੁਧ ਨਾਲ ਸਬੰਧਿਤ ਸਾਰੇ ਅਸਥਾਨਾਂ ਦੀ ਯਾਤਰਾ ਕਰ ਕੇ ਪੁਸਤਕਾਂ ਇਕੱਠੀਆਂ ਕਰ ਪਿਪਲ ਦੇ ਪਤੇ ਤੇ ਮਿੱਟੀ ਲੈ ਕੇ ਉਹ ਦਿੱਲੀ ਆ ਪੁੱਜਾ। ਕੁਝ ਦਿਨਾਂ ਬਾਅਦ ਉਸ ਨੇ ਵਾਪਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਬੈਂਕਾਕ ਜਾਣਾ ਸੀ।

ਉਹ ਮੇਰੇ ਬੇਟੇ ਰਾਜਿੰਦਰ ਸਿੰਘ ਨੂੰ ਆਪਣੇ ਨਾਲ ਲੈ ਹਵਾਈ ਅੱਡੇ ਤੇ ਜਾ ਪੁਜਾ। ਉਸ ਪਾਸ ਸਾਮਾਨ ਜ਼ਿਆਦਾ ਸੀ। ਇਸ ਲਈ ਉਸ ਨੂੰ ਕੁਝ ਸਾਮਾਨ ਛਡ ਜਾਣ ਜਾਂ ਕਿਰਾਇਆ ਦੇਣ ਲਈ ਕਿਹਾ ਗਿਆ। ਸੋ ਉਸ ਨੇ ਆਪਣਾ ਫਾਲਤੂ ਸਾਮਾਨ ਰਾਜਿੰਦਰ ਸਿੰਘ ਦੇ ਹਵਾਲੇ ਕੀਤਾ, ਤੇ ਆਪ ਬੈਂਕਾਕ ਉਡਾਰੀ ਮਾਰ ਗਿਆ।

ਇਹ ਸਾਮਾਨ ਉਹੀ ਸੀ, ਜਿਹੜਾ ਉਸ ਦੇ ਕਹਿਣ ਦੇ ਮੁਤਾਬਕ ਬਾਦਸ਼ਾਹ ਸਲਾਮਤ ਲਈ ਉਸ ਨੇ ਮਹਾਤਮਾ ਬੁਧ ਨਾਲ ਸਬੰਧਤ ਪੁਸਤਕਾਂ, ਪਿਪਲ ਦੇ ਪਤੇ ਤੇ ਹੋਰ ਵਸਤੂਆਂ ਇਕੱਤਰ ਕੀਤੀਆਂ ਸਨ।

ਕੁਝ ਦਿਨਾਂ ਮਗਰੋਂ ਉਸ ਦੀ ਚਿੱਠੀ ਆਈ ਕਿ ਜਦੋਂ ਮੈਂ ਮੁੜ ਦਿੱਲੀ ਆਵਾਂਗਾ ਤਾਂ ਉਹ ਚੀਜ਼ਾਂ ਲੈ ਜਾਵਾਂਗਾ। ਇਸ ਮਗਰੋਂ ਕਈ ਸਾਲ ਨਾ ਉਹ ਆਇਆ ਨਾ ਚਿੱਠੀ ਆਈ। ਉਹ ਸਾਰਾ ਸਾਮਾਨ ਕਈ ਸਾਲ, ਸਾਡੇ ਘਰ ਦੀ ਮਿਆਨੀ ਤੇ ਹੀ ਪਿਆ ਆਪਣੇ ਮਾਲਕ ਦੀ ਜਾਨ ਨੂੰ ਰੋਂਦਾ ਰਿਹਾ।

ਮੈਂ, 1983 ਵਿੱਚ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਮਾਗਮ ਤੇ ਬੈਂਕਾਕ ਪੁਜਾ। ਬਹੁਤ ਸਾਰੇ ਬੈਂਕਾਕ ਨਿਵਾਸੀ ਪੰਜਾਬੀ ਸੱਜਣ ਵੀ ਉਸ ਕਾਨਫਰੰਸ ਵਿੱਚ ਸ਼ਾਮਲ ਹੋਏ। ਉਨ੍ਹਾਂ ਵਿੱਚ ਮੇਰੇ ਮਿੱਤਰ ਸ੍ਰ: ਕੁਲਦੀਪ ਸਿੰਘ ਚਾਈਡੀ ਵੀ ਸਨ। ਉਹ ਮੈਨੂੰ ਬੈਂਕਾਕ ਦੇ ਇਤਿਹਾਸਕ ਅਸਥਾਨਾਂ ਨੂੰ ਵਿਖਾਣ ਲਈ ਲੈ ਗਏ। ਰਾਹ ਵਿੱਚ ਮੈਂ ਆਪਣੇ ਮਿੱਤਰ ਜਗਜੀਤ ਬਾਰੇ ਗੱਲ ਕੀਤੀ, ਤਾਂ ਉਨ੍ਹਾਂ ਕਿਹਾ, ''ਹੱਛਾ ਦਾਤਾ ਜੀ! ਤੁਸੀਂ ਜਗਜੀਤ ਸਿੰਘ ਯਾਨੀ ਕਿ 'ਖੱਦਾ' ਨੂੰ ਮਿਲਣਾ ਚਾਹੁੰਦੇ ਹੋ? ਮੈਂ ਉਸ ਨੂੰ ਢੂੰਡਣ ਦੀ ਕੋਸ਼ਿਸ਼ ਕਰਾਂਗਾ। ਅੱਜ ਸ਼ਾਮ ਨੂੰ ਇਕ ਪਾਰਟੀ ਹੈ, ਸ਼ਾਇਦ ਉਥੇ ਹੀ ਉਹ ਮਿਲ ਜਾਵੇ।''

ਰਾਤ ਦੇ ਖਾਣੇ ਸਮੇਂ ਇਕ ਸੱਜਣ ਨੇ ਪਿਛੋਂ ਦੀ ਆ ਕੇ ਮੈਨੂੰ ਘੁਟ ਕੇ ਜਫੀ ਪਾ ਲਈ। ਇਹ ਭਦਰ ਪੁਰਸ਼ ਜਗਜੀਤ ਸਿੰਘ ਹੀ ਤਾਂ ਸੀ। ਦੁਖ ਸੁਖ ਦੀਆਂ ਗੱਲਾਂ ਹੋਈਆਂ। ਦੂਜੇ ਦਿਨ ਉਸ ਨੇ ਘਰ ਆਣ ਲਈ ਕਿਹਾ, ਤੇ ਆਪਣੇ ਘਰ ਦੇ ਪਤੇ ਦਾ ਕਾਰਡ ਮੈਨੂੰ ਦੇ ਦਿਤਾ।

ਦੂਜੇ ਦਿਨ ਆਪਣੇ ਸਾਥੀ ਡਾ: ਮਨਜੀਤ ਸਿੰਘ ਨੂੰ ਨਾਲ ਲੈ ਕੇ ਮੈਂ ਉਸ ਦੇ ਘਰ ਪੁੱਜਾ। ਚਾਰ ਮੰਜਲਾ ਫਲੈਟ ਵੇਖ ਕੇ ਮੈਂ ਦੰਗ ਰਹਿ ਗਿਆ। ਡਰਾਇੰਗ ਰੂਮ ਦਾ ਕੀਮਤੀ ਫਰਨੀਚਰ ਤੇ ਹੋਰ ਕਮਰਿਆਂ ਵਿੱਚ ਨਵੀਨ ਕਿਸਮ ਗ਼ਲੀਚੇ ਆਦਿ ਸਾਮਾਨ ਵੇਖ ਕੇ ਮੈਨੂੰ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ ਹੋਈ।

ਬੈਂਕਾਕ ਕਾਨਫਰੰਸ ਮਗਰੋਂ ਮੈਂ ਡਾ: ਮਨਜੀਤ ਨਾਲ ਸਿੰਘਾਪੁਰ ਤੇ ਮਲੇਸ਼ੀਆ ਕੁਝ ਦਿਨ ਗੁਜ਼ਾਰ ਕੇ ਵਾਪਸ ਬੈਂਕਾਕ ਪਰਤਿਆ, ਤਾਂ ਅਸੀਂ ਜਗਜੀਤ ਦੇ ਘਰ ਹੀ ਠਹਿਰੇ। ਹੁਣ ਉਹ ਆਪਣੇ ਘਰ ਦੇ ਆਫਿਸ ਵਿੱਚ ਹੀ ਕੋਈ ਕਾਰੋਬਾਰ ਕਰਦਾ ਸੀ। ਉਸ ਦੇ ਕਾਰੋਬਾਰ ਦੀ ਘਰ ਵਾਲਿਆਂ ਨੂੰ ਵੀ ਕੋਈ ਸਮਝ ਨਹੀਂ ਸੀ। ਮੈਨੂੰ ਉਸ ਦਸਿਆ, ''ਇਸ ਫਲੈਟ ਦਾ ਸਾਰਾ ਸਾਮਾਨ ਮੇਰੇ ਦੋਸਤਾਂ ਮਿੱਤਰਾਂ ਤੇ ਸੇਵਕਾਂ ਨੇ ਭੇਟਾ ਕੀਤਾ ਹੈ। ਬੜੇ ਵਡੇ ਸਰਕਾਰੀ ਅਫਸਰ ਤੇ ਉਚ ਅਧਿਕਾਰੀ ਮੈਥੋਂ ਸਲਾਹ ਮਸ਼ਵਰਾ ਲੈਣ ਮੇਰੇ ਦਫਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਂਦੇ ਹਨ। ਇਵਜ਼ਾਨੇ ਵਜੋਂ ਉਹ ਮੈਨੂੰ ਚੋਖੀ ਦਖਸ਼ਣਾ ਭੇਟ ਕਰ ਜਾਂਦੇ ਹਨ। ਇਸ ਤਰ੍ਹਾਂ ਹੀ ਘਰ ਬੈਠਿਆਂ ਬਿਠਾਇਆਂ ਮੇਰਾ ਕੰਮ ਚਲਦਾ ਰਹਿੰਦਾ ਹੈ।"

ਬੈਂਕਾਕ ਵਿੱਚ ਉਹ ਕਿਸੇ ਜਾਣ-ਪਛਾਣ ਵਾਲੇ ਪੰਜਾਬੀ ਨੂੰ ਕਦੇ ਨਹੀਂ ਮਿਲਦਾ। ਜਾਣ-ਪਛਾਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਨਹੀਂ ਹੁੰਦਾ। ਉਸ ਦੀ ਆਪਣੀ ਇਕ ਵਖਰੀ ਦੁਨੀਆਂ ਸੀ। ਮੈਂ ਤੇ ਡਾ: ਮਨਜੀਤ ਸਿੰਘ ਕੁਝ ਦਿਨ ਬੈਂਕਾਕ ਰਹਿ ਕੇ ਵਾਪਸ ਦਿੱਲੀ ਆ ਗਏ।

ਕੁਝ ਸਾਲਾਂ ਮਗਰੋਂ ਫਿਰ ਇਕ ਦਿਨ ਉਹ ਅਚਾਨਕ ਖਾਲੀ ਹਥੀਂ ਮੇਰੇ ਪ੍ਰੈਸ ਚਾਂਦਨੀ ਚੌਕ ਦਿੱਲੀ ਪਹੁੰਚ ਗਿਆ। ਪਤਾ ਲਗਾ ਕਿ ਫਿਰ ਉਹ ਕਿਸੇ ਕੁੜਿਕੀ ਵਿੱਚ ਫਸ ਗਿਆ ਹੈ, ਤੇ ਕੁਝ ਮਹੀਨੇ ਦਿੱਲੀ ਰਹਿ ਕੇ ਹੀ ਉਸ ਵਾਪਸ ਬੈਂਕਾਕ ਪਰਤਣਾ ਹੈ।

ਉਨ੍ਹੀਂ ਦਿਨੀਂ ਉਸ ਨੂੰ ਹਰਨੀਆ ਦੀ ਤਕਲੀਫ ਸੀ। ਡਾ: ਮਨਜੀਤ ਸਿੰਘ, ਸਫਦਰਜੰਗ ਹਸਪਤਾਲ ਵਿੱਚ ਡਾਕਟਰ ਸੀ। ਉਸ ਨੇ ਉਸ ਨੂੰ ਸਫਦਰਜੰਗ ਹਸਪਤਾਲ ਵਿੱਚ ਦਾਖਲ ਕਰਾ ਦਿਤਾ। ਉਸ ਦਾ ਅਪ੍ਰੇਸ਼ਨ ਹੋਇਆ। ਹਫਤਾ ਭਰ ਹਸਪਤਾਲ ਵਿੱਚ ਰਿਹਾ। ਹਸਪਤਾਲ ਵਿੱਚ ਮੇਰੇ ਦੋਵੇਂ ਬੇਟੇ ਰਾਜਿੰਦਰ ਸਿੰਘ ਤੇ ਪਰਮਜੀਤ ਸਿੰਘ ਉਸ ਦੀ ਦੇਖ ਭਾਲ ਕਰਦੇ ਰਹੇ। ਫਿਰ ਪਹਿਲਾਂ ਵਾਂਗ ਉਹ ਨੌਂ ਬਰ ਨੌਂ ਹੋ ਗਿਆ। ਛੇ ਕੁ ਮਹੀਨੇ ਦਿੱਲੀ ਰਹਿਣ ਮਗਰੋਂ ਫਿਰ ਉਸ ਨੇ ਉਡਾਰੀ ਮਾਰੀ। ਕੁਝ ਚਿਰ ਚਿੱਠੀ ਪੱਤਰ ਚਲਦਾ ਰਿਹਾ। ਫਿਰ ਪਹਿਲਾਂ ਵਾਂਗ ਖਮੋਸ਼ੀ ਛਾ ਗਈ। ਅਖੀਰ ਉਸ ਦੇ ਘਰੋਂ ਚਿੱਠੀ ਆਈ ਕਿ, ਦਿਲ ਦਾ ਦੌਰਾ ਪੈਣ ਤੇ ਜਗਜੀਤ ਸਿੰਘ ਗੁਲ੍ਹਾਟੀ ਹੋਰੀਂ ਰਬ ਨੂੰ ਪਿਆਰੇ ਹੋ ਗਏ ਹਨ।

ਆਹ! ਮੇਰੇ ਪਿਆਰੇ ਮਿੱਤਰ ਜਗਜੀਤ ਸਿੰਘ ਜੀ! ਅਜ ਕਲ ਤੁਸੀਂ ਕਿਸ ਦੁਨੀਆਂ ਵਿੱਚ ਵਿਚਰ ਰਹੇ ਹੋ? ਜੇ ਫੁਰਸਤ ਮਿਲੇ ਤਾਂ ਆਪਣਾ ਅਤਾ-ਪਤਾ ਆਪਣੇ ਮਿੱਤਰ ਨੂੰ ਲਿਖ ਘਲਣਾ। ਸਚਮੁਚ, ਉਹ ਕਿਸੇ ਅਨੋਖੀ ਤੇ ਬੇਪ੍ਰਵਾਹ ਦੁਨੀਆਂ ਦਾ ਪ੍ਰਾਣੀ ਸੀ। ਆਪਣੀਂ ਉਸੇ ਦੁਨੀਆਂ ਵਲ ਉਹ ਚੁਪਚਾਪ ਆਪਣੇ ਮਿੱਤਰ ਪਿਆਰਿਆਂ ਤੇ ਜਾਣ-ਪਛਾਣ ਵਾਲੇ ਬੰਦਿਆਂ ਨੂੰ ਬਿਨਾਂ ਦਸੇ ਹੀ ਟੁਰ ਗਿਆ। ਅਸੀਂ ਆਪਣੇ ਮਿੱਤਰ ਜਗਜੀਤ ਸਿੰਘ ਨੂੰ ਪਰਨਾਮ ਘਲਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਜ਼ਿੰਦਗੀ ਤੇ ਮੌਤ ਵਿੱਚਕਾਰ

**ਉਹ ਬੜੀ ਸੁਹਾਵਣੀ ਸਵੇਰ ਸੀ।**

ਪਰ ਜਿਸ ਸਮੇਂ ਦੀ ਮੈਂ ਗੱਲ ਕਰ ਰਿਹਾ ਹਾਂ, ਉਹ ਉਸੇ ਸੁਹਾਵਣੀ ਸਵੇਰ ਦੀ ਇਕ ਮਨਹੂਸ ਸ਼ਾਮ ਹੋ ਟਕਰੀ।

17 ਅਕਤੂਬਰ 1987 ਨੂੰ ਇੰਪੀਰੀਅਲ ਹੋਟਲ ਦਿੱਲੀ ਵਿੱਚ ਤਿੰਨ ਸਾਹਿਤਕਾਰਾਂ ਨੂੰ ਸੰਤ ਨਿਧਾਨ ਸਿੰਘ ਕੇਸਰ ਮੈਮੋਰੀਅਲ ਟਰੱਸਟ ਬੈਂਕਾਕ ਵਲੋਂ ਇਨਾਮ ਵੰਡੇ ਜਾਣੇ ਸਨ। ਇਸ ਸਮਾਗਮ ਦੇ ਪਰਧਾਨ, ਜਨਰਲ ਜਗਜੀਤ ਸਿੰਘ ਅਰੋੜਾ ਸਨ। ਇਹ ਸਮਾਗਮ ਸ਼ਾਮ ਦੇ ਪੰਜ ਵਜੇ ਅਰੰਭ ਹੋਣਾ ਸੀ। ਮੈਨੂੰ ਸਵੇਰੇ ਹੀ ਸ੍: ਕੁਲਦੀਪ ਸਿੰਘ ਦੀ ਟੈਲੀਫੋਨ ਆ ਗਈ, ਕਿ ਮੈਂ ਸ਼ਾਮ ਦੇ ਤਿੰਨ ਵਜੇ ਹੋਟਲ ਵਿੱਚ ਪਹੁੰਚ ਜਾਵਾਂ, ਤਾਂ ਜੋ ਅਗਲੀ ਕਾਰਵਾਈ ਦੀ ਰੂਪ ਰੇਖਾ ਚਿਤਰੀ ਜਾ ਸਕੇ।

ਕੁਝ ਦਿਨਾਂ ਤੋਂ ਮੇਰੀ ਤਬੀਅਤ ਨਾ-ਸਾਜ਼ ਸੀ। ਫਿਰ ਵੀ ਮੈਂ ਸਕੂਟਰ ਤੇ ਸਵਾਰ ਹੋ ਕੇ ਤੁਰ ਪਿਆ। ਖਿਆਲ ਇਹ ਸੀ, ਅੱਧੇ ਘੰਟੇ ਵਿੱਚ ਇੰਪੀਰੀਅਲ ਹੋਟਲ ਪਹੁੰਚ ਜਾਵਾਂਗਾ, ਤੇ ਮੁੜ ਸ਼ਾਮ ਨੂੰ ਮੇਰਾ ਸਕੂਟਰ ਕੋਈ ਹੋਰ ਸਜੱਣ ਘਰ ਲੈ ਆਵੇਗਾ, ਮੈਂ ਉਥੋਂ ਕਿਸੇ ਦੀ ਕਾਰ ਤੇ ਬੈਠ ਕੇ ਘਰ ਪਹੁੰਚ ਜਾਵਾਂਗਾ।

ਹਾਲੀ ਮੈਂ ਦਸ-ਕੁ ਮਿੰਟ ਦੀ ਵਾਟ ਹੀ ਤੈਅ ਕਰ ਸਕਿਆ ਸਾਂ, ਕਿ ਗ਼ਲਤੀ ਨਾਲ ਪ੍ਰਿਥਵੀ ਰਾਜ ਰੋਡ ਦੀ ਬਜਾਏ ਉਸ ਤੋਂ ਪਹਿਲੀ ਸੜਕ ਜੋਰ ਬਾਗ ਵਲ ਮੁੜ ਗਿਆ। ਕੁਝ ਪਲਾਂ ਵਿੱਚ ਹੀ ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ, ਪਰ ਮੈਨੂੰ ਇਹ ਵਿਸ਼ਵਾਸ਼ ਸੀ, ਕਿ ਅਗਲੇ ਮੋੜ ਤੋਂ ਮੈਂ ਸਿੱਧਾ ਪ੍ਰਿਥਵੀਂ ਰਾਜ ਰੋਡ ਨੂੰ ਜਾ ਮਿਲਾਂਗਾ।

ਹੋਰ ਦੋ ਕੁ ਮਿੰਟਾਂ ਬਾਅਦ ਲਾਲ ਬੱਤੀ ਸਾਹਮਣੇ ਮੈਂ ਰੁੱਕ ਗਿਆ। ਪਰ ਹਰੀ ਬੱਤੀ ਬਦਲਣ ਵੇਲੇ ਮੇਰਾ ਸਕੂਟਰ ਚਲ ਨਾ ਸਕਿਆ। ਉਥੇ ਖੜੇ ਕੇ ਥੋੜਾ ਚਿਰ ਮੈਂ ਸਕੂਟਰ ਨੂੰ ਕਿੱਕਾਂ ਮਾਰਦਾ ਰਿਹਾ, ਪਰ ਉਹ ਸਟਾਰਟ ਨਾ ਹੋ ਸਕਿਆ। ਮੈਂ ਇਹੀ ਸਮਝਿਆ ਕਿ ਮੇਰੇ ਸਕੂਟਰ ਵਿੱਚ ਕੁਝ ਨੁਕਸ ਪੈ ਗਿਆ ਹੈ। ਸੋ ਆਪਣੇ ਸਕੂਟਰ ਨੂੰ ਧਕ ਕੇ ਥੋੜੀ ਦੂਰ ਇਕ ਟੈਕਸੀ ਸਟੈਂਡ ਤੀਕ ਲੈ ਗਿਆ। ਉਥੇ ਖੜਾ ਕਰ ਕੇ ਕਿੰਨਾ ਚਿਰ ਕਿੱਕਾਂ ਮਾਰਦਾ ਰਿਹਾ, ਪਰ ਉਹ ਸਟਾਰਟ ਨਾ ਹੋ ਸਕਿਆ।

ਮੈਂ ਦਿੱਲੀ ਦਾ ਚੱਪਾ ਚੱਪਾ ਗਾਹਿਆ ਹੋਇਆ ਸੀ, ਪਰ ਮੈਨੂੰ ਇਹ ਯਾਦ ਨਹੀਂ ਸੀ ਆ ਰਿਹਾ, ਕਿ ਇਸ ਘੜੀ ਮੈਂ ਕਿਥੇ ਖੜੋਤਾ ਹਾਂ? ਇਸ ਤਰ੍ਹਾਂ ਅੱਧਾ ਕੁ ਘੰਟਾ ਬੜੀ ਅਵਾਜ਼ਾਰੀ ਦੀ ਹਾਲਤ ਵਿੱਚ ਪ੍ਰੇਸ਼ਾਨ ਖੜੋਤਾ ਰਿਹਾ। ਕੁਝ ਸਮਝ ਨਹੀਂ ਸੀ ਆ ਰਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਿ ਮੇਰੇ ਸਕੂਟਰ ਨੂੰ ਕੀ ਹੋ ਗਿਆ ਹੈ? ਇਹਦੇ ਨਾਲ ਹੀ ਮੈਨੂੰ ਆਪਣੀ ਮੰਜ਼ਲੇ-ਮਕਸੂਦ ਦਾ ਨਾਂ ਭੁੱਲ ਗਿਆ. ਜਿਥੇ ਮੈਂ ਸਮਾਗਮ ਵਿੱਚ ਪਹੁੰਚਣਾ ਸੀ। ਮੈਨੂੰ ਖੜੋਤੇ ਵੇਖ ਕਈ ਹਮਦਰਦ ਸਜਣ ਮੇਰੇ ਕੋਲ ਆ ਕੇ ਪੁਛਣ ਲਗੇ. ਕਿ ਤੁਸੀਂ ਕਿਥੇ ਜਾਣਾ ਹੈ. ਤੇ ਸਕੂਟਰ ਵਿੱਚ ਕੀ ਨੁਕਸ ਪੈ ਗਿਆ ਹੈ? ਹੁਣ ਮੈਨੂੰ ਜਾਪਿਆ ਕਿ ਮੇਰੀ ਜ਼ਬਾਨ ਵੀ ਮੇਰਾ ਸਾਥ ਛੱਡ ਗਈ ਹੈ। ਹਰ ਪ੍ਰਕਾਰ ਦੀ ਯਾਦਾਸ਼ਤ ਵੀ ਅਲੋਪ ਹੋ ਗਈ ਹੈ। ਮੈਂ ਆਪਣੇ ਪੈਨ ਨਾਲ ਖੜੋਤੇ ਹੋਏ ਨੌਜੁਆਨਾਂ ਨੂੰ ਕਾਗਜ਼ 'ਤੇ ਲਿਖ ਕੇ ਇਹ ਦਸਣਾ ਚਾਹਿਆ ਕਿ ਮੈਂ ਕਿਥੋਂ ਆਇਆ ਹਾਂ. ਤੇ ਮੇਰੇ ਘਰ ਦਾ ਕੀ ਟੈਲੀਫੋਨ ਨੰਬਰ ਹੈ?

ਇਕਦਮ ਮੈਨੂੰ ਅਪਣੀ ਕਾਲੋਨੀ ਦਾ ਨਾਂ ਅਤੇ ਘਰ ਦਾ ਨੰਬਰ ਵੀ ਭੁਲ ਗਿਆ। ਬਾਰ-ਬਾਰ ਟੈਲੀਫੋਨ ਦਾ ਨੰਬਰ ਚੇਤੇ ਕਰਦਾ ਕਾਗਜ਼ ਤੇ ਲਿਖ ਰਿਹਾ ਸਾਂ, ਪਰ ਗੱਲ ਬਣ ਨਹੀਂ ਸੀ ਰਹੀ। ਇੰਨੇ ਨੂੰ ਮੇਰਾ ਪੈਨ ਵੀ ਸੱਜੇ ਹੱਥ ਦੀਆਂ ਉਂਗਲਾਂ ਤੋਂ ਖਿਸਕ ਕੇ ਧਰਤੀ ਤੇ ਜਾ ਡਿਗਾ। ਮੈਂ ਆਪਣੇ ਗਿਰਦ ਖੜਤੇ ਨੌਜੁਆਨਾਂ ਦੇ, ਜੋ ਸਚਮੁਚ ਹੀ ਮੇਰੇ ਹਮਦਰਦ ਲਗਦੇ ਸਨ, ਕੁਝ ਵੀ ਪਿੜ ਪੱਲੇ ਨਾ ਪਾ ਸਕਿਆ, ਕਿ ਮੈਂ ਕਿਥੋਂ ਆਇਆ ਹਾਂ ਤੇ ਮੈਂ ਕਿਥੇ ਜਾਣਾ ਹੈ? ਮੇਰੇ ਹੈਂਡ-ਬੈਗ ਵਿੱਚ ਮੇਰਾ ਵਿਜ਼ਿਟਿੰਗ ਕਾਰਡ ਮੌਜੂਦ ਸੀ। ਮੈਂ ਲੋਕਾਂ ਨੂੰ ਇਸ਼ਾਰੇ ਨਾਲ ਦਸ ਰਿਹਾ ਸਾਂ, ਕਿ ਇਹ ਆਪਣੇ ਨੈਸ਼ਨਲ ਪ੍ਰੈਸ ਚਾਂਦਨੀ ਚੌਕ ਦਾ ਪਤਾ ਹੈ। ਨਾਲ ਹੀ ਉਥੋਂ ਦਾ ਟੈਲੀਫੋਨ ਨੰਬਰ ਵੀ ਲਿਖਿਆ ਹੋਇਆ ਸੀ। ਜਦੋਂ ਉਨ੍ਹਾਂ ਨੇ ਮੈਨੂੰ ਪੁਛਿਆ, ਕਿ ਤੁਸੀਂ ਚਾਂਦਨੀ ਚੌਕ ਜਾਣਾ ਹੈ ਜਾਂ ਇਸ ਟੈਲੀਫੋਨ ਤੇ ਕਿਸੇ ਨਾਲ ਗੱਲ ਕਰਨੀ ਹੈ? ਉਸ ਸਮੇਂ ਮੈਂ ਆਪਣੀ ਘੜੀ ਦੇਖੀ, ਜੋ ਪੰਜ ਵਜਾ ਰਹੀ ਸੀ। ਮੈਂ ਆਪਣਾ ਸਿਰ ਹਿਲਾ ਕੇ ਇਸ਼ਾਰੇ ਨਾਲ ਦਸ ਦਿਤਾ, ਕਿ ਮੈਂ ਉਧਰ ਨਹੀਂ ਜਾਣਾ, ਕਿਉਂਕਿ ਉਥੋਂ ਆਪਣੇ ਦੋਵੇਂ ਬੇਟੇ ਤੇ ਕੁਝ ਹੋਰ ਸੱਜਣ, ਪੰਜ ਵਜੇ ਵਾਲੇ ਸਮਾਗਮ ਵਿੱਚ ਹੁਣ ਤਕ ਇੰਪੀਰੀਅਲ ਹੋਟਲ ਜਾ ਚੁਕੇ ਹੋਣਗੇ। ਇਸ ਲਈ ਪ੍ਰੈਸ ਵਿੱਚ ਕੋਈ ਬੰਦਾ ਹੀ ਨਹੀਂ ਹੋਣਾ। ਉਥੇ ਮੈਂ ਕਿਸ ਨੂੰ ਮਿਲਣ ਜਾਣਾ ਹੈ?

ਇਸ ਸਮੇਂ ਮੈਨੂੰ ਅਹਿਸਾਸ ਹੋ ਗਿਆ, ਕਿ ਆਪਣੇ ਆਪ ਮੈਂ ਕਿਧਰੇ ਵੀ ਪਹੁੰਚ ਨਹੀਂ ਸਕਾਂਗਾ। ਤੇ ਜੇ ਕੁਝ ਚਿਰ ਮੇਰੀ ਇਹੀ ਅਵਸੱਥਾ ਰਹੀ, ਤਾਂ ਹੋ ਸਕਦਾ ਹੈ. ਮੈਨੂੰ ਆਪਣੇ ਸਕੂਟਰ ਦੇ ਨੇੜੇ-ਤੇੜੇ ਹੀ ਸੜਕ ਕਿਨਾਰੇ ਬੈਠ ਜਾਂ ਲੇਟ ਸਾਰੀ ਰਾਤ ਕਟਣੀ ਪਵੇ। ਮੈਂ ਲੋਕਾਂ ਦੀਆਂ ਗੱਲਾਂ ਸੁਣ ਰਿਹਾ ਸਾਂ। ਸਭ ਨੂੰ ਵੇਖ ਵੀ ਰਿਹਾ ਸਾਂ, ਪਰ ਮੇਰੀ ਜ਼ਬਾਨ ਬੰਦ ਹੋ ਚੁਕੀ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ, ਕਿ ਮੈਨੂੰ ਹੋ ਕੀ ਗਿਆ ਹੈ? ਹੁਣ ਮੈਨੂੰ ਉਸ ਸਮਾਗਮ ਦੀ ਚਿੰਤਾ ਨਹੀਂ ਸੀ, ਆਪਣੀ ਚਿੰਤਾ ਖਾਈ ਜਾ ਰਹੀ ਸੀ ਕਿ ਮੇਰਾ ਕੀ ਬਣੇਗਾ? ਮੇਰੇ ਘਰ ਵਾਲਿਆਂ ਨੂੰ ਪਤਾ ਨਹੀਂ, ਕਿ ਮੈਂ ਕਿੱਥੇ ਹਾਂ, ਨਾ ਹੀ ਸਮਾਗਮ ਵਾਲਿਆਂ ਨੂੰ?

ਮੈਂ ਵੇਖਿਆ, ਘੜੀ ਸਾਢੇ ਪੰਜ ਵਜਾ ਰਹੀ ਹੈ। ਉਸੇ ਛਿੰਨ ਮੈਂ ਫੈਸਲਾ ਕਰ ਲਿਆ, ਕਿ ਆਪਣੇ ਸਕੂਟਰ ਨੂੰ ਸੜਕ ਤੇ ਹੀ ਪਿਆ ਰਹਿਣ ਦਿਤਾ ਜਾਵੇ, ਤੇ ਆਪ ਮੈਂ ਇਸ ਮਨਹੂਸ ਥਾਂ ਤੋਂ ਕਿਧਰੇ ਦੂਰ ਨਠ ਜਾਵਾਂ, ਪਰ ਮੈਂ ਜਾਵਾਂਗਾ ਕਿਥੇ? ਨਾ ਮੈਨੂੰ ਕਿਸੇ ਹਸਪਤਾਲ ਦੀ ਸੋਝੀ ਹੈ, ਨਾ ਆਪਣੇ ਘਰ ਦੀ। ਤੇ ਜੇ ਥੋੜੀ ਦੇਰ ਮੈਂ ਇਸੇ ਹਾਲਤ ਵਿੱਚ ਪਿਆ ਰਿਹਾ ਤਾਂ ਸ਼ਾਇਦ ਇਥੋਂ ਉਠਣ ਦੀ ਹਿੰਮਤ ਹੀ ਨਾ ਰਹੇ। ਏਨੇ ਚਿਰ ਨੂੰ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਥਰੀ ਵ੍ਹੀਲਰ ਮੇਰੇ ਪਾਸ ਆਣ ਖੜੋਤਾ। ਮੈਂ ਆਪਣੇ ਸਕੂਟਰ ਦੀ ਪਰਵਾਹ ਨਾ ਕਰਦਿਆਂ ਹੋਇਆਂ ਉਸ ਤੇ ਜਾ ਬੈਠਾ। ਭਾਵੇਂ ਇਹ ਕਿਧਰੇ ਵੀ ਲੈ ਜਾਵੇ, ਘਟੋ ਘਟ ਇਸ ਥਾਂ ਤਾਂ ਮੇਰੀ ਮੌਤ ਨਹੀਂ ਹੋਣੀ ਚਾਹੀਦੀ। ਡਰਾਈਵਰ ਪੱਚੀ ਤੀਹ ਸਾਲ ਦਾ ਇਕ ਨੌਜਵਾਨ ਹਿੰਦੂ ਸੀ। ਉਸ ਨੇ ਮੈਨੂੰ ਪੁਛਿਆ, ''ਤੁਸੀਂ ਕਿਧਰ ਜਾਣਾ ਹੈ?'' ਜੁਆਬ ਵਿੱਚ ਮੈਂ ਇਸ਼ਾਰੇ ਨਾਲ ਉਸ ਨੂੰ ਦਸਿਆ ਕਿ ਮੈਨੂੰ ਆਪਣੇ ਕਿਸੇ ਠਿਕਾਣੇ ਦੀ ਸੋਝੀ ਨਹੀਂ। ਏਨੇ ਚਿਰ ਨੂੰ ਦਸ ਪੰਦਰਾਂ ਦਰਸ਼ਕਾਂ ਨੇ ਉਸ ਨੂੰ ਦਸਿਆ, ਕਿ ਇਨ੍ਹਾਂ ਨੂੰ ਪਤਾ ਹੀ ਨਹੀਂ, ਕਿ ਇਨ੍ਹਾਂ ਕਿਥੇ ਜਾਣਾ ਹੈ?

ਥਰੀ ਵ੍ਹੀਲਰ ਵਾਲੇ ਡਰਾਈਵਰ ਨੇ ਬੜੇ ਵਿਸ਼ਵਾਸ ਨਾਲ ਜੁੜੀ ਹੋਈ ਭੀੜ ਨੂੰ ਕਿਹਾ, ''ਇਨ੍ਹਾਂ ਨੂੰ ਮੈਂ ਇਨ੍ਹਾਂ ਦੇ ਠਿਕਾਣੇ ਪਹੁੰਚਾ ਦਿਆਂਗਾ।'' ਇਹ ਕਹਿ ਕੇ ਉਹ ਅੱਗੇ ਤੁਰ ਪਿਆ। ਹਰ ਮੋੜ ਤੇ ਉਹ ਆਪਣਾ ਸਿਰ ਪਿਛੇ ਘੁਮਾ ਕੇ ਮੈਨੂੰ ਪੁਛਦਾ ਸੀ, ''ਤੁਸੀਂ ਕਿਧਰ ਜਾਣਾ ਹੈ?'' ਮੈਂ ਹੱਥ ਦੇ ਇਸ਼ਾਰੇ ਨਾਲ ਹੀ ਕਹਿ ਦੇਵਾਂ, ਮੈਨੂੰ ਕੋਈ ਪਤਾ ਨਹੀਂ। ਲਗਪਗ ਅੱਧਾ ਘੰਟਾ ਸਕੂਟਰ ਸੱਜੇ ਖਬੇ ਦੀਆਂ ਸੜਕਾਂ ਤੇ ਇਧਰ ਉਧਰ ਘੁੰਮਦਾ ਰਿਹਾ, ਤਾਂ ਜੋ ਮੈਨੂੰ ਕੁਝ ਯਾਦ ਆ ਜਾਵੇ, ਕਿ ਮੈਂ ਕਿਧਰ ਜਾਣਾ ਹੈ? ਹਰ ਵਾਰ ਉਸ ਦੇ ਪੁਛਣ ਤੇ ਜਦੋਂ ਮੈਂ ਆਪਣਾ ਸਿਰ ਹਿਲਾ ਕੇ ਦਸਦਾ ਸਾਂ, ਕਿ ਮੈਨੂੰ ਕੁਝ ਪਤਾ ਨਹੀਂ, ਤਾਂ ਉਹ ਮੇਰੇ ਵਲ ਹਮਦਰਦ ਅੱਖਾਂ ਨਾਲ ਵੇਖ ਕੇ ਕਹਿੰਦਾ ਜਾਪਦਾ ਸੀ, ''ਕੋਈ ਡਰ ਨਹੀਂ, ਕਿਸੇ ਅਗਲੇ ਮੋੜ ਤੇ ਤੁਹਾਨੂੰ ਜ਼ਰੂਰ ਕੁਝ ਯਾਦ ਆ ਜਾਵੇਗਾ, ਕਿ ਤੁਸੀਂ ਕਿਧਰ ਜਾਣਾ ਹੈ?''

ਅਧੇ ਕੁ ਘੰਟੇ ਮਗਰੋਂ ਜਦੋਂ ਉਸ ਨੇ ਬਹੁਤ ਵੱਡੀ ਬਿਲਡਿੰਗ ਵਲ ਇਸ਼ਾਰਾ ਕਰ ਕੇ ਪੁਛਿਆ, ਤਾਂ ਮੈਨੂੰ ਇਕ ਦਮ ਯਾਦ ਆ ਗਿਆ, ਕਿ ਇਹ ਤਾਂ ਸਫਦਰਜੰਗ ਮਦਰਸਾ ਹੈ ਤੇ ਇਸ ਦੇ ਨੇੜੇ ਹੀ ਹਵਾਈ ਅੱਡਾ। ਏਹੀ ਸੜਕ ਮੇਰੇ ਘਰ ਵਲ ਜਾਂਦੀ ਹੈ। ਮੈਂ ਉਸ ਨੂੰ ਇਸ਼ਾਰੇ ਨਾਲ ਇਸੇ ਸੜਕ ਤੇ ਚਲੇ ਜਾਣ ਲਈ ਕਿਹਾ। ਹਵਾਈ ਅੱਡੇ ਤੋਂ ਅਗੇ ਜਦੋਂ ਉਹ ਸਫਦਰਜੰਗ ਹਸਪਤਾਲ ਦੇ ਚੌਂਕ ਵਿੱਚ ਪੁਜਾ, ਤਾਂ ਮੈਂ ਉਸ ਨੂੰ ਸਿਧਾ ਹੌਜ਼ਖਾਸ ਵਾਲੀ ਸੜਕ ਤੇ ਤੁਰੀ ਜਾਣ ਲਈ ਇਸ਼ਾਰਾ ਕੀਤਾ। ਅਗਲੇ ਮੋੜ ਤੇ ਅਸੀਂ ਪੰਚਸ਼ੀਲ ਵਾਲੀ ਸੜਕ ਤੋਂ ਲੰਘ ਕੇ ਮਾਲਵੀਆ ਨਗਰ, ਜਿਥੋਂ ਮੈਂ ਤਿੰਨ ਵਜੇ ਤੁਰਿਆ ਸਾਂ, ਅਪੜ ਗਏ। ਉਥੋਂ ਫਿਰ ਮੈਂ ਸਿਧਾ ਆਪਣੇ ਘਰ ਵਲ ਜਾਣ ਵਾਲੀ ਸੜਕ ਵਲ ਇਸ਼ਾਰਾ ਕ਼ਰਦਾ ਆਪਣੇ ਘਰ ਕੋਲ ਪਹੁੰਚ ਕੇ ਉਸ ਨੂੰ ਰੁੱਕ ਜਾਣ ਲਈ ਕਿਹਾ। ਉਹ ਸਕੂਟਰ ਖੜਾ ਕਰ ਕੇ ਘਰ ਅੰਦਰ ਕਿਸੇ ਨੂੰ ਬੁਲਾਣ ਚਲਾ ਗਿਆ, ਤਾਂ ਜੋ ਘਰ ਵਾਲੇ ਮੈਨੂੰ ਇਸ ਅਵੱਸਥਾ ਵਿੱਚ ਸੰਭਾਲ ਸਕਣ। ਪਰ ਉਸ ਦੇ ਜਾਣ ਦੇ ਨਾਲ ਹੀ ਮੈਂ ਸਕੂਟਰ ਤੋਂ ਉਤਰ ਪਿਆ, ਤਾਂ ਜੋ ਮੈਂ ਆਪ ਹੀ ਆਪਣੇ ਘਰ ਪੁਜ ਜਾਵਾਂ, ਪਰ ਉਸ ਸਮੇਂ ਮੈਨੂੰ ਭੁਲ ਗਿਆ ਸੀ, ਕਿ ਸਕੂਟਰ ਵਿੱਚ ਬੈਠਣ ਤੋਂ ਲੈ ਕੇ ਹੁਣ ਤਕ ਮੇਰੀ ਸ਼ਰੀਰਕ ਸ਼ਕਤੀ ਛਿੰਨ ਭੰਗਰ ਹੋ ਗਈ ਹੈ। ਸੋ ਮੈਂ ਠੇਡਾ ਖਾ ਕੇ ਸੜਕ ਤੇ ਹੀ ਡਿੱਗ ਪਿਆ। ਮੂੰਹ, ਲਹੂ ਲੁਹਾਨ ਹੋ ਗਿਆ। ਕਪੜਿਆਂ ਤੇ ਲਹੂ ਤੇ ਛਿੱਟੇ ਪੈ ਗਏ। ਆਂਢ-ਗੁਆਂਢ ਦੇ ਬਹੁਤ ਸਾਰੇ ਮਿੱਤਰ ਸਜਣ ਪਹੁੰਚ ਗਏ। ਉਨ੍ਹਾਂ ਮੈਨੂੰ ਥੱਮ ਕੇ ਅੰਦਰ ਪਹੁੰਚਾਇਆ, ਤੇ ਵਰਾਂਡੇ ਵਿੱਚ ਵਿਛੀ ਮੰਜੀ ਤੇ ਲਿਟਾ ਦਿਤਾ। ਸਾਰਾ ਵਿਹੜਾ ਲੋਕਾਂ ਨਾਲ ਭਰ ਗਿਆ। ਕੋਈ ਮੇਰੇ ਪੈਰ ਘੁਟ ਰਿਹਾ ਸੀ, ਕੋਈ ਹਥ। ਕੋਈ ਮੇਰੇ ਮੂੰਹ ਵਿੱਚ ਪਾਣੀ ਪਾ ਰਿਹਾ ਹੈ। ਮੈਂ ਖੁਲ੍ਹੀਆਂ ਅੱਖੀਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਭ ਕੁਝ ਦੇਖ ਰਿਹਾ ਸਾਂ, ਪਰ ਬੋਲ ਨਹੀਂ ਸੀ ਸਕਦਾ। ਨਾ ਹੀ ਉਨ੍ਹਾਂ ਨੂੰ ਤਿੰਨ ਘੰਟੇ ਦੀ ਆਪਣੀ ਵਿੱਥਿਆ ਦਸ ਸਕਦਾ ਸਾਂ। ਮਜਬੂਰ ਤੇ ਬੇਬਸ ਇਨਸਾਨ ਵਾਂਗ ਫਟੀਆ ਫਟੀਆਂ ਅੱਖਾਂ ਨਾਲ ਸਭ ਨੂੰ ਵੇਖ ਰਿਹਾ ਸਾਂ। ਗਵਾਂਢੀ ਆਪੋ ਵਿੱਚ ਗੱਲਾਂ ਕਰ ਰਹੇ ਸਨ, ਕਿ ਘਰ ਵਾਲੇ ਕਿਧਰ ਗਏ? ਮੈਨੂੰ ਪਤਾ ਸੀ, ਕਿ ਉਹ ਵੀ ਉਸੇ ਸਮਾਗਮ ਤੇ ਗਏ ਹੋਏ ਹਨ, ਜਿਸ ਵਿੱਚ ਮੈਂ ਜਾਣਾ ਸੀ।

ਏਨੇ ਚਿਰ ਨੂੰ ਥਰੀ ਵ੍ਹੀਲਰ ਵਾਲੇ ਨੇਕ ਨੌਜੁਆਨ ਨੇ ਕਾਗਜ਼ ਤੇ ਲਿਖ ਕੇ ਉਨ੍ਹਾਂ ਨੂੰ ਦਸਿਆ, "ਇਨ੍ਹਾਂ ਨੂੰ ਮੈਂ ਖਾਨ ਮਾਰਕੀਟ ਦੇ ਟੈਕਸੀ ਸਟੈਂਡ ਤੋਂ ਲਿਆਇਆ ਹਾਂ। ਇਨ੍ਹਾਂ ਦੇ ਸਕੂਟਰ ਦਾ ਨੰਬਰ 3369 ਹੈ, ਜੋ ਮੈਂ ਟੈਕਸੀ ਸਟੈਂਡ ਵਾਲਿਆਂ ਦੇ ਸਪੁਰਦ ਕਰ ਆਇਆ ਹਾਂ। ਟੈਕਸੀ ਸਟੈਂਡ ਵਾਲਿਆਂ ਦਾ ਟੈਲੀਫੋਨ ਨੰਬਰ ਇਹ ਹੈ। ਕਿਸੇ ਸਮੇਂ ਉਥੋਂ ਜਾ ਕੇ ਆਪਣਾ ਸਕੂਟਰ ਮੰਗਾ ਲਵੋ।" ਮੈਂ ਉਸ ਭਗਵਾਨ ਰੂਪ ਨੌਜੁਆਨ ਦੀਆਂ ਅਖਾਂ ਵਿੱਚ ਦੇਖ ਰਿਹਾ ਸਾਂ, ਜਿਸ ਨੇ ਇਸ ਔਕੜ ਸਮੇਂ ਮੇਰੀ ਜਾਨ ਬਚਾਈ ਸੀ, ਪਰ ਮੈਂ ਜ਼ਬਾਨ ਨਹੀਂ ਸੀ ਖੋਲ੍ਹ ਸਕਦਾ। ਉਸ ਦਾ ਧੰਨਵਾਦ ਕਰ ਨਹੀਂ ਸੀ ਸਕਦਾ। ਨਾ ਉਸ ਦਾ ਥਹੁ ਪਤਾ ਪੁਛ ਸਕਦਾ ਸਾਂ, ਤਾਂ ਜੋ ਉਸ ਨੂੰ ਮਿਲਿਆ ਜਾ ਸਕੇ। ਪੰਦਰ੍ਹਾਂ ਮਿੰਟਾਂ ਮਗਰੋਂ ਭਲਾ ਪੁਰਸ਼ ਮੈਨੂੰ ਠਿਕਾਣੇ ਪਹੁੰਚਾ ਕੇ ਚਲਾ ਗਿਆ।

ਥੋੜ੍ਹੀ ਦੇਰ ਨੂੰ ਮੇਰਾ ਬੇਟਾ ਰਾਜਿੰਦਰ ਸਿੰਘ ਤੇ ਦਾਮਾਦ ਹਰਕੀਰਤ ਸਿੰਘ ਮੈਨੂੰ ਕਈ ਹਸਪਤਾਲਾਂ ਤੇ ਹੋਰ ਥਾਈਂ ਢੂੰਡਦਿਆਂ ਹੋਇਆਂ ਘਰ ਪਹੁੰਚੇ। ਰਾਜਿੰਦਰ ਸਿੰਘ ਨੇ ਘਰ ਦਾ ਤਾਲਾ ਖੋਲ੍ਹਿਆ। ਮੈਨੂੰ ਅੰਦਰਲੇ ਕਮਰੇ ਵਿੱਚ ਜਾ ਕੇ ਲਿਟਾ ਦਿਤਾ। ਹੌਲੀ ਹੌਲੀ ਕਰ ਕੇ ਗੁਆਂਢੀ ਚਲੇ ਗਏ। ਉਸ ਨੇ ਇੰਪੀਰੀਅਲ ਹੋਟਲ ਟੈਲੀਫੋਨ ਕਰ ਦਿਤਾ, ਕਿ ਸੰਤ ਨਿਧਾਨ ਸਿੰਘ ਕੇਸਰ ਮੈਮੋਰੀਅਲ ਟਰੱਸਟ ਦੇ ਪ੍ਰਬੰਧਕਾਂ ਵਾਲੇ ਸਮਾਗਮ ਨੂੰ ਇਤਲਾਹ ਦੇ ਦਿਓ, ਕਿ ਮੇਰੇ ਪਿਤਾ ਜੀ ਨੂੰ ਅਧਰੰਗ ਦਾ ਦੌਰਾ ਪੈ ਗਿਆ ਹੈ। ਹੁਣ ਉਹ ਘਰ ਵਾਪਸ ਪਹੁੰਚ ਚੁਕੇ ਹਨ। ਅਸੀਂ ਉਨ੍ਹਾਂ ਨੂੰ ਮੈਡੀਕਲ ਹਸਪਤਾਲ ਲਿਜਾ ਰਹੇ ਹਾਂ।"

ਹਸਪਤਾਲ ਪਹੁੰਚ ਐਮਰਜੈਂਸੀ ਵਾਰਡ ਵਿੱਚ ਮੇਰੀ ਸਰਸਰੀ ਦੇਖ ਭਾਲ ਹੋਈ। ਮੈਨੂੰ ਛੇਵੀਂ ਮੰਜ਼ਲ ਦੇ ਵਾਰਡ ਵਿੱਚ ਇਕ ਬੈੱਡ ਤੇ ਲਿਟਾ ਦਿਤਾ ਗਿਆ। ਮੇਰੇ ਬਹੁਤ ਸਾਰੇ ਦੋਸਤ ਮਿੱਤਰ ਅਤੇ ਪਰਿਵਾਰ ਵਾਲੇ ਉਥੇ ਪਹੁੰਚ ਚੁਕੇ ਸਨ। ਉਸ ਵੇਲੇ ਤੱਕ ਮੇਰਾ ਸੱਜਾ ਹੱਥ, ਤੇ ਸੱਜਾ ਪੈਰ ਵੀ ਟੇਢੇ ਹੋ ਚੁਕੇ ਸਨ। ਰਾਤ ਨੂੰ ਨੌਂ ਵਜੇ ਸਾਰੇ ਬੰਦੇ ਚਲੇ ਗਏ। ਮੈਂ ਮੰਜੇ ਤੇ ਲੇਟਿਆ ਸੋਚ ਰਿਹਾ ਸਾਂ, "ਇਹ ਅਧਰੰਗ ਦਾ ਮਾਰੂ ਹਮਲਾ ਹੈ। ਹੁਣ ਸ਼ਾਇਦ ਮੈਂ ਸਾਰੀ ਉਮਰ ਮੰਜੇ ਤੇ ਹੀ ਦਿਨ-ਰਾਤ ਕਟੀ ਕਰਾਂ। ਟੱਟੀ ਪਿਸ਼ਾਬ ਸਭ ਕੁਝ ਮੰਜੇ ਤੇ ਹੀ ਕਰਨਾ ਪਵੇਗਾ। ਜ਼ਬਾਨ ਬੰਦ ਹੋਣ ਕਾਰਣ ਮਿਲਣ ਆਣ ਵਾਲੇ ਸਜਣਾਂ, ਮਿੱਤਰਾਂ ਨਾਲ ਹੁਣ ਇਸ਼ਾਰੇ ਨਾਲ ਹੀ ਸਿਰ ਹਲਾ ਕੇ ਗੱਲਬਾਤ ਕੀਤੀ ਜਾ ਸਕੇਗੀ।"

ਮੈਂ ਅਧਰੰਗ ਦੇ ਕਈ ਮਰੀਜ਼ ਵੇਖ ਚੁਕਾ ਸਾਂ। ਜਿਹੜੇ ਆਪਣੇ ਆਪ ਮੰਜੇ ਤੋਂ ਉਠ ਬੈਠ ਵੀ ਨਹੀਂ ਸਨ ਸਕਦੇ। ਨਾ ਹੀ ਉਹ ਆਪਣੇ ਆਪ ਪਾਸਾ ਪਰਤ ਸਕਦੇ ਸਨ। ਅਗਲੀ ਸਾਰੀ ਜ਼ਿੰਦਗੀ ਮੈਨੂੰ ਇਸੇ ਲਾਚਾਰੀ ਤੇ ਬੇਬਸੀ ਵਿੱਚ ਗੁਜ਼ਾਰਨੀ ਪਵੇਗੀ।

ਫਿਰ ਕੁਝ ਪਲਾਂ ਮਗਰੋਂ ਮੇਰੇ ਅੰਦਰ ਦੀ ਕੋਈ ਦੈਵੀ ਸ਼ਕਤੀ ਪੁਕਾਰ-ਪੁਕਾਰ ਕਹਿ ਰਹੀ ਲਗਦੀ ਸੀ, "ਤੇਰਾ ਹਾਲ ਇਹ ਨਹੀਂ ਹੋਣਾ। ਤੂੰ ਬਿਲਕੁਲ ਨੌ ਬਰ ਨੌ ਹੋ ਕੇ ਮੁੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪਣੇ ਕੰਮਾਂ ਵਿੱਚ ਜੁਟ ਜਾਏਂਗਾ। ਕੁਝ ਲਿਖਣ ਪੜ੍ਹਨ ਦਾ ਅਧੂਰਾ ਕੰਮ ਵੀ ਮੁਕਾਉਣਾ ਹੈ। ਪਹਾੜਾਂ ਦੀ ਯਾਤਰਾ ਕਰਨੀ ਹੈ। ਸੁੰਦਰ ਵਾਦੀਆਂ ਗਾਹਣੀਆਂ ਹਨ। ਪਿਆਰੇ ਪਿਆਰੇ ਦ੍ਰਿਸ਼ ਮਾਨਣੇ ਹਨ। ਉਡਦੇ ਪੰਛੀਆਂ ਨਾਲ ਗੱਲਾਂ ਕਰਨੀਆਂ ਹਨ। ਬੱਸ, ਕੁਝ ਦੇਰ ਉਸ ਕੁਦਰਤ ਦੇ ਰੰਗ ਵੇਖੋ, ਜਿਸ ਨੇ ਪੈਦਾ ਕੀਤਾ ਹੈ। ਜਿਸ ਨੇ ਚਲਦਿਆਂ ਫਿਰਦਿਆਂ ਤੈਨੂੰ ਬੇਬਸ ਕਰ ਕੇ ਰਖ ਦਿਤਾ ਹੈ। ਉਸੇ ਗੁਝੀ ਸ਼ਕਤੀ ਨੇ ਘੋਰ ਅੰਧਕਾਰ ਵਿੱਚੋਂ ਕੱਢ ਕੇ ਤੈਨੂੰ ਇਥੇ ਪਹੁੰਚਾਇਆ ਹੈ। ਉਸੇ ਸ਼ਕਤੀ ਨੇ ਹਸਪਤਾਲੋਂ ਘਰ ਅਤੇ ਘਰੋਂ ਸ਼ੋਰ-ਸ਼ਰਾਬੇ ਭਰਪੂਰ ਸ਼ਹਿਰੀ ਦੁਨੀਆਂ ਤੋਂ ਬਹੁਤ ਦੂਰ ਸੁੰਦਰ ਪਹਾੜਾਂ, ਨਦੀਆਂ, ਨਾਲਿਆਂ, ਝਰਨਿਆਂ-ਝੀਲਾਂ ਅਤੇ ਫਾਲਾਂ ਪਾਸ ਪਹੁੰਚਾ ਦੇਣਾ ਹੈ। ਹਾਲੀਂ ਤੂੰ ਕੁਦਰਤ ਦੇ ਕਈ ਰੰਗ ਮਾਨਣੇ ਹਨ।''

ਫਿਰ ਸੋਚਾਂ, ''ਪਿਆਰੇ! ਦੁਨੀਆਂ ਨਾਲੋਂ ਤੇਰੀ ਭਿੰਨ ਅਵਸਥਾ ਕਿਵੇਂ ਹੋ ਸਕਦੀ ਹੈ? ਜੇ ਇਸ ਬਿਮਾਰੀ ਵਿੱਚ ਗ੍ਰਸੇ ਆਦਮੀ ਸਾਰੀ ਉਮਰ ਮੰਜੇ ਤੇ ਹੀ ਗਿਟੇ ਗੋਡੇ ਰਗੜਦੇ ਰਹਿੰਦੇ ਹਨ, ਤਾਂ ਇਸ ਮੂਜ਼ੀ ਰੋਗ ਤੋਂ ਤੇਰੀ ਬੰਦ ਖਲਾਸੀ ਕਿਵੇਂ ਹੋ ਸਕੇਗੀ?'' ਇਸੇ ਤਰ੍ਹਾਂ ਸਾਰੀ ਰਾਤ ਕੁਝ ਦੇਰ ਸੁਤਿਆਂ ਪਿਆਂ, ਕੁਝ ਦੇਰ ਜਾਗਦਿਆਂ ਬੀਤ ਗਈ। ਮੈਨੂੰ ਯਾਦ ਆਇਆ, ਕਿ ਪ੍ਰਸਿੱਧ ਪੰਜਾਬੀ ਕਹਾਣੀਕਾਰ ਸ੍ਰ: ਕੁਲਵੰਤ ਸਿੰਘ ਵਿਰਕ ਤੇ ਵੀ ਇਸ ਬੀਮਾਰੀ ਦਾ ਹੱਲਾ ਹੋਇਆ ਸੀ। ਉਹ ਦੋ-ਕੁ ਸਾਲ ਮੰਜੇ ਤੇ ਰਿਹਾ। ਮਗਰੋਂ ਉਹ ਇਲਾਜ ਕਰਾਣ ਲਈ ਕੈਨੇਡਾ ਚਲਾ ਗਿਆ, ਪਰ ਉਥੇ ਵੀ ਉਸ ਨੂੰ ਅਰਾਮ ਨਾ ਆਇਆ, ਤੇ ਡੇਢ ਦੋ ਮਹੀਨੇ ਮਗਰੋਂ ਕੈਨੇਡਾ ਵਿੱਚ ਹੀ ਉਹ ਪ੍ਰਲੋਕ ਸਿਧਾਰ ਗਿਆ।

ਮੇਰੀ ਭਰਜਾਈ ਅਧਰੰਗ ਰੋਗ ਨਾਲ ਗ੍ਰੱਸਥ ਦਸ ਸਾਲ ਮੰਜੇ ਤੇ ਪਈ ਰਹੀ। ਇਕ ਹੋਰ ਪਿਆਰਾ ਮਿੱਤਰ ਕਈ ਸਾਲਾਂ ਤੋਂ ਇਸ ਚੁੰਗਲ ਵਿੱਚ ਫਸਿਆ ਪਿਆ ਰਿਹਾ, ਤੇ ਅਖੀਰ ਮੌਤ ਨੇ ਹੀ ਉਸ ਦੀ ਦੇਹੀ ਨੂੰ ਨਿਜਾਤ ਦਿਲਾਈ। ਮੈਂ ਆਪਣੇ ਆਪ ਨੂੰ ਕਿਹਾ, ''ਭਗਵਾਨ ਦੇ ਲਾਡਲੇ ਬੇਟੇ! ਸਾਰੀ ਉਮਰ ਹੁਣ ਤੈਨੂੰ ਮੰਜੇ ਤੇ ਲੇਟਿਆਂ ਲੇਟਿਆਂ ਦੂਜਿਆਂ ਦੇ ਹਥਾਂ ਵਲ ਰਹਿਮ ਦੀਆਂ ਨਜ਼ਰਾਂ ਨਾਲ ਵੇਖਦਿਆਂ-ਵੇਖਦਿਆਂ ਆਪਣੀ ਬਾਕੀ ਦੀ ਹਯਾਤੀ ਬਿਤਾਣੀ ਪਏਗੀ।''

ਰਾਤੀਂ ਹਸਪਤਾਲ ਵਿੱਚ ਲੇਟਿਆਂ ਮੈਨੂੰ ਯਾਦ ਆਇਆ, ਕਿ ਅਜ ਤੋਂ ਕਈ ਸਾਲ ਪਹਿਲਾਂ ਮੇਰੇ ਇਕ ਮਿੱਤਰ ਤ੍ਰਿਲੋਕੀ ਨਾਥ ਨੂੰ ਬੈਠਿਆਂ ਬੈਠਿਆਂ ਜ਼ੋਰ ਦਾ ਛਾਤੀ ਵਿੱਚ ਦਰਦ ਹੋਇਆ। ਘਰ ਵਾਲੇ ਉਸੇ ਵਕਤ ਉਸ ਨੂੰ ਇਰਵਨ ਹਸਪਤਾਲ ਲੈ ਗਏ। ਡਾਕਟਰਾਂ ਨੇ ਉਸ ਦੇ ਕਈ ਤਰ੍ਹਾਂ ਦੇ ਟੈਸਟ ਲਏ। ਉਸ ਨੂੰ ਮੁਕੰਮਲ ਆਰਾਮ ਦਾ ਮਸ਼ਵਰਾ ਦਿਤਾ ਗਿਆ। ਹਸਪਤਾਲ ਦੇ ਕਮਰੇ 'ਚੋਂ ਬਾਹਿਰ ਨਿਕਲਣ ਤੇ ਪਾਬੰਦੀ ਲਾ ਦਿਤੀ ਗਈ।

ਜਿਸ ਕਮਰੇ ਵਿੱਚ ਤ੍ਰਿਲੋਕੀ ਨਾਥ ਨੂੰ ਰਖਿਆ ਗਿਆ, ਉਸ ਵਿੱਚ ਕਈ ਮਰੀਜ਼ ਸਨ। ਸਾਰੇ ਮਰੀਜ਼ ਦਿਲ ਦੇ ਦੌਰੇ ਵਾਲੇ ਹੀ ਸਨ। ਕੁਝ ਬੈੱਡ ਖਾਲੀ ਸਨ। ਤ੍ਰਿਲੋਕੀ ਨਾਥ ਨੇ ਆਪਣੇ ਨਾਲ ਦੇ ਬੈੱਡ ਬਾਰੇ ਪੁਛਿਆ, ਤਾਂ ਉਸ ਨੂੰ ਦਸਿਆ ਗਿਆ, ਕਿ ਇਸ ਮਰੀਜ਼ ਦੀ ਪਰਸੋਂ ਮੌਤ ਹੋ ਗਈ ਸੀ। ਆਪਣੇ ਸਜੇ ਹਥ ਵਾਲੇ ਬੈੱਡ ਬਾਰੇ ਦਸਿਆ ਗਿਆ, ਕਿ ਇਸ ਦੀ ਕਲ ਮੌਤ ਹੋਈ ਸੀ। ਸਾਮ੍ਹਣੇ ਵਾਲੇ ਮਰੀਜ਼ ਦੀ ਅਜ ਸਵੇਰੇ ਮੌਤ ਹੋਈ ਸੀ। ਉਸ ਦੇ ਨਾਲ ਵਾਲੇ ਮਰੀਜ਼ ਨੇ ਹਸਦਿਆਂ ਹਸਦਿਆਂ ਦਸਿਆ, ''ਭਾਈ ਸਾਹਿਬ!

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਥੇ ਤਾਂ 'ਜੋ ਆਇਆ, ਸੋ ਚਲਸੀ' ਵਾਲੀ ਗੱਲ ਹੈ, ਪਿਆਰੇ! ਅਜ ਕਲ ਜਾਂ ਭਲਕੇ ਸਭ ਨੇ ਤੁਰ ਜਾਣਾ ਹੈ। ਇਕ ਹਫਤੇ ਤੋਂ ਵੱਧ ਕੋਈ ਮਰੀਜ਼ ਇਥੇ ਟਿਕ ਨਹੀਂ ਸਕਦਾ। ਇਹ ਪਕੀ ਗੱਲ ਹੈ।''

ਇਸ ਸੁਣ ਤ੍ਰਿਲੋਕੀ ਦੀ ਖਾਨਿਉਂ ਗਈ। ਸਾਰੀ ਰਾਤ ਉਸ ਨੂੰ ਨੀਂਦ ਨਾ ਆਈ। ਮੌਤ ਦਾ ਜਮਦੂਤ ਸਾਰੀ ਰਾਤ ਉਸ ਦੇ ਸਿਰਹਾਣੇ ਬੈਠਾ ਪਹਿਰਾ ਦੇ ਰਿਹਾ ਸੀ, ਕਿ ਇਹ ਕਿਧਰੇ ਹਥੋਂ ਨਿਕਲ ਹੀ ਨਾ ਜਾਵੇ। ਪਤਾ ਨਹੀਂ ਉਸ ਦੇ ਮਨ ਵਿੱਚ ਕੀ ਆਇਆ, ਇਕ ਦਮ ਹੱਲਾ ਮਾਰ ਉਹ ਉਠ ਖੜੋਤਾ। ਇਕੋ ਸਾਹ ਸਾਰੀਆਂ ਪੌੜੀਆਂ ਉਹ ਸਰਪਟ ਘੋੜੇ ਵਾਂਗ ਦੌੜਦਾ ਗਿਆ। ਹੇਠਾਂ, ਬਾਹਰ ਜਾਣ ਦਾ ਦਰਵਾਜ਼ਾ ਬੰਦ ਸੀ। ਉਹ ਵਾਪਸ ਮੁੜਿਆ। ਪਹਿਲੀ ਮੰਜ਼ਲ ਦੇ ਇਕ ਕਮਰੇ ਦੀ ਪਿਛਲੀ ਬਾਰੀ ਖੁਲ੍ਹੀ ਸੀ। ਉਹ ਹੋਲੀ ਜਿਹੀ ਬਾਹਰ ਵਾਰ ਲਟਕ ਗਿਆ, ਤੇ ਹੇਠਾਂ ਛਾਲ ਮਾਰ ਦਿਤੀ। ਮਾਮੂਲੀ ਚੋਟ ਆਈ। ਕਪੜੇ ਝਾੜ ਉਹ ਉਠ ਖੜੋਤਾ। ਸ੍ਰਾਮਣੇ ਸੜਕ ਤੇ ਇਕ ਬਸ ਆਣ ਕੇ ਖੜੋਤੀ। ਉਹ ਦੌੜ ਕੇ ਉਸ ਤੇ ਜਾ ਚੜ੍ਹਿਆ। ਇਹ ਬਸ ਕਰੋਲ ਬਾਗ ਵਲ ਜਾ ਰਹੀ ਸੀ। ਉਸ ਨੇ ਸੌ-ਸੌ ਸ਼ੁਕਰ ਮਨਾਇਆ, ਕਿ ਹੁਣ ਉਸ ਦੀ ਜਾਨ ਛੁਟ ਗਈ ਹੈ। ਜਦੋਂ ਇਹ ਬਸ ਕਰੋਲ ਬਾਗ ਜਾ ਕੇ ਖੜੋਤੀ, ਤਾਂ ਉਹ ਇਸ ਬਸ ਤੋਂ ਉਤਰ ਕੇ ਜਮਨਾ ਪਾਰ ਆਪਣੇ ਘਰ ਜਾ ਪੁਜਾ। ਦੋ ਦਿਨ ਆਰਾਮ ਕੀਤਾ। ਮਗਰੋਂ ਨੌ ਬਰ ਨੌ ਹੋ ਉਹ ਆਪਣੇ ਕੰਮ ਤੇ ਚਲਾ ਗਿਆ। ਮੁੜ ਅਜ ਤੀਕ ਉਸ ਨੂੰ ਕੋਈ ਤਕਲੀਫ ਨਾ ਹੋਈ। ਪਰ ਇਹ ਤਾਂ ਪੁਰਾਣੀਆਂ ਬਾਤਾਂ ਹਨ। ਮੇਰੀ ਸਰੀਰਕ ਤੇ ਮਾਨਸਕ ਅਵਸਥਾ ਤ੍ਰਿਲੋਕੀ ਨਾਥ ਤੋਂ ਬਿਲਕੁਲ ਵਖਰੀ ਹੈ। ਮੇਰੇ ਤੇ ਜੋ ਅਧਰੰਗ ਦਾ ਦੌਰਾ ਪਿਆ ਹੈ, ਉਸ ਨੇ ਤਾਂ ਮੇਰੀ ਜਾਨ ਹੀ ਕਢ ਲਈ ਹੈ। ਮੇਰੇ ਸਜੇ ਹਥ ਦੀਆਂ ਉਂਗਲਾਂ ਟੇਢੀਆਂ ਹੋ ਗਈਆਂ ਹਨ। ਸਜੇ ਪੈਰ ਦੀ ਵੀ ਇਹੀ ਹਾਲਤ ਹੈ। ਜ਼ਬਾਨ ਬੰਦ ਹੋ ਗਈ ਹੈ। ਜਬਾੜਾ ਜਕੜਿਆ ਗਿਆ ਹੈ। ਮੂੰਹ ਖੁਲ੍ਹਦਾ ਨਹੀਂ। ਅੰਦਰ ਪਾਣੀ, ਚਾਹ, ਦੁੱਧ ਦਾ ਘੁਟ ਜਾ ਨਹੀਂ ਸਕਦਾ। ਇਸ ਹਾਲਤ ਵਿੱਚ ਮਰੀਜ਼ ਨਠ ਵੀ ਕਿਵੇਂ ਸਕਦਾ ਹੈ? ਚੰਗੇ ਭਲੇ ਬੰਦੇ ਨੂੰ ਪ੍ਰਭੂ ਨੇ ਨਿਢਾਲ ਕਰ ਕੇ ਰਖ ਦਿਤਾ ਹੈ। ਐ ਹੋਣੀ! ਤੈਨੂੰ ਸੌ ਸੌ ਸਲਾਮ।

ਸਵੇਰ ਸਾਰ ਘਰੋਂ ਚਾਹ ਅਤੇ ਦਲੀਆ ਆ ਗਿਆ, ਪਰ ਮੇਰੀ ਤਾਂ ਜ਼ਬਾਨ ਬੰਦ ਸੀ। ਦੰਦ ਪਕੇ ਪੀਢੇ ਜਕੜੇ ਹੋਏ ਸਨ। ਪਤਾ ਨਹੀਂ ਕਦੋਂ ਨੀਂਦ ਰਾਣੀ ਦੀ ਗੋਦ ਵਿੱਚ ਮਦਹੋਸ਼ ਹੋ ਗਿਆ। ਇਸ ਲਈ ਚਾਹ ਦੀਆਂ ਕੁਝ ਬੂੰਦਾਂ, ਇਕ ਪਾਸਿਓਂ ਹੌਲੀ ਹੌਲੀ ਦੂਧ ਪੀਂਦੇ ਬੱਚੇ ਵਾਂਗ ਅੰਦਰ ਬੜੀ ਮੁਸ਼ਕਲ ਨਾਲ ਜਾ ਰਹੀਆਂ ਸਨ। ਭੁੱਖ ਵੀ ਬੰਦ ਹੋ ਚੁਕੀ ਸੀ, ਪਰ ਮਨ ਹਾਲੀ ਵੀ ਚੜ੍ਹਦੀਆਂ ਕਲਾਂ ਵਿੱਚ ਸੀ। ਮੈਂ ਰੋਜ਼ ਵਾਂਗ ਅਜ ਵੀ ਬਿਸਤਰੇ ਤੇ ਬੈਠ ਕੇ ਪਦਮ-ਆਸਨ ਲਾ ਲਿਆ। ਪ੍ਰਭੂ ਅਗੇ ਪ੍ਰਾਰਥਨਾ ਕੀਤੀ, ''ਜਿਵੇਂ ਤੂੰ ਰਖੇਂ ਸਾਈਆਂ, ਤੇਰੀ ਰਜ਼ਾ।''

ਸਵੇਰੇ ਨੌਂ ਵਜੇ ਪਰਿਵਾਰ ਵਾਲੇ ਤੇ ਦੋਸਤ ਮਿੱਤਰ ਮਿਲਣ ਆਣੇ ਸ਼ੁਰੂ ਹੋ ਗਏ। ਐਤਵਾਰ ਦਾ ਦਿਨ ਸੀ। ਪਿਛਲੇ ਚਾਲ੍ਹੀ ਸਾਲਾਂ ਤੋਂ ਮੇਰੇ ਮਿੱਤਰ ਪ੍ਰੀਤਮ ਸਿੰਘ ਆਪਣੇ ਸਾਥੀਆਂ ਨਾਲ ਕਾਰ ਤੇ ਅੱਠ ਵਜੇ ਸਵੇਰੇ ਮੇਰੇ ਘਰ ਪਹੁੰਚ ਜਾਂਦੇ ਸਨ। ਅਸੀਂ ਮਹਿਰੌਲੀ ਤੋਂ ਅਗੇ ਉਨ੍ਹਾਂ ਦੇ ਨਵਯੁਗ ਫ਼ਾਰਮ ਵਿੱਚ ਜਾ ਪਹੁੰਚਦੇ। ਨੌਂ ਵਜੇ ਦੇ ਕਰੀਬ ਦੋ ਤਿੰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੋਰ ਮਿੱਤਰ ਉਥੇ ਪਹੁੰਚ ਜਾਂਦੇ ਸਨ। ਉਥੇ ਨਾਸ਼ਤਾ ਕਰਦੇ। ਫਿਰ ਤਾਸ਼ ਦੀਆਂ ਬਾਜ਼ੀਆਂ ਲਗਣੀਆਂ ਸ਼ੁਰੂ ਹੋ ਜਾਣੀਆਂ। ਗੱਪ-ਸ਼ੱਪ ਚਲਦੀ ਰਹਿੰਦੀ। ਸਮੇਂ ਤੇ ਹਾਲਾਤ ਤੇ ਤਬਸਰਾ ਹੁੰਦਾ। ਇਹ ਮਨੋਰੰਜਨ ਦੁਪਹਿਰ ਤੀਕ ਜਾਰੀ ਰਹਿੰਦਾ। ਉਸ ਤੋਂ ਬਾਅਦ ਅਸੀਂ ਘਰ ਪਰਤ ਆਉਂਦੇ।

ਅਜ ਵੀ ਇੰਜ ਹੀ ਹੋਇਆ। ਮੇਰੇ ਮਿੱਤਰ ਪ੍ਰੀਤਮ ਸਿੰਘ ਹੋਰੀ ਚਾਹ ਤੇ ਨਾਸ਼ਤਾ ਲੈ ਕੇ ਹਸਪਤਾਲ ਪਹੁੰਚ ਗਏ। ਮੈਂ ਅਗੇ ਪਦਮ ਆਸਣ ਤੇ ਬੈਠਾ ਹੋਇਆ ਸਾਂ। ਉਹ ਮੁਸਕਰਾ ਪਏ। ਮੇਰੀ ਜ਼ਬਾਨ ਤਾਂ ਬੰਦ ਸੀ। ਮੈਂ ਅਖਾਂ ਨਾਲ ਹੀ ਇਸ਼ਾਰਾ ਕੀਤਾ, ਕਿ ਸਭ ਕੁਝ ਠੀਕ ਹੋ ਜਾਵੇਗਾ। ਅਜ ਦੀ ਛੁੱਟੀ ਦੇਣੀ ਅਗਲੇ ਐਤਵਾਰ ਜੇ ਰੱਬ ਦੀ ਮਿਹਰ ਹੋਈ, ਤਾਂ ਫਾਰਮ ਵਿੱਚ ਹੀ ਦਰਸ਼ਨ ਹੋਣਗੇ। ਇਸ਼ਾਰੇ ਨਾਲ ਹੀ ਉਨ੍ਹਾਂ ਨੂੰ ਸੰਕੇਤ ਕੀਤਾ, ਕਿ ਉਹ ਫਾਰਮ ਤੇ ਚਲੇ ਜਾਣ, ਤਾਂ ਜੋ ਹਰ ਐਤਵਾਰ ਵਾਂਗ ਇਹ ਮਹਿਫਲ ਗਰਮ ਹੁੰਦੀ ਰਹੇ।

ਸਾਰਾ ਦਿਨ ਮਿੱਤਰ ਪਿਆਰੇ ਮੁਲਾਕਾਤ ਲਈ ਆਉਂਦੇ ਰਹੇ। ਨਾਲ ਦੇ ਵਾਰਡ ਵਿੱਚ ਭੂਤਪੂਰਵ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਬਿਮਾਰ ਸਨ। ਜੋ ਮਿੱਤਰ ਉਹਨਾਂ ਨੂੰ ਮਿਲਣ ਜਾਂਦੇ, ਉਹ ਮੈਨੂੰ ਵੀ ਅਵੱਸ਼ ਆ ਕੇ ਮਿਲਦੇ। ਇੰਨੇ ਨੂੰ ਡਾਕਟਰਾਂ ਦੀ ਟੀਮ ਆਈ। ਉਨ੍ਹਾਂ ਮੇਰੀ ਦੇਖ ਭਾਲ ਕੀਤੀ। ਜ਼ੁਬਾਨ ਖੋਹਲਣ ਲਈ ਕਿਹਾ, ਪਰ ਇਹ ਤਾਂ ਸਦੀਵੀ ਤੋਰ ਤੇ ਬੰਦ ਹੋ ਗਈ ਜਾਪਦੀ ਸੀ। ਸਜਾ ਹਥ ਵੀ ਟੇਡਾ ਸ਼ੀ। ਸਿੱਧਾ ਨਹੀਂ ਸੀ ਹੋ ਸਕਦਾ। ਉਹ ਸਭ ਕੁਝ ਨੋਟ ਕਰ ਕੇ ਲੈ ਗਏ। ਟੈਂਪਰੇਚਰ ਲਿਆ ਗਿਆ, ਬਲੱਡ ਪਰੈਸ਼ਰ ਵੇਖਿਆ ਗਿਆ। ਸਭ ਕੁਝ ਤਾਂ ਨਾਰਮਲ ਸੀ। ਸਾਰਾ ਦਿਨ ਬੀਤ ਗਿਆ। ਅਗਲੀ ਰਾਤ ਵੀ ਇਸੇ ਤਰ੍ਹਾਂ ਬੀਤੀ। ਕਦੀ ਮਨ ਉਤਸ਼ਾਹ ਵਿੱਚ, ਕਦੀ ਢਹਿੰਦੀਆਂ ਕਲਾਂ ਵਿੱਚ ਜਾ ਪੁਜਦਾ। ਸਾਰੀ ਰਾਤ ਜਾਗਦਿਆਂ ਸੁਤਿਆਂ ਤੇ ਅਧ-ਸੁਤਿਆਂ ਬਿਤਾਈ। ਉਹ ਸਵਰਗੀ ਸੁਪਨੇ ਜੋ ਸਾਰੀ ਰਾਤ ਮੇਰੇ ਮਨ ਵਿੱਚ ਡੇਰਾ ਲਾਈ ਰਖਦੇ ਸਨ, ਸਭ ਅਕਾਸ਼ ਵਲ ਉਡਾਰੀ ਮਾਰ ਗਏ। ਹੁਣ ਮੈਂ ਸਾਂ ਜਾਂ ਮੇਰਾ ਰੱਬ। ਸਾਰੀ ਦੁਨੀਆਂ ਸੁੱਤੀ ਹੋਈ ਸੀ। ਮੈਂ ਜਾਗ ਰਿਹਾ ਸਾਂ। ਕਦੇ ਸਜੇ ਪਾਸੇ, ਕਦੀ ਖਬੇ ਹਥ, ਪਾਸੇ ਪਰਤਦਿਆਂ ਸਾਰੀ ਰਾਤ ਬੀਤ ਗਈ।

ਸਵੇਰ ਸਾਰ ਅਚਾਨਕ ਮੇਰੀ ਜਾਗ ਖੁਲ੍ਹੀ। ਸਭ ਕੁਝ ਨਵਾਂ ਨਵਾਂ ਹੋ ਗਿਆ ਜਾਪਦਾ ਸੀ। ਮਨ ਤੇ ਸਰੀਰ ਦੋਵੇਂ ਉਤਸ਼ਾਹ ਵਿੱਚ ਸਨ। ਘੜੀ ਵੇਖੀ ਤਾਂ ਪੂਰੇ ਚਾਰ ਵਜੇ ਸਨ। ਕੁਝ ਖਾਣ ਨੂੰ ਜੀਅ ਕੀਤਾ। ਮੇਰਾ ਛੋਟਾ ਬੇਟਾ ਪਰਮਜੀਤ ਹੇਠਾਂ ਫਰਸ਼ ਤੇ ਘੂਕ ਸੁਤਾ ਹੋਇਆ ਸੀ। ਉਸ ਨੂੰ ਜਗਾਇਆ। ਹੌਲੀ ਕੁ ਉਸ ਨੂੰ ਨੇੜੇ ਆਣ ਦਾ ਇਸ਼ਾਰਾ ਕੀਤਾ। ਆਪਣਾ ਮੂੰਹ ਉਸ ਦੇ ਕੰਨਾਂ ਕੋਲ ਲਿਜਾ ਕੇ ਹੌਲੀ ਕੁ ਮੂੰਹ 'ਚੋਂ ਰੱਬ ਦਾ ਨਾਂ ਨਿਕਲਿਆ, ''ਵਾਹਿਗੁਰੂ ਵਾਹਿਗੁਰੂ - ਰਾਮ ਰਾਮ'' ਪਰਮਜੀਤ ਨੂੰ ਕਿਹਾ ''ਬੇਟੇ! ਤੂੰ ਮੇਰੀ ਆਵਾਜ਼ ਸੁਣ ਲਈ ਹੈ?'' ਉਸ ਨੇ 'ਹਾਂ' ਵਿੱਚ ਉਤਰ ਦਿਤਾ। ਇਕ ਪਲ ਮਗਰੋਂ ਮੈਂ ਫਿਰ ਕਿਹਾ ''ਬੇਟੇ! ਰੱਬ ਨੇ ਸਭ ਦੀ ਅਰਦਾਸ ਸੁਣ ਲਈ ਹੈ। ਅਵਾਜ਼ ਵਾਪਸ ਆ ਗਈ ਹੈ। ਭੁੱਖ ਲਗੀ ਹੈ। ਜੇ ਕੁਝ ਖਾਣ ਨੂੰ ਹੈ ਤਾਂ ਲਿਆ।'' ਦੋ ਦਿਨਾਂ ਤੋਂ ਮੇਰੇ ਅੰਦਰ ਸਿਵਾਏ ਪਾਣੀ ਜਾਂ ਚਾਹ ਦੇ ਦੋ ਚਾਰ ਤੁਪਕਿਆਂ ਬਿਨਾਂ, ਕੁਝ ਗਿਆ ਨਹੀਂ ਸੀ। ਦੰਦ ਆਪੋ ਵਿੱਚ ਜੁੜ ਗਏ ਸਨ, ਤੇ ਜ਼ਬਾਨ ਉਨ੍ਹਾਂ ਦੇ ਅੰਦਰ ਕੈਦ ਹੋ ਗਈ ਸੀ। ਬੇਟੇ ਨੇ ਥੈਲੇ ਚੋਂ ਢੂੰਡ-ਢਾਂਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕੇ ਇੱਕ ਸੇਬ ਲਿਆ ਦਿਤਾ। ਉਹ ਕਟ ਕੇ ਮੈਂ ਖਾ ਲਿਆ ਤੇ ਮੁੜ ਘੂਕ ਸੌਂ ਗਿਆ। ਬੜੀ ਸ਼ਾਂਤ ਬੇ-ਗ਼ਮ ਨੀਂਦ ਆਈ। ਸਵੇਰੇ ਛੇ ਵਜੇ ਚਾਹ ਆ ਗਈ। ਉਹ ਪੀਂਦਿਆਂ ਹੀ ਬੇਟੇ ਨੇ ਦਸਿਆ, "ਦਾਰ ਜੀ! ਤੁਹਾਡੇ ਸੌਣ ਪਿਛੋਂ, ਛੇਵੀਂ ਮਜ਼ਿੰਲ ਤੋਂ ਪਹਿਲੀ ਮੰਜ਼ਲ ਤਕ ਮੈਂ ਦੌੜਦਾ ਗਿਆ, ਕਿਉਂਕਿ ਲਿਫਟ ਬੰਦ ਸੀ। ਘਰ ਟੈਲੀਫੋਨ ਕੀਤਾ। ਮੈਂ ਦਸ ਦਿਤਾ ਕਿ ਦਾਰ ਜੀ ਦੀ ਅਵਾਜ਼ ਵਾਪਸ ਪਰਤ ਆਈ ਹੈ। ਇਕ ਦਮ ਸਾਰਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਉਨ੍ਹਾਂ ਉਸੇ ਵੇਲੇ ਦੂਰ ਨੇੜੇ ਦੇ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਨੂੰ ਇਤਲਾਹ ਦੇ ਦਿਤੀ, ਕਿ ਸੰਕਟ ਟਲ ਗਿਆ ਹੈ। ਤੁਸੀਂ ਘੂਕ ਸੁਤੇ ਪਏ ਸੌ। ਘਰ ਵਾਲੇ ਹਸਪਤਾਲ ਦੌੜਦੇ ਆਏ। ਤੁਹਾਨੂੰ ਸੁਤਾ ਪਿਆ ਵੇਖ ਕੇ ਮੈਂ ਇਸ਼ਾਰਾ ਕੀਤਾ, ਕਿ ਤੁਹਾਨੂੰ ਜਗਾਇਆ ਨਾ ਜਾਏ। ਸੋ ਸਾਰਾ ਪਰਿਵਾਰ ਰੱਬ ਦਾ ਸੌ ਸੌ ਸ਼ੁਕਰ ਮਨਾਂਦਾ ਚੁਪਚਾਪ ਘਰ ਤੁਰ ਗਿਆ।"

ਹੋਣੀ, ਆਪਣਾ ਕਾਰਜ ਕਰ ਕੇ ਜਿਧਰੋਂ ਆਈ ਸੀ ਉਧਰ ਹੀ ਵਾਪਸ ਪਰਤ ਗਈ ਸੀ। 19 ਅਕਤੂਬਰ ਸੋਮਵਾਰ ਸਵੇਰੇ ਚਾਰ ਵਜੇ ਕੁਦਰਤ ਦਾ ਇਹ ਕ੍ਰਿਸ਼ਮਾ ਵਾਪਰਿਆ। ਸੋਚ ਰਿਹਾ ਸਾਂ, ਸਨਿਚਰਵਾਰ ਸ਼ਾਮ ਦੇ ਲਗਪਗ ਚਾਰ ਵਜੇ ਹੀ ਅਧਰੰਗ ਦਾ ਮਾਰੂ ਦੌਰਾ ਪਿਆ ਸੀ। ਹੁਣ ਪੂਰੇ 36 ਘੰਟੇ ਮਗਰੋਂ ਉਹ ਬਲਾ ਟਲ ਗਈ, ਜਿਸ ਬਾਰੇ ਮੈਂ ਸੋਚਦਾ ਸਾਂ, ਕਿ ਅਗਲੀ ਸਾਰੀ ਉਮਰ ਮੰਜੇ ਤੇ ਹੀ ਕਟਣੀ ਪਏਗੀ। ਆਪਣੇ ਹਥੀਂ ਕੁਝ ਵੀ ਨਹੀਂ ਕਰ ਸਕਾਂਗਾ। ਟੱਟੀ ਪਿਸ਼ਾਬ, ਨਹਾਣ, ਧੋਣ, ਸਾਰੀ ਕਿਰਿਆ ਲਈ ਦੂਜਿਆਂ ਦੇ ਮੂੰਹ ਵਲ ਵੇਖਣਾ ਪਵੇਗਾ, ਪਰ ਸਰਬਸ਼ਕਤੀਮਾਨ ਨੇ ਬਖਸ਼ਿਸ਼ ਕੀਤੀ, ਤਾਂ ਪਹਿਲਾਂ ਵਾਂਗ ਸਭ ਕੁਝ ਠੀਕ ਠਾਕ ਹੋ ਗਿਆ।

ਉਹ ਸਾਰਾ ਦਿਨ ਦੋਸਤ ਮਿੱਤਰ ਆਂਉਂਦੇ ਰਹੇ। ਮੈਨੂੰ ਤੇ ਮੇਰੇ ਪਰਿਵਾਰ ਨੂੰ ਵਧਾਈਆਂ ਦੇਂਦੇ ਰਹੇ।

9 ਵਜੇ ਸਵੇਰੇ ਡਾਕਟਰਾਂ ਦੀ ਟੀਮ ਆਈ। ਡਾਕਟਰ ਇੰਨਚਾਰਜ ਨੇ ਕਿਹਾ, "ਮੂੰਹ ਖੋਲੋ! ਜ਼ਬਾਨ ਬਾਹਰ ਕਢੋ।" ਮੈਂ ਜ਼ਬਾਨ ਬਾਹਰ ਕਢੀ। ਫਿਰ ਉਸ ਨੇ ਮੇਰੇ ਨਾਲ ਗੱਲਬਾਤ ਕੀਤੀ। ਹਥ ਸਿਧਾ ਕਰਨ ਲਈ ਕਿਹਾ। ਉਹ ਵੀ ਕਰ ਕੇ ਦਿੱਖਾ ਦਿਤਾ, ਤਾਂ ਉਹ ਸਾਰੇ ਚਕ੍ਰਿਤ ਹੋਏ, ਕਿ ਇਹ ਕੀ ਕ੍ਰਿਸ਼ਮਾ ਹੋਇਆ? ਉਸ ਨੇ ਨਾਲ ਦੇ ਡਾਕਟਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਮੈਨੂੰ ਵਧਾਈ ਦਿਤੀ। ਦੂਸਰੇ ਦਿਨ ਹਸਪਤਾਲ ਤੋਂ ਘਰ ਜਾਣ ਦੀ ਛੁੱਟੀ ਦੇ ਦਿਤੀ।

21 ਅਕਤੂਬਰ ਸ਼ੁਭ ਦਿਵਾਲੀ ਦਾ ਦਿਵਸ ਸੀ। ਸਾਰਾ ਸ਼ਹਿਰ ਖੁਸ਼ੀਆਂ ਮਨਾ ਰਿਹਾ ਸੀ। ਸ਼ਾਮ ਨੂੰ ਘਰਾਂ ਅਗੇ ਦੀਵੇ ਜਲ ਰਹੇ ਸਨ। ਪਟਾਕੇ ਛੱਡੇ ਜਾ ਰਹੇ ਸਨ। ਸਾਰੀ ਦਿੱਲੀ ਵਿੱਚ ਹੀ ਖੁਸ਼ੀ ਦੀ ਲਹਿਰ-ਬਹਿਰ ਹੋ ਰਹੀ ਸੀ। ਐਨ ਉਸ ਸਮੇਂ ਮੈਂ ਹਸਪਤਾਲੋਂ ਡਿਸਚਾਰਜ ਹੋ ਕੇ ਘਰ ਪਹੁੰਚ ਗਿਆ। ਪਰਿਵਾਰ ਵਿੱਚ ਇਕ ਦਮ ਖੁਸ਼ੀ ਦੀ ਲਹਿਰ ਪਰਵੇਸ਼ ਕਰ ਗਈ। ਤੇ ਇਹ ਸੀ ਹੋਣੀ ਦਾ ਅੰਤ। ਇਹ ਸੀ ਕੁਦਰਤ ਦਾ ਚਕ੍ਰਿਤ ਕਰਨ ਵਾਲਾ ਕ੍ਰਿਸ਼ਮਾ। ਤੇ ਉਸ ਤੋਂ ਵੀ ਚਕ੍ਰਿਤ ਕਰਨ ਵਾਲਾ ਕਾਰਨਾਮਾ, ਕਿ ਮੈਂ ਪਰਿਵਾਰ ਵਿੱਚ ਬੈਠਾ ਦੀਵਾਲੀ ਮਨਾ ਰਿਹਾ ਸਾਂ। ਦੋਵੇਂ ਹਥ ਅਕਾਸ਼ ਵਲ ਉਠ ਗਏ, ਤੇ ਮੈਂ ਪ੍ਰਭੂ ਦੀ ਅਪਾਰ ਲੀਲਾ ਵਿੱਚ ਗਵਾਚ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਸ ਹਾਦਸੇ ਮਗਰੋਂ ਡਾਕਟਰਾਂ ਦੀ ਸਮੁੱਚੀ ਰਾਏ ਸੀ, ਕਿ ਬਾਕੀ ਦੀ ਜ਼ਿੰਦਗੀ ਬੜੇ ਆਰਾਮ ਨਾਲ ਘਰ ਹੀ ਬੈਠ ਕੇ ਕਟਣੀ ਪਵੇਗੀ। ਹਲਕੀ ਜੇਹੀ ਸੈਰ ਕਰ ਸਕਦੇ ਹੋ, ਵਿਆਮ ਤੇ ਯੋਗਾ ਆਸਨ ਆਦਿ ਹੁਣ ਭੁਲੀ ਵਿਸਰੀ ਕਹਾਣੀ ਹੀ ਸਮਝਣੀ ਚਾਹੀਦੀ ਹੈ।

ਇਕ ਮਹੀਨੇ ਮਗਰੋਂ ਜਦੋਂ ਮੈਂ ਹਸਪਤਾਲ ਚੈੱਕ ਕਰਾਣ ਗਿਆ, ਤਾਂ ਡਾਕਟਰ ਨੇ ਮੇਰੀ ਸਿਹਤ ਨੂੰ ਨਾਰਮਲ ਕਰਾਰ ਦਿਤਾ। ਉਸ ਨੇ ਹਲਕੀ ਜਿਹੀ ਵਰਜ਼ਸ਼ ਕਰਨ ਦੀ ਸਲਾਹ ਦਿਤੀ। ਜਦੋਂ ਮੈਂ ਡਾਕਟਰ ਨੂੰ ਦਸਿਆ, ਕਿ ਮੈਂ ਪਹਿਲਾਂ ਵਾਂਗ, ਸੈਰ ਵਰਜ਼ਸ਼ ਤੇ ਯੋਗਾ ਆਸਨ ਸ਼ੁਰੂ ਕਰ ਦਿਤੇ ਹਨ, ਤਾਂ ਉਹ ਮੇਰੀ ਗੱਲ ਸੁਣ ਕੇ ਹੈਰਾਨ ਰਹਿ ਗਿਆ।

ਉਪ੍ਰੋਕਤ ਹਾਦਸਾ ਅਚਾਨਕ ਵਾਪਰ ਗਿਆ ਸੀ। ਇਸ ਹਾਦਸੇ ਤੋਂ ਠੀਕ ਇਕ ਸਾਲ ਪਹਿਲਾਂ 12 ਅਕਤੂਬਰ ਤੋਂ 23 ਅਕਤੂਬਰ 1986 ਵਿੱਚ ਯੂਥ ਹੋਸਟਲ ਐਸੋਸੀਏਸ਼ਨ ਆਫ ਇੰਡੀਆ ਦੇ ਟਰੈਕਿੰਗ ਪ੍ਰੋਗਰਾਮ ਵਿੱਚ ਮੈਂ ਸਰਹਾਨ ਤੋਂ ਸਾਂਗਲ ਵਾਦੀ (ਹਿਮਾਚਲ) ਵਿੱਚ ਸ਼ਾਮਲ ਹੋਇਆ ਸੀ। ਇਸ ਮਗਰੋਂ ਸੰਨ 1988 ਵਿੱਚ ਮੈਂ ਕਸ਼ਮੀਰ ਦੀ ਯਾਤਰਾ ਕੀਤੀ। ਸ੍ਰੀ ਨਗਰ, ਗੁਲਮਰਗ ਤੇ ਪਹਿਲਗਾਮ ਵਿੱਚ 15 ਦਿਨ ਗੁਜ਼ਾਰੇ।

ਸੰਨ 1989 ਮਈ ਵਿੱਚ ਮੈਂ ਦਾਦਾ ਚੇਲਾ ਰਾਮ ਦੇ ਆਸ਼ਰਮ ਸੋਲਨ ਵਿੱਚ ਕੁਝ ਦਿਨ ਰਿਹਾ। ਚਹਿਲ ਤੇ ਸੋਲਨ ਦੀ ਯਾਤਰਾ ਮਗਰੋਂ ਬੜੂ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ।

ਜਦੋਂ ਬੜੂ ਸਾਹਿਬ ਤੋਂ ਵਾਪਸ ਚੰਡੀਗੜ੍ਹ ਪੁਜਿਆ, ਤਾਂ ਫਿਰ ਤਬੀਅਤ ਮਚਲ ਉਠੀ ਤੇ ਚੰਡੀਗੜ੍ਹ ਤੋਂ ਬਸ ਫੜ ਕੇ ਕੁਝ ਦਿਨਾਂ ਲਈ ਮੈਂ ਡਲਹੋਜ਼ੀ ਖਜਾਰ, ਤੇ ਚੰਬੇ ਦਾ ਸਫਰ ਕੀਤਾ। ਇਸ ਤਰ੍ਹਾਂ ਮੈਂ ਇਸ ਯਾਤਰਾ ਦਾ ਆਨੰਦ ਮਾਣਿਆ।

ਇਸ ਤੋਂ ਦੋ ਮਹੀਨੇ ਮਗਰੋਂ ਸਤੰਬਰ 89 ਵਿੱਚ ਮੈਂ ਆਪਣੇ ਸਤਿਕਾਰਯੋਗ ਬਜ਼ੁਰਗ, ਸ: ਸੋਭਾ ਸਿੰਘ ਆਰਟਿਸਟ ਦੇ ਅੰਧਰੇਟਾ ਸਟੂਡੀਓ ਦੇ ਦਰਸ਼ਨ ਕੀਤੇ। ਮਗਰੋਂ ਇਕ ਹਫਤੇ ਲਈ ਕੂਲੂ, ਮਨਾਲੀ ਰੋਹਤਾਂਗ ਪਾਸ ਕਲਿੰਗ ਤੋਂ ਹੋ ਕੇ ਮਨੀਕਰਨ ਦੀ ਯਾਤਰਾ ਕਰ ਕੇ ਦਿੱਲੀ ਵਾਪਸ ਪਹੁੰਚਿਆ ਹੀ ਸੀ, ਕਿ 20 ਅਕਤੂਬਰ 1989 ਨੂੰ ਹੇਮ-ਕੁੰਟ ਤੇ ਬਦਰੀ ਨਾਥ ਦੀ ਯਾਤਰਾ ਦਾ ਆਪਣੇ ਭਤੀਜੇ ਤਰਲੋਚਨ ਸਿੰਘ, ਉਸ ਦੀ ਪਤਨੀ ਪਰਮਜੀਤ ਤੇ ਬੱਚਿਆਂ ਨਾਲ ਪ੍ਰੋਗਰਾਮ ਬਣ ਗਿਆ।*

ਇਸ ਮਗਰੋਂ ਅਗਲੇ ਹੀ ਸਾਲ 1991 ਵਿੱਚ ਆਪਣੇ ਮਿੱਤਰ ਲੈ: ਕਰਨਲ ਦਲਵਿੰਦਰ ਸਿੰਘ ਗ੍ਰੇਵਾਲ ਹੋਰਾਂ ਦੇ ਨਿਮੰਤ੍ਰਣ ਤੇ ਮੈਂ ਬੰਗਾਲ ਪ੍ਰਾਂਤ ਦੇ ਜਲਪਾਈਗੁੜੀ, ਸਿਲੀਗੁੜੀ ਦਾਰਜਲਿੰਗ, ਮਿਰਕ, ਗੰਟੋਕ, ਕਾਲੀਪਾਂਗ (ਸਿਕਮ) ਦੀ ਯਾਤਰਾ ਕੀਤੀ। 15 ਅਗਸਤ 1991 ਨੂੰ ਸਵੇਰ ਦੀ ਗਡੀ ਫੜ ਕੇ ਆਪਣੇ ਇਕ ਅਜ਼ੀਜ਼ ਨਾਲ ਮੈਂ ਨੀਊ ਜਲਪਾਈ-ਗੁੜੀ ਜਾ ਪੁਜਾ। ਅਗੇ ਆਪਣੇ ਮਿੱਤਰ ਗ੍ਰੇਵਾਲ ਹੋਰੀ ਸਟੇਸ਼ਨ ਤੇ ਆਏ ਹੋਏ ਸਨ। ਸੋ ਅਸੀਂ ਉਨ੍ਹਾਂ ਦੇ ਬੰਗਲੇ ਜਾ ਪੁਜੇ। ਪੂਰੇ ਦਸ ਦਿਨ ਦਾਰਜਲਿੰਗ, ਮਿਰਕ ਕਾਲੀਪਾਂਗ, ਗੰਟੋਕ, ਸਿਲੀਗੁੜੀ ਆਦਿ ਥਾਵਾਂ ਦੀ ਬੜੀ ਆਨੰਦ-ਦਾਇਕ ਯਾਤਰਾ ਕੀਤੀ। ਕਰਨਲ ਗ੍ਰੇਵਾਲ

*ਬੜਾ ਪਿਆਰਾ ਅਜ਼ੀਜ਼ ਤਰਲੋਚਨ ਸਿੰਘ ਦਿਲ ਦਾ ਦੌਰਾ ਪੈਣ ਤੇ 9 ਅਗਸਤ 1992 ਨੂੰ ਪਰਲੋਕ ਸਿਧਾਰ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹੋਰਾਂ ਕਾਫ਼ੀ ਥਾਵਾਂ ਵਿਖਾਣ ਲਈ ਮੇਰਾ ਸਾਥ ਦਿਤਾ, 27 ਅਗਸਤ ਨੂੰ ਵਾਪਸ ਦਿੱਲੀ ਆ ਗਏ।

ਆਪਣੀ ਜ਼ਿੰਦਗੀ ਦੀ ਸ਼ਾਮ ਆਉਣ ਤੋਂ ਪਹਿਲਾਂ ਪਹਿਲਾਂ ਕੁਝ ਹੋਰ ਪਹਾੜੀ ਅਸਥਾਨਾਂ ਦੀ ਯਾਤਰਾ ਕਰਨ ਦਾ ਪ੍ਰੋਗਰਾਮ ਬਣਾ ਰਿਹਾ ਹਾਂ। ਜੇ ਕੁਦਰਤ ਮੇਰੇ ਤੇ ਮਿਹਰਬਾਨ ਰਹੀ ਤਾਂ "ਬੋਲੋ ਹੀ ਰਾਮ" ਤੋਂ ਪਹਿਲਾਂ ਪਹਿਲਾਂ ਇਹ ਪ੍ਰੋਗਰਾਮ ਵੀ ਸਿਰੇ ਚੜ੍ਹ ਜਾਇਗਾ, ਵਰਨਾ ਹਰੀ ਇੱਛਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮਨੁੱਖਤਾ ਅਜੇ ਜੀਉਂਦੀ ਹੈ

ਪਹਿਲੀ ਮਾਰਚ ਸੰਨ 1990 ਦੇ ਦਿਨ, ਮੈਂ ਸਵੇਰੇ ਦਸ ਵਜੇ ਅਖਬਾਰ ਪੜ੍ਹ ਰਿਹਾ ਸਾਂ, ਕਿ ਇਕ ਦਮ ਟੈਲੀਫੂਨ ਦੀ ਘੰਟੀ ਖੜਕੀ। ਦੂਜੇ ਪਾਸਿਉਂ ਆਵਾਜ਼ ਆਈ, "ਤੁਹਾਡਾ ਬੇਟਾ ਪਰਮਜੀਤ ਹੈ?"

ਮੇਰੇ 'ਹਾਂ' ਕਹਿਣ ਤੇ ਉਹ ਸਜੱਣ ਬੋਲਿਆ, "ਮੈਂ ਸਫਦਰਜੰਗ ਹਸਪਤਾਲ ਦੇ ਐਮਰਜੈਂਸੀ ਵਾਰਡ ਤੋਂ ਪੁਲਸ ਅਫਸਰ ਬੋਲ ਰਿਹਾ ਹਾਂ। ਤੁਹਾਡਾ ਬੇਟਾ ਪਰਮਜੀਤ ਮੋਟਰ ਹਾਦਸੇ ਵਿੱਚ ਸੜਕ ਤੇ ਬੇਹੋਸ਼ ਹੋ ਕੇ ਡਿੱਗ ਪਿਆ ਸੀ। ਉਹ ਬੇਹੋਸ਼ੀ ਦੀ ਹਾਲਤ ਵਿੱਚ ਐਮਰਜੈਂਸੀ ਵਾਰਡ ਵਿੱਚ ਆ ਪੁਜਾ ਹੈ। ਤੁਸੀਂ ਇਕ ਦਮ ਹਸਪਤਾਲ ਪਹੁੰਚੋ।"

ਇਹ ਖਬਰ ਸੁਣ ਅਖਬਾਰ ਮੇਰੇ ਹੱਥੋਂ ਡਿੱਗ ਪਈ। ਚਾਹ ਦਾ ਕੱਪ ਮੈਂ ਮੇਜ਼ ਤੇ ਰੱਖ ਦਿਤਾ। ਹਾਦਸੇ ਦੀ ਖਬਰ ਨਾਲ ਮੈਂ ਇਕ ਦਮ ਘਬਰਾ ਗਿਆ। ਥਿੜਕਦੇ ਹੋਏ ਸ਼ਬਦਾਂ ਵਿੱਚ ਪਤਨੀ ਨੂੰ ਦਸਿਆ, "ਮੈਂ ਹਸਪਤਾਲ ਜਾ ਰਿਹਾ ਹਾਂ। ਪਰਮਜੀਤ ਨਾਲ ਕੋਈ ਹਾਦਸਾ ਵਾਪਰ ਗਿਆ ਹੈ।" ਇਸ ਤੋਂ ਅਗੇ ਮੈਂ ਕੁਝ ਨਾ ਕਹਿ ਸਕਿਆ। ਇੰਨੇ ਨੂੰ ਫਿਰ ਦੂਬਾਰਾ ਫੋਨ ਦੀ ਘੰਟੀ ਖੜਕੀ। ਦੂਜੇ ਪਾਸਿਓਂ ਆਵਾਜ਼ ਆਈ, "ਮੈਂ ਸ੍ਰ: ਪਿਆਰਾ ਸਿੰਘ ਦਾਤਾ ਨਾਲ ਗੱਲ ਕਰਨੀ ਚਾਹੁੰਦਾ ਹਾਂ।"

"ਮੈਂ ਬੋਲ ਰਿਹਾ ਹਾਂ ਜੀ" ਮੈਂ ਉੱਤਰ ਦਿਤਾ।

ਉਧਰੋਂ ਆਵਾਜ਼ ਆਈ, "ਮੈਂ ਰਣਜੀਤ ਕੁਮਾਰ, ਸਫਦਰਜੰਗ ਹਸਪਤਾਲ ਤੋਂ ਬੋਲ ਰਿਹਾ ਹਾਂ। ਆਈ.ਐਨ.ਏ. ਦੇ ਸਾਹਮਣੇ ਪੈਟਰੋਲ ਪੰਪ ਦੇ ਪਾਸ ਇਕ ਹਾਦਸੇ ਵਿੱਚ ਮਾਰੂਤੀ ਕਾਰ ਵਾਲਾ ਤੁਹਾਡੇ ਬੇਟੇ ਪਰਮਜੀਤ ਦੇ ਸਕੂਟਰ ਨੂੰ ਟਕਰ ਮਾਰ ਕੇ ਨਠ ਗਿਆ ਸੀ। ਮੈਂ ਪਿਛੋਂ ਆਪਣੀ ਕਾਰ ਤੇ ਆ ਰਿਹਾ ਸਾਂ। ਮੈਂ, ਇਕ ਬੰਦੇ ਦੀ ਮਦਦ ਨਾਲ ਬੇਹੋਸ਼ ਪਏ ਪਰਮਜੀਤ ਨੂੰ ਸੜਕ ਤੋਂ ਚੁੱਕ ਕੇ ਆਪਣੀ ਕਾਰ ਵਿੱਚ ਲਿਟਾ ਕੇ ਸਫਦਰਜੰਗ ਹਸਪਤਾਲ ਵਿੱਚ ਲੈ ਆਇਆ ਹਾਂ। ਅਸੀਂ ਐਮਰਜੈਂਸੀ ਵਾਰਡ ਵਿੱਚ ਹਾਂ। ਕੋਈ ਫਿਕਰ ਵਾਲੀ ਗੱਲ ਨਹੀਂ। ਤੁਸੀਂ ਜਲਦੀ ਪਹੁੰਚ ਜਾਓ।"

ਮੈਂ ਆਪਣੇ ਬਿਖਰੇ ਹੋਏ ਸਾਹਸ ਨੂੰ ਇਕੱਠਿਆਂ ਕਰ, ਆਪਣੇ ਮਿੱਤਰ ਡਾ: ਅਰਜਨ ਸਿੰਘ ਨੂੰ, ਮੈਡੀਕਲ ਹਸਪਤਾਲ ਵਿੱਚ ਟੈਲੀਫੂਨ ਕੀਤਾ, ਕਿ ਉਹ ਛੇਤੀ ਹੀ ਸਫਦਰਜੰਗ ਐਮਰਜੈਂਸੀ ਵਾਰਡ ਵਿੱਚ ਪਹੁੰਚ ਜਾਣ। ਮੇਰੇ ਬੇਟੇ ਪਰਮਜੀਤ ਨਾਲ ਕੋਈ ਹਾਦਸਾ ਵਾਪਰ ਗਿਆ, ਹੈ। ਮੈਂ ਉਥੇ ਹੀ ਪਹੁੰਚ ਰਿਹਾ ਹਾਂ।"

ਇਸ ਦੇ ਨਾਲ ਹੀ ਮੈਂ ਆਪਣੇ ਵਡੇ ਬੇਟੇ ਰਾਜਿੰਦਰ ਸਿੰਘ ਨੂੰ ਪ੍ਰੈਸ ਵਿੱਚ ਖਬਰ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦਿਤੀ ਕਿ ਉਹ ਫੋਰਨ ਸਫਦਰਜੰਗ ਹਸਪਤਾਲ ਪੁਜ ਜਾਵੇ। ਸਫਦਰਜੰਗ ਜਾਣ ਲਈ ਮੈਂ ਆਪਣਾ ਸਕੂਟਰ ਕਢਿਆ। ਏਨੇ ਚਿਰ ਨੂੰ ਮੇਰੀ ਨੂੰਹ ਜਸਬੀਰ ਕੌਰ ਆ ਗਈ। ਉਸ ਨੂੰ ਵੀ ਹਾਦਸੇ ਦੀ ਖਬਰ ਮਿਲ ਗਈ ਸੀ। ਉਹ ਵੀ ਮੇਰੇ ਨਾਲ ਸਕੂਟਰ ਤੇ ਬੈਠ ਗਈ। ਮੈਂ ਨਹੀਂ ਸੀ ਚਾਹੁੰਦਾ, ਕਿ ਇਸ ਘੜੀ ਕੋਈ ਮੇਰੇ ਨਾਲ ਸਕੂਟਰ ਤੇ ਬੈਠੇ, ਕਿਉਂਕਿ ਮੈਂ ਆਪ ਬੜੀ ਘਬਰਾਹਟ ਵਿੱਚ ਸਾ। ਕਿਧਰੇ ਸਕੂਟਰ ਸਮੇਤ ਹੀ ਅਸੀਂ ਦੋਵੇਂ ਡਿੱਗ ਨਾ ਪਈਏ, ਪਰ ਮੈਂ ਕੁਝ ਕਹਿ ਨਾ ਸਕਿਆ ਤੇ ਸਫਦਰਜੰਗ ਵਲ ਚਲ ਪਿਆ।

ਰਾਹ ਵਿੱਚ ਕਈ ਕਿਸਮ ਦੇ ਖਿਆਲ ਆਉਣ। ਪਤਾ ਨਹੀਂ ਮੇਰੇ ਬੇਟੇ ਦੀ ਕੀ ਹਾਲਤ ਹੋਵੇਗੀ? ਕਿੱਡਾ ਕੁ ਭਿਆਨਕ ਹਾਦਸਾ ਹੋਇਆ ਹੋਵੇਗਾ, ਜਿਸ ਨਾਲ ਹਾਲੀਂ ਵੀ ਉਸ ਨੂੰ ਹੋਸ਼ ਨਹੀਂ ਆਈ। ਮੇਰੇ ਵਾਂਗ ਹੀ ਮੇਰੇ ਵਡੇ ਬੇਟੇ ਰਾਜਿੰਦਰ ਸਿੰਘ ਦੀ ਇਹ ਖਬਰ ਸੁਣ ਕੇ ਕੀ ਹਾਲਤ ਹੋਈ ਹੋਵੇਗੀ? ਜਿਸ ਨੂੰ ਮੈਂ ਹੁਣੇ ਹੁਣੇ ਫੋਨ ਤੇ ਇਹ ਸੂਚਨਾ ਦਿਤੀ ਸੀ। ਜੇ ਪਰਮਜੀਤ ਨੂੰ ਕੁਝ ਹੋ ਗਿਆ, ਤਾਂ ਮੇਰੀ ਕੀ ਹਾਲਤ ਹੋਵੇਗੀ? ਸਕੂਟਰ ਚਲਾਂਦੇ ਚਲਾਂਦੇ 'ਵਾਹਿਗੁਰੂ ਸਤਿਨਾਮ, ਰਾਮ ਰਾਮ, ਅੱਲਾ ਤੇ ਗਾਡ' ਦਾ ਜੱਪਾ ਜਾਪ ਕਰਦਿਆਂ ਰਾਹ ਵਿੱਚ ਆਈਆਂ ਲਾਲ ਹਰੀਆਂ ਬਤੀਆਂ ਕੋਲੋਂ ਲੰਘਦਿਆਂ, ਇਉਂ ਜਾਪੇ, ਕਿ ਜਿਵੇਂ ਮੇਰਾ ਸਕੂਟਰ ਵੀ ਕਿਸੇ ਹਾਦਸੇ ਦਾ ਸ਼ਿਕਾਰ ਹੋ ਰਿਹਾ ਹੈ ਪਰ ਥੋੜੀ ਦੂਰ ਜਾ ਕੇ ਮੈਨੂੰ ਅਜਿਹਾ ਮਹਿਸੂਸ ਹੋਇਆ, ਜਿਵੇਂ ਕੋਈ ਰੱਬੀ ਸ਼ਕਤੀ ਇਹ ਕਹਿ ਰਹੀ ਹੋਵੇ, "ਤੂੰ ਫਿਕਰ ਨਾ ਕਰ। ਕੁਝ ਨਹੀਂ ਹੋਣਾ। ਸਭ ਕੁਝ ਠੀਕ ਹੋ ਜਾਵੇਗਾ।" ਬਸ ਇਸ ਆਵਾਜ਼ ਨੇ ਮੈਨੂੰ ਸ਼ਕਤੀ ਦਿਤੀ ਤੇ ਮੈਂ ਬਿਲਕੁਲ ਸਾਵਧਾਨ ਹੋ ਕੇ ਹਸਪਤਾਲ ਜਾ ਪੁੱਜਾ।

ਹਸਪਤਾਲ ਵਿੱਚ ਪਹੁੰਚ ਕੇ ਮੈਂ ਹਾਲੀਂ ਐਮਰਜੈਂਸੀ ਵਾਰਡ ਲਭ ਹੀ ਰਿਹਾ ਸੀ, ਕਿ ਹਸਪਤਾਲ ਦੀ ਦੋ ਪਹੀਆਂ ਵਾਲੀ ਕੁਰਸੀ ਤੇ ਬੈਠਾ ਪਰਮਜੀਤ ਮੈਨੂੰ ਆਵਾਜ਼ ਮਾਰ ਰਿਹਾ ਸੀ। ਕੋਲ ਪਹੁੰਚਿਆ, ਤਾਂ ਉਥੇ ਡਾ: ਅਰਜਨ ਸਿੰਘ, ਇਕ ਹਿੰਦੂ ਸਜਣ ਤੇ ਇਕ ਪੁਲਿਸ ਅਧਿਕਾਰੀ ਵੀ ਖੜੋਤੇ ਹੋਏ ਮਿਲੇ।

ਡਾ: ਅਰਜਨ ਸਿੰਘ ਹੋਰਾਂ ਦਸਿਆ ਕਿ ਪਰਮਜੀਤ ਦਾ ਐਕਸਰੇ ਕਰਵਾ ਲਿਆ ਹੈ। ਇਹ ਹੁਣ ਬਿਲਕੁਲ ਠੀਕ ਹੈ, ਫਿਕਰ ਦੀ ਕੋਈ ਗੱਲ ਨਹੀਂ।

ਦੂਜੇ ਸੱਜਣ ਨੇ ਆਪਣੀ ਜਾਣ-ਪਛਾਣ ਕਰਵਾਈ, "ਮੇਰਾ ਨਾਂ ਰਣਜੀਤ ਕੁਮਾਰ ਹੈ। ਜਦੋਂ ਪਰਮਜੀਤ ਨੂੰ ਸੜਕ ਤੇ ਬੇਹੋਸ਼ ਪਿਆ ਵੇਖਿਆ, ਤਾਂ ਉਸ ਨੂੰ ਉਥੋਂ ਉਠਾ ਕੇ ਇਥੇ ਲੈ ਆਇਆ ਸੀ। ਉਦੋਂ ਹੀ ਮੈਂ ਤੁਹਾਨੂੰ ਟੈਲੀਫੋਨ ਕਰ ਦਿਤਾ ਸੀ। ਹੁਣ ਪਰਮਜੀਤ ਹੋਸ਼ ਵਿੱਚ ਆ ਗਿਆ ਹੈ। ਸੋ ਕੋਈ ਚਿੰਤਾ ਦੀ ਗੱਲ ਨਹੀਂ।"

ਮੈਨੂੰ ਪਰਮਜੀਤ ਨੂੰ ਠੀਕ ਠਾਕ ਵੇਖ ਕੇ ਬੜੀ ਖੁਸ਼ੀ ਹੋਈ। ਉਸ ਨੂੰ ਫੜ ਕੇ ਹਸਪਤਾਲ ਦੇ ਬੈੱਡ ਤੇ ਲਿਟਾ ਦਿਤਾ। ਜਦੋਂ ਉਹ ਉਠਦਾ, ਉਸ ਦੇ ਸਿਰ ਨੂੰ ਚਕਰ ਆਉਂਦੇ। ਲੇਟਿਆ ਉਹ ਠੀਕ ਰਹਿੰਦਾ। ਡਿਗਣ ਨਾਲ ਉਸ ਦੇ ਸੱਜੇ ਗੋਡੇ ਤੇ ਸਟ ਵੱਜੀ ਸੀ। ਗੋਡੇ 'ਚੋਂ ਹਾਲੀਂ ਵੀ ਖੂਨ ਚੋ ਰਿਹਾ ਸੀ। ਡਾਕਟਰ ਨੇ ਖੂਨ ਸਾਫ ਕਰ ਕੇ ਗੋਡੇ ਤੇ ਹੋਰ ਥਾਵਾਂ ਤੇ ਪੱਟੀ ਕਰ ਦਿਤੀ, ਤੇ ਉਸ ਨੂੰ ਗੁਲੂਕੋਸ ਚੜ੍ਹਾਉਣਾ ਸ਼ੁਰੂ ਕਰ ਦਿਤਾ।

ਪਰਉਪਕਾਰੀ ਸਜਣ ਰਣਜੀਤ ਕੁਮਾਰ ਕਿਸੇ ਦਫਤਰ ਵਿੱਚ ਅਫਸਰ ਸੀ। ਉਸ ਨੇ ਆਪਣੇ ਦਫਤਰ ਟੈਲੀਫੂਨ ਕੀਤਾ, "ਮੈਂ ਇਕ ਨੌਜਵਾਨ ਨੂੰ ਸਫਦਰਜੰਗ ਹਸਪਤਾਲ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦਾਖਲ ਕਰਵਾਇਆ ਹੈ। ਕੁਝ ਦੇਰ ਮੈਨੂੰ ਲਗ ਸਕਦੀ ਹੈ। ਜਦੋਂ ਵੀ ਮੈਨੂੰ ਫੁਰਸਤ ਮਿਲੀ, ਦਫਤਰ ਪਹੁੰਚ ਜਾਵਾਂਗਾ।"

ਹਾਦਸੇ ਦੀ ਤਫਸੀਲ ਦਸਦਿਆਂ ਹੋਇਆ ਰਣਜੀਤ ਕੁਮਾਰ ਨੇ ਦਸਿਆ, "ਮੈਂ ਆਪਣੀ ਮਾਰੂਤੀ ਤੇ ਆਪਣੇ ਦਫਤਰ ਜਾ ਰਿਹਾ ਸੀ। ਆਈ.ਐਨ.ਏ. ਦੇ ਨਾਲ ਕਰ ਕੇ ਪਟਰੋਲ ਪੰਪ ਦੇ ਨੇੜੇ ਸੜਕ ਤੇ ਪਰਮਜੀਤ ਨੂੰ ਆਪਣੇ ਸਕੂਟਰ ਤੇ ਜਾਂਦਿਆਂ ਦੇਖਿਆ। ਮੇਰੇ ਸਾਹਮਣੇ ਹੀ ਉਸ ਕੋਲੋਂ ਇਕ ਮਾਰੂਤੀ ਲੰਘੀ, ਜੋ ਉਸ ਨੂੰ ਠੋਕਰ ਮਾਰ ਕੇ ਸੜਕ ਤੇ ਸੁੱਟ ਆਪ ਨੱਠ ਗਈ। ਮੈਂ ਆਪਣੀ ਕਾਰ ਖੜੀ ਕੀਤੀ। ਪਰਮਜੀਤ ਨੂੰ ਉਠਾਇਆ, ਪਰ ਉਹ ਬੇਹੋਸ਼ੀ ਦੀ ਹਾਲਤ ਵਿੱਚ ਖੜੋ ਨਾ ਸਕਿਆ। ਨਾਲ ਵਾਲੇ ਪੈਟਰੋਲ ਪੰਪ ਤੋਂ ਮੈਂ ਇਕ ਮਕੈਨਿਕ ਨੂੰ ਆਵਾਜ਼ ਮਾਰੀ। ਅਸਾਂ ਦੋਹਾਂ ਚੁੱਕ ਕੇ ਇਸ ਨੂੰ ਕਾਰ ਵਿੱਚ ਪਾਇਆ। ਮਕੈਨਿਕ ਨੇ ਨੱਠੀ ਜਾਂਦੀ ਕਾਰ ਦਾ ਨੰਬਰ ਵੀ ਨੋਟ ਕਰ ਲਿਆ ਸੀ, ਤੇ ਸਕੂਟਰ ਨੂੰ ਰੇਹੜ ਕੇ ਅਸੀਂ ਪੈਟਰੋਲ ਪੰਪ ਤੇ ਖੜਾ ਕਰ ਦਿਤਾ। ਇਸ ਤਰ੍ਹਾਂ ਅਸੀਂ ਦੋਵੇਂ ਪਰਮਜੀਤ ਨੂੰ ਲੈ ਕੇ ਸਫਦਰਜੰਗ ਹਸਪਤਾਲ ਪਹੁੰਚ ਗਏ।"

ਮੈਂ ਹੈਰਾਨ ਸੀ, ਕਿ ਰਣਜੀਤ ਕੁਮਾਰ ਦੇ ਸਾਹਮਣੇ ਇਹ ਹਾਦਸਾ ਹੋਇਆ ਸੀ। ਉਸ ਨੇ ਆਪਣੀ ਗੱਡੀ ਰੋਕ ਕੇ ਪਰਮਜੀਤ ਨੂੰ ਉਠਾ ਕੇ ਆਪਣੀ ਗੱਡੀ ਵਿੱਚ ਲਿਟਾ ਕੇ ਹਸਪਤਾਲ ਵਿੱਚ ਪਹੁੰਚਾਇਆ। ਇਹ ਬੜੀ ਸੂਰਮਗਤੀ ਤੇ ਜਵਾਂ ਮਰਦੀ ਦੀ ਗੱਲ ਹੈ। ਕੌਣ ਕਿਸੇ ਡਿੱਗੇ ਪਏ ਬੇਹੋਸ਼ ਜਵਾਨ ਨੂੰ ਉਠਾ ਕੇ ਆਪਣੀ ਕਾਰ ਵਿੱਚ ਪਾ ਹਸਪਤਾਲ ਲਿਜਾਣ ਦਾ ਖਤਰਾ ਮੁਲ ਲੈ ਸਕਦਾ ਹੈ? ਪੁਲਿਸ ਤਾਂ ਸਭ ਤੋਂ ਪਹਿਲਾਂ ਮਰੀਜ਼ ਨੂੰ ਹਸਪਤਾਲ ਲਿਜਾਣ ਵਾਲੇ ਬੰਦੇ ਨੂੰ ਫੜਦੀ, ਤੇ ਉਸ ਨੂੰ ਫਸਾਣ ਦੀ ਕੋਸ਼ਿਸ਼ ਕਰਦੀ ਹੈ।

ਜਦੋਂ ਮੈਂ ਆਪਣੇ ਦਿਲ ਦੀ ਗੱਲ ਰਣਜੀਤ ਕੁਮਾਰ ਨੂੰ ਦਸੀ, ਤਾਂ ਉਹ ਪਹਿਲਾਂ ਤਾ ਖਿੜਖਿੜਾ ਕੇ ਹਸਿਆ ਪਰ ਕੁਝ ਪਲ ਮਗਰੋਂ ਉਹ ਭਾਵੁਕ ਹੋ ਕੇ ਕਹਿਣ ਲੱਗਾ "ਦਾਤਾ ਜੀ! ਅੱਜ ਤੋਂ ਦਸ ਸਾਲ ਪਹਿਲਾਂ ਮੈਂ ਆਪਣੇ ਦਫਤਰ ਜਾ ਰਿਹਾ ਸੀ, ਕਿ ਦਫਤਰ ਦੇ ਨੇੜੇ ਹੀ ਇਕ ਫੈਕਟਰੀ ਦੀ ਨੁਕੜ ਤੇ ਮੇਰੀ ਕਾਰ ਨਾਲ ਹਾਦਸਾ ਹੋ ਗਿਆ। ਮੈਂ ਬੇਹੋਸ਼ ਹੋ ਗਿਆ। ਮੈਨੂੰ ਕਾਫੀ ਸੱਟਾਂ ਵਜੀਆਂ, ਪਰ ਕੋਈ ਨੇੜੇ ਨਾ ਆਵੇ। ਏਨੇ ਨੂੰ ਉਸ ਫੈਕਟਰੀ ਦੇ ਚੌਕੀਦਾਰ ਨੇ ਦੋ-ਤਿੰਨ ਬੰਦਿਆਂ ਨੂੰ ਅਵਾਜ਼ ਮਾਰ ਕੇ ਆਪਣੀ ਮਦਦ ਲਈ ਬੁਲਾਇਆ। ਉਨ੍ਹਾਂ ਲੋਕਾਂ ਮੈਨੂੰ ਹਸਪਤਾਲ ਪਹੁੰਚਾਇਆ। ਕਈ ਦਿਨਾਂ ਮਗਰੋਂ ਮੈਨੂੰ ਹੋਸ਼ ਆਈ। ਮੇਰੇ ਸਰੀਰ ਤੇ ਕਾਫੀ ਜ਼ਖਮ ਆਏ ਸਨ। ਪਟੀਆਂ ਬੱਝੀਆਂ ਹੋਈਆਂ ਸਨ। ਟੰਗ ਤੇ ਪਲਸਤਰ ਲੱਗਾ ਹੋਇਆ ਸੀ। ਡਾਕਟਰ ਨੇ ਦਸਿਆ, "ਤੂੰ ਹੁਣ ਖਤਰੇ ਤੋਂ ਬਾਹਰ ਹੈਂ। ਚਿੰਤਾ ਵਾਲੀ ਕੋਈ ਗੱਲ ਨਹੀਂ।"

"ਕਈ ਮਹੀਨੇ ਮੈਂ ਹਸਪਤਾਲ ਵਿੱਚ ਰਿਹਾ। ਹਸਪਤਾਲ ਦੇ ਡਾਕਟਰ ਤੋਂ ਮੈਂ ਪੁਛਿਆ ਕਿ ਮੈਂ ਇਥੇ ਕਿਸ ਤਰ੍ਹਾਂ ਪੁਜਾ ਹਾਂ? ਤਾਂ ਉਨ੍ਹਾਂ ਨੇ ਦਸਿਆ ਕਿ ਤੁਹਾਡੇ ਦਫਤਰ ਦੇ ਨੇੜੇ ਇਕ ਫੈਕਟਰੀ ਦਾ ਚੌਕੀਦਾਰ, ਜੋ ਆਪਣੇ ਤਿੰਨ ਸਾਥੀਆਂ ਨੂੰ ਨਾਲ ਲੈ ਕੇ ਤੁਹਾਨੂੰ ਇਥੇ ਦਾਖਲ ਕਰਾਣ ਆਇਆ ਸੀ। ਕੁਝ ਦਿਨ ਉਹ ਤੁਹਾਡੀ ਖਬਰ ਸੁਰਤ ਵੀ ਲੈਣ ਆਉਂਦਾ ਰਿਹਾ ਜਦੋਂ ਉਸ ਨੂੰ ਪਤਾ ਲਗਾ, ਕਿ ਤੁਸੀਂ ਹੁਣ ਖਤਰੇ ਤੋਂ ਬਾਹਰ ਹੋ, ਤਾਂ ਉਹ ਬੜਾ ਖੁਸ਼ ਹੋਇਆ। ਉਸ ਮਗਰੋਂ ਉਹ ਮੁੜ ਹਸਪਤਾਲ ਨਹੀਂ ਆਇਆ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਰਾਜ਼ੀ ਹੋ ਕੇ ਮੈਂ ਉਸ ਬੰਦੇ ਨੂੰ ਢੂੰਡਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਮਿਲ ਨਾ ਸਕਿਆ। ਮੇਰੇ ਲਈ ਤਾਂ ਰੱਬ ਵਲੋਂ ਭੇਜਿਆ ਹੋਇਆ ਉਹ ਫਰੀਸ਼ਤਾ ਸੀ। ਮੇਰੇ ਮਨ ਤੇ ਅਜ ਤੀਕ ਬੜਾ ਬੋਝ ਹੈ, ਕਿ ਮੈਂ ਆਪਣੀ ਜਾਨ ਬਚਾਣ ਵਾਲੇ ਬੰਦੇ ਨੂੰ ਮਿਲ ਕੇ ਹੋਰ ਕੁਝ ਨਹੀਂ, ਤਾਂ ਉਸ ਦਾ ਧੰਨਵਾਦ ਵੀ ਨਹੀਂ ਕਰ ਸਕਿਆ।

"... ਤੇ ਜਿਸ ਵੇਲੇ ਮੇਰੇ ਸਾਹਮਣੇ ਤੁਹਾਡਾ ਬੇਟਾ ਇਸ ਹਾਦਸੇ ਵਿੱਚ ਡਿਗ ਕੇ ਬੇਹੋਸ਼ ਹੋਇਆ ਪਿਆ ਸੀ, ਤਾਂ ਮੈਨੂੰ ਆਪਣੇ ਨਾਲ ਹੋਇਆ ਹਾਦਸਾ ਯਾਦ ਆ ਗਿਆ। ਮੈਂ ਸੋਚਿਆ, ਕਿ ਰਬ ਨੇ ਸ਼ਾਇਦ ਇਸ ਘੜੀ ਇਸ ਸੜਕ ਤੇ ਇਸ ਸਕੂਟਰ ਦੇ ਪਿਛੇ ਪਿਛੇ ਆਣ ਲਈ ਮੈਨੂੰ ਭੇਜਿਆ ਸੀ, ਕਿ ਤੂੰ ਇਸ ਨੌਜਵਾਨ ਦੀ ਜਾਨ ਬਚਾਣ ਵਿੱਚ ਸਹਾਈ ਹੋਵੀਂ।

ਇਹ ਕਹਿ ਕੇ ਉਹ ਹੋਰ ਵੀ ਭਾਵੁਕ ਹੋ ਗਿਆ। ਤਾਂ ਮੈਂ ਉਸ ਦੇ ਹੱਥਾਂ ਨੂੰ ਘੁੱਟ ਕੇ ਉਸ ਦਾ ਸ਼ੁਕਰਾਨੇ ਵਜੋਂ ਧੰਨਵਾਦ ਕੀਤਾ।

ਹਫਤੇ ਕੁ ਮਗਰੋਂ ਜਦੋਂ ਪਰਮਜੀਤ ਰਾਜ਼ੀ ਹੋ ਕੇ ਘਰ ਪਹੁੰਚ ਗਿਆ, ਤਾਂ ਮੈਂ ਆਪਣੇ ਬੇਟੇ ਨੂੰ ਲੈ ਕੇ ਮਿਹਰਬਾਨ ਤੇ ਨੇਕ ਖਸਲਤ ਨੌਜਵਾਨ ਸ੍ਰੀ ਰਣਜੀਤ ਕੁਮਾਰ (ਜੀ/ 12 ਗਰੀਨ ਪਾਰਕ ਐਕਸਟੈਸ਼ਨ ਨਵੀਂ ਦਿੱਲੀ) ਨੂੰ ਵਧਾਈ ਦੇਣ ਗਿਆ ਤੇ ਮੁੜ ਕੇ ਉਸ ਦਾ ਧੰਨਵਾਦ ਕੀਤਾ।

ਹੁਣ ਮੇਰਾ ਪੱਕਾ ਵਿਸ਼ਵਾਸ ਹੋ ਗਿਆ ਹੈ, ਕਿ ਮਨੁੱਖਤਾ ਹਾਲੀਂ ਜੀਉਂਦੀ ਹੈ ਤੇ ਜੱਦ ਤੱਕ ਰਣਜੀਤ ਕੁਮਾਰ ਵਰਗਾ ਇਕ ਬੰਦਾ ਵੀ ਦੂਜੇ ਨੂੰ ਬਚਾਣ ਖਾਤਰ ਆਪਣੇ ਆਪ ਨੂੰ ਖਤਰੇ ਵਿੱਚ ਪਾਣ ਲਈ ਤਿਆਰ ਹੈ, ਉਦੋਂ ਤਕ ਸਚਮੁਚ ਮਨੁੱਖਤਾ ਜੀਉਂਦੀ ਹੀ ਰਹੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# 'ਨਵਾਂ ਸਾਹਿਤ' ਦਾ ਅਰੰਭ ਤੇ ਅੰਤ

ਸੰਨ 1966 ਵਿੱਚ ਮੇਰਾ ਵਿੱਚਾਰ ਬਣਿਆ, ਕਿ ਕਿਤਾਬੀ ਸਾਈਜ਼ ਦਾ ਇਕ ਟ੍ਰੈਕਟ-ਨੁਮਾ ਪਰਚਾ ਕਢਿਆ ਜਾਵੇ, ਜਿਸ ਦੇ 16 ਸਫਿਆਂ ਵਿੱਚ ਇਕ ਕਹਾਣੀ, ਇਕ ਦੋ ਵਿਅੰਗ ਲੇਖ, ਕੁਝ ਕਵਿਤਾਵਾਂ ਤੇ ਅੰਤਿਮ ਸਫਿਆਂ ਵਿੱਚ ਆਪਣੀਆਂ ਪ੍ਰਕਾਸ਼ਨਾ ਦੇ ਇਸ਼ਤਿਹਾਰ ਹੋਣ। ਇਹ ਇਸ਼ਤਿਹਾਰੀ ਪਰਚਾ ਸਾਰੇ ਦੇਸ ਵਿੱਚ ਫਰੀ ਵੰਡਿਆ ਜਾਵੇ। ਦੋ ਪਰਚੇ ਇਸੇ ਤਰ੍ਹਾਂ ਦੇ ਹੀ ਛਪੇ, ਜੋ ਮੁਫਤੋ ਮੁਫਤੀ ਦੇਸ-ਪ੍ਰਦੇਸ ਵਿੱਚ ਪੋਸਟ ਕਰ ਦਿਤੇ। ਉਪਰਲੇ ਟਾਈਟਲ ਦੇ ਆਪਣੇ ਇਕ ਅਜ਼ੀਜ਼ ਦੋਸਤ ਦਾ ਨਾਂ ਸੰਪਾਦਕ ਵਜੋਂ ਲਿਖਿਆ ਗਿਆ। ਜਦੋਂ ਤੀਜਾ ਅੰਕ ਛਪ ਕੇ ਆਇਆ, ਤਾਂ ਪਰਚੇ ਦੇ ਟਾਈਟਲ ਤੇ ਸੰਪਾਦਕ ਦਾ ਨਾਂ ਗ਼ਾਇਬ ਸੀ। ਮੈਂ ਆਪਣੇ ਦੋਸਤ ਤੋਂ ਪੁਛਿਆ, ਕਿ ਪਰਚੇ ਵਿੱਚ ਸੰਪਾਦਕ ਦਾ ਨਾਂ ਕਿਉਂ ਨਹੀਂ ਦਿਤਾ ਗਿਆ? ਉਹ ਕਹਿਣ ਲਗਾ, ''ਪਰਚੇ ਦੇ ਟਾਈਟਲ ਤੇ ਸੰਪਾਦਕ ਦਾ ਨਾਂ ਨਹੀਂ ਹੋਣਾ ਚਾਹੀਦਾ, ਅੰਦਰ ਹੋਣਾ ਚਾਹੀਦਾ ਹੈ।'' ਪਰ ਅਗੱਲੇ ਪਰਚੇ ਅੰਦਰ ਵੀ ਸੰਪਾਦਕ ਦਾ ਨਾਂ ਗਾਇਬ ਸੀ। ਮੈਂ ਸੋਚਿਆ, ਸ਼ਾਇਦ ਮੇਰਾ ਦੋਸਤ ਇਸ ਇਸ਼ਤਿਹਾਰੀ ਪਰਚੇ ਦਾ ਸੰਪਾਦਕ ਬਣਨਾ ਠੀਕ ਨਾ ਸਮਝਦਾ ਹੋਵੇ। ਖੋਜ ਕਰਨ ਤੇ ਮੇਰਾ ਵਿੱਚਾਰ ਠੀਕ ਨਿਕਲਿਆ। ਉਸ ਦੇ ਕੰਨਾਂ ਵਿੱਚ ਉਸ ਦੇ ਇਕ ਦੋਸਤ ਸਾਹਿਤਕਾਰ ਨੇ ਫੂਕ ਮਾਰੀ ਸੀ, ''ਤੇਰੇ ਵਰਗੇ ਸਿਆਣੇ ਸੂਝਵਾਨ ਵਿਦਵਾਨ ਦਾ ਨਾਂਅ ਇਸ ਨਾਮਨਿਹਾਦ ਪਰਚੇ ਤੇ ਨਹੀਂ ਹੋਣਾ ਚਾਹੀਦਾ''। ਮੈਂ ਸਮਝ ਗਿਆ ਕਿ ਸਾਡਾ ਦੋਸਤ ਸੰਪਾਦਕ, ਆਪਣੇ ਜਿਗਰੀ ਦੋਸਤ ਦੀ ਇਕੋ ਫੂਕ ਨਾਲ ਹੀ ਰਾਤੋ ਰਾਤ ਮਹਾਨ ਸਾਹਿਤਕਾਰ ਬਣ ਗਿਆ ਹੈ। ਸਚਮੁਚ ਉਸ ਦਾ ਨਾਂ ਇਸ ਪਰਚੇ ਤੇ ਨਹੀਂ ਛਪਣਾ ਚਾਹੀਦਾ।

ਅਰੰਭ ਵਿੱਚ ਮੈਂ ਇਸ ਪ੍ਰਕਾਸ਼ਨਾ ਰੂਪੀ ਇਸ਼ਤਿਹਾਰੀ ਪਰਚੇ ਦਾ ਨਾਂ 'ਪੰਜਾਬੀ ਸਾਹਿਤ' ਰਖਿਆ ਸੀ, ਪਰ ਜਦੋਂ ਡੀ.ਸੀ. ਦੇ ਦਫਤਰ ਵਿੱਚ ਇਸ ਪਰਚੇ ਦੀ ਰਜਿਸਟ੍ਰੇਸ਼ਨ ਲਈ ਫਾਰਮ ਭਰਿਆ, ਤਾਂ ਪਤਾ ਲੱਗਾ ਕਿ 'ਪੰਜਾਬੀ ਸਾਹਿਤ' ਨਾਂ ਦੇ ਪਰਚੇ ਨੂੰ ਅਗੇ ਹੀ ਡਿਕਲੇਰੇਸ਼ਨ ਮਿਲ ਚੁਕਾ ਹੈ। ਉਹ ਪਰਚਾ ਭਾਵੇਂ ਤਪਦਿਕ ਦੇ ਮਰੀਜ਼ ਵਾਂਗ ਰੁਕ ਰੁਕ ਕੇ ਸਾਹ ਕਢਦਾ ਚਲਦਾ ਰਹਿੰਦਾ ਹੈ, ਪਰ ਇਸ ਨਾਂ ਦੇ ਡਿਕਲੇਰੇਸ਼ਨ ਦੇ ਹੱਕ ਤਾਂ ਡੀ.ਸੀ. ਦੇ ਦਫਤਰ ਵਿੱਚ ਮਹਿਫੂਜ਼ ਹਨ। ਸੋ ਦਫਤਰ ਦੇ ਕਲਰਕ ਦੇ ਸੁਝਾਅ ਤੇ ਇਸ ਦਾ ਨਾਂ 'ਪੰਜਾਬੀ ਸਾਹਿਤ' ਦੀ ਥਾਂ 'ਨਵਾਂ ਸਾਹਿਤ' ਰੱਖ ਲਿਆ ਗਿਆ।

ਇਸ ਤਰ੍ਹਾਂ 'ਨਵਾਂ ਸਾਹਿਤ' ਮਾਸਕ ਪਤਰ ਦਾ ਧਿੰਗੋਜ਼ੋਰੀ ਮੈਨੂੰ ਹੀ ਸੰਪਾਦਕ ਬਣਨਾ ਪਿਆ। ਇਸ ਦੀ ਰੂਪ ਰੇਖਾ ਬਦਲ ਦਿਤੀ ਗਈ। ਮੁਖ ਤੌਰ ਤੇ ਹਾਸ ਵਿਅੰਗ ਦੇ ਲੇਖ ਕਹਾਣੀਆਂ, ਕਵਿਤਾਵਾਂ, ਸਫਰਨਾਮੇ ਆਦਿ ਰਚਨਾਵਾਂ ਦੇ ਕੇ ਨਵੇਂ ਰੂਪ ਵਿੱਚ ਕਿਤਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਈਜ਼ ਦੀ ਥਾਂ 20 x 30 ਅੱਠ ਦੇ ਮੈਗਜ਼ੀਨ ਸਾਈਜ਼ ਤੇ ਪਰਚਾ ਕਢਣਾ ਅਰੰਭ ਕਰ ਦਿਤਾ ਗਿਆ। ਇਸ ਬੇਰੁਜ਼ਗਾਰੀ ਦੇ ਸਮੇਂ ਵਿੱਚ ਜਦੋਂ ਕਿ ਪੁਸਤਕਾਂ ਤੇ ਪ੍ਰੈਸ ਅਗੇ ਹੀ ਘਾਟੇ ਵਿੱਚ ਜਾ ਰਿਹਾ ਸੀ, ਇਸ ਸਾਹਿਤਕ ਪਰਚੇ ਦਾ ਬੋਝ ਵੀ ਮੇਰੇ ਸਿਰ ਤੇ ਆਣ ਪਿਆ। ਇਸ ਦੇ ਬਾਵਜੂਦ ਇਹ ਪਰਚਾ ਗੱਜ ਵੱਜ ਕੇ ਪੂਰੇ ਵੀਹ ਸਾਲ ਜਾਰੀ ਰਿਹਾ। ਇਸ ਦੇ ਸਾਧਾਰਣ ਗਾਹਕ ਤੇ ਜੀਵਨ ਸਾਥੀ ਕਾਫੀ ਗਿਣਤੀ ਵਿੱਚ ਬਣਨੇ ਅਰੰਭ ਹੋ ਗਏ। ਪਾਠਕਾਂ ਵਲੋਂ ਅੱਛਾ ਹੁੰਗਾਰ ਮਿਲਦਾ ਰਿਹਾ। ਦੇਸ-ਵਿਦੇਸ਼ ਵਿੱਚੋਂ ਵੀ ਪਾਠਕਾਂ ਦਾ ਸਹਿਯੋਗ ਪ੍ਰਾਪਤ ਹੁੰਦਾ ਰਿਹਾ।

ਇਸ ਸਬੰਧ ਵਿੱਚ ਹੀ, ਆਪਣੇ ਮਿੱਤਰ ਗਿਆਨੀ ਇੰਦਰ ਸਿੰਘ ਗਿਲ ਦੇ ਬੁਲਾਵੇ ਤੇ ਮੈਂ 31 ਦਸੰਬਰ 1973 ਨੂੰ ਕੁਆਲਾਲੰਪੁਰ (ਮਲੇਸ਼ੀਆ) ਜਾ ਪੁੱਜਾ। ਉਨ੍ਹਾਂ ਨੇ ਬਹੁਤ ਸਾਰੇ ਜੀਵਨ ਸਾਥੀ ਤੇ ਸਾਧਾਰਣ ਗਾਹਕ ਬਣਾਨ ਵਿੱਚ ਮੇਰੀ ਸਹਾਇਤਾ ਕੀਤੀ। ਦੋ ਮਹੀਨੇ ਦੇ ਇਸ ਵਿਦੇਸ਼ੀ ਦੌਰੇ ਸਮੇਂ ਮੈਂ ਮਲੇਸ਼ੀਆ ਵਿੱਚ ਵੱਡੇ ਵੱਡੇ ਸ਼ਹਿਰਾਂ, ਈਪੋ, ਬਟਰਵਰਥ, ਸਰੰਬਨ, ਬਿਰੰਗਮ, ਕੁਆਲਾਲੰਪੁਰ ਤੋਂ ਇਲਾਵਾ ਸਿੰਘਾਪੁਰ ਤੇ ਥਾਈਲੈਂਡ ਦੀ ਯਾਤਰਾ ਵੀ ਕੀਤੀ। ਉਥੋਂ ਵੀ ਸਾਧਾਰਣ ਤੇ ਜੀਵਨ ਸਾਥੀ ਗਾਹਕ ਮਿਲੇ। ਨਵੀਆਂ ਦੋਸਤੀਆਂ ਪੈ ਗਈਆਂ। ਇਨ੍ਹਾਂ ਵਿਦੇਸ਼ੀ ਪੰਜਾਬੀ ਪਿਆਰਿਆਂ ਨੂੰ ਮੇਰੇ ਨਾਂ ਦੀ ਤਾਂ ਪਹਿਲਾਂ ਤੋਂ ਹੀ ਭਰਪੂਰ ਜਾਣਕਾਰੀ ਸੀ। ਉਦੋਂ, ਮੈਂ ਸੰਨ 1940 ਤੋਂ 1947 ਤਕ ਪ੍ਰੀਤਲੜੀ ਦੇ ਦਫਤਰ ਤੇ ਮਗਰੋਂ ਪ੍ਰੀਤਨਗਰ ਬੁਕ ਸ਼ਾਪ ਲਾਹੌਰ, ਨਾਲ ਸਬੰਧਤ ਸਾਂ।

ਇਕ ਛੋਟੀ ਜਿਹੀ ਘਟਨਾ ਯਾਦ ਆ ਗਈ। ਮੈਂ ਆਪਣੇ ਇਕ ਮਿੱਤਰ ਦੇ ਘਰ ਕੁਆਲਾਲੰਪੁਰ ਵਿੱਚ ਠਹਿਰਿਆ ਹੋਇਆ ਸਾਂ। ਮੇਰੇ ਬੈਠੇ ਬੈਠੇ ਹੀ ਉਨ੍ਹਾਂ ਦੇ ਤਿੰਨ-ਚਾਰ ਮਿੱਤਰ ਉਨ੍ਹਾਂ ਨੂੰ ਮਿਲਣ ਲਈ ਆ ਗਏ। ਜਦੋਂ ਗਿੱਲ ਜੀ ਨੇ ਮੇਰੀ ਉਨ੍ਹਾਂ ਨਾਲ ਵਾਕਫੀ ਕਰਵਾਈ, ਤਾਂ ਉਹ ਬਹੁਤ ਖੁਸ਼ ਹੋਏ। ਉਹ ਪਹਿਲਾਂ ਤੋਂ ਹੀਂ ਮੇਰੇ ਨਾਂ ਤੇ ਮੇਰੀਆਂ ਰਚਿਤ ਪੁਸਤਕਾਂ ਤੋਂ ਜਾਣੂ ਸਨ। ਸੋ ਉਨ੍ਹਾਂ ਨੇ 'ਨਵਾਂ ਸਾਹਿਤ' ਤੇ ਮੇਰੀਆਂ ਪ੍ਰਕਾਸ਼ਨਾਂ ਦੀ ਵਿਕਰੀ ਲਈ ਮੈਨੂੰ ਭਰਪੂਰ ਸਹਿਯੋਗ ਦੇਣ ਦਾ ਇਕਰਾਰ ਕੀਤਾ। ਉਨ੍ਹਾਂ ਵਿੱਚੋਂ ਇਕ ਸਜਣ ਬੋਲਿਆ:-

"ਦਾਤਾ ਜੀ! ਤੁਸੀਂ ਥਾਈਲੈਂਡ ਦੇ ਬੈਂਕਾਕ ਨਗਰ ਜਾਣ ਦਾ ਪ੍ਰੋਗਰਾਮ ਬਣਾਉ। ਜਾਣ ਤੋਂ ਪਹਿਲਾਂ ਮੈਨੂੰ ਮਿਲ ਜਾਣਾ। ਤੁਹਾਨੂੰ ਰਸਤੇ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਣੀ। ਮੈਂ ਤੁਹਾਨੂੰ ਆਪਣੀ ਚਿੱਠੀ ਦੇ ਦੇਵਾਂਗਾ। ਤੁਸੀਂ ਬੈਂਕਾਂਕ ਜਾ ਕੇ ਕਿਸੇ ਸੱਜਣ ਮਿੱਤਰ ਦੇ ਘਰ ਨਹੀਂ ਠਹਿਰਨਾ। ਤੁਸੀਂ ਰਾਇਲ ਪੈਲੇਸ ਦੇ ਮੁਖ ਮਹਿਮਾਨ ਹੋਵੋਗੇ। ਸਰਕਾਰੀ ਕਾਰ ਤੁਹਾਡੇ ਹੇਠਾ ਹੋਵੇਗੀ। ਸਾਰੇ ਥਾਈਲੈਂਡ ਦੀ ਤੁਸੀਂ ਯਾਤਰਾ ਕਰੋਗੇ। ਜਿਥੇ ਵੀ ਤੁਸੀਂ ਜਾਓਗੇ, ਸਰਕਾਰੀ ਮਹਿਮਾਨਾਂ ਵਾਂਗ ਤੁਹਾਡਾ ਮਾਣ ਸਤਿਕਾਰ ਹੋਵੇਗਾ।"

ਮੈਨੂੰ ਉਸ ਸਜਣ ਦੀ ਗੱਲ ਸੁਣ ਬੜੀ ਖੁਸ਼ੀ ਹੋਈ, ਕਿ ਹੁਣ ਬੈਂਕਾਕ ਵਿੱਚ ਰਹਿਣ ਸਮੇਂ ਰਿਹਾਇਸ਼ ਆਦਿ ਦਾ ਮਸਲਾ ਵੀ ਹਲ ਹੋ ਗਿਆ ਹੈ।·ਮੈਂ ਸਰਕਾਰੀ ਗੱਡੀ ਲੈ ਕੇ ਆਪਣੇ ਮਿੱਤਰਾਂ ਸਜਣਾਂ ਨੂੰ ਮਿਲ ਸਕਾਂਗਾ।

ਕੁਝ ਦਿਨਾਂ ਮਗਰੋਂ 'ਗਿੱਲ' ਜੀ ਮੈਨੂੰ ਕੁਆਲਾਲੰਪੁਰ ਤੋਂ ਬਟਰਵਰਥ ਜਾਣ ਵਾਲੀ ਬਸ ਤੇ ਬਿਠਾਣ ਜਾ ਰਹੇ ਸਨ। ਰਾਹ ਵਿੱਚ ਹੀ ਉਸ ਵੀ.ਆਈ.ਪੀ. ਸਜਣ ਦਾ ਦਫਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸੀ। ਉਹ ਮੈਨੂੰ ਮਿਲ ਕੇ ਬੜਾ ਖੁਸ਼ ਹੋਇਆ। ਹਥ ਮਿਲਾਇਆ ਬੜੇ ਤਪਾਕ ਨਾਲ ਮੈਨੂੰ ਆਪਣੀ ਜੱਫੀ ਵਿੱਚ ਲਿਆ। ਬੈਂਕਾਕ ਜਾਣ ਤੇ ਉਥੋਂ ਦੀ ਸਫਲ ਯਾਤਰਾ ਲਈ ਆਪਣੀਆਂ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਇੰਨੇ ਨੂੰ ਉਸ ਦੇ ਦਫਤਰ ਦੀ ਬਸ ਆ ਗਈ। ਉਹ ਭੱਜ ਕੇ ਬੱਸ ਵਿੱਚ ਚੜ੍ਹ ਗਿਆ। ਮੈਂ ਆਪਣੇ ਮਿੱਤਰ 'ਗਿੱਲ' ਹੋਰਾਂ ਨੂੰ ਹਸ ਕੇ ਪੁਛਿਆ, "ਬੈਂਕਾਕ ਦੇ ਰਾਇਲ ਪੈਲੇਸ ਵਿੱਚ ਤੇ ਥਾਈਲੈਂਡ ਦੇ ਬਾਦਸ਼ਾਹ ਦੇ ਮੁਖ ਮਹਿਮਾਨ ਹੋਣ ਤੇ ਸਰਕਾਰੀ ਗਡੀ ਤੇ ਰਿਹਾਇਸ਼ ਆਦਿ ਦਾ ਕੀ ਬਣਿਆ?"

ਗਿਲ ਸਾਹਿਬ ਹੱਸ ਕੇ ਬੋਲੇ, "ਦਾਤਾ ਜੀ! ਜਿਸ ਸਮੇਂ ਇਸ ਸਜਣ ਨੇ ਤੁਹਾਨੂੰ ਬੈਂਕਾਕ ਦੇ ਸੁਨਹਿਰੀ ਸੁਪਨੇ ਦਰਸਾਏ ਸਨ, ਉਸ ਸਮੇਂ ਉਸ ਦੇ ਦਿਮਾਗ ਤੇ ਕਈ ਬੋਤਲਾਂ ਦਾ ਨਸ਼ਾ ਸਵਾਰ ਸੀ। ਦੋ ਦਿਨ ਤੇ ਰਾਤਾਂ ਅਰਾਮ ਕਰਨ ਮਗਰੋਂ ਇਹ ਸਾਧਾਰਣ ਅਵਸਥਾ ਵਿੱਚ ਆ ਗਏ ਹਨ। ਇਸ ਲਈ ਇਨ੍ਹਾਂ ਨੂੰ ਉਸ ਸਮੇਂ ਦੀ ਗੱਲਬਾਤ ਭੁਲ ਹੀ ਗਈ ਹੈ।"

ਦੋ ਮਹੀਨਿਆਂ ਦੀ ਇਸ ਵਿਦੇਸ਼ ਯਾਤਰਾ ਸਮੇਂ ਮੈਂ 'ਨਵਾਂ ਸਾਹਿਤ' ਦੇ ਕਾਫੀ ਪਾਠਕ ਬਣਾ ਕੇ ਦੇਸ਼ ਵਾਪਸ ਪਰਤ ਆਇਆ। 'ਨਵਾਂ ਸਾਹਿਤ' ਨੂੰ ਬਣਾਣ ਸਵਾਰਨ ਵਿੱਚ ਮੈਂ ਬੜੀ ਮਿਹਨਤ ਕੀਤੀ। ਇਸ ਪਰਚੇ ਦੇ ਖਾਸ ਅੰਕ ਕਢੇ, ਸ੍ਰ: ਗੁਰਬਖਸ਼ ਸਿੰਘ, ਬਾਵਾ ਬਲਵੰਤ, ਨਾਨਕ ਸਿੰਘ, ਬਲਰਾਜ ਸਾਹਨੀ ਤੇ ਈਸ਼ਰ ਸਿੰਘ ਈਸ਼ਰ ਭਾਈਆ ਆਦਿ ਅੰਕਾ ਤੋਂ ਬਿਨਾਂ ਯਾਤਰਾ ਤੇ ਜੀਵਨੀ ਅੰਕ ਵੀ ਕਢੇ। ਪੰਜਾਬ ਦੇ ਮੁਖ ਸ਼ਹਿਰਾਂ ਦੀਆਂ ਏਜੰਸੀਆਂ ਵਿੱਚ ਵੀ ਭਾਰੀ ਗਿਣਤੀ ਵਿੱਚ ਪਰਚਾ ਜਾਂਦਾ ਰਿਹਾ। ਪਰਚੇ ਦੀ ਪਾਠਕਾਂ ਨੇ ਬੜੀ ਸਰਾਹਨਾ ਕੀਤੀ। ਵਿਦੇਸ਼ੀ ਸਾਹਿਤਕਾਰਾਂ ਤੇ ਪਾਠਕਾਂ ਦੀਆਂ ਪ੍ਰਸੰਸਾ ਦੀਆਂ ਚਿੱਠੀਆਂ ਆਂਦੀਆਂ ਰਹੀਆਂ। ਇਕੋ ਕਮੀ ਸੀ, ਕਿ ਪਰਚੇ ਲਈ ਸਰਕਾਰੀ ਜਾਂ ਨੀਮ ਸਰਕਾਰੀ ਤੇ ਸਧਾਰਣ ਕੰਪਨੀਆਂ ਦੇ ਇਸ਼ਤਿਹਾਰ ਨਹੀਂ ਸਨ ਮਿਲ ਰਹੇ। ਇਸ ਕੰਮ ਲਈ ਵਿਸ਼ੇਸ਼ ਤੌਰ ਤੇ ਮੈਂ ਕੋਸ਼ਿਸ਼ ਵੀ ਨਾ ਕੀਤੀ। ਅਸਲ ਵਿੱਚ ਮੈਂ ਇਸ ਕਾਰਜ ਦੇ ਯੋਗ ਨਹੀਂ ਸਾਂ। ਸਰਕਾਰੀ ਦਫਤਰਾਂ ਦੇ ਇਸ਼ਤਿਹਾਰਾਂ ਲਈ ਖਜਲ ਖੁਆਰੀ ਆਪਣੇ ਵਸ ਦਾ ਰੋਗ ਵੀ ਨਹੀਂ ਸੀ। ਨਾ ਆਪ ਪੀਣਾ, ਨਾ ਦੂਜਿਆਂ ਨੂੰ ਪਿਆਣਾ। ਨਾ ਕਿਸੇ ਨੂੰ ਇਸ਼ਤਿਹਾਰ ਦੇ ਬਦਲੇ ਕਮਿਸ਼ਨ ਦੇਣਾ, ਨਾ ਉਹਨਾਂ ਦੀਆਂ ਵਗਾਰਾਂ ਸਹਿਣ ਲਈ ਮੇਰੇ ਵਿੱਚ ਦੱਮ ਖੱਮ ਸੀ। ਉਸ ਹਾਲਤ ਵਿੱਚ ਇਸ਼ਤਿਹਾਰ ਮਿਲ ਵੀ ਕਿਵੇਂ ਸਕਦੇ ਸਨ?

ਇਕ ਦਿਨ ਇਕ ਸੁਲਝਿਆ ਹੋਇਆ ਤਜਰਬੇਕਾਰ ਇਸ਼ਤਿਹਾਰ ਇਕੱਤਰਤ ਸਜੱਣ ਮਿਲ ਗਿਆ। ਉਸ ਨੇ ਛੇ ਮਹੀਨਿਆਂ ਵਿੱਚ ਲਖਾਂ ਰੁਪਏ ਦੇ ਇਸ਼ਤਿਹਾਰ ਲਿਆਣ ਦੇ ਸੁਪਨੇ ਵਿਖਾਏ। ਹਜ਼ਾਰਾਂ ਦੀ ਗਿਣਤੀ ਵਿੱਚ ਸਰਕਾਰ ਦੇ ਇਸ਼ਤਿਹਾਰੀ ਮਹਿਕਮਿਆਂ ਵਲ ਚਿਠੀਆਂ ਭੇਜੀਆਂ। ਉਨ੍ਹਾਂ ਨੂੰ ਕਈ-ਕਈ ਵਾਰ ਯਾਦ ਕਰਾਇਆ ਗਿਆ। ਸਟੇਸ਼ਨਰੀ ਤੇ ਟਿਕਟਾਂ ਤੇ ਬਹੁਤ ਸਾਰਾ ਖਰਚ ਕੀਤਾ ਗਿਆ। ਇਕ ਹਜ਼ਾਰ ਮਾਸਕ ਉਸ ਦੀ ਤਨਖਾਹ ਮੁਕਰਰ ਹੋਈ ਪਰ ਛੇ ਮਹੀਨੇ ਤੀਕ ਉਸ ਮਹਾਂ ਸਜੱਣ ਰਾਹੀਂ ਇਕ ਵੀ ਇਸ਼ਤਿਹਾਰ ਪ੍ਰਾਪਤ ਨਹੀਂ ਹੋਇਆ। ਉਸ ਸਜਣ ਨੇ ਛੇ ਮਹੀਨੇ ਹੋਰ ਉਡੀਕ ਕਰਨ ਲਈ ਕਿਹਾ, ਪਰ ਮੇਰੇ ਸਬਰ ਦਾ ਪੈਮਾਨਾ ਲਬੋ ਲਬ ਭਰ ਗਿਆ ਸੀ। ਸੋ ਛੇ ਮਹੀਨੇ ਦੀ ਤਨਖਾਹ ਦੇ ਕੇ ਖੂਬਸੂਰਤ ਛਪੀ ਹੋਈ ਸਟੇਸ਼ਨਰੀ ਤੇ ਹੋਰ ਲਟਾ ਪਟਾ ਨੇੜੇ ਦੇ ਕਬਾੜੀ ਨੂੰ ਚੁਕਾ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੈਂ ਇਹੀ ਸਮਝਿਆ, ਕਿ "ਇਕ ਸੁਪਨੇਸਾਜ਼ ਇਸ਼ਤਿਹਾਰ ਮੈਨੇਜਰ ਤੋਂ ਸਚਮੁਚ ਜਾਨ ਛੁਟੀ, ਔਰ ਲਾਖੋਂ ਪਾਏ।"

ਇਨ੍ਹਾਂ ਗੱਲਾਂ ਤੇ ਬਾਵਜੂਦ ਪਰਚਾ ਛਪ ਰਿਹਾ ਸੀ। ਏਜੰਸੀਆਂ ਵਲੋਂ ਪਰਚਿਆਂ ਦਾ ਦਮ ਦਿਲਾਸਾ ਮਿਲ ਰਿਹਾ ਸੀ। ਕੁਝ ਸਾਲਾਂ ਮਗਰੋਂ ਜਦੋਂ ਏਜੰਸੀਆਂ ਨੇ ਬਿਲਾਂ ਤੇ ਚਿੱਠੀਆਂ ਉੱਤਰ ਦੇਣੇ ਬੰਦ ਕਰ ਦਿਤੇ। ਨਾ ਹੀ ਪਰਚਿਆਂ ਦੇ ਪੈਸੇ ਆਏ, ਤਾ ਮੈਂ ਆਪ ਪੰਜਾਬ ਦਾ ਇਕ ਦੌਰਾ ਕੀਤਾ। ਕੁਝ ਕੁ ਏਜੰਸੀਆਂ ਤੋਂ ਅੱਧ ਪਚੱਧ ਬਿਲ ਵਸੂਲ ਹੋਏ। ਕਈ ਏਜੰਟਾਂ ਨੇ ਪਿਛਲੇ ਸਾਲਾਂ ਦੇ ਪੁਰਾਣੇ ਬਚੇ ਹੋਏ ਪਰਚੇ ਵਾਪਸ ਲਿਜਾਣ ਲਈ ਕਿਹਾ। ਉਹ ਪਰਚੇ ਤਾਂ ਮੈਂ ਉਨ੍ਹਾਂ ਨੂੰ ਭੇਟ ਕਰ ਦਿਤੇ। ਥੋੜੀ ਬਹੁਤੀ ਮਾਇਆ ਜੋ ਪ੍ਰਾਪਤ ਹੋਈ, ਉਹ ਇਕ ਹਫਤੇ ਦੇ ਦੌਰੇ ਤੇ ਖਰਚ ਹੋ ਗਈ ਸੀ। ਇਸ ਤਰ੍ਹਾਂ 'ਜੈਸੇ ਗਏ ਤੈਸੇ ਹੀ ਬੁਧੂ' ਹੱਥ ਮਲਦੇ ਘਰ ਨੂੰ ਵਾਪਸ ਆ ਗਏ।

ਉਨ੍ਹੀਂ ਦਿਨੀਂ ਹੀ ਆਪਣੇ ਇਕ ਮਿੱਤਰ ਸਜਣ ਜੋ 'ਨਵਾਂ ਸਾਹਿਤ' ਦੇ ਜਨਮ ਤੋਂ ਹੀ ਜੀਵਨ ਪਾਠਕ ਸਨ, ਮਿਲੇ। ਉਨ੍ਹਾਂ 'ਨਵਾਂ ਸਾਹਿਤ' ਦੀ ਬੜੀ ਪ੍ਰਸੰਸਾ ਕੀਤੀ। ਪਰਚੇ ਦੀ ਆਰਥਕ ਹਾਲਤ ਪੁਛਣ ਤੇ ਮੈਂ ਉਨ੍ਹਾਂ ਨੂੰ ਦਸਿਆ "ਅਜਕਲ ਆਰਥਕ ਤੌਰ ਤੇ ਇਹ ਪਰਚਾ ਡਾਵਾਂਡੋਲ ਹੈ।" ਉਹ ਕਈ ਅਦਾਰਿਆਂ ਨੂੰ ਤਕੜੀ ਸਹਾਇਤਾ ਬਖਸ਼ਦੇ ਸਨ। ਇਸ ਲਈ ਉਨ੍ਹਾਂ ਇਸ ਚੋਟੀ ਦੇ ਵਿਅੰਗ ਪਰਚੇ ਲਈ ਪਕਾ ਫੰਡ ਕਾਇਮ ਕਰਨ ਦਾ ਸੁਝਾਅ ਦਿਤਾ। ਉਨ੍ਹਾਂ ਦੇ ਦਫਤਰ ਵਿੱਚ ਦੂਜੇ ਦਿਨ ਇਸ ਬਾਰੇ ਬੈਠ ਕੇ ਸਲਾਹ ਮਸ਼ਵਰਾ ਕਰਨ ਲਈ ਸਮਾਂ ਮੁੱਕਰਰ ਕੀਤਾ ਗਿਆ। ਦੂਜੇ ਦਿਨ ਉਨ੍ਹਾ ਦੇ ਦਫਤਰ ਵਿੱਚ ਬੜੇ ਸ਼ਾਂਤ ਤੇ ਖੁਸ਼ਗਵਾਰ ਮਾਹੌਲ ਵਿੱਚ ਅਸੀਂ ਚਾਹ ਦੀਆਂ ਚੁਸਕੀਆਂ ਲਈਆਂ, ਤੇ ਅਖੀਰ 'ਨਵਾ ਸਾਹਿਤ' ਬਾਰੇ ਵੀਚਾਰ ਕਰਦੇ ਹੋਇਆ, ਉਨ੍ਹਾਂ ਆਪਣੀ ਕੀਮਤੀ ਰਾਏ ਦਿਤੀ, "ਦਾਤਾ ਜੀ! ਮੈਂ 'ਨਵਾਂ ਸਾਹਿਤ' ਦਾ ਮੁਢ ਤੋਂ ਹੀ ਉਪਾਸ਼ਕ ਹਾਂ। ਮੇਰੇ ਨਾਲ ਹੀ ਲਖਾਂ ਪੰਜਾਬੀ ਪਾਠਕ ਵੀ ਇਸ ਦੀ ਹਰ ਮਹੀਨੇ ਉਡੀਕ ਕਰਦੇ ਰਹਿੰਦੇ ਹਨ। ਇਸ ਲਈ ਮੇਰਾ ਵਿੱਚਾਰ ਹੈ, ਕਿ ਇਸ ਦੀ ਕੀਮਤ ਦੋ ਰੁਪੈ ਦੀ ਥਾਂ ਪੰਜ ਰੁਪੈ ਕਰ ਦਿਓ। ਸਾਲਾਨਾ ਚੰਦਾ ਪੰਝੀ ਦੀ ਥਾਂ ਪੰਜਾਹ ਹੋਣਾ ਚਾਹੀਦਾ ਹੈ। ਫਿਰ ਵੇਖੋ, ਪੰਜਾਬੀ ਪਿਆਰੇ ਇਸ ਨੂੰ ਕਿੰਨਾ ਆਰਥਕ ਸਹਿਯੋਗ ਦਿੰਦੇ ਹਨ। ਇਸ ਦੀ ਮਾਲੀ ਹਾਲਤ ਵੀ ਸੰਵਰ ਜਾਵੇਗੀ, ਤੇ ਆਰਥਕ ਸੰਕਟ ਵੀ ਟਲ ਜਾਏਗਾ।"

ਆਪਣੀ ਇਸ ਸੁਨਹਿਰੀ ਯੋਜਨਾ ਦਸਣ ਸਮੇਂ ਉਨ੍ਹਾਂ ਦੀਆਂ ਅੱਖਾਂ ਚਮਕ ਰਹੀਆਂ ਸਨ। ਮੁਖੜੇ ਤੋਂ ਜਲਾਲ ਟੱਪਕ ਰਿਹਾ ਸੀ। ਤੇ ਉਧਰ ਮੇਰਾ ਮਨ ਅਗੇ ਤੋਂ ਵੀ ਡਾਂਵਾਡੋਲ ਹੋ ਗਿਆ ਸੀ, ਕਿ ਜਿਸ ਪਰਚੇ ਲਈ ਪੰਜਾਬੀ ਪਿਆਰੇ ਦੋ ਰੁਪੈ ਨਹੀਂ ਖਰਚ ਕਰ ਸਕਦੇ। ਵਾਰਸ਼ਿਕ ਚੰਦਾ ਪੰਝੀ ਰੁਪਏ ਨਹੀਂ ਭੇਜ ਸਕਦੇ। ਏਜੰਸੀਆਂ ਵਾਲੇ ਪਰਚੇ ਵੇਚਣ ਮਗਰੋਂ ਪੈਸੇ ਛਕ ਜਾਂਦੇ ਹਨ। ਉਸ ਹਾਲਤ ਵਿੱਚ ਕੀ ਆਪਣੇ ਮਿਹਰਬਾਨ ਮਿੱਤਰ ਦੀ ਇਹ ਸੁਨਹਿਰੀ ਯੋਜਨਾ ਸਫਲ ਹੋ ਸਕਦੀ ਹੈ?

ਸੋ ਮੈਂ ਪਹੁੰਚੇ ਹੋਏ ਮਹਾਂਪੁਰਸ਼ਾਂ ਦੀ ਬਖਸ਼ੀ ਹੋਈ ਮਿਠੀ ਮੁਸਕਾਨ ਚੇਹਰੇ ਤੇ ਬਖੇਰ ਕੇ ਖਿੜੇ ਮਥੇ ਉਨ੍ਹਾਂ ਨਾਲ ਹਥ ਮਿਲਾ ਉਨ੍ਹਾਂ ਦੀ ਯੋਜਨਾ ਦੀ ਤਾਰੀਫ਼ ਕੀਤੀ। ਤੇ "ਹਥ ਪੁਰਾਣੇ ਖੋਸੜੇ-ਬਸੰਤਾ ਹੋਰੀ ਆਏ", ਦੇ ਲੋਕ ਅਖਾਣ ਮੁਤਾਬਕ ਘਰ ਪਰਤ ਆਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੈਨੂੰ ਯਾਦ ਆਇਆ, ਕਿ ਅਜ ਤੋਂ 25 ਸਾਲ ਪਹਿਲਾਂ ਮੇਰੇ ਤੇ ਨਰਵਸ ਬਰੇਕ ਡਾਊਨ ਦਾ ਹਲਾ ਹੋਇਆ ਸੀ। ਇਸ ਦਾ ਕਾਰਣ ਆਰਥਕ ਸੰਕਟ ਤੇ ਪ੍ਰੇਸ਼ਾਨੀਆਂ ਸਨ। ਬੜੀ ਮੁਸ਼ਕਲ ਨਾਲ ਮੈਂ ਆਪਣੇ ਆਪ ਤੇ ਕਾਬੂ ਪਾ ਕੇ ਉਸ ਬੀਮਾਰੀ ਤੋਂ ਬਚਿਆ। ਮੈਂ ਸਰੀਰਕ ਪਖੋਂ ਮੁੜ ਪਹਿਲਾਂ ਵਾਂਗ ਪੈਰਾਂ ਤੇ ਖੜੋ ਸਕਿਆ। ਉਸ ਤੋਂ ਮਗਰੋਂ ਦਸ ਸਾਲ ਪਿਛੋਂ ਬਹੁਤਾ ਲਿਖਣ ਕਾਰਣ ਸੱਜੇ ਹੱਥ ਦੀਆਂ ਉਂਗਲਾਂ ਤੇ ਰਾਈਟਰਜ਼ ਕਰੈਮਪਸ (ਉਂਗਲਾਂ ਨੂੰ ਲਿਖਣ ਸਮੇਂ ਦਰਦ) ਹੋ ਗਿਆ ਸੀ। ਇਹ ਬਿਮਾਰੀ ਬਹੁਤਾ ਲਿਖਣ ਵਾਲੇ ਲੇਖਕਾਂ ਨੂੰ ਆਮ ਤੌਰ ਤੇ ਹੋ ਜਾਂਦੀ ਹੈ।

ਇਸ ਦੇ ਨਾਲ ਹੀ ਆਪਣੇ ਲਿਖਣ ਪੜ੍ਹਨ ਤੋਂ ਬਿਨਾਂ, ਸਾਹਿਤਕਾਰਾਂ ਦੀਆਂ ਰਚਨਾਵਾਂ ਪੜ੍ਹਨੀਆਂ, ਉਨ੍ਹਾਂ ਨੂੰ ਸੋਧਣਾ, ਪ੍ਰੈਸ ਵਿੱਚ ਭੇਜ ਕੇ ਉਨ੍ਹਾਂ ਦੇ ਦੋ ਦੋ ਵਾਰ ਪਰੂਫ ਪੜ੍ਹਨੇ। ਇਸ ਨਾਲ ਵੀ ਅੱਖਾਂ ਦੀ ਜੋਤ ਤੇ ਬੋਝ ਪੈਂਦਾ ਰਿਹਾ। ਐਣਕ ਦੇ ਨੰਬਰ ਹਰ ਸਾਲ ਵਧਦੇ ਜਾ ਰਹੇ ਸਨ। ਇਸ ਦੇ ਬਾਵਜੂਦ ਵੀ ਇਹ ਗੱਡੀ ਚੱਲੀ ਜਾ ਰਹੀ ਸੀ, ਕਿ ਅਚਾਨਕ 17 ਅਕਤੂਬਰ 1987 ਨੂੰ ਘਰੋਂ ਆਪਣੇ ਸਕੂਟਰ ਤੇ ਬੈਠ ਕੇ ਸੰਤ ਨਿਧਾਨ ਸਿੰਘ ਕੇਸਰ ਟਰੱਸਟ ਬੈਂਕਾਕ ਵਲੋਂ ਕੀਤੇ ਜਾ ਰਹੇ ਇਨਾਮੀ ਸਮਾਗਮ ਲਈ ਇੰਪੀਰੀਅਲ ਹੋਟਲ ਵਿੱਚ ਜਾਂਦਿਆਂ ਰਸਤੇ ਵਿੱਚ ਅਧਰੰਗ ਦਾ ਸ਼ਕਤੀਸ਼ਾਲੀ ਹਮਲਾ ਹੋ ਗਿਆ।

ਸੰਨ 1983 ਵਿੱਚ ਨਵਾਂ ਸਾਹਿਤ ਦਾ "ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ ਅੰਕ", ਉਸ ਮਗਰੋਂ ਕਈ ਯਾਤਰਾ ਅੰਕ ਤੇ ਨਾਟਕ ਅੰਕ ਆਦਿ ਦਾ ਢੋਆ ਪਾਠਕਾਂ ਨੂੰ ਭੇਟ ਕੀਤਾ ਗਿਆ। ਜੁਲਾਈ ਸੰਨ 1987 ਵਿੱਚ ਨਵਾਂ ਸਾਹਿਤ ਦਾ ਜੀਵਣੀ ਅੰਕ (ਦੋ ਭਾਗ) ਛਾਪਣ ਮਗਰੋਂ, ਪਿਛੇ ਦਸੇ ਕਾਰਨਾਂ ਕਰਕੇ "ਨਵਾਂ ਸਾਹਿਤ" ਦਾ ਸਦਾ ਲਈ ਭੋਗ ਪਾ ਦਿਤਾ ਗਿਆ। ਪਾਠਕਾਂ ਦੇ ਬਕਾਏ ਚੰਦੇ ਵਲੋਂ ਉਨ੍ਹਾਂ ਨੂੰ ਪੁਸਤਕਾਂ ਘਲ ਦਿਤੀਆਂ ਗਈਆਂ, ਤੇ ਇਹ ਸੀ ਆਪਣੇ ਪਿਆਰੇ ਤੇ ਖੂਨ ਪਸੀਨਾ ਇਕ ਕਰ ਕੇ ਸਿਰਜੇ ਹਾਸ ਵਿਅੰਗ ਪੱਤਰ "ਨਵਾਂ ਸਾਹਿਤ" ਦਾ ਅੰਤ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਤਿੰਨ ਮਹਾਨ ਸ਼ਖ਼ਸੀਅਤਾਂ

## ਬਾਊ ਕਪੂਰ ਸਿੰਘ ਜੀ

ਪ੍ਰੀਤਨਗਰ ਰਹਿਣ ਸਮੇਂ ਕਈ ਵਚਿੱਤਰ ਹਸਤੀਆਂ ਦੇ ਦਰਸ਼ਨ ਹੋਏ, ਪਰ ਉਨ੍ਹਾਂ 'ਚੋਂ ਦੋ ਵਿਅਕਤੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਕ ਹਨ ਸ੍ਰ. ਕਪੂਰ ਸਿੰਘ 'ਗਿੱਲ' ਤੇ ਦੂਜੇ ਸਨ ਡਾਕਟਰ ਰਾਮ ਸਿੰਘ। ਸ੍ਰ: ਕਪੂਰ ਸਿੰਘ ਜੱਟ ਖ਼ਾਨਦਾਨ ਦੇ ਸਨ। ਪਿਤਾ-ਪੁਰਖੀ ਘਰ - ਗਿੱਲ, ਲੁਧਿਆਣੇ ਸ਼ਹਿਰ ਦੇ ਨੇੜੇ ਹੈ। ਜ਼ਾਤ ਵੀ ਗਿੱਲ ਹੈ। ਗਿੱਲ ਵੀ ਉਹ, ਜੋ ਗੱਲ ਪਿੱਛੋਂ ਕਰਦੇ ਹਨ ਤੇ ਡਾਂਗ ਪਹਿਲਾਂ ਟਿਕਾ ਦੇਂਦੇ ਹਨ। ਸ੍ਰ: ਕਪੂਰ ਸਿੰਘ, ਪੜ੍ਹੇ ਲਿਖੇ ਵਿਦਵਾਨ, (ਡੀ.ਏ.ਸੀ., ਐਮ.ਏ. ਕਲੱਕਤਾ ਦਫਤਰ) ਪਿੰਡੀ ਵਿੱਚ ਸਨ। ਉਨ੍ਹਾਂ ਆਪਣੇ ਜੀਵਨ ਦਾ ਬਹੁਤ ਸਾਰਾ ਹਿੱਸਾ ਰਾਵਲਪਿੰਡੀ ਵਿੱਚ ਹੀ ਬਿਤਾਇਆ। ਪਤਾ ਨਹੀਂ, ਪੋਠੋਹਾਰ ਦਾ ਪੌਣ ਪਾਣੀ ਦਾ ਅਸਰ ਸੀ, ਜਾਂ ਵਰਾਸਤ 'ਚੋਂ ਉਨ੍ਹਾਂ ਨੂੰ ਮਨੁੱਖੀ ਪਿਆਰ, ਨੇਕੀ, ਤਬੀਅਤ ਵਿੱਚ ਹਲੀਮੀ ਤੇ ਸਰਬਤ ਦਾ ਭਲਾ ਚਿਤਵਣਾ ਮਿਲਿਆ ਸੀ। ਲਗਪਗ ਚਾਲ਼ੀ ਕੁ ਸਾਲ ਉਨ੍ਹਾਂ ਦੇ ਸੰਪਰਕ 'ਚ ਰਹਿ ਕੇ ਹਾਲੀਂ ਤੀਕ ਮੈਨੂੰ ਨਹੀਂ ਯਕੀਨ ਆ ਸਕਿਆ, ਕਿ ਉਹ ਗਿੱਲ ਜੱਟ ਹਨ। ਇੰਨਾਂ ਜ਼ਰੂਰ ਕਿਹਾ ਜਾ ਸਕਦੈ, ਕਿ ਉਨ੍ਹਾਂ ਨੇ ਸੇਵਾ ਭਾਵ ਦਾ ਜਜ਼ਬਾ ਤੇ ਬੇ-ਗਰਜ਼ੀ ਤਾਂ ਜੱਟਾਂ ਕੋਲੋਂ ਲਈ ਪਰ ਜ਼ਬਾਨ ਵਿੱਚ ਮਿਠਾਸ, ਪਿਆਰ, ਲੜਾਈ ਝਗੜਿਆਂ ਤੋਂ ਆਪਣੇ ਆਪ ਨੂੰ ਦੂਰ ਰਖਣਾ ਪੋਠੋਹਾਰੀ ਸਿਫਤਾਂ ਉਨ੍ਹਾਂ ਉਥੋਂ ਦੇ ਪੌਣ ਪਾਣੀ 'ਚੋਂ ਪ੍ਰਾਪਤ ਕੀਤੀਆਂ ਜਾਪਦੀਆਂ ਹਨ।

ਸੰਨ 1933-34 ਵਿੱਚ ਸ੍ਰ. ਗੁਰਬਖਸ਼ ਸਿੰਘ ਐਡੀਟਰ ਪ੍ਰੀਤਲੜੀ ਰਾਵਲਪਿੰਡੀ ਸਾਡੇ ਘਰ ਆਏ। ਥੋੜਾ ਚਿਰ ਆਰਾਮ ਕਰਨ ਮਗਰੋਂ ਕਹਿਣ ਲਗੇ, ''ਦਾਤਾ ਜੀ! ਚਲੋ ਇਕ ਗੁਰਮੁਖ ਸੱਜਣ ਨੂੰ ਮਿਲ ਆਈਏ।'' ਅਸੀਂ ਪੁੱਛਦੇ ਪੁਛਾਂਦੇ ਝੰਗੀ ਮਹੱਲਾ, ਸ੍ਰ: ਕਪੂਰ ਸਿੰਘ ਦੇ ਘਰ ਜਾ ਪੁੱਜੇ। ਬੜੇ ਸਿੱਧੇ ਸਾਦੇ ਸੱਜਣ ਪੁਰਸ਼। ਉਚਾ ਲੰਮਾ ਕੱਦ। ਸਰੀਰ ਦੀ ਕਾਠੀ ਚੰਗੀ ਤਕੜੀ, ਗੱਲਾਂ ਬਾਤਾਂ ਵਿੱਚ ਬਿਲਕੁਲ ਸਾਧਾਰਣ ਤੇ ਨਿਰਮਾਣ, ਵਲ-ਛਲ ਤੋਂ ਰਹਿਤ। ਤੇ ਇਹ ਸਨ ਸ੍ਰ: ਕਪੂਰ ਸਿੰਘ। ਪਹਿਲੀ ਮਿਲਣੀ ਵਿੱਚ ਹੀ ਮੇਰੇ ਮਨ ਵਿੱਚ ਉਨ੍ਹਾਂ ਪ੍ਰਤੀ ਧਾਰਮਕ ਜਿਹੀ ਸ਼ਰਧਾ ਪੈਦਾ ਹੋ ਗਈ। ਉਸ ਮਗਰੋਂ ਜਦ ਮੈਂ 1940 ਵਿੱਚ ਪ੍ਰੀਤਨਗਰ ਆ ਗਿਆ, ਤਾਂ ਕਦੀ ਕਦਾਈਂ ਸ੍ਰ: ਕਪੂਰ ਸਿੰਘ ਜੀ ਦੇ ਪ੍ਰੀਤਨਗਰ, ਉਨ੍ਹਾਂ ਦੇ ਸਪੁਤਰ ਸ੍ਰ: ਦਰਸ਼ਨ ਸਿੰਘ ਦੇ ਘਰ ਮੁਲਾਕਾਤ ਹੋ ਜਾਂਦੀ ਸੀ। ਇਸ ਪਿਛੋਂ ਮੈਂ ਲਾਹੌਰ ਚਲਾ ਗਿਆ। ਉਨ੍ਹਾਂ ਦੀ ਵੱਡੀ ਸਪੁੱਤਰੀ ਬੀਬੀ ਜਸਵੰਤ ਕੌਰ, ਮਿਊ ਕਾਲਜ ਵਿੱਚ ਡਾਕਟਰੀ ਦੀ ਵਿਦਿਆ ਪ੍ਰਾਪਤ ਕਰ ਰਹੀ ਸੀ। ਕੁਝ ਚਿਰ ਮਗਰੋਂ ਉਹ ਹੋਸਟਲ ਛੱਡ ਸਾਡੇ ਘਰ, ਨਿਸਬਤ ਰੋਡ ਆ ਗਈ। ਸ੍ਰ. ਕਪੂਰ ਸਿੰਘ ਜੀ ਆਪਣੀ ਬੇਟੀ ਨੂੰ ਮਿਲਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਂਦੇ ਰਹਿੰਦੇ ਸਨ। ਉਦੋਂ ਸਾਨੂੰ ਵੀ ਉਨ੍ਹਾਂ ਦੇ ਦਰਸ਼ਨ ਹੋ ਜਾਂਦੇ ਸਨ।

ਸ੍ਰ: ਕਪੂਰ ਸਿੰਘ ਦਾ ਪਿੰਡ ਗਿੱਲ ਜ਼ਿਲਾ ਲੁਧਿਆਣਾ ਵਿਖੇ ਸ੍ਰ: ਨਰੈਣ ਸਿੰਘ ਗਿੱਲ ਦੇ ਘਰ ਸਤੰਬਰ 1885 ਈ: ਵਿੱਚ ਜਨਮ ਹੋਇਆ। ਬਾਲ 'ਕਪੂਰ' ਨੂੰ ਛੇ ਮਹੀਨਿਆਂ ਦੀ ਉਮਰ ਵਿੱਚ ਹੀ ਮਾਤਾ ਜੀ ਵਿਛੋੜਾ ਦੇ ਗਏ. ਤੇ ਛੋਟੀ ਉਮਰ ਵਿੱਚ ਹੀ ਉਨ੍ਹਾਂ ਦੇ ਪਿਤਾ ਜੀ ਵੀ ਚਲਾਣਾ ਕਰ ਗਏ।

ਉਨ੍ਹਾਂ ਪ੍ਰਾਇਮਰੀ ਤੀਕ ਵਿਦਿਆ ਮਾਹਲ ਪੁਰ (ਹੁਸ਼ਿਆਰਪੁਰ) ਵਿੱਚ ਪ੍ਰਾਪਤ ਕੀਤੀ। ਪੰਜਵੀਂ ਵਿੱਚ ਵਜ਼ੀਫਾ ਲਿਆ। ਅੱਠਵੀਂ ਲੁਧਿਆਣੇ ਤੋਂ ਪਾਸ ਕਰ ਕੇ ਫਿਰ ਵਜ਼ੀਫਾ ਪ੍ਰਾਪਤ ਕੀਤਾ। ਦਸਵੀਂ ਹਾਲੀਂ ਪਾਸ ਨਹੀਂ ਸੀ ਕੀਤੀ, ਕਿ ਕਈ ਮਜਬੂਰੀਆਂ ਕਾਰਨ ਪੜ੍ਹਾਈ ਵਿੱਚੇ ਛਡ ਕਿਸੇ ਨੂੰ ਖਬਰ ਕੀਤੇ ਬਿਨਾਂ ਹੀ ਉਹ ਕੋਇਟੇ ਜਾ ਪਹੁੰਚੇ. ਤੇ ਉਥੇ ਉਨ੍ਹਾਂ ਨੇ ਫੌਜ ਵਿੱਚ ਨੌਕਰੀ ਕਰ ਲਈ।

1914ਦੀ ਲੜਾਈ ਸਮੇਂ ਉਹ ਸੀ.ਐਮ.ਏ. ਦੇ ਦਫਤਰ ਆ ਗਏ, ਤੇ ਉਥੇ ਹੀ ਤਰੱਕੀ ਕਰਦੇ ਕਰਦੇ ਰਾਵਲਪਿੰਡੀ ਆ ਕੇ ਡੀ.ਏ.ਸੀ.ਐਮ.ਏ. ਬਣ ਗਏ। ਅਰੰਭ ਵਿੱਚ ਜਦ ਉਨ੍ਹਾਂ ਨੌਕਰੀ ਸ਼ੁਰੂ ਕੀਤੀ, ਤਾਂ ਤਨਖਾਹ ਬਹੁਤ ਘਟ ਸੀ. ਜਿਸ ਕਾਰਨ ਗ੍ਰਹਿਸਥੀ ਦਾ ਨਿਰਬਾਹ ਬੜੀ ਮੁਸ਼ਕਲ ਨਾਲ ਹੁੰਦਾ ਸੀ। ਉਦੋਂ ਵੀ ਉਹ ਹਾਤਮਤਾਈ ਤਬੀਅਤ ਦੇ ਮਾਲਕ ਸਨ। ਦਫਤਰੋਂ ਘਰ ਆਉਂਦਿਆ ਰਾਹ ਵਿੱਚ ਕੋਈ ਲੋੜਵੰਦ ਬੰਦਾ, ਫਕੀਰ, ਸਾਧੂ ਜਾਂ ਪ੍ਰਦੇਸੀ ਉਨ੍ਹਾਂ ਨਾਲ ਹੁੰਦਾ. ਜਿਸ ਨੂੰ ਪ੍ਰਸ਼ਾਦ ਪਾਣੀ ਛਕਾਣ ਉਪਰੰਤ ਲੋੜੀਂਦੀ ਮਾਇਆ ਭੇਟਾ ਕਰ ਕੇ ਤੋਰਦੇ। ਆਪਣੇ ਪਾਸ ਮਾਇਆ ਨਾ ਹੁੰਦੀ. ਤਾਂ ਕਿਸੇ ਤੋਂ ਉਧਾਰ ਲੈ ਕੇ ਲੋੜਵੰਦਾਂ ਦੀ ਜ਼ਰੂਰਤ ਪੂਰੀ ਕਰਦੇ।

ਦਫਤਰ ਵਿੱਚ ਜਦ ਉਹ ਆਪਣਾ ਕੰਮ ਮੁਕਾ ਲੈਂਦੇ, ਤਾਂ ਦੂਜਿਆਂ ਦੇ ਕੰਮਾਂ ਵਿੱਚ ਉਨ੍ਹਾਂ ਦਾ ਹਥ ਵਟਾਂਦੇ। ਕਿਸੇ ਨੇ ਘਰ ਜਾਣਾ ਹੁੰਦਾ, ਸ੍ਰ: ਕਪੂਰ ਸਿੰਘ ਉਸ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਉਸ ਨੂੰ ਘਰ ਤੋਰ ਦੇਂਦੇ।

ਘਰੋਂ ਦਫਤਰ ਜਾਂਦਿਆਂ ਆਉਂਦਿਆਂ ਕੋਈ ਰੋਂਦਾ ਬਾਲ ਮਿਲਦਾ, ਉਸ ਦਾ ਨੱਕ ਮੂੰਹ ਰੁਮਾਲ ਨਾਲ ਸਾਫ ਕਰ. ਤੇ ਨਾਲ ਦੇ ਨਲਕੇ 'ਚੋਂ ਆਪਣਾ ਰੁਮਾਲ ਤੇ ਹੱਥ ਸਾਫ ਕਰ ਕੇ ਦਫਤਰ ਚਲੇ ਜਾਂਦੇ। ਇਸ ਤਰ੍ਹਾਂ ਦਾ ਹੀ ਉਨ੍ਹਾਂ ਦਾ ਨਿਤ ਕਰਮ ਸੀ।

ਨੌਕਰੀ ਸਮੇਂ ਉਹ ਕੋਇਟਾ, ਕਰਾਚੀ, ਬੰਨੂ, ਰਜ਼ਮਕ, ਚਕਲਾਲਾ (ਰਾਵਲਪਿੰਡੀ) ਪੂਨਾ, ਆਦਿ ਸ਼ਹਿਰਾਂ ਵਿੱਚ ਵਿੱਚਰਦੇ ਰਹੇ। 1950 ਵਿੱਚ ਉਹ ਰੀਟਾਇਰ ਹੋ ਗਏ। ਇਕ ਸਾਲ ਮਗਰੋਂ ਯੂ.ਪੀ. ਵਿੱਚ ਆਪਣੇ ਕਈ ਸਾਥੀਆਂ ਨਾਲ ਮਿਲ ਕੇ 900 ਏਕੜ ਜ਼ਮੀਨ ਦਾ ਫਾਰਮ ਲਿਆ। ਕੁਝ ਚਿਰ ਉਹ ਉਸ ਫਾਰਮ ਵਿੱਚ ਹੀ ਨਿਵਾਸ ਰਖਦੇ ਰਹੇ।

ਗਿੱਲ ਫਾਰਮ ਦੇ ਨੇੜੇ ਤੇੜੇ ਬਹੁਤ ਸਾਰੀਆਂ ਪੰਜਾਬੀ ਫਾਰਮਾਂ ਹੋਰ ਵੀ ਸਨ। ਉਥੇ ਡਾਕਖਾਨਾ ਨਾ ਹੋਣ ਕਾਰਨ ਦੂਰ ਦੇ ਡਾਕਖਾਨਿਉਂ ਸਭ ਨੂੰ ਡਾਕ ਲਿਆਣੀ ਪੈਂਦੀ ਸੀ। ਇਸ ਔਕੜ ਨੂੰ ਵੇਖ ਕੇ ਸ੍ਰ: ਕਪੂਰ ਸਿੰਘ ਨੇ ਡਾਕ ਮਹਿਕਮੇਂ ਨੂੰ ਉਥੇ ਡਾਕਖਾਨਾ ਖੋਲ੍ਹਣ ਲਈ ਲਿਖਿਆ ਤੇ ਇਸ ਕੰਮ ਲਈ ਆਪਣੀਆਂ ਆਨਰੇਰੀ ਸੇਵਾਵਾਂ ਪੇਸ਼ ਕੀਤੀਆਂ। ਉਨ੍ਹਾਂ ਦੇ ਯਤਨਾਂ ਸਦਕਾ ਉਥੇ ਡਾਕਖਾਨਾ ਖੁਲ੍ਹ ਗਿਆ। ਸਰਦਾਰ ਜੀ ਆਪ ਪੋਸਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਾਸਟਰ ਦਾ ਕੰਮ ਕਰਦੇ ਰਹੇ। ਆਪ ਹੀ ਡਾਕ ਥੈਲਾ ਖੋਲ੍ਹਣਾ, ਚਿੱਠੀਆਂ ਤੇ ਮੋਹਰਾਂ ਲਾਣੀਆਂ ਤੇ ਘਰੋ-ਘਰੀ ਪੁਚਾ ਦੇਣੀਆਂ। ਇਸ ਮਗਰੋਂ ਡਾਕ ਮਹਿਕਮੇਂ ਨੇ ਉਨ੍ਹਾਂ ਦੀ ਤਨਖਾਹ ਮੁਕਰਰ ਕਰ ਦਿਤੀ। ਸੋ ਹਰ ਮਹੀਨੇ ਆਪ ਨੂੰ ਤਨਖਾਹ ਦਾ ਮਨੀਆਰਡਰ ਆ ਜਾਂਦਾ ਤੇ ਉਹ ਮਨੀਆਰਡਰ ਤੇ 'ਇਨਕਾਰੀ' ਲਫਜ਼ ਲਿਖ ਕੇ ਵਾਪਸ ਕਰ ਦੇਂਦੇ।

ਅਗਲੇ ਸਾਲ ਉਨ੍ਹਾਂ ਮਹੀਨੇ ਕੁ ਲਈ ਪੰਜਾਬ ਆਉਣਾ ਸੀ। ਉਨ੍ਹਾਂ ਆਪਣੇ ਬੇਟੇ ਨੂੰ ਲਿਖਿਆ, ਤਾਂ ਉਹ, ਇਕ ਮਹੀਨੇ ਦੀ ਛੁੱਟੀ ਲੈ ਕੇ ਇਹ ਸੇਵਾ ਨਿਭਾਂਦਾ ਰਿਹਾ। ਉਨ੍ਹਾਂ ਦੀ ਘਾਲਣਾ ਸਦਕਾ ਹੁਣ ਪਲੀਆ ਪਿੰਡ ਵਿੱਚ ਬਾਕਾਇਦਾ ਡਾਕਖਾਨਾ ਖੁਲ੍ਹ ਚੁੱਕਾ ਹੈ। ਉਸ ਕਾਰਜੋਂ ਵੇਹਲਿਆਂ ਹੋ ਉਨ੍ਹਾਂ ਛੋਟੇ ਬੱਚਿਆਂ ਲਈ ਸਕੂਲ ਖੋਲ੍ਹ ਲਿਆ। ਜਿਸ ਵਿੱਚ ਉਹ ਕਿਤਾਬਾਂ ਆਪਣੇ ਪੱਲਿਉਂ ਦੇ ਕੇ ਬੱਚਿਆਂ ਨੂੰ ਵਿਦਿਆ ਦਾਨ ਦੇਂਦੇ ਸਨ। ਕੁਝ ਹੋਮਿਉਪੈਥਕ ਤੇ ਐਲੋਪੈਥੀ ਦੀਆਂ ਆਮ ਵਰਤੋਂ ਦੀਆਂ ਦਵਾਈਆਂ ਵੀ ਰੱਖ ਲਈਆਂ ਸਨ, ਜੋ ਲੋੜਵੰਦਾਂ ਨੂੰ ਮੁਫਤ ਦਿਤੀਆਂ ਜਾਂਦੀਆਂ ਸਨ।

ਆਪਣੇ ਸਾਧਨਾਂ ਤੋਂ ਵਧ ਚੜ੍ਹ ਕੇ ਅਤੇ ਮਾਇਕ ਔਕੜਾਂ ਝਲ ਕੇ ਵੀ ਉਨ੍ਹਾਂ ਆਪਣੇ ਬਚਿਆਂ ਨੂੰ ਉਚ ਵਿਦਿਆ ਦਿਲਾਈ। ਉਨ੍ਹਾਂ ਦੇ ਬੱਚਿਆਂ 'ਚੋਂ ਕੋਈ ਡਾਕਟਰ ਹੈ, ਕੋਈ ਪ੍ਰੋਫੈਸਰ ਤੇ ਕੋਈ ਇੰਜੀਨੀਅਰ। ਉਨ੍ਹਾਂ ਦਾ ਲਿਬਾਸ ਬੜਾ ਸਾਧਾਰਣ। ਖਾਣ-ਪੀਣ ਬਿਲਕੁਲ ਸਾਦਾ। ਨਿਸ਼ਕਾਮ ਸੇਵਾ। ਆਪਣੇ ਪੁਰਾਣੇ ਹਮਜੋਲੀਆਂ ਨੂੰ ਢੂੰਡ ਢੂੰਡ ਕੇ ਮਿਲਣਾ। ਉਨ੍ਹਾਂ ਨੂੰ ਪਿਆਰ ਤੇ ਹਮਦਰਦੀ ਦੇਣੀ, ਉਨ੍ਹਾਂ ਦੇ ਅੰਗ ਅੰਗ ਵਿੱਚ ਕੁਟ ਕੁਟ ਭਰੀ ਹੋਈ ਸੀ।

ਉਹ ਆਪਣੇ ਫਾਰਮ ਵਿੱਚ ਹੀ ਰਹਿੰਦੇ ਸਨ, ਪਰ ਜਦੋਂ ਦਿੱਲੀ ਆਉਣ, ਉਨ੍ਹਾਂ ਦਾ ਨਿਵਾਸ ਅਸਥਾਨ ਸਾਡੇ ਘਰ ਹੁੰਦਾ ਸੀ। ਉਨ੍ਹਾਂ ਦੇ ਕਈ ਅਮੀਰ ਸ਼ਰਧਾਲੂ, ਰਿਸ਼ਤੇਦਾਰ ਮਿੱਤਰ ਸਜਣ ਉਨ੍ਹਾਂ ਨੂੰ ਰਾਤ ਬਿਸਰਾਮ ਲਈ ਜ਼ੋਰ ਦੇਣ, ਤਾਂ ਉਹ ਕਹਿੰਦੇ ਸਨ ਕਿ ਮੈਨੂੰ ਉਸ ਘਰ ਵਿੱਚ ਵਧੇਰੇ ਆਰਾਮ ਮਿਲਦਾ ਹੈ। ਇਹ ਮੇਰੀ ਖੁਸ਼ ਕਿਸਮਤੀ ਹੈ ਕਿ ਉਹ ਇਨ੍ਹਾਂ ਸਤਰਾਂ ਤੇ ਲਿਖਾਰੀ ਦੇ ਘਰ ਨੂੰ ਸਦਾ ਹੀ ਭਾਗ ਲਾਂਦੇ ਸਨ। ਦਿੱਲੀ ਪਹੁੰਚ ਕੇ ਉਹ ਆਪਣੇ ਪੁਰਾਣੇ ਸਾਥੀਆਂ ਨੂੰ ਢੂੰਡ ਢੂੰਡ ਕੇ ਮਿਲਦੇ ਸਨ। ਜਿਨ੍ਹਾਂ ਨੂੰ ਉਹ ਮਿਲਣ ਜਾਂਦੇ ਸਨ। ਉਹਨਾਂ 'ਚੋਂ ਕੋਈ ਅਕਾਲੀ ਹੋਵੇ ਜਾਂ ਕਾਂਗਰਸੀ, ਸੰਘੀ ਹੋਵੇ ਜਾਂ ਕਾਮਰੇਡੀ ਵਿੱਚਾਰਧਾਰਾ ਦਾ, ਪਰ ਮਿਲਣ ਸਮੇਂ ਕਦੀ ਇਨ੍ਹਾਂ ਦੀਆਂ ਗੱਲਾਂ ਦਾ ਵਿਸ਼ਾ ਸਿਆਸਤ ਨਹੀਂ ਹੋਇਆ। ਉਹ ਦੂਜਿਆਂ ਦੇ ਦੁਖ ਦੂਰ ਕਰਨ, ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਨ, ਅਤੇ ਉਨ੍ਹਾਂ ਦੀ ਸਹਾਇਤਾ ਕਰਨ ਵਿੱਚ ਹੀ ਵਿਸ਼ਵਾਸ਼ ਰਖਦੇ ਹਨ। ਇਕ ਵਾਰ ਉਹ ਮੈਨੂੰ ਕਹਿਣ ਲਗੇ, "ਇਕ ਬ੍ਰਿਧ ਸਜਣ ਨੂੰ ਸਾਈਕਲ ਲੈ ਕੇ ਦੇਣੀ ਹੈ।" ਮੇਰੇ ਪੁਛਣ ਤੇ ਉਨ੍ਹਾਂ ਦਸਿਆ ਕਿ ਉਸ ਸੱਜਣ ਦੀ ਉਪਜੀਵਕਾ, ਪ੍ਰੇਮੀਆਂ ਦੇ ਘਰ ਅਖੰਡ ਪਾਠ ਕਰਨ ਨਾਲ ਤੁਰਦੀ ਹੈ। ਆਪਣੇ ਘਰੋਂ ਬਹੁਤ ਦੂਰ ਉਸ ਨੂੰ ਪੈਦਲ ਜਾਂ ਬਸ ਵਿੱਚ ਜਾਣਾ ਪੈਂਦੈ, ਇਸ ਲਈ ਸਾਈਕਲ ਨਾਲ ਉਸ ਨੂੰ ਕੁਝ ਸਹੂਲਤ ਮਿਲ ਜਾਵੇਗੀ।"

ਇਕ ਲੋੜਵੰਦ ਨੂੰ ਉਨ੍ਹਾਂ ਟਰੱਕ ਲੈਣ ਵਿੱਚ ਸਹਾਇਤਾ ਕੀਤੀ, ਪਰ ਉਹ ਸਮੁਚਾ ਟਰੱਕ ਹੀ ਖਾ ਗਿਆ। ਮੇਰੇ ਗਿਲਾ ਕਰਨ ਤੇ ਕਹਿਣ ਲਗੇ, "ਕੋਈ ਗੱਲ ਨਹੀਂ, ਇਹ ਇਵੇਂ ਹੀ ਹੋਣਾ ਸੀ।" ਜਦ ਉਨ੍ਹਾਂ ਦੇ ਗੁਆਂਢ ਵਿੱਚ ਕੋਈ ਝਗੜਾ ਹੋਵੇ, ਤਾਂ ਉਹ ਸ੍ਰ. ਕਪੂਰ ਸਿੰਘ ਨੂੰ ਜਜ ਮਿਥਦੇ ਸਨ। ਇਹ ਜੋ ਫੈਸਲਾ ਕਰਨ, ਉਹ ਦੋਵੇਂ ਧਿਰਾਂ ਖੁਸ਼ੀ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪ੍ਰਵਾਨ ਕਰਦੀਆਂ ਸਨ, ਪਰ ਆਮ ਤੌਰ ਤੇ ਇਸ ਤਰ੍ਹਾਂ ਦੇ ਫੈਸਲੇ ਮਗਰੋਂ ਮਿਥੀ ਮਾਇਆ ਇਨ੍ਹਾਂ ਨੂੰ ਪੱਲਿਉਂ ਹੀ ਦੇਣੀ ਪੈਂਦੀ ਸੀ। ਆਪਣੀ ਜ਼ਿੰਦਗੀ ਵਿੱਚ ਸੈਂਕੜੇ ਨਹੀਂ ਹਜ਼ਾਰਾਂ ਰੁਪਏ ਇਨ੍ਹਾਂ ਨੇ ਲੋੜਵੰਦਾਂ ਨੂੰ ਦਿਤੇ, ਜਿਨ੍ਹਾਂ ਨੇ ਵਾਪਸ ਨਾ ਕੀਤੇ। ਜਦ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਮਿੱਤਰ ਉਨ੍ਹਾਂ ਦੇ ਇਸ ਸੁਭਾ ਕਾਰਣ ਗਿਲਾ ਕਰਦੇ ਸਨ, ਤਾਂ ਉਹ ਹੱਸ ਕੇ ਕਹਿੰਦੇ ਹਨ, ''ਉਨ੍ਹਾਂ ਸਜਣਾਂ ਨੂੰ ਵਧੇਰੇ ਲੋੜ ਹੋਵੇਗੀ।''

ਇਕ ਵਾਰ ਦਿੱਲੀ ਉਹ ਬੱਸ ਵਿੱਚ ਸਫਰ ਕਰ ਰਹੇ ਸਨ, ਤਾਂ ਉਨ੍ਹਾਂ ਦਾ ਬਟੂਆ ਕਿਸੇ ਉਡਾ ਲਿਆ। ਕੰਡਕਟਰ ਦੇ ਟਿਕਟ ਪੁਛਣ ਤੇ ਹੀ ਉਨ੍ਹਾਂ ਨੂੰ ਪਤਾ ਲੱਗਾ, ਕਿ ਬਟੂਆ ਗਾਇਬ ਹੈ। ਉਨ੍ਹਾਂ ਕੰਡਕਟਰ ਨੂੰ ਆਪਣੀ ਔਕੜ ਦੱਸੀ, ਤਾਂ ਕੰਡਕਟਰ ਸਮੇਤ ਬਹੁਤੀਆਂ ਸਵਾਰੀਆਂ ਨੇ ਉਨ੍ਹਾਂ ਨੂੰ ਸ਼ੱਕ ਦੀਆਂ ਨਿਗਾਹਾਂ ਨਾਲ ਵੇਖਿਆ, ਪਰ ਉਸ ਸਮੇਂ ਵੀ ਇਕ ਰੱਬ ਦਾ ਰੂਪ ਉਨ੍ਹਾਂ ਦੀ ਇਸ ਔਕੜ ਨੂੰ ਵੇਖ ਰਿਹਾ ਸੀ। ਇਕ ਹਰੀਜਨ ਆਪਣੀ ਸੀਟ ਤੋਂ ਉਠਿਆ; ਮੁੱਠੀ ਭਰ ਭਾਨ ਇਨ੍ਹਾਂ ਦੇ ਹੱਥਾਂ ਵਿੱਚ ਥਮਾ ਤੁਰਦਾ ਬਣਿਆ। ਇਹ, ਉਸ ਦਾ ਨਾਂ-ਪਤਾ ਬਥੇਰਾ ਪੁੱਛਦੇ ਰਹੇ, ਪਰ ਉਹ ਅਗਲੇ ਬਸ ਸਟੈਂਡ ਤੇ ਚੁਪ ਚੁਪੀਤੇ ਉੱਤਰ ਗਿਆ।

ਉਨ੍ਹਾਂ ਸਾਰੀ ਉਮਰ ਕੋਈ ਫਿਲਮ ਨਹੀਂ ਸੀ ਵੇਖੀ। ਮਾਸ ਤੇ ਅੰਡਾ ਨਹੀਂ ਛਕਿਆ। ਸ਼ਰਾਬ ਮੂੰਹ ਨਹੀਂ ਲਗਾਈ, ਪਰ ਇਨ੍ਹਾਂ ਚੀਜ਼ਾਂ ਦਾ ਸੇਵਨ ਕਰਨ ਵਾਲਿਆਂ ਨੂੰ ਉਹ ਨਫਰਤ ਨਹੀਂ ਸਨ ਕਰਦੇ। ਆਪਣੇ ਬੱਚੇ ਤਾਸ਼ ਖੇਡ ਰਹੇ ਹੋਣਗੇ, ਇਹ ਉਨ੍ਹਾਂ ਪਾਸ ਬੈਠੇ ਬੜੀ ਦਿਲਚਸਪੀ ਲੈਂਦੇ ਨਜ਼ਰ ਆਉਂਦੇ। ਪਤਾ ਵੀ ਨਹੀਂ ਲਗਣ ਦੇਣਗੇ, ਤੇ ਇਹ ਹੌਲੀ ਜਿਹੀ ਉਠ ਕੇ ਕੋਈ ਪੁਸਤਕ ਲੈ ਕੇ ਪੜ੍ਹਨ, ਜਾਂ ਪਾਠ ਕਰਨ ਲੱਗ ਜਾਂਦੇ।

ਫਿਲਮਾਂ ਬਾਰੇ ਉਨ੍ਹਾਂ ਦਾ ਵਿਚਾਰ ਸੀ, ਕਿ ਇਹ ਸਾਰਾ ਸੰਸਾਰ ਹੀ ਇਕ ਚਲ ਰਹੀ ਵੱਡੀ ਫਿਲਮ ਹੈ। ਇਸ ਲਈ ਉਹ ਛੋਟੀ ਫਿਲਮ ਵੇਖਣ ਵਿੱਚ ਵਿਸ਼ਵਾਸ਼ ਨਹੀਂ ਸਨ ਰਖਦੇ। ਇਸੇ ਕਰ ਕੇ ਉਨ੍ਹਾਂ ਸਾਰੀ ਉਮਰ ਫਿਲਮ ਨਹੀਂ ਸੀ ਵੇਖੀ।

ਲੋਕਾਂ ਦੇ ਸੁਧਾਰ ਦਾ ਜ਼ਿਕਰ ਕਰੋ, ਤਾਂ ਉਹ ਕਹਿਣਗੇ, ''ਜੇ ਮਨੁੱਖ ਆਪਣੇ ਆਪ ਨੂੰ ਸੁਧਾਰਣ ਲਗ ਪਵੇ, ਤਾਂ ਵੀ ਸ਼ਾਇਦ ਇਹ ਜ਼ਿੰਦਗੀ ਥੋੜੀ ਹੋਵੇ। ਇਸ ਲਈ ਦੂਜਿਆਂ ਦੇ ਸੁਧਾਰ ਦੀ ਚਿੰਤਾ ਤਿਆਗ, ਆਪਣੇ ਆਪ ਨੂੰ ਮਨੁੱਖ ਬਣਾਨ ਦਾ ਯਤਨ ਕਰਨਾ ਜ਼ਰੂਰੀ ਹੈ।''

31 ਦਸੰਬਰ ਸੰਨ 1951 ਵਿੱਚ ਉਨ੍ਹਾਂ ਦਾ ਜਵਾਨ ਬੇਟਾ ਸ੍ਰ: ਇਕਬਾਲ ਸਿੰਘ, ਜੋ ਚਿਰੀਮਿਰੀ ਕਾਲਰੀ ਦਾ ਮੈਨੇਜਰ ਸੀ, ਨੂੰ ਕਾਲ ਦਾ ਸੱਦਾ ਆ ਗਿਆ। ਉਹ ਭਰੀ ਜਵਾਨੀ ਵਿੱਚ ਪੂਰੇ ਦੋ ਸਾਲ ਮੌਤ ਨਾਲ ਘੁਲਦਾ ਰਿਹਾ, ਪਰ ਅੰਤਾਂ ਮੌਤ ਦੀ ਜਿੱਤ ਹੋਈ, ਤੇ ਉਹ ਇਕ ਬਹੁਤ ਪਿਆਰੇ, ਨੇਕ, ਸੱਚੇ ਅਤੇ ਦਾਨੀ ਤਬੀਅਤ ਦੇ ਨੌਜਵਾਨ ਨੂੰ ਸਾਥੋਂ ਖੋਹ ਕੇ ਲੈ ਗਈ। ਸ੍ਰ. ਕਪੂਰ ਸਿੰਘ ਦਾ ਆਪਣੇ ਬੇਟੇ ਨਾਲ ਅੰਤ ਦਾ ਪਿਆਰ ਸੀ। ਇਸ ਮੌਤ ਨਾਲ ਉਨ੍ਹਾਂ ਦੇ ਮਨ ਨੂੰ ਤੱਕੜੀ ਸੱਟ ਵੱਜੀ। ਉਨ੍ਹਾਂ ਆਪਣੇ ਬੇਟੇ ਦੀ ਅੰਤਮ ਅਰਦਾਸ ਮਗਰੋਂ ਮੈਨੂੰ ਦਸਿਆ, ''ਅੱਜ ਇਉਂ ਜਾਪਦੈ, ਜਿਵੇਂ ਇਕਬਾਲ ਨਹੀਂ ਗਿਆ, ਮੇਰੀ ਸੱਜੀ ਬਾਂਹ ਹੀ ਕਿਸੇ ਕੱਟ ਲਈ ਹੈ।''

ਪੁੱਤਰ ਵਿਛੋੜੇ ਦਾ ਬੜਾ ਡੂੰਘਾ ਸਲ ਸੀ। ਮੈਂ ਸੋਚਦਾ ਸਾਂ ਕਿ ਸਰਦਾਰ ਜੀ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੱਟ ਨਹੀਂ ਸਹਾਰ ਸਕਣਗੇ, ਪਰ ਉਹ ਬੜੇ ਧਰਮੀ ਤੇ ਨਿਤਨੇਮੀ ਪੁਰਸ਼ ਸਨ। ਕੁਝ ਮਹੀਨਿਆਂ ਮਗਰੋਂ ਉਹ ਪਹਿਲਾਂ ਵਾਂਗ ਹਸ਼ਾਸ਼ ਬਸ਼ਾਸ਼ ਹੋ ਕੇ ਲੋਕ ਸੇਵਾ ਦੇ ਕਾਰਜਾਂ ਵਿੱਚ ਜੁਟ ਗਏ। ਇਕਬਾਲ ਸਿੰਘ ਬਾਰੇ ਇਕ ਦਿਨ ਗੱਲ ਚਲੀ, ਤਾਂ ਉਹ ਕਹਿਣ ਲਗੇ: "ਇਕਬਾਲ ਸਿੰਘ ਦੇ ਜੀਂਦਿਆਂ ਜੀਅ ਮੇਰੀ ਜ਼ਿੰਮੇਵਾਰੀ ਵੰਡੀ ਹੋਈ ਸੀ, ਪਰ ਉਸ ਦੀ ਮ੍ਰਿਤੂ ਨਾਲ ਉਸ ਦੇ ਫਰਜ਼ ਵੀ ਮੈਂ ਹੀ ਅਦਾ ਕਰਨੇ ਹਨ। ਇਸ ਲਈ ਮੈਂ ਦੋਹਾਂ ਬੰਦਿਆਂ ਦੀਆਂ ਜ਼ਿੰਮੇਵਾਰੀਆਂ ਚੁੱਕਣ ਦਾ ਫੈਸਲਾ ਕਰ ਲਿਆ ਹੈ।" ਸ੍ਰ: ਕਪੂਰ ਸਿੰਘ ਦੀ ਇਹ ਗੱਲ ਸੁਣ ਉਸ ਦਲੇਰ ਅਤੇ ਸਾਹਸੀ ਪੁਰਸ਼ ਲਈ ਮਨ ਅਸ਼ ਅਸ਼ ਕਰ ਉਠਿਆ ਤੇ ਮੇਰਾ ਸਿਰ ਆਪ ਮੁਹਾਰੇ ਉਨ੍ਹਾਂ ਅਗੇ ਝੁਕ ਗਿਆ। ਸ੍ਰ: ਇਕਬਾਲ ਸਿੰਘ ਦੀ ਇਕ ਬੇਟੀ ਅਮਰੀਕਾ ਵਿੱਚ ਸੰਸਾਰ ਪ੍ਰਸਿੱਧ ਸਰਜਨ ਹੈ, ਤੇ ਦੂਜੀ ਲੁਧਿਆਣੇ ਮੈਡੀਕਲ ਕਾਲਜ ਵਿੱਚ ਪ੍ਰੋਫੈਸਰ ਹੈ।

ਗਿੱਲ ਪਰਿਵਾਰ ਦਾ ਸਾਡੇ ਪਰਿਵਾਰ ਨਾਲ ਬੜਾ ਸਨੇਹ ਸੀ। ਦੋਹਾਂ ਪਰਿਵਾਰਾਂ ਦੇ ਮੈਂਬਰ ਆਪਣੇ ਆਪ ਨੂੰ ਇਕ ਵਡੇ ਪਰਿਵਾਰ ਦਾ ਅੰਗ ਸਮਝਦੇ ਸਨ।

ਇਕ ਦੂਜੇ ਦੇ ਪਰਿਵਾਰ ਦੇ ਵਿਆਹ ਸ਼ਾਦੀਆਂ ਅਤੇ ਦੁਖ ਸੁਖ ਵਿੱਚ ਅਸੀਂ ਸ਼ਾਮਲ ਹੁੰਦੇ ਸਾਂ। ਇਸ ਚੰਗੇ ਰਜੇ ਪੁਜੇ ਪਰਿਵਾਰ ਦੀ ਇਕ ਸ਼ਾਦੀ ਸਮੇਂ ਸਾਦਗੀ ਦੀ ਇੰਤਹਾ ਵੇਖ ਮੈਂ ਦੰਗ ਰਹਿ ਗਿਆ, ਜਿਸ ਦਾ ਜ਼ਿਕਰ ਪਾਠਕਾਂ ਲਈ ਦਿਲਚਸਪੀ ਦਾ ਕਾਰਣ ਵੀ ਹੋਵੇਗਾ।

ਸੰਨ 1960 ਵਿੱਚ ਸ੍ਰ: ਕਪੂਰ ਸਿੰਘ ਦੇ ਬੇਟੇ ਪ੍ਰੋ: ਦਿਲਦਾਰ ਸਿੰਘ ਦੀ ਸ਼ਾਦੀ ਸੀ। ਮੈਨੂੰ ਇਸ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਉਚੇਚਾ ਸੱਦਾ ਪੱਤਰ ਮਿਲਿਆ। ਬਰਾਤ ਨੇ ਸਵੇਰੇ ਪੰਜ ਵਜੇ ਸੂਰਜਪੁਰ - ਚੰਡੀਗੜ੍ਹ ਤੋਂ ਦਸ ਕੁ ਮੀਲ ਦੀ ਦੂਰੀ ਤੋਂ - ਚਲ ਕੇ ਚੰਡੀਗੜ੍ਹ ਅਰੋਮਾ ਹੋਟਲ ਵਿੱਚ ਠਹਿਰਨਾ ਸੀ। ਛੇ ਵਜੇ ਸਵੇਰੇ ਬਰਾਤ ਨੇ ਹੋਟਲ 'ਚੋਂ ਚਲਣਾ ਸੀ। ਮੈਂ ਛੇ ਵਜੇ ਸਵੇਰੇ ਹੋਟਲ ਵਿੱਚ ਹੀ ਪਹੁੰਚ ਕੇ ਇਸ ਬਰਾਤ ਵਿੱਚ ਸ਼ਾਮਲ ਹੋਣਾ ਸੀ। ਮੈਂ ਪਹਿਲੀ ਰਾਤ ਹੀ ਚੰਡੀਗੜ੍ਹ ਪੁਜ ਗਿਆ। ਮੇਰਾ ਰਾਤ ਬਿਸਰਾਮ ਹੋਟਲ ਦੇ ਨੇੜੇ ਹੀ ਸੀ। ਸਵੇਰੇ ਉਠ ਕੇ ਢੋਲ ਢਮੱਕੇ ਦੇ ਸ਼ੋਰ ਦੀ ਉਡੀਕ ਕਰਦਾ ਰਿਹਾ, ਪਰ ਬਰਾਤ ਦੇ ਪਹੁੰਚਣ ਦੀ ਆਵਾਜ਼ ਮੇਰੀ ਕੰਨੀ ਨਾ ਪਈ। ਅੰਤ ਇਹ ਸੋਚਦਾ ਸਾਢੇ ਛੇ ਵਜੇ ਹੋਟਲ ਜਾ ਪਹੁੰਚਿਆ, ਕਿ ਸੱਤ ਅੱਠ ਵਜੇ ਤੀਕ ਸੂਰਜਪੁਰੋਂ ਬਰਾਤੀ ਲੋਕ ਹੋਟਲ 'ਚ ਪੁਜਣਗੇ। ਹੋਟਲ ਪਹੁੰਚ ਕੇ ਪਤਾ ਲਗਾ, ਕਿ ਬਰਾਤ ਹੋਟਲ ਤੋਂ ਠੀਕ ਛੇ ਵਜੇ ਲੜਕੀ ਵਾਲਿਆਂ ਦੀ ਕੋਠੀ ਚਲੀ ਗਈ ਹੈ। ਮੈਂ ਸਿੱਧਾ ਉਸ ਕੋਠੀ ਜਾ ਪੁੱਜਾ। ਉਥੇ ਜਾ ਕੇ ਪਤਾ ਲੱਗਾ, ਕਿ ਅਨੰਦ ਕਾਰਜ ਹੋ ਚੁਕੈ।

ਉਸ ਸਮੇਂ ਬਰਾਤੀ ਬਾਹਰ ਨਿਕਲ ਰਹੇ ਸਨ। ਉਸ ਮਗਰੋਂ ਬਰਾਤ ਸਿੰਧੀ ਹੋਟਲ ਪੁੱਜੀ। ਉਥੇ ਚਾਹ ਪੀਤੀ, ਤੇ ਨਵ-ਵਿਆਹੀ ਜੋੜੀ ਨੂੰ ਨਾਲ ਲੈ ਅੱਠ ਵਜੇ ਬਰਾਤ ਵਾਪਸ ਸੂਰਜਪੁਰ ਜਾ ਪੁੱਜੀ। ਨਾ ਢੋਲ ਢੱਮਕਾ, ਨਾ ਵਾਜੇ, ਨਾ ਸ਼ੁਰ-ਸ਼ਰੀਆਂ, ਨਾ ਭੰਗੜੇ, ਨਾ ਸਿਖਿਆ, ਨਾ ਸਿਹਰੇ, ਨਾ ਗੱਲਾਂ ਵਿੱਚ ਹਾਰ। ਨਾ ਕੈਮਰੇ ਦੀ ਟਿਕ ਟਿਕ। ਨਾ ਬੈਂਡ ਵਾਜੇ ਵਾਲਿਆਂ ਦੀ ਬਕ ਬਕ ਤੇ ਝਕ ਝਕ। ਤੇ ਇਹ ਸੀ ਸ੍ਰ: ਕਪੂਰ ਸਿੰਘ ਦੇ ਬੇਟੇ ਦੀ ਸ਼ਾਦੀ, ਜੋ ਆਪ ਪ੍ਰੋਫੈਸਰ ਸੀ ਤੇ ਲੜਕੀ ਐਮ.ਏ. ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਸ ਸਾਦਗੀ ਨੂੰ ਵੇਖ ਕੌਣ ਨਾ ਕੁਰਬਾਨ ਹੋ ਜਾਏ। ਅੰਤ ਸਮੇਂ ਤੀਕ ਉਨ੍ਹਾਂ ਨੂੰ ਖੂਬ ਨੀਂਦ ਪੈਂਦੀ ਰਹੀ। ਤਿੰਨ ਕੁ ਵਜੇ ਸਵੇਰੇ ਉਹ ਉਠਦੇ ਸਨ। ਸਭ ਤੋਂ ਪਹਿਲਾਂ ਜੰਗਲ ਪਾਣੀ ਹੋ ਕੇ ਉਹ ਵਰਜ਼ਸ਼ ਵਿੱਚ ਜੁਟ ਜਾਂਦੇ ਫਿਰ ਯੋਗਾ ਆਸਨ ਕਰਦੇ। ਅੱਖਾਂ ਦੀਆਂ ਵਰਜ਼ਸ਼ਾਂ ਕਰਦੇ। ਇਸ ਮਗਰੋਂ ਉਹ ਮਾਲਸ਼ ਕਰ ਕੇ ਇਸ਼ਨਾਨ ਕਰਨਗੇ, ਤੇ ਫਿਰ ਸਮਾਧੀ ਲਗਾ ਕੇ ਨਿਤਨੇਮ। ਤੇ ਜਦੋਂ ਘਰ ਵਾਲੇ ਜਾਗਦੇ, ਉਸ ਵੇਲੇ ਤੀਕ ਆਪਣਾ ਸਵੇਰ ਦਾ ਸਾਰਾ ਪ੍ਰੋਗਰਾਮ ਸਮਾਪਤ ਕਰ, ਉਹ ਅਖਬਾਰ ਪੜ੍ਹ ਰਹੇ ਹੁੰਦੇ। ਬੜੀ ਪਿਆਰੀ ਸ਼ਖਸੀਅਤ ਸੀ ਸ੍ਰ: ਕਪੂਰ ਸਿੰਘ ਜੀ। ਉਨ੍ਹਾਂ ਦੀਆਂ ਦੋ ਡਾਕਟਰ ਬੇਟੀਆਂ ਹਨ। ਵਡੀ ਡਾ: ਜਸਵੰਤ ਕੌਰ ਗਿੱਲ (ਪੰਜਾਬੀ ਦੀ ਸੁਪ੍ਰਸਿੱਧ ਮਨੋਵਿਗਿਆਨੀ ਲੇਖਕਾ), ਦੂਜੀ ਡਾ: ਅੰਮ੍ਰਿਤ ਕੌਰ। ਉਨ੍ਹਾਂ ਦਾ ਵਡਾ ਬੇਟਾ ਸ੍ਰ: ਇਕਬਾਲ ਸਿੰਘ ਕਾਲਰੀ ਮੈਨੇਜਰ ਉਨ੍ਹਾਂ ਨੂੰ ਭਰ ਜਵਾਨੀ ਵਿੱਚ ਹੀ ਵਿਛੋੜਾ ਦੇ ਗਿਆ। ਦੂਜਾ ਬੇਟਾ ਸ੍ਰ: ਗੁਰਮੁਖ ਸਿੰਘ ਰਿਟਾਇਰਡ ਕਾਲਰੀ ਮੈਨੇਜਰ ਚੰਡੀਗੜ੍ਹ, ਸ੍ਰ: ਬਲਦੇਵ ਸਿੰਘ ਐਸ.ਪੀ. ਪੁਲਸ, ਸਭ ਤੋਂ ਛੋਟਾ ਦਿਲਦਾਰ ਸਿੰਘ ਪ੍ਰੋਫੈਸਰ। ਸ੍ਰ: ਕਪੂਰ ਸਿੰਘ ਜੀ ਨੇ 89 ਸਾਲ ਉਮਰ ਤੀਕ ਬੜਾ ਸੋਹਣਾ ਜੀਵਨ ਜੀਵਿਆ। ਅੰਤ ਸਮੇਂ ਸ੍ਰ: ਕਪੂਰ ਸਿੰਘ ਆਪਣੇ ਬੇਟੇ ਸ੍ਰ: ਬਲਦੇਵ ਸਿੰਘ ਪਾਸ ਅਹਿਮਦਾਬਾਦ ਸਨ। ਸਵੇਰੇ ਸਰੀਰਕ ਕਿਰਿਆ ਕਰਨ ਮਗਰੋਂ ਨਿਤਨੇਮ ਸਮਾਪਤ ਕਰ ਕੇ ਮੂੰਹ ਹਥ ਧੋ ਕੇ ਪ੍ਰਭੂ ਦੀ ਯਾਦ ਵਿੱਚ ਮੰਜੇ ਤੇ ਲੇਟ ਗਏ, ਛੇ ਬੜੀ ਸ਼ਾਂਤ ਅਵਸਥਾ ਵਿੱਚ 12 ਦਸੰਬਰ ਸੰਨ 1984 ਨੂੰ ਸਵੇਰੇ ਦੇ 6 ਵਜੇ ਵਾਹਿਗੁਰੂ ਦੀ ਗੋਦ ਵਿੱਚ ਜਾ ਬਰਾਜੇ।

## ਡਾ: ਰਾਮ ਸਿੰਘ ਜੀ

ਡਾ: ਰਾਮ ਸਿੰਘ ਜੀ ਰਾਵਲਪਿੰਡੀ ਜ਼ਿਲੇ ਦੇ ਕਹੂਟਾ ਨਾਂ ਦੇ ਇਕ ਪ੍ਰਸਿੱਧ ਕਸਬੇ ਵਿੱਚ 15 ਨਵੰਬਰ ਸੰਨ 1898 ਈਸਵੀ ਵਿੱਚ ਪੈਦਾ ਹੋਏ। ਮੁਢਲੀ ਵਿਦਿਆ ਪ੍ਰਾਪਤੀ ਮਗਰੋਂ ਉਹ ਡਾਕਟਰੀ ਪੜ੍ਹਨ ਲਈ ਮੈਡੀਕਲ ਕਾਲਜ ਅੰਮ੍ਰਿਤਸਰ ਚਲੇ ਗਏ।

ਮੈਡੀਕਲ ਕਾਲਜ ਅੰਮ੍ਰਿਤਸਰ ਵਿੱਚ ਵਿਦਿਆ ਪ੍ਰਾਪਤੀ ਸਮੇਂ ਡਾਕਟਰ ਰਾਮ ਸਿੰਘ ਰੋਜ਼ਾਨਾ ਨੇਮ ਨਾਲ ਦਰਬਾਰ ਸਾਹਿਬ ਦਰਸ਼ਨ ਕਰਨ ਜਾਂਦੇ। ਇਨ੍ਹਾਂ ਦੀ ਵੇਖਾ ਵੇਖੀ ਇਨ੍ਹਾਂ ਦੇ ਸਾਥੀ ਵੀ ਆਪ ਦੇ ਨਾਲ ਦਰਸ਼ਨਾਂ ਹਿਤ ਤੁਰ ਪੈਂਦੇ। ਉਹ ਇਕ ਆਦਰਸ਼ਕ ਸਿੱਖ ਨੌਜਵਾਨ ਸਨ। ਉਨ੍ਹਾਂ ਦਾ ਆਚਾਰ ਬੜਾ ਉਚਾ ਸੀ। ਉਹ ਸੱਚੀ ਸੁੱਚੀ ਤੇ ਬੜੀ ਹੋਣਹਾਰ ਸ਼ਖਸੀਅਤ ਸਨ। ਉਨ੍ਹਾਂ ਦੇ ਨਿਜੀ ਜੀਵਨ ਦਾ ਪ੍ਰਭਾਵ ਉਹਨਾਂ ਦੇ ਸਾਥੀਆਂ ਤੇ ਵੀ ਪਿਆ ਤੇ ਉਹ ਉਨ੍ਹਾਂ ਨੂੰ ਪਿਆਰ ਨਾਲ 'ਭਾਈ ਸਾਹਿਬ' ਦੇ ਸਤਿਕਾਰ ਭਰੇ ਉਪਨਾਮ ਨਾਲ ਬੁਲਾਣ ਲਗ ਪਏ।

ਡਾਕਟਰੀ ਪਾਸ ਕਰਨ ਮਗਰੋਂ ਉਹ ਫੌਜ ਵਿੱਚ ਨੌਕਰ ਹੋ ਗਏ, ਪਰ ਇਕ ਸਾਲ ਦੀ ਨੌਕਰੀ ਮਗਰੋਂ ਸੰਨ 1921 ਵਿੱਚ ਉਹ ਅਫਰੀਕਾ ਚਲੇ ਗਏ। ਉਨ੍ਹਾਂ ਦਿਨਾਂ ਵਿੱਚ ਅਫਰੀਕਾ ਵਿੱਚ ਹਾਲੀ ਰੇਲਾਂ ਨਹੀਂ ਸਨ ਚਲੀਆਂ। ਸੋ ਤਿੰਨ ਮਹੀਨੇ ਪੈਦਲ ਤੁਰ ਕੇ ਆਪਣੇ ਠਿਕਾਣੇ ਪੁਜੇ। ਟਾਂਗਾਨੀਕਾ ਦੇ ਬਹੁਤ ਸਾਰੇ ਸ਼ਹਿਰਾਂ ਦੇ ਹਸਪਤਾਲਾਂ ਵਿੱਚ ਉਹ ਲਗਪਗ ਵੀਹ ਸਾਲ ਸੇਵਾ ਕਰਦੇ ਰਹੇ। ਜਦੋਂ ਕਦੀ ਦੇਸ ਆਉਣ ਦਾ ਮੌਕਾ ਮਿਲਦਾ, ਤਾਂ ਆਪਣੇ ਪੁਰਾਣੇ ਸਾਥੀਆਂ, ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਣਾ, ਉਨ੍ਹਾਂ ਦੀ ਵਿਤ ਅਨੁਸਾਰ ਸੇਵਾ ਕਰਨੀ। ਇਸ ਪਿੱਛੋਂ ਜੋ ਸਮਾਂ ਮਿਲੇ ਉਹ ਪੁਸਤਕਾਂ ਪੜ੍ਹਨ ਅਤੇ ਡਾਕਟਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦੇ ਅਧਿਐਨ ਵਿੱਚ ਬਿਤਾਂਦੇ। ਬੜੇ ਬੜੇ ਵਿਦਵਾਨਾ ਤੇ ਪਹੁੰਚੇ ਹੋਏ ਸੰਤ ਮਹਾਤਮਾਵਾਂ ਦੀ ਸੰਗਤ ਵਿੱਚ ਵੀ ਹਾਜ਼ਰੀ ਭਰਦੇ। ਆਪਣੇ ਪਿੰਡ ਕਹੂਟੇ ਵਿੱਚ ਵਿਆਹ ਸ਼ਾਦੀਆਂ ਸਮੇਂ ਕਈ ਪੁਰਾਤਨ ਹਾਨੀਕਾਰਕ ਰਸਮਾਂ ਨੂੰ ਤਿਲਾਂਜਲੀ ਦੇਣ ਵਿੱਚ ਵੀ ਡਾਕਟਰ ਸਾਹਿਬ ਦਾ ਬਹੁਤ ਸਾਰਾ ਹੱਥ ਹੈ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਮਜ਼੍ਹਬ, ਕੌਮ, ਦੇਸ਼ ਦਾ ਕੋਈ ਵਿਤਕਰਾ ਨਹੀਂ ਸੀ। ਉਹ ਸਾਰਿਆਂ ਨੂੰ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਸਮਝਦੇ ਸਨ।

ਅਠਾਰਾਂ ਸਾਲ ਅਫਰੀਕਾ ਬਿਤਾਣ ਮਗਰੋਂ ਉਹ ਸੰਨ 1939 ਵਿੱਚ ਦੇਸ ਛੁੱਟੀ ਤੇ ਆਏ ਪਰ ਵਤਨ ਦੀ ਖਿਚ ਨੇ ਵਾਪਸ ਅਫਰੀਕਾ ਜਾਣ ਨਾ ਦਿਤਾ। ਰਾਵਲਪਿੰਡੀ ਵਿੱਚ ਡਿਸਪੈਂਸਰੀ ਖੋਲ੍ਹ ਕੇ ਉਨ੍ਹਾਂ ਆਪਣਾ ਕਾਰਜ ਅਰੰਭ ਦਿਤਾ। ਇਥੇ ਗਰੀਬਾਂ ਦੀ ਉਹ ਮੁਫਤ ਸੇਵਾ ਕਰਦੇ। ਜੋ ਲੋੜਵੰਦ ਫੀਸ ਨਾ ਦੇ ਸਕੇ, ਉਸ ਦੇ ਘਰ ਕਈ ਕਈ ਚੱਕਰ ਮਾਰਦੇ। ਦਵਾਈ ਨਾ ਖ੍ਰੀਦ ਸਕਣ ਵਾਲਿਆਂ ਨੂੰ ਮੁਫਤ ਦਵਾਈ ਦੇ ਨਾਲ ਲੋੜੀਂਦੀ ਮਾਇਆ ਵੀ ਗੁਪਤ ਭੇਟ ਕਰਦੇ। ਸੰਨ 1941 ਵਿੱਚ ਉਹ ਰਾਵਲਪਿੰਡੀ ਛੱਡ ਕੇ ਪ੍ਰੀਤਨਗਰ ਦੀ ਡਿਸਪੈਂਸਰੀ ਵਿੱਚ ਡਾਕਟਰ ਲਗ ਗਏ।

ਪ੍ਰੀਤਨਗਰ ਵਿੱਚ ਸਵੇਰੇ-ਸਵੇਰੇ ਉਹ ਡਿਸਪੈਂਸਰੀ ਦੀ ਡਿਊਟੀ ਦੇਂਦੇ, ਫਿਰ ਦਵਾਈਆਂ ਦਾ ਥੈਲਾ ਚੁੱਕੀ, ਸਾਰੇ ਪ੍ਰੀਤਨਗਰ ਵਿੱਚ ਚੱਕਰ ਲਗਾਂਦੇ। ਸਭ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ। ਕੋਈ ਲੋੜਵੰਦ ਬਾਹਰੋਂ ਇਸ ਨਗਰ ਵਿੱਚ ਆ ਗਿਆ, ਜਾਂ ਵੈਸੇ ਹੀ ਹਸਪਤਾਲੋਂ ਵਾਪਸ ਘਰ ਆਉਂਦਿਆਂ ਕੋਈ ਮਿਲ ਪਿਆ, ਤਾਂ ਉਸ ਦੀ ਬਾਂਹ ਫੜ ਲਈ, ਘਰ ਪਹੁੰਚ ਕੇ ਆਪਣੀ ਪਤਨੀ ਨੂੰ ਕਹਿਣਾ, "ਕੁਲਵੰਤ ਕੌਰ! ਇਹ ਸਜਣ ਪ੍ਰਸ਼ਾਦ ਇਥੇ ਹੀ ਛਕਣਗੇ।"

ਕੁਲਵੰਤ ਕੌਰ ਵੀ ਨਿਰੀ ਪੁਰੀ ਦੇਵੀ ਸੀ। ਛਲ ਵਲ ਤੇ ਬਨਾਵਟ ਤੋਂ ਬਿਲਕੁਲ ਰਹਿਤ ਮਾਸੂਮ ਮੁਸਕ੍ਰਾਹਟ ਹਰ ਸਮੇਂ ਉਸ ਦੇ ਚਿਹਰੇ ਖੇਡ ਰਹੀ ਹੁੰਦੀ। ਉਸ ਦੇ ਮੂੰਹ 'ਚੋਂ ਇਸ ਤਰ੍ਹਾਂ ਦੇ ਮਿਸਰੀ ਘੁਲੇ ਪੋਠੋਹਾਰੀ ਸ਼ਬਦ ਨਿਕਲਦੇ, "ਆਣ ਨਾ, ਜਮ ਜਮ ਆਣ, ਇਹ ਇੰਨਾ ਨਾ ਆਪਣਾ ਘਰ ਹੈ ਕੇ।" ਇਹ ਆਖ ਉਹ ਰੋਟੀ ਪ੍ਰੋਸਣ ਲੱਗ ਜਾਂਦੀ। ਉਸ ਸਾਦੇ ਭੋਜਨ ਵਿੱਚ ਕਿੰਨੀ ਮਿਠਾਸ ਹੁੰਦੀ। ਉਹ ਖਾਣ ਵਾਲੇ ਹੀ ਜਾਣ ਸਕਦੇ ਸਨ। ਪੋਠੋਹਾਰੀ ਇਸਤਰੀਆਂ ਦੀ ਜ਼ਬਾਨ ਵਿੱਚ ਕੁਦਰਤੀ ਬੜੀ ਮਿਠਾਸ ਹੁੰਦੀ ਹੈ, ਪਰ ਬਹੁਤੀਆਂ ਇਸਤ੍ਰੀਆ ਵਿੱਚ ਬਣਾਵਟ ਅਤੇ ਖੁਦਗਰਜ਼ੀ ਭਰੀ ਹੁੰਦੀ ਹੈ। ਉਹ ਗੱਲ ਗੱਲ ਤੇ ਆਪਣੇ ਘਰ ਵਾਲਿਆਂ ਅਤੇ ਰਿਸ਼ਤੇਦਾਰਾ ਨਾਲ ਖਹਿਬੜਦੀਆਂ ਹਨ, ਪਰ ਡਾਕਟਰ ਰਾਮ ਸਿੰਘ ਤੇ ਸਰਦਾਰਨੀ ਕੁਲਵੰਤ ਕੌਰ ਦੀ ਜੋੜੀ ਰੱਬ ਨੇ ਆਪ ਬਣਾਈ ਜਾਪਦੀ ਸੀ। ਜੋ ਇਕ ਨੇ ਕਿਹਾ, ਦੂਜੇ ਨੇ ਮੰਨ ਲਿਆ ਇਸ ਤਰ੍ਹਾਂ ਇਸ ਦੰਪਤੀ ਦੀ ਸੋਹਣੀ ਬੀਤ ਰਹੀ ਸੀ।

ਸੰਨ 1947 ਦੀ ਵੰਡ ਦੇ ਦਿਨ ਆ ਗਏ। ਡਾਕਟਰ ਰਾਮ ਸਿੰਘ ਹੋਰਾਂ ਦਾ ਘਰ ਘਾਟ ਪਹਿਲਾਂ ਹੀ ਪਾਕਿਸਤਾਨ ਵਿੱਚ ਚਲਾ ਗਿਆ ਸੀ। ਉਨ੍ਹਾਂ ਦੇ ਕਈ ਰਿਸ਼ਤੇਦਾਰ ਉਜੜ ਕੇ ਪ੍ਰੀਤਨਗਰ ਆ ਗਏ। ਡਾਕਟਰ ਜੀ ਆਪਣੇ ਰਿਸ਼ਤੇਦਾਰਾਂ ਦੀ ਸੰਭਾਲ ਕਰਦੇ। ਹਸਪਤਾਲ ਵਿੱਚ ਬੀਮਾਰਾਂ ਦੀ ਦੇਖ ਭਾਲ ਕਰਦੇ, ਤੇ ਇਸ ਮਗਰੋਂ ਜਿਹੜੇ ਘਰਾਂ ਵਿੱਚ ਬੀਮਾਰ ਹੁੰਦੇ, ਉਨ੍ਹਾਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਵੇਖਦੇ ਤੇ ਲੋੜੀਂਦੀ ਦਵਾਈ ਆਦਿ ਦੇਂਦੇ। ਇਨ੍ਹਾਂ ਦਿਨਾਂ ਵਿੱਚ ਪ੍ਰੀਤਨਗਰ ਕਾਫੀ ਮਾਲੀ ਔਕੜਾਂ ਦਾ ਸ਼ਿਕਾਰ ਸੀ। ਡਾਕਟਰ ਜੀ ਨੂੰ ਤਨਖਾਹ ਕਿਥੋਂ ਮਿਲਣੀ ਸੀ, ਪਰ ਉਨ੍ਹਾਂ ਨੂੰ ਇਸ ਗੱਲ ਦੀ ਪਰਵਾਹ ਨਹੀਂ ਸੀ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦਿਨ ਰਾਤ ਆਪਣੇ ਫਰਜ਼ਾਂ ਵਿੱਚ ਜੁਟੇ ਰਹਿੰਦੇ।

ਦੇਸ਼ ਵੰਡ ਹੋ ਗਈ। ਡਾਕਟਰ ਹੋਰਾਂ ਨੇ ਅਫਰੀਕਾ ਜਾਣ ਦਾ ਪ੍ਰੋਗਰਾਮ ਬਣਾਇਆ। ਉਹ ਦਿੱਲੀ ਆ ਗਏ। ਅਸੀਂ ਵੀ ਉਦੋਂ ਤੀਕ ਲਾਹੌਰੋਂ ਪ੍ਰੀਤਨਗਰ, ਤੇ ਪ੍ਰੀਤਨਗਰੋਂ ਦਿੱਲੀ ਪਹੁੰਚ ਚੁਕੇ ਸਾਂ। ਸਾਡਾ ਡੇਰਾ ਦਿੱਲੀ ਤੋਂ 11 ਮੀਲ ਦੂਰ ਮਹਿਰੌਲੀ ਵਿੱਚ ਸੀ। ਮਹੀਨਾ ਜਨਵਰੀ ਦਾ ਤੇ ਅੰਤਾਂ ਦੀ ਸਰਦੀ। ਪਰਿਵਾਰ ਪਾਸ ਨਾ ਗਰਮ ਕੱਪੜੇ ਨਾ ਗਰਮ ਬਿਸਤਰੇ। ਅਸੀਂ ਜੁਲਾਈ 1947 ਵਿੱਚ ਲਾਹੌਰੋਂ ਨਿਕਲੇ ਸਾਂ। ਇਸ ਆਸ ਨਾਲ ਕਿ ਦੋ ਮਹੀਨਿਆਂ ਮਗਰੋਂ ਵਾਪਸ ਲਾਹੌਰ ਪਰਤ ਆਵਾਂਗੇ, ਪਰ ਮੁੜ ਐਸਾ ਅਵਸਰ ਬਣ ਨਾ ਸਕਿਆ, ਕਿ ਅਸੀਂ ਆਪਣੀ ਜਨਮ ਭੂਮੀ ਦੇ ਦਰਸ਼ਨ ਕਰ ਸਕਦੇ।

ਦਿੱਲੀ ਪਹੁੰਚ ਡਾਕਟਰ ਰਾਮ ਸਿੰਘ ਹੋਰਾਂ ਸੁਨੇਹਾ ਘਲਿਆ, ਕਿ ਮੈਂ ਉਨ੍ਹਾਂ ਨੂੰ ਮਿਲ ਜਾਵਾਂ। ਦੂਜੇ ਦਿਨ ਸਵੇਰੇ ਸਵੇਰੇ ਉਨ੍ਹਾਂ ਨੇ ਅਫਰੀਕਾ ਤੁਰ ਜਾਣਾ ਸੀ। ਮੈਂ ਉਨ੍ਹਾਂ ਦੇ ਠਿਕਾਣੇ ਪੁੱਜ ਗਿਆ। ਬੜੀ ਦੇਰ ਅਸੀਂ ਆਪੋ ਵਿੱਚ ਗੱਲਾਂ ਕਰਦੇ ਰਹੇ। ਜਦ ਅਸੀਂ ਵਿਛੜਨ ਲਗੇ ਤਾਂ ਉਨ੍ਹਾਂ ਇਕ ਲਿਫਾਫਾ ਮੇਰੇ ਹੱਥ ਫੜਾਇਆ, ਤੇ ਨਾਲ ਹੀ ਕੱਪੜਿਆਂ ਦੀ ਇਕ ਗਠੜੀ। ਉਨ੍ਹਾਂ ਕਿਹਾ ਕਿ ਚਿੱਠੀ ਕਲ੍ਹ ਪੜ੍ਹਨੀ, ਤੇ ਉਸ ਮੁਤਾਬਕ ਇਹ ਗੱਠੜੀ ਉਸ ਸੱਜਣ ਨੂੰ ਪੁਚਾ ਦੇਣੀ। ਦੂਜੇ ਦਿਨ ਮੈਂ ਲਿਫਾਫਾ ਖੋਲ੍ਹਿਆ ਤਾਂ ਉਸ ਵਿੱਚੋਂ ਇਕ ਚਿੱਠੀ ਨਿਕਲੀ:

ਮੇਰੇ ਪਿਆਰੇ ਦਾਤਾ ਜੀ,

ਮੈਂ ਤੁਹਾਡੇ ਤੋਂ ਬਹੁਤ ਦੂਰ ਜਾ ਰਿਹਾ ਹਾਂ। ਤੁਸੀਂ ਆਪਣਾ ਸਭ ਕੁਝ ਲਾਹੌਰ ਗਵਾ ਆਏ ਹੋ। ਨਾ ਬੱਚਿਆਂ ਲਈ ਗਰਮ ਕੱਪੜੇ ਹਨ, ਨਾ ਤੁਹਾਡੇ ਲਈ। ਜਿਥੇ ਅਸੀਂ ਜਾ ਰਹੇ ਹਾਂ, ਉਥੇ ਗਰਮ ਕੱਪੜਿਆਂ ਦੀ ਲੋੜ ਨਹੀਂ ਪੈਣੀ, ਇਸ ਲਈ ਇਹ ਤਿਲ ਫੁਲ ਪ੍ਰਵਾਨ ਕਰਨੇ ਤੇ ਕੱਪੜੇ ਵਰਤ ਲੈਣੇ। **ਤੁਹਾਡਾ – ਰਾਮ ਸਿੰਘ**

ਚਿੱਠੀ ਵਿੱਚ ਦੋ ਸੌ ਰੁਪਏ ਦੇ ਨੋਟ ਸਨ, ਤੇ ਗੱਠੜੀ ਵਿੱਚ ਪਰਿਵਾਰ ਦੇ ਸਵੈਟਰ ਤੇ ਗਰਮ ਕੱਪੜੇ।

ਚਿੱਠੀ ਪੜ੍ਹਨ ਤੀਕ ਡਾਕਟਰ ਹੋਰੀਂ ਸਾਡੇ ਦੇਸ਼ ਤੋਂ ਬਹੁਤ ਦੂਰ ਜਾ ਚੁੱਕੇ ਸਨ। ਮੈਂ ਆਪਣੇ ਬੱਚਿਆਂ ਵਿੱਚ ਘਿਰਿਆ ਬੈਠਾ, ਚਿੱਠੀ ਪੜ੍ਹ ਰਿਹਾ ਸਾਂ, ਤੇ ਅੱਖਾਂ ਮੇਰੀਆਂ ਸਜਲ ਸਨ। ਇਹ ਸਨ ਡਾ: ਰਾਮ ਸਿੰਘ ਹੋਰੀਂ, ਜੋ ਮਨੁੱਖਤਾ ਲਈ ਇੰਨਾ ਡੂੰਘਾ ਦਰਦ ਰਖਦੇ ਸਨ।

ਡਾਕਟਰ ਹੋਰੀ ਦੇਸ਼ ਛਡ ਡੋਡੋਮਾ (ਅਫਰੀਕਾ) ਚਲੇ ਗਏ। ਉਹ ਪਹਿਲਾਂ ਵੀ ਉਥੇ ਰਹਿ ਆਏ ਸਨ। ਜਦੋਂ ਉਥੋਂ ਦੇ ਲੋਕਾਂ ਨੂੰ ਇਨ੍ਹਾਂ ਦੀ ਆਮਦ ਦਾ ਪਤਾ ਲੱਗਾ, ਤਾਂ ਉਹ ਬੜੇ ਪ੍ਰਸੰਨ ਹੋਏ। ਡਾਕਟਰ ਹੋਰੀਂ ਧਰਮ, ਰੰਗ ਜਾਂ ਨਸਲ ਦਾ ਵਿਤਕਰਾ ਕੀਤੇ ਬਿਨਾਂ ਹਰ ਇਕ ਨਾਲ ਇਕੋ ਜਿਹਾ ਪਿਆਰ ਕਰਦੇ ਸਨ, ਤੇ ਅਫਰੀਕਨ ਲੋਕਾਂ ਲਈ ਇਹ ਬੜੀ ਅਜੀਬ ਅਤੇ ਨਵੀਂ ਗੱਲ ਸੀ, ਕਿ ਉਹਨਾਂ ਨੂੰ ਵੀ ਕੋਈ ਯੂਰਪੀਨ ਜਾਂ ਭਾਰਤੀ ਪਿਆਰ ਦੀ ਨਿਗਾਹ ਨਾਲ ਵੇਖੇ। ਇਥੇ ਉਹ ਪੂਰੇ ਬਾਰਾਂ ਸਾਲ ਰਹਿ ਕੇ ਜਨਤਾ ਦੀ ਸੇਵਾ ਵਿੱਚ ਜੁਟੇ ਰਹੇ। ਉਹ ਮਰੀਜ਼ ਪਾਸੋਂ ਡਾਕਟਰੀ ਫੀਸ ਜਾਂ ਦਵਾਈ ਦੀ ਕੀਮਤ ਮੰਗਿਆ ਨਹੀਂ ਸਨ ਕਰਦੇ, ਜੋ ਕਿਸੇ ਨੇ ਦਿੱਤਾ ਲੈ ਲਿਆ। ਲੋੜਵੰਦਾਂ ਨੂੰ ਦਵਾਈ ਦੇ ਨਾਲ ਖਾਣ ਪੀਣ ਅਤੇ ਰਿਹਾਇਸ਼ ਵੀ ਮੁਫਤ ਮਿਲਦੀ ਸੀ।

ਵਿਦੇਸ਼ ਵਿੱਚ ਲੋਕ ਸੇਵਾ ਕਰਨ ਦੇ ਨਾਲ ਨਾਲ ਉਹ ਦੇਸ ਵਿੱਚ ਵੀ ਲੋੜਵੰਦਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਾਇਆ ਨਾਲ ਸਹਾਇਤਾ ਕਰਦੇ ਰਹਿੰਦੇ।

ਫਿਰ ਉਹ ਦੇਸ ਪਰਤ ਆਏ। ਬੰਬਈ ਵਿੱਚ ਉਨ੍ਹਾਂ 'ਪੋਠੋਹਾਰ' ਨਾਂ ਦਾ ਫਲੈਟ ਖ੍ਰੀਦ ਲਿਆ। ਆਪਣੇ ਪਰਿਵਾਰ ਨਾਲ ਰਹਿਣ ਲੱਗ ਪਏ। ਲੋਕ ਸੇਵਾ ਦਾ ਕਾਰਜ ਪਹਿਲਾਂ ਵਾਂਗ ਹੀ ਚਲਦਾ ਸੀ, ਕਿ ਅਚਾਨਕ ਸੰਨ 1958 ਵਿੱਚ ਇਕ ਮੋਟਰ ਹਾਦਸੇ ਵਿੱਚ ਉਨ੍ਹਾਂ ਦੀ ਪਤਨੀ ਕੁਲਵੰਤ ਕੌਰ ਘਾਇਲ ਹੋ ਗਈ। ਸਾਲ ਭਰ ਡਾਕਟਰ ਜੀ ਪਤਨੀ ਦੇ ਇਲਾਜ ਵਿੱਚ ਜੁਟੇ ਰਹੇ, ਪਰ ਅੰਤ ਜਨਵਰੀ 1959 ਵਿੱਚ ਭੌਰ ਉਡ ਗਿਆ, ਤੇ ਡਾਕਟਰ ਜੀ ਦੀ ਦੁਨੀਆਂ ਸੁੰਨੀ ਕਰ ਗਿਆ। ਇਸ ਹਾਦਸੇ ਮਗਰੋਂ ਜਦੋਂ ਉਹ ਮੈਨੂੰ ਦਿੱਲੀ ਮਿਲੇ ਤਾਂ ਉਹਨਾਂ ਦੇ ਚਿਹਰੇ ਤੇ ਆਪਣੀ ਜੀਵਨ ਸਾਥਣ ਦੇ ਵਿਛੋੜੇ ਦੇ ਚਿੰਨ੍ਹ ਮੌਜੂਦ ਸਨ। ਉਹ ਦੇਵੀ ਉਨ੍ਹਾਂ ਦਾ ਸਾਥ ਛੱਡ ਗਈ, ਜੋ ਨਿਰੀ ਉਨ੍ਹਾਂ ਦੀ ਹੀ ਨਹੀਂ, ਉਨ੍ਹਾਂ ਦੇ ਬੱਚਿਆਂ ਅਤੇ ਉਨ੍ਹਾਂ ਦੇ ਨਿਤ ਨਵੇਂ ਆਏ ਮਹਿਮਾਨਾਂ ਦੀ ਵੀ ਸੰਭਾਲ ਕਰਦੀ ਸੀ।

ਡਾਕਟਰ ਜੀ ਆਪਣੇ ਸਾਥੀ ਦੇ ਵਿਛੋੜੇ ਨੂੰ ਭੁਲਾਣ ਲਈ ਵਾਪਸ ਅਫਰੀਕਾ ਚਲੇ ਗਏ, ਪਰ ਦੋ ਸਾਲਾਂ ਤੋਂ ਵਧ ਉਹ ਆਪਣਾ ਵਤਨ ਦਾ ਵਿਛੋੜਾ ਨਾ ਸਹਿ ਸਕੇ, ਤੇ 1961 ਨੂੰ ਵਾਪਸ ਬੰਬਈ ਪਰਤ ਆਏ।

ਕੁਝ ਚਿਰ ਮਗਰੋਂ ਡਾਕਟਰ ਜੀ ਫਿਰ ਪਹਿਲਾਂ ਵਾਂਗ ਚੜ੍ਹਦੀਆਂ ਕਲਾਂ ਵਿੱਚ ਹੋ ਕੇ ਆਪਣੇ ਫਰਜ਼ਾਂ ਦੀ ਪੂਰਤੀ ਵਿੱਚ ਜੁਟ ਪਏ, ਪਰ ਐਸਾ ਜਾਪਦਾ ਸੀ ਕਿ ਉਹ ਆਪਣੇ ਸਾਥੀ ਦੇ ਵਿਛੋੜੇ ਦਾ ਸਲ ਸਹਿਣ ਨਹੀਂ ਕਰ ਸਕੇ। ਸੰਨ 1965 ਵਿੱਚ ਜਦ ਉਹ ਮੈਨੂੰ ਦਿੱਲੀ ਵਿਖੇ ਮਿਲੇ, ਤਾਂ ਉਨ੍ਹਾਂ ਦਾ ਸਰੀਰ ਕਾਫੀ ਕਮਜ਼ੋਰ ਸੀ। ਮੇਰੇ ਪੁਛਣ ਤੇ ਉਨ੍ਹਾਂ ਦਸਿਆ ਕਿ ਡਾਕਟਰਾਂ ਨੇ ਹਰ ਪ੍ਰਕਾਰ ਦੀਆਂ ਪ੍ਰੀਖਿਆਵਾਂ ਮਗਰੋਂ ਫੈਸਲਾ ਕੀਤੈ, ਕਿ ਇਸ ਸਰੀਰ ਤੋਂ ਲੋੜ ਤੋਂ ਵਧੇਰੇ ਕੰਮ ਲਿਆ ਗਿਐ।

ਫਿਰ ਡਾਕਟਰ ਸਾਹਿਬ ਮੁਸਕਰਾ ਕੇ ਕਹਿਣ ਲਗੇ, ''ਅਸਲ ਗੱਲ ਤਾਂ ਇਹ ਹੈ ਦਾਤਾ ਜੀ, ਕਿ ਮੈਂ ਸਾਰੀ ਉਮਰ ਰੋਜ਼ਾਨਾ ਅਠ੍ਹਾਰਾਂ-ਅਠ੍ਹਾਰਾਂ, ਵੀਹ-ਵੀਹ ਘੰਟੇ ਕੰਮ ਕਰਦਾ ਰਿਹਾ ਹਾਂ, ਪਰ ਮੈਨੂੰ ਕਦੀ ਥਕਾਵਟ ਪ੍ਰਤੀਤ ਨਹੀਂ ਹੋਈ। ਪਰ ਡਾਕਟਰਾਂ ਦਾ ਕਹਿਣਾ ਹੈ, ਸਰੀਰ ਅੰਦਰ ਜੋ ਅਨਰਜੀ (ਸ਼ਕਤੀ) ਸੀ, ਉਹ ਮੈਂ ਕੰਮ ਕਰ ਕਰ ਖਤਮ ਕਰ ਦਿਤੀ ਹੈ। ਪਰ ਕੋਈ ਗੱਲ ਨਹੀਂ, ਇਹ ਸਰੀਰ ਹੈ ਹੀ ਕੰਮ ਲੈਣ ਲਈ। ਇਸ 'ਚੋਂ ਕਦੀ ਨਾ ਕਦੀ ਤਾਂ ਫੂਕ ਨਿਕਲ ਹੀ ਜਾਣੀ ਹੈ।''

ਦਸੰਬਰ 1972 ਵਿੱਚ ਆਗਰੇ ਵਿਖੇ ਮੇਰੀ ਆਪਣੇ ਗਰਾਈਂ ਬਲਰਾਜ ਸਾਹਨੀ ਨਾਲ ਮੁਲਾਕਾਤ ਹੋਈ, ਤਾਂ ਉਸ ਦੇ ਸੱਦੇ ਤੇ ਮੈਂ 1973 ਦੇ ਅਰੰਭ ਵਿੱਚ ਬੰਬਈ ਜਾਣ ਦਾ ਪ੍ਰੋਗਰਾਮ ਬਣਾਇਆ। ਦਿਲ ਵਿੱਚ ਤਮੰਨਾ ਸੀ, ਕਿ ਬੰਬਈ ਪਹੁੰਚ ਮੈਂ ਬਲਰਾਜ ਸਾਹਨੀ ਤੇ ਡਾਕਟਰ ਰਾਮ ਸਿੰਘ, ਦੋਹਾਂ ਪ੍ਰੇਮੀਆਂ ਦੇ ਰੱਜ ਰੱਜ ਦਰਸ਼ਨ ਕਰਾਂਗਾ, ਪਰ ਹੋਣੀ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। 1973 ਦੀ ਵਿਸਾਖੀ ਦੇ ਦਿਨ ਅਚਾਨਕ ਖਬਰ ਸੁਣੀ, ਕਿ ਬਲਰਾਜ ਸਾਹਨੀ ਦਾ ਦਿਹਾਂਤ ਹੋ ਗਿਆ ਹੈ। ਇਸ ਤੋਂ ਤਿੰਨ ਮਹੀਨੇ ਬਾਦ 30 ਜੁਲਾਈ 1973 ਨੂੰ ਆਪਣੇ ਪ੍ਰੀਤਵਾਨ ਡਾਕਟਰ ਜੀ ਦੇ 'ਰੱਬ ਨੂੰ ਪਿਆਰੇ' ਹੋ ਜਾਣ ਦੀ ਖਬਰ ਨੇ ਤਾਂ ਮੈਨੂੰ ਸਾਹ-ਸਤ ਹੀਣ ਕਰ ਕੇ ਰਖ ਦਿੱਤਾ।

ਡਾਕਟਰ ਰਾਮ ਸਿੰਘ, ਇਕ ਫਰਿਸ਼ਤਾ ਖਸਲਤ ਇਨਸਾਨ ਸਨ। ਇਹੋ ਜਿਹੇ ਲੋਕ ਹਿਤੂ, ਸਰਬ ਸਾਂਝੇ, ਪ੍ਰੀਤਵਾਨ ਤੇ ਸੱਜਣ ਪੁਰਸ਼ ਸਦੀਆਂ ਮਗਰੋਂ ਹੀ ਪੈਦਾ ਹੁੰਦੇ ਹਨ। ਜ਼ਾਲਮ ਮੌਤ ਨੇ ਸਾਥੋਂ ਇਕ ਬਹੁਤ ਪਿਆਰਾ ਮਨੁੱਖ ਖੋਹ ਲਿਆ, ਜਿਸ ਦੀ ਮਿੱਠੀ ਤੇ ਪਿਆਰੀ ਯਾਦ ਨੂੰ ਭੁਲਾਇਆ ਨਹੀਂ ਜਾ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


# ਪ੍ਰੋ. ਉਜਾਗਰ ਸਿੰਘ ਜੀ

ਪ੍ਰੋ. ਉਜਾਗਰ ਸਿੰਘ ਜੀ, ਉਨ੍ਹਾਂ ਮਹਾਂਪੁਰਸ਼ਾਂ ਵਿੱਚੋਂ ਸਨ, ਜਿਨ੍ਹਾ ਸਾਰੀ ਉਮਰ ਗੁਰਬਾਣੀ ਦੇ ਆਸ਼ੇ ਅਨੁਸਾਰ ਜੀਵਨ ਜੀਵਿਆ। ਸਦਾ ਲੁਕਾਈ ਦੇ ਭਲੇ ਲਈ ਕੰਮ ਕੀਤਾ। ਦੀਨ-ਦੁਨੀਆਂ ਦੀ ਹਮਦਰਦੀ ਦੇ ਪਾਤਰ ਬਣੇ। ਵਿਧਵਾਵਾਂ ਅਤੇ ਅਨਾਥਾਂ ਦੀ ਸਰਪ੍ਰਸਤੀ ਕੀਤੀ। ਕਈ ਅਦਾਰਿਆਂ ਦੇ ਉਹ ਸਰਪ੍ਰਸਤ ਬਣੇ। ਸੰਤ ਅਤਰ ਸਿੰਘ ਜੀ, ਸੰਤ ਤੇਜਾ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਸੰਤ ਸੰਗਤ ਸਿੰਘ ਜੀ ਕਮਾਲੀਆ ਤੇ ਭਾਈ ਜੋਧ ਸਿੰਘ ਆਦਿ ਮਹਾਂਪੁਰਸ਼ਾਂ ਨਾਲ ਉਨ੍ਹਾਂ ਦਾ ਡੂੰਘਾ ਸੰਪਰਕ ਰਿਹਾ। ਦੋ ਨਵੰਬਰ 1897 ਨੂੰ ਕੋਤਰੀਲਾ ਜ਼ਿਲਾ ਰਾਵਲਪਿੰਡੀ (ਪਾਕਿਸਤਾਨ) ਵਿਖੇ ਸ੍ਰ: ਭਾਗ ਸਿੰਘ ਜੀ ਅਤੇ ਮਾਤਾ ਹਰ ਕੌਰ ਦੇ ਘਰ ਉਨ੍ਹਾਂ ਦਾ ਜਨਮ ਹੋਇਆ। ਸਾਧਾਰਣ ਪਰਿਵਾਰ ਵਿੱਚ ਜਨਮ ਲੈਣ ਦੇ ਬਾਵਜੂਦ, ਉਨ੍ਹਾ ਵਿਦਿਅਕ ਮੈਦਾਨ ਵਿੱਚ ਉਹ ਮੱਲਾਂ ਮਾਰੀਆਂ, ਕਿ ਬੰਦਾ ਸੁਣ ਕੇ ਦੰਗ ਰਹਿ ਜਾਂਦਾ ਹੈ।

ਉਨ੍ਹਾਂ ਨੇ ਐਮ.ਏ. ਪੋਲੀਟੀਕਲ ਸਾਇੰਸ, ਐਮ.ਏ. ਇਕਨਾਮਿਕਸ, ਐਮ.ਏ. ਸੋਸ਼ਾਲੋਜੀ, ਐਮ.ਏ. ਐਂਥਰਾਪੋਲੋਜੀ ਅਤੇ ਐਮ.ਏ. ਇੰਗਲਿਸ਼ ਤੋਂ ਬਿਨਾਂ ਉਹ ਐਲ.ਐਲ.ਬੀ. ਵੀ ਸਨ। ਆਪ ਨੇ ਆਈ.ਸੀ.ਐਸ. ਵੀ ਪਾਸ ਕੀਤੀ, ਪਰ ਆਪ ਦੀ ਅਧਿਆਪਨ ਖੇਤਰ ਵਿੱਚ ਵਿਸ਼ੇਸ਼ ਦਿਲਚਸਪੀ ਹੋਣ ਕਾਰਣ ਕਿਸੇ ਹੋਰ ਕਿੱਤੇ ਨੂੰ ਆਪ ਨੇ ਨਹੀਂ ਅਪਣਾਇਆ। ਸੰਤਾਂ ਸਾਧੂਆਂ, ਮਹਾਂਪੁਰਸ਼ਾਂ ਅਤੇ ਪਹੁੰਚੇ ਹੋਏ ਵਿਚਾਰਵਾਨਾਂ ਨਾਲ ਉਨ੍ਹਾਂ ਦੀ ਬੜੀ ਸੰਗਤ ਰਹੀ। ਸਾਰੀ ਉਮਰ ਉਹ ਵਿਦਿਆ ਦਾ ਭੰਡਾਰ ਹੀ ਰਹੇ। ਸੰਨ 1921 ਤੋਂ ਉਹ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿੱਚ ਇੰਨਸਪੈਕਟਰ ਆਫ ਸਕੂਲਜ਼ ਰਹੇ। ਪੈਪਸੂ ਵਿੱਚ ਉਹ ਡਾਇਰੈਕਟਰ ਸੋਸ਼ਲ ਐਜੂਕੇਸ਼ਨ, ਤੇ ਮਗਰੋਂ ਉਹ ਪੰਜਾਬ ਵਿੱਚ ਵੀ ਡਾਇਰੈਕਟਰ ਸੋਸ਼ਲ ਐਜੂਕੇਸ਼ਨ ਰਹੇ। ਉਹ ਸੰਨ 1953 ਵਿੱਚ ਰਿਟਾਇਰ ਹੋਏ। ਉਸ ਤੋਂ ਬਾਅਦ 1954 ਤੋਂ 1964 ਤਕ ਜੀ.ਜੀ.ਐਨ. ਖਾਲਸਾ ਕਾਲਜ ਲੁਧਿਆਣਾ ਵਿੱਚ ਨੀਤੀ ਸ਼ਾਸਤਰ ਅਤੇ ਧਾਰਮਿਕ ਸਿਖਿਆ ਦੇ ਪ੍ਰੋਫੈਸਰ ਰਹੇ। ਆਪ ਮਾਸਟਰ ਤਾਰਾ ਸਿੰਘ ਕਾਲਜ ਦੇ ਬਾਨੀਆਂ ਵਿੱਚੋਂ ਸਨ। ਉਥੇ ਆਪ ਸੰਨ 1964 ਤੋਂ 1974 ਤਕ ਅੰਗ੍ਰੇਜ਼ੀ ਅਤੇ ਧਾਰਮਕ ਸਿਖਿਆ ਤੇ ਅਧਿਆਪਕ ਵਜੋਂ ਕੰਮ ਕਰਦੇ ਰਹੇ। ਉਹ ਗੁਰੂ ਨਾਨਕ ਖਾਲਸਾ ਕਾਲਜ ਫਾਰ ਵੋਮੈਨ ਮਾਡਲ ਟਾਊਨ ਲੁਧਿਆਣਾ, ਗੁਜਰਖਾਨ ਲੜਕਿਆਂ ਤੇ ਲੜਕੀਆਂ ਦੇ ਸਕੂਲਾਂ ਤੇ ਕਈ ਹੋਰ ਵਿਦਿਅਕ ਆਸ਼ਰਮਾਂ ਦੇ ਬਾਨੀਆਂ ਵਿੱਚੋਂ ਸਨ। ਸਾਰੀ ਉਮਰ ਉਹ ਉਨ੍ਹਾਂ ਵਿਦਿਅਕ ਅਦਾਰਿਆਂ ਦੀ ਸੇਵਾ ਕਰਦੇ ਰਹੇ।

ਸੰਨ 1980 ਵਿੱਚ ਆਪ ਦੀ ਸਰਪਰਸਤੀ ਵਿੱਚ ਚਲ ਰਹੇ ਗੁਜਰਖਾਨ ਖਾਲਸਾ ਸਕੂਲ ਨੂੰ ਪੰਜਾਬ ਸਿਖਿਆ ਬੋਰਡ ਵਲੋਂ ਪੰਜਾਬ ਦਾ ਸਰਵਉਤਮ ਸਕੂਲ ਐਲਾਨਿਆ ਗਿਆ। ਆਪ ਨੇ ਮਹਾਨ ਪੰਥਕ ਲੀਡਰ ਮਾਸਟਰ ਤਾਰਾ ਸਿੰਘ ਦੀ ਪਵਿੱਤਰ ਯਾਦ ਵਿੱਚ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਨੂੰ ਸਥਾਪਤ ਕਰਾਉਣ ਲਈ ਭਰਵਾਂ ਯੋਗਦਾਨ ਦਿਤਾ। ਮਾਡਲ ਟਾਊਨ ਪ੍ਰੀਤ ਸਭਾ ਦੇ ਉਹ ਬਾਨੀ ਸਨ। ਇਸ ਦੇ ਨਾਲ ਹੀ ਉਹ ਗੁਰੂ ਨਾਨਕ ਫਾਊਂਡੇਸ਼ਨ ਲੁਧਿਆਣਾ ਦੇ ਸਰਪਰਸਤਾਂ ਵਿੱਚੋਂ ਸਨ। ਉਨ੍ਹਾਂ ਦੀ ਹਿੰਮਤ, ਲਗਨ ਤੇ ਮਿਹਨਤ ਸਦਕਾ ਸਰਕਾਰ ਵਲੋਂ ਗੁਰੂ ਨਾਨਕ ਫਾਊਂਡੇਸ਼ਨ ਨੂੰ ਵਡਾ ਪਲਾਟ ਅਲਾਟ ਕੀਤਾ ਗਿਆ, ਜਿਥੇ ਗੁਰੂ ਨਾਨਕ ਭਵਨ ਉਸਾਰਿਆ ਜਾ ਰਿਹਾ ਹੈ।

ਆਪ ਨੇ ਸਾਹਿਤਕ ਸੇਵਾ ਵੀ ਕੀਤੀ। ਉਨ੍ਹਾਂ ਦੀਆਂ ਕਈ ਪੁਸਤਕਾਂ ਛਪੀਆਂ ਹੋਈਆਂ ਹਨ। ਆਪ ਗੁਰੂ ਘਰ ਦੇ ਪ੍ਰੇਮੀ, ਮਹਾਨ ਗੁਰਮੁਖ ਤੇ ਪ੍ਰਭੂ ਦੇ ਭਾਣੇ ਵਿੱਚ ਅਟਲ ਵਿਸ਼ਵਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਰਖਣ ਵਾਲਿਆਂ ਮਹਾਨ ਪੁਰਸ਼ਾਂ ਵਿੱਚੋਂ ਸਨ। ਸੰਨ 1939 ਵਿੱਚ ਆਪ ਦੀ ਸਪੁਤਰੀ ਅਤੇ 1946 ਵਿੱਚ ਆਪ ਦੀ ਪਤਨੀ ਆਪ ਦਾ ਸਾਥ ਛੱਡ ਗਏ। 16 ਜੁਲਾਈ 1949 ਵਿੱਚ ਆਪ ਦੇ ਨੌਜਵਾਨ ਸਪੁੱਤਰ (ਉਮਰ ਕੇਵਲ 26 ਸਾਲ) ਕੈਪਟਨ ਕੰਵਰ ਇਕਬਾਲ ਜਗਤਾਰਨ ਸਿੰਘ ਦੀ ਇਕ ਭਿਆਨਕ ਕਾਰ ਹਾਦਸੇ ਵਿੱਚ ਮ੍ਰਿਤੂ ਹੋ ਗਈ। ਇਸ ਸਮੇਂ ਵੀ ਆਪ ਨੇ ਇਸ ਸਦਮੇਂ ਨੂੰ ਭਾਣਾ ਮਿੱਠਾ ਕਰ ਕੇ ਮੰਨਿਆਂ। ਉਸ ਸਮੇਂ ਸ੍ਰ: ਉਜਾਗਰ ਸਿੰਘ ਜੀ ਨੇ ਨਿਮਰਤਾ ਸਹਿਤ ਆਪ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਅਰਦਾਸ ਕੀਤੀ, ''ਹੇ ਸਿਰਜਨਹਾਰ ਪ੍ਰਭੂ! ਆਪ ਨੇ ਮੇਰੇ ਬੇਟੇ ਨੂੰ ਸਿਰਫ 26 ਸਾਲ ਦੀ ਆਯੂ ਬਖਸ਼ੀ ਸੀ। ਅਸੀਂ ਆਪਣੇ ਪਿਆਰੇ ਬੱਚੇ ਦਾ ਸਾਥ ਤੇ ਭਰਪੂਰ ਪਿਆਰ ਮਾਣਿਆ। ਇਸ ਮਗਰੋਂ ਆਪ ਨੇ ਆਪਣੇ ਬੱਚੇ ਨੂੰ ਆਪਣੇ ਦਰ ਤੇ ਬੁਲਾ ਲਿਆ। ਆਪ ਦੇ ਸ਼ੁਕਰਾਨੇ ਵਜੋਂ ਅਸੀਂ ਸਿਰ ਝੁਕਾਂਦੇ ਹਾਂ, ਜਿਵੇਂ ਤੂੰ ਰਖੇਂ ਤਿਵੇਂ ਹੀ ਰਹੀਏ। ਪ੍ਰਭੂ! ਸਾਰੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੀਂ...।''

ਉਸ ਸਮੇਂ ਹਾਜ਼ਰ ਹਜ਼ਾਰਾਂ ਪ੍ਰੇਮੀਆਂ ਵਿੱਚੋਂ ਕੋਈ ਅੱਖ ਅਜੇਹੀ ਨਹੀਂ ਸੀ, ਜਿਸ ਵਿੱਚੋਂ ਵਿਛੋੜੇ ਦੇ ਆਂਸੂਆਂ ਨੇ ਛਹਿਬਰ ਨਾ ਲਾਈ ਹੋਵੇ, ਪਰ ਸ੍ਰ: ਉਜਾਗਰ ਸਿੰਘ ਜੀ ਅਡੋਲ ਤੇ ਭਾਣੇ ਵਿੱਚ ਸਰਸ਼ਾਰ ਹੋਏ ਹੱਥ ਜੋੜੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਸਿਰ ਨਿਵਾ ਕੇ ਵਾਹਿਗੁਰੂ ਦਾ ਧੰਨਵਾਦ ਕਰ ਰਹੇ ਸਨ।

ਮੈਨੂੰ ਪਹਿਲੀ ਵਾਰੀ ਉਸ ਮਹਾਨ ਵਿਅਕਤੀ ਦੇ ਸੰਨ 1942 ਵਿੱਚ ਲਾਹੌਰ ਦਰਸ਼ਨ ਹੋਏ ਸਨ। ਜਦੋਂ ਉਹ ਪੰਜਾਬ ਵਿੱਚ ਡਵੀਜਨਲ ਇੰਸਪੈਕਟਰ ਆਫ ਸਕੂਲਜ਼ ਸਨ। ਉਸ ਸਮੇਂ ਉਨ੍ਹਾਂ ਨੇ ਭਾਈ ਵੀਰ ਸਿੰਘ, ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ, ਸ੍ਰ: ਨਾਨਕ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ: ਮੋਹਨ ਸਿੰਘ ਆਦਿ ਪੰਜਾਬੀ ਸਾਹਿਤਕਾਰਾਂ ਦੀਆਂ ਸਾਰੀਆਂ ਰਚਨਾਵਾਂ ਆਪਣੀ ਨਿਜੀ ਲਾਇਬ੍ਰੇਰੀ ਵਿੱਚ ਰਖਣ ਲਈ ਖਰੀਦੀਆਂ ਤੇ ਉਨ੍ਹਾਂ ਦਾ ਅਧਿਅਨ ਕੀਤਾ।

ਉਨ੍ਹਾਂ ਨੇ ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਬੜਾ ਉਤਸਾਹਿਤ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਦੀ ਸਲਾਹੁਤਾ ਕੀਤੀ। ਉਨ੍ਹਾਂ ਨੂੰ ਉਚਤਮ ਸਾਹਿਤ ਰਚਨਾ ਦੀ ਪ੍ਰੇਰਨਾ ਦਿਤੀ। ਉਨ੍ਹੀਂ ਦਿਨੀਂ ਆਪ ਮਹਾਤਮਾ ਗਾਂਧੀ ਜੀ ਦੇ ਸੰਪਰਕ ਵਿੱਚ ਸਨ। ਉਨ੍ਹਾਂ ਨੂੰ ਮਿਲਣ ਲਈ ਕਈ ਵਾਰੀ ਉਹ ਸਾਬਰਮਤੀ ਆਸ਼ਰਮ ਗਏ। ਉਨ੍ਹਾਂ ਤੋਂ ਉਤਸ਼ਾਹ ਤੇ ਪ੍ਰੇਰਨਾ ਲੈਂਦੇ, ਵਾਪਸੀ ਤੇ ਲਾਹੌਰ ਵਿਖੇ ਮਿਲ ਕੇ ਮੈਨੂੰ ਨਿਵਾਜਦੇ ਰਹਿੰਦੇ ਸਨ। 30 ਜਨਵਰੀ 1948 ਵਿੱਚ ਜਦ ਮਹਾਤਮਾ ਗਾਂਧੀ ਦੀ ਸ਼ਹਾਦਤ ਹੋਈ, ਤਾਂ ਉਨ੍ਹਾਂ ਨੂੰ ਬੜਾ ਧੱਕਾ ਲਗਾ। ਮਹਾਤਮਾ ਗਾਂਧੀ ਜੀ ਨਾਲ ਉਨ੍ਹਾਂ ਦੀ ਕਈ ਸਾਲ ਸੰਗਤ ਰਹੀ। ਕੁਝ ਪਲ ਉਹ ਖਾਮੋਸ਼ ਰਹੇ, ਫਿਰ ਉਹ ਸੰਭਲ ਗਏ ਤੇ ਇਸ ਸਦਮੇ ਨੂੰ ਵੀ ਉਨ੍ਹਾਂ ਭਾਣਾ ਮਿੱਠਾ ਕਰ ਕੇ ਜਾਣਿਆ।

ਕਈ ਸਾਲਾਂ ਮਗਰੋਂ ਮੈਂ ਉਨ੍ਹਾਂ ਦੇ 23 ਅਕਤੂਬਰ 1986 ਨੂੰ ਮਾਡਲ ਟਾਊਨ ਵਿਖੇ ਦਰਸ਼ਨ ਕੀਤੇ। ਬੜੀਆਂ ਖੁਲ੍ਹ ਕੇ ਗੱਲਾਂ ਹੋਈਆਂ। ਉਸ ਸਮੇਂ ਉਹ ਬੜੀ ਉਚੀ ਅਵਸਥਾ ਵਿੱਚ ਸਨ। ਸਵੇਰੇ ਦੋ ਵਜੇ ਉਠ ਕੇ ਇਸ਼ਨਾਨ ਕਰਨਾ, ਫਿਰ ਨਿਤਨੇਮ ਵਿੱਚ ਰੁਝ ਜਾਣਾ। ਦਿਨ ਰਾਤ ਦਾ ਇਕ ਇਕ ਪਲ ਜਾਂ ਤਾਂ ਉਹ ਸਿਮਰਨ ਵਿੱਚ ਬਿਤਾਂਦੇ, ਜਾਂ ਵਿਦਿਅਕ ਅਦਾਰਿਆਂ ਦੇ ਕੰਮਾਂ ਵਿੱਚ ਰੁਝੇ ਰਹਿੰਦੇ। ਉਸ ਸਮੇਂ ਉਨ੍ਹਾਂ ਦੀ ਮਾਨਸਿਕ ਅਵਸਥਾ ਏਨੀ ਉਚੀ ਸੀ, ਕਿ ਰਾਤ ਨੂੰ ਜਦੋਂ ਵੀ ਉਨ੍ਹਾਂ ਨੂੰ ਜਾਗ ਆਉਂਦੀ, ਤਾਂ ਉਨ੍ਹਾਂ ਦੇ ਬੁੱਲਾਂ ਤੇ ਸੁਖਮਨੀ ਸਾਹਿਬ ਦੀ ਅਠਵੀਂ, ਦਸਵੀਂ ਜਾਂ ਬਾਹਰਵੀਂ ਅਸ਼ਟਪਦੀ ਹੁੰਦੀ। ਇਸ ਦਾ ਭਾਵ ਇਹ ਕਿ ਉਸ ਤੋਂ ਪਹਿਲੀਆਂ ਅਸ਼ਟਪਦੀਆਂ ਦਾ ਸੁੱਤੇ ਸਿਧ ਹੀ ਅਚੇਤ ਮਨ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਉਹ ਪਾਠ ਕਰ ਚੁੱਕੇ ਹੁੰਦੇ ਸਨ। ਸਾਰੀ ਜ਼ਿੰਦਗੀ ਵਿੱਚ ਉਹ ਮੇਰੇ ਵਰਗੇ ਨਾਚੀਜ਼ ਬੰਦਿਆਂ ਨੂੰ ਉਤਸਾਹਿਤ ਕਰਦੇ ਰਹੇ।

ਸੰਨ 1950 ਦਾ ਇਕ ਦਿਲਚਸਪ ਵਾਕਿਆ ਯਾਦ ਹੈ। ਜਦੋਂ ਉਹ ਡਾਇਰੈਕਟਰ ਸੋਸ਼ਲ ਐਜੂਕੇਸ਼ਨ ਪੰਜਾਬ ਬਣ ਕੇ ਪੈਪਸੂ ਤੋਂ ਚੰਡੀਗੜ੍ਹ ਪਹੁੰਚੇ, ਤਾਂ ਵਿਦਿਅਕ ਮਹਿਕਮੇ ਨੇ ਪੰਜਾਬ ਦੇ ਤਿੰਨ ਵਿਦਿਅਕ ਖੇਤਰ ਬਣਾਏ। ਹਰ ਖੇਤਰ ਵਿੱਚ ਪੰਜਵੀਂ ਤੋਂ ਅਠਵੀਂ ਤੀਕ ਨਵੀਨ ਸਿੱਖਿਆ ਪੁਸਤਕਾਂ ਲਗਣੀਆਂ ਸਨ। ਇਕ ਪ੍ਰਕਾਸ਼ਕ ਨੇ ਉਨ੍ਹਾਂ ਤੀਕ ਪਹੁੰਚ ਕੀਤੀ। ਉਨ੍ਹਾਂ ਕਿਹਾ, "ਵਿਦਵਾਨ ਲੇਖਕਾਂ ਤੋਂ ਪੁਸਤਕਾਂ ਲਿਖਾਓ। ਮੁਕਾਬਲੇ ਵਿੱਚ ਆਈਆਂ ਵਧੀਆ ਪੁਸਤਕਾਂ ਦੀ ਹੀ ਮਹਿਕਮਾ ਪ੍ਰਵਾਨਗੀ ਦੇਵੇਗਾ।" ਉਸ ਪ੍ਰਕਾਸ਼ਕ ਨੇ ਕਈ ਲੇਖਕਾਂ ਦੀ ਸੂਚੀ ਦਿਤੀ, ਜਿਨ੍ਹਾਂ ਵਿੱਚ ਮੇਰਾ ਨਾਂ ਵੀ ਸੀ। ਉਨ੍ਹਾਂ ਨੇ ਸੰਮਤੀ ਪ੍ਰਗਟ ਕੀਤੀ। ਪ੍ਰਕਾਸ਼ਕ ਨੇ ਮੈਥੋਂ ਪੰਜਵੀਂ ਤੋਂ ਅਠਵੀਂ ਤੀਕ ਪੁਸਤਕਾਂ ਲਿਖਾਈਆਂ।

ਜਦੋਂ ਪ੍ਰਵਾਨਤ ਪੁਸਤਕਾਂ ਦਾ ਐਲਾਨ ਹੋਇਆ, ਤਾਂ ਮੇਰੀਆਂ ਲਿਖੀਆਂ ਪੁਸਤਕਾਂ ਰਹਿ ਗਈਆਂ। ਇਸ ਦੀ ਖਬਰ ਮੈਨੂੰ ਪ੍ਰਕਾਸ਼ਕ ਨੇ ਦਿਤੀ, ਤਾਂ ਮੈਂ ਬੜਾ ਹੈਰਾਨ ਹੋਇਆ, ਪਰ ਮੈਂ ਉਸ ਪ੍ਰਕਾਸ਼ਕ ਕੋਲੋਂ ਆਪਣਾ ਸੇਵਾ ਫਲ ਪੇਸ਼ਗੀ ਲੈ ਚੁਕਾ ਸਾਂ, ਇਸ ਲਈ, ਮੈਨੂੰ ਆਰਥਕ ਤੌਰ ਤੇ ਕੋਈ ਪ੍ਰੇਸ਼ਾਨੀ ਨਾ ਹੋਈ।

ਕੁਝ ਮਹੀਨਿਆਂ ਮਗਰੋਂ ਸ੍ਰ: ਉਜਾਗਰ ਸਿੰਘ ਜੀ ਮੈਨੂੰ ਪ੍ਰੈਸ ਤੇ ਮਿਲਣ ਆ ਗਏ। ਗੱਲਾਂ ਗੱਲਾਂ ਵਿੱਚ ਮੇਰੀਆਂ ਪੁਸਤਕਾਂ ਦਾ ਜ਼ਿਕਰ ਚਲਿਆ, ਤਾਂ ਉਹ ਜ਼ੋਰ ਦੀ ਠਹਾਕਾ ਮਾਰ ਕੇ ਕਹਿਣ ਲਗੇ, "ਦਾਤਾ ਜੀ! ਤੁਹਾਡੀਆਂ ਰਚਿਤ ਪੁਸਤਕਾਂ ਪ੍ਰਵਾਨ ਹੋ ਚਲੀਆਂ ਸਨ ਪਰ ਨਤੀਜਾ ਨਿਕਲਣ ਤੋਂ ਪਹਿਲਾਂ, ਤੁਹਾਡਾ ਪ੍ਰਕਾਸ਼ਕ ਕਿਸੇ ਤਰ੍ਹਾਂ ਰੀਵੀਊਕਾਰਾਂ ਦਾ ਪਤਾ ਕਢ ਉਨ੍ਹਾਂ ਤੀਕ ਜਾ ਪੁਜਾ। ਦੋਹਾਂ ਰੀਵੀਊਕਾਰਾਂ ਨੂੰ ਆਪਣੀਆਂ ਪੁਸਤਕਾਂ ਦੀ ਪ੍ਰਵਾਨਗੀ ਲਈ ਉਸ ਨੇ ਆਪਣੀ ਜੇਬ 'ਚੋਂ ਵਾਰ ਵਾਰ ਨੋਟਾਂ ਦਾ ਦਥਾ ਵਿਖਾਇਆ। ਉਸ ਦੀ ਇਹ ਹਰਕਤ ਵੇਖ ਦੋਹਾਂ ਰੀਵੀਊਕਾਰਾਂ ਨੇ ਪੰਜਾਬ ਯੂਨੀਵਰਸਿਟੀ ਨੂੰ ਇਸ ਗੱਲ ਦੀ ਰਿਪੋਰਟ ਕਰ ਦਿਤੀ। ਇਸੇ ਆਧਾਰ ਤੇ ਪੰਜਾਬ ਯੂਨੀਵਰਸਿਟੀ ਨੇ ਉਸ ਪ੍ਰਕਾਸ਼ਕ ਨੂੰ ਪੰਜ ਸਾਲ ਲਈ ਬਲੈਕ ਲਿਸਟ ਕਰ ਦਿਤਾ।"

ਭਰ ਜਵਾਨੀ ਵਿੱਚ ਸ੍ਰ: ਉਜਾਗਰ ਸਿੰਘ ਹੋਰਾਂ ਨਾਲ ਗੱਲਾਂ ਕਰਨ ਵਿੱਚ ਮਜ਼ਾ ਆ ਜਾਂਦਾ ਸੀ। ਉਹ ਜਦੋਂ ਠਹਾਕਾ ਮਾਰ ਕੇ ਹਸਦੇ, ਤਾਂ ਸਰੋਤਿਆਂ ਦੇ ਮਨ ਦੀਆਂ ਕਈ ਗੁੰਝਲਾਂ ਖੁਲ੍ਹ ਜਾਂਦੀਆਂ। ਅਜ ਜਦ ਉਹ ਨਹੀਂ ਰਹੇ, ਤਾਂ ਅਤੀਤ ਦੀਆਂ ਯਾਦਾਂ ਆਣ ਤੇ ਮਨ ਰੋ ਉਠਦਾ ਹੈ।

ਉਨ੍ਹਾਂ ਤੋਂ ਪਹਿਲਾਂ ਮੇਰੇ ਬਜ਼ੁਰਗ ਮਿੱਤਰ ਜਿਨ੍ਹਾਂ ਨੇ ਮੈਨੂੰ ਜ਼ਿੰਦਗੀ ਵਿੱਚ ਬੜਾ ਉਤਸ਼ਾਹ ਬਖਸ਼ਿਆ · ਉਹ ਸਾਰੇ ਇਸ ਲੇਖਕ ਨੂੰ ਅਥਾਹ ਡੂੰਘੇ ਤੇ ਵਿਸ਼ਾਲ ਸਾਗਰ ਵਿੱਚ ਛੱਡ ਕੇ ਰਬ ਨੂੰ ਪਿਆਰੇ ਹੋ ਗਏ, ਉਨ੍ਹਾਂ ਵਿੱਚ ਬਾਊ ਕਪੂਰ ਸਿੰਘ, ਡਾ: ਰਾਮ ਸਿੰਘ, ਸ੍ਰ: ਗੁਰਬਖਸ਼ ਸਿੰਘ, ਸ੍ਰ: ਨਾਨਕ ਸਿੰਘ, ਸ੍ਰ: ਸੋਭਾ ਸਿੰਘ, ਸ੍ਰੀ ਬਲਰਾਜ ਸਾਹਨੀ, ਸ੍ਰੀ ਐਮ.ਐਸ. ਰੰਧਾਵਾ ਆਦਿ ਸਨ। ਜਦੋਂ ਸ੍ਰ: ਉਜਾਗਰ ਸਿੰਘ ਜੀ ਮੈਨੂੰ ਆਖਰੀ ਵਾਰ ਆਪਣੀ ਕੋਠੀ ਵਿੱਚ ਮਿਲੇ। ਬੇਟੀ ਅਮਰਜੀਤ ਹਥੋਂ ਚਾਹ ਪੀਂਦਿਆਂ, ਉਨ੍ਹਾਂ ਦੇ ਹਥ ਦੀ ਛੁਹ ਨਾਲ ਮੈਨੂੰ ਐਸਾ ਜਾਪਿਆ, ਜਿਵੇਂ ਮੇਰੇ ਸਵਰਗੀ ਪਿਤਾ ਜੀ ਮੈਨੂੰ ਪਿਆਰ ਨਾਲ ਲਾਡ-ਲਡਾ ਰਹੇ ਈਸ਼ਵਰੀ ਤਰੰਗਾਂ (Vibrations) ਪ੍ਰਦਾਨ ਕਰੀ ਜਾ ਰਹੇ ਹੋਣ। ਮੈਨੂੰ ਯਕੀਨ ਸੀ, ਕਿ ਉਹ ਅਗਲੇ ਦਸ ਸਾਲ ਸੰਪੂਰਨ ਕਰ ਕੇ ਵੀਹਵੀਂ ਸਦੀ ਜ਼ਰੂਰ ਪਾਰ ਕਰ ਜਾਣਗੇ।

ਪ੍ਰੋ: ਉਜਾਗਰ ਸਿੰਘ ਜੀ ਆਪਣੇ ਤਜਰਬੇ ਦੇ ਆਧਾਰ ਤੇ ਨਾਮ-ਸਿਮਰਨ ਬਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਆਪਣੇ ਵਿੱਚਾਰ ਪ੍ਰਗਟ ਕਰਦੇ ਹਨ :

## ਸਿਮਰਨ ਗੁਰਮੰਤਰ

ਸਿਮਰਨ ਦਾ ਅਰਥ ਹੈ ਯਾਦ ਕਰਨਾ, ਮੁੜ ਮੁੜ ਯਾਦ ਕਰਨਾ। ਅਸੀਂ ਆਪਣੇ ਕੇਂਦਰ, ਜੀਵਨ ਸੋਮੇ, ਪ੍ਰਮੇਸ਼ਰ ਤੋਂ "ਭੁਲ" ਕਾਰਨ ਵਿੱਛੜੇ ਹੋਏ ਹਾਂ। ਆਪਣੇ ਜੀਵਨ ਦਾਤੇ ਨੂੰ ਫਿਰ ਮਿਲਣ ਦਾ ਇਕੋ ਇਕ ਸਾਧਨ "ਭੁੱਲ" ਨੂੰ "ਯਾਦ" ਵਿੱਚ ਬਦਲਣਾ ਹੈ। ਜਨਮਾਂ ਜਨਮਾਤਰਾਂ ਤੋਂ ਲਗਾਤਾਰ ਚਲੀ ਆ ਰਹੀ ਸਾਡੇ ਸੰਸਕਾਰਾਂ ਵਿੱਚ ਰੱਬੀ ਹੋਂਦ ਦੀ ਭੁੱਲ ਪੱਕੀ (ਦ੍ਰਿੜ) ਹੋ ਚੁਕੀ ਹੈ। ਇਸ ਭੁੱਲ ਦੇ ਡੂੰਘੇ ਸੰਸਕਾਰਾਂ ਨੂੰ "ਰੱਬੀ ਹੋਂਦ" ਭਾਵ ਸਿਦਕ (Faith) ਵਿੱਚ ਬਦਲਣ ਲਈ ਸਾਧਨਾ "ਸਿਮਰਨ", ਲਗਾਤਾਰ ਸਿਮਰਨ, ਲਗਾਤਾਰ ਸਿਮਰਨ। ਇਸ ਔਖੇ ਸਾਧਨ ਲਈ ਬੜੇ ਉਦਮ ਤੇ ਦ੍ਰਿੜਤਾ ਨਾਲ ਘਾਲਣਾ ਕਰਨ ਦੀ ਲੋੜ ਹੈ, ਤਾਂ ਜੋ ਸਾਡੇ ਡੂੰਘੇ ਭੁੱਲ ਦੇ ਸੰਸਕਾਰ ਯਾਦ ਵਿੱਚ ਬਦਲ ਸਕਣ।

ਸਾਡੇ ਸਾਰੇ ਦੁੱਖਾਂ ਕਲੇਸ਼ਾਂ ਦਾ ਮੂਲ ਕਾਰਨ ਇਹ 'ਭੁੱਲ' :

"ਪਰਮੇਸਰ ਤੇ ਭੁੱਲਿਆਂ ਵਿਆਪਨਿ ਸਭੇ ਰੋਗ।" **(ਮਾਝ: ਮਹਲਾ: ਪ:, ਪੰਨਾ 135)**

ਉਤਲੀ ਤੁਕ ਤੋਂ ਸਿਧ ਹੁੰਦਾ ਹੈ, ਕਿ ਪ੍ਰਮੇਸ਼ਰ ਦੇ ਵਿਸਰਣ ਅਰਥਾਤ ਭੁਲਣ ਨਾਲ ਸਾਰੇ ਦੁੱਖ, ਕਲੇਸ਼ ਅਥਵਾ ਰੋਗ, ਭਰਮ, ਈਰਖਾ, ਦਵੈਖ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਅਸ਼ਾਂਤੀ ਆਦਿ ਉਪਜਦੇ ਹਨ - ਜਿਸ ਤਰ੍ਹਾਂ ਹਨੇਰੇ ਵਿੱਚ ਠੋਕਰ ਖਾ ਕੇ, ਭਰਮ ਤੇ ਦੁੱਖ ਪੈਦਾ ਹੁੰਦੇ ਹਨ ਤੇ ਚਾਨਣਾ ਹੋਣ ਨਾਲ ਸਭ ਭਰਮ ਆਪੇ ਮਿਟ ਜਾਂਦੇ ਹਨ। ਹਰ ਪਰਕਾਰ ਦੇ ਸੁੱਖ, ਨਿੱਘ, ਸ਼ਾਂਤੀ ਸਹਿਜ ਸੁਭਾਅ ਪ੍ਰਾਪਤ ਹੋ ਜਾਂਦੇ ਹਨ। ਇਸੇ ਲਈ ਜਦ ਅਸੀਂ ਪ੍ਰੇਮਸ਼ਰ ਦੀ ਯਾਦ ਅਰਥਾਤ ਸਿਮਰਨ ਜਾਂ ਹਜ਼ੂਰੀ ਦੀ ਰੋਸ਼ਨੀ ਵਿੱਚ ਹੁੰਦੇ ਹਾਂ ਤਾਂ ਸੁਖ, ਸ਼ਾਂਤੀ, ਪ੍ਰੇਮ, ਅਨੰਦ, ਗਿਆਨ, ਸ਼ਕਤੀ ਆਦਿ ਸਾਰੇ ਹੀ ਰੱਬੀ ਗੁਣ ਸਾਡੇ ਅੰਦਰ ਸਹਿਜੇ ਹੀ ਪ੍ਰੇਵਸ਼ ਹੋ ਜਾਂਦੇ ਹਨ।

ਜੇ ਅਸੀਂ ਦੁੱਖਾਂ, ਕਲੇਸ਼ਾਂ, ਰੋਗਾਂ ਤੋਂ ਬਚਣਾ ਚਾਹੁੰਦੇ ਹਾਂ। ਸਦਾ ਸੁਖੀ ਹੋਣਾ ਚਾਹੁੰਦੇ ਹਾਂ ਤਾਂ ਸਾਨੂੰ "ਭੁੱਲ" ਵਿੱਚੋਂ ਨਿਕਲ ਕੇ 'ਯਾਦ' ਵਿੱਚ ਆਉਣਾ ਪਵੇਗਾ ਤੇ ਇਸ ਲਈ ਲਗਾਤਾਰ ਸਿਮਰਨ ਕਰਨ ਦੀ ਲੋੜ ਹੈ।

## ਗੁਰ ਮੰਤਰ : ਸਿਮਰਨ ਕਰਨ ਬਾਰੇ ਕਈ ਭੁਲੇਖੇ :

ਪਹਿਲਾ ਸਵਾਲ ਇਹ ਕੀਤਾ ਜਾਂਦਾ ਹੈ ਕਿ ਸਿਮਰਨ ਕਰਨ ਲਈ ਕਿਹੜੇ ਸ਼ਬਦ ਜਾਂ ਮੰਤਰ ਦਾ ਜਾਪ ਕੀਤਾ ਜਾਵੇ?

ਉਂਜ ਤਾਂ ਲੋਕਾਂ ਨੇ ਰੱਬ ਦੇ ਅਨੇਕ ਨਾਮ ਆਪੋ ਆਪਣੀ ਬੋਲੀ ਵਿੱਚ ਰੱਖੇ ਹਨ, ਪਰ ਗੁਰਬਾਣੀ ਵਿੱਚ ਰੱਬ, ਰਾਮ, ਹਰੀ, ਪ੍ਰਮੇਸ਼ਰ, ਸੁਆਮੀ, ਅੱਲਾ, ਠਾਕੁਰ, ਬੀਠਲ, ਪ੍ਰੀਤਮ ਆਦਿ ਅਨੇਕ ਨਾਵਾਂ ਦਾ ਜ਼ਿਕਰ ਹੈ। ਇਹ ਸਾਰੇ ਹੀ ਨਾਮ, ਕਿਰਤਮ ਨਾਮ ਹਨ, ਤੇ ਸਤਿਕਾਰਯੋਗ ਹਨ। ਪ੍ਰੀਤਮ ਦੇ ਲਖਾਇਕ ਹਨ, ਪਰ ਜਪਣ ਲਈ ਸਿਰਫ ਗੁਰ-ਮੰਤਰ ਹੀ ਪ੍ਰਵਾਨ ਹੈ, ਉਹ ਮੰਤਰ ਜੋ ਗੁਰੂ ਨੇ ਬਖਸ਼ਿਆ ਹੋਵੇ, ਗੁਰ-ਮੰਤਰ ਜਾਂ ਸ਼ਬਦ ਗੁਰੂ ਕੋਲੋਂ ਪ੍ਰਾਪਤ ਹੋਏ ਹੋਣ ਕਾਰਨ ਇਸ ਦੇ ਪਿਛੇ ਗੁਰੂ ਦੀ ਮੇਹਰ ਤੇ ਆਤਮਕ ਸ਼ਕਤੀ ਛੁਪੀ ਹੋਈ ਹੁੰਦੀ ਹੈ। ਗੁਰੂ ਅਣਡਿੱਠੇ ਤਰੀਕੇ ਨਾਲ ਸਹਾਇਤਾ, ਅਗਵਾਈ ਤੇ ਬਖਸ਼ਸ਼ ਕਰਦਾ। ਸਫਲਤਾ ਪਰਦਾਨ ਕਰਦਾ ਹੈ। ਸਿਰਫ "ਅੱਖਰ" (ਗੁਰ ਮੰਤਰ) ਹੀ ਨਹੀਂ ਹੁੰਦਾ, ਸਗੋਂ ਇਸ ਦੀ ਅੰਤ੍ਰੀਵ ਤਹਿ ਵਿੱਚ ਗੁਰੂ ਦੀ ਸ਼ਕਤੀ ਤੇ ਬਖਸ਼ਿਸ਼ ਕੰਮ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਕਬੀਰ ਜੀ ਨੇ ਵੀ ਕਿਹਾ ਹੈ

ਕਹੁ ਕਬੀਰ ਅਖਰ ਦੁਇ ਭਾਖਿ।।
ਹੋਇਗਾ ਖਸਮੁ ਤੇ ਲਇਗਾ ਰਾਖਿ।। (ਪੰਨਾ 329)

ਉਨ੍ਹਾ ਨੂੰ ਦੋ ਅੱਖਰਾਂ ਵਾਲਾ "ਰਾਮ" ਮੰਤਰ ਉਸ ਦੇ ਗੁਰੂ ਰਾਮਾ ਨੰਦ ਨੇ ਦਿੱਤਾ। ਮੰਤਰ ਦਾ ਖਸਮ ਅਰਥਾਤ ਗੁਰੂ ਆਪਣੇ ਮੰਤਰ ਦੀ ਆਪ ਲਾਜ ਰੱਖੇਗਾ। ਤੂੰ ਇਸ ਦਾ ਰਟਨ ਕਰੀ ਜਾ।

ਸਾਨੂੰ ਸਾਡੇ ਸਤਿਗੁਰੂ ਨੇ ਚਾਰ ਅੱਖਰਾਂ ਵਾਲਾ ਗੁਰ-ਮੰਤਰ 'ਵਾਹਿਗੁਰੂ' ਬਖਸ਼ਿਆ ਹੈ। ਸਾਡਾ ਫਰਜ਼ ਹੈ. ਅਸੀਂ ਗੁਰਮੰਤਰ "ਵਾਹਿਗੁਰੂ" ਦਾ ਰਟਨ ਕਰੀ ਚਲੀਏ। ਸਤਿਗੁਰੂ ਆਪੇ ਸਹਾਈ ਹੋਣਗੇ। ਅਗਵਾਈ ਕਰਨਗੇ ਤੇ ਸਫਲਤਾ ਬਖਸ਼ਣਗੇ। ਗੁਰ-ਮੰਤਰ ਜਾਂ "ਸ਼ਬਦ" ਵਿੱਚ ਗੁਰੂ ਆਪ ਗੁਪਤ ਰੂਪ ਵਿੱਚ ਰਵਿਆ ਹੋਇਆ ਹੈ।

ਗੁਰਮੰਤਰ ਦੇ ਅਟੁੱਟ ਅਭਿਆਸ ਨਾਲ ਗੋਬਿੰਦ ਦਾ ਪਰਕਾਸ਼ ਜ਼ਰੂਰ ਹੁੰਦਾ ਹੈ, "ਗੁਰਸ਼ਬਦੀ ਗੋਬਿੰਦ ਗਜਿਆ।" ਇਕ ਹੋਰ ਭੁਲੇਖਾ ਪ੍ਰਚਲਤ ਹੈ, ਕਿ 'ਸ਼ਬਦ' ਜਾਂ 'ਮੰਤਰ' ਨਾਲ ਅੱਗੇ ਪਿੱਛੇ ਕਈ ਵਿਸ਼ੇਸ਼ਣ ਲਗਾਏ ਜਾਂਦੇ ਹਨ, ਜਿਵੇਂ ਸ੍ਰੀ ਵਾਹਿਗੁਰੂ, ਸਤਿਨਾਮ-ਵਾਹਿਗੁਰੂ, ਵਾਹਿਗੁਰੂ ਆਦਿ ਬਹੁ ਅੱਖਰਾਂ ਜਾਂ ਲਫਜ਼ਾਂ ਵਾਲੇ ਮੰਤਰ ਦਾ ਅਭਿਆਸ ਕਰਦੇ ਹਨ - ਜਿਸ ਤਰ੍ਹਾਂ ਰਾਧਾ ਕ੍ਰਿਸ਼ਨ, ਸੀਤਾ ਰਾਮ, ਓਮ ਸ਼ਿਵਾ, ਜੈ ਗੋਬਿੰਦ, ਹਰੇ ਕ੍ਰਿਸ਼ਨ ਆਦਿ।

ਅਭਿਆਸ ਕਰਨ ਲਈ ਇਕ ਅੱਖਰੀ ਮੰਤਰ ਜਾਂ ਇਕੋ ਲਫਜ਼ ਵਾਲਾ ਮੰਤਰ ਸੌਖਾ ਜਪਿਆ ਜਾਂਦਾ ਹੈ। ਇਕ ਅੱਖਰੀ ਮੰਤਰੀ ਇਕਾਗਰਤਾ ਵਿੱਚ ਸਹਾਈ ਹੁੰਦਾ ਹੈ। ਇਕੋ ਲਫਜ਼ ਯਾ ਮੰਤਰ ਹੀ 'ਘੁਲ' 'ਖਿਰ' ਕੇ ਸੂਖਮ ਰੂਪ ਧਾਰ ਸਕਦਾ ਹੈ। ਬਹੁਤੇ ਲਫਜ਼ਾਂ ਵਾਲੇ ਮੰਤਰ ਦਾ ਖਿਰਨਾ ਜਾਂ ਘੁਲਣਾ ਅਸੰਭਵ ਹੈ, ਕਿਉਂਕਿ ਰੱਬ ਇਕ ਹੈ, ਉਸ ਦੀ ਸੂਖਮ ਹਸਤੀ ਵੀ ਇਕ ਹੈ। ਉਸ ਦੀ ਜੋਤ ਵੀ ਇਕ ਹੈ, ਤੇ ਉਸ ਦਾ ਪ੍ਰਕਾਸ਼ ਰੂਪ ਵੀ ਇਕੋ ਹੈ ਉਸ ਦਾ ਮੰਤਰ ਵੀ ਇਕੋ ਲਫਜ਼ ਵਾਲਾ ਹੋ ਸਕਦਾ ਹੈ, ਤੇ ਉਥੇ ਇਕ ਸ਼ਬਦੀ (ਲਫਜ਼ੀ) ਗੁਰ ਮੰਤਰ ਦਾ ਅਭਿਆਸ ਹੀ ਸਹਿਜੇ ਸਫਲ ਹੋ ਸਕਦਾ ਹੈ।

ਮੰਤਰ ਛੋਟੇ ਤੋਂ ਛੋਟਾ ਚੰਗਾ ਹੈ। ਇਸ ਅੱਖਰ ਨੂੰ ਆਪਣੇ ਹਿਰਦੇ ਵਿੱਚ ਘੁੱਟ ਕੇ ਬਿਠਾ ਲਉ ਤੇ ਆਪਣੇ ਨਿਤ ਦੇ ਕੰਮਾਂ ਕਾਜਾਂ ਵਿੱਚ ਨਾਲ ਨਾਲ ਰਖੋ, ਤੇ ਆਪਣੇ ਜੀਵਨ ਵਿੱਚ ਢਾਲ ਲਉ। ਜੇ ਕੋਈ ਸ਼ੰਕਾ-ਸੰਕਲਪ ਵਿਕਲਪ ਆਵੇ, ਤਾਂ ਇਸੇ ਇਕ ਅੱਖਰ ਨਾਲ ਹੀ ਉਸ ਦਾ ਹੱਲ ਲਭੋ। ਇਸ ਇਕ ਅੱਖਰ ਦਾ ਇਤਨਾ ਰਟਨ ਜਾਪ ਸਿਮਰਨ ਕਰੋ, ਕਿ ਤੁਹਾਡੇ ਤਨ ਮਨ ਹਿਰਦੇ ਅੰਤਸ਼ਕਰਨ ਵਿੱਚ ਇਹ ਅੱਖਰ ਮੰਤਰ ਧਸ, ਰਸ-ਵਸ ਜਾਵੇ। ਇਹ ਮੰਤਰ ਤੁਹਾਡੇ ਅਨੁਭਵ ਵਿੱਚ "ਸੁਨਣ ਲਗ ਜਾਵੇ"। ਤੁਹਾਡੀ ਸਾਰੀ ਆਪਾ ਹੋਂਦ ਹੀ ਇਸ ਵਿੱਚ ਸਮਾ ਜਾਵੇ।

ਨਾਮ ਜਪਣ ਲਈ ਸਭ ਤੋਂ ਵਿਸ਼ੇਸ਼ ਸਮਾਂ. "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ" ਵਾਲਾ ਹੈ।

"ਝਾ ਲਾਗੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ" ਦੇ ਹੁਕਮ ਅਨੁਸਾਰ ਪ੍ਰਭਾਤ ਵੇਲਾ ਸਿਮਰਨ ਲਈ ਸਭ ਤੋਂ ਉਤਮ ਹੈ, ਪਰ ਨਾਲ ਹੀ ਪ੍ਰੇਰਨਾ ਕੀਤੀ ਗਈ ਹੈ, "ਨਿਸਿ ਬਾਸਰ ਆਰਾਧਿ"।

"ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ।"
(ਆਸਾ ਮ: ੫, ਪੰਨਾ 379)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਅਰਥਾਤ ਹਰ ਵਕਤ, ਸਦਾ ਸਦਾ, ਪਲ ਪਲ ਨਿਮਖ ਨਿਮਖ ਹਰ ਹਾਲਤ ਵਿੱਚ. ਹਰ ਵੇਲੇ. ਕੰਮ ਕਾਜ ਕਰਦਿਆਂ, ਖਾਂਦੇ, ਜਾਗਦੇ ਸੌਂਦੇ, ਉਠਦੇ ਬਹਿੰਦੇ, ਤੁਰਦੇ ਫਿਰਦੇ, ਸਦਾ ਸਿਮਰਨ ਕਰਨ ਜਾਂ ਉਪਦੇਸ਼ ਦ੍ਰਿੜ ਕਰਾਇਆ ਗਿਆ ਹੈ।*

ਸੰਨ 1987 ਵਿੱਚ ਸਕੂਟਰ ਤੇ ਜਾਂਦਿਆਂ ਮੇਰੇ ਤੇ ਅਧਰੰਗ ਦਾ ਦੌਰਾ ਪਿਆ, ਪਰ ਕੁਝ ਦਿਨਾਂ ਮਗਰੋਂ ਪ੍ਰਭੂ ਦੀ ਕ੍ਰਿਪਾ ਨਾਲ ਮੈਂ ਮੁੜ ਨੌ ਬਰ ਨੌ ਹੋ ਗਿਆ। ਜਦੋਂ ਉਨ੍ਹਾਂ ਨੂੰ ਇਸ ਘਟਨਾ ਦਾ ਪਤਾ ਲਗਾ, ਤਾਂ ਉਹਨਾਂ ਦੀ ਬੜੀ ਪਿਆਰੀ ਚਿੱਠੀ ਆਈ :

ਪਿਆਰੇ ਤੇ ਗੁਰੂ ਸਵਾਰੇ ਦਾਤਾ ਜੀ!

ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਆਪ ਦੀ ਤਕਲੀਫ ਦਾ ਹਾਲ ਪੜ੍ਹ ਕੇ ਬੜਾ ਦੁਖ ਹੋਇਆ, ਪ੍ਰੰਤੂ ਸ਼ੁਕਰ ਹੈ ਕਿ ਇਹ ਤਕਲੀਫ ਦੂਰ ਹੋ ਗਈ ਹੈ, ਤੇ ਆਪ ਦੀ ਸਿਹਤ ਹੁਣ ਬਹਾਲ ਹੋ ਗਈ ਹੈ। ਇਹ ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਦਾ ਨਤੀਜਾ ਹੈ। ਉਸ ਨੇ ਦੁੱਖ ਦੇ ਕੇ ਸੁੱਖ ਬਖਸ਼ ਦਿਤਾ ਹੈ। ਸੁਖਮਨੀ ਸਾਹਿਬ ਦਾ ਪਾਠ ਨੇਮ ਨਾਲ ਕਰਦੇ ਰਹੋ। ਜੇ ਇਹ ਸਾਰਾ ਨਾ ਕਰ ਸਕੋ, ਤਾਂ ਸਿਮਰਨ ਦੀ ਸ਼ਕਲ ਵਿੱਚ ਕੁਝ ਅਸ਼ਟਪਦੀਆਂ ਦਾ ਪਾਠ ਜ਼ਰੂਰ ਕਰਿਆ ਕਰੋ। ਫਲਸਰੂਪ, ਨਾ ਹਾਰਟ ਅਟੈਕ ਤੇ ਨਾ ਬੱਲਡ ਪਰੈਸ਼ਰ ਦੀ ਸ਼ਿਕਾਇਤ ਹੋਵੇਗੀ। ਇਸ ਤੋਂ ਬਿਨਾਂ ਚੌਵੀ ਘੰਟੇ ਸ਼ਾਂਤੀ, ਖੇੜਾ ਅਤੇ ਚੜ੍ਹਦੀ ਕਲਾ ਰਹੇਗੀ।

10 ਫਰਵਰੀ 1987

ਆਪ ਦਾ ਹਿਤੂ:
ਉਜਾਗਰ ਸਿੰਘ

ਅੰਤਮ ਚਿੱਠੀ ਉਹਨਾਂ ਦੀ 11-8-1988 ਦੀ ਲਿਖੀ ਮਿਲੀ :

"ਅਜ ਅਸੀਂ ਅਜਿਹੇ ਮੋੜ ਤੇ ਖੜੇ ਹਾਂ, ਜਿਥੇ ਪਤਾ ਨਹੀਂ ਅਗਲੇ ਮਿੰਟ ਕੀ ਹੋਣਾ ਹੈ? ਪੰਜਾਬ ਵਿੱਚ ਤਾਂ ਅੱਗ ਲਗੀ ਹੋਈ ਹੈ। ਹਰ ਸਿੱਖ ਨੂੰ ਚੌਕੜਾ ਮਾਰ ਕੇ ਅੰਮ੍ਰਿਤ ਵੇਲੇ ਸਿਮਰਨ ਕਰਨਾ ਚਾਹੀਦਾ ਹੈ। ਉਪਰੰਤ ਸ੍ਰੀ ਸੁਖਮਨੀ ਸਾਹਿਬ ਦਾ ਅਰਥਾਂ ਸਹਿਤ ਪਾਠ ਕੀਤਾ ਜਾਵੇ।"

ਇਸ ਚਿੱਠੀ ਦੇ ਚਾਰ ਮਹੀਨੇ ਮਗਰੋਂ 29-4-1988 ਨੂੰ ਅਚਾਨਕ ਗੁਸਲਖਾਨੇ ਵਿੱਚ ਡਿਗਣ ਕਾਰਣ ਉਹ ਗੁਰ ਪੁਰੀ ਸਿਧਾਰ ਗਏ। ਉਤਮ ਸਿਹਤ ਅਤੇ ਮਾਨਸਿਕ ਅਵਸਥਾ ਵਲੋਂ ਉਹ ਅੰਤ ਸਮੇਂ ਤਕ ਚੜ੍ਹਦੀਆਂ ਕਲਾਂ ਵਿੱਚ ਸਨ। ਰੋਜ਼ ਨੇਮ ਨਾਲ ਨਿਤਨੇਮ, ਸੈਰ ਤੇ ਵਰਜ਼ਿਸ਼ ਕਰਦੇ ਰਹੇ। ਆਪ 92 ਸਾਲ ਦੀ ਭਰਪੂਰ ਜ਼ਿੰਦਗੀ, ਲੋਕ ਸੇਵਾ ਅਤੇ ਵਿਦਿਆ ਦਾਨ ਮਗਰੋਂ ਪ੍ਰਭੂ ਦੇ ਭਾਣੇ ਅਤੇ "ਅਸਾਂ ਵੀ ਓਥੇ ਜਾਣਾ" ਦੇ ਮਹਾਨ ਵਾਕ ਅਨੁਸਾਰ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ।

ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਉਨ੍ਹਾਂ ਦੇ ਪਰਿਵਾਰ, ਮਿੱਤਰਾਂ, ਸਜਣਾਂ ਅਤੇ ਸੰਮੂਚੇ ਪੰਥ ਨੂੰ ਜੋ ਘਾਟਾ ਪਿਆ, ਉਹ ਸ਼ਾਇਦ ਕਦੇ ਵੀ ਪੂਰਾ ਨਾ ਹੋ ਸਕੇ। ਅਸੀਂ ਉਸ ਮਹਾਂਪੁਰਸ਼ ਦੀ ਅੰਤਿਮ ਅਰਦਾਸ ਵਿੱਚ ਸਿਰ ਝੁਕਾਂਦੇ ਹਾਂ।

---

*ਉਜਾਗਰ ਕਿਰਨ - ਪ੍ਰਕਾਸ਼ਕ ਸਿਖ ਬੁੱਕ ਸੈਂਟਰ ਲੁਧਿਆਣਾ ਦੇ ਧੰਨਵਾਦ ਸਹਿਤ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮਿੱਤਰ ਸਾਹਿਤਕਾਰ

ਜਿਨ੍ਹਾਂ ਤੋਂ ਮੈਂ ਬਹੁਤ ਕੁਝ ਸਿਖਿਆ

ਸ੍ਰ: ਗੁਰਬਖ਼ਸ਼ ਸਿੰਘ
ਸ੍ਰ: ਨਾਨਕ ਸਿੰਘ
ਕਲਾਕਾਰ ਸੋਭਾ ਸਿੰਘ
ਸ੍ਰੀ: ਬਲਰਾਜ ਸਾਹਨੀ
ਡਾ: ਐਮ.ਐਸ. ਰੰਧਾਵਾ
ਸ੍ਰ: ਦੀਵਾਨ ਸਿੰਘ ਮਫ਼ਤੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


# ਸ੍ਰ: ਗੁਰਬਖ਼ਸ਼ ਸਿੰਘ

ਸ੍ਰ: ਗੁਰਬਖਸ਼ ਸਿੰਘ ਦਾ ਜਨਮ ਸਿਆਲਕੋਟ, ਪਾਕਿਸਤਾਨ ਵਿਖੇ 26 ਅਪ੍ਰੈਲ 1895 ਈ. ਵਿੱਚ ਹੋਇਆ। ਉਹ 82 ਸਾਲ ਤੋਂ ਵਧ ਸਮਾਂ ਭਰਪੂਰ ਜੀਵਨ ਜੀਅ ਕੇ 20 ਅਗਸਤ, 1977 ਨੂੰ ਪੰਜਾਬੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਅੱਜ ਵੀ ਜਦੋਂ ਉਸ ਪ੍ਰੀਤਾਂ ਦੇ ਵਣਜਾਰੇ ਦੀ ਯਾਦ ਆ ਜਾਂਦੀ ਹੈ, ਤਾਂ ਮੈਂ ਦਿਲ ਮਸੋਸ ਕੇ ਰਹਿ ਜਾਂਦਾ ਹਾਂ।

ਸਰਦਾਰ ਗੁਰਬਖਸ਼ ਸਿੰਘ ਨੇ ਅਮਰੀਕਾ ਕਈ ਸਾਲ ਗੁਜ਼ਾਰ ਕੇ ਵਾਪਸ ਪੰਜਾਬ ਪਰਤ ਕੇ ਪੰਜਾਬੀ ਮਾਸਕ ਪੱਤਰ "ਪ੍ਰੀਤਲੜੀ" ਸਤੰਬਰ, 1933 ਵਿੱਚ ਨੁਸ਼ਹਿਰਿਉਂ ਕਢਿਆ। ਉਸ ਤੋਂ ਕੁਝ ਮਹੀਨੇ ਹੀ ਮਗਰੋਂ ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਪੰਜਾ ਸਾਹਿਬ ਵਿਖੇ ਹੋਈ। ਉਦੋਂ ਉਹ ਇੰਜੀਨੀਅਰ ਹੋਣ ਦੇ ਨਾਤੇ ਪੰਜਾ ਸਾਹਿਬ ਦੇ ਸਰੋਵਰ ਦੀਆਂ ਨੀਹਾਂ ਪਕੀਆਂ ਕਰਵਾਣ ਦੀ ਆਨਰੇਰੀ ਸੇਵਾ ਕਰ ਰਹੇ ਸਨ। ਸਾਡੀ ਪਹਿਲੀ ਮੁਲਾਕਾਤ ਸਮੇਂ ਨਿਘੀ ਹੱਥਘੁਟਣੀ ਮਗਰੋਂ ਉਨ੍ਹਾਂ ਪਿਆਰ ਗਲਵਕੜੀ ਪਾਈ। ਉਸ ਸਮੇਂ ਉਨ੍ਹਾਂ ਦੀਆਂ ਅੱਖਾਂ ਚਿਹਰਾ ਤੇ ਬੁਲ ਮੁਸਕਾਨਾਂ ਛਡ ਕੇ ਇਕ ਅਜਨਬੀ ਦਾ ਸਵਾਗਤ ਕਰ ਰਹੇ ਸਨ। ਇਸ ਗਰਮਜੋਸ਼ ਮਿਲਣੀ ਤੇ ਮੁਸਕਾਨਾਂ ਸੁਟਦੀ ਪਿਆਰ ਭਰੀ ਤਕਣੀ ਨੇ ਮੇਰੇ ਤੇ ਉਨ੍ਹਾਂ ਦੀ ਬੜੀ ਪਿਆਰੀ ਤੇ ਆਕਰਸ਼ਕ ਸ਼ਖਸੀਅਤ ਹੋਣ ਦਾ ਪ੍ਰਭਾਵ ਪਾਇਆ, ਜੋ ਸਾਰੀ ਉਮਰ ਕਾਇਮ ਰਿਹਾ।

ਜਿਵੇਂ ਕਿ ਮੈਂ, ਉਪਰ ਦਸ ਆਇਆਂ, ਸ੍ਰ: ਗੁਰਬਖਸ਼ ਸਿੰਘ ਹੋਰਾਂ ਨਾਲ ਸੰਨ 1933 ਵਿੱਚ ਮੇਰੀ ਪਹਿਲੀ ਮੁਲਾਕਾਤ ਹੋਈ। ਪਰ ਸਾਰੀ ਉਮਰ ਮੈਨੂੰ ਅਜਿਹਾ ਲਗਦਾ ਰਿਹਾ, ਜਿਵੇਂ ਅਜ਼ਲ ਤੋਂ ਹੀ ਅਸੀਂ ਇਕ ਦੂਜੇ ਦੀ ਜਾਣ-ਪਛਾਣ ਵਿੱਚ ਸਾਂ। ਕਵੀ ਮੋਹਨ ਸਿੰਘ ਨੇ ਸ਼ਾਇਦ ਸਾਡੇ ਬਾਰੇ ਹੀ ਕਿਹਾ ਹੋਵੇ:

"ਇਹ ਕੋਈ ਪ੍ਰੀਤ ਅਜ ਦੀ ਪ੍ਰੀਤ ਹੀ ਨਹੀਂ,
ਇਹ ਉਦੋਂਕਣੀ, ਜਦੋਂ ਦਾ ਬੁਤ ਬਣਿਆ
ਤੇ ਦਿੱਲ ਦੀ ਮਿਟੀ ਤਿਆਰ ਹੋਈ।"

ਸ੍ਰ: ਗੁਰਬਖਸ਼ ਸਿੰਘ ਹੋਰਾਂ ਦੇ ਆਪਣੇ ਕਥਨ ਅਨੁਸਾਰ :

"ਸਵਰਗੀ ਚਰਨ ਸਿੰਘ ਸ਼ਹੀਦ ਨੂੰ ਜਦੋਂ ਮੈਂ ਮਿਲਿਆ, ਉਹ ਹਾਸ ਰਸ ਦੇ ਬਾਦਸ਼ਾਹ ਲਗੇ, ਤੇ ਜਦੋਂ ਪਿਆਰਾ ਸਿੰਘ 'ਦਾਤਾ' ਨੂੰ ਮਿਲਿਆ, ਉਹ ਮੈਨੂੰ ਹਾਸ ਰਸ ਦੇ ਸ਼ਹਿਜ਼ਾਦੇ ਲਗੇ, ਉਨ੍ਹਾਂ ਦੀ ਉਮਰ ਉਦੋਂ ਸ਼ਹਿਜ਼ਾਦਿਆਂ ਵਾਲੀ ਸੀ।

"ਮੈਂ ਦਾਤਾ ਜੀ ਨੂੰ ਕਦੋਂ ਮਿਲਿਆ? ਇਉਂ ਜਾਪਦਾ ਹੈ, ਜਿਉਂ ਹਮੇਸ਼ਾ ਹੀ ਉਹ ਮੇਰੇ ਨਾਲ ਰਹੇ ਹਨ। ਦਿਮਾਗ ਖ਼ੁਰਚ ਖ਼ੁਰਚ ਕੇ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਕਿ ਕਦੋਂ ਇਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ? ਸਦਾ ਯਾਦ ਦਾ ਹੀ ਭੁਲੇਖਾ ਪੈਂਦਾ ਹੈ।"*

ਇਸ ਪਹਿਲੀ ਮੁਲਾਕਾਤ ਮਗਰੋਂ ਮੈਨੂੰ ਇਉਂ ਮਹਿਸੂਸ ਹੋਇਆ, ਕਿ ਜਿਵੇਂ ਉਨ੍ਹਾਂ ਦੀ

---

*ਗੁਰਬਖਸ ਸਿੰਘ - ਪਿਆਰਾ ਸਿੰਘ 'ਦਾਤਾ' ਤੇ ਉਸ ਦਾ ਹਾਸ ਵਿਅੰਗ, ਸਫਾ 401

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਲੇਖਣੀ ਬੜੀ ਪਿਆਰੀ, ਦਿਲਖਿਚਵੀਂ ਤੇ ਮਨਮੋਹਕ ਹੈ. ਇਵੇਂ ਹੀ ਉਨ੍ਹਾਂ ਦੀ ਸ਼ਖਸੀਅਤ ਵੀ ਹੈ। ਸੱਚੀ ਗੱਲ ਤਾਂ ਇਹ ਹੈ, ਕਿ ਮਹਾਨ ਵਿਅਕਤੀਆਂ ਦੀ ਪਹਿਲੀ ਮਿਲਣੀ ਹੀ ਬੰਦੇ ਤੇ ਆਪਣੀ ਸਖਸੀਅਤ ਦੀ ਛਾਪ ਛੱਡ ਜਾਂਦੀ ਹੈ।

ਪਹਿਲੀ ਮੁਲਾਕਾਤ ਮਗਰੋਂ ਜਦੋਂ ਵੀ ਉਹ ਮਿਲਦੇ, ਐਸਾ ਜਾਪਦਾ, ਜਿਵੇਂ ਉਹ ਉਚੇਚਾ ਮਿਲਣ ਆਏ ਹਨ, ਅਤੇ ਜਿਨੀਆਂ ਘੜੀਆਂ ਉਨ੍ਹਾਂ ਪਾਸ ਬੈਠੋ, ਉਨ੍ਹਾਂ ਦੀਆਂ ਵਿਦਵਤਾ ਤੇ ਵਾਕਫੀ ਭਰਪੂਰ ਗੱਲਾਂ ਸਰੋਤਿਆਂ ਨੂੰ ਕੀਲ ਕੇ ਰਖ ਦੇਂਦੀਆਂ, ਪਰ ਉਨ੍ਹਾਂ ਕਦੀ ਵੀ ਗਲਬਾਤ ਸਮੇਂ ਇਹ ਨਹੀਂ ਸੀ ਜ਼ਾਹਿਰ ਹੋਣ ਦਿੱਤਾ, ਕਿ ਉਹ ਮਹਾਨ ਵਿਅਕਤੀ ਹਨ, ਸਗੋਂ ਇਵੇਂ ਹੀ ਜਾਪਦਾ, ਜਿਵੇਂ ਦੋ ਮਿੱਤਰ ਪਿਆਰੇ ਬੜੇ ਸਨੇਹ ਨਾਲ ਆਪੋ ਵਿੱਚ ਨਿਜੀ ਵਿੱਚਾਰ-ਵਟਾਂਦਰਾਂ ਕਰ ਰਹੇ ਹੋਣ।

ਪਹਿਲੇ ਕੁਝ ਸਾਲ ਪ੍ਰੀਤਲੜੀ, ਅੰਮ੍ਰਿਤਸਰ, ਵਜ਼ੀਰ ਹਿੰਦ ਪ੍ਰੈਸ ਵਿੱਚ ਛਪਦੀ ਰਹੀ। ਮਗਰੋਂ ਲਾਹੌਰ ਦੇ ਦਰਬਾਰ ਪ੍ਰੈਸ ਵਿੱਚ ਉਹ ਛਪਣੀ ਅਰੰਭ ਹੋ ਗਈ। ਸ੍ਰ. ਗੁਰਬਖਸ਼ ਸਿੰਘ ਜੀ ਨੌਸ਼ਹਿਰਾ ਸਮਾਧ ਅਕਾਲੀ ਫੂਲਾ ਸਿੰਘ ਦੀ ਰਿਹਾਇਸ਼ ਛੱਡ ਕੇ ਮਾਡਲ ਟਾਊਨ ਲਾਹੌਰ ਆ ਗਏ। ਸੰਨ 1937 ਵਿੱਚ ਮੈਂ ਵੀ ਪ੍ਰੀਤਲੜੀ ਦੇ ਸਹਾਇਕ ਦੇ ਤੌਰ ਤੇ ਮਾਡਲ ਟਾਊਨ ਆ ਗਿਆ। ਮਾਡਲ ਟਾਊਨ ਜਿਸ ਕੋਠੀ ਵਿੱਚ ਅਸੀਂ ਰਹਿੰਦੇ ਸਾਂ, ਉਸ ਦੇ ਨਾਲ ਵਾਲੀ ਕੋਠੀ ਵਿੱਚ ਇਕ ਯੂਰਪਅਨ ਜੋੜਾ ਰਹਿ ਰਿਹਾ ਸੀ। ਆਲੇ ਦੁਆਲੇ ਸਾਰੀ ਵਸੋਂ ਪੰਜਾਬੀਆਂ ਦੀ ਸੀ, ਜਿਸ ਲਈ ਮਨ-ਮਰਜ਼ੀ ਦੀ ਸੁਸਾਇਟੀ ਨਾ ਹੋਣ ਕਾਰਣ, ਉਨ੍ਹਾਂ ਇਹ ਕੋਠੀ ਛੱਡ ਦੇਣ ਦਾ ਫ਼ੈਸਲਾ ਕੀਤਾ। ਅਚਾਨਕ ਗੁਰਬਖਸ਼ ਸਿੰਘ ਹੋਰਾ ਨਾਲ ਉਸ ਜੋੜੇ ਦੀ ਮੁਲਾਕਾਤ ਹੋ ਗਈ। ਬਸ ਪਹਿਲੀ ਮਿਲਣੀ ਸਮੇਂ ਹੀ ਉਸ ਦੰਪਤੀ ਨੂੰ ਇਉਂ ਜਾਪਿਆ, ਜਿਵੇਂ ਚਿਰਾਂ ਦੇ ਵਿਛੜੇ ਪਿਆਰੇ ਮੁੜ ਮਿਲੇ ਹੋਣ, ਤੇ ਮਗਰੋਂ ਸਰਦਾਰ ਜੀ ਦੇ ਪਰਿਵਾਰ ਵਿੱਚ ਉਹ ਐਸੇ ਰਚ ਮਿਚ ਗਏ ਕਿ ਮੁੜ ਉਦਾਸੀ ਤੇ ਇਕੱਲਤਾ ਉਨ੍ਹਾਂ ਪਾਸ ਨਾ ਫਟਕ ਸਕੀ। ਐਸੀ ਦਿਲਚਸਪ ਤੇ ਪਿਆਰਾਂ ਤੇ ਮੁਸਕਾਨਾਂ ਵੰਡਦੀ ਸ਼ਖਸੀਅਤ ਸੀ, ਸ੍ਰ. ਗੁਰਬਖਸ਼ ਸਿੰਘ ਦੀ।

ਸਰਦਾਰ ਗੁਰਬਖਸ਼ ਸਿੰਘ ਦੀ ਜ਼ਿੰਦਗੀ ਵਿੱਚ ਬੜੇ ਉਤਾਰ-ਚੜ੍ਹਾ ਆਏ। ਕਈ ਵਾਰ ਉਹ ਸਖਤ ਬੀਮਾਰ ਹੋ ਗਏ। ਪ੍ਰੀਤਨਗਰ ਦੀ ਉਸਾਰੀ ਸਮੇਂ ਤੇ ਕਈ ਸਕੀਮਾਂ ਵਿੱਚ ਉਲਝੇ ਹੋਣ ਕਾਰਨ ਲੱਖਾਂ ਰੁਪਏ ਦੇ ਬੋਝ ਹੇਠਾਂ ਦੱਬੇ ਗਏ। ਕੁਝ ਲਾਲਚੀ ਤੇ ਸਵਾਰਥੀ ਬੰਦਿਆਂ ਨੇ ਕਮਜ਼ੋਰ ਤੇ ਸ਼ਰੀਫ ਆਦਮੀ ਸਮਝ, ਉਨ੍ਹਾਂ ਨੂੰ ਕੁਚਲਣ ਦਾ ਯਤਨ ਕੀਤਾ, ਪਰ ਸਰਦਾਰ ਜੀ ਆਪਣੇ ਕੀਤੇ ਫ਼ੈਸਲਿਆਂ ਤੇ ਦ੍ਰਿੜ ਰਹੇ। ਨਾ ਡੋਲੇ। ਨਾ ਡਰੇ ਨਾ ਘਬਰਾਏ। ਕਈ ਪੈਂਤੜੇਬਾਜ਼ ਤੇ ਕੁਟਿਲ ਬੰਦੇ ਉਨ੍ਹਾਂ ਨਾਲ ਲੜਨ ਝਗੜਨ ਦਾ ਮਨ ਬਣਾ ਕੇ ਆਉਂਦੇ, ਪਰ ਉਨ੍ਹਾਂ ਨਾਲ ਚੰਦ ਮਿੰਟ ਗੱਲਾਂ ਕਰਨ ਮਗਰੋਂ ਉਨ੍ਹਾਂ ਦੇ ਹੀ ਬਣ ਕੇ ਰਹਿ ਜਾਂਦੇ।

ਪ੍ਰੀਤਨਗਰ ਵਿੱਚ ਰਹਿੰਦਿਆਂ ਲੋਕ-ਪਿਆਰ ਤੇ ਸਾਹਿਤਕ ਸਰਗਰਮੀ ਦੀਆਂ ਖੁਸ਼ਬੂਆਂ ਚਹੁੰਕੁੰਟੀ ਫੈਲ ਗਈਆਂ ਸਨ। ਦੇਸ਼-ਵੰਡ ਤੋਂ ਪਹਿਲਾਂ ਇਕੇਰਾਂ ਅੰਮ੍ਰਿਤਸਰ ਜ਼ਿਲ੍ਹੇ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਮੂਨ ਇਲਾਕੇ ਦਾ ਦੌਰਾ ਕਰਦਾ ਪ੍ਰੀਤਨਗਰ ਦੇ ਨੇੜਿਉਂ ਲੰਘਿਆ। ਉਸ ਦੇ ਮਨ ਵਿੱਚ ਚਿਰਾਂ ਤੋਂ ਸ੍ਰ. ਗੁਰਬਖਸ਼ ਸਿੰਘ ਨੂੰ ਮਿਲਣ ਦੀ ਤਾਂਘ ਸੀ। ਘੋੜਾ ਦੌੜਾਂਦਾ ਉਹ ਆਪਣੇ ਅਮਲੇ ਫੈਲੇ ਸਮੇਤ ਪ੍ਰੀਤਨਗਰ ਆਣ ਪੁਜਾ। ਸ੍ਰ. ਗੁਰਬਖਸ਼ ਸਿੰਘ ਸਾਹਮਣਿਉਂ ਆਉਂਦੇ ਨਜ਼ਰ ਆਏ। ਉਹ ਘੋੜੇ ਤੋਂ ਉਤਰ ਪਿਆ ਤੇ ਸ੍ਰ. ਗੁਰਬਖਸ਼ ਸਿੰਘ ਨੂੰ ਬੜੀ ਗਰਮਜੋਸ਼ੀ ਨਾਲ ਬਗਲਗੀਰ ਹੋ ਕੇ ਮਿਲਿਆ। ਉਸ ਮਗਰੋਂ ਜਿਨ੍ਹਾਂ ਚਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਨ ਸਾਡੇ ਦੇਸ਼ ਰਿਹਾ, ਸਰਦਾਰ ਜੀ ਦਾ ਮਿੱਤਰ ਬਣ ਕੇ ਹੀ ਰਿਹਾ ਤੇ ਪ੍ਰੀਤਨਗਰ ਦੇ ਕਈ ਕੰਮ ਸੰਵਾਰਦਾ ਰਿਹਾ।

ਉਨ੍ਹਾਂ ਦੇ ਲੋਕ ਸੰਪਰਕ ਕਾਰਜਾਂ ਤੇ ਸਾਹਿਤਕ ਸੇਵਾਵਾਂ ਕਾਰਨ ਪ੍ਰੀਤਨਗਰ, ਕਈ ਮਹਾਨ ਵਿਅਕਤੀ ਖਿੱਚੇ ਚਲੇ ਆਏ। ਪੰਡਤ ਜਵਾਹਰ ਲਾਲ ਨਹਿਰੂ, ਨਾਮਧਾਰੀ ਆਗੂ ਮਹਾਰਾਜ ਪ੍ਰਤਾਪ ਸਿੰਘ ਜੀ, ਸਰ ਅਬਦਲ ਕਾਦਰ, ਜਨਰਲ ਮੋਹਨ ਸਿੰਘ, ਸਰਦਾਰ ਪ੍ਰਤਾਪ ਸਿੰਘ ਕੈਰੋਂ, ਪ੍ਰਿੰ: ਤੇਜਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਡਾ: ਮਹਿੰਦਰ ਸਿੰਘ ਰੰਧਾਵਾ ਆਦਿ ਦੇਸ਼ ਦੇ ਨੇਤਾਵਾਂ ਦੇ ਕਦਮਾਂ ਦੀ ਛੋਹ ਪ੍ਰੀਤਨਗਰ ਦੀ ਧਰਤੀ ਨੂੰ ਪ੍ਰਾਪਤ ਹੈ। ਜੋ ਵੀ ਵਿਦੇਸ਼ੀ ਡੈਲੀਗੇਸ਼ਨ ਪੰਜਾਬ ਪਹੁੰਚਿਆ, ਉਹ ਪ੍ਰੀਤਨਗਰ ਦੇ ਦਰਸ਼ਨ ਕਰਨੇ ਆਪਣਾ ਧਾਰਮਕ ਫਰਜ਼ ਸਮਝਦਾ ਰਿਹਾ।

ਪ੍ਰੀਤਨਗਰ, ਪੰਜਾਬੀ ਬੋਲੀ ਤੇ ਸਭਯੱਤਾ ਦਾ ਤੀਰਥ ਅਸਥਾਨ ਬਣ ਕੇ ਰਹਿ ਗਿਆ। ਪੰਜਾਬ ਦੇ ਕਵੀ ਤੇ ਲਿਖਾਰੀ ਇਸ ਨਗਰ ਨੂੰ ਆਪਣੀ ਧਰਤੀ ਸਮਝ ਕੇ ਇਥੇ ਪਹੁੰਚਿਆ ਕਰਦੇ ਸਨ। ਪ੍ਰੋਫੈਸਰ ਤੇਜਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਸ੍ਰ. ਸੋਭਾ ਸਿੰਘ ਆਰਟਿਸਟ, ਨਾਨਕ ਸਿੰਘ ਨਾਵਲਿਸਟ, ਅੰਮ੍ਰਿਤਾ ਪ੍ਰੀਤਮ, ਪ੍ਰੋਫੈਸਰ ਮੋਹਨ ਸਿੰਘ, ਬਲਰਾਜ ਸਾਹਨੀ, ਦੇਵਿੰਦਰ ਸਤਿਆਰਥੀ, ਡਾ. ਜਸਵੰਤ ਗਿੱਲ, ਜਗਜੀਤ ਸਿੰਘ ਅਨੰਦ, ਬਲਵੰਤ ਗਾਰਗੀ, ਦਰਸ਼ਨ ਸਿੰਘ ਅਵਾਰਾ ਤੇ ਈਸ਼ਰ ਸਿੰਘ ਈਸ਼ਰ ਭਾਈਆ ਆਦਿ ਸੈਂਕੜੇ ਐਸੇ ਨਾਂ ਹਨ, ਜੋ ਪ੍ਰੀਤਨਗਰ ਦੀ ਛੋਹ ਨਾਲ ਪ੍ਰਵਾਨ ਚੜ੍ਹੇ।

ਮਾਡਲ ਟਾਊਨ ਵਿਖੇ ਸਾਲ ਕੁ ਦਾ ਸਮਾਂ ਉਨ੍ਹਾਂ ਦਾ ਸਾਥ ਮਾਣਨ ਮਗਰੋਂ ਕੁਝ ਘਰੋਗੀ ਮਜਬੂਰੀਆਂ ਕਾਰਨ ਮੈਂ ਰਾਵਲਪਿੰਡੀ ਚਲਾ ਗਿਆ। ਪ੍ਰੀਤਨਗਰ ਮੈਂ ਦੁਬਾਰਾ 1940 ਵਿੱਚ ਆ ਗਿਆ। ਬਸ ਉਦੋਂ ਤੋਂ ਲੈ ਕੇ ਸ੍ਰ. ਗੁਰਬਖਸ਼ ਸਿੰਘ ਹੋਰਾਂ ਦਾ ਸਾਥ ਉਹਨਾਂ ਦੀ ਮੌਤ ਨੇ ਹੀ 20 ਅਗਸਤ, 1977 ਵਿੱਚ ਛੁਡਾਇਆ। ਪ੍ਰੀਤਨਗਰ ਰਹਿੰਦਿਆਂ ਉਨ੍ਹਾਂ ਨਾਲ ਸੰਬੰਧਤ ਕੁਝ ਯਾਦਾਂ ਮੇਰੇ ਲਈ ਇਤਿਹਾਸ ਬਣ ਕੇ ਰਹਿ ਗਈਆਂ ਹਨ।

1941-42 ਦੀ ਗੱਲ ਹੈ। ਪ੍ਰੀਤਨਗਰ ਵਿੱਚ ਬਹੁਤ ਸਾਰੀਆਂ ਖੇਡਾਂ ਦਾ ਟੂਰਨਾਮੈਂਟ ਰਖਿਆ ਗਿਆ। ਬਾਕੀ ਗੇਮਾਂ ਦੇ ਨਾਲ ਵਾਲੀਬਾਲ ਦੇ ਵੀ ਮੈਚ ਹੋ ਰਹੇ ਸਨ। ਮੈਂ ਵਾਲੀਬਾਲ ਟੀਮ ਦਾ ਕਪਤਾਨ ਸਾਂ। ਇਲਾਕੇ ਦੀਆਂ ਬੜੀਆਂ ਬੜੀਆਂ ਟੀਮਾਂ ਟੂਰਨਾਮੈਂਟ ਵਿੱਚ ਹਿੱਸਾ ਲੈਣ ਆਈਆਂ ਹੋਈਆਂ ਸਨ। ਬੜਾ ਤਕੜਾ ਜੋਸ਼ ਖਰੋਸ਼ ਸੀ। ਅਜਨਾਲੇ ਦੀ ਟੀਮ ਸਭ ਤੋਂ ਤਕੜੀ ਸੀ। ਫਾਈਨਲ ਮੈਚ ਸਮੇਂ ਪ੍ਰੀਤਨਗਰ ਤੇ ਅਜਨਾਲੇ ਦੀਆਂ ਟੀਮਾਂ ਲੰਗਰ ਲੰਗੋਟੇ ਕਸ ਕੇ ਆਮ੍ਹੋ ਸਾਹਮਣੇ ਖੜੋ ਗਈਆਂ ਸਨ। ਉਦੋਂ ਸ੍ਰ: ਗੁਰਬਖਸ਼ ਸਿੰਘ ਬੀਮਾਰ ਸਨ। ਉਹ ਬੜੀ ਮੁਸ਼ਕਲ ਨਾਲ ਘਰੋਂ ਚਲ ਕੇ ਗਰਾਊਂਡ ਵਿੱਚ ਪਹੁੰਚੇ, ਮੈਚ ਸ਼ੁਰੂ ਹੋਣ ਵਾਲਾ ਸੀ, ਫਿਰ ਉਹ ਆ ਕੇ ਇਕ ਆਰਾਮ ਕੁਰਸੀ ਤੇ ਬੈਠ ਗਏ। ਮੈਨੂੰ ਉਨ੍ਹਾਂ ਆਪਣੇ ਪਾਸ ਬੁਲਾਇਆ। ਮੇਰੀ ਪਿਠ ਤੇ ਹੱਥ ਫੇਰਦਿਆਂ ਉਨ੍ਹਾਂ ਕਿਹਾ, ''ਦਾਤਾ ਜੀ! ਮੈਂ ਤੁਹਾਡੀ ਟੀਮ ਨੂੰ ਜੇਤੂ ਵੇਖਣਾ ਚਾਹੁੰਦਾ ਹਾਂ। ਤੁਹਾਡੀ ਜਿਤ ਪ੍ਰੀਤਨਗਰ ਦੀ ਜਿਤ ਹੋਵੇਗੀ।''

ਮੈਂ ਇਹੀ ਸੁਨੇਹਾ ਆਪਣੀ ਟੀਮ ਦੇ ਸਭ ਮੈਂਬਰਾਂ ਦੇ ਕੰਨੀ ਫੂਕ ਦਿੱਤਾ। ਬਸ ਫਿਰ ਕੀ ਸੀ, ਸਭ ਖਿਡਾਰੀਆਂ ਨੂੰ ਚੜ੍ਹ ਲਾਲੀਆਂ ਗਈਆਂ, ਕਿ ਅੱਜ ਉਨ੍ਹਾਂ ਦੇ ਦਾਰ ਜੀ, ਉਨ੍ਹਾਂ ਨੂੰ ਜੇਤੂ ਵੇਖਣਾ ਚਾਹੁੰਦੇ ਹਨ। ਸਾਡੇ ਕੰਨਾਂ ਵਿੱਚ ਫੂਕੇ ਇਸ ਮੰਤ੍ਰ ਦਾ ਫੌਰੀ ਅਸਰ ਹੋਇਆ। ਇੰਨੀ ਤਕੜੀ ਤੇ ਇਲਾਕੇ ਵਿੱਚ ਮੰਨੀ ਪ੍ਰਮੰਨੀ ਨਾਮੀ ਗਰਾਮੀ ਟੀਮ ਨੂੰ, ਅਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਚਾਰੋਂ ਸ਼ਾਨੇ ਚਿਤ ਗਿਰਾਇਆ। ਅਜਨਾਲਾ ਟੀਮ ਹਾਰ ਗਈ ਤੇ ਪ੍ਰੀਤਨਗਰ ਦੀ ਟੀਮ ਜਿਤ ਗਈ। ਇਹ ਸ੍ਰ: ਗੁਰਬਖਸ਼ ਸਿੰਘ ਦੀਆਂ ਸ਼ੁਭ ਕਾਮਨਾਵਾਂ ਤੇ ਪਿਆਰੇ ਪਿਆਰੇ ਹਥਾਂ ਦੀ ਛੋਹ ਦਾ ਹੀ ਮੁਅਜਜ਼ਾ ਸੀ।

ਪੰਜਾਹ ਕੁ ਸਾਲ ਦੀ ਉਮਰ ਵਿੱਚ ਸ੍ਰ: ਗੁਰਬਖਸ਼ ਸਿੰਘ ਨੇ ਪ੍ਰੀਤਨਗਰ ਵਿਖੇ ਦੌੜ ਲਗਾਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਵੇਖ ਕੇ ਬਾਕੀ ਨਗਰ ਵਾਸੀਆਂ ਨੇ ਵੀ ਦੌੜਨਾ ਸ਼ੁਰੂ ਕਰ ਦਿਤਾ। ਉਹ ਤਿੰਨ-ਤਿੰਨ ਮੀਲ ਲਗਾਤਾਰ ਦੌੜ ਲੈਂਦੇ ਸਨ. ਜਦ ਕਿ ਨੌਜਵਾਨ ਦੌੜਾਕ ਮਸਾਂ ਅੱਧਾ ਜਾਂ ਵੱਧ ਤੋਂ ਵਧ ਇਕ ਮੀਲ ਦੌੜ ਕੇ ਥੱਕ ਜਾਂਦੇ। ਇਸ ਮਗਰੋਂ ਉਨ੍ਹਾਂ ਪਦ ਯਾਤਰਾ ਦਾ ਪ੍ਰੋਗਰਾਮ ਉਲੀਕਿਆ। ਪ੍ਰੀਤਨਗਰੋਂ ਅੰਮ੍ਰਿਤਸਰ 15-20 ਮੀਲ ਦਾ ਫਾਸਲਾਂ ਉਨ੍ਹਾਂ ਕਈ ਵਾਰ ਇਕ ਦਿਨ ਵਿੱਚ ਪੈਦਲ ਤੈਅ ਕੀਤਾ।

ਇਕ ਵਾਰ ਕਸ਼ਮੀਰ ਯਾਤਰਾ ਦਾ ਪ੍ਰੋਗਰਾਮ ਬਣਿਆ। ਇਸ ਯਾਤਰਾ ਵਿੱਚ ਸ੍ਰ: ਗੁਰਬਖਸ਼ ਸਿੰਘ ਦੇ ਪਰਿਵਾਰ ਨਾਲ ਹੋਰ ਵੀ ਕਈ ਪਰਿਵਾਰ ਸ਼ਾਮਲ ਸਨ। ਜਿਨ੍ਹਾਂ ਵਿੱਚ ਇਨ੍ਹਾਂ ਸਤਰਾਂ ਦਾ ਲੇਖਕ ਵੀ ਸ਼ਾਮਲ ਸੀ। ਇਸ ਮਹੀਨੇ ਭਰ ਦੀ ਯਾਤਰਾ ਸਮੇਂ ਅਸੀਂ ਬੜਾ ਅਨੰਦ ਮਾਣਿਆ। ਸਾਡਾ ਸਾਮਾਨ ਤੇ ਛੇਤੀ ਥੱਕ ਜਾਣ ਵਾਲੇ ਸਜਣ ਤੇ ਭੈਣਾਂ ਬਸ ਵਿੱਚ ਤੇ ਬਾਕੀ ਕਾਫ਼ਲਾ ਪੈਦਲ ਤੁਰਦਾ ਸੀ। ਜਿਥੇ ਰਾਹ ਵਿੱਚ ਕਿਆਮ ਕਰਦੇ. ਉਥੇ ਹੀ ਖਾਣਾ ਖਾਣ ਮਗਰੋਂ ਮਹਿਫਲਾਂ ਜੱਮ ਜਾਂਦੀਆ ਸਨ। ਤਾਸ਼ ਦੀਆਂ ਬਾਜ਼ੀਆਂ ਲਗਦੀਆਂ। ਤਾਸ਼ ਖੇਡਣ ਸਮੇਂ ਸਰਦਾਰ ਜੀ ਤੇ ਮੈਂ ਸਾਥੀ ਹੁੰਦੇ ਸਾਂ। ਬਸ ਫਿਰ ਕੀ ਮਜਾਲ ਕਿ ਕੋਈ ਵਿਰੋਧੀ ਮੈਦਾਨ ਮਾਰ ਸਕੇ। ਕਸ਼ਮੀਰ ਪਹੁੰਚ ਕੇ ਅਸੀਂ ਸ਼ਾਹੀ ਚਸ਼ਮੇ ਦੇ ਨੇੜੇ ਇਕ ਵਿਸ਼ਾਲ ਹਾਊਸ ਬੋਟ ਵਿੱਚ ਡੇਰਾ ਲਾਇਆ। ਕਸ਼ਮੀਰ ਦੀਆਂ ਖੁਸ਼ਬੂਆਂ ਛੱਡਦੀ ਧਰਤੀ ਵਿੱਚ ਜੋ ਅਨੰਦ ਇਸ ਕਾਫਲੇ ਨੇ ਸਰਦਾਰ ਗੁਰਬਖਸ਼ ਸਿੰਘ ਦੀ ਅਗਵਾਈ ਹੇਠ ਮਾਣਿਆ. ਉਸ ਲਈ ਦੇਵਤੇ ਵੀ ਤਰਸਦੇ ਹਨ।

ਪ੍ਰੀਤਨਗਰ ਦੇ ਕਿਆਮ ਤੋਂ ਬਹੁਤ ਦੇਰ ਪਹਿਲਾਂ ਸਰਦਾਰ ਜੀ ਦੇ ਇਕ ਬਜ਼ੁਰਗ ਨੇ ਉਨ੍ਹਾਂ ਨੂੰ ਇਕ ਉਰਦੂ ਜਰਨਲਿਸਟ ਸ਼ਮਸ਼ੇਰ ਸਿੰਘ ਖੰਜਰ ਦੀ ਬਾਂਹ ਫੜਾਈ। ਖੰਜਰ ਨੇ ਪ੍ਰੀਤਨਗਰ ਆਣ ਡੇਰਾ ਲਾਇਆ। ਸਰਦਾਰ ਜੀ ਕਈ ਸਾਲ ਉਸ ਦੀ ਸਰਪ੍ਰਸਤੀ ਕਰਦੇ ਰਹੇ. ਪਰ ਉਸ ਦੇ ਘਟੀਆ ਆਚਾਰ ਤੇ ਨਸ਼ਈ ਹੋਣ ਕਾਰਨ, ਨਗਰ ਨਿਵਾਸੀ ਉਸ ਨੂੰ ਪਸੰਦ ਨਹੀਂ ਸਨ ਕਰਦੇ। ਦੇਸ਼ ਵੰਡ ਮਗਰੋਂ ਪ੍ਰੀਤਲੜੀ ਦਾ ਦਫ਼ਤਰ ਕੁਝ ਸਾਲ ਲਈ ਮਹਿਰੋਲੀ ਆ ਗਿਆ। ਜਦ ਉਹ ਦੁਬਾਰਾ ਪ੍ਰੀਤਨਗਰ ਪਹੁੰਚੇ ਤਾਂ ਉਹ ਜਰਨਲਿਸਟ ਫਿਰ ਉਨ੍ਹਾਂ ਦੇ ਘਰ ਆ ਟਪਕਿਆ। ਖਾਣਾ ਖਾ ਕੇ ਉਹ ਉਹਨਾਂ ਦੀ ਕੋਠੀ ਵਿੱਚ ਹੀ ਸੁੱਤਾ। ਬੂ ਮਾਰਿਆ ਉਸ ਦਾ ਸਰੀਰ ਤੇ ਬਦਬੂ ਭਰੇ ਉਸ ਦੇ ਕਪੜੇ ਹੋਣ ਕਾਰਨ ਰਾਤੀਂ ਉਸ ਨੂੰ ਇਕ ਅਧੋਰਾਣੀ ਰਜ਼ਾਈ ਦੇ ਦਿਤੀ ਗਈ। ਅਧੀ ਰਾਤ ਨੂੰ, ਜਦ ਸਰਦਾਰ ਜੀ ਉਠੇ. ਤਾਂ ਉਨ੍ਹਾਂ ਵੇਖਿਆ ਉਨ੍ਹਾਂ ਦੇ ਮਹਿਮਾਨ ਤੇ ਇਕ ਗੋਦੜੀਨੁਮਾ ਪੁਰਾਣੀ ਰਜ਼ਾਈ ਪਾਈ ਗਈ ਹੈ। ਉਹ ਇਹ ਵਿਤਕਰਾ ਸਹਿਣ ਨਾ ਕਰ ਸਕੇ। ਆਪਣੀ ਨਵੀਂ ਰਜ਼ਾਈ ਉਸ ਤੇ ਪਾ ਦਿੱਤੀ. ਤੇ ਉਸ ਦੀ ਰਜ਼ਾਈ ਆਪ ਲੈ ਲਈ। ਏਨੇ ਕੋਮਲ ਚਿਤ ਵਿਅਕਤੀ ਨੂੰ ਰਾਤ ਨੀਂਦ ਕਿਵੇਂ ਆਵੇ? ਦਿਨੇ ਵੀ ਉਹ ਬੜੇ ਪ੍ਰੇਸ਼ਾਨ ਰਹੇ। ਰੋਟੀ ਖਾਧੀ ਨਾ ਜਾਵੇ। ਜਦ ਪਰਿਵਾਰ ਨੇ ਯਕੀਨ ਦਿਲਾਇਆ, ਕਿ ਅਗੋਂ ਕਿਸੇ ਮਹਿਮਾਨ ਨਾਲ ਇਹ ਵਿਤਕਰਾ ਨਹੀਂ ਰਖਿਆ ਜਾਵੇਗਾ. ਤਾਂ ਹੀ ਉਨ੍ਹਾਂ ਅੰਨ ਮੂੰਹ ਨੂੰ ਲਾਇਆ।

ਸਰਦਾਰ ਜੀ. ਬਾਲਾਂ ਨੂੰ ਵੀ ਗੁੱਸੇ ਹੋ ਕੇ ਬੋਲਣ ਦੀ ਆਗਿਆ ਨਹੀਂ ਸਨ ਦੇਂਦੇ। ਉਨ੍ਹਾਂ ਵਲੋਂ ਸਭ ਨਾਲ ਸਤਿਕਾਰ ਭਰਿਆ ਸਲੂਕ ਕਰਨ ਦੀ ਕਰੜੀ ਹਿਦਾਇਤ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪ੍ਰੀਤਨਗਰ ਵਾਸੀਆਂ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਉਹ ਆਪਣੇ ਬੱਚੇ ਤੇ ਸਾਥੀ ਸਮਝਦੇ ਸਨ। ਸ਼ਾਇਦ ਅਮਲੀ ਤੌਰ ਤੇ ਇਤਿਹਾਸ ਨੇ ਪਹਿਲੀ ਵਾਰ ਇਹ ਕੌਤਕ ਵੇਖਿਆ ਹੋਵੇ, ਕਿ ਹਰੀਜਨ, ਜਿਨ੍ਹਾਂ ਦੇ ਸਾਏ ਤੋਂ ਵੀ ਲੋਕੀ ਤ੍ਰਹਿੰਦੇ ਸਨ, ਪ੍ਰੀਤਨਗਰ ਦੇ ਘਰਾਂ ਤੇ ਦਫ਼ਤਰਾਂ ਵਿੱਚ ਕੰਮ ਕਰਦੇ ਤੇ ਇਜ਼ਤ ਦੀ ਨਿਗਾਹ ਨਾਲ ਵੇਖੇ ਜਾਂਦੇ ਸਨ। ਇਹ ਉਨ੍ਹਾਂ ਦੀ ਹੀ ਮਹਾਨ ਦੇਣ ਹੈ, ਕਿ ਇਸ ਸ਼੍ਰੇਣੀ ਦੇ ਕਈ ਨੌਜਵਾਨ, ਜਿਨ੍ਹਾਂ ਨੂੰ ਬਚਪਨ ਵਿੱਚ ਉਨ੍ਹਾਂ ਦੇ ਪਿਆਰ ਦੀ ਛੋਹ ਪ੍ਰਾਪਤ ਹੋਈ, ਉਹ ਅੱਜ ਚੰਗੇ ਕਾਰੋਬਾਰਾਂ ਤੇ ਉੱਚ ਨੌਕਰੀਆਂ ਤੇ ਲਗੇ ਹੋਏ ਹਨ।

ਦੇਸ਼ ਵੰਡ ਮਗਰੋਂ, ਜਦੋਂ ਪ੍ਰੀਤਨਗਰ ਦਾ ਕਾਫਲਾ ਦਿੱਲੀ ਪਹੁੰਚਿਆ, ਤਾਂ ਤਕੜੇ ਆਰਥਕ ਮੰਦਵਾੜੇ ਦੇ ਦਿਨ ਸਨ। ਪ੍ਰੈਸ ਦੀਆਂ ਤਨਖਾਹਾਂ ਦੇਣ ਵਾਲੀਆਂ ਤੇ ਕਾਗਜ਼ ਸਿਆਹੀਆਂ ਆਦਿ ਖਰੀਦਣਾ ਹੁੰਦਾ ਸੀ। ਬਾਹਰੋਂ ਆਉਣ ਵਾਲੀਆਂ ਰਕਮਾਂ ਰੁਕ ਗਈਆਂ ਸਨ। ਹਾਲਾਤ ਦਿਨ-ਬਦਿਨ ਖਰਾਬ ਹੋ ਰਹੇ ਸਨ। ਇਕ ਸਜਣ ਨੇ ਕਈ ਹਜ਼ਾਰ ਦੀ ਰਕਮ ਦੇਣੀ ਸੀ। ਪਤਾ ਲਗਾ ਕਿ ਉਹ ਦਿੱਲੀ ਆਇਆ ਹੋਇਆ ਹੈ। ਸ੍ਰ: ਗੁਰਬਖਸ਼ ਸਿੰਘ ਤੇ ਦੋ ਤਿੰਨ ਹੋਰ ਸਜਣ ਆਪਣੀ ਵੈਨ ਲੈ ਕੇ ਉਸ ਨੂੰ ਢੂੰਡਣ ਤੁਰ ਪਏ। ਕਈ ਥਾਈਂ ਚੱਕਰ ਮਾਰੇ, ਪਰ ਉਹ ਨਾ ਮਿਲਿਆ। ਸਵੇਰ ਦਾ ਕਿਸੇ ਵੀ ਕੁਝ ਖਾਧਾ ਪੀਤਾ ਨਹੀਂ ਸੀ। ਦੁਪਹਿਰ ਹੋ ਗਈ। ਭੁਖੇ ਭਾਣੇ ਉਸ ਨੂੰ ਢੂੰਡਦੇ ਰਹੇ ਤੇ ਅੰਤ ਪਤਾ ਲਗਾ ਕਿ ਉਹ ਲੋਧੀ ਰੋਡ ਦੀ ਇਕ ਕੋਠੀ ਵਿੱਚ ਹੈ। ਅਸੀਂ ਉਸ ਦੀ ਕੋਠੀ ਗਏ। ਗੱਡੀ ਤੋਂ ਉਤਰੇ, ਤਾਂ ਇਕ ਬੁਢੀ ਮੰਗਤੀ ਨੇ ਹੱਥ ਅੱਡ ਕੁਝ ਮੰਗਿਆ। ਇਧਰ ਸਾਧਾਂ ਪਾਸ ਦੇਣ ਨੂੰ ਹੈ ਹੀ ਕੀ ਸੀ? ਉਹ ਦੁਬਾਰਾ ਸਰਦਾਰ ਜੀ ਨੂੰ ਸੰਬੋਧਨ ਕਰਦੀ ਹੋਈ ਬੋਲੀ, "ਵੀਰਾ, ਸਵੇਰ ਦੀ ਬੋਹਣੀ ਨਹੀਂ ਹੋਈ, ਕੁਝ ਤੇ ਦੇ ਦਿਓ।" ਸਰਦਾਰ ਜੀ ਮੁਸਕਰਾ ਕੇ ਬੋਲੇ, "ਭੈਣਾਂ! ਸਾਡੀ ਆਪਣੀ ਸਵੇਰ ਦੀ ਬੋਹਣੀ ਨਹੀਂ ਹੋਈ, ਤੇਰੀ ਬੋਹਣੀ ਕੀ ਹੋਣੀ ਹੈ?" ਉਸ ਸਮੇਂ ਬੜਾ ਘੁਟਿਆ ਘੁਟਿਆ ਵਾਤਾਵਰਣ ਸੀ। ਐਸੇ ਹਾਲਾਤ ਵਿੱਚ ਵੀ ਉਹ ਮੁਸਕਰਾ ਕੇ ਮਾਈ ਨੂੰ ਕਹਿਣ ਲਗੇ, "ਭੈਣਾਂ! ਜੇ ਸਾਡੀ ਬੋਹਣੀ ਹੋ ਗਈ, ਤਾਂ ਤੇਰੀ ਬੋਹਣੀ ਵੀ ਕਰਾ ਦਿਆਂਗੇ।"

ਦੇਵਨੈਤ ਨਾਲ ਸਾਡੇ ਬਿਲ ਦੀ ਰਕਮ ਤਰ ਗਈ, ਤਾਂ ਦਾਰ ਜੀ ਨੇ ਮੈਨੂੰ ਨਾਲ ਲੈ ਬੁੱਢੀ ਨੂੰ ਢੂੰਡ ਕੇ ਉਸਦੀ ਬੋਹਣੀ ਕਰਾਈ।

ਇਕ ਵਾਰ ਸਰਦਾਰ ਜੀ ਲਾਹੌਰ ਇਕ ਸਜਣ ਦੇ ਘਰ ਗਏ। ਉਥੇ ਕੁਝ ਹੋਰ ਸਾਹਿਤਕਾਰ ਵੀ ਆ ਪਹੁੰਚੇ। ਘਰ ਦੀ ਸਵਾਣੀ ਨੇ ਬਹੁਤ ਵਧੀਆ ਭੋਜਨ ਤਿਆਰ ਕੀਤਾ, ਪਰ ਆਪ ਉਹ ਸ਼ਰਮ ਦੀ ਮਾਰੀ ਖਾਣੇ ਦੀ ਮੇਜ਼ ਤੇ ਨਾ ਆਈ। ਹਾਲੀਂ ਖਾਣਾ ਅਰੰਭ ਨਹੀਂ ਸੀ ਹੋਇਆ, ਕਿ ਸਰਦਾਰ ਜੀ ਨੇ ਉਚੀ ਜਿਹੀ ਆਵਾਜ਼ ਦੇ ਕੇ ਕਿਹਾ, "ਕਿਥੇ ਹਨ ਉਹ ਅਦਿੱਖ ਕਿਰਤੀ ਸੁੱਚਜੇ ਹਸਤ ਕੰਵਲ, ਜਿਨ੍ਹਾਂ ਇਹ ਪਦਾਰਥ ਤਿਆਰ ਕੀਤੇ ਹਨ? ਆਉ, ਮੇਰੀ ਪੁੱਤਰੀ! ਇੰਜ ਨਹੀਂ, ਅਸੀਂ ਇਕੱਠੇ ਰਲ ਕੇ ਖਾਣਾ ਖਾਵਾਂਗੇ। ਉਚੇਚ ਛਡੋ ਤੇ ਆ ਜਾਉ। ਸਾਰਾ ਪਰਿਵਾਰ ਰਲ ਮਿਲ ਕੇ ਭੋਜਨ ਛਕਾਂਗੇ।" ਇਸ ਤਰ੍ਹਾਂ ਉਹ ਸੁਆਣੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਉਨ੍ਹਾਂ ਨਾਲ ਖਾਣੇ ਵਿੱਚ ਸ਼ਾਮਲ ਹੋ ਗਿਆ। ਉਸ ਬੀਬੀ ਨੂੰ ਜੀਵਨ ਭਰ ਇਹ ਮਾਣ ਰਿਹਾ, ਕਿ ਉਸ ਨੂੰ ਇਕ ਮਹਾਨ ਸਾਹਿਤਕਾਰ ਨੇ ਉਚੇਚਾ ਬੁਲਾ ਕੇ ਆਪਣੇ ਨਾਲ ਭੋਜਨ ਕਰਾਇਆ ਸੀ।

ਸੰਨ 1942 ਦੀ ਗੱਲ ਹੈ, ਉਦੋਂ ਮੈਂ ਲਾਹੌਰ ਰਹਿ ਰਿਹਾ ਸੀ। ਪ੍ਰੀਤਨਗਰ ਸ਼ਾਪ ਦਾ ਮੈਂ ਇੰਚਾਰਜ ਸਾਂ। ਦਾਰ ਜੀ ਕਿਸੇ ਦੂਰ ਦੁਰਾਡੇ ਸਫਰ ਤੋਂ ਥੱਕੇ ਟੁਟੇ ਸਾਡੇ ਘਰ ਪਹੁੰਚੇ। ਰਾਤ ਖਾਣਾ ਖਾ ਕੇ ਲੇਟ ਗਏ, ਪਰ ਉਨ੍ਹਾਂ ਦੀਆਂ ਬਾਹਵਾਂ ਥਕੀਆਂ ਹੋਇਆਂ ਸਨ। ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬਾਹਵਾਂ ਘੁਟਣ ਦਾ ਯਤਨ ਕੀਤਾ, ਪਰ ਉਨ੍ਹਾਂ ਨਾਂਹ ਕਰ ਦਿੱਤੀ। ਉਨ੍ਹਾ ਆਪਣੀ ਪੱਗੜੀ ਉਤਾਰ ਮੇਰੇ ਹਥ ਫੜਾਈ ਤੇ ਕਹਿਣ ਲਗੇ, "ਇਸ ਪੱਗੜੀ ਨਾਲ ਮੇਰੀਆਂ ਬਾਹਵਾਂ ਕਸ ਕੇ ਬੰਨ੍ਹ ਦਿਓ।" ਮੈਂ ਉਨ੍ਹਾ ਦੀ ਆਗਿਆ ਦਾ ਪਾਲਣ ਕਰ ਦਿੱਤਾ। ਉਹ ਸੌਂ ਗਏ ਤੇ ਸਵੇਰੇ ਉਹ ਨੌ-ਬਰ-ਨੌ ਸਨ।

ਇਹ ਅਰੰਭ ਅਗਸਤ, 1977 ਦੀ ਗੱਲ ਹੈ, ਉਹ ਪੀ.ਜੀ.ਆਈ. ਹਸਪਤਾਲ ਚੰਡੀਗੜ੍ਹ ਵਿੱਚ ਦਾਖਲ ਸਨ। ਮੈਂ ਮਿਲਣ ਗਿਆ। ਉਹ ਉਠ ਕੇ ਬੈਠ ਗਏ। ਨਿਘੀ ਗਲਵਕੜੀ ਪਾ ਕੇ ਮਿਲੇ। ਉਹ ਕੁਝ ਕਮਜ਼ੋਰ ਸਨ, ਪਰ ਮੈਨੂੰ ਚੜ੍ਹਦੀਆਂ ਕਲਾਂ ਵਿੱਚ ਜਾਪੇ। ਮੈਂ ਕਿਹਾ, "ਦਾਰ ਜੀ! ਤੁਸੀਂ ਹੁਣ ਬਿਲਕੁਲ ਠੀਕ ਹੋ। ਤੁਸੀਂ ਕਈ ਸਾਲ ਹੋਰ ਜੀਣਾ ਹੈ ਤੇ ਪੰਜਾਬੀ ਬੋਲੀ ਦੀ ਰੱਜ ਕੇ ਸੇਵਾ ਕਰਨੀ ਹੈ।" ਉਹ ਹਸ ਪਏ ਤੇ ਕਹਿਣ ਲਗੇ, "ਤੁਹਾਨੂੰ ਮਿਲਣ ਤੇ ਕਈ ਪੁਰਾਣੀਆਂ ਯਾਦਾਂ ਚੇਤੇ ਆ ਗਈਆਂ ਹਨ। ਖਾਸ ਕਰ ਕਸ਼ਮੀਰ ਯਾਤਰਾ ਸਮੇਂ ਗੁਜ਼ਾਰੀਆਂ ਅਨੰਦਮਈ ਘੜੀਆਂ ਤੇ ਤਾਸ਼ ਦੀਆਂ ਬਾਜੀਆਂ ਨਹੀਂ ਭੁਲਦੀਆਂ।"

ਥੋੜ੍ਹੀ ਦੇਰ ਬਾਅਦ ਉਹ ਲੇਟ ਗਏ ਤੇ ਫਿਰ

"ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ"

ਗੁਰੂ ਗੋਬਿੰਦ ਸਿੰਘ ਜੀ ਵਾਲਾ ਸ਼ਬਦ ਗੁਣਗਣਾਉਣ ਲਗ ਪਏ।

20 ਅਗਸਤ, ਸੰਨ 1977 ਨੂੰ ਜਦ ਉਹ ਨੌ-ਬਰ-ਨੌ ਹੋ ਕੇ ਵਾਪਸ ਪ੍ਰੀਤਨਗਰ ਜਾਣ ਦੀਆਂ ਤਿਆਰੀਆਂ ਵਿੱਚ ਸਨ, ਤਾਂ ਦਿਲ ਦਾ ਦੌਰਾ ਪੈਣ ਤੇ ਉਹ ਰੱਬ ਨੂੰ ਪਿਆਰੇ ਹੋ ਗਏ। ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਪਿਆਰਿਆਂ ਨੂੰ ਕਦੀ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਿਆ ਹੈ। ਸ੍ਰ. ਗੁਰਬਖਸ਼ ਸਿੰਘ ਵਰਗੀਆਂ ਮਹਾਨ ਹਸਤੀਆਂ ਸਦੀਆਂ ਮਗਰੋਂ ਹੀ ਪੈਦਾ ਹੁੰਦੀਆਂ ਹਨ, ਤੇ ਇਥੋਂ ਜਾਣ ਮਗਰੋਂ ਉਹ ਕੌਮ ਲਈ ਅਮੁਲ ਸਰਮਾਇਆ ਛੱਡ ਜਾਂਦੀਆਂ ਹਨ।

ਉਨ੍ਹਾਂ ਦੇ ਭੋਗ ਸਮੇਂ ਜਦ ਮੈਂ ਪ੍ਰੀਤਨਗਰ ਹਾਜ਼ਰ ਸਾਂ। ਕੀਰਤਨ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਅਤਿ ਪਿਆਰਾ ਸ਼ਬਦ ਗਾਇਨ ਹੁੰਦਾ ਸੁਣਿਆ, ਤਾਂ ਚੰਡੀਗੜ੍ਹ ਵਾਲੀ ਆਖਰੀ ਮੁਲਾਕਾਤ ਦੀ ਯਾਦ ਤਾਜ਼ਾ ਹੋ ਗਈ। ਇਹ ਸ਼ਬਦ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦੇ ਭੋਗ ਸਮੇਂ ਡਾ: ਜਾਗੀਰ ਸਿੰਘ ਚੰਡੀਗੜ੍ਹ ਵਾਲੇ ਜਥੇ ਵਲੋਂ ਪ੍ਰੀਤਨਗਰ ਵਿੱਚ ਗਾਇਨ ਹੋ ਰਿਹਾ ਸੀ:

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ,
ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ।

ਦਸਮ ਪਾਤਸ਼ਾਹ ਦਾ ਇਹ ਸ਼ਬਦ ਸੁਣ ਮੇਰੀਆਂ ਅੱਖਾਂ ਵਿੱਚ ਹੰਝੂ ਆ ਗਏ। ਸ੍ਰ: ਗੁਰਬਖਸ਼ ਸਿੰਘ ਹੋਰਾਂ ਦੇ ਵਛੋੜੇ ਨੂੰ ਹੁਣ 15 ਸਾਲ ਬੀਤ ਗਏ ਹਨ। ਪਰ ਜੀਵਨ ਘੜੀ ਦੀ ਹਰ ਟੁਣਕਾਰ ਸਮੇਂ ਮੈਨੂੰ ਉਨ੍ਹਾਂ ਦੀ ਯਾਦ ਆ ਜਾਂਦੀ ਹੈ। ਅਜੇਹਾ ਜਾਪਦਾ ਹੈ, ਜਿਵੇਂ ਉਨ੍ਹਾਂ ਦੇ ਹਥਾਂ ਦੀ ਛੋਹ, ਜੀਵਨ ਦੇ ਬਾਕੀ ਸਾਲ ਚੜ੍ਹਦੀ ਕਲਾ ਵਿੱਚ ਬੀਤ ਜਾਣ ਲਈ ਪ੍ਰੇਰਨਾ ਦੇ ਰਹੀ ਹੋਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


# ਨਾਨਕ ਸਿੰਘ

ਨਾਨਕ ਸਿੰਘ ਨਾਲ ਪੰਜਾਬੀ ਪਾਠਕਾਂ ਨੂੰ ਜਾਣ-ਪਛਾਣ ਦੀ ਵਧੇਰੇ ਲੋੜ ਨਹੀਂ। ਹਿੰਦੀ ਸਾਹਿਤ ਵਿੱਚ ਜਿਵੇਂ ਮੁਨਸ਼ੀ ਪ੍ਰੇਮ ਚੰਦ ਤੇ ਬੰਗਲਾ ਵਿੱਚ ਸ਼ਰਤ ਚੰਦਰ ਤੇ ਬੰਕਮ ਚੰਦਰ ਘਰੋਗੀ ਜਿਹੇ ਨਾਂ ਬਣ ਗਏ ਹਨ, ਇਸੇ ਤਰ੍ਹਾਂ ਨਾਨਕ ਸਿੰਘ ਪੰਜਾਬੀਆਂ ਲਈ ਘਰੇਲੂ ਨਾਂ ਸੀ। ਚੱਕ ਹਮੀਦ ਪਾਕਿਸਤਾਨ ਵਿੱਚ ਉਸ ਦਾ ਚਾਰ ਜੁਲਾਈ ਸੰਨ 1897 ਈ: ਵਿਖੇ ਜਨਮ ਹੋਇਆ। ਸੰਨ 1923 ਵਿੱਚ ਜਦ ਉਹ ਪਹਿਲੀ ਤੇ ਆਖ਼ਰੀ ਵਾਰ ਜੇਲ੍ਹ ਗਿਆ, ਤਾਂ ਉਸ ਹਥ ਮੁਨਸ਼ੀ ਪ੍ਰੇਮ ਚੰਦ ਦੇ ਕੁੱਝ ਨਾਵਲ ਆਏ, ਜਿਨ੍ਹਾਂ ਨੇ ਉਸ ਨੂੰ ਸਾਹਿਤ ਅਧਿਅਨ ਦੀ ਲਗਨ ਲਾ ਦਿਤੀ। ਫਿਰ ਹਿੰਦੀ ਉਰਦੂ ਦੀ ਜੋ ਵੀ ਕਿਤਾਬ ਉਸ ਹਥ ਆਈ, ਉਸ ਪੜ੍ਹ ਲਈ। ਮੁਨਸ਼ੀ ਪ੍ਰੇਮ ਚੰਦ ਨੇ ਇਕ ਦਮ ਉਸ ਅੰਦਰ ਸੁਤਾ ਪਿਆ ਸਾਹਿਤਕਾਰ ਜਗਾ ਦਿਤਾ। ਉਦੋਂ ਹਾਲੀਂ ਪੰਜਾਬੀ ਵਿੱਚ ਨਾਵਲਾਂ ਦਾ ਰਿਵਾਜ ਨਹੀਂ ਸੀ। ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਤੇ ਐਸ.ਐਸ. ਚਰਨ ਸਿੰਘ ਸ਼ਹੀਦ ਨੇ ਕੁਝ ਧਾਰਮਕ ਨਾਵਲ ਲਿਖੇ, ਪਰ ਨਾਨਕ ਸਿੰਘ ਪੁਰ ਮੁਨਸ਼ੀ ਪ੍ਰੇਮ ਚੰਦ ਦਾ ਇਹ ਪ੍ਰਭਾਵ ਪੈ ਚੁਕਾ ਸੀ, ਕਿ ਹਰ ਧਰਮ ਤੇ ਕੌਮ ਵਿੱਚ ਚੰਗੇ ਮਾੜੇ ਦੋਹਾਂ ਕਿਸਮਾਂ ਦੇ ਆਦਮੀ ਮਿਲਦੇ ਹਨ। ਧਨੀ ਲੋਕ ਸਦਾ ਗਰੀਬ ਜਨਤਾ ਦਾ ਖ਼ੂਨ ਚੂਸਦੇ ਆਏ ਹਨ। ਸੋ ਨਾਨਕ ਸਿੰਘ ਨੇ ਮੁਨਸ਼ੀ ਪ੍ਰੇਮ ਚੰਦ ਦੇ ਪ੍ਰਭਾਵ ਥਲੇ ਜੇਲ੍ਹ ਵਿੱਚ ਹੀ ਦੋ-ਟੂਕ ਫੈਸਲਾ ਕਰ ਲਿਆ, ਕਿ ਉਹ ਨਾਵਲਿਸਟ ਬਣ ਕੇ ਰਹੇਗਾ। ਸਮਾਜ ਦੀਆਂ ਸਾਰੀਆਂ ਬੁਰਾਈਆਂ, ਭੈੜੀਆਂ ਰਸਮਾਂ, ਇਸਤਰੀਆਂ ਨਾਲ ਭੈੜਾ ਸਲੂਕ, ਫਿਰਕੂ ਘਿਰਣਾ ਆਦਿ ਸਭ ਦੇ ਖਿਲਾਫ਼ ਉਹ ਜਹਾਦ ਖੜਾ ਕਰੇਗਾ।

ਅਕਾਲੀ ਲਹਿਰ ਉਦੋਂ ਖ਼ੂਬ ਜ਼ੋਰਾਂ ਤੇ ਸੀ। ਨਾਨਕ ਸਿੰਘ ਵੀ ਇਸ ਦੀ ਲਪੇਟ ਵਿੱਚ ਆ ਗਿਆ। ਉਸ ਨੇ ਬੋਰਸਟਲ ਜੇਲ੍ਹ ਲਾਹੌਰ ਵਿੱਚ ਜਾ ਡੇਰੇ ਲਾਏ। ਜੇਲ੍ਹ ਵਿੱਚ ਉਹ ਇਕ ਸਾਲ ਦੇ ਲਗਭਗ ਰਿਹਾ। ਇਸ ਅਰਸੇ ਵਿੱਚ ਉਸ ਨੇ 'ਅਧ ਖਿੜੀ ਕਲੀ' ਨਾਂ ਦਾ ਆਪਣਾ ਪਹਿਲਾ ਨਾਵਲ ਲਿਖਿਆ, ਪਰ ਤਲਾਸ਼ੀ ਹੋਣ ਤੇ ਉਹ ਮਸੌਦਾ ਜੇਲ੍ਹ ਅਧਿਕਾਰੀਆਂ ਹਥ ਆ ਗਿਆ, ਜਿਸ ਦੇ ਮੁੜ ਨਾਨਕ ਸਿੰਘ ਨੂੰ ਦਰਸ਼ਨ ਨਾ ਹੋਏ। ਜੇਲ੍ਹ ਦਾ ਬਾਕੀ ਸਮਾਂ ਉਹ ਵਖੋ-ਵਖ ਨਾਵਲਾਂ ਦੇ ਪਲਾਟਾਂ ਦੇ ਤਾਣੇ-ਪੇਟੇ ਵਿੱਚ ਉਲਝਿਆ ਰਿਹਾ। ਕਾਗਜ਼ ਕਲਮ ਦਵਾਤ ਤਾਂ ਜੇਲ੍ਹ ਵਿੱਚ ਮਿਲਦੇ ਨਹੀਂ ਸਨ। ਇਸ ਲਈ ਉਸ ਨੇ ਰਿਹਾਈ ਮਗਰੋਂ ਇਹ ਕੰਮ ਦ੍ਰਿੜਤਾ ਤੇ ਲਗਨ ਨਾਲ ਸਿਰੇ ਚੜ੍ਹਾਣ ਦਾ ਪਕਾ ਫੈਸਲਾ ਕਰ ਲਿਆ।

ਜੇਲ੍ਹੋਂ ਬਾਹਰ ਆ ਕੇ ਨਾਨਕ ਸਿੰਘ ਨੇ ਚਾਰ ਛੋਟੇ-ਛੋਟੇ ਸਮਾਜਕ ਨਾਵਲ - ਮਤਰੇਈ ਮਾ, ਕਾਲ ਚੱਕਰ, ਪ੍ਰੇਮ ਸੰਗੀਤ ਤੇ ਮਿੱਠਾ ਮਹੁਰਾ - ਲਿਖੇ। ਉਸ ਪਿਛੋਂ ਇਹ ਸਿਲਸਲਾ ਅਰੰਭ ਹੋ ਗਿਆ। ਸੰਨ 1929 ਵਿੱਚ ਉਸ ਨੇ ਚਿਟਾ ਲਹੂ ਲਿਖਿਆ, ਜਿਸ ਨੇ ਪਾਠਕਾਂ ਤੋਂ ਬੜੀ ਪ੍ਰਸੰਸਾ ਪ੍ਰਾਪਤ ਕੀਤੀ। ਸੰਨ 1940 ਤੀਕ ਉਹ ਫੌਲਾਦੀ ਫੁਲ, ਕਾਗਤਾਂ ਦੀ ਬੇੜੀ, ਪਿਆਰ ਦੀ ਦੁਨੀਆਂ, ਗਰੀਬ ਦੀ ਦੁਨੀਆਂ, ਟੁਟੀ ਵੀਣਾ, ਅੱਧ ਖਿੜਿਆ ਫੁਲ, ਤੇ ਗੰਗਾਜਲੀ ਵਿੱਚ ਸ਼ਰਾਬ ਆਦਿ ਨਾਵਲ ਲਿਖ ਚੁਕਾ ਸੀ। ਸੰਨ 1936-37 ਵਿੱਚ ਮੈਂ ਸ੍ਰ: ਗੁਰਬਖਸ਼ ਸਿੰਘ ਦੇ ਪੰਜਾਬੀ ਮਾਸਕ ਪੱਤਰ ਪ੍ਰੀਤਲੜੀ ਦੇ ਦਫਤਰ ਵਿੱਚ ਮਾਡਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri.



ਟਾਊਨ ਲਾਹੌਰ ਵਿਖੇ ਕੰਮ ਕਰਦਾ ਸਾਂ। ਸ੍ਰ. ਗੁਰਬਖਸ਼ ਸਿੰਘ ਦੀ ਨਵੀਂ ਨਵੀਂ ਬਣੀ ਸੰਸਥਾ - ਪ੍ਰੀਤ ਸੈਨਾ ਦੇ ਸਬੰਧ ਵਿੱਚ ਮੈਂ ਅੰਮ੍ਰਿਤਸਰ ਗਿਆ। ਉਥੇ ਹੀ ਨਾਨਕ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ। ਬਿਲਕੁਲ ਸਾਦ ਮੁਰਾਦਾ ਬੰਦਾ। ਵਲ ਛਲ ਤੋਂ ਰਹਿਤ। ਕੋਈ ਮਾਣ ਨਹੀਂ, ਹੰਕਾਰ ਨਹੀਂ। ਗਰੂਰ ਨਹੀਂ। ਬਿਲਕੁਲ ਸਾਦੇ ਜਿਹੇ ਕਪੜੇ। ਸਾਂਵਲਾ ਰੰਗ। ਉਚਾ ਲੰਮਾ ਕੱਦ। ਖੁਲ੍ਹੀ ਦਾੜ੍ਹੀ। ਬ੍ਰੀਕ ਦਿਲ ਖਿਚਵੀਆ ਅਖਾਂ। ਉਸ ਸਮੇਂ ਨਾਨਕ ਸਿੰਘ ਮੈਨੂੰ ਕਿਸੇ ਅੰਮ੍ਰਿਤਸਰੀ ਡੇਰੇ ਦਾ ਮਹੰਤ ਜਾਪਦਾ ਸੀ।

ਮਿਲਦਿਆ ਸਾਰ ਉਸ ਮੈਨੂੰ ਗਲਵਕੜੀ ਵਿੱਚ ਲੈ ਲਿਆ। ਸੁਖ ਸਾਂਦ ਪੁਛ ਕੇ ਮੈਨੂੰ ਉਹ ਆਪਣੇ ਘਰ ਲੈ ਤੁਰਿਆ। ਬੜੀ ਮੁਦਤ ਤੋਂ ਅੰਮ੍ਰਿਤਸਰ ਰਿਹਾਇਸ਼ ਹੋਣ ਕਰ ਕੇ ਮੈਂ ਸਮਝਦਾ ਸਾਂ, ਕਿ ਉਸ ਦਾ ਮਕਾਨ ਨਵੀਨ ਤਰਜ਼ ਦਾ ਉਸਰਿਆ ਹੋਵੇਗਾ। ਬਾਬਾ ਸਾਹਿਬ ਦੇ ਚੌਂਕ ਤੋਂ ਵਿੰਗੀਆਂ, ਟੇਢੀਆਂ ਅਨ੍ਹੇਰੀਆਂ, ਤੇ ਛੋਟੀਆਂ ਗਲੀਆਂ 'ਚੋਂ ਲੰਘਦਾ ਮੇਰਾ ਰਹਿਬਰ ਮੈਨੂੰ ਆਪਣੇ ਪੁਸਤਕ ਮੰਦਰ ਵਿੱਚ ਲੈ ਗਿਆ। ਮਕਾਨ ਦੇ ਅੰਦਰ ਕਦਮ ਰਖਦਿਆਂ ਹੀ ਮੈਨੂੰ ਅਜੇਹਾ ਜਾਪਿਆ, ਜਿਵੇਂ ਚੰਦਰਕਾਂਤਾ ਦਾ ਵਚਿੱਤਰ ਪਾਤਰ ਮੈਨੂੰ ਕਿਸੇ ਪੁਰਾਣੇ ਜਾਦੂ-ਘਰ ਵਿੱਚ ਲੈ ਆਇਆ ਹੈ, ਤੇ ਇਥੇ ਹੁਣ ਮੈਨੂੰ ਜ਼ਰੂਰ ਕੈਦ ਕੀਤਾ ਜਾਵੇਗਾ। ਹੌਲੀ ਹੌਲੀ ਮੈਂ ਅੱਖਾਂ ਮਲੀਆਂ, ਤੇ ਸਾਹਮਣੇ ਆਪਣੇ ਮਿੱਤਰ ਨਾਨਕ ਸਿੰਘ ਨੂੰ ਵੇਖ ਕੇ ਤੱਸਲੀ ਹੋਈ। ਮਕਾਨ ਕੀ ਸੀ, ਨਿਰਾ ਕਬਾੜਖਾਨਾ। ਹੇਠਾਂ ਉਪਰ ਪੁਸਤਕਾਂ ਦੇ ਢੇਰਾਂ ਦੇ ਢੇਰ ਲਗੇ ਹੋਏ। ਉਪਰ ਧੂੜ ਦੀ ਤੈਹ ਜੰਮੀ ਹੋਈ। ਨਾਨਕ ਸਿੰਘ ਨੇ ਦਸਿਆ, ਕਿ ਉਹ ਆਪਣੇ ਮੌਜੂਦਾ ਕਾਰੋਬਾਰ ਤੇ ਮਨ ਦੀ ਅਡੋਲਤਾ-ਦੋਹਾਂ ਕਾਰਣ ਅਸੰਤੁਸ਼ਟ ਹੈ। ਜੇ ਕੋਈ ਉਸ ਦੇ ਅਨਕੂਲ ਕੰਮ ਤੇ ਰਿਹਾਇਸ਼ ਮਿਲ ਜਾਵੇ, ਤਾਂ ਉਹ ਇਸ ਨਗਰ ਨੂੰ ਸਦਾ ਲਈ ਤਿਆਗ ਦੇਵੇਗਾ। ਕੁਝ ਦਿਨਾਂ ਮਗਰੋਂ ਹੀ ਮਕਾਨ ਤੇ ਪੁਸਤਕਾਂ ਦੇ ਕਾਰੋਬਾਰ ਦੋਵੇਂ ਛਡ ਕੇ ਨਾਨਕ ਸਿੰਘ ਆਪਣੇ ਨੇਤਾ ਗੁਰਬਖਸ਼ ਸਿੰਘ ਦੀ ਨਵੀਂ ਸੁਪਨ ਦੁਨੀਆਂ - ਪ੍ਰੀਤਨਗਰ--ਜਾ ਪੁਜਾ ਤੇ 'ਪ੍ਰੀਤ ਸੈਨਾ' ਨਾਂ ਦੀ ਸੰਸਥਾ ਦਾ ਮੈਂਬਰ ਜਾ ਬਣਿਆ।

ਉਨ੍ਹੀਂ ਦਿਨੀਂ ਮੈਂ ਵੀ ਪ੍ਰੀਤਨਗਰ ਆ ਗਿਆ ਸਾਂ। ਨਾਨਕ ਸਿੰਘ ਤੇ ਮੈਂ ਨਾਲੋ ਨਾਲ ਕੋਠੀਆਂ ਵਿੱਚ ਰਹਿੰਦੇ ਸਾਂ। ਨਾਨਕ ਸਿੰਘ ਪ੍ਰੀਤ ਸੈਨਕ ਵਿੱਚ, ਤੇ ਮੈਂ ਪ੍ਰੀਤਲੜੀ ਵਿੱਚ ਕੰਮ ਕਰਦਾ ਸਾਂ। ਨਾਨਕ ਸਿੰਘ ਨਾਲ ਦੋ ਕੁ ਸਾਲ ਬੜੀ ਸੋਹਣੀ ਤਰ੍ਹਾਂ ਕਟੇ। ਉਹ ਦੋਸਤਾਂ ਦਾ ਦੋਸਤ ਤੇ ਦੁਸ਼ਮਣ ਕਿਸੇ ਦਾ ਨਹੀਂ। ਕੋਈ ਗੱਲ ਉਹ ਆਪਣੇ ਅੰਦਰ ਨਹੀਂ ਸੀ ਲੁਕਾ ਕੇ ਰਖ ਸਕਦਾ। ਉਹ ਬੜਾ ਜਜ਼ਬਾਤੀ ਆਦਮੀ ਸੀ। ਕਈ ਵਾਰੀ ਗਲਤ-ਫਹਿਮੀ ਦਾ ਸ਼ਿਕਾਰ ਹੋ ਕੇ ਆਪਣੇ ਕੀਮਤੀ ਦੋਸਤ ਵੀ ਗਵਾਏ, ਤੇ ਕਈ ਨਵੀਆਂ ਦੋਸਤੀਆਂ ਵੀ ਪਾਈਆ।

ਬੜਾ ਰੰਗੀਲਾ ਬੰਦਾ ਸੀ ਉਦੋਂ ਨਾਨਕ ਸਿੰਘ। ਆਪਣੇ ਬਚਪਨ ਤੇ ਜਵਾਨੀ ਦੀਆਂ ਕਹਾਣੀਆਂ, ਆਪ ਬੀਤੀਆਂ ਤੇ ਜਗ ਬੀਤੀਆਂ ਬੜੀ ਲੈਅ ਨਾਲ ਖੂਬ ਮਿਰਚ ਮਸਾਲਾ ਲਾ ਕੇ ਸੁਣਾਂਦਾ ਸੀ। ਨਾਨਕ ਸਿੰਘ ਨੇ ਜਿਤਨਾ ਕੁਝ ਲਿਖਿਆ ਸੀ, ਇਸ ਤੋਂ ਬਹੁਤ ਵਧੇਰੇ ਉਸ ਪਾਸ ਦਸਣ ਯੋਗ ਅਜੇ ਬਾਕੀ ਸੀ। ਉਸ ਨੂੰ ਬੜੇ ਦਿਲਚਸਪ ਤੇ ਹਸਾਉਣੇ ਟੋਟਕੇ ਯਾਦ ਸਨ। ਬੜੇ ਰੰਗੀਲੇ ਗੀਤ ਤੇ ਗਜ਼ਲਾਂ ਯਾਦ ਸੀ। ਮੁਹਾਵਰਿਆਂ ਦਾ ਤਾਂ ਉਹ ਭਰਿਆ ਭੰਡਾਰ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਾਠਕ ਸੁਣ ਕੇ ਹੈਰਾਨ ਹੋਣਗੇ. ਕਿ ਨਾਵਲਿਸਟ ਤੋਂ ਵਧੇਰੇ ਉਹ ਨਕਾਲ ਹੈ। ਹਰ ਕਿਸੇ ਦੀ ਨਕਲ ਲਾਹ ਲੈਂਦਾ ਸੀ। ਖਾਸ ਕਰ ਕੇ ਪੂਰਬੀਏ ਚੌਕੀਦਾਰ ਦੀ ਹੁਕੀ ਪੀਂਦੇ ਦੀ ਨਕਲ ਤਾਂ ਉਸ ਤੋਂ ਵਾਰ-ਵਾਰ ਸੁਣਨ ਤੇ ਜੀਅ ਕਰਦਾ ਸੀ।

ਪ੍ਰੀਤਨਗਰ ਆਣ ਤੋਂ ਪਹਿਲਾ ਉਸ ਨੇ ਨਿਹਾਇਤ ਤੰਗਦਸਤੀ ਵਿੱਚ ਤੇ ਅਤਿ ਹੁਸੀਨ ਦਿਨ ਗੁਜ਼ਾਰੇ ਸਨ। ਨਾਨਕ ਸਿੰਘ ਦੀ ਉਸ ਭੁਖ ਮੰਡਲੀ ਦੇ ਤਿੰਨ ਪਾਤਰ ਸਨ. ਤੇ ਉਨ੍ਹਾਂ ਦਾ ਨੇਤਾ ਹਿੰਦੁਸਤਾਨ ਦਾ ਪ੍ਰਸਿੱਧ ਆਰਟਿਸਟ ਸੋਭਾ ਸਿੰਘ ਸੀ। ਇਨ੍ਹਾਂ ਦਾ ਤੀਜਾ ਸਾਥੀ ਉਸਤਾਦ ਮੰਗਤ ਰਾਮ ਸੀ। ਉਦੋਂ. ਇਕ ਤਾਂ ਭੁਖ ਤੇ ਬੇਕਾਰੀ ਪੂਰੇ ਜੋਬਨ ਤੇ ਸੀ. ਤੇ ਦੂਜੇ ਲਛਮੀ ਇਸ ਜਥੇ ਨਾਲ ਸਦੀਆਂ ਤੋਂ ਰੁਸੀ ਹੋਈ ਸੀ। ਇਹ ਤਿੰਨੇ ਯਾਰ. ਬਿਨਾਂ ਸਰੋ-ਸਾਮਾਨੀ ਦੀ ਹਾਲਤ ਵਿੱਚ ਬਿਨਾਂ ਪ੍ਰੋਗਰਾਮ ਮਿਥੇ. ਬਿਨਾਂ ਮੰਜ਼ਲੇ-ਮਕਸੂਦ ਸੋਚੇ. ਘਰੋ ਨਿਕਲ ਤੁਰਿਆ ਕਰਦੇ ਸਨ। ਤੀਜੇ ਦਰਜੇ ਦੇ ਮੁਸਾਫ਼ਰਾਂ ਨਾਲ ਤੂਸੇ ਹੋਏ ਡਬਿਆਂ ਵਿੱਚ ਉਤਰਨ ਤੇ ਚੜ੍ਹਨ ਵਾਲੇ ਦਰਵਾਜ਼ਿਆਂ ਵਿੱਚ ਲਤਾਂ ਪਸਾਰ ਕੇ ਉਹ ਬੈਠ ਜਾਂਦੇ। ਖਾਲੀ ਪੇਟ ਤੇ ਖਾਲੀ ਖੀਸੇ ਜਦੋਂ ਇਹ ਆਪਣੇ ਪਟਾਂ ਨੂੰ ਢੋਲਕੀ ਸਮ ਕੁਟ ਕੇ ਢੋਲੇ ਤੇ ਮਾਹੀਏ ਗਾਂਦੇ. ਤਾਂ ਜ਼ਿੰਦਗੀ ਦਾ ਸਵਾਦ ਆ ਜਾਂਦਾ ਸੀ। ਗੱਡੀ ਵਿੱਚ ਸਭ ਮੁਸਾਫਰ ਇਨ੍ਹਾਂ ਦੇ ਤਰੱਨਮ ਨਾਲ ਗਾਏ ਗੀਤਾਂ ਨੂੰ ਸੁਣ ਕੇ ਵਜੂਦ ਵਿੱਚ ਆ ਜਾਂਦੇ ਸਨ। ਉਦੋਂ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ. ਕਿ ਅਜ ਦੇ "ਗਵੱਈਏ" (?) ਕਲ ਦੇ ਪ੍ਰਸਿੱਧ ਆਰਟਿਸਟ ਤੇ ਨਾਵਲਿਸਟ ਹੋਣਗੇ।

ਨਾਨਕ ਸਿੰਘ ਨੇ ਆਪਣੀ ਦੁਨੀਆ--ਭਾਵ ਆਪਣੇ ਮਿੱਤਰ ਸੋਭਾ ਸਿੰਘ ਆਰਟਿਸਟ ਤੇ ਉਸਤਾਦ ਮੰਗਤ ਰਾਮ ਨਾਲ ਪਹਾੜਾਂ. ਦਰਿਆਵਾਂ ਤੇ ਜੰਗਲਾਂ ਤੇ ਸਹਿਰਾਵਾਂ ਨੂੰ ਖੂਬ ਗਾਹਿਆ। ਕਈਆਂ ਦਾ ਯਕੀਨ ਏ. ਕਿ ਜੇ ਸੋਭਾ ਸਿੰਘ ਤੇ ਮੰਗਤ ਰਾਮ ਵਰਗੇ ਮਿੱਤਰ ਨਾਨਕ ਸਿੰਘ ਦੇ ਜੀਵਨ ਵਿੱਚ ਨਾ ਆਏ ਹੁੰਦੇ. ਤਾਂ ਅਜ ਦਾ ਨਾਨਕ ਸਿੰਘ ਹੁਣ ਨਾਲੋਂ ਜ਼ਰੂਰ ਵਖਰਾ ਹੁੰਦਾ।

ਮੈਂ ਤੇ ਨਾਨਕ ਸਿੰਘ ਪ੍ਰੀਤਨਗਰ ਮੁੜ 1940 ਵਿੱਚ ਇਕੱਠੇ ਹੋ ਗਏ। ਨਾਨਕ ਸਿੰਘ ਮਾਲਕ ਸ਼੍ਰੇਣੀ 'ਚੋਂ ਹੋਣ ਦੇ ਬਾਵਜੂਦ ਮੌਜੂਦਾ ਜ਼ਿੰਦਗੀ ਤੋਂ ਅਸੰਤੁਸ਼ਟ ਸੀ। ਨਾਨਕ ਸਿੰਘ ਮਾਲਕਾਂ ਤੇ ਨੌਕਰਾਂ ਵਿੱਚਕਾਰਲੀ ਕੰਧ ਦਾ ਚੀਨਾ ਚੀਨਾ ਕਰ ਦੇਣਾ ਚਾਹੁੰਦਾ ਸੀ. ਪਰ ਉਸ ਸ਼੍ਰੇਣੀ ਦੇ ਬਾਕੀ ਮੈਂਬਰ ਜੀਵਨ ਵਿੱਚ ਪਹਿਲੀ ਵਾਰ ਮਿਲੀਆਂ ਇੰਨੀਆਂ ਸਹੂਲਤਾਂ. ਇੰਨੇ ਸੁਖ ਆਰਾਮ ਕਿਸੇ ਕੀਮਤ ਤੇ ਨਹੀਂ ਸਨ ਤਿਆਗਣਾ ਚਾਹੁੰਦੇ। ਅਖੀਰ ਨਾਨਕ ਸਿੰਘ 'ਚੋਂ ਚਿਰਾਂ ਦਾ ਸੁਤਾ ਪਿਆ 'ਨਾਨਕ ਸਿੰਘ' ਜਾਗ ਪਿਆ। ਰਾਤੀਂ ਉਹ ਚੰਗਾ ਭਲਾ ਸੁਤਾ ਸਵੇਰੇ ਅੰਮ੍ਰਿਤ ਵੇਲੇ ਉਸ ਐਲਾਨ ਕਰ ਦਿਤਾ. ਕਿ ਉਹ ਕਿਸੇ ਕੀਮਤ ਤੇ ਉਸ ਨਗਰ ਵਿੱਚ ਨਹੀਂ ਠਹਿਰੇਗਾ। ਮੁੜ ਉਹ ਆਪਣੀ ਉਸੇ ਦੁਖੀ. ਭੁਖੀ. ਗ਼ੁਰਬਤ ਦੀ ਮਾਰੀ ਹਨੇਰੀ ਦੁਨੀਆਂ ਵਿੱਚ ਜਾ ਵਸੇਗਾ। ਉਸ ਨੂੰ ਇਸ ਨਵੀਂ ਸਭਿਅਤਾ ਦੀ. ਐਸ਼ੋ-ਆਰਾਮ ਦੀ. ਇਸ ਜੀਵਨ ਦੀ ਬਿਲਕੁਲ ਲੋੜ ਨਹੀਂ।

ਘੜੀਆਂ ਪਲਾਂ ਵਿੱਚ ਇਹ ਖਬਰ ਪਰਿਵਾਰ 'ਚੋਂ ਨਿਕਲ ਕੇ ਸਾਰੇ ਨਗਰ ਵਿੱਚ ਫੈਲ ਗਈ। ਉਸ ਦੇ ਮਿੱਤਰ ਤੇ ਸਾਥੀਆਂ ਤੇ ਖਾਸ ਕਰ ਉਸ ਦੇ ਲੰਗੋਟੀਏ ਯਾਰ ਸੰਤ ਇੰਦਰ ਸਿੰਘ ਚੱਕਰਵਰਤੀ ਤੇ ਜਥੇਦਾਰ ਬਖਸ਼ੀਸ਼ ਸਿੰਘ ਨੇ ਉਸ ਨੂੰ ਬੜਾ ਪ੍ਰੇਰਿਆ. ਪਰ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਆਪਣੇ ਅਟੱਲ ਫੈਸਲੇ ਤੋਂ ਪਿਛੇ ਹਟਣਾ ਨਹੀਂ ਸੀ ਜਾਣਦਾ। ਅਖੀਰ ਉਸ ਨੇ ਸੰਸਥਾ ਵਲੋਂ ਮਿਲਦੇ ਅਲਾਊਂਸ ਨੂੰ ਛਡ ਕੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਤੇ; ਤੇ ਸੰਸਥਾਂ ਵਲੋਂ ਮਿਲੀ ਕੋਠੀ ਨੂੰ ਛਡ ਕੇ ਇਕ ਕਿਰਾਏ ਦੇ ਮਕਾਨ ਵਿੱਚ, ਕੁਝ ਚਿਰ ਲਈ ਟਿਕ ਜਾਣਾ ਬੜੀ ਮੁਸ਼ਕਲ ਨਾਲ ਸਵੀਕਾਰ ਕੀਤਾ।

ਇਸ ਪਿਛੋਂ ਕੁਝ ਚਿਰ ਨਾਨਕ ਸਿੰਘ ਆਜ਼ਾਦ ਪੰਛੀਆਂ ਵਾਂਗ ਟਹਿਕਦਾ ਰਿਹਾ। ਉਸ ਦੀ ਕੋਠੀ ਵਿੱਚ ਉਸ ਦੇ ਮਿੱਤਰਾਂ, ਸੰਸਥਾ ਦੇ ਨੌਕਰਾਂ ਤੇ ਕਾਮਿਆਂ ਦਾ ਤਾਂਤਾ ਲਗਾ ਰਹਿੰਦਾ ਸੀ। ਉਸ ਦੀ ਕੋਠੀ ਵਿੱਚ ਸ਼ਕਰ ਦੀ ਬੋਰੀ ਮਜ਼ਦੂਰਾਂ ਲਈ ਖੁਲ੍ਹੀ ਪਈ ਰਹਿੰਦੀ। ਮਜ਼ਦੂਰ ਆਪਣੇ ਕੰਮ ਤੋਂ ਵਾਪਸ ਆਉਂਦਿਆਂ ਸ਼ਕਰ ਦੇ ਸ਼ਰਬਤ ਨਾਲ ਆਪਣੇ ਆਪ ਨੂੰ ਤ੍ਰਿਪਤ ਕਰਦੇ ਸਨ।

ਨਾਨਕ ਸਿੰਘ ਦੇ ਜੀਵਨ ਵਿੱਚ ਇਕ ਹੋਰ ਨਵਾਂ ਮੋੜ ਆਇਆ। ਇਸ ਪਿਛੋਂ ਨਾਨਕ ਸਿੰਘ ਦਾ ਜੀਅ ਉਸ ਨਗਰੀ ਵਿੱਚ ਨਾ ਲਗਾ। ਹੌਲੀ ਹੌਲੀ ਉਹ ਆਪਣਾ ਲਟਾ ਪਟਾ ਚੁਕ ਫਿਰ ਅੰਮ੍ਰਿਤਸਰ ਆ ਗਿਆ। ਉਸ ਦਾ ਪਹਿਲਾ ਮਕਾਨ ਵਿਕ ਚੁਕਾ ਸੀ, ਪਰ ਨਾਨਕ ਸਿੰਘ ਪੁਰਾਤਨਤਾ ਦਾ ਪੁਜਾਰੀ ਸੀ। ਨਾ ਉਸ ਆਪਣਾ ਪਿਤਾ ਪੁਰਖੀ ਲਿਬਾਸ ਤਿਆਗਿਆ, ਤੇ ਨਾ ਹੀ ਉਹ ਕਿਸੇ ਨਵੀਂ ਤਰਜ਼ ਦੇ ਖੁਲ੍ਹੇ ਹਵਾਦਾਰ, ਮਕਾਨ ਵਿੱਚ ਰਿਹਾਇਸ਼ ਰਖਣ ਲਈ ਹੀ ਆਪਣੇ ਆਪ ਨੂੰ ਮਨਾ ਸਕਿਆ।

ਉਸ ਨੇ, ਪੰਜ ਸਾਲ ਸ਼ਾਨਦਾਰ ਕੋਠੀਆਂ ਦੀ ਰਿਹਾਇਸ਼, ਰਈਸੀ ਆਲੇ ਦੁਆਲੇ ਤੇ ਸਾਦੇ ਪਰ ਰੰਗੀਨ ਜੀਵਨ ਦਾ ਰਤੀ ਅਸਰ ਨਾ ਕਬੂਲਿਆ। ਮੁੜ ਨਾਨਕ ਸਿੰਘ ਨੇ ਉਸੇ ਆਬਾਦੀ ਵਿੱਚ ਅਗਲੇ ਮਕਾਨ ਨਾਲ ਮਿਲਦੀ ਜੁਲਦੀ ਬਣਤਰ, ਵਾਲਾ ਇਕ ਮਕਾਨ ਲਭ ਲਿਆ, ਉਸ ਵਿੱਚ ਆਪਣੇ ਪਰਿਵਾਰ ਸਹਿਤ ਮੁੜ ਪਹਿਲਾਂ ਵਾਲਾ ਜੀਵਨ ਬਿਤਾਣਾ ਅਰੰਭ ਕਰ ਦਿਤਾ।

ਪਾਕਿਸਤਾਨ ਦੀ ਵੰਡ ਨੇ ਬੜੇ-ਬੜੇ ਧਰਮੀ 'ਹਿੰਦੂ ਮੁਸਲਿਮ ਏਕ' ਦਾ ਨਾਹਰਾ ਮਾਰਨ ਵਾਲਿਆਂ ਦੇ ਦਿਮਾਗ ਖ਼ਰਾਬ ਕਰ ਦਿਤੇ ਸਨ। ਲੁਟ ਮਾਰ ਵੇਲੇ ਗ਼ੈਰ-ਧਰਮੀਆਂ ਦੇ ਸਾਮਾਨ ਨੂੰ ਉਹ ਆਪਣੇ ਪਿਉ ਦੀ ਜਗੀਰ ਸਮਝਦੇ ਸਨ। ਦੂਜੇ ਧਰਮਾਂ ਦੇ ਮਰਦ ਇਸਤਰੀ ਦੇ ਕਤਲ ਨੂੰ ਉਹ ਕੇਵਲ ਕੀੜੀ ਦੇ ਪੈਰਾਂ ਹੇਠ ਆ ਜਾਣ ਤੁਲ ਖਿਆਲ ਕਰਦੇ ਸਨ, ਪਰ ਅੰਮ੍ਰਿਤਸਰ ਦੇ ਫਸਾਦਾਂ ਦੇ ਦਿਨੀਂ ਨਾਨਕ ਸਿੰਘ ਦੇ ਮਹੱਲੇ ਵਿੱਚ ਬਹੁਤੀ ਆਬਾਦੀ ਸਿੱਖ ਹਿੰਦੂ ਹੋਣ ਕਰ ਕੇ 'ਬੇਖ਼ਤਰ' ਹੋਣ ਦੇ ਬਾਵਜੂਦ ਉਹ ਕਈ ਰਾਤਾਂ ਸੌਂ ਨਾ ਸਕਿਆ। ਤੇ ਜਦੋਂ ਮੁਸਲਮਾਣਾਂ ਨੇ ਆਪਣੇ ਘਰ ਛਡ ਕੇ ਹਿਫ਼ਾਜ਼ਤ ਲਈ ਮੁਸਲਮ ਮਹੱਲਿਆਂ ਵਿੱਚ ਜਾਣਾ ਸ਼ੁਰੂ ਕੀਤਾ, ਤਾਂ ਆਂਢੀਆਂ ਗੁਆਂਢੀਆਂ ਨੇ ਖੂਬ ਲੁਟ ਮਾਰ ਕੀਤੀ। ਉਦੋਂ ਨਾਨਕ ਸਿੰਘ ਆਪਣਾ ਵਸ ਨਾ ਚਲਦਾ ਵੇਖ ਕੇ ਕਚੀਚੀਆਂ ਵਟਦਾ ਰਹਿ ਗਿਆ। ਪਰ ਜਦ ਉਸ ਦੇ ਹਮਧਰਮੀਆਂ ਨੇ ਆਂਢ-ਗੁਆਂਢ ਵਿੱਚ ਇਕੱਲੇ ਦੁਕੱਲੇ ਰਹਿ ਗਏ ਮੁਸਲਮ ਪਰਿਵਾਰਾਂ ਤੇ ਹੱਲਾ ਬੋਲਿਆ, ਤਾਂ ਨਾਨਕ ਸਿੰਘ ਖਮੋਸ਼ ਨਾ ਰਹਿ ਸਕਿਆ। ਘਰ ਵਾਲੇ ਤੇ ਗੁਆਂਢ ਦੇ ਦੋਸਤਾਂ ਦੇ ਰੋਕਦਿਆਂ-ਰੋਕਦਿਆਂ, ਨਾਨਕ ਸਿੰਘ ਨੇ ਖਤਰੇ ਦੀ ਅਗ ਵਿੱਚ ਛਾਲ ਜਾ ਮਾਰੀ। ਉਹ ਮੁਸਲਮ ਦੇਵੀਆਂ ਤੇ ਮੁਸਲਮ ਗਵਾਂਢੀਆਂ ਤੇ ਵਰ੍ਹ ਰਹੀ ਅੱਗ ਵਿੱਚਕਾਰ ਜਾ ਖੜੋਤਾ, ਤੇ ਕੂਕ ਕੇ ਕਹਿਣ ਲਗਾ, "ਇਹ ਮੇਰੀਆਂ ਮਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਤੇ ਭੈਣਾਂ ਹਨ, ਪਾਜੀਉ! ਪਹਿਲਾ ਨਾਨਕ ਸਿੰਘ ਨੂੰ ਕਤਲ ਕਰੋ, ਪਿਛੋਂ ਇਨ੍ਹਾਂ ਤੇ ਕੋਈ ਹਥ ਉਠਾ ਸਕੇਗਾ।''

ਮਾਰ ਧਾੜ ਕਰਨ ਵਾਲੇ, ਤੇ ਇਸਤ੍ਰੀਆਂ ਦੀਆਂ ਜਾਨਾਂ ਤੇ ਅਸਮਤਾਂ ਨਾਲ ਖੇਡਣ ਵਾਲਿਆਂ ਦੇ ਹਥ ਰੁਕ ਗਏ ਤੇ ਨਾਨਕ ਸਿੰਘ ਉਨ੍ਹਾਂ ਦੇਵੀਆਂ ਨੂੰ ਆਪਣੀ ਹਿਫ਼ਾਜ਼ਤ ਵਿੱਚ ਲੈ ਕੇ ਦਰਬਾਰ ਸਾਹਿਬ ਜਾ ਪੁਜਾ।

ਇਸ ਪਿਛੋਂ ਕਿਨਾਂ ਚਿਰ ਆਪਣੇ ਸਿਰ ਤੇ ਨਾਨਕ ਸਿੰਘ ਉਨ੍ਹਾਂ ਦੇ ਮੰਜੇ ਤੇ ਬਿਸਤਰੇ ਢੌਂਦਾ ਰਿਹਾ। ਸੰਨ 1947 ਦੀ ਮਾਰ ਧਾੜ, ਕਤਲੋ-ਖ਼ੂਨ ਤੇ ਆਹੋ-ਜ਼ਾਰੀ ਦੇ ਖ਼ੂਨੀ ਦ੍ਰਿਸ਼ ਨੇ ਨਾਨਕ ਸਿੰਘ ਦਾ ਦ੍ਰਿਸ਼ਟੀਕੋਣ ਹੀ ਬਦਲ ਦਿਤਾ। ਕੁਝ ਸਾਲਾਂ ਬਾਅਦ ਜਦੋਂ ਦੇਸ ਵਿੱਚ ਜਰਾ ਅਮਨ ਹੋਇਆ, ਤਾਂ ਨਾਨਕ ਸਿੰਘ ਆਪਣਾ ਨਵਾਂ ਨਾਵਲ ਲਿਖਣ ਡਲਹੌਜ਼ੀ ਜਾ ਪਹੁੰਚਿਆ। ਉਨ੍ਹੀਂ ਦਿਨੀਂ ਮੈਂ, ਪ੍ਰੀਤਮ ਸਿੰਘ ਤੇ ਗਿ: ਜਸਵੰਤ ਸਿੰਘ ਤਿੰਨੇ ਦੋਸਤ ਨਾਨਕ ਸਿੰਘ ਨੂੰ ਮਿਲਣ ਡਲਹੌਜ਼ੀ ਗਏ।

ਸਾਡਾ ਖਿਆਲ ਸੀ ਕਿ ਨਾਨਕ ਸਿੰਘ ਨੂੰ ਨਾਲ ਲੈ ਕੇ ਅਸੀਂ ਕਸ਼ਮੀਰ ਜਾਵਾਂਗੇ, ਪਰ ਉਹ ਉਨ੍ਹੀਂ ਦਿਨੀਂ ਨਵੀਂ ਨਾਵਲ ਦੀ ਉਧੇੜ-ਬੁਣ ਵਿੱਚ ਮਸਰੂਫ ਸੀ। ਕੁਝ ਦਿਨ ਡਲਹੌਜ਼ੀ ਰਹਿ ਕੇ ਅਸੀਂ ਕਸ਼ਮੀਰ ਚਲੇ ਗਏ।

ਇਕ ਵਾਰ ਨਾਨਕ ਸਿੰਘ ਹੋਰਾਂ ਦੀ ਡਲਹੌਜ਼ੀ ਤੋਂ ਬੜੀ ਪਿਆਰੀ ਚਿੱਠੀ ਆਈ:

ਪ੍ਰਭੂ ਜੀ!

ਆਪ ਹੋਰਾਂ ਦਾ ਕਿਰਪਾ ਪੱਤਰ ਪੜ੍ਹ ਕੇ ਪੌਣੀ ਤਿੰਨ ਮਣ ਖੁਸ਼ੀ ਹੋਈ। ਸ਼ਾਲਾ ਜਵਾਨੀਆਂ ਮਾਣੋ।

ਦਾਸ ਦੀ ਆਪ ਦੇ ਪਵਿੱਤਰ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਆਪ ਬੜੇ ਹੀ ਵਾਹਯਾਤ ਅਤੇ ਨਾਮਾਕੂਲ ਸੱਜਨ ਹੋ। ਕੀ ਇਤਨੀਆਂ ਬੇਨਤੀਆਂ ਕਰਨ ਤੇ ਵੀ ਚਾਰ ਦਿਨਾਂ ਲਈ ਖਸਮਾਂ ਨੂੰ ਖਾਣੀ ਦਿੱਲੀ ਦਾ ਵਿਛੋੜਾ ਨਹੀਂ ਸਹਾਰ ਸਕੇ। ਅਗਲਾ ਭਾਵੇਂ ਉਡੀਕਦਾ ਉਡੀਕਦਾ ਬੁਢਾ ਹੀ ਹੋ ਜਾਵੇ। ਖੈਰ, ਅਮਲਾਂ ਤੇ ਹੋਣਗੇ ਨਬੇੜੇ।

ਹਾਂ ਜੀ, ਕਿਹੜੇ ਵਹਿਣਾਂ ਵਿੱਚ ਹਾਂ? ਬੜੇ ਈ ਭੈੜੇ ਵਹਿਣਾਂ ਵਿੱਚ ਅਰਥਾਤ ਖ਼ੂਨ ਦੀਆਂ ਨਦੀਆਂ ਵਿੱਚ। ਦਰਾ ਹਾਜੀ ਪੀਰ ਤੇ ਛੰਭ ਜੌੜੀਆਂ ਦੇ ਮੋਰਚਿਆਂ ਵਿੱਚ ਭਾਰਤੀ ਤੇ ਪਾਕਿਸਤਾਨੀ ਸੈਨਕਾਂ ਵਿਚਕਾਰ ਚੰਡੀ ਚਮਕ ਰਹੀ ਹੈ। ਲੋਥਾਂ ਉਤੇ ਲੋਥਾਂ, ਚੋਟਾਂ ਉਤੇ ਚੋਟ, ਬੰਬਾਂ ਉਤੇ ਬੰਬ। ਬਸ, ' ਕੁਝ ਨਾ ਪੁਛੋ ਜੀ।

ਜੁਲਾਈ ਦਾ ਮਹੀਨਾ ਏਸੇ ਕਿਸਮ ਦੀਆਂ ਨਦੀਆਂ ਵਿੱਚ ਡੁਬਦਿਆਂ ਤਰਦਿਆਂ ਬੀਤੇਗਾ ਤੇ ਅਗਸਤ ਦੇ ਅਰੰਭ ਵਿੱਚ ਬੋਰੀਆਂ ਬਿਸਤਰੇ ਬੰਨ੍ਹ ਕੇ ਨਾਲੇ ਲਹੂ ਵਾਲੇ ਕਪੜੇ ਨਿਚੋੜ ਕੇ ਇਥੋਂ ਨਸਣ ਦੀ ਕਰਾਂਗਾ।

ਸਚੀਂ ਦਾਤਾ ਜੀ! ਇਹ ਬਾਰੂਦੀ ਬੱਦਲ ਤੇ ਲਹੂ ਦੇ ਹੜ ਵੇਖਦਾ ਵੇਖਦਾ ਤੰਗ ਆ ਗਿਆ ਹਾਂ। ਸ਼ੁਕਰ ਕਰਾਂਗਾ ਜੇ ਜਿੰਦ ਛੁਟੇਗੀ।

ਫੌਜਾਂ ਇਥੇ ਸਵਾ ਲੱਖ ਨੇ ਅਜ ਕਲ ।
''ਮਰਜੀ ਆਪਣੀ ਜਾਗਣਾ ਸ਼ਾਹ ਵਾਰਸ।
ਅਤੇ ਆਪਣੀ ਨੀਂਦਰੇ ਸੋਵਣਾ ਜੀ।''

**ਬਹੁਤ ਸਾਰੇ ਪਿਆਰ ਨਾਲ ਤੁਹਾਡਾ,**
**ਨਾਨਕ ਸਿੰਘ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਪਰੋਕਤ ਚਿੱਠੀ ਵਿੱਚ ਜਿਨ੍ਹਾਂ ਖੂਨ ਦੀਆਂ ਨਦੀਆਂ ਤੇ ਅੱਗ ਦੇ ਭਾਂਬੜਾਂ ਦਾ ਨਾਨਕ ਸਿੰਘ ਹੋਰਾਂ ਜ਼ਿਕਰ ਕੀਤਾ ਸੀ, ਉਹ ਸੰਨ 1965 ਦੀ ਹਿੰਦ ਪਾਕ ਲੜਾਈ ਦੇ ਦ੍ਰਿਸ਼ ਸਨ। ਲੜਾਈ ਦੇ ਅਗਲੇ ਸਾਲ ਭਾਵ 1966 ਦੀਆਂ ਗਰਮੀਆਂ ਵਿੱਚ ਨਾਨਕ ਸਿੰਘ ਆਪਣਾ ਨਵਾਂ ਨਾਵਲ 'ਗਗਨ ਦਮਾਮਾ' ਲਿਖਣ ਡਲਹੋਜ਼ੀ ਗਏ ਤੇ ਉਥੇ ਵੀ ਲੜਾਈ ਦੇ ਖੂਨੀ ਦ੍ਰਿਸ਼ਾਂ ਨਾਲ ਲਗ ਪਗ ਪੰਜ ਛੇ ਮਹੀਨੇ ਜੂਝਦੇ ਰਹੇ।

ਇਹ ਸਾਰਾ ਸਮਾਂ ਉਹ ਰਾਤ ਦੇ ਬਾਰਾਂ ਇਕ ਵਜੇ ਉਠਦੇ। ਸਭ ਤੋਂ ਪਹਿਲਾਂ ਚਾਹ ਤਿਆਰ ਕਰ ਕੇ ਪੀਂਦੇ ਤੇ ਲਿਖਣ ਬੈਠ ਜਾਂਦੇ। ਉਨ੍ਹਾਂ ਦੀ ਇਹ ਪ੍ਰਥਾ ਸਵੇਰ ਦੇ ਪੰਜ ਛੇ ਵਜੇ ਤੀਕ ਇਵੇਂ ਹੀ ਜਾਰੀ ਰਹਿੰਦੀ। ਜਦੋਂ ਸਾਰੀ ਲੁਕਾਈ ਜਾਗ ਚੁਕੀ ਹੁੰਦੀ ਉਦੋਂ ਉਹ ਆਪਣੇ ਆਸਣ ਤੇ ਬਿਰਾਜ ਡੂੰਘੀ ਨੀਂਦ ਸੌਂ ਜਾਂਦੇ।

ਮਗਰੋਂ ਉਹ 10 ਕੁ ਵਜੇ ਸੌਂ ਕੇ ਉਠਦੇ। ਤੇਲ ਨਾਲ ਸਰੀਰ ਦੀ ਚੰਗੀ ਤਕੜੀ ਪਹਿਲਵਾਨੀ ਮਾਲਸ਼ ਕਰਦੇ, ਤੇ ਇਸ਼ਨਾਨ ਪਾਣੀ ਕਰ ਕੇ ਨਾਸ਼ਤਾ ਖਾ ਸੈਰ ਨੂੰ ਨਿਕਲ ਜਾਂਦੇ।

ਇਨ੍ਹੀਂ ਦਿਨੀਂ ਹੀ ਆਪਣੇ ਮਿੱਤਰ ਦੇ ਸੱਦੇ ਤੇ ਇਨ੍ਹਾਂ ਸਤਰਾਂ ਦਾ ਲਿਖਾਰੀ ਡਲਹੋਜ਼ੀ ਗਿਆ, ਤੇ ਕੁਝ ਦਿਨ ਨਾਨਕ ਸਿੰਘ ਹੋਰਾਂ ਦਾ ਮਹਿਮਾਨ ਰਿਹਾ।

ਇਕ ਦਿਨ ਡਲਹੋਜ਼ੀ ਵਿਖੇ ਮਾਲ ਰੋਡ ਤੇ ਸੈਰ ਕਰਦਿਆਂ, ਹੋਰੀਂ ਨਾਨਕ ਸਿੰਘ ਇਕ ਮੋੜ ਤੇ ਉਹ ਖੜੇ ਕੇ ਕਹਿਣ ਲਗੇ "ਦਾਤਾ ਜੀ! ਉਹ ਸਾਹਮਣੇ ਕੋਠੀ ਨਜ਼ਰ ਆ ਰਹੀ ਹੈ ਨਾ। ਇਸ ਸਮੇਂ ਇਹ ਤੁਹਾਡੇ, ਇਸ ਨਾਵਲਕਾਰ ਪਾਸ ਹੋਣੀ ਚਾਹੀਦੀ ਸੀ, ਪਰ ਹਾਲਾਤਵਸ ਇਸ ਦਾ ਮਾਲਕ ਪਤਾ ਨਹੀਂ, ਕੌਣ ਬਣ ਗਿਆ ਹੈ?"

ਜਿਸ ਕੋਠੀ ਵਲ ਉਨ੍ਹਾਂ ਇਸ਼ਾਰਾ ਕੀਤਾ ਸੀ ਉਹ ਸ਼ਾਨਦਾਰ ਕੋਠੀ ਇਕ ਛੋਟੀ ਜਿਹੀ ਪਹਾੜੀ ਦੇ ਦਾਮਨ ਤੇ ਸਥਿਤ ਸੀ। ਚਹੁੰ ਪਾਸੀਂ, ਰੰਗ ਰੰਗ ਦੇ ਫੁਲਾਂ ਦੀ ਬਹਾਰ ਸੀ। ਕੁਝ ਪਲ ਰੁਕ ਕੇ ਉਹ ਹਸਦਿਆਂ ਹੱਸਦਿਆਂ ਬੋਲੇ :

"ਅਜ ਤੋਂ ਦਸ ਸਾਲ ਪਹਿਲਾਂ ਦੀ ਗੱਲ ਹੈ। ਉਨ੍ਹੀਂ ਦਿਨੀਂ ਮੈਂ ਆਪਣੇ ਨਵੇਂ ਨਾਵਲ ਨੂੰ ਮੁਕੰਮਲ ਕਰ ਕੇ ਵਾਪਸ ਜਾਣ ਦੀਆਂ ਤਿਆਰੀਆਂ ਵਿੱਚ ਸਾਂ। ਅਜ ਵਾਂਗ ਮਾਲ ਰੋਡ ਤੇ ਸੈਰ ਕਰਦਿਆਂ ਮੈਨੂੰ ਇਕ ਸਰਦਾਰ ਜੀ ਆ ਮਿਲੇ। ਮੇਰੇ ਗੋਡੇ ਹਥ ਲਾ ਕੇ ਕਹਿਣ ਲਗੇ, "ਸ੍ਰ. ਨਾਨਕ ਸਿੰਘ ਜੀ! ਮੈਂ ਤੁਹਾਡੇ ਸਾਰੇ ਨਾਵਲ ਪੜ੍ਹੇ ਹਨ। ਮੇਰੇ ਦਿਲ ਵਿੱਚ ਤੁਹਾਡਾ ਬੜਾ ਸਤਿਕਾਰ ਹੈ। ਮੈਂ, ਡਲਹੋਜ਼ੀ ਛਡ ਗਏ ਮੁਸਲਮਾਨਾਂ ਦੀਆਂ ਖਾਲੀ ਕੋਠੀਆਂ ਨੂੰ ਨੀਲਾਮ ਕਰਨ ਵਾਲਾ ਅਫਸਰ ਹਾਂ। ਮੇਰਾ ਵਿੱਚਾਰ ਹੈ, ਕਿ ਉਹ ਸਾਹਮਣੇ ਵਾਲੀ ਕੋਠੀ ਤੁਹਾਡੇ ਨਾਂ ਤੇ ਦਸ ਹਜ਼ਾਰ ਰੁਪਏ ਵਿੱਚ ਅਲਾਟ ਕਰ ਦਿਤੀ ਜਾਵੇ। ਏਨੀ ਵਡੀ ਕੋਠੀ ਇਕ ਲਖ ਤੋਂ ਵੀ ਨਹੀਂ ਮਿਲਦੀ। ਸੋ ਕਲ ਸਵੇਰੇ ਦਸ ਵਜੇ ਉਥੇ ਪੁਜ ਜਾਣਾ। ਮੈਂ ਆਖਰੀ ਬੋਲੀ ਤੁਹਾਡੇ ਤੇ ਖਤਮ ਕਰ ਦਿਆਂਗਾ।"

ਇਹ ਕਹਿ ਕੇ ਉਹ ਚਲਾ ਗਿਆ। ਮੈਂ ਸੋਚੀਂ ਪੈ ਗਿਆ ਕਿ ਇਸ ਸ਼ਾਨਦਾਰ ਕੋਠੀ ਨੂੰ ਹਥੋਂ ਨਹੀਂ ਜਾਣ ਦੇਣਾ ਚਾਹੀਦਾ। ਇਸੇ ਉਧੇੜ ਬੁਣ ਵਿੱਚ ਮੈਂ ਆਪਣੀ ਰਿਹਾਇਸ਼ ਜਾ ਪੁਜਾ। ਦੂਜੇ ਦਿਨ ਸਵੇਰ ਦੀ ਬਸ ਫੜ ਕੇ ਮੈਂ ਅੰਮ੍ਰਿਤਸਰ ਜਾਣਾ ਸੀ। ਜਦੋਂ ਸੁਪਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦੁਨੀਆਂ 'ਚੋਂ ਜਾਗਰਤ ਅਵਸਥਾ ਵਿੱਚ ਪਹੁੰਚਿਆ. ਆਪਣੇ ਖੀਸੇ ਵਿੱਚ ਹਥ ਪਾ ਕੇ ਵੇਖਿਆ. ਕੁਲ ਪੰਜ ਕੁ ਰੁਪਏ ਸਨ। ਕਮਰੇ ਦੇ ਕਰਾਏ ਤੇ ਹੋਟਲ ਦਾ ਹਿਸਾਬ ਕਿਤਾਬ ਮੈਂ ਚੁਕਤਾ ਕਰ ਚੁਕਾ ਸਾਂ। ਉਨ੍ਹੀਂ ਪੈਰੀਂ ਬਸ ਅਡੇ ਤੇ ਜਾ ਕੇ ਮੈਂ ਅੰਮ੍ਰਿਤਸਰ ਦਾ ਟਿਕਟ ਕਟਾ ਲਿਆ। ਰਾਤ ਡੂੰਘੀ ਨੀਂਦੇ ਸੁੱਤਾ। ਸਵੇਰੇ ਸਾਰਾ ਸਮਾਨ ਚੁਕਾ ਕੇ ਬਸ ਅਡੇ ਤੋਂ ਬਸ ਫੜ ਕੇ ਅੰਮ੍ਰਿਤਸਰ ਜਾ ਪੁਜਾ। ਘਰ ਜਦੋਂ ਸਵੇਰ ਦਾ ਨਾਸ਼ਤਾ ਕਰ ਰਿਹਾ ਸੀ. ਤਾਂ ਮੈਂ ਅਲਾਟ ਹੋਈ ਕੋਠੀ ਵਾਲੀ ਗਲ ਸੁਣਾਈ। ਸਾਰੇ ਪਰਿਵਾਰ ਵਾਲੇ ਖਿੜ ਖਿੜਾ ਕੇ ਖੂਬ ਹਸੇ। ਉਸ ਸਮੇਂ ਡਲਹੋਜ਼ੀ ਵਿੱਚ ਮੇਰੀ ਕੋਠੀ ਦੀ ਨੀਲਾਮੀ ਹੋ ਰਹੀ ਸੀ।

ਨਾਨਕ ਸਿੰਘ ਨੇ ਜੀਵਨ ਵਿੱਚ ਕਈ ਉਤਰਾਅ ਚੜਾਅ ਵੇਖੇ. ਸਭ ਤੋਂ ਵਧੇਰੇ ਉਸ ਨੇ ਵਪਾਰ ਵਿੱਚ ਧੋਖੇ ਖਾਧੇ। ਕਿਤਾਬਾਂ ਵਾਲਿਆਂ ਨੇ ਉਸਦੀ ਜਾਨ ਸੂਲੀ ਤੇ ਟੰਗੀ ਰਖੀ। ਸਾਹਿਤਕਾਰਾਂ ਨੂੰ ਆਪਣਾ ਮਾਸਕ ਪਤਰ ਕਢਣ. ਆਪਣਾ ਪ੍ਰੈਸ ਲਾਉਣ ਤੇ ਆਪਣਾ ਨਿਜੀ ਪ੍ਰਕਾਸ਼ਨਾਲਯ ਚਲਾਉਣ ਦੀ ਅਭਿਲਾਸ਼ਾ ਰਹਿੰਦੀ ਹੈ. ਪਰ ਇਨ੍ਹਾਂ ਤਿੰਨਾਂ 'ਚੋਂ ਇਕ ਕੰਮ ਵੀ ਕਿਸੇ ਸਾਹਿਤਕਾਰ ਦੇ ਵਸ ਦਾ ਰੋਗ ਨਹੀਂ। ਵਕਤ ਸਿਰ ਪਰਚਾ ਕਢਣਾ. ਪ੍ਰੈਸ ਲਈ ਕਾਮਿਆਂ ਦਾ ਪ੍ਰਬੰਧ. ਸਮੇਂ ਸਿਰ ਉਨ੍ਹਾਂ ਦੀਆਂ ਤਨਖਾਹਾਂ ਦੇਣੀਆਂ. ਪ੍ਰੈਸ ਲਈ ਸਿਆਹੀ ਤੇ ਕਾਗਜ਼ ਆਦਿ ਮੁਹੱਈਆ ਕਰਨਾ. ਮਸ਼ੀਨਾਂ ਦੀ ਟੁਟ-ਭਜ ਆਦਿ ਬੰਦੇ ਦਾ ਕਚੂਮਰ ਕਢ ਕੇ ਰਖ ਦੇਂਦੇ ਹਨ। ਬਾਹਰੋਂ ਬਿਲਾਂ ਦੀ ਅਦਾਇਗੀ ਨਾ ਹੋਣੀ. ਪਰ ਲੈਣ ਵਾਲੀਆਂ ਸਾਮੀਆਂ ਤੇ ਵਰਕਰਾਂ ਦੀਆਂ ਤਨਖਾਹਾਂ. ਕਾਗਜ਼ੀਆਂ ਦੀਆਂ ਅਦਾਇਗੀਆਂ ਆਦਿ ਸਾਹਿਤਕਾਰ ਨੂੰ ਸਾਹਿਤਕਾਰ ਨਹੀਂ ਸਗੋਂ ਮਸ਼ੀਨ ਦਾ ਸੈਕੰਡ ਹੈਂਡ ਪੁਰਜਾ ਬਣਾ ਕੇ ਰਖ ਦੇਂਦੀਆਂ ਹਨ।

ਨਾਨਕ ਸਿੰਘ ਨੇ ਕਈ ਵਾਰ ਪ੍ਰੈਸ ਖਰੀਦੇ ਤੇ ਵੇਚੇ। ਪੁਸਤਕਾਂ ਦਾ ਕਾਰੋਬਾਰ ਮੁੜ-ਮੁੜ ਪ੍ਰਕਾਸ਼ਕਾਂ ਦੇ ਹਵਾਲੇ ਕੀਤਾ। ਬੁੱਕਾਂ ਮੂਹੀਂ ਸਿਰ ਤੇ ਕਰਜ਼ੇ ਚਾੜ੍ਹੇ। ਇਸ ਮੁਸੀਬਤ ਤੋਂ ਇਕ ਵਾਰ ਜਾਨ ਛੁੜਾ ਕੇ ਕੁਝ ਦੇਰ ਆਰਾਮ ਕਰਨ ਪਿਛੋਂ ਉਹ ਨਵੇਂ ਸਿਰਿਉਂ ਫਿਰ ਪ੍ਰੈਸ ਦਾ ਪ੍ਰਬੰਧ ਕਰਦਾ । ਆਪਣਾ ਪ੍ਰਕਾਸ਼ਨਾਲਯ ਸ਼ੁਰੂ ਕਰਦਾ। ਆਪਣੇ ਮਾਸਕ ਪੱਤਰ ਦੀਆਂ ਵਿਉਂਤਾ ਘੜਦਾ, ਪਰ ਹਰ ਵਾਰ ਇਹ ਕਾਰਜ ਉਸਨੂੰ ਬੀਮਾਰੀ ਬਣ ਕੇ ਚਮੜਿਆ ਰਹਿੰਦਾ।

ਪ੍ਰੀਤਨਗਰੋਂ ਉਨ੍ਹਾਂ ਦੀ 18 ਅਗਸਤ 1969 ਦੀ ਲਿਖੀ ਚਿੱਠੀ ਮਿਲੀ

ਮੇਰੇ ਪਿਆਰੇ ਦਾਤਾ ਜੀ.

ਖ਼ੂਬ ਹਾਸਾ ਮਚਿਆ ਤੁਹਾਡਾ ਵਿਅੰਗ ਲੇਖ ਪੜ੍ਹ ਕੇ। ਖਾਸ ਕਰ ਕੇ ਜਦੋਂ ਸ੍ਰੀਮਤੀ ਉਸ ਦੇ ਅੱਧ ਵਿੱਚ ਪਹੁੰਚੀ. ਪਰਚਾ ਉਸ ਵਗਾਹ ਮਾਰਿਆ ਤੇ ਲਗ ਪਈ ਲੇਖਕ ਦੇ ਦਾਦਕਿਆਂ ਨੂੰ ਸਲਵਾਤਾਂ ਸੁਨਾਣ। ਫੇਰ ਜਦ ਮੇਰੇ ਕਹਿਣ ਤੇ ਕਿ ਭਲੀਏ ਲੋਕੇ ਪਹਿਲਾਂ ਪੜ੍ਹ ਤਾਂ ਲੈ ਸਾਰਾ। ਉਸ ਨੇ ਦੋਬਾਰਾ ਪਰਚਾ ਚੁਕ ਲਿਆ। ਤੇ ਸਾਰਾ ਲੇਖ ਪੜ੍ਹ ਲੈਣ ਤੋਂ ਬਾਦ ਮੁਸਕਰਾਂਦੀ ਹੋਈ ਕਹਿਣ ਲਗੀ। "ਬੜਾ ਕੋਈ ਵਾ ਏ ਇਹ ਛੂਤਾ! ਗਲ ਕਿਥੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸ਼ੁਰੂ ਕੀਤੀ ਸੂ ਤੇ ਕਿਥੇ ਜਾ ਤੋੜਾ ਝਾੜਿਆ ਸੂ।''

ਤੁਸੀਂ ਜਾਪਦਾ ਹੈ ਹਾਸ-ਲੇਖਕ ਦੇ ਤੌਰ ਤੇ ਜਲਦੀ ਹੀ ਪੰਜਾਬੀ ਉਤੇ ਛਾ ਜਾਣ ਵਾਲੇ ਹੋ।

ਅਲਾਹ ਕਰੇ ਜ਼ੋਰੇ ਕਲਮ ਔਰ ਜ਼ਿਆਦਾ।
ਕਹੀਏ, ਕੈਸੀ ਗੁਜ਼ਰਤੀ ਹੈ? ਬਾਬਾ ਜੀ ਕੈਸੇ ਹੈਂ?

ਪਿਆਰ ਨਾਲ
ਨਾਨਕ ਸਿੰਘ

ਆਪਣੇ ਪਿਆਰੇ ਮਿੱਤਰ ਦਾ ਆਖਰੀ ਪੱਤਰ ਮਿਲਿਆ।

ਪ੍ਰੀਤ ਨਗਰ
**20-12-1971**

ਮੇਰੇ ਪਿਆਰੇ ਦਾਤਾ ਜੀ,

ਤੁਹਾਡੀ ਚਿੱਠੀ ਮਿਲੀ, ਧੰਨਵਾਦ।

ਸਿਹਤ ਦੀ ਹਾਲਤ ਵਿੱਚ ਕੋਈ ਫਰਕ ਨਹੀਂ ਆਇਆ। ਦਿਮਾਗੀ ਕਮਜ਼ੋਰੀ ਕਾਰਨ ਲਿਖਣ ਪੜ੍ਹਨ ਦਾ ਕੰਮ ਪਹਿਲਾਂ ਵਾਂਗ ਹੀ ਠੱਪ ਹੈ। ਸ਼ਾਇਦ ਕੁਦਰਤ ਨੂੰ ਇਹੋ ਮੰਨਜ਼ੂਰ ਹੋਵੇ। ਪਿਛਲੇ ਦਿਨੀਂ ਇਥੇ ਬੜੀ ਗੜਬੜ ਰਹੀ ਹੈ। ਤੁਸੀਂ ਅਖਬਾਰ ਵਿੱਚ ਅਤੇ ਰੇਡੀਓ ਤੋਂ ਪੜ੍ਹ ਸੁਣ ਲਿਆ ਹੋਵੇਗਾ। ਜੰਗ-ਬੰਦੀ ਨੇ ਕੁਝ ਸਕੂਨ ਪੈਦਾ ਕੀਤਾ ਹੈ, ਤੇ ਸਾਡਾ ਕਾਫ਼ਲਾ ਅੰਮ੍ਰਿਤਸਰੋਂ ਪ੍ਰੀਤਨਗਰ ਆ ਬਰਾਜਿਆ ਹੈ। ਅਗੋਂ ਜੋ ਅਲਾ ਨੂੰ ਭਾਵੇ।

ਪਿਆਰ ਨਾਲ ਤੁਹਾਡਾ
ਨਾਨਕ ਸਿੰਘ

ਆਪਣੇ ਪਿਆਰੇ ਮਿੱਤਰ ਦਾ ਇਹ ਆਖਰੀ ਪੱਤਰ ਸੀ। ਇਹ ਚਿੱਠੀ ਉਸ ਨੇ 20 ਦਸੰਬਰ, 1971 ਨੂੰ ਲਿਖ ਕੇ ਡਾਕ ਪਾਈ, ਤੇ ਇਸ ਮਗਰੋਂ ਇਕ ਹਫਤੇ ਅੰਦਰ 28 ਦਸੰਬਰ, 1971 ਨੂੰ ਉਹ ਰਬ ਨੂੰ ਪਿਆਰਾ ਹੋ ਗਿਆ। ਅਜ ਪੂਰੇ 21 ਸਾਲ ਮਗਰੋਂ ਵੀ ਉਸ ਮਿੱਤਰ ਦੀ ਯਾਦ ਉਸੇ ਤਰ੍ਹਾਂ ਤੜਪਾ ਰਹੀ ਹੈ।

## ਕਲਾਕਾਰ ਸੋਭਾ ਸਿੰਘ

ਆਪਣੇ ਬਜ਼ੁਰਗ ਮਿੱਤਰ ਕਲਾਕਾਰ ਸੋਭਾ ਸਿੰਘ ਦਾ ਜਨਮ ਪੰਜਾਬ ਦੇ ਇਕ ਇਤਿਹਾਸਕ ਪਿੰਡ ਸ੍ਰੀ ਹਰਿਗੋਬਿੰਦ ਪੁਰ ਵਿੱਚ ਸ੍ਰ: ਦੇਵਾ ਸਿੰਘ ਦੇ ਘਰ 29 ਨਵੰਬਰ ਸੰਨ 1901 ਨੂੰ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬਾਲ ਉਮਰੇ ਆਮ ਬੱਚਿਆਂ ਵਾਂਗ ਉਹ ਵੀ ਪਿੰਡ ਦੇ ਬਾਹਰਵਾਰ ਬ੍ਰਿਛਾਂ ਦੇ ਚੜ੍ਹਦਾ ਤੇ ਛਾਲਾਂ ਮਾਰਦਾ ਰਹਿੰਦਾ। ਉਸ ਸਮੇਂ ਉਸ ਦੀ ਟੰਗ ਟੁਟ ਗਈ, ਜਿਸ ਦਾ ਲੰਗ ਸਾਰੀ ਉਮਰ ਉਸ ਦੇ ਸਾਥ ਨਿਭਿਆ। ਅੰਤ ਸਮੇਂ ਤੀਕ ਉਹ ਉਸ ਪੈਰ ਦੀ ਕਈ ਇੰਚ ਮੋਟੀ ਅੱਡੀ ਵਾਲਾ ਬੂਟ ਪਹਿਨਦਾ ਰਿਹਾ, ਜਿਸ ਨਾਲ ਕਲਾਕਾਰ ਵਾਂਗ ਇਹ ਲੰਗ ਵੀ ਬੜਾ ਪਿਆਰਾ ਪਿਆਰਾ ਲਗਦਾ ਸੀ।

ਸੋਭਾ ਸਿੰਘ ਨੂੰ ਬਚਪਨ ਵਿੱਚ ਮਾਂ-ਪਿਆਰ ਨਹੀਂ ਸੀ ਮਿਲਿਆ। ਨਾ ਹੀ ਵਿਆਹ ਮਗਰੋ ਆਪਣੀ ਜੀਵਨ ਸਾਥੀ ਪਾਸੋਂ ਹੀ ਉਤਸ਼ਾਹ ਜਾਂ ਸਾਥ ਪਿਆਰ ਦੀ ਪ੍ਰਾਪਤੀ ਹੋਈ। ਕੌੜੇ ਸੁਭਾ ਵਾਲੇ ਗੁਸੈੜ ਪਿਤਾ ਨੇ ਆਪਣੇ ਚਾਰ ਸਾਲ ਦੇ ਪੁਤਰ ਨੂੰ ਆਪਣੀ ਬੀਮਾਰ ਮਾਂ ਤੋਂ ਸਦਾ ਦੂਰੀ ਤੇ ਰਖਿਆ। ਜਦੋਂ ਮਾਂ ਪੁਤਰ ਦਾ ਮੂੰਹ ਵੇਖਣ ਲਈ ਤੜਪਣ ਲਗੀ ਤਾਂ ਉਸ ਦੇ ਪਿਉ ਨੇ ਬਾਲ ਦੇ ਮੂੰਹ ਤੇ ਕਪੜਾ ਪਾ ਕੇ ਪੁਤਰ ਦਾ ਮੂੰਹ ਵਿਖਾ ਕੇ ਫੌਰਨ ਪੁਤਰ ਨੂੰ ਮਾ ਤੋਂ ਵਖ ਕਰ ਦਿਤਾ। ਮਾਂ ਦੀਆਂ ਪੁਤਰ ਵਲ ਉਲਰੀਆਂ ਬਾਹਵਾਂ ਤੇ ਉਸ ਦੇ ਮਨ ਦੀ ਪੀੜਾ ਦਾ ਦ੍ਰਿਸ਼ ਕਲਾਕਾਰ ਦੀਆਂ ਅਖਾਂ ਸਾਹਮਣਿਉਂ ਸਾਰੀ ਉਮਰ ਦੂਰ ਨਾ ਹੋ ਸਕਿਆ।

ਉਹ ਸਾਰੀ ਉਮਰ ਆਪਣੇ ਮਨ ਇੱਛਤ ਘਰ ਲਈ ਤਰਸਦਾ ਰਿਹਾ, ਤੇ ਅਖੀਰ ਦੇਸ਼ ਵੰਡ ਮਗਰੋਂ ਸੰਨ 1950 ਵਿੱਚ ਉਸ ਨੇ ਧੌਲਾਧਾਰ ਦੀਆਂ ਪਹਾੜੀਆਂ ਦੇ ਦਾਮਨ ਵਿੱਚ ਇਕ ਸੁੰਦਰ ਘਰ ਦੀ ਨੀਂਹ ਰਖੀ, ਜਿਸ ਨੂੰ ਪੰਜਾਬ ਦੇ ਮੁਖ ਮੰਤਰੀ, ਮੰਤਰੀ, ਲੀਡਰ ਤੇ ਵਡੇ-ਵਡੇ ਅਫਸਰ ਵੀ ਆਪਣੀ ਜ਼ਿਆਰਤਗਾਹ ਹੀ ਸਮਝਦੇ ਸਨ।

ਸ੍ਰੀ ਹਰਿਗੋਬਿੰਦ ਪੁਰ ਵਿਖੇ ਚੌਥੀ ਤੀਕ ਦੀ ਪੜ੍ਹਾਈ ਮਗਰੋਂ ਸੋਭਾ ਸਿੰਘ ਅੰਮ੍ਰਿਤਸਰ ਚਲਾ ਗਿਆ। ਉਹ, ਸ੍ਰੀ ਹਰਿਮੰਦਰ ਸਾਹਿਬ, ਇਤਿਹਾਸਕ ਗੁਰਧਾਮਾਂ, ਧਰਮਸ਼ਾਲਾਵਾਂ, ਤੇ ਮੰਦਰਾਂ ਦੀਆਂ ਦੀਵਾਰਾਂ ਤੇ ਛਤਾਂ ਤੇ ਪੁਰਾਤਨ ਮੀਨਾਕਾਰੀ ਵੇਖਦਾ ਰਹਿੰਦਾ। ਉਸ ਸਮੇਂ ਹੀ ਉਸ ਨੇ ਆਪਣੇ ਮਨ ਵਿੱਚ ਪਕੀ ਧਾਰ ਲਈ, ਕਿ ਉਹ ਅਜਿਹੀ ਚਿਤ੍ਰਕਾਰੀ ਦੇ ਕਿੱਤੇ ਨੂੰ ਅਪਣਾਇਗਾ।

18 ਸਾਲਾਂ ਦੀ ਉਮਰ ਵਿੱਚ ਉਹ ਫ਼ੌਜ ਵਿੱਚ ਭਰਤੀ ਹੋ ਕੇ ਬਗ਼ਦਾਦ ਜਾ ਪਹੁੰਚਿਆ। ਉਥੇ ਉਸ ਨੂੰ ਸੰਸਾਰ ਪ੍ਰਸਿੱਧ ਕਲਾਕਾਰਾਂ ਦੀਆਂ ਜੀਵਨੀਆਂ ਪੜ੍ਹਨ ਨੂੰ ਮਿਲੀਆਂ ਤੇ ਨਾਲ ਹੀ ਉਹ ਉਨ੍ਹਾਂ ਦੀਆਂ ਕਲਾ-ਕ੍ਰਿਤਾਂ ਵੇਖ ਵੇਖ ਆਪਣੇ ਕਿਤੇ ਬਾਰੇ ਸੋਚਦਾ ਰਹਿੰਦਾ। ਫੌਜੀ ਨੌਕਰੀ ਮਗਰੋਂ ਉਹ ਅੰਮ੍ਰਿਤਸਰ ਆ ਗਿਆ। ਉਨ੍ਹੀਂ ਦਿਨੀਂ ਨਾਨਕ ਸਿੰਘ, ਅੰਮ੍ਰਿਤਸਰ ਵਿੱਚ ਆਪਣਾ ਪ੍ਰੈਸ ਚਲਾ ਰਿਹਾ ਸੀ। ਇਕ ਦਿਨ ਸੋਭਾ ਸਿੰਘ, ਮੰਗਤ ਰਾਮ ਨੂੰ ਨਾਲ ਲੈ ਕੇ ਨਾਨਕ ਸਿੰਘ ਨੂੰ ਆਪਣੀ ਨਵੀਂ ਬਣਾਈ ਗੁਰੂ ਨਾਨਕ ਦੇਵ ਦੀ ਤਸਵੀਰ ਵਿਖਾਣ ਪ੍ਰੈਸ ਜਾ ਪਹੁੰਚਿਆ। ਬਸ ਉਸ ਦਿਨ ਤੋਂ ਹੀ ਉਨ੍ਹਾਂ ਤਿੰਨਾਂ ਦੀ ਮਿੱਤਰਤਾ ਤੇ ਪਕਾ ਰੰਗ ਚੜ੍ਹਨਾ ਸ਼ੁਰੂ ਹੋ ਗਿਆ।

ਤਿੰਨੇ ਸਾਥੀ ਸ਼ਹਿਰੀ ਜੀਵਨ ਨੂੰ ਲਤ ਮਾਰ ਪਹਾੜਾਂ ਵਲ ਨਿਕਲ ਤੁਰਦੇ। ਪੈਸਾ ਪਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਨਹੀਂ। ਮੰਜ਼ਲ ਦੀ ਖਬਰ ਨਹੀਂ, ਪਰ ਕੁਦਰਤ ਨਾਲ ਪਿਆਰ ਹੈ। ਨਦੀਆਂ ਤੇ ਪੰਛੀਆਂ ਦੀ ਸੰਗੀਤਕ ਆਵਾਜ਼ ਤੇ ਮੁਗਧ ਹੋ ਜਿਧਰ ਮੂੰਹ ਆਇਆ ਤੁਰ ਪੈਂਦੇ। ਇਨ੍ਹਾਂ ਤਿੰਨਾਂ ਕਲਾਕਾਰਾਂ ਦੀਆਂ ਰੁਚੀਆਂ ਇਕ ਦੂਜੇ ਨਾਲ ਨਹੀਂ ਸਨ ਮਿਲਦੀਆਂ। ਸੋਭਾ ਸਿੰਘ ਦਾ ਸੁਭਾ ਬੜਾ ਮਜ਼ਾਕੀਆ ਸੀ। ਉਹ ਹਰ ਆਈ ਮੁਸੀਬਤ ਨੂੰ ਹਸ ਕੇ ਟਾਲ ਦੇਂਦਾ ਸੀ। ਆਪਣੇ ਸਾਥੀਆ ਤੇ ਸਰੋਤਿਆਂ ਨੂੰ ਹਸੌਣੇ ਟੋਟਕੇ, ਲਤੀਫੇ, ਤੇ ਮਨੋਰੰਜਕ ਬਾਤਾਂ ਸੁਣਾ ਸੁਣਾ ਉਨ੍ਹਾ ਦੇ ਢਿਡੀਂ ਪੀੜਾਂ ਪਾ ਦਿਤਾ ਕਰਦਾ ਸੀ।

ਦੂਜੇ ਪਾਸੇ ਨਾਨਕ ਸਿੰਘ, ਕੋਈ ਗੱਲ ਆਪਣੇ ਮਨ ਵਿੱਚ ਛੁਪਾ ਕੇ ਨਹੀਂ ਸੀ ਰਖ ਸਕਦਾ। ਉਹ ਮਨ ਆਈ ਗਲ ਫਟ ਮੂੰਹ ਤੇ ਦੇ ਮਾਰਦਾ ਸੀ। ਤੀਜਾ ਸਾਥੀ ਮੰਗਤ ਰਾਮ ਖਾਮੋਸ਼ ਤਬੀਅਤ ਦਾ ਮਾਲਕ ਸੀ। ਉਹ ਚੁਪ-ਚਾਪ ਦੁਖ-ਸੁਖ ਸਹਿਣ ਦਾ ਆਦੀ ਸੀ। ਇਨ੍ਹਾਂ ਤਿੰਨਾਂ ਸਾਥੀਆਂ ਦੇ ਤ੍ਰੇਗੜੇ ਦਾ ਆਪੋ ਵਿੱਚ ਇਕ ਅਜੀਬ ਜਿਹਾ ਅਹਿਦਨਾਮਾ ਹੋਇਆ ਹੋਇਆ ਸੀ। ਉਹ ਇਹ, ਕਿ ਤਿੰਨਾਂ ਵਿੱਚੋਂ ਕਿਸੇ ਇਕ ਨੂੰ ਵੀ ਜਦੋਂ ਪਹਾੜਾਂ ਵਲ ਨਸਣ ਦੀ ਲਿਲ ਚੜ੍ਹ ਜਾਂਦੀ, ਉਦੋਂ ਉਹ ਦੂਜਿਆਂ ਦੋਹਾਂ ਨੂੰ ਰਾਤੀਂ ਸੁਤਿਆਂ ਪਿਆ ਜਾ ਜਗਾਂਦਾ ਸੀ। ਫਿਰ ਦੂਜੇ ਦੋਹਾਂ ਦੀ ਕੀ ਮਜਾਲ, ਕਿ ਉਹ ਨਾਂਹ ਨੁਕਰ ਕਰਨ। ਉਸੇ ਸਮੇਂ ਉਨ੍ਹਾਂ ਦੋਹਾਂ ਘਰਾ ਵਿੱਚ ਭਾਜੜ ਪੈ ਜਾਂਦੀ। ਸੋਭਾ ਸਿੰਘ ਦੀ ਸ਼ਾਦੀ ਹੋਇਆਂ ਛੇ ਮਹੀਨੇ ਹੋ ਗਏ ਸਨ, ਤੇ ਨਾਨਕ ਸਿੰਘ ਦਾ ਹਾਲੀ ਨਵਾਂ-ਨਵਾਂ ਹੀ ਵਿਆਹ ਹੋਇਆ ਸੀ, ਕਿ ਸਰਦੀਆਂ ਦੀ ਕਾਲੀ ਬੋਲੀ ਇਕ ਰਾਤ ਸਾਢੇ ਨੌਂ ਵਜੇ ਸੋਭਾ ਸਿੰਘ ਤੇ ਮੰਗਤ ਰਾਮ ਨੇ ਨਵ-ਵਿਆਹੇ ਨਾਨਕ ਸਿੰਘ ਦਾ ਦਰ ਜਾ ਖੜਕਾਇਆ। ਆਉਂਦਿਆਂ ਸਾਰ ਦੋਹਾਂ ਨੇ ਨਾਨਕ ਸਿੰਘ ਤੇ ਨਾਦਰਸ਼ਾਹੀ ਹੁਕਮ ਚੜਾ ਦਿਤਾ, ਕਿ ਫੋਰਨ ਪੰਜਾਂ ਮਿੰਟਾਂ ਅੰਦਰ ਤਿਆਰ ਹੋ ਜਾਓ, ਧਰਮ ਪੁਰ (ਕਾਲਕਾ ਦੇ ਨੇੜੇ) ਇਸੇ ਘੜੀ ਚਲਣਾ ਹੈ। ਸਿਆਲ ਦਾ ਮੌਸਮ, ਸ਼ਿਮਲੇ ਦਾ ਸਫਰ, ਪਰ ਨਾ ਕਰਨ ਦੀ ਕਿਸ ਦੀ ਮਜਾਲ ਸੀ?

ਨਾਨਕ ਸਿੰਘ ਨੇ ਦਰੀ ਕੰਬਲ ਲਪੇਟਿਆ ਤੇ ਕਛੇ ਮਾਰਿਆ। ਕਮਰੇ 'ਚੋਂ ਨਿਕਲ ਕੇ ਪੌੜੀਆਂ ਵਿੱਚ ਪਹੁੰਚ ਨਵ-ਵਿਆਹੀ ਰਾਜ ਪਤਨੀ ਨੂੰ ਕਿਹਾ, "ਵਾਪਸੀ ਤੇ ਆ ਕੇ ਸਭ ਕੁਝ ਦਸਾਂਗਾ।" ਤੇ ਇਸੇ ਤਰ੍ਹਾਂ ਬੇ-ਸਰੋ-ਸਾਮਾਨੀ ਦੀ ਹਾਲਤ ਵਿੱਚ ਉਹ ਤਿੰਨੇ ਧਰਮ ਪੁਰ ਜਾ ਪੁਜੇ। ਉਥੇ ਨਾ ਆਦਮ ਨਾ ਆਦਮ ਜ਼ਾਤ। ਨਾ ਕੋਈ ਰਾਤ ਰਹਿਣ ਦਾ ਠਿਕਾਣਾ, ਨਾ ਰੋਟੀ ਪਾਣੀ ਦਾ ਕੋਈ ਢਾਬਾ। ਚੁਪਾਸੀਂ ਬਰਫਾਂ ਵਿੱਚਕਾਰ ਘਿਰਿਆ ਧਰਮ ਪੁਰ। ਉਹ ਸਾਰੇ ਧਰਮ ਪੁਰ ਵਿੱਚ ਟਕਰਾਂ ਮਾਰ ਥਕੇ, ਰਹਿਣ ਲਈ ਕੋਈ ਠਿਕਾਣਾ ਨਹੀਂ ਸੀ। ਅਖੀਰ ਇਕ ਬੁਢੀ ਪਹਾੜਨ ਨੇ ਮਿੰਨਤਾਂ ਤਰਲੇ ਕਰਨ ਤੇ ਉਨ੍ਹਾਂ ਨੂੰ ਇਕ ਛੋਟੀ ਜਿਹੀ ਕੋਠੜੀ ਰਹਿਣ ਲਈ ਦੇ ਦਿਤੀ। ਉਨ੍ਹਾਂ ਉਸ ਵਿੱਚ ਡੇਰਾ ਲਾ ਲਿਆ। ਮੰਗਤ ਰਾਮ ਨੇ ਵਾਇਲਨ ਕਢ ਲਈ। ਜਦੋਂ ਦੋਵੇਂ ਸਰੋਤੇ ਸੰਗੀਤ 'ਚ ਮੁਗਧ ਹੋਈ ਸਿਰ ਹਿਲਾ ਦਾਦ ਦੇ ਰਹੇ ਸਨ, ਤਾਂ ਕੋਠੜੀ ਦੀ ਇਕ ਨੁਕਰ ਵਿੱਚ ਸੁਤੇ ਪਏ, ਕੋਠੜੀ ਦੇ ਅਸਲ ਮਾਲਕਾਂ, ਯਾਨੀ ਤਿੰਨ ਚਾਰ ਕੁਤਿਆਂ ਨੇ ਸਿਰ ਚੁਕ ਕੇ ਵਾਇਲਨ ਦੇ ਮਧੁਰ ਸਵਰ ਵਿੱਚ ਆਪਣੀਆਂ ਕੁਰੱਖਤ ਅਵਾਜ਼ਾਂ ਮਿਲਾਣੀਆਂ ਸ਼ੁਰੂ ਕਰ ਦਿਤੀਆਂ। ਤਿੰਨੇ ਕਲਾਕਾਰ, ਸ਼ੇਰਾਂ ਜਿਡੇ ਕੁਤਿਆਂ ਨੂੰ ਵੇਖ ਘਬਰਾ ਗਏ। ਉਨ੍ਹਾਂ ਦੇ ਹਥ ਵਿੱਚ ਜੋ ਆਇਆ, ਉਸ ਨਾਲ ਕੋਠੀ ਦੇ ਅਸਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮਾਲਕਾਂ ਨੂੰ ਘਰੋਂ ਬਾਹਰ ਮਾਰ ਭਗਾਇਆ, ਤੇ ਆਪ ਕੁਤਿਆਂ ਵਾਲੀ ਪਰਾਲੀ ਤੇ ਹੀ ਲੇਟ ਗਏ। ਇਸ ਕੋਠੜੀ ਦੀ ਖਿੜਕੀ ਦਾ ਇਕ ਤਾਕ ਟੁਟਾ ਹੋਇਆ ਸੀ। ਬਾਹਰ ਬਰਫ ਪੈ ਰਹੀ ਸੀ। ਸੀਤ ਨਾਲ ਤਿੰਨਾਂ ਕਲਾਕਾਰਾਂ ਨੂੰ ਕੰਬਣੀ ਛਿੜ ਗਈ ਤੇ ਉਧਰ ਕੁਤਿਆਂ ਨੇ ਮੁੜ ਖੁਲ੍ਹੀ ਖਿੜਕੀ ਰਾਹੀਂ ਆਪਣੀ ਕੋਠੜੀ ਵਿੱਚ ਆਣ ਡੇਰਾ ਲਾਇਆ। ਇਸ ਮਗਰੋਂ ਤਿੰਨਾਂ ਸਾਧਾਰਨ ਕਲਾਕਾਰਾਂ ਤੇ ਮਹਾਨ ਕਲਾਕਾਰਾਂ (ਕੁਤਿਆਂ) ਦੀ ਆਪੋ ਵਿੱਚ ਸਾਰੀ ਰਾਤ ਲੜਾਈ ਹੀ ਹੁੰਦੀ ਰਹੀ। ਕਦੀ ਕੁਤੇ ਆਪਣੀ ਕੋਠੜੀ ਤੇ ਕਬਜ਼ਾ ਕਰ ਲੈਂਦੇ, ਤੇ ਕਦੀ ਇਹ ਤਿੰਨੇ ਪਾਂਧੀ ਉਨ੍ਹਾਂ ਨੂੰ ਮਾਰ ਨਠਾ ਕੇ ਆਪਣੇ ਬਿਸਤਰਿਆਂ ਵਿੱਚ ਜਾ ਪੈਂਦੇ। ਤੇ ਇਸੇ ਤਰ੍ਹਾਂ ਇਸ ਕੁਤੇ ਖੱਸੀ ਵਿੱਚ ਸਾਰੀ ਰਾਤ ਬੀਤ ਗਈ। ਸਵੇਰ-ਸਾਰ ਤਿੰਨੇ ਕਲਾਕਾਰ ਆਪਣਾ ਬਿਸਤਰਾ ਬੋਰੀਆ ਲਪੇਟ ਵਾਪਸ ਅੰਮ੍ਰਿਤਸਰ ਜਾ ਪੁਜੇ। ਤਿੰਨਾਂ ਨੇ ਕੰਨਾਂ ਨੂੰ ਹਥ ਲਾਇਆ, ਕਿ ਅਗੋਂ ਅਜੇਹੀ ਅਵਾਰਾਗਰਦੀ ਕਦੀ ਨਹੀਂ ਕਰਨੀ।

ਤਿੰਨਾਂ ਮਿੱਤਰਾਂ ਵਿੱਚ ਇਹ ਅਹਿਦਨਾਮਾ ਕੁਝ ਦਿਨ ਮਗਰੋਂ ਟੁੱਟ ਗਿਆ। ਪਤਾ ਨਹੀਂ ਸੋਭਾ ਸਿੰਘ ਨੂੰ ਅਲਹਾਮ ਹੋਇਆ, ਕਿ ਫੌਰਨ ਸ਼ਹਿਰੀ ਦੁਨੀਆਂ ਤਿਆਗ ਕੇ ਨੂਰਪੁਰ (ਕਾਂਗੜਾ) ਪਹੁੰਚ ਜਾਣਾ ਚਾਹੀਦੈ। ਬਸ ਫਿਰ ਕੀ ਸੀ। ਤਿੰਨੇ ਮਿੱਤਰ ਅੰਮ੍ਰਿਤਸਰੋਂ ਰੇਲ ਰਾਹੀਂ ਪਠਾਨਕੋਟ ਜਾ ਪੁਜੇ। ਉਥੋਂ ਟਾਂਗੇ 'ਚ ਬੈਠ ਨੂਰਪੁਰ ਰਵਾਨਾ ਹੋ ਗਏ।

"ਪਰਭਾਤ ਦਾ ਵੇਲਾ, ਠੰਡੀ ਠੰਡੀ ਹਵਾ ਚਲ ਰਹੀ ਸੀ, ਤੇ ਸਾਡਾ ਟਾਂਗਾ ਇਕ ਹਰਿਆਵਲੀ ਵਾਦੀ ਵਿੱਚੋਂ ਲੰਘ ਰਿਹਾ ਸੀ। ਉਸ ਸਮੇਂ ਦਾ ਕੋਈ ਐਸਾ ਮਾਦਕ ਜਿਹਾ ਅਸਰ ਹੋਇਆ, ਕਿ ਅਸੀਂ ਤਿੰਨੇ ਸਚਮੁਚ ਹੀ ਪਾਗਲ ਹੋ ਉਠੇ। ਸਾਡੀ ਖੁਸ਼ਕਿਸਮਤੀ ਨੂੰ ਟਾਂਗੇ ਵਾਲਾ ਬਿਲਕੁਲ ਬੋਲਾ ਸੀ, ਜਿਸ ਕਰ ਕੇ ਉਹ ਸਾਡੀ ਬਕਵਾਸ ਨੂੰ ਸੁਣ ਨਹੀਂ ਸੀ ਸਕਦਾ।

"ਅਸਾਂ ਉਸ ਸਾਰੇ ਰਸਤੇ ਕਿੰਨੀ ਤਰ੍ਹਾਂ ਦੀਆਂ ਬਕਵਾਸਾਂ ਕੀਤੀਆਂ, ਗੋੜੇ ਵਜਾਂਦਿਆਂ ਕਿਹੜੇ ਕਿਹੜੇ ਗੀਤ ਗਾਏ ਇਸ ਸਾਰੇ ਨੂੰ ਛਡ ਕੇ ਮੈਂ ਇਕ ਨਿੱਕੀ ਜਿਹੀ ਗੱਲ ਦਾ ਜ਼ਿਕਰ ਕਰਾਂਗਾ:

"ਟਾਂਗੇ ਵਿੱਚ ਏਸੇ ਬੇਖੁਦੀ ਦੀ ਹਾਲਤ ਵਿੱਚ ਬਕੜਵਾਹ ਕਰਦਿਆਂ ਤੇ ਗਾਣੇ ਗਾਉਂਦਿਆਂ ਪਤਾ ਨਹੀਂ ਕਿਵੇਂ ਅਸਾਂ ਇਕ ਆਪੋ ਉਗਮਿਆ ਡਰਾਮਾ ਖੇਡਣਾ ਸ਼ੁਰੂ ਕਰ ਦਿਤਾ। ਸਾਡੇ ਵਿੱਚੋਂ ਇਕ ਜੇਲ੍ਹਰ ਬਣ ਗਿਆ, ਇਕ ਕੈਦੀ ਤੇ ਇਕ ਸਿਪਾਹੀ। ਸਿਪਾਹੀ ਨੇ ਕੈਦੀ ਨੂੰ ਪੇਸ਼ ਕਰਦਿਆਂ ਸ਼ਿਕਾਇਤਾਂ ਕੀਤੀ, "ਹਜ਼ੂਰ! ਇਹ ਬੜਾ ਗੁਸਤਾਖ ਕੈਦੀ ਹੈ। ਕਰਮਚਾਰੀਆਂ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਹੈ। ਕਿਸੇ ਦਾ ਲਿਹਾਜ਼ ਨਹੀਂ ਕਰਦਾ। ਅੰਗਰੇਜ਼ ਬਾਦਸ਼ਾਹ ਦੇ ਖਿਲਾਫ ਪ੍ਰਚਾਰ ਵੀ ਕਰਦਾ ਹੈ. . .।" *1

ਉਸ ਸਮੇਂ ਜੇਲਰ ਨਾਨਕ ਸਿੰਘ ਬਣ ਗਿਆ। ਸੋਭਾ ਸਿੰਘ ਸਿਪਾਹੀ ਖਾਨ ਤੇ ਗਰੀਬ

---

* 1 ਸੋਭਾ ਸਿੰਘ ਆਰਟਿਸਟ-ਨਾਨਕ ਸਿੰਘ, ਮੇਰੀ ਦੁਨੀਆਂ, ਪੰਨਾ 126

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਮੰਗਤ ਰਾਮ ਕੈਦੀ। ਸਿਪਾਹੀ (ਸੋਭਾ ਸਿੰਘ) ਦਾ ਬਿਆਨ ਸੁਣ ਕੇ ਜੇਲਰ (ਨਾਨਕ ਸਿੰਘ) ਨੇ ਖਿਚ ਕੇ ਕੈਦੀ ਮੰਗਤ ਰਾਮ ਦੇ ਦੋ ਥਪੜ ਜੜ ਦਿਤੇ, ਤੇ ਨਾਲ ਹੀ ਮਾਂ ਭੈਣ ਦੇ ਉਹ ਫੋਫੜ ਤੋਲੇ. ਕਿ ਰਬ ਦਏ ਤੇ ਬੰਦਾ ਸਹੇ, ਵਾਲੀ ਗਲ ਹੋ ਗਈ। ਵਿਚਾਰਾ ਮੰਗਤ ਰਾਮ ਮਾਰ ਖਾ ਕੇ ਪੀੜ ਨਾਲ ਕੁਰਲਾ' ਉਠਿਆ ਤੇ ਕਿੰਨਾ ਚਿਰ ਉਸ ਦੇ ਮੂਹੋਂ ਗਲ ਨਾ ਨਿਕਲੀ।

ਕੁਝ ਸਾਲਾਂ ਬਾਅਦ ਮੰਗਤ ਰਾਮ ਦਾ ਸਾਥ ਛੁਟ ਗਿਆ ਤੇ ਹੁਣ ਤਿੰਨਾਂ ਦੀ ਥਾਂ ਦੋਵੇਂ ਮਿੱਤਰ ਜੰਗਲ ਬੇਲਿਆਂ, ਪਹਾੜਾਂ ਤੇ ਦਰਿਆਵਾਂ ਦੀ ਖਾਕ ਛਾਣਨ ਲਗੇ।

''ਅਸਾਂ ਦੋਹਾਂ ਰਲ ਕੇ ਧਰਮਸਾਲਾ ਤੋਂ ਲੈ ਕੇ ਮਸੂਰੀ ਤਕ ਦੇ ਸਾਰੇ ਪਹਾੜ ਪੰਜਾਂ ਸੱਤਾਂ ਸਾਲਾਂ ਵਿੱਚ ਗਾਹ ਸੁਟੇ। ਜਦੋਂ ਵੀ ਅਸੀਂ ਦੋਵੇਂ ਰਲ ਕੇ ਸੈਰ ਨੂੰ ਨਿਕਲਦੇ. ਤਾਂ ਜਾਪਦਾ. ਜਿਵੇਂ ਸਾਰੀ ਕਾਇਨਾਤ ਦੇ ਸਵਰਗ ਕੱਠੇ ਹੋ ਕੇ ਸਾਡੇ ਕਦਮਾਂ ਹੇਠ ਆ ਜੁੜੇ ਹੋਣ. ਅਸੀਂ ਰੇਲ ਦੇ ਥਰਡ ਕਲਾਸ ਦੇ ਡੱਬੇ ਦੇ ਬੂਹੇ ਵਿੱਚੋਂ ਬਾਹਰ ਲੱਤਾਂ ਲਮਕਾ ਕੇ ਬੈਠ ਜਾਂਦੇ ਤੇ ਗੋਡੇ ਵਜਾਂਦੇ ਹੋਏ ਜੋ ਮੂੰਹ ਆਉਂਦਾ, ਝੂਮ ਝੂਮ ਕੇ ਗਾਈ ਜਾਂਦੇ। ਲੋਕੀ ਸਾਨੂੰ ਵੇਖ ਵੇਖ ਕੇ ਕੀ ਸੋਚਦੇ ਹੋਣਗੇ. ਕਦੀ ਇਸ ਗੱਲ ਦਾ ਧਿਆਨ ਹੀ ਨਹੀਂ ਸੀ ਆਉਂਦਾ।

''ਪੈਸੇ ਟਕੇ ਵਲੋਂ ਅਸੀਂ ਦੋਵੇਂ ਹੀ ਇਕੋ ਜਿਹੇ ਸਾਂ - 'ਤਲੀ ਮੇਂ ਆਇਆ, ਗਲੀ ਮੇਂ ਖਾਇਆ' ਵਾਲੀ ਹਾਲਤ। ਪਰ ਕਿੰਨਾ ਸੁਆਦ ਸੀ ਉਸ ਗ਼ੁਰਬਤ ਵਿੱਚ, ਤੇ ਕਿੰਨਾ ਖੇੜਾ ਸੀ ਉਸ ਮੁਫਲਸੀ ਵਿੱਚ, ਕਿ ਜਦੋਂ ਹੀ ਇਕੱਠੇ ਹੁੰਦੇ. ਦੁਨੀਆਂ ਦੇ ਸਾਰੇ ਦੁਖਾਂ ਦਰਦਾਂ ਨੂੰ ਅਸੀਂ ਭੁਲ ਜਾਂਦੇ ਸਾਂ।'' *11

ਇਸ ਮਗਰੋਂ ਸੋਭਾ ਸਿੰਘ ਦਿੱਲੀ ਚਲਾ ਗਿਆ ਤੇ ਨਾਨਕ ਸਿੰਘ ਪ੍ਰੀਤ ਸੈਨਕ ਬਣ ਕੇ ਪ੍ਰੀਤਨਗਰ। ਕਾਫੀ ਸਮਾਂ ਦੋਵੇਂ ਮੀਤ ਪਿਆਰੇ ਵਿਛੜੇ ਰਹੇ। ਪਰ ਕੁਝ ਚਿਰ ਮਗਰੋਂ ਸੋਭਾ ਸਿੰਘ ਹੋਰੀ ਵੀ ਪ੍ਰੀਤਨਗਰ ਆ ਗਏ। ਪਰ ਇਥੇ ਇਨ੍ਹਾਂ ਮਿੱਤਰਾਂ ਦੀ ਬਣ ਨਾ ਸਕੀ ਤੇ ਉਹ ਹਮੇਸ਼ਾ ਲਈ ਇਕ ਦੂਜੇ ਤੋਂ ਵਖ ਹੋ ਗਏ।

ਦੋਹਾਂ ਮਿੱਤਰਾਂ ਦੀ ਜ਼ਿੰਦਗੀ ਵਿੱਚ ਪਿਆਰ ਤੇ ਲੜਾਈ ਝਗੜਿਆਂ ਦਾ ਮਿਲਗੋਭਾ ਜਿਹਾ ਸੀ। ਇਸ ਬਾਰੇ ਕਸੂਰਵਾਰ ਕੋਣ ਸੀ? ਇਸ ਸਬੰਧੀ ਨਾਨਕ ਸਿੰਘ ਦਸਦਾ ਹੈ :

''ਮੈਂ 1940 ਵਿੱਚ ਰਾਵਲਪਿੰਡੀ ਛਡ ਕੇ ਪ੍ਰੀਤਨਗਰ ਆ ਗਿਆ। ਕੁਝ ਚਿਰ ਮਗਰੋਂ ਸੋਭਾ ਸਿੰਘ ਵੀ ਪਹੁੰਚ ਗਿਆ. ਪਰ ਉਸ ਵਾਤਾਵਰਣ ਵਿੱਚ ਬਹੁਤੀ ਦੇਰ ਉਹ ਨਾ ਟਿਕ ਸਕਿਆ ਤੇ ਪ੍ਰੀਤਨਗਰ ਨੂੰ ਸਦਾ ਲਈ ਤਿਲਾਂਜਲੀ ਦੇ ਕੇ ਉਹ ਲਾਹੌਰ ਪਹੁੰਚ ਗਿਆ।''

ਮੈਂ 1942 ਵਿੱਚ ਪ੍ਰੀਤਨਗਰੋਂ ਲਾਹੌਰ ਆ ਗਿਆ ਸਾਂ। ਉਨੀਂ ਦਿਨੀਂ ਸੋਭਾ ਸਿੰਘ ਦੀ ਗਵਾਲ ਮੰਡੀ ਵਿੱਚ ਰਿਹਾਇਸ਼ ਸੀ। ਸਾਡਾ ਆਪੋ ਵਿੱਚ ਪਿਆਰ. ਵਧਦਾ ਗਿਆ। ਮੈਂ

*11 ਮੇਰੀ ਦੁਨੀਆਂ - ਨਾਨਕ ਸਿੰਘ, ਪੰਨਾ 127

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਉਨ੍ਹਾਂ ਨੂੰ 'ਭਰਾ ਜੀ' ਕਰ ਕੇ ਬੁਲਾਇਆ ਕਰਦਾ ਸਾਂ।

ਲਾਹੌਰ ਦੇ ਦੋ ਵਡੇ ਕਲਾਕਾਰਾਂ ਅਬਦੁਲ ਰਹਿਮਾਨ ਚੁਗਤਈ ਤੇ ਅਲਾ ਬਖਸ਼ ਨਾਲ ਉਸ ਦੇ ਦੋਸਤਾਨਾ ਸਬੰਧ ਸਨ। ਲਾਹੌਰ ਵਿੱਚ ਉਹ ਬੜਾ ਸੋਹਣਾ ਜੀਵਨ ਗੁਜ਼ਾਰ ਰਿਹਾ ਸੀ, ਪਰ ਉਹ ਫੁਲਾਂ ਨਾਲ ਘਿਰੀ ਕਿਸੇ ਅੱਤਿ ਸੁੰਦਰ ਵਾਦੀ ਵਿੱਚਕਾਰ ਬਾਕੀ ਦੀ ਆਯੂ ਤਾਣ ਦਾ ਸੁਪਨਾ ਲਿਆ ਕਰਦਾ ਸੀ। ਇਸੇ ਲਈ ਉਹ ਸੰਨ 1946 ਵਿੱਚ ਅੰਧਰੇਟੇ ਚਕਰ ਲਾ ਆਇਆ। ਇਹ ਥਾਂ ਉਸ ਨੂੰ ਬੜੀ ਪਸੰਦ ਸੀ।

ਉਥੋਂ ਵਾਪਸ ਪਰਤ ਕੇ ਉਸ ਨੇ ਆਪਣਾ ਪ੍ਰੋਗਰਾਮ ਦਸਿਆ। ਸੰਨ 1945 ਵਿੱਚ ਉਹ ਸਾਡੇ ਨਿਸਬਤ ਰੋਡ ਵਾਲੇ ਮਕਾਨ ਦੇ ਹੇਠਲੇ ਕਮਰੇ ਵਿੱਚ ਕੰਮ ਕਰਦਾ ਸੀ। ਇਨ੍ਹੀਂ ਦਿਨੀਂ ਲਾਹੌਰ ਦੇ ਹਾਲਾਤ ਬਹੁਤ ਖਰਾਬ ਸਨ। ਰੋਜ਼ ਰਾਤੀਂ ਅਕਾਸ਼ ਛੂੰਹਦੀਆਂ ਅਟਾਰੀਆਂ ਅਗਨ ਭੇਟ ਹੁੰਦੀਆਂ। ਦਿਨ ਰਾਤ ਕਤਲ ਖੂਨ ਦੀਆਂ ਨਦੀਆਂ ਵਹਿੰਦੀਆਂ ਰਹਿੰਦੀਆਂ।

ਕਾਫੀ ਦੇਰ ਅਸੀਂ ਆਪਣੇ ਨਿਸਬਤ ਰੋਡ ਵਿੱਚਲੇ ਮਕਾਨ ਵਿੱਚ ਡਟੇ ਰਹੇ। ਅਸੀਂ ਉਪਰਲੀ ਮੰਜ਼ਲ ਤੇ ਰਹਿੰਦੇ ਸਾਂ, ਤੇ ਹੇਠਲੇ ਕਮਰੇ ਵਿੱਚ ਸੋਭਾ ਸਿੰਘ ਦਾ ਸਟੂਡੀਓ ਸੀ। ਉਸ ਦੀਆਂ ਬੜੀਆਂ ਕੀਮਤੀ ਕਲਾ ਕ੍ਰਿਤੀਆਂ ਨਾਲ ਕਮਰਾ ਭਰਿਆ ਪਿਆ ਸੀ। ਜਦੋਂ ਹਾਲਾਤ ਹੋਰ ਖਰਾਬ ਹੋ ਗਏ, ਤਾਂ ਅਸੀਂ ਇਸ ਖਿਆਲ ਨਾਲ ਲਾਹੌਰ ਛਡ ਪ੍ਰੀਤਨਗਰ ਚਲੇ ਗਏ, ਕਿ ਹਾਲਾਤ ਠੀਕ ਹੋਣ ਮਗਰੋਂ ਲਾਹੌਰ ਆ ਜਾਵਾਂਗੇ ਤੇ ਸੋਭਾ ਸਿੰਘ ਹੋਰੀ ਵੀ ਲਾਹੌਰ ਵਾਪਸ ਆ ਜਾਣਗੇ।

ਕੁਝ ਦਿਨਾਂ ਮਗਰੋਂ ਸੋਭਾ ਸਿੰਘ, ਡਾ: ਜਸਵੰਤ ਗਿਲ ਤੇ ਇਨ੍ਹਾਂ ਸਤਰਾਂ ਦਾ ਲਿਖਾਰੀ ਅੰਧਰੇਟੇ ਚਲੇ ਗਏ। ਉਸ ਪਿੰਡ ਦੇ ਇਕ ਪੰਡਤ ਤੋਂ ਇਕ ਕਮਰਾ ਕਰਾਏ ਤੇ ਲੈ ਕੇ ਅਸੀਂ ਰਿਹਾਇਸ਼ ਰਖ ਲਈ। ਚੁਪਾਸੀਂ ਅੱਤਿ ਸੁੰਦਰ ਦ੍ਰਿਸ਼ ਧੌਲਾਧਾਰ ਦੀਆਂ ਪਹਾੜੀਆਂ ਦੇ ਦਾਮਨ ਵਿੱਚ ਇਹ ਪੁਰਾਤਨ ਪਿੰਡ ਵਸਿਆ ਹੋਇਆ ਸੀ। ਅਸੀਂ ਤਿੰਨੇ ਸਵੇਰੇ ਸਵੇਰੇ ਆਲੇ ਦੁਆਲੇ ਦੀ ਸੈਰ ਨੂੰ ਨਿਕਲ ਜਾਂਦੇ। ਨਦੀ ਦੇ ਕਿਨਾਰੇ ਵਿੱਚਰਦੇ। ਅਨੰਦ ਮਾਣਦੇ। ਖਿੜੇ ਫੁਲਾਂ ਦੀਆਂ ਸੁਗੰਧੀਆਂ ਲੈਂਦੇ ਸ਼ਾਮੀ ਵਾਪਸ ਪਰਤਦੇ।

ਇਕ ਦਿਨ ਅਸੀਂ ਤਿੰਨੇ ਅੰਧਰੇਟੇ ਦੇ ਨੇੜੇ ਹੀ ਗੋਜਰ ਨਾਂ ਦੇ ਪਿੰਡ ਗਏ। ਪਹਾੜੀ ਦੇ ਦਾਮਨ ਵਿੱਚ ਇਕ ਪੁਰਾਤਨ ਬਾਵਲੀ ਸੀ। ਪਿੰਡ ਦੀਆਂ ਕੁੜੀਆਂ ਤੇ ਮੁੰਡੇ ਉਥੋਂ ਪੀਣ ਲਈ ਪਾਣੀ ਲਿਜਾ ਰਹੇ ਸਨ। ਇਸ ਬਾਵਲੀ ਬਾਰੇ ਰਵਾਇਤ ਹੈ, ਕਿ ਪੁਰਾਤਨ ਸਮਿਆਂ ਵਿੱਚ ਚਾਨਣੀਆਂ ਰਾਤਾਂ ਨੂੰ ਪਿੰਡ ਦੀਆਂ ਨਵਜੋਬਨਾਂ ਤੇ ਗਭਰੂ ਇਥੇ ਪਿਆਰ ਦੀ ਕਸਮ ਖਾਇਆ ਕਰਦੇ ਸਨ। ਜਦੋਂ ਦੋਵੇਂ ਪ੍ਰੇਮੀ ਦੇਵਤਿਆਂ ਦੇ ਨਾਂ ਤੇ ਬਾਵਲੀ ਦੇ ਕੰਢੇ ਸਾਰਾ ਜੀਵਨ ਇਕੱਠਿਆਂ ਬਿਤਾਣ ਲਈ ਕਸਮ ਖਾ ਲੈਂਦੇ, ਤਾਂ ਦੁਨੀਆਂ ਦੀ ਕੋਈ ਸ਼ਕਤੀ ਉਨ੍ਹਾਂ ਦੇ ਪਿਆਰ ਵਿੱਚ ਤ੍ਰੇੜ ਨਾ ਆਣ ਦੇਂਦੀ।

ਸਾਹਮਣੇ ਧੌਲਾਧਾਰ ਦੀਆਂ ਆਕਾਸ਼ ਛੂੰਹਦੀਆਂ ਪਹਾੜੀਆਂ ਹਨ। ਉਨ੍ਹਾਂ ਪਹਾੜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਿਛੇ ਗਦੀ ਲੋਕ ਰਹਿੰਦੇ ਹਨ। ਜੋ ਬਰਫਾਂ ਪੈਣ ਸਮੇਂ ਕਠਨਾਈਆਂ ਸਹਿੰਦੇ, ਸੈਂਕੜੇ ਭੇਡਾਂ ਦੇ ਵਗ ਲੈ ਮੈਦਾਨਾਂ ਵਲ ਤੁਰ ਪੈਂਦੇ ਹਨ, ਸ਼ੇਰਾਂ ਵਰਗੇ ਬੁਰਛੇ ਕੁੱਤੇ ਉਨ੍ਹਾਂ ਵਗਾਂ ਦੀ ਰਖਵਾਲੀ ਕਰਦੇ ਹਨ। ਭੇਡਾਂ ਦੀ ਉੱਨ ਵੇਚ ਉਹ ਲੋਕ ਆਪਣੀ ਉਪਜੀਵਕਾ ਤੋਰਦੇ ਹਨ।

ਸੋਭਾ ਸਿੰਘ ਦੇ ਅੰਧਰੇਟਾ ਆਣ ਤੋਂ ਪਹਿਲਾਂ ਹੀ ਪੰਜਾਬੀ ਨਾਟਕਾਂ ਦੀ ਨਕੜਦਾਦੀ। ਨੌਹਰਾ ਰਿਚਰਡ ਨੇ ਇਥੇ ਕਈ ਕਚੇ ਕੋਠੇ ਛਤੇ ਹੋਏ ਸਨ। ਅਸੀਂ ਉਸ ਨੂੰ ਮਿਲਣ ਗਏ। ਉਸ ਦਾ ਨਿਵਾਸ ਅਸਥਾਨ ਪਹਾੜ ਦੇ ਦਾਮਨ ਵਿੱਚ ਸੀ। ਉਹ ਮੰਜੇ ਤੇ ਲੇਟੀ ਹੋਈ ਸੀ, ਤੇ ਸਲੇਟ ਤੇ ਲਿਖ ਕੇ ਗਲਬਾਤ ਕਰਦੀ ਸੀ। ਉਹ ਉਦੋਂ ਬੀਮਾਰ ਸੀ, ਪਰ ਉਸ ਦੀ ਦ੍ਰਿੜਤਾ ਤੇ ਲਗਨ ਵੇਖੋ, ਉਹ ਚੌਥਾਈ ਸਦੀ ਹੋਰ ਜੀਉਂਦੀ ਰਹੀ।

ਹਦਬੰਦੀ ਕਮਿਸ਼ਨ ਨੇ ਲਾਹੌਰ ਪਾਕਿਸਤਾਨ ਨੂੰ ਦੇ ਦਿਤਾ ਤੇ ਨਾਲ ਹੀ ਸਾਡੇ ਕਲਾਕਾਰ ਦੀਆਂ ਕ੍ਰਿਤਾਂ ਵੀ ਉਥੇ ਹੀ ਧਰੀਆਂ ਰਹਿ ਗਈਆਂ, ਜਿਨ੍ਹਾਂ ਵਿੱਚ ਗੁਰੂ ਸਾਹਿਬਾਨ ਦੇ ਵਖੋ ਵਖ ਪੋਜ਼ਾਂ ਦੀਆਂ ਕਈ ਤਸਵੀਰਾਂ, ਸੋਹਣੀ ਮਹੀਂਵਾਲ ਤੇ ਹੋਰ ਕਈ ਸੁੰਦਰ ਤੇ ਦੁਰਲਭ ਚਿੱਤਰ ਵੀ ਸਨ।

ਸੰਨ 1950 ਵਿੱਚ ਸੋਭਾ ਸਿੰਘ ਨੇ ਅੰਧਰੇਟੇ ਪਿੰਡ ਦੇ ਬਾਹਰਵਾਰ ਕਰ ਕੇ ਕੁਝ ਜ਼ਮੀਨ ਖ੍ਰੀਦ ਲਈ। ਉਥੇ ਉਸ ਨੇ ਆਪਣੀ ਮਨਮਰਜ਼ੀ ਦੀ ਕੋਠੀ ਪਾ ਲਈ। ਤੇ ਕੋਠੀ ਦੇ ਬਾਹਰ ਸੁੰਦਰ ਪਾਰਕ, ਕੋਠੀ ਦੇ ਤਿੰਨ ਕਮਰੇ ਤੇ ਇਕ ਸਟੂਡੀਓ ਹਾਲ। ਉਸ ਨੇ ਮੁੜ ਨਵੇਂ ਸਿਰਿਉਂ ਆਪਣੀਆਂ ਕ੍ਰਿਤਾਂ ਨੂੰ ਸੁਰਜੀਤ ਕੀਤਾ। ਸੋਹਣੀ ਮਹੀਂਵਾਲ ਨੂੰ ਦੋਬਾਰਾ ਬੁਰਸ਼-ਛੋਹਾਂ ਦਿਤੀਆਂ। ਕਈ ਮਹੀਨਿਆਂ ਦੀ ਕਠਨ ਮਿਹਨਤ ਮਗਰੋਂ ਜਦੋਂ ਉਹ ਤਸਵੀਰ ਮੁਕੰਮਲ ਹੋ ਗਈ, ਤਾਂ ਕਲਾ ਪ੍ਰੇਮੀ ਡਾ: ਕਰਨ ਸਿੰਘ ਨੇ ਇਹ ਤਸਵੀਰ ਖ੍ਰੀਦ ਲਈ। ਸੋਭਾ ਸਿੰਘ ਨੇ ਮਦਰਾਸ ਜਾ ਕੇ ਸੋਹਣੀ ਮਹੀਂਵਾਲ ਦੇ ਕਈ ਐਡੀਸ਼ਨ ਛਾਪੇ।

ਗੁਰੂ ਨਾਨਕ ਦੇਵ ਜੀ ਦੀਆਂ ਸਭ ਪੁਰਾਤਨ ਤਸਵੀਰਾਂ ਟੋਪੀ ਤੇ ਸੇਲੀ ਵਾਲੀਆਂ ਹੀ ਸਨ, ਪਰ ਸੋਭਾ ਸਿੰਘ ਨੇ ਟੋਪੀ ਦੇ ਨਾਲ ਹੀ ਤੋਤੇ ਦਾ ਪਿੰਜਰਾ ਤੇ ਗੁਰੂ ਜੀ ਦੀਆਂ ਖੜਾਵਾਂ ਵੀ ਅਲੋਪ ਕਰ ਦਿਤੀਆਂ। ਸੋਭਾ ਸਿੰਘ ਦੇ ਕਹਿਣ ਮੁਤਾਬਕ, "ਸ਼ੁਰੂ ਸ਼ੁਰੂ ਵਿੱਚ ਨਾਨਕ ਪ੍ਰੇਮੀਆਂ ਨੇ ਇਸ ਤਬਦੀਲੀ ਨੂੰ ਪਸੰਦ ਨਾ ਕੀਤਾ, ਪਰ ਮਗਰੋਂ ਉਨ੍ਹਾਂ ਨੇ ਪਗੜੀ ਵਾਲੇ ਬਾਬਾ ਜੀ ਨੂੰ ਪ੍ਰਵਾਨ ਕਰ ਲਿਆ।" ਗੁਰੂ ਗੋਬਿੰਦ ਸਿੰਘ, ਗੁਰੂ ਤੇਗ ਬਾਹਦਰ ਤੇ ਹੋਰ ਕਈ ਤਸਵੀਰਾਂ ਉਥੇ ਹੀ ਬਣਾਈਆਂ। ਪੰਜਾਬ ਦੇ ਮਾਇਆਨਾਜ਼ ਸਪੂਤ ਡਾ: ਐਮ.ਐਸ. ਰੰਧਾਵਾ ਨੇ ਪੰਜਾਬ ਦੇ ਹਰ ਲੇਖਕ, ਕਵੀ ਤੇ ਕਲਾਕਾਰ ਦੇ ਸਿਰ ਤੇ ਹਥ ਰਖਿਆ। ਕਲਾਕਾਰਾਂ ਦੀਆਂ ਤਸਵੀਰਾਂ ਵਡੇ ਵਡੇ ਸ਼ਹਿਰਾਂ ਦੀਆਂ ਆਰਟ ਗੈਲਰੀਆਂ ਲਈ ਖ੍ਰੀਦੀਆਂ ਗਈਆਂ। ਰੰਧਾਵਾ ਸਾਹਿਬ ਦੀ ਸਰਪਰਸਤੀ ਤੇ ਆਰਥਕ ਸਹਾਇਤਾ ਨੇ ਪੰਜਾਬੀ ਕਲਾਕਾਰਾਂ ਦਾ ਮਾਣ ਤੇ ਹੌਸਲਾ ਵਧਾਇਆ। ਡਾ: ਰੰਧਾਵਾ ਕਈ ਵਾਰ ਸੋਭਾ ਸਿੰਘ ਨੂੰ ਮਿਲਣ ਅੰਧਰੇਟਾ ਆਉਂਦੇ ਰਹੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਹਰ ਸਾਲ ਬਹੁਤ ਸਾਰੇ ਕਲਾ ਪ੍ਰੇਮੀ, ਕਵੀ ਤੇ ਲਿਖਾਰੀ ਇਥੇ ਆਉਂਦੇ ਰਹਿੰਦੇ ਸਨ। ਨਾਨਕ ਸਿੰਘ ਨੇ ਆਪਣੇ ਪਰਮ ਮਿੱਤਰ ਸੋਭਾ ਸਿੰਘ ਦੇ ਜੀਵਨ ਤੇ ਉਸ ਦੀ ਕਲਾ ਨੂੰ ਮੁਖ ਰਖ ਕੇ ਆਪਣਾ ਪ੍ਰਸਿੱਧ ਨਾਵਲ ''ਚਿਤ੍ਰਕਾਰ'' ਲਿਖਿਆ, ਪਰ ਉਹ ਆਪ ਅੰਧਰੇਟੇ ਵਲ ਝਾਤ ਨਾ ਪਾ ਸਕਿਆ। ਸੋਭਾ ਸਿੰਘ ਦੇ ਦੂਜੇ ਲੰਗੋਟੀਏ ਮਿੱਤਰ ਪੰਡਤ ਮੰਗਤ ਰਾਮ ਨੇ ਉਸ ਦੀ ਪ੍ਰੇਰਨਾ ਨਾਲ ਉਨ੍ਹਾਂ ਦੇ ਗਵਾਂਢ ਵਿੱਚ ਹੀ ਕੋਠੀ ਪਾ ਲਈ। ਨੌਹਰਾ ਰਿਚਰਡ ਦੀ ਕੋਠੀ ਵੀ ਸੋਭਾ ਸਿੰਘ ਦੇ ਗਵਾਂਢ ਵਿੱਚ ਹੈ। ਨੇੜੇ ਹੀ ਬੁਤਕਾਰ ਗੁਰਚਰਨ ਸਿੰਘ ਤੇ ਫੂਲਾਂ ਰਾਣੀ ਦੀਆਂ ਕੋਠੀਆਂ ਹਨ।

ਅੰਧਰੇਟਾ, ਹਿਮਾਚਲ ਪਰਦੇਸ਼ ਵਿੱਚ ਇਕ ਬੜਾ ਸ਼ਾਂਤ ਰੰਗ ਬਰੰਗੇ ਫੁਲਾਂ ਦੀਆਂ ਖੁਸ਼ਬੂਆਂ ਛਡਦੀ ਵਾਦੀ ਵਿੱਚ ਸਥਿਤ ਕਸਬਾ ਹੈ। ਐਨ ਸੜਕ ਦੇ ਕਿਨਾਰੇ ਸੋਭਾ ਸਿੰਘ ਦੀ ਬੜੀ ਸੁੰਦਰ ਕੋਠੀ ਰਾਹ ਜਾਂਦੇ ਰਾਹੀਆਂ ਨੂੰ ਖਿਚ ਪਾਂਦੀ ਹੈ। ਕੋਠੀ ਦੇ ਬਾਹਰ ਇਕ ਮਾਟੋ ਲਿਖਿਆ ਹੈ: Grow More Love

ਮੈਂ ਦੂਜੀ ਵਾਰ ਉਨ੍ਹਾਂ ਦੇ ਦਰਸ਼ਨ ਕਰਨ 1974 ਵਿੱਚ ਅੰਧਰੇਟੇ ਗਿਆ ਉਸ ਸਮੇਂ ਸਰਦਾਰ ਸੋਭਾ ਸਿੰਘ ਜੀ ਆਪਣੇ ਕਮਰੇ ਵਿੱਚ ਆਰਾਮ ਕਰ ਰਹੇ ਸਨ। ਸ੍ਰ: ਹਰਬੀਰ ਸਿੰਘ ਭੰਵਰ ਤੇ ਬੀਬੀ ਗੁਰਚਰਨ ਉਥੇ ਹੀ ਸਨ। ਚਾਹ ਪਾਣੀ ਪੀਂਦਿਆਂ ਤੇ ਪਿਆਰੇ ਕਲਾਕਾਰ ਬਾਰੇ ਗਲਾਂ ਕਰਦਿਆਂ ਸਰਦਾਰ ਜੀ ਜਾਗ ਪਏ। ਘੁਟ ਘੁਟ ਜਫੀਆਂ ਪਾ ਕੇ ਉਹ ਮਿਲੇ। ਉਨ੍ਹਾਂ ਨੇ ਬੜੇ ਚਾਅ ਨਾਲ ਆਪਣਾ ਸਟੂਡਿਓ ਵਿਖਾਇਆ।

ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਪੋਜ਼ਾਂ ਦੀਆਂ ਵਡੀਆਂ ਵਡੀਆਂ ਤਸਵੀਰਾਂ ਮੱਨੁਖ ਨੂੰ ਆਪਸੀ ਝਗੜੇ ਝਾਂਜਿਆਂ, ਫਿਰਕੂ ਵਿੱਚਾਰਾਂ ਤੇ ਮਨ ਦੀ ਅਸ਼ਾਂਤੀ ਨੂੰ ਤਿਆਗ ਪ੍ਰਭੂ ਦੇ ਚਰਨਾਂ ਵਿੱਚ ਮੁੜ ਜਾਣ ਦੀ ਪ੍ਰੇਰਨਾ ਦੇ ਰਹੀਆਂ ਸਨ। ਉਨ੍ਹਾਂ ਮਹਾਂਪੁਰਸ਼ਾਂ ਦੀਆ ਅੱਤਾਂ ਦੀਆਂ ਪਿਆਰੀਆਂ ਤੇ ਦਿਲਖਿਚਵੀਆਂ ਮੂਰਤਾਂ ਵੇਖ ਉਨ੍ਹਾਂ ਪ੍ਰਤੀ ਸ਼ਰਧਾ ਜਾਗ ਉਠਦੀ ਹੈ। ਨਾਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਸਾਹਮਣੇ ਲਟਕੀ ਹੋਈ ਸੀ, ਜੋ ਬਾਬੇ ਬਕਾਲੇ ਕਈ ਸਾਲ ਤਪਸਿਆ ਕਰਨ ਦੇ ਸਮੇਂ ਦੀ ਸੀ। ਬਾਬਾ ਰਾਮ ਸਿੰਘ ਜੀ ਨਾਮਧਾਰੀ, ਭਾਈ ਗੁਰਦਾਸ ਜੀ ਤੇ ਕਈ ਹੋਰ ਤਸਵੀਰਾਂ ਮੈਂ ਸਿੱਖ ਮਿਊਜ਼ੀਅਮ ਅੰਮ੍ਰਿਤਸਰ ਵਿਖੇ ਅਗੇ ਹੀ ਵੇਖੀਆਂ ਹੋਈਆਂ ਸਨ। ਗੁਰੂ ਨਾਨਕ ਦੇਵ ਜੀ ਦੀ ਮੱਕੇ ਦੀ ਯਾਤਰਾ ਦੀ ਤਸਵੀਰ ਬੜੀ ਪਿਆਰੀ ਲਗੀ। ਸਜੇ ਪਾਸੇ ਸ਼ੇਖ ਫਰੀਦ ਦੀ ਤਸਵੀਰ ਵਿੱਚ ਉਹ ਝਾਕੀ ਦਰਸਾਈ ਗਈ ਹੈ, ਜਿਸ ਵਿੱਚ ਸ਼ੇਖ ਸਾਹਿਬ, ਇਕ ਮਾਣ-ਮਤੀ ਵੇਸਵਾ ਦੀ ਮੌਤ ਮਗਰੋਂ ਉਸ ਦਾ ਪਿੰਜਰ ਜੰਗਲ ਵਿੱਚ ਪਿਆ ਵੇਖਦੇ ਹਨ। ਵੇਸਵਾ ਦੇ ਦਿਲ ਖਿਚਵੇਂ ਨੈਣਾਂ ਵਿੱਚ ਪੰਛੀਆਂ ਨੇ ਆਪਣੇ ਆਲ੍ਹਣੇ ਪਾ ਲਏ ਹਨ, ਤਾਂ ਸ਼ੇਖ ਫਰੀਦ ਦੇ ਮੂੰਹੋਂ ਇਹ ਸ਼ਬਦ ਅਵੱਸ਼ ਨਿਕਲ ਜਾਂਦਾ ਹੈ :

ਫਰੀਦਾ ਜਿਨਿ ਲੋਇਣ ਜਗ ਮੋਹਿਆ ਸੇ ਲੋਇਣ ਮੈਂ ਡਿਠ॥
ਕਜਲ ਰੇਖ ਨ ਸਹਿੰਦਿਆ ਸੇ ਪੰਖੀ ਸੂਹਿ ਬਹਿਠ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸ੍ਰ: ਭਗਤ ਸਿੰਘ ਸ਼ਹੀਦ ਦੀ ਬੜੀ ਪਿਆਰੀ ਤਸਵੀਰ ਮੁਕੰਮਲ ਹੋ ਗਈ ਸੀ। ਆਪਣੇ ਪਿਆਰੇ ਕਲਾਕਾਰ ਦਾ ਸਟੂਡਿਉ ਵੇਖ ਚਿਤ ਪ੍ਰਸੰਨ ਹੋ ਗਿਆ। ਜੀਅ ਕੀਤਾ ਕਿ ਉਨ੍ਹਾਂ ਉਂਗਲਾਂ ਨੂੰ ਫੜ ਆਪਣੇ ਸੀਸ ਨੂੰ ਛੁਹਾ ਲਵਾਂ, ਜਿਨ੍ਹਾਂ ਦੀ ਛੋਹ ਸਦਕਾ ਇੰਨੀਆਂ ਪਿਆਰੀਆਂ ਕਲਾਕ੍ਰਿਤੀਆਂ ਚਿਤ੍ਰੀਆਂ ਗਈਆਂ ਸਨ।

24 ਅਕਤੂਬਰ 1974 ਦੀ ਸਵੇਰ ਨੂੰ ਨਾਸ਼ਤਾ ਕਰਨ ਮਗਰੋਂ ਸਾਡਾ ਕਾਫਲਾ, ਜਿਸ ਵਿੱਚ ਸ੍ਰ. ਸੋਭਾ ਸਿੰਘ ਆਰਟਿਸਟ, ਭੰਵਰ ਸਾਹਿਬ, ਬੀਬੀ ਗੁਰਚਰਨ ਕੋਰ, ਕੁਲਵੰਤ ਸਿੰਘ, ਤੇ ਇਨ੍ਹਾਂ ਸਤਰਾਂ ਦਾ ਲਿਖਾਰੀ, ਪ੍ਰੋ: ਕ੍ਰਿਪਾਲ ਸਿੰਘ ਜੀ ਯੋਗੀ ਮਨ, ਕੁਲੂ ਮਨਾਲੀ, ਮੰਡੀ, ਰਿਵਾਲਸਰ ਤੇ ਮਨੀਕਰਨ ਆਦਿ ਸਥਾਨਾਂ ਦੀ ਯਾਤਰਾ ਕਰਨ ਅੰਧਰੇਟਿਓਂ ਤੁਰ ਪਿਆ।

ਸੋਭਾ ਸਿੰਘ ਬੜਾ ਜ਼ਿੰਦਾਦਿਲ ਕਲਾਕਾਰ ਸੀ। ਕਲਾਕਾਰਾਂ ਵਿੱਚ ਜ਼ਿੰਦਾਦਿਲੀ ਤੇ ਮਜ਼ਾਹ (ਹਾਸ ਵਿਅੰਗ) ਦੀ ਬੜੀ ਘਾਟ ਹੁੰਦੀ ਹੈ। ਸੋਭਾ ਸਿੰਘ, ਦਰਸ਼ਕਾਂ ਸਾਹਵੇਂ ਆਪ ਖਿੜ ਖਿੜ ਹਸਦਾ ਤੇ ਸਰੋਤਿਆਂ ਨੂੰ ਹਸਾ ਹਸਾ ਉਨ੍ਹਾਂ ਦੇ ਢਿੱਡੀਂ ਪੀੜਾਂ ਪਾਣ ਵਾਲਾ ਮਹਾਨ ਕਲਾਕਾਰ ਹੈ। ਜਿਸ ਵਿਅਕਤੀ ਬਾਰੇ ਜ਼ਿਕਰ ਚਲ ਰਿਹਾ ਹੋਵੇ, ਉਸ ਬਾਰੇ ਅਜਿਹੇ ਢੰਗ ਨਾਲ ਉਹ ਵਿਅੰਗ ਕਸਦਾ ਹੈ, ਜਿਵੇਂ ਸਚਮੁਚ ਉਹ ਵਿਦੂਸ਼ਕ ਦਾ ਪਾਰਟ ਅਦਾ ਕਰ ਰਿਹਾ ਹੋਵੇ। ਕਲਾ, ਉਸ ਦੇ ਅੰਗ ਅੰਗ ਵਿੱਚ ਸਮਾਈ ਹੋਈ ਸੀ। ਉਹ ਕਲਾ ਵਿੱਚ ਹੀ ਸਾਹ ਲੈਂਦਾ ਸੀ। ਪ੍ਰਾਕ੍ਰਿਤੀ ਦਾ ਉਹ ਦਿਲਦਾਦਾ ਸੀ। ਇਸੇ ਲਈ ਉਸ ਨੇ ਅੰਧਰੇਟਾ ਵਰਗੀ ਅਤ ਰਮਣੀਕ ਤੇ ਸੁੰਦਰ ਦ੍ਰਿਸ਼ਾਂ ਨਾਲ ਭਰਪੂਰ ਵਾਦੀ ਵਿੱਚ ਜਾ ਡੇਰਾ ਲਾਇਆ ਸੀ।

22 ਅਗਸਤ 1986 ਨੂੰ ਜਦੋਂ ਰੇਡੀਓ ਨੇ ਇਹ ਖਬਰ ਸੁਣਾਈ, ਕਿ ਮਹਾਨ ਕਲਾਕਾਰ ਸੋਭਾ ਸਿੰਘ ਪੀ. ਜੀ. ਆਈ. ਹਸਪਤਾਲ ਚੰਡੀਗੜ੍ਹ ਵਿੱਚ ਕਈ ਦਿਨ ਬੀਮਾਰ ਰਹਿ ਕੇ ਅਕਾਲ ਚਲਾਣਾ ਕਰ ਗਏ ਹਨ, ਤਾਂ ਦਿਲ ਨੂੰ ਤਕੜੀ ਸਟ ਵਜੀ। ਲਗਪਗ ਪਿਛਲੀ ਅੱਧੀ ਸਦੀ ਦਾ ਸਾਥ ਘੜੀਆਂ ਪਲਾਂ ਵਿੱਚ ਛੁਟ ਗਿਆ।

ਉਸ ਮਹਾਨ ਕਲਾਕਾਰ ਦੇ ਅਕਾਲ ਚਲਾਣੇ ਨਾਲ ਕਲਾ-ਜਗਤ ਵਿੱਚ ਕਦੀ ਨਾ ਪੂਰਾ ਹੋਣ ਘਾਟਾ ਪਿਆ ਹੈ, ਪਰ ਇਸ ਦੇ ਨਾਲ ਖੁਸ਼ੀ ਵੀ ਹੈ, ਕਿ ਉਸ ਨੇ ਭਰਪੂਰ ਜੀਵਨ ਜੀਵਿਆ। ਲੋਕਾਂ ਨੂੰ ਉਸ ਨੇ ਰਜਵਾਂ ਪਿਆਰ ਤੇ ਖੁਸ਼ੀ ਬਖਸ਼ੀ, ਤੇ ਬਦਲੇ ਵਿੱਚ ਆਪਣੇ ਪਿਆਰੇ ਕਲਾਕਾਰ ਨੂੰ ਲੋਕਾਂ ਨੇ ਪੂਰਨ ਮਾਣ ਤੇ ਸਤਿਕਾਰ ਪ੍ਰਦਾਨ ਕੀਤਾ। ਅਜ ਵਡੇ ਵਡੇ ਸਟੂਡਿਉ-ਘਰਾਂ, ਗੁਰ ਅਸਥਾਨਾਂ ਤੇ ਹਰ ਪੰਜਾਬੀ ਦੇ ਘਰ ਉਸਦੀਆਂ ਕ੍ਰਿਤਾਂ ਦੀ ਇਕ ਤਰ੍ਹਾਂ ਨਾਲ ਪ੍ਰਦਰਸ਼ਨੀ ਹੀ ਲਗੀ ਵਿਖਾਈ ਦੇਂਦੀ ਹੈ। ਸਵੇਰ ਸਾਰ ਲੋਕੀ ਉਸ ਦੀਆਂ ਕ੍ਰਿਤਾਂ ਅਗੇ ਸਿਰ ਝੁਕਾਂਦੇ - ਤੇ ਕਲਾਕਾਰ ਦੀ ਪਿਆਰੀ ਤੇ ਮਿੱਠੀ ਯਾਦ ਵਿੱਚ ਮੁਗਧ ਰਹਿੰਦੇ ਹਨ। ਕਲਾਕਾਰ ਸੋਭਾ ਸਿੰਘ ਅਮਰ ਰਹੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


# ਬਲਰਾਜ ਸਾਹਨੀ
## (ਪਹਿਲੀ ਤੇ ਅੰਤਮ ਮੁਲਾਕਾਤ)

ਦੋ ਦਸੰਬਰ 1972 ਦੀ ਗੱਲ ਹੈ। ਇਨ੍ਹੀਂ ਦਿਨੀਂ ਬਲਰਾਜ ਸਾਹਨੀ ਦਿੱਲੀ ਆਇਆ ਹੋਇਆ ਸੀ। ਸਵੇਰੇ ਸਵੇਰੇ ਉਸ ਨੇ ਮੈਨੂੰ ਫੋਨ ਕਰ ਦਿਤਾ, ਕਿ ਉਹ 9 ਵਜੇ ਸਵੇਰੇ ਮਿਲਣ ਸਾਡੇ ਘਰ ਮਾਲਵੀਆ ਨਗਰ ਆ ਰਿਹਾ ਹੈ। ਬਲਰਾਜ ਸਾਹਨੀ, ਉਨੀਂ ਦਿਨੀਂ ਆਪਣੇ ਛੋਟੇ ਵੀਰ ਭੀਸ਼ਮ ਸਾਹਨੀ ਪਾਸ ਪਟੇਲ ਨਗਰ ਦਿੱਲੀ ਵਿਖੇ ਠਹਿਰਿਆ ਹੋਇਆ ਸੀ।

ਬਲਰਾਜ ਸਾਹਨੀ ਨਾਲ ਮੇਰੀ ਇਹ ਪਹਿਲੀ ਮੁਲਾਕਾਤ ਸੀ। ਵੈਸੇ ਤਾਂ ਅਸੀਂ ਦੋਵੇਂ ਗਰਾਈਂ ਸਾਂ। ਰਾਵਲਪਿੰਡੀ ਇਕੋ ਮਹੱਲੇ ਵਿਚ ਰਹਿੰਦੇ ਸਾਂ। ਪਰ ਆਪੋ ਵਿਚ ਕਦੀ ਮਿਲੇ ਨਹੀਂ ਸਾਂ। ਹਾਂ, ਸਾਡੀ ਖਤੋ-ਕਿਤਾਬਤ ਕਾਫੀ ਦੇਰ ਤੋਂ ਜਾਰੀ ਸੀ।

ਉਸ ਦਾ ਫੋਨ ਆਣ ਤੇ ਮੈਨੂੰ ਬੜੀ ਖੁਸ਼ੀ ਹੋਈ। ਘੰਟੇ ਕੁ ਮਗਰੋਂ ਉਹ ਸਾਡੇ ਘਰ ਪੁਜ ਗਿਆ। ਬੜਾ ਵਧੀਆ ਇਨਸਾਨ, ਮਿੱਤਰ ਪਿਆਰਾ, ਪ੍ਰਸਿੱਧ ਕਲਾਕਾਰ ਤੇ ਸਾਹਿਤਕਾਰ ਮੇਰੇ ਸਾਹਮਣੇ ਬੈਠਾ ਹੋਇਆ ਸੀ। ਸਾਡੇ ਪਰਿਵਾਰ ਨੂੰ ਮਿਲ ਕੇ ਉਸ ਨੂੰ ਬੜੀ ਖੁਸ਼ੀ ਹੋਈ। ਆਂਢ-ਗੁਆਂਢ ਦੀ ਜਨਤਾ ਸਾਡੇ ਘਰ ਆ ਵੜੀ। ਸਾਰਿਆਂ ਨੂੰ ਉਹ ਬੜੇ ਪਿਆਰ ਨਾਲ ਮਿਲਿਆ। ਕੁਝ ਚਿਰ ਨੂੰ ਨਾਸ਼ਤਾ ਆ ਗਿਆ। ਉਸ ਨੇ ਮੇਰੀ ਪਤਨੀ ਸਤਵੰਤ ਕੌਰ ਦੇ ਬਣੇ ਨਾਸ਼ਤੇ ਦੀ ਤਾਰੀਫ ਕੀਤੀ, "ਭਰਜਾਈ ਜੀ ਤੋਂ ਪੋਠੋਹਾਰੀ ਰੰਗ ਲਥ ਗਿਆ ਹੈ। ਹੁਣ ਅਸੀਂ ਇਨ੍ਹਾਂ ਨੂੰ ਪੋਠੋਹਾਰਣ ਨਹੀਂ ਕਹਿ ਸਕਦੇ. . .।" ਇਸ ਤੇ ਖੂਬ ਹਾਸਾ ਮਚਿਆ। ਇਸ ਪਿਛੋਂ ਆਪਣੇ ਵਤਨ, ਸਿਆਸਤ ਤੇ ਪ੍ਰੀਤਨਗਰ ਬਾਰੇ ਬੜੀਆਂ ਗੱਲਾਂ ਹੋਈਆਂ। ਉਸ ਨੂੰ ਮੇਰੇ ਪ੍ਰੀਤਨਗਰ ਨਾਲ ਸੰਬੰਧਾਂ ਦਾ ਪਤਾ ਸੀ। ਗੱਲਾਂ ਗੱਲਾਂ ਵਿਚ ਉਸ ਨੇ ਦਸਿਆ, "ਦਾਤਾ ਜੀ! ਮੈਂ ਫੈਸਲਾ ਕਰ ਲਿਆ ਹੈ, ਕਿ ਆਪਣੀਆਂ ਕੁਝ ਰਹਿੰਦੀਆਂ ਫਿਲਮਾਂ ਨੂੰ ਮੁਕੰਮਲ ਕਰ ਕੇ ਕੁਝ ਮਹੀਨਿਆਂ ਵਿਚ ਹੀ ਮੈਂ ਪ੍ਰੀਤਨਗਰ ਚਲਾ ਜਾਣਾ ਹੈ। ਪ੍ਰੀਤਨਗਰ ਮੈਂ ਇਕ ਕੋਠੀ ਖ਼੍ਰੀਦ ਲਈ ਹੈ। ਮਾਲੀ ਰਖ ਆਇਆ ਹਾਂ। ਮੇਰੇ ਪ੍ਰੀਤਨਗਰ ਆਣ ਤੀਕ ਮੇਰੀ ਕੋਠੀ ਦੇ ਨਾਲ ਵਾਲੇ ਲਾਅਨ ਵਿਚ ਘਾਹ ਲਗ ਜਾਣੀ ਹੈ - ਚੁਪਾਸੀਂ ਬੜੀ ਸੁੰਦਰ ਫੁਲਵਾੜੀ ਹੋਵੇਗੀ। ਕਈ ਤਰ੍ਹਾਂ ਦੇ ਖਿੜੇ ਤੇ ਖੁਸ਼ਬੂਆਂ ਛਡਦੇ ਫੁਲਾਂ ਵਿਚ ਮੇਰਾ ਬਸੇਰਾ ਹੋਵੇਗਾ। ਉਥੇ ਹੀ ਰਹਿਣਾ, ਆਪਣੇ ਲੋਕਾਂ ਵਿਚ ਵਿਚਰਨਾ, ਉਨ੍ਹਾਂ ਦੇ ਮਨੋਰੰਜਨ ਲਈ ਨਾਟਕ ਖੇਡਣਾ ਤੇ ਲਿਖਣਾ ਪੜ੍ਹਨਾ ਮੇਰਾ ਮੁਖ ਕਾਰਜ ਹੋਵੇਗਾ।"

ਉਸ ਦਾ ਇਹ ਫੈਸਲਾ ਸੁਣ ਮੈਨੂੰ ਅੰਤਾਂ ਦੀ ਖੁਸ਼ੀ ਹੋਈ। ਗੱਲਾਂ ਗੱਲਾਂ ਵਿਚ ਬਲਰਾਜ ਨੇ ਦਸਿਆ, "ਇਨ੍ਹੀਂ ਦਿਨੀਂ ਮੇਰੀ ਆਖਰੀ ਫਿਲਮ 'ਗਰਮ ਹਵਾ' ਦੀ ਆਗਰੇ ਵਿਚ ਸ਼ੂਟਿੰਗ ਹੋ ਰਹੀ ਹੈ। ਜੇ ਤੁਹਾਡੀ ਦਿਲਚਸਪੀ ਹੋਵੇ, ਤਾਂ ਮੈਂ ਤੁਹਾਨੂੰ ਚਿੱਠੀ ਲਿਖ ਦਿਆਂਗਾ, ਤੁਸੀਂ ਆ ਜਾਣਾ।"

ਮੈਂ ਬੜੇ ਸਤਿਕਾਰ ਨਾਲ ਆਪਣੇ ਮਿਤਰ ਦੀ ਇਸ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ। ਮਗਰੋਂ ਅਸੀਂ ਸੂਰਜ ਕੁੰਡ ਪਹੁੰਚ ਕੇ ਸੈਰ ਕਰਦੇ ਰਹੇ। ਸ਼ਾਮੀਂ ਕਾਰ ਤੇ ਮੈਨੂੰ ਘਰ ਛਡ, ਉਹ ਆਪਣੇ ਵੀਰ ਭੀਸ਼ਮ ਸਾਹਨੀ ਦੇ ਘਰ ਪਟੇਲ ਨਗਰ ਚਲਾ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



8 ਦਸੰਬਰ 1972 ਨੂੰ ਆਗਰਿਉਂ ਆਪਣੇ ਮਿਤਰ ਬਲਰਾਜ ਸਾਹਨੀ ਦੀ ਚਿੱਠੀ ਆਈ, ਕਿ 'ਗਰਮ ਹਵਾ' ਦੀ ਸ਼ੂਟਿੰਗ ਸ਼ੁਰੂ ਹੈ, ਵੇਖਣ ਦੀ ਇੱਛਾ ਹੋਵੇ ਤਾਂ ਫੌਰਨ ਆ ਜਾਉ। ਮੇਰੀ ਸ਼ੂਟਿੰਗ ਵੇਖਣ ਦੀ ਚਿਰ ਦੀ ਲਾਲਸਾ ਦਾ ਬਲਰਾਜ ਜੀ ਨੂੰ ਪਤਾ ਸੀ। ਇਸੇ ਲਈ ਉਨ੍ਹਾਂ ਨੇ ਇਹ ਸੱਦਾ ਘਲਿਆ ਸੀ। ਸੋ ਮੈਂ 11 ਦਸੰਬਰ ਸਵੇਰੇ ਸਤ ਵਜੇ ਆਪਣੀ ਬੇਟੀ ਨਾਲ ਤਾਜ ਤੇ ਬੈਠ ਕੇ ਦਸ ਵਜੇ ਦੇ ਕਰੀਬ ਆਗਰੇ ਜਾ ਪੁਜਾ। ਭਾਵੇਂ ਬਲਰਾਜ ਜੀ ਨੂੰ ਮੇਰੇ ਪ੍ਰੋਗਰਾਮ ਦੀ ਖਬਰ ਸੀ, ਪਰ ਮੇਰਾ ਖਿਆਲ ਸੀ, ਕਿ ਇਡਾ ਮਸਰੂਫ ਆਦਮੀ ਜ਼ਰੂਰ ਸ਼ੂਟਿੰਗ ਆਦਿ ਦੇ ਕੰਮਾਂ ਵਿਚ ਰੁਝਿਆ ਹੋਵੇਗਾ। ਸਟੇਸ਼ਨ ਤੇ ਪਹੁੰਚ ਕੇ ਇਹ ਵੇਖ ਬੜੀ ਹੈਰਾਨੀ ਹੋਈ, ਕਿ ਸਾਹਨੀ ਵੀਰ ਮੈਨੂੰ ਉਡੀਕ ਰਿਹਾ ਸੀ। ਅਸੀਂ ਸਟੇਸ਼ਨੋਂ ਬਾਹਰ ਆਏ, ਹਸਤਾਖਸ਼ਰ ਲੈਣ ਤੇ ਦਰਸ਼ਨਾਂ ਦੇ ਚਾਹਵਾਨਾਂ ਨੇ ਉਸ ਨੂੰ ਘੇਰ ਲਿਆ, ਪਰ ਉਸ ਨੇ ਜਲਦੀ ਹੀ ਆਪਣੀ ਕਾਰ ਸਟਾਰਟ ਕੀਤੀ ਤੇ ਅਸੀਂ ਜੈਵਾਲ ਹੋਟਲ ਜਾ ਪੁਜੇ। ਇਥੇ ਹੀ ਇਸ ਫਿਲਮ ਨਾਲ ਸਬੰਧਤ ਸਾਰੇ ਬੰਦੇ ਠਹਿਰੇ ਹੋਏ ਸਨ।

ਸੋ ਬਲਰਾਜ ਜੀ ਸਾਨੂੰ ਲੈ ਆਪਣੀ ਕਾਰ ਰਾਹੀਂ ਸ਼ੂਟਿੰਗ ਵਾਲੀ ਥਾਂ ਵਲ ਤੁਰ ਪਏ ਤੇ ਬਾਕੀ ਬੰਦੇ ਦੂਜੀ ਕਾਰ ਤੇ ਗੁਲਾਬ ਪੁਰਾ ਵਲ ਰਵਾਨਾ ਹੋ ਗਏ। ਗੁਲਾਬ ਪੁਰਾ, ਆਗਰੇ ਦਾ ਇਕ ਬਹੁਤ ਪੁਰਾਣਾ ਮੁਸਲਮ ਮਹੱਲਾ ਹੈ। ਉਸ ਦੀਆਂ ਕਈ ਭੀੜੀਆਂ ਗੱਲੀਆਂ ਤੈਅ ਕਰਨ ਪਿਛੋਂ ਅਸੀਂ ਇਕ ਦੋ-ਮੰਜ਼ਲੇ ਪੁਰਾਣੇ ਮਕਾਨ ਦੀ ਉਤਲੀ ਛਤ ਤੇ ਜਾ ਚੜ੍ਹੇ। ਇਸੇ ਮੰਜ਼ਲ ਤੇ ਸ਼ੂਟਿੰਗ ਹੋਣੀ ਸੀ। ਉਪਰ ਛੋਟਾ ਜਿਹਾ ਸਹਿਨ ਸੀ, ਤੇ ਉਸ ਦੇ ਨਾਲ ਦੋ ਛੋਟੇ ਛੋਟੇ ਕਮਰੇ, ਜਿਨ੍ਹਾਂ ਵਿਚ ਸ਼ੂਟਿੰਗ ਲਈ ਸਾਰਾ ਸਾਮਾਨ ਰਖਿਆ ਹੋਇਆ ਸੀ। ਉਥੇ ਪਹੁੰਚਣ ਤੋਂ ਪਹਿਲਾਂ ਹੀ ਇਸ ਫਿਲਮ ਦੇ ਡਾਇਰੈਕਟਰ ਬੰਗਲੋਰ ਦੇ ਇਕ ਬੜੇ ਸੁਲਝੇ ਹੋਏ ਸ੍ਰੀ ਸਤਯੂ ਨਾਂ ਦੇ ਸਜਣ ਉਥੇ ਪੁਜੇ ਹੋਏ ਸਨ। ਉਨ੍ਹਾਂ ਦੀ ਪਤਨੀ ਸ਼ਮ੍ਹਾ ਵੀ ਉਥੇ ਹੀ ਸੀ। ਸਹਾਇਕ ਡਾਇਰੈਕਟਰ ਮਖਣ ਸਿੰਘ ਤੇ ਹੋਰ ਲਗਭਗ ਤੀਹ ਦੇ ਕਰੀਬ ਸਬੰਧਤ ਸਜਣ ਤੇ ਸਜਣੀਆਂ ਵੀ ਹੌਲੇ ਹੌਲੇ ਪੁਜ ਗਈਆਂ। ਬਲਰਾਜ ਜੀ ਨੇ ਜਦੋਂ ਮੇਰਾ ਉਨ੍ਹਾਂ ਨਾਲ ਤਆਰਫ ਕਰਾਇਆ, ਤਾਂ ਉਨ੍ਹਾਂ ਸਾਰਿਆਂ ਨੇ ਖਿੜੇ ਮਥੇ ਮੇਰਾ ਸਵਾਗਤ ਕੀਤਾ। ਮੈਂ ਦਿਲੋਂ ਬੜਾ ਸ਼ਰਮਿੰਦਾ ਹੋਇਆ। ਅਸਲ 'ਚ ਇਹ ਬਲਰਾਜ ਜੀ ਦਾ ਸਤਿਕਾਰ ਸੀ। ਇਕ ਨਗੂਣੇ ਜਿਹੇ ਪੰਜਾਬੀ ਲੇਖਕ, ਜਿਸ ਨੂੰ ਪੰਜਾਬੀ ਲੋਕ ਵੀ ਚੰਗੀ ਤਰ੍ਹਾਂ ਨਹੀਂ ਜਾਣਦੇ, ਦਾ ਫਿਲਮ ਦੇ ਸਿਤਾਰੇ ਸਤਿਕਾਰ ਕਰਨ, ਬੜੀ ਹੈਰਾਨੀ ਵਾਲੀ ਗੱਲ ਸੀ। ਇਕ ਨੁਕਰ ਵਿਚ ਕੁਰਸੀਆਂ ਡਾਹ ਕੇ ਸਾਨੂੰ ਬਿਠਾ ਦਿਤਾ ਗਿਆ, ਤੇ ਸ਼ੂਟਿੰਗ ਦਾ ਕਾਰਜ ਸ਼ੁਰੂ ਹੋ ਗਿਆ।

ਇਸ ਫਿਲਮ ਦੀ ਸਾਰੀ ਸ਼ੂਟਿੰਗ ਏਥੇ ਹੀ ਹੋਣੀ ਸੀ। ਮੈਨੂੰ ਇਹ ਸੁਣ ਬੜੀ ਖੁਸ਼ੀ ਹੋਈ, ਕਿ ਇਸ ਫਿਲਮ ਵਿਚ ਕੰਮ ਕਰਨ ਵਾਲੇ ਸਭ ਕਲਾਕਾਰ ਸੇਵਾ ਭਾਵ ਨਾਲ ਹੀ ਕੰਮ ਕਰ ਰਹੇ ਸਨ। ਬਲਰਾਜ ਜੀ ਨੇ ਦਸਿਆ, ਕਿ ਕਿਸੇ ਫਿਲਮ ਨੂੰ ਬਣਾਣ ਲਈ ਘਟੋ ਘਟ ਤੀਹ ਲਖ ਰੁਪਿਆ ਦਰਕਾਰ ਹੈ, ਪਰ ਸਾਡੀ ਇਸ ਫਿਲਮ ਕੰਪਨੀ ਕੋਲ ਸਿਰਫ ਤਿੰਨ ਲਖ ਦਾ ਬਜਟ ਹੈ। ਇਸ ਫਿਲਮ ਦੀ ਕਹਾਣੀ ਦੇਸ਼ ਵੰਡ ਨਾਲ ਸਬੰਧਤ ਹੈ। ਇਕ ਮੁਸਲਮ ਪਰਿਵਾਰ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਚਲੇ ਜਾਣ ਦਾ ਪ੍ਰੋਗਰਾਮ ਬਣਾਉਂਦਾ ਹੈ, ਪਰ ਜਿਸ ਦੇਸ਼ ਵਿਚ ਉਹ ਜੰਮਿਆ, ਜਿਥੇ ਉਹ ਪਲਿਆ, ਜਿਥੇ ਉਹਦੇ ਸਾਰੇ ਰਿਸ਼ਤੇਦਾਰ ਤੇ ਦੋਸਤ ਮਿੱਤਰ ਮੌਜੂਦ ਹਨ, ਉਸ ਨੂੰ ਛਡਣਾ ਕਿਹੜਾ ਸੌਖਾ ਕੰਮ ਹੈ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੋ ਇਸ ਵਿਚਾਰ ਦਵਾਲੇ ਹੀ ਇਹ ਕਹਾਣੀ ਘੁੰਮਦੀ ਹੈ. ਕਿ ਉਹ ਲੋਕ ਪਾਕਿਸਤਾਨ ਜਾਣ ਜਾਂ ਆਗਰੇ ਹੀ ਰਹਿ ਜਾਣ।

ਅਜ ਦਾ ਪਹਿਲਾ ਸੀਨ ਇਹ ਸੀ. ਕਿ ਘਰ ਦਾ ਵਡਕਾ (ਬਲਰਾਜ ਸਾਹਨੀ) ਜਿਸ ਦੀਆਂ ਬਰੀਕ ਜਿਹੀਆਂ ਬਨਾਵਟੀ ਮੁਛਾਂ ਹੁਣੇ ਹੀ ਫਿਟ ਕੀਤੀਆਂ ਗਈਆਂ ਸਨ. ਅਖਬਾਰ ਪੜ੍ਹ ਰਿਹਾ ਹੁੰਦਾ ਹੈ. ਕਿ ਉਸ ਦੀ ਧੀ (ਗੀਤਾ ਸਿਨਹਾ) ਪਿਛਲੇ ਪਾਸਿਉਂ ਆ ਕੇ ਉਸ ਤੋਂ ਅਖਬਾਰ ਖੋਹ ਲੈਂਦੀ ਹੈ। ਪਿਤਾ ਇਕ ਦਮ ਚਕ੍ਰਿਤ ਹੋ ਉਛਲ ਪੈਂਦਾ ਹੈ. ਕਿ ਤੂੰ ਇਹ ਕੀ ਕੀਤਾ? ਪਰ ਅਗੋਂ ਉਹ (ਨਾਇਕਾ) ਮੁਸਕਰਾ ਕੇ ਕਹਿੰਦੀ ਹੈ. "ਅਖਬਾਰ ਕਿਧਰੇ ਨਠੀ ਨਹੀਂ ਜਾਂਦੀ. ਪਹਿਲਾਂ ਚਾਹ ਪੀ ਲਉ।" ਫਿਰ ਉਹ ਚਾਹ ਬਣਾ ਕੇ ਆਪਣੇ ਪਿਤਾ ਦੇ ਹਥ ਫੜਾਉਂਦੀ ਹੈ। ਬਸ ਇੰਨਾ ਕੁ ਸੀਨ ਸੀ. ਜਿਸ ਦੀ ਸ਼ੂਟਿੰਗ ਵਿਚ ਦੋ-ਤਿੰਨ ਘੰਟੇ ਲਗ ਗਏ। ਬਾਰ ਬਾਰ ਇਸੇ ਸੀਨ ਨੂੰ ਦੁਹਰਾਇਆ ਗਿਆ। ਕਦੀ ਹੀਰੋਇਨ ਜ਼ਰਾ ਤੇਜ਼ ਆ ਗਈ. ਕਦੀ ਜਰਾ ਹੌਲੀ। ਕਦੀ ਉਸ ਦੀ ਮੁਸਕਰਾਹਟ ਵਿਚ ਫਰਕ ਪੈ ਗਿਆ। ਕਦੀ ਅਖਬਾਰ ਪਿਛੇ ਬਲਰਾਜ ਜੀ ਦਾ ਚਿਹਰਾ ਛੁਪ ਗਿਆ। ਸੋ ਕਈ ਘੰਟਿਆਂ ਦੀ ਸਖਤ ਮਿਹਨਤ ਮਗਰੋਂ ਇਹ ਸੀਨ ਮੁਕੰਮਲ ਹੋ ਗਿਆ. ਤਾਂ ਦੂਜਾ ਸੀਨ ਸ਼ੁਰੂ ਹੋਇਆ। ਉਸ ਵਿਚ ਬਲਰਾਜ ਸਾਹਨੀ ਕਿਤਾਬ ਪੜ੍ਹ ਰਿਹਾ ਹੁੰਦੈ। ਉਸ ਦੀ ਪਤਨੀ ਕੋਲ ਬੈਠੀ ਮਟਰ ਕਢ ਰਹੀ ਹੈ। ਹੇਠਾਂ ਪੀੜ੍ਹੀ ਤੇ ਬੈਠੀ ਹੀਰੋਇਨ (ਗੀਤਾ ਸਿਨਹਾ) ਕੱਢੇ ਮਟਰ ਮਜੇ ਲੈ ਲੈ ਖਾਦੀ ਜਾ ਰਹੀ ਹੈ। ਪਤਨੀ. ਬਲਰਾਜ ਅਗੇ. ਸਮੇਂ ਦੇ ਨਾ-ਮੁਆਫਿਕ ਹੋਣ ਦੀ ਸ਼ਕਾਇਤ ਕਰਦੀ ਹੈ। ਅਗੋਂ ਪਤੀ ਉਸ ਨੂੰ ਦਸਦਾ ਹੈ. ਕਿ ਅਸੀਂ ਆਪਣੇ ਮੁਸਲਮ ਤੇ ਹਿੰਦੂ ਦੋਸਤਾਂ ਨੂੰ ਕਿਵੇਂ ਛਡ ਸਕਦੇ ਹਾਂ. ਜਿਨ੍ਹਾਂ ਹਰ ਸਮੇਂ ਸਾਡੀ ਸਹਾਇਤਾ ਕੀਤੀ ਹੈ। ਇਸ ਸੀਨ ਨੂੰ ਵੀ ਬਾਰ ਬਾਰ ਫਿਲਮਾਇਆ ਗਿਆ।

ਇਸ ਦੇ ਵਿਚਕਾਰ ਹੀ ਚਾਹ ਆ ਗਈ। ਸਭ ਨੇ ਇਕ ਇਕ ਪਿਆਲੀ ਚਾਹ ਪੀਤੀ। ਸ਼ਾਟ ਲੈਣ ਤੋਂ ਪਹਿਲਾਂ ਤੇ ਪਿਛੋਂ ਆਪੋ ਵਿਚ ਨੋਕ ਝੋਂਕ ਤੇ ਲਤੀਫੇਬਾਜ਼ੀ ਚਲਦੀ ਰਹਿੰਦੀ। ਜਦ ਹੀਰੋਇਨ-ਗੀਤਾ ਸਿਨਹਾ-ਮਜੇ ਲੈ ਲੈ ਮਟਰ ਖਾ ਰਹੀ ਸੀ. ਤਾਂ ਉਪਰੋਂ ਮੋਹਨੀ (ਇਸ ਪਰਿਵਾਰ ਦੀ ਨੌਕਰਾਣੀ ਦੀ ਆਵਾਜ਼ ਆਈ. "ਗੀਤਾ. ਸਾਰੇ ਮਟਰ ਨਾ ਖਾ ਜਾਈਂ। ਹਾਲੀਂ ਪਤਾ ਨਹੀਂ ਕਦ ਤੀਕ ਇਹ ਸੀਨ ਜਾਰੀ ਰਹਿਣਾ ਹੈ?" ਗੀਤਾ ਅਗੇ ਬੋਲੀ. "ਚੁਪ ਰਹਿ. ਅਠ ਰੁਪਏ ਮਹੀਨੇ ਦੀ ਨੌਕਰਾਣੀ ਆਪਣੀ ਮਾਲਕਣ ਨੂੰ ਮਤਾਂ ਦੇਂਦੀ ਹੈ।" ਇਸ ਚੋਟ ਨਾਲ ਖੂਬ ਹਾਸਾ ਮਚਿਆ। ਸਵੇਰ ਦੇ ਗਿਆਰਾਂ ਵਜੇ ਤੋਂ ਬੈਠੇ ਬੈਠੇ ਹੁਣ ਤਿੰਨ ਵਜ ਗਏ ਸਨ। ਬਲਰਾਜ ਜੀ ਨੇ ਕਿਹਾ. "ਦਾਤਾ ਜੀ! ਤੁਸੀਂ ਖਾਣਾ ਖਾਣ ਜਾਣਾ ਹੋਣੈ। ਅਸੀਂ ਪਤਾ ਨਹੀਂ, ਕਿਸ ਵੇਲੇ ਇਥੋਂ ਉਠੀਏ। ਸੋ ਜੇ ਜਾਣਾ ਚਾਹੋ. ਤਾਂ ਮੇਰੀ ਕਾਰ ਤੁਹਾਨੂੰ ਛਡ ਆਵੇਗੀ।"

ਅਸੀਂ ਆਪਣੀ ਰਿਹਾਇਸ਼ ਵਾਲੀ ਥਾਂ ਵਲ ਤੁਰ ਪਏ। ਜਦੋਂ ਸਾਡੀ ਕਾਰ ਇਕ ਭੀੜ ਵਾਲੇ ਬਾਜ਼ਾਰ ਵਿਚੋਂ ਲੰਘ ਰਹੀ ਸੀ. ਤਾਂ ਅਚਾਨਕ ਇਕ ਬੱਚਾ ਕਾਰ ਹੇਠਾਂ ਆ ਗਿਆ। ਕਾਰ ਇਕ ਦਮ ਖੜੋ ਗਈ। ਜਾਪਦਾ ਸੀ. ਕਿ ਬੱਚਾ ਕੁਚਲਿਆ ਗਿਆ ਹੋਵੇਗਾ. ਪਰ ਖੁਸ਼ਕਿਸਮਤੀ ਨਾਲ ਉਹ ਸਾਫ ਬਚ ਗਿਆ ਸੀ। ਉਸ ਨੂੰ ਮਾੜੀ ਜੇਹੀ ਝਰੀਟ ਆਈ. ਪਰ ਕਾਰ ਦੀ ਟਕਰ ਨਾਲ ਉਹ ਸਖਤ ਘਬਰਾ ਗਿਆ ਸੀ। ਲੋਕੀ ਕਠੇ ਹੋ ਗਏ ਤੇ ਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਘੇਰੇ ਵਿਚ ਲੈ ਲਈ ਗਈ। ਕਾਰ ਵਿਚ ਬੈਠੇ ਅਸੀਂ ਚਾਰ ਪੰਜ ਬੰਦੇ ਵੀ ਇਸ ਅਚਾਨਕ ਹਾਦਸੇ ਨਾਲ ਘਬਰਾ ਗਏ। ਮੈਂ ਸੋਚ ਰਿਹਾ ਸੀ ਕਿ ਇਡੀ ਦਿਲਚਸਪ ਸ਼ੂਟਿੰਗ ਮਗਰੋਂ ਅਸੀਂ ਆਪਣੇ ਸਨੇਹੀਆ ਦੇ ਘਰ ਖਾਣਾ ਖਾਣ ਜਾਣ ਦੀ ਬਜਾਏ. ਹੁਣ ਸਿਧੇ ਥਾਣੇ ਜਾ ਪੁਜਾਂਗੇ। ਤਿੰਨ ਬੀਬੀਆਂ ਵੀ ਸਾਡੇ ਨਾਲ ਸਨ। ਮੋਹਣੀ ਇਕ ਦਮ ਕਾਰ ਤੋਂ ਹੇਠਾਂ ਉਤਰੀ। ਉਸ ਨੇ ਬੱਚੇ ਨੂੰ ਆਪਣੇ ਕੁਛੜ ਚੁਕ ਦਿਲਾਸਾ ਦਿੱਤਾ। ਲੋਕੀ ਡਰਾਈਵਰ ਨੂੰ ਕੋਸ ਰਹੇ ਸਨ। ਉਸ ਨੇ ਵੀ ਡਰਾਈਵਰ ਨੂੰ ਤੇਜ਼ ਅਰ ਬੇਪ੍ਰਵਾਹੀ ਨਾਲ ਚਲਣ ਕਾਰਨ ਬਣਾਉਟੀ ਜਿਹੀ ਝਾੜ ਝੰਬ ਪਾਈ। ਮੁੰਡੇ ਦੀ ਮਾਂ ਨੂੰ ਤਸਲੀ ਦਿਤੀ. ਕਿ ਮੁੰਡਾ ਬਿਲਕੁਲ ਠੀਕ ਠਾਕ ਹੈ। ਕੋਈ ਚਿੰਤਾ ਦੀ ਗੱਲ ਨਹੀਂ। ਇਹ ਕਹਿ ਕੇ ਗਰੀਬ ਮਾਂ ਦੀ ਤਲੀ ਤੇ ਉਸ ਨੇ ਦਸਾਂ ਦਾ ਨੋਟ ਟਿਕਾ ਦਿਤਾ। ਮਾਂ ਤੇ ਬੱਚਾ ਦੋਵੇ ਨੋਟ ਵੇਖ ਉਛਲ ਪਏ ਤੇ ਇਸ ਤਰ੍ਹਾਂ ਤਮਾਸ਼ਾ ਵੇਖਣ ਕਠੀ ਹੋਈ ਲੁਕਾਈ ਦੀਆਂ ਹਸਰਤਾਂ ਖਾਕ ਵਿਚ ਮਿਲਾ, ਮਾਂ ਪੁਤਰ ਨੂੰ ਹੌਸਲਾ ਦੇ ਕੇ ਮੋਹਨੀ ਕਾਰ ਵਿਚ ਆ ਬੈਠੀ ਤੇ ਕਾਰ ਆਪਣੀ ਮੰਜਲ ਵਲ ਤੁਰ ਪਈ।

ਜਦੋਂ ਇਸ ਨਿੱਕੇ ਜਿਹੇ ਹਾਦਸੇ ਬਾਰੇ ਬਲਰਾਜ ਜੀ ਨੂੰ ਦਸਿਆ. ਤਾਂ ਉਨ੍ਹਾਂ ਆਪਣੇ ਨਾਲ ਬੀਤੀ ਘਟਨਾ ਸੁਣਾਈ :

"ਅਜ ਤੋਂ ਕਈ ਸਾਲ ਪਹਿਲਾਂ ਇਕ ਦਿਨ ਬੰਬਈ ਦੀਆਂ ਸੜਕਾਂ ਤੇ ਮੈਂ ਮੋਟਰ ਚਲਾ ਰਿਹਾ ਸਾਂ। ਮੈਨੂੰ ਸਾਹਮਣਿਓਂ ਇਕ ਸਾਈਕਲ ਸਵਾਰ ਆਉਂਦਾ ਨਜ਼ਰ ਆਇਆ। ਜਦ ਉਹ ਸਾਡੀ ਕਾਰ ਦੇ ਕਰੀਬ ਆਇਆ. ਤਾਂ ਉਹ ਚਾਣਚਕ ਸੜਕ ਦੇ ਬਿਲਕੁਲ ਵਿਚਕਾਰ ਆ ਗਿਆ।

"ਉਸ ਦੀ ਸਾਈਕਲ ਕਾਰ ਹੇਠਾਂ ਆ ਗਈ ਤੇ ਉਹ ਟਪ ਕੇ ਕਾਰ ਦੇ ਬਾਨਟ ਤੇ ਆਣ ਚੜ੍ਹਿਆ। ਮੈਂ ਇਕ ਦਮ ਕਾਰ ਰੋਕਣ ਦੀ ਕੀਤੀ, ਪਰ ਇਸ ਅਚਾਨਕ ਹੋਏ ਹਾਦਸੇ ਨਾਲ ਆਪਣੇ ਵੀ ਹੋਸ਼-ਹਵਾਸ ਪੂਰੀ ਤਰ੍ਹਾਂ ਕਾਇਮ ਨਾ ਰਹਿ ਸਕੇ। ਸੋ ਮੈਂ ਬਰੇਕ ਦਬਾਣ ਦੀ ਥਾਂ ਸਪੀਡ ਵਾਲੀ ਕਿਲੀ ਹੀ ਦਬਾਈ ਜਾਵਾਂ. ਜਿਸ ਨਾਲ ਕਾਰ ਹੋਰ ਤੇਜ਼ ਹੋ ਗਈ। ਪਰ ਇਸ ਨਾਲ ਇਕ ਫਾਇਦਾ ਇਹ ਹੋਇਆ. ਕਿ ਕਾਰ ਉਥੇ ਹੀ ਰੁਕ ਜਾਣ ਦੀ ਥਾਂ ਫਰਲਾਂਗ ਕੁ ਦੂਰ ਜਾ ਰੁਕੀ. ਵਰਨਾ ਪਹਿਲੀ ਥਾਂ ਰੋਕਣ ਤੇ ਭੀੜ ਨੇ ਘੇਰਾ ਘੱਤ ਲੈਣਾ ਸੀ।

"ਕਾਰ ਰੁਕਣ ਤੇ ਮੈਂ ਤੇ ਮੇਰੇ ਸਾਥੀ ਨੇ ਉਸ ਬੰਦੇ ਨੂੰ ਬਾਨਟ ਤੋਂ ਉਤਾਰ. ਕਾਰ ਵਿਚ ਲਿਟਾਇਆ. ਤੇ ਸਿਧੇ ਅਸੀਂ ਹਸਪਤਾਲ ਜਾ ਪੁਜੇ। ਉਸ ਨੇ ਸ਼ਰਾਬ ਪੀਤੀ ਹੋਈ ਸੀ. ਤੇ ਉਹ ਅਚਾਨਕ ਇਸ ਹਾਦਸੇ ਕਾਰਨ ਬੇਹੋਸ਼ ਹੋ ਗਿਆ ਸੀ।

"ਹਸਪਤਾਲ ਦਾਖਲ ਕਰਾ ਕੇ ਮੈਂ ਥਾਣੇ ਜਾ ਰਪੋਰਟ ਕੀਤੀ, ਤੇ ਉਥੋਂ ਥਾਣੇਦਾਰ ਨਾਲ ਲੈ ਕੇ ਅਸੀਂ ਹਾਦਸੇ ਵਾਲੀ ਥਾਂ ਪੁਜੇ। ਉਸ ਬੰਦੇ ਦੀ ਸਾਈਕਲ ਚਕਨਾ ਚੂਰ ਹੋਈ ਪਈ ਸੀ. ਤੇ ਕਾਫੀ ਗਿਣਤੀ ਵਿਚ ਲੋਕੀ ਸਾਈਕਲ ਗਿਰਦ ਇਕੱਠੇ ਹੋਏ ਹੋਏ ਸਨ। ਸ਼ਰਾਬੀ ਦੀ ਪਤਨੀ ਵੀ ਉਥੇ ਹੀ ਸੀ। ਉਸ ਦਸਿਆ. "ਮੇਰਾ ਘਰ ਵਾਲਾ ਪੜ੍ਹਿਆ ਲਿਖਿਆ ਨੌਜਵਾਨ ਹੈ. ਪਰ ਉਹ ਬੇਕਾਰ ਹੋਣ ਕਰ ਕੇ ਜ਼ਿੰਦਗੀ ਤੋਂ ਮਾਯੂਸ ਹੋ ਗਿਆ ਸੀ। ਉਸ ਨੇ ਅਜ ਪਹਿਲੀ ਵਾਰ ਹੀ ਬੇਕਾਰੀ ਦਾ ਗ਼ਮ ਗਲਤ ਕਰਨ ਲਈ ਸ਼ਰਾਬ ਪੀਤੀ ਸੀ ਤੇ ਕੰਮ ਨਾ ਮਿਲਣ ਕਾਰਨ ਅਜ ਸ਼ਾਮ ਨੂੰ ਉਹ ਆਪਣੇ ਘਰ ਆ ਰਿਹਾ ਸੀ. ਕਿ ਅਚਾਨਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਉਹ ਇਸ ਹਾਦਸੇ ਦੀ ਲਪੇਟ ਵਿਚ ਆ ਗਿਆ।"

ਅੰਤ ਸ਼ਰਾਬੀ ਦੀ ਪਤਨੀ ਨੂੰ ਬਲਰਾਜ ਜੀ ਨੇ ਸੌ ਰੁਪਏ ਦਾ ਨੋਟ ਭੇਟ ਕੀਤਾ ਤੇ ਇਸ ਤਰ੍ਹਾਂ ਇਸ ਅਚਾਨਕ ਆ ਪਈ ਮੁਸੀਬਤ ਦਾ ਭੋਗ ਪੈ ਗਿਆ।

ਮੈਂ ਆਪਣੇ ਮਿੱਤਰ ਸ੍ਰ. ਦੀਵਾਨ ਸਿੰਘ ਮਫਤੂਨ ਐਡੀਟਰ ਰਿਆਸਤ ਨੂੰ ਬਲਰਾਜ ਜੀ ਦੀ ਇਹ ਕਥਾ ਸੁਣਾਈ, ਤਾਂ ਉਹ ਕਹਿਣ ਲਗੇ, "ਬਲਰਾਜ ਜੀ ਨੂੰ ਜੁਰਮਾਨਾ ਨਹੀਂ 'ਅਹਿਮਕਾਨਾ' ਦੇਣਾ ਪਿਆ ਸੀ", ਤੇ ਸਚਮੁਚ ਹਰ ਹਾਦਸੇ ਮਗਰੋਂ ਕੁਝ ਨਾ ਕੁਝ ਅਹਿਮਕਾਨਾ ਭੇਟਾ ਕਰਨਾ ਹੀ ਪੈਂਦਾ ਹੈ।

ਬਲਰਾਜ ਜੀ ਦੀ ਕਾਰ ਸਾਨੂੰ ਸਾਡੇ ਠਿਕਾਣੇ ਛਡ ਗਈ। ਸ਼ਾਮੀਂ ਚਾਰ ਕੁ ਵਜੇ ਅਸੀਂ ਦਿਨ ਦਾ ਖਾਣਾ ਖਾ ਕੇ ਬਲਰਾਜ ਨਾਲ ਤਾਜ ਵੇਖਣ ਤੁਰ ਪਏ। ਅਜ ਤਾਜ ਵੇਖਣ ਆਏ ਸੈਲਾਨੀਆਂ ਦਾ ਇਥੇ ਬੜਾ ਰਸ਼ ਸੀ। ਇਕ ਤਾਂ ਕਾਲਜ-ਸਕੂਲ ਬੰਦ ਸਨ, ਦੂਜੇ ਦਿੱਲੀ ਵਿਚ ਨੁਮਾਇਸ਼ ਸੀ। ਇਸ ਲਈ ਦੇਸ਼ ਭਰ ਤੇ ਵਿਦੇਸ਼ ਤੋਂ ਸੈਲਾਨੀਆਂ ਦੀਆਂ ਭੀੜਾਂ ਦੀਆਂ ਭੀੜਾਂ ਆਣ ਕਠੀਆਂ ਹੋਈਆਂ ਸਨ।

ਤਾਜ, ਦੁਨੀਆਂ ਦਾ ਅਤਿ ਹੁਸੀਨ ਅਜੂਬਾ-ਤਾਜ, ਜੋ ਪੁਕਾਰ ਪੁਕਾਰ ਸ਼ਾਹਜਹਾਨ ਤੇ ਮੁਮਤਾਜ਼ ਦੇ ਇਸ਼ਕ ਤੇ ਹੁਸਨ ਦੀ ਦਾਸਤਾਨ ਸੁਣਾ ਰਿਹਾ ਹੈ, ਸਾਡੇ ਸਾਹਮਣੇ ਖੜੋਤਾ ਸੀ।

ਸ਼ਾਹਜਹਾਨ ਦੀ ਬੇਗਮ ਮੁਮਤਾਜ਼ ਮਹੱਲ, ਜਿਸ ਦਾ ਪਹਿਲਾ ਨਾਂ ਅਰਜਮੰਦ ਬਾਨੋ ਬੇਗਮ ਸੀ ਦੀ ਯਾਦ ਵਿਚ ਸ਼ਾਹਜਹਾਨ ਨੇ ਪੂਰੇ 22 ਸਾਲਾਂ ਵਿਚ ਤਾਜ ਮਹੱਲ ਤਿਆਰ ਕਰਵਾਇਆ ਸੀ। ਅਰੰਭ ਵਿਚ ਇਸ ਦਾ ਨਾਂ 'ਤਾਜ ਬੀਬੀ ਕਾ ਰੋਜ਼ਾ' ਸੀ, ਜੋ ਹੌਲੀ ਹੌਲੀ ਵਿਗੜਦਾ ਤੇ ਬਦਲਦਾ 'ਤਾਜ ਮਹੱਲ' ਪ੍ਰਚਲਤ ਹੋ ਗਿਆ।

ਮੁਮਤਾਜ਼ ਦਾ ਅੰਤ ਸਮਾਂ ਵੇਖ ਸ਼ਾਹਜਹਾਨ ਨੇ ਬੇਗਮ ਤੋਂ ਉਸ ਦੀ ਅੰਤਲੀ ਇੱਛਾ ਬਾਰੇ ਪੁਛਿਆ, ਤਾਂ ਮੁਮਤਾਜ਼ ਕਹਿਣ ਲਗੀ, "ਜਹਾਂਪਨਾਹ! ਸ਼ਾਦੀ ਮਗਰੋਂ ਪਿਆਰਾਂ ਭਰੇ ਪੂਰੇ 18 ਸਾਲ ਦੇ ਮੁਹੱਬਤ ਭਰਪੂਰ ਜੀਵਨ ਦੀ ਯਾਦ ਵਿਚ ਤੁਸੀਂ ਮੇਰੀ ਐਸੀ ਯਾਦਗਾਰ ਕਾਇਮ ਕਰਨੀ, ਜਿਸ ਨੂੰ ਦੂਰੋਂ ਦੂਰੋਂ ਲੋਕੀ ਵੇਖਣ ਆਉਣ।" ਸੋ ਸ਼ਾਹਜਹਾਨ ਨੇ ਇਸ ਯਾਦਗਾਰੀ ਅਜੂਬੇ ਨੂੰ ਤਿਆਰ ਕਰਨ ਲਈ 20 ਹਜ਼ਾਰ ਮਜ਼ਦੂਰ, ਰਾਜ, ਮਿਸਤਰੀ, ਪਥਰ ਘਾੜੇ ਤੇ ਸੋਨੇ ਦੇ ਵਪਾਰੀਆਂ ਦੀ ਇਕ ਤਕੜੀ ਫੌਜ ਦਿਨ ਰਾਤ ਕੰਮ ਕਰਦੀ ਰਹੀ, ਤੇ ਇਸ ਤਰ੍ਹਾਂ ਪੂਰੇ ਬਾਰਾਂ ਸਾਲਾਂ ਵਿਚ ਤਾਜ ਮਹੱਲ ਉਸਰਿਆ। ਇਸ ਵਿਚ ਲਗਾ ਸੰਗਮਰਮਰ ਮਕਰਾਨਾ ਤੋਂ ਲਿਆਂਦਾ ਗਿਆ, ਲਾਲ ਪੱਥਰ ਸੀਕਰੀ ਤੋਂ, ਤੇ ਹੋਰ ਕਈ ਕੀਮਤੀ ਪੱਥਰ, ਹਿੰਦੁਸਤਾਨ, ਪਰਸ਼ੀਆ ਤੇ ਕੇਂਦਰੀ ਏਸ਼ੀਆ ਦੇ ਮੁਲਕਾਂ ਤੋਂ ਮੰਗਾਏ ਗਏ। 30 ਮੀਟਰ ਉਚੇ ਸੰਗਮਰਮਰ ਤੇ ਹੋਰ ਕਈ ਕਿਸਮਾਂ ਦੇ ਕੀਮਤੀ ਪਥਰਾਂ ਦੇ ਅਤਿ ਸੁੰਦਰ ਗੇਟ ਤੇ ਕੁਰਾਨ ਦੀਆਂ ਅਰਬੀ ਵਿਚ ਲਿਖੀਆਂ ਆਇਤਾਂ ਅੰਕਤ ਹਨ। ਇਸ ਦੇ ਚੁਪਾਸੀਂ ਬੜੇ ਸੁੰਦਰ ਫਵਾਰੇ ਤੇ ਬਾਗ ਹਨ। ਬਾਗਾਂ ਵਿਚ ਰੰਗ-ਰੰਗ ਦੇ ਫੁਲ ਖੁਸ਼ਬੂਆਂ ਖਿਲਾਰਦੇ ਸ਼ਾਹਜਹਾਨ ਤੇ ਮੁਮਤਾਜ਼ ਦੇ ਪਿਆਰ ਦੀ ਯਾਦ ਦਿਲਾਂਦੇ ਹਨ।

ਸ਼ਾਹਜਹਾਨ ਨੇ ਆਪਣੀ ਬੇਗਮ ਦੀ ਯਾਦ ਵਿਚ ਇਹ ਦੁਨੀਆਂ ਦਾ ਅਤਿ ਸੁੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਅਜੂਬਾ ਤਿਆਰ ਕਰਵਾਇਆ, ਪਰ ਕਿਸਮਤ ਦੀ ਸਿਤਮਜ਼ਰੀਫੀ ਵੇਖੋ, ਕਿ ਉਸ ਆਪਣੇ ਜੀਵਨ ਦੇ ਅੰਤਲੇ ਸਾਲ ਦਰਿਆ ਜਮਨਾ ਦੇ ਕਿਨਾਰੇ ਤਾਜ ਮਹੱਲ ਤੋਂ ਥੋਹੜੀ ਦੂਰ ਲਾਲ ਕਿਲ੍ਹੇ ਵਿਚ ਕੈਦੀ ਦੀ ਹਾਲਤ ਵਿਚ ਗੁਜ਼ਾਰੇ। ਕੈਦ ਸਮੇਂ ਉਹ ਆਪਣੀ ਪਿਆਰੀ ਮੁਮਤਾਜ਼ ਬੇਗਮ ਦੇ ਫਿਰਾਕ ਵਿਚ ਅਥਰੂ ਵਹਾਂਦਾ ਰਹਿੰਦਾ ਸੀ। ਉਹ ਕਿਲ੍ਹੇ ਤੋਂ ਹੀ ਆਪਣੀ ਪਿਆਰੀ ਬੇਗਮ ਦੇ ਰੋਜ਼ੇ ਦੇ ਦਰਸ਼ਨ ਕਰ ਲਿਆ ਕਰਦਾ ਸੀ ਤੇ ਅੰਤ ਜਦ ਉਹ 23 ਜਨਵਰੀ 1666 ਦੀ ਅੱਤ ਠੰਡੀ ਯੱਖ ਰਾਤ ਨੂੰ ਤਾਜ ਦੇ ਦਰਸ਼ਨਾਂ ਲਈ ਲਖਾਂ ਹਸਰਤਾਂ ਦਿਲ ਵਿਚ ਛੁਪਾਈ ਅਲਾ ਨੂੰ ਪਿਆਰਾ ਹੋ ਗਿਆ, ਤਾਂ ਉਸ ਦੀ ਲਾਸ਼ ਨੂੰ ਕਿਸ਼ਤੀ ਰਾਹੀਂ ਤਾਜ ਮਹੱਲ ਵਿਚ ਪੁਚਾਇਆ ਗਿਆ। ਉਸ ਦੀ ਵਸੀਅਤ ਮੁਤਾਬਕ ਉਸ ਨੂੰ ਆਪਣੀ ਪਿਆਰੀ ਬੇਗਮ ਦੇ ਨੇੜੇ ਹੀ ਬਣੀ ਕਬਰ ਵਿਚ ਦਫਨਾ ਦਿਤਾ ਗਿਆ, ਜਿਸ ਤੋਂ ਵਿਛੜਿਆਂ ਉਸ ਨੂੰ ਪੂਰੇ 36 ਸਾਲ ਹੋ ਗਏ ਸਨ। ਇਸ ਤਰ੍ਹਾਂ ਇਸ ਪਿਆਰ ਦਾ ਅੰਤ ਹੋ ਗਿਆ :

ਦੁਨੀਆਂ ਕਾ ਤਮਾਸ਼ਾ ਦੇਖ ਲੀਆ, ਗਮਗੀਨ ਸੀ ਹੈ ਬੇਤਾਬ ਸੀ ਹੈ।
ਉਮੀਦ ਯਹਾਂ ਇਕ ਵਹਿਮ ਸਾ ਹੈ, ਤਸਕੀਂ ਯਹਾਂ ਇਕ ਖ਼ਾਬ ਸੀ ਹੈ।
ਦੁਨੀਆਂ ਮੇਂ ਖੁਸ਼ੀ ਕਾ ਨਾਮ ਨਹੀਂ, ਦੁਨੀਆਂ ਮੇਂ ਖੁਸ਼ੀ ਨਾਯਾਬ ਸੀ ਹੈ।
ਦੁਨੀਆ ਮੇਂ ਖੁਸ਼ੀ ਕੋ ਯਾਦ ਨਾ ਕਰ, ਐ ਇਸ਼ਕ ਹਮੇਂ ਬਰਬਾਦ ਨਾ ਕਰ।

12 ਦਸੰਬਰ ਸਵੇਰੇ ਸਵੇਰੇ ਉਠੇ। ਬਲਰਾਜ ਜੀ ਨੂੰ ਹੋਟਲ ਮਿਲਣ ਪਹੁੰਚੇ। ਅਜ ਸਾਡਾ ਫਤਹਿਪੁਰ ਸੀਕਰੀ ਵੇਖਣ ਦਾ ਪ੍ਰੋਗਰਾਮ ਸੀ। ਬਲਰਾਜ ਹੋਰਾਂ ਦੀ ਅਜ ਵੀ ਸ਼ੂਟਿੰਗ ਹੋਣੀ ਸੀ। ਸਾਨੂੰ ਉਹ ਫਤਹਿਪੁਰ ਸੀਕਰੀ ਦੇ ਬਸ ਅੱਡੇ ਤੇ ਛੱਡ ਆਏ।

ਆਗਰੇ ਦੀ ਸੈਰ ਖਤਮ ਹੋਣ ਸਮੇਂ ਬਲਰਾਜ ਸਾਹਨੀ ਨੇ ਮੈਨੂੰ ਬੰਬਈ ਆਣ ਲਈ ਨਿਮੰਤ੍ਰਣ ਦਿਤਾ। ਮੈਂ ਇਕਰਾਰ ਕਰ ਲਿਆ, ਤੇ ਇਸਤਰ੍ਹਾਂ ਆਪਣੇ ਮਿਤਰ ਦੀ ਅੰਤਮ ਪਿਆਰ ਗਲਵਕੜੀ ਮਗਰੋਂ ਸ਼ਾਮੀਂ ਸਤ ਵਜੇ ਅਸੀਂ ਸਟੇਸ਼ਨ ਤੇ ਤਾਜ ਫੜਨ ਲਈ ਜਾ ਪੁਜੇ।

'ਗਰਮ ਹਵਾ' ਦੀ ਸ਼ੂਟਿੰਗ ਮਗਰੋਂ ਬੰਬਈ ਤੋਂ ਵੀ ਬਲਰਾਜ ਨਾਲ ਖਤੋ-ਕਤਾਬਤ ਜਾਰੀ ਰਹੀ। ਦਿੱਲੀ ਵਾਲੀ ਪਹਿਲੀ ਮੁਲਾਕਾਤ ਤੋਂ ਦੋ ਸਾਲ ਪਹਿਲਾਂ ਇਕ ਚਿੱਠੀ ਵਿਚ ਬਲਰਾਜ ਸਾਹਨੀ ਨੇ ਲਿਖਿਆ ਸੀ, ਕਿ ਮੈਂ ਕੁਝ ਮਾਇਆ ਕਿਸੇ ਲੋੜਵੰਦ ਪੰਜਾਬੀ ਸਾਹਿਤਕਾਰ ਨੂੰ ਘਲਣਾ ਚਾਹੁੰਦਾ ਹਾਂ। ਇਸ ਬਾਰੇ ਉਸ ਨੇ ਮੇਰੀ ਰਾਏ ਮੰਗੀ ਸੀ।

ਉਨੀ ਦਿਨੀ ਬਾਵਾ ਬਲਵੰਤ ਦੀ ਆਰਥਕ ਹਾਲਤ ਬੜੀ ਡਾਵਾਂਡੋਲ ਸੀ। ਮੈਂ ਬਲਰਾਜ ਜੀ ਨੂੰ ਲਿਖਿਆ, ਕਿ ਜੇ ਇਕ ਸੌ ਰੁਪਿਆ ਮਾਸਕ ਬਾਵਾ ਬਲਵੰਤ ਜੀ ਨੂੰ ਘਲ ਦਿਤਾ ਜਾਏ, ਤਾਂ ਉਹ ਆਰਥਕ ਤੌਰ ਤੇ ਸੌਖੇ ਹੋ ਜਾਣਗੇ। ਮੇਰੇ ਸੁਝਾਅ ਮੁਤਾਬਕ ਬਲਰਾਜ ਨੇ ਮੇਰੇ ਰਾਹੀਂ ਇਕ ਸੌ ਰੁਪਿਆ ਮਾਸਕ ਮਨੀਆਰਡਰ ਘਲਣਾ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਇਕ ਸੌ ਰੁਪਿਆ ਮਾਸਕ ਬਾਵਾ ਜੀ ਨੂੰ ਉਨ੍ਹਾਂ ਦੀ ਮ੍ਰਿਤੂ ਤੀਕ ਪਹੁੰਚਦਾ ਰਿਹਾ।

ਮੇਰੀ ਹਾਸ-ਵਿਅੰਗ ਪੁਸਤਕ ਵਿਚ ਛਪਣ ਲਈ ਉਸ ਨੇ ਆਪਣੀ ਇਕ ਪਿਆਰੀ ਰਚਨਾ ਘਲੀ, ਤੇ ਇਕਰਾਰ ਕੀਤਾ, ਕਿ ਇਸ ਪੁਸਤਕ ਦੇ ਉਦਘਾਟਨੀ ਸਮਾਗਮ ਸਮੇਂ ਉਹ ਜ਼ਰੂਰ ਸ਼ਾਮਲ ਹੋਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



10-11 ਅਪਰੈਲ 1973 ਵਿਚ ਦਿੱਲੀ ਵਿਚ ਸਤਵੀਂ ਕੁਲ ਹਿੰਦ ਪੰਜਾਬੀ ਲੇਖਕ ਕਾਨਫਰੰਸ ਹੋ ਰਹੀ ਸੀ। ਉਸ ਵਿਚ ਬਲਰਾਜ ਸਾਹਨੀ ਨੇ ਸ਼ਾਮਲ ਹੋਣਾ ਸੀ। ਕਾਨਫਰੰਸ ਤੋਂ ਇਕ ਦਿਨ ਮਗਰੋਂ 12 ਅਪਰੈਲ ਸੰਨ 1973 ਨੂੰ ਪੰਜਾਬੀ ਸਾਹਿਤ ਸਭਾ ਦਿੱਲੀ ਨੇ ਮੇਰੀ ਵਿਅੰਗ ਪੁਸਤਕ "ਪਿਆਰਾ ਸਿੰਘ ਤੇ ਉਸਦਾ ਹਾਸ ਵਿਅੰਗ" ਨੂੰ ਰੀਲੀਜ਼ ਕਰਨ ਦਾ ਪ੍ਰੋਗਰਾਮ ਮਿਥ ਦਿਤਾ। ਇਸ ਸਮਾਗਮ ਦੇ ਪ੍ਰਧਾਨ ਲੋਕ ਸਭਾ ਦੇ ਸਪੀਕਰ ਸ੍ਰ. ਗੁਰਦਿਆਲ ਸਿੰਘ ਢਿਲੋਂ ਤੇ ਮੁਖ ਮੰਤਰੀ ਪੰਜਾਬ ਗਿ. ਗੁਰਮੁਖ ਸਿੰਘ ਮੁਸਾਫਰ ਮੁਖ ਮਹਿਮਾਨ ਸਨ। ਪੁਸਤਕ ਨੂੰ ਰਿਲੀਜ਼ ਕਰਨਾ ਸੀ ਮੇਰੇ ਪਿਆਰੇ ਮਿਤਰ ਬਲਰਾਜ ਸਾਹਨੀ ਨੇ। ਪੰਜਾਬੀ ਕਾਨਫਰੰਸ ਤੇ ਪੰਜਾਬੀ ਸਾਹਿਤ ਸਭਾ ਦਾ ਸਮਾਗਮ ਦੋਵੇਂ ਸਮਾਪਤ ਹੋ ਗਏ, ਪਰ ਬਲਰਾਜ ਸਾਹਨੀ ਨਾ ਆ ਸਕੇ। 13 ਅਪਰੈਲ ਰਾਤ ਦੀਆਂ ਖਬਰਾਂ ਵਿਚ ਰੇਡੀਓ ਤੋਂ ਉਨ੍ਹਾਂ ਦੀ ਮੌਤ ਦੀ ਖਬਰ ਸੁਣੀ। ਸੁਣ ਕੇ ਦਿਲ ਬੈਠ ਗਿਆ। ਕਿਥੇ ਉਨ੍ਹਾਂ ਨੇ ਦਿੱਲੀ ਦੇ ਦੋਵੇਂ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਮਗਰੋਂ ਬੰਬਈ ਛੱਡ ਪ੍ਰੀਤਨਗਰ ਜਾ ਡੇਰਾ ਲਾਣਾ ਸੀ, ਤੇ ਕਿਥੇ ਅਜ ਸਭ ਕੁਝ ਛਡ ਛਡਾ ਉਹ ਪ੍ਰਭੂ ਚਰਨਾਂ ਵਿਚ ਜਾ ਬਰਾਜੇ। ਵਜੀਦ ਨੇ ਠੀਕ ਹੀ ਤਾਂ ਕਿਹਾ ਹੈ :

ਵਜੀਦਾ ਕੌਣ ਸਾਹਿਬ ਨੂੰ ਆਖੇ ਇੰਞ ਨਹੀਂ ਇੰਞ ਕਰ।

## ਸਾਹਿਤ ਪ੍ਰੇਮੀ – ਡਾ: ਐਮ.ਐਸ. ਰੰਧਾਵਾ

ਡਾ: ਮਹਿੰਦਰ ਸਿੰਘ ਰੰਧਾਵਾ ਨਾਲ ਮੇਰੀ ਪਹਿਲੀ ਮੁਲਾਕਾਤ ਲਾਹੌਰ ਵਿਚ 1942 ਵਿਚ ਪ੍ਰੀਤਨਗਰ ਸ਼ਾਪ ਨਿਸਬਤ ਰੋਡ ਲਾਹੌਰ ਵਿਚ ਹੋਈ। ਉਸ ਤੋਂ ਪਹਿਲਾਂ ਮੈਂ ਉਨ੍ਹਾਂ ਦਾ ਨਾਂ ਸੁਣਿਆ ਹੋਇਆ ਸੀ। ਉਹ ਅਲਾਹਬਾਦ ਵਿਚ ਜਾਇੰਟ ਮੈਜਿਸਟਰੇਟ ਸਨ।

ਇਹ ਮਿਲਣੀ ਬੜੀ ਸੰਖੇਪ ਜੇਹੀ ਸੀ। ਇਸ ਪਿਛੋਂ ਤਿੰਨ-ਚਾਰ ਸਾਲ ਲੰਘ ਗਏ। 1947 ਦੇ ਦਿਨ ਆ ਗਏ। ਅਸੀਂ ਰਾਵਲਪਿੰਡੀ ਤੇ ਲਾਹੌਰ ਤੋਂ ਉਜੜ ਕੇ ਪ੍ਰੀਤਨਗਰ ਆ ਗਏ, ਪਰ ਪ੍ਰੀਤਨਗਰ ਵੀ ਬਿਲਕੁਲ ਬਾਰਡਰ ਤੇ ਹੋਣ ਕਾਰਣ ਹਰ ਘੜੀ ਖਤਰੇ ਵਿਚ ਰਹਿੰਦਾ ਸੀ। ਅਗਸਤ-ਸਤੰਬਰ ਦੇ ਦਿਨ ਆ ਗਏ। ਬੜੇ ਭਿਆਨਕ ਦਿਨ ਸਨ ਇਹ। ਕਈ ਵਾਰ ਅਚਾਨਕ ਸ਼ੋਰ ਪੈ ਜਾਂਦਾ ਤੇ ਲੋਕੀ ਸਭ ਕੁਝ ਛੱਡ ਛਡਾ ਕੇ ਨਠ ਤੁਰਦੇ। ਉਨ੍ਹਾਂ ਹਾਲਾਤ ਵਿਚ ਪ੍ਰੀਤਨਗਰ ਰਹਿਣਾ ਮੌਤ ਨੂੰ ਸੱਦਾ ਦੇਣਾ ਸੀ। ਸਾਰੇ ਪ੍ਰੀਤਨਗਰ ਨਿਵਾਸੀ ਬੜੀ ਮੁਸੀਬਤ ਵਿਚ ਫਸੇ ਸਨ, ਤੇ ਇਸ ਉਲਝਣ 'ਚੋਂ ਨਿਕਲਣ ਦਾ ਕੋਈ ਰਾਹ ਨਹੀਂ ਸੀ ਦਿਸਦਾ।

ਓਦੋਂ ਰੰਧਾਵਾ ਸਾਹਿਬ ਦਿੱਲੀ ਦੇ ਡਿਪਟੀ ਕਮਿਸ਼ਨਰ ਸਨ। ਪ੍ਰੀਤਨਗਰ ਵਾਸੀਆਂ ਨੂੰ ਇਕੋ ਇਕ ਚਾਨਣਾ ਦਿਸਿਆ, ਕਿ ਇਸ ਔਖੀ ਘੜੀ ਸਮੇਂ ਰੰਧਾਵਾ ਸਾਹਿਬ ਤੋਂ ਸਹਾਇਤਾ ਪ੍ਰਾਪਤ ਕੀਤੀ ਜਾਵੇ। ਉਨ੍ਹੀਂ ਦਿਨੀਂ ਪ੍ਰੀਤਨਗਰੋਂ ਦਿੱਲੀ ਪਹੁੰਚਣਾ ਇਕ ਤਕੜੀ ਮੁਹਿੰਮ ਸੀ, ਪਰ ਫਿਰ ਵੀ ਸ੍ਰ: ਗੁਰਬਖਸ਼ ਸਿੰਘ ਦਿੱਲੀ ਗਏ ਤੇ ਉਥੇ ਰੰਧਾਵਾ ਸਾਹਿਬ ਨੂੰ ਮਿਲੇ। ਉਨ੍ਹਾਂ ਨੇ ਸਰਦਾਰ ਜੀ ਨੂੰ ਫੌਰੀ ਦਿੱਲੀ ਪੁਜ ਜਾਣ ਦਾ ਮਸ਼ਵਰਾ ਦਿਤਾ। ਅਸੀਂ ਸਾਰੇ ਪ੍ਰੀਤਨਗਰੋਂ ਸਿਧੇ ਦਿੱਲੀ ਆ ਪੁਜੇ। ਇਸ ਤਰ੍ਹਾਂ ਰੰਧਾਵਾ ਸਾਹਿਬ ਦੀ ਕ੍ਰਿਪਾ ਨਾਲ ਪ੍ਰੀਤਨਗਰ ਦਾ ਕਾਫਲਾ ਮਹਿਰੌਲੀ ਆਣ ਵਸਿਆ। ਉਹ ਸਮਾਂ ਰੰਧਾਵਾ ਸਾਹਿਬ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬੜੀ ਘਾਲਣਾ ਦਾ ਯੁੱਗ ਸੀ। ਲਖਾਂ ਲੋਕੀ ਬਰਬਾਦ ਹੋ ਕੇ ਦਿੱਲੀ ਆ ਪੁਜੇ ਸਨ. ਉਨ੍ਹਾਂ ਨੂੰ ਧਰਵਾਸ ਤੇ ਠਿਕਾਣਾ ਦੇਣ ਦਾ ਕੰਮ ਜਿਵੇਂ ਰੰਧਾਵਾ ਸਾਹਿਬ ਨੇ ਆਪਣੇ ਸਿਰ ਲੈ ਲਿਆ ਸੀ। ਉਨ੍ਹੀਂ ਦਿਨੀਂ ਦਿੱਲੀ ਵਿਚ ਕਿੰਨੀ ਵਾਰ ਗੜਬੜ ਮਚੀ ਤੇ ਹਰ ਵਾਰ ਰੰਧਾਵਾ ਸਾਹਿਬ ਨੇ ਉਸ ਨੂੰ ਠਲ੍ਹ ਪਾਈ। ਇਨ੍ਹੀਂ ਦਿਨੀਂ ਉਹ ਆਪਣੇ ਦਫਤਰੀ ਕੰਮਾਂ ਤੋਂ ਵੇਹਲਿਆਂ ਹੋ ਕੇ ਮਹਿਰੋਲੀ ਵੀ ਆ ਜਾਂਦੇ। ਕੁਤਬ ਬਾਗ ਨੂੰ ਜਿਵੇਂ ਪਹਿਲੀ ਵਾਰ ਕੋਈ ਵਾਲੀ ਵਾਰਸ ਮਿਲਿਆ ਹੋਵੇ. ਉਜੜਿਆ ਪੁਜੜਿਆ ਬਾਗ ਹਰਾ ਭਰਾ ਹੋ ਗਿਆ ਤੇ ਤਰ੍ਹਾਂ ਤਰ੍ਹਾਂ ਦੇ ਫੁਲਾਂ ਨਾਲ ਲਹਿਲਹਾਣ ਲਗਾ।

ਰੰਧਾਵਾ ਜੀ ਨੇ ਦਿੱਲੀ ਦੇ ਚੁਪਾਸੀਂ ਲਾਇਬਰੇਰੀਆਂ ਦਾ ਇਕ ਜਾਲ ਜਿਹਾ ਵਿਛਾ ਦਿਤਾ। ਮਹਿਰੋਲੀ ਵਿਚ ਉਨ੍ਹਾਂ ਇਕ ਪਹਾੜੀ ਤੇ ਲਾਇਬ੍ਰੇਰੀ ਦੀ ਬੜੀ ਸੁੰਦਰ ਇਮਾਰਤ ਦੀ ਨੀਂਹ ਰੱਖੀ। ਇਕ ਦਿਨ ਇਸ ਇਮਾਰਤ ਤੇ ਲਾਇਬ੍ਰੇਰੀ ਦੀਆਂ ਪੁਸਤਕਾਂ ਲਈ ਉਨ੍ਹਾਂ ਨਗਰ ਨਿਵਾਸੀਆਂ ਦੀ ਮੀਟਿੰਗ ਬੁਲਾਈ। ਜਦ ਰੰਧਾਵਾ ਜੀ ਮੀਟਿੰਗ ਵਿਚ ਪੁਜੇ, ਤਾਂ ਪ੍ਰਬੰਧਕਾਂ ਨੇ ਉਨ੍ਹਾਂ ਤੇ ਆਪਣੇ ਬੈਠਣ ਲਈ ਚਾਰ ਕੁਰਸੀਆਂ ਦਾ ਪ੍ਰਬੰਧ ਕੀਤਾ ਸੀ, ਤੇ ਨਗਰ ਨਿਵਾਸੀਆਂ ਲਈ ਦਰੀ ਤੇ ਬੈਠਣ ਦਾ। ਰੰਧਾਵਾ ਸਾਹਿਬ ਆਏ, ਕੁਰਸੀਆਂ ਤੇ ਮੇਜ਼ ਚੁਕਾ ਕੇ ਪਰ੍ਹੇ ਰਖਾ ਦਿਤੇ ਤੇ ਆਪ ਲੋਕਾਂ ਵਿਚਕਾਰ ਬੈਠ ਗਏ। ਲੋਕੀ ਹੈਰਾਨ ਪ੍ਰੇਸ਼ਾਨ। ਕਿਥੇ ਅੰਗਰੇਜ਼ੀ ਸ਼ਾਸਨ ਸਮੇਂ ਮਾੜਾ ਮੋਟਾ ਅਫਸਰ ਵੀ ਪਾਸੋਂ ਲੰਘ ਜਾਏ, ਤੇ ਕਾਲਾ ਲੋਕ ਸਲਾਮ ਨਾ ਕਰੇ, ਤਾਂ ਸਮਝੋ ਉਸ ਦੀ ਸ਼ਾਮਤ ਆ ਗਈ, ਤੇ ਅਜ ਇਹ ਆਜ਼ਾਦ ਭਾਰਤ ਦਾ ਡਿਪਟੀ ਕਮਿਸ਼ਨਰ, ਸਾਰੀ ਦਿੱਲੀ ਦਾ ਮਾਲਕ, ਉਨ੍ਹਾਂ ਵਿਚਕਾਰ ਬੈਠ ਕੇ ਉਨ੍ਹਾਂ ਨਾਲ ਗੱਲਾਂ ਕਰ ਰਿਹਾ ਸੀ।

ਉਸ ਦਿਨ ਨਗਰ ਨਿਵਾਸੀਆਂ ਨੇ ਪਹਿਲੀ ਵਾਰ ਮਹਿਸੂਸਿਆ, ਕਿ ਸਚਮੁਚ ਦੇਸ਼ ਨੂੰ ਅਜ਼ਾਦੀ ਪ੍ਰਾਪਤ ਹੋ ਗਈ ਹੈ। ਰੰਧਾਵਾ ਸਾਹਿਬ ਨੇ ਚੰਦ ਮਿੰਟਾਂ ਵਿਚ ਬੜੇ ਸੰਖੇਪ ਸ਼ਬਦਾਂ ਵਿਚ ਲੋਕਾਂ ਨੂੰ ਦਸਿਆ, ਕਿ ਇਥੇ ਲਾਇਬ੍ਰੇਰੀ ਲਈ ਇਮਾਰਤ ਬਣਾਣੀ ਹੈ। ਉਸ ਵਿਚ ਤੁਹਾਡੇ ਤੇ ਤੁਹਾਡੇ ਬਚਿਆਂ ਦੇ ਪੜ੍ਹਨ ਲਈ ਪੁਸਤਕਾਂ ਰਖੀਆਂ ਜਾਣੀਆਂ ਹਨ। ਸੋ ਇਸ ਨੇਕ ਕੰਮ ਲਈ ਆਪਣੀ ਕਮਾਈ 'ਚੋਂ ਜੋ ਦੇ ਸਕਦੇ ਹੋ, ਦੇਵੋ। ਲੋਕਾਂ ਨੇ ਰੰਧਾਵਾ ਜੀ ਦੇ ਬਚਨਾਂ ਤੇ ਫੁਲ ਚੜ੍ਹਾਏ, ਤੇ ਮਿੰਟਾਂ ਵਿਚ ਲੋੜੀਂਦੀ ਮਾਇਆ ਇਕੱਤਰ ਹੋ ਗਈ। ਇਸ ਤਰ੍ਹਾਂ ਉਹ ਜਿਥੇ ਵੀ ਜਾਂਦੇ, ਲਾਇਬ੍ਰੇਰੀਆਂ ਦਾ ਜਾਲ ਵਿਛਾਈ ਜਾਂਦੇ।

ਦਿੱਲੀ ਦੇ ਲਾਗੇ-ਚਾਗੇ ਚਾਰ ਲਾਇਬ੍ਰੇਰੀਆਂ ਉਨ੍ਹਾਂ ਖੋਲ੍ਹੀਆਂ। ਹਿੰਦੀ, ਉਰਦੂ ਤੇ ਪੰਜਾਬੀ ਕਿਤਾਬਾਂ ਦਾ ਪ੍ਰੀਤਨਗਰ ਸ਼ਾਪ ਨੂੰ ਆਰਡਰ ਦਿਤਾ ਗਿਆ। ਮੈਂ ਇਨ੍ਹਾਂ ਸਾਰੀਆਂ ਪੁਸਤਕਾਂ ਨੂੰ ਲਾਇਬ੍ਰੇਰੀਆਂ ਵਿਚ ਪੁਚਾ ਕੇ ਲਾਇਬ੍ਰੇਰੀਆਂ ਨੂੰ ਬਿਲ ਦੇ ਦਿਤੇ। ਲਾਇਬ੍ਰੇਰੀਅਨ ਆਲੇ ਟੈਲੇ ਕਰੇ, ਕਦੀ ਕਹੇ ਕਿ ਪੁਸਤਕਾਂ ਹਾਲੀਂ ਚੈਕ ਕਰਨੀਆਂ ਹਨ। ਕਦੀ ਕਹੇ ਹਾਲੀਂ ਆਪਣੇ ਪਾਸ ਸਟਾਫ ਨਹੀਂ। ਰੰਧਾਵਾ ਸਾਹਿਬ ਨੇ ਲਾਇਬ੍ਰੇਰੀਅਨ ਅਫਸਰ ਨੂੰ ਚੈਕ ਬੁਕ ਲਿਆਣ ਲਈ ਕਿਹਾ। ਚਾਰ, ਚੈਕ ਬਣਾ ਕੇ ਉਨ੍ਹਾਂ ਸਾਡੇ ਹਵਾਲੇ ਕੀਤੇ ਤੇ ਅਫਸਰ ਨੂੰ ਕਿਹਾ, ''ਜੋ ਪੁਸਤਕ ਫਟੀ ਹੋਈ ਜਾਂ ਘਟ ਹੋਵੇ, ਉਹ ਇਨ੍ਹਾਂ ਪਾਸੋਂ ਮੰਗਾ ਲਓ। ਬਿਲ ਰੋਕਣ ਦੀ ਲੋੜ ਨਹੀਂ।'' ਇਸੇ ਤਰ੍ਹਾਂ ਰੰਧਾਵਾ ਸਾਹਿਬ ਸਾਰੇ ਕੰਮਾਂ ਨੂੰ ਫੋਰੀ ਤੌਰ ਤੇ ਨਿਪਟਾਣ ਦੇ ਆਦੀ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਦਿੱਲੀ ਤੋਂ ਬਦਲ ਕੇ ਰੰਧਾਵਾ ਸਾਹਿਬ ਅੰਬਾਲੇ ਚਲੇ ਗਏ। ਮੈਨੂੰ ਅੰਬਾਲੇ ਇਕ ਕੰਮ ਪੈ ਗਿਆ। ਮੈਂ ਲਭਦਾ ਲਭਾਂਦਾ ਸ਼ਾਮ ਦੇ ਪੰਜ ਕੁ ਵਜੇ ਉਨ੍ਹਾਂ ਦੀ ਕੋਠੀ ਜਾ ਪੁਜਾ। ਓਦੋਂ ਉਨ੍ਹਾਂ ਦੀ ਕੋਠੀ ਹੀ ਉਨ੍ਹਾਂ ਦਾ ਦਫਤਰ ਸੀ। ਉਹ ਦਫਤਰੋਂ ਉਠੇ ਹੀ ਸਨ, ਕਿ ਮੈਂ ਜਾ ਅਲੱਖ ਜਗਾਈ। ਉਨ੍ਹਾਂ ਸਾਹਮਣੇ ਪਈ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ ਤੇ ਆਪ ਉਹ ਖਾਮੋਸ਼ੀ ਨਾਲ ਉਥੋਂ ਉਠ ਕੇ ਦੂਜੇ ਕਮਰੇ ਵਿਚ ਚਲੇ ਗਏ। ਮੈਂ ਦਫਤਰੋਂ ਬਾਹਰ ਆ ਗਿਆ। ਬੜਾ ਨਿਰਾਸ, ਕਿ ਦਿੱਲੀਓਂ ਚਲ ਕੇ ਮੈਂ ਸਾਹਿਬ ਨੂੰ ਮਿਲਣ ਆਇਆ ਹਾਂ, ਤੇ ਸਾਹਿਬ ਨੂੰ ਗੱਲ ਕਰਨ ਦੀ ਵੀ ਵਿਹਲ ਨਹੀਂ। ਮੈਂ ਕੋਠੀ ਦੇ ਬਾਹਰ ਖੜੋਤਾ ਵਾਪਸੀ ਦੀ ਤਿਆਰੀ ਵਿਚ ਹੀ ਸਾਂ, ਕਿ ਨਿਕਰ ਤੇ ਫਲੀਟ ਪਾਈ ਹਥ ਵਿਚ ਸੋਟੀ ਲਈ ਉਹ ਬਾਹਰ ਨਿਕਲ ਆਏ। ਕਹਿਣ ਲਗੇ, ''ਆ ਬਈ, ਸੈਰ ਨੂੰ ਚਲੀਏ।'' ਮੈਂ ਹੈਰਾਨ ਹੋ ਕੇ ਉਨ੍ਹਾਂ ਨਾਲ ਹੋ ਤੁਰਿਆ। ਅਸੀਂ ਉਸ ਦਿਨ ਘੰਟਾ ਕੁ ਸੈਰ ਕੀਤੀ। ਪ੍ਰੀਤਲੜੀ, ਪ੍ਰੀਤਨਗਰ, ਸ੍ਰ. ਗੁਰਬਖਸ਼ ਸਿੰਘ, ਸ੍ਰ: ਨਾਨਕ ਸਿੰਘ, ਸ੍ਰ. ਸੋਭਾ ਸਿੰਘ ਅਰਟਿਸਟ ਤੇ ਹੋਰ ਕਈ ਨਵੇਂ ਪੁਰਾਣੇ ਲਿਖਾਰੀਆਂ ਬਾਰੇ ਗੱਲਾਂ ਚਲਦੀਆਂ ਰਹੀਆਂ। ਜਦੋਂ ਕੋਠੀ ਵਾਪਸ ਪਰਤੇ ਤਾਂ ਹਨੇਰਾ ਪੈ ਚੁਕਾ ਸੀ। ਜਿਸ ਕੰਮ ਮੈਂ ਆਇਆ ਸਾਂ ਉਸ ਬਾਰੇ ਕੋਈ ਗੱਲ ਨਾ ਹੋਈ। ਸੈਰ ਕਰਨ ਉਪਰੰਤ ਉਹ ਆ ਕੇ ਦਫਤਰ ਬੈਠ ਗਏ। ਅਚਾਨਕ ਉਹ ਕਹਿਣ ਲਗੇ, ''ਤੂੰ ਬਈ ਬੜਾ ਵਧੀਆ ਲਿਖਦਾ ਏਂ।'' ਮੈਂ ਹੈਰਾਨ ਹੋ ਕੰਨ ਚੁੱਕ ਲਏ। ਇਹ ਕਿਧਰੇ ਗੈਬੋਂ ਤਾਂ ਆਵਾਜ਼ ਨਹੀਂ ਸੀ ਆ ਰਹੀ। ਇਡਾ ਵਡਾ ਵਿਦਵਾਨ ਤੇ ਸ਼ਾਸਨ ਦੀ ਉਚ ਪਦਵੀ ਪੁਰ ਬਿਰਾਜਿਆ ਅਫਸਰ, ਮੇਰੇ ਵਰਗੇ ਇਕ ਮਾਮੂਲੀ ਕਲਮਕਾਰ ਨੂੰ ਇਡਾ ਉਤਸ਼ਾਹ ਤੇ ਇਡਾ ਪਿਆਰ ਦੇਵੇ, ਮੈਂ ਹੈਰਾਨ ਰਹਿ ਗਿਆ। ਫਿਰ ਆਵਾਜ਼ ਆਈ ''ਬਈ ਕੋਈ ਆਪਣੀ ਪੁਸਤਕ ਲਿਆਇਐਂ?''

ਮੈਂ ਆਪਣੀ ਨਵੀਂ ਛਪੀ ਪੁਸਤਕ ਨਾਲ ਲੈ ਗਿਆ ਸਾਂ, ਪਰ ਦੇਣ ਦੀ ਹਿੰਮਤ ਨਹੀਂ ਸੀ। ਮੈਂ ਆਪਣੀ ਪੁਸਤਕ ਉਨ੍ਹਾਂ ਅਗੇ ਕੀਤੀ ਤੇ ਥਿੜਕਦੀ ਆਵਾਜ਼ ਨਾਲ ਕਿਹਾ, ''ਜੀ ਲਿਆਇਆ ਹਾਂ''। ਉਹ ਬੜੇ ਪਿਆਰ ਨਾਲ ਬੋਲੇ ''ਬਈ ਇਵੇਂ ਨਹੀਂ, ਤੂੰ ਆਪਣਾ ਨਾਂ ਲਿਖ ਦੇਹ, ਮੈਂ ਆਪਣੀ ਲਾਇਬ੍ਰੇਰੀ ਵਿਚ ਰਖਾਂਗਾ।'' ਮੈਂ ਕੰਬਦੀ ਕਲਮ ਨਾਲ ਪੁਸਤਕ ਪੁਰ ''ਬੜੇ ਸਤਿਕਾਰ ਸਹਿਤ ਰੰਧਾਵਾ ਜੀ ਨੂੰ ਪਿਆਰ ਭੇਟਾ'', ਲਿਖ ਕੇ ਉਨ੍ਹਾਂ ਅਗੇ ਰਖੀ। ਉਨ੍ਹਾਂ ਬੜੇ ਸਤਿਕਾਰ ਨਾਲ ਪੁਸਤਕ ਫੜੀ ਤੇ ਮੇਰਾ ਧੰਨਵਾਦ ਕਰਦਿਆਂ ਹੋਇਆਂ ਆਪਣੀ ਲਾਇਬ੍ਰੇਰੀ ਵਿਚ ਟਿਕਾ ਦਿਤੀ।

ਇਸ ਮਗਰੋਂ ਸਾਹਿਤ ਬਾਰੇ ਗੱਲਾਂ ਚਲ ਪਈਆਂ। ਉਨ੍ਹਾਂ ਆਪਣੀ ਐਲਬਮ ਵਿਖਾਈ। ਕਾਂਗੜਾ ਸਕੂਲ ਦੇ ਬੇਅੰਤ ਚਿੱਤਰ, ਗੁਰੂ ਸਾਹਿਬਾਨ ਦੇ ਬਹੁਤ ਸਾਰੇ ਪੁਰਾਣੇ ਚਿੱਤਰ, ਰਾਜਪੂਤ ਰਾਜਿਆਂ ਤੇ ਰਾਣੀਆਂ ਦੀਆਂ ਕਈਆਂ ਪੁਰਾਤਨ ਤੇ ਅਮੋਲਕ ਤਸਵੀਰਾਂ। ਮੈਂ ਰੰਧਾਵਾ ਸਾਹਿਬ ਦੀ ਰੁਚੀ ਨੂੰ ਵੇਖ ਬੜਾ ਪ੍ਰਸੰਨ ਹੋਇਆ ਤੇ ਨਾਲ ਹੀ ਬੜਾ ਹੈਰਾਨ ਵੀ।

ਉਪਰੋਂ ਰਾਤ ਪੈ ਰਹੀ ਸੀ ਤੇ ਹੁਣ ਤੀਕ ਮੈਂ ਆਪਣਾ ਕੰਮ ਵੀ ਨਹੀਂ ਸੀ ਦਸਿਆ। ਮੈਂ ਆਗਿਆ ਲੈ ਕੇ ਉਠਣ ਹੀ ਲਗਾ ਸਾਂ ਕਿ ਉਨ੍ਹਾਂ ਪੁਛਿਆ, ''ਹਾਂ ਬਈ, ਆਪਣਾ ਕੰਮ ਦਸ?'' ਮੇਰੇ ਕੰਮ ਦਸਣ ਤੇ ਉਨ੍ਹਾਂ ਇਕ ਛੋਟੀ ਜੇਹੀ ਸਲਿਪ ਤੇ ਦੋ ਕੁ ਬੜੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬ੍ਰਾਂਕ ਸਤਰਾਂ ਅੰਗਰੇਜ਼ੀ ਵਿਚ ਲਿਖ ਕੇ ਮੇਰੇ ਹਵਾਲੇ ਕੀਤੀਆਂ ਤੇ ਕਹਿਣ ਲਗੇ, "ਇਹ ਚਿੱਠੀ ਉਸ ਸਜਣ ਨੂੰ ਦੇ ਦੇਵੀਂ।" ਉਹ ਨਿਕੀ ਜਿਹੀ ਕਾਤਰ ਮੈਂ ਜੇਬ ਵਿਚ ਪਾਈ। ਸਤਿ ਸ੍ਰੀ ਅਕਾਲ ਕਹਿ ਕੇ ਉਠਿਆ ਹੀ ਸਾਂ ਤਾਂ ਕਹਿਣ ਲਗੇ, "ਆ ਬਈ ਰੋਟੀ ਖਾਈਏ।" ਮੈਂ ਕੀਲੇ ਹੋਏ ਬੰਦੇ ਵਾਂਗ ਉਨ੍ਹਾਂ ਨਾਲ ਕੋਠੀ ਦੇ ਪਿਛਲੇ ਪਾਸੇ ਚਲਾ ਗਿਆ, ਜਿਥੇ ਉਨ੍ਹਾਂ ਦੀ ਪਤਨੀ ਬੈਠੀ ਹੋਈ ਸੀ। ਉਸ ਨਾਲ ਰੰਧਾਵਾ ਸਾਹਿਬ ਨੇ ਮੇਰਾ ਪ੍ਰੀਚੈ ਕਰਾਇਆ। ਖੁਲ੍ਹੇ ਮੈਦਾਨ ਵਿਚ ਹੀ ਅਸੀਂ ਬੜੇ ਸਵੱਛ, ਪਿਆਰੇ ਤੇ ਘਰੋਗੀ ਵਾਤਾਵਰਣ ਵਿਚ ਪ੍ਰਸ਼ਾਦਾ ਛਕਿਆ ਤੇ ਅਖੀਰ ਬੜੇ ਪ੍ਰੇਮ ਨਾਲ ਉਹ ਮੈਨੂੰ ਕੋਠੀ ਤੋਂ ਬਾਹਰ ਛਡਣ ਆ ਗਏ। ਪੰਜਾਬੀ ਬੰਦਿਆਂ ਵਿਚ ਬਾਕੀ ਦੁਨੀਆਂ ਨਾਲੋਂ ਵਖਰੀਆਂ ਦੋ ਸਿਫਤਾਂ ਹਨ। ਇਕ ਤਾਂ ਉਹ ਬਾਹਰੋਂ ਆਏ ਪ੍ਰਾਹੁਣੇ ਨੂੰ ਰਬ ਰੂਪ ਸਮਝ ਕੇ ਉਸ ਦੀ ਰਜਵੀਂ ਮਹਿਮਾਨਨਿਵਾਜ਼ੀ ਕਰਦੇ ਹਨ, ਤੇ ਦੂਜੇ ਉਹ ਮਹਿਮਾਨ ਦੇ ਤੁਰਨ ਸਮੇਂ ਉਸ ਨੂੰ ਆਪਣੇ ਘਰੋਂ ਸੜਕ ਤੀਕ ਛਡਣ ਆਉਂਦੇ ਹਨ। ਸਾਰੇ ਰਾਹ ਮੈਂ ਇਹੀ ਸੋਚਦਾ ਆਇਆ, ਕਿ ਰੰਧਾਵਾ ਸਾਹਿਬ ਨੇ ਸਾਰੀ ਉਮਰ ਗੈਰ-ਪੰਜਾਬੀ ਵਾਤਾਵਰਣ ਵਿਚ ਰਹਿਣ ਦੇ ਬਾਵਜੂਦ ਆਪਣੀ ਵਿਲੱਖਣ ਪੰਜਾਬੀਅਤ ਨੂੰ ਨਹੀਂ ਤਿਆਗਿਆ।

ਇਕ ਤਰ੍ਹਾਂ ਨਾਲ ਇਹ ਸਾਡੀ ਪਹਿਲੀ ਮਿਲਣੀ ਸੀ। ਇਨ੍ਹਾਂ ਦੋ ਘੰਟਿਆਂ ਵਿਚ ਮੈਂ ਉਸ ਬੜੇ ਖ਼ੂਬਸੂਰਤ ਇਨਸਾਨ ਨੂੰ ਅੰਦਰੋਂ ਬਾਹਰੋਂ ਚੰਗੀ ਤਰ੍ਹਾਂ ਪੜ੍ਹ ਲਿਆ ਸੀ। ਉਹ ਰੰਧਾਵੇ ਦੇ ਰੂਪ ਵਿਚ ਮਨੁੱਖ ਨਹੀਂ, ਕੋਈ ਦੇਵਤਾ ਸੀ। ਬੜਾ ਪਿਆਰਾ ਹਮਦਰਦ ਦਿਲ ਤੇ ਸਾਹਿਤ ਪ੍ਰੇਮੀ। ਇਹ ਮੁਲਾਕਾਤ ਮੈਨੂੰ ਅਜ ਤੀਕ ਨਹੀਂ ਭੁਲ ਸਕੀ।

ਦੂਜੀ ਵਾਰ ਉਨ੍ਹਾਂ ਨੂੰ ਮੈਂ ਚੰਡੀਗੜ੍ਹ ਮਿਲਿਆ। ਓਦੋਂ ਉਹ ਡੀਵੈਲਪਮੈਂਟ ਕਮਿਸ਼ਨਰ ਸਨ। ਉਦੋਂ ਚੰਡੀਗੜ੍ਹ ਨਵਾਂ ਨਵਾਂ ਉਸਰ ਰਿਹਾ ਸੀ ਤੇ ਚੁਪਾਸੀਂ ਗਰਦਾ ਗੁਬਾਰ ਹੀ ਸੀ। ਉਥੇ ਇਕ-ਮੰਜ਼ਲਾ ਇਮਾਰਤ ਵਿਚ ਰੰਧਾਵਾ ਸਾਹਿਬ ਦਾ ਦਫਤਰ ਸੀ। ਮੈਂ ਸਵੇਰੇ ਦਸ ਵਜੇ ਉਨ੍ਹਾਂ ਦੇ ਦਫਤਰ ਗਿਆ। ਸੈਂਕੜਿਆਂ ਦੀ ਗਣਤੀ ਵਿਚ ਮੁਲਾਕਾਤੀ ਲਾਈਨ ਵਿਚ ਖੜੋਤੇ ਸਨ। ਦੋ ਦੋ ਮਿੰਟ ਉਹ ਸਭ ਨੂੰ ਦੇਂਦੇ। ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣਦੇ, ਤੇ ਸਲਾਹ ਮਸ਼ਵਰਾ ਦੇਂਦੇ ਤੁਰੀ ਜਾ ਰਹੇ ਸਨ। ਮੈਨੂੰ ਵੇਖ ਕੇ ਬੋਲੇ, "ਸ਼ਾਮੀਂ ਚਾਰ ਵਜੇ ਮਿਲਣਾ।"

ਮੇਰੇ ਸਤਿ ਸ੍ਰੀ ਅਕਾਲ ਲਈ ਹਥ ਜੁੜੇ ਦੇ ਜੁੜੇ ਰਹਿ ਗਏ। ਉਹ ਆਪਣੇ ਦਫਤਰ ਅੰਦਰ ਚਲੇ ਗਏ। ਮੈਂ ਨਿਰਾਸ਼ ਹੋ ਕੇ ਮੁੜ ਆਇਆ। ਮੈਂ ਸੋਚਾਂ, ਜੇ ਉਹ ਇਕ ਮਿੰਟ ਮੇਰੇ ਨਾਲ ਗੱਲ ਕਰ ਲੈਂਦੇ, ਤਾਂ ਕੀ ਸੀ? ਮੈਂ ਕਿਡੀ ਦੂਰੋਂ ਆਇਆ ਹਾਂ, ਸਾਰਾ ਦਿਨ ਕਿਥੇ ਗੁਜ਼ਾਰਾਂਗਾ, ਫਿਰ ਰਾਤ ਕਿਥੇ ਕਟਾਂਗਾ? ਪਰ ਹੁਣ ਕੀ ਹੋ ਸਕਦਾ ਸੀ, ਦੋਬਾਰਾ ਦਫਤਰ ਅੰਦਰ ਜਾ ਕੇ ਮਿਲਣ ਦੀ ਹਿੰਮਤ ਨ ਪਈ।

ਮੈਂ ਉਹ ਸਾਰਾ ਦਿਨ ਚੰਡੀਗੜ੍ਹ ਦੀਆਂ ਸੁੰਨਸਾਨ ਸੜਕਾਂ ਤੇ ਅਵਾਰਾਗਰਦੀ ਕਰਦਾ ਰਿਹਾ। ਇਸ ਅਵਾਰਾਗਰਦੀ ਵਿਚ ਹੀ ਆਪਣੇ ਪ੍ਰੀਤਨਗਰ ਦੇ ਮਿਤਰ ਸ: ਦੀਵਾਨ ਸਿੰਘ ਦੀ ਪੋਤੀ ਸ੍ਰੀਮਤੀ ਅਚਿੰਤ ਬਾਵਾ ਤੇ ਉਨ੍ਹਾਂ ਦੇ ਪਤੀ ਬਾਵਾ ਹੋਰੀ ਮਿਲ ਗਏ। ਉਨ੍ਹਾਂ ਆਪਣੇ ਪਾਸ ਰਹਿਣ ਲਈ ਨਿਓਤਾ ਦੇ ਦਿਤਾ। ਮੈਂ ਤਾਂ ਅਗੇ ਹੀ ਤਿਆਰ ਸਾਂ। ਇਹ ਨਿਓਤਾ ਸਵੀਕਾਰ ਕਰਕੇ ਸ਼ਾਮੀਂ ਚਾਰ ਵਜੇ ਫਿਰ ਰੰਧਾਵਾ ਸਾਹਿਬ ਦੇ ਦਫਤਰ ਜਾ ਪੁਜਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਬਾਹਰ ਹੋਰ ਪੰਜ ਦਸ ਆਦਮੀ ਮੁਲਾਕਾਤ ਲਈ ਖੜੋਤੇ ਸਨ। ਮੈਂ ਵੀ ਚਿਟ ਅੰਦਰ ਭੇਜ ਦਿਤੀ, ਪਰ ਮੈਨੂੰ ਸੱਦਾ ਨਾ ਆਇਆ। ਬਾਕੀ ਸਾਰੇ ਬੰਦੇ ਭੁਗਤ ਗਏ। ਮੈਂ ਕਿੰਨੀਂ ਦੇਰ ਮਾਯੂਸ ਬਾਹਰ ਖੜੋਤਾ ਰਿਹਾ। ਮੈਂ ਨਿਰਾਸ ਹੋ ਮੁੜਨ ਦੀਆਂ ਤਿਆਰੀਆ ਵਿਚ ਹੀ ਸਾਂ, ਕਿ ਉਨ੍ਹਾਂ ਅੰਦਰ ਬੁਲਾ ਲਿਆ। ਅੰਦਰ ਜਾ ਕੇ ਮੈਂ ਕੁਰਸੀ ਤੇ ਬੈਠ ਗਿਆ, ਤੇ ਉਹ ਬਾਹਰ ਨਿਕਲ ਗਏ। ਮੈਂ ਵੀ ਉਨ੍ਹਾਂ ਦੇ ਪਿਛੇ ਪਿਛੇ ਬਾਹਰ ਆ ਗਿਆ। ਉਹ ਬਾਹਰ ਆ ਕੇ ਕਾਰ ਵਿਚ ਬੈਠ ਗਏ। ਉਨ੍ਹਾਂ ਕਾਰ ਦਾ ਦਰਵਾਜ਼ਾ ਖੋਲ੍ਹ ਮੈਨੂੰ ਆਪਣੇ ਪਾਸ ਬਿਠਾ ਲਿਆ ਤੇ ਕਾਰ ਹਵਾ ਹੋ ਗਈ।

ਹੁਣ ਕਾਰ ਚੰਡੀਗੜ੍ਹ ਦੀਆਂ ਸੜਕਾਂ ਕਛ ਰਹੀ ਸੀ, ਤੇ ਰੰਧਾਵਾ ਸਾਹਿਬ ਸਾਹਿਤ ਦੀਆ ਗੱਲਾਂ ਕਰ ਰਹੇ ਸਨ। ਉਹ ਦੂਜੇ ਦਿਨ ਸਵੇਰੇ ਹੀ ਇਕ ਫੋਟੋਗਰਾਫਰ ਨੂੰ ਨਾਲ ਲਿਜਾ ਕੇ ਕਾਂਗੜੇ ਵਲ ਕੁਝ ਤਸਵੀਰਾਂ ਲੈਣ ਜਾ ਰਹੇ ਸਨ। ਉਹ ਫੋਟੋਗਰਾਫਰ ਵੀ ਕਾਰ ਵਿਚ ਬੈਠਾ ਸੀ, ਉਨ੍ਹਾਂ ਦੀ ਕੋਠੀ ਆ ਗਈ। ਕੋਠੀ ਵਿਚ ਅਸੀਂ ਕਠਿਆਂ ਚਾਹ ਪੀਤੀ ਤਾਂ ਰੰਧਾਵਾ ਸਾਹਿਬ ਕਹਿਣ ਲਗੇ ''ਹਾਂ ਬਈ ਕੰਮ ਦਸੋ।''

ਮੈਂ ਆਪਣਾ ਕੰਮ ਦਸਿਆ। ਉਨ੍ਹਾਂ ਇਕ ਚਿਟ ਲਿਖ ਕੇ ਦੇ ਦਿਤੀ। ਮੈਂ ਕੁਝ ਨਿਰਾਸ ਜਿਹਾ ਹੋ ਗਿਆ। ਵਜ਼ੀਰ ਲੋਕ ਤੇ ਵਡੇ ਵਡੇ ਅਫਸਰ ਰੋਜ਼ਾਨਾ ਆਪਣੇ ਮਿਲਣ ਵਾਲਿਆਂ ਨੂੰ ਟਰਕਾਣ ਲਈ ਚਿੱਠੀਆਂ ਦੇ ਦੇਂਦੇ ਹਨ, ਫਿਰ ਇਸ ਚਿਟ ਦੀ ਕੀਮਤ ਕੀ ਹੋਣੀ ਏ? ਮੈਂ ਇਹੀ ਸੋਚਦਾ ਰਿਹਾ ਸਾਂ। ਦੂਜੇ ਦਿਨ ਮੈਂ ਸਬੰਧਤ ਸਜਣ ਨੂੰ ਉਹ ਚਿਟ ਦਿਤੀ, ਤਾਂ ਉਹ ਉਸ ਨੂੰ ਚੁੰਮ ਕੇ ਕਹਿਣ ਲਗਾ ''ਧੰਨ ਭਾਗ, ਇਹ ਸਾਡੇ ਰੰਧਾਵਾ ਸਾਹਿਬ ਦਾ ਹੁਕਮਨਾਮਾ ਹੈ।'' ਤੇ ਘੜੀਆਂ ਪਲਾਂ ਵਿਚ ਮੇਰਾ ਕੰਮ ਹੋ ਗਿਆ।

ਫਿਰ ਕਈ ਸਾਲ ਗੁਜ਼ਰ ਗਏ। ਇਕ ਦਿਨ ਮੈਂ ਆਪਣੇ ਨੈਸ਼ਨਲ ਪ੍ਰੈਸ ਵਿਚ ਬੈਠਾ ਕੰਮ ਕਰ ਰਿਹਾ ਸਾਂ। ਜਦੋਂ ਮੈਂ ਨਿਗਾਹ ਉਪਰ ਚੁਕੀ, ਤਾਂ ਮੇਜ਼ ਸਾਹਮਣੇ ਰੰਧਾਵਾ ਸਾਹਿਬ ਖੜੋਤੇ ਸਨ। ਮੈਂ ਹੈਰਾਨ ਰਹਿ ਗਿਆ। ਆਪਣੀਆਂ ਅੱਖਾਂ ਤੇ ਯਕੀਨ ਨਾ ਆਵੇ, ਪਰ ਉਹ ਰੰਧਾਵਾ ਜੀ ਹੀ ਸਨ। ਮੈਂ ਉਨ੍ਹਾਂ ਨੂੰ ਬੈਠਣ ਲਈ ਬੇਨਤੀ ਕੀਤੀ ਪਰ, ਉਨ੍ਹਾਂ ਨੂੰ ਬੜੀ ਕਾਹਲ ਸੀ। ਉਹ ਮੇਰਾ ਪ੍ਰੈਸ ਵੇਖ ਕੇ ਬਾਹਰ ਆ ਗਏ ਤੇ ਕਹਿਣ ਲਗੇ, ''ਆਓ, ਪ੍ਰੀਤਮ ਸਿੰਘ ਨੂੰ ਮਿਲ ਆਈਏ।'' ਰਾਹ ਵਿਚ ਮੈਨੂੰ ਕਹਿਣ ਲਗੇ, ''ਕੁਝ ਕਿਤਾਬਾਂ, ਦੋ ਦੋ ਸੌ ਰੁਪਿਆਂ ਦੀਆਂ, ਅੰਮ੍ਰਿਤਸਰ, ਤਾਰਨਤਾਰਨ, ਜਲੰਧਰ ਤੇ ਲੁਧਿਆਣੇ ਦੀਆਂ ਲਾਇਬਰੇਰੀਆਂ ਨੂੰ ਘਲ ਦੇਣਾ ਤੇ ਚਿੱਠੀ ਮੈਨੂੰ ਲਿਖ ਦੇਣ।'' ਇੰਨੀ ਕੁ ਗੱਲ ਮਗਰੋਂ ਮੈਂ ਤੇ ਪ੍ਰੀਤਮ ਸਿੰਘ ਚਾਂਦਨੀ ਚੌਕ ਵਿਚ ਖੜੋਤੀ ਉਨ੍ਹਾਂ ਦੀ ਕਾਰ ਪਾਸ ਆ ਗਏ, ਇਸ ਤਰ੍ਹਾਂ ਉਹ ਸਾਨੂੰ ਮਿਲ ਕੇ ਆਪਣੇ ਕੰਮ ਚਲੇ ਗਏ।

ਮੈਂ ਉਨ੍ਹਾਂ ਲਾਇਬ੍ਰੇਰਿਆਂ ਨੂੰ ਕਿਤਾਬਾਂ ਘਲੀਆਂ, ਪਰ ਉਨ੍ਹਾਂ ਵਾਪਸ ਕਰ ਦਿਤੀਆਂ, ਕਿਉਂਕਿ ਲਾਇਬ੍ਰੇਰਿਆਂ ਨੇ ਮੈਨੂੰ ਆਰਡਰ ਨਹੀਂ ਸੀ ਘਲਿਆ। ਮੈਂ ਰੰਧਾਵਾ ਜੀ ਨੂੰ ਲਿਖਿਆ। ਉਨ੍ਹਾਂ ਨੇ ਉਨ੍ਹਾਂ ਲਾਇਬ੍ਰੇਰੀਆਂ ਨੂੰ ਚਿੱਠੀ ਘਲੀ, ਕਿ ''ਮੈਂ ਲਾਇਬ੍ਰੇਰੀ ਕਮੇਟੀ ਦਾ ਪ੍ਰਧਾਨ ਹਾਂ। ਇਨ੍ਹਾਂ, ਕਿਤਾਬਾਂ ਦੇ ਬਿਲਾਂ ਦੀ ਰਕਮ ਫੌਰੀ ਤੌਰ ਤੇ ਨੈਸ਼ਨਲ ਬੁੱਕ ਸ਼ਾਪ ਦਿੱਲੀ ਨੂੰ ਘਲੀ ਜਾਏ।'' ਕੁਝ ਦਿਨਾਂ ਮਗਰੋਂ ਚਹੁੰ ਲਾਇਬ੍ਰੇਰੀਆਂ ਵਲੋਂ ਮਾਇਆ ਆ ਗਈ। ਇਹ ਉਹ ਦਿਨ ਸਨ, ਜਦੋਂ ਆਰਥਕ ਤੌਰ ਤੇ ਸਾਡੀ ਹਾਲਤ ਕਾਫੀ ਡਾਵਾਂਡੋਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੀ। ਇਸ ਮਾਇਆ ਨੇ ਸਾਡੇ ਕਈ ਰੁਕੇ ਹੋਏ ਕੰਮ ਸਵਾਰ ਦਿਤੇ। ਮੈਂ ਦਿਲੋਂ ਸਖ਼ਤ ਸ਼ਰਮਿੰਦਾ। ਇਡਾ ਵਡਾ ਕਮਿਸ਼ਨਰ ਤੇ ਉਸ ਦੀ ਇਕ ਲੇਖਕ ਨਾਲ, ਜਿਸ ਨੂੰ ਆਪਣੀ ਮਾਤ ਬੋਲੀ ਵਿਚ ਵੀ ਕੋਈ ਪੁਛਦਾ ਨਹੀਂ, ਇੰਨੀ ਹਮਦਰਦੀ। ਕਿੰਨਾਂ ਚਿਰ ਚਿੱਠੀ ਪੱਤਰ ਕਰ ਕੇ ਮੈਨੂੰ ਉਨ੍ਹਾਂ ਉਹ ਰਕਮਾਂ ਭਿਜਵਾਈਆਂ ਤੇ ਇਸੇ ਤਰ੍ਹਾਂ ਕਈ ਹੋਰ ਵਿਗੜੇ ਕੰਮ ਸਵਾਰੇ। ਇਹ ਸਨ ਰੰਧਾਵਾ ਸਾਹਿਬ, ਤੇ ਕੰਮ ਕਰਨ ਦੇ ਉਨ੍ਹਾਂ ਦੇ ਨਿਰਾਲੇ ਢੰਗ।

ਪੰਜਾਬੀ ਦਾ ਕੋਈ ਛੋਟਾ ਵਡਾ ਲਿਖਾਰੀ ਅਜਿਹਾ ਨਹੀਂ, ਜਿਸ ਨੂੰ ਰੰਧਾਵਾ ਸਾਹਿਬ ਦੀ ਛੋਹ ਨਾ ਪ੍ਰਾਪਤ ਹੋਈ ਹੋਵੇ। ਉਨ੍ਹਾਂ ਦੀ ਸਭ ਤੋਂ ਪਹਿਲੀ ਪੁਸਤਕ ਕਾਂਗੜਾ ਛਪੀ, ਤਾਂ ਪੜ੍ਹ ਕੇ ਮੈਂ ਹੈਰਾਨ ਰਹਿ ਗਿਆ, ਕਿ ਇੰਨਾਂ ਮਸਰੂਫ ਵਿਅਕਤੀ ਤੇ ਉਸ ਨੂੰ ਸਾਹਿਤ ਨਾਲ ਇੰਨੀਂ ਲਗਨ। ਸਭ ਵਡੇ ਵਡੇ ਪਹਾੜ ਉਸ ਦੇ ਕਦਮਾਂ ਹੇਠੋਂ ਨਿਕਲੇ ਹਨ। ''ਪੰਜਾਬ ਦੇ ਲੋਕ ਗੀਤ'' ਰਚ ਕੇ ਉਸ ਨੇ ਪੰਜਾਬੀ ਮਾਂ ਦੀ ਮਹਾਨ ਸੇਵਾ ਕੀਤੀ। ਪੰਜਾਬੀ ਦਾ ਕਿਹੜਾ ਸਾਹਿਤਕਾਰ ਤੇ ਆਰਟਿਸਟ ਹੈ, ਜਿਸ ਦਾ ਉਨ੍ਹਾਂ ਨੇ ਮਾਣ ਸਤਿਕਾਰ ਤੇ ਮਾਇਕ ਸਹਾਇਤਾ ਨਹੀਂ ਕੀਤੀ।

ਰੰਧਾਵਾ ਸਾਹਿਬ ਨੇ ਬੜੀਆਂ ਰੀਝਾਂ ਨਾਲ ਖਰੜ ਵਿਚ ਆਪਣੀ ਕੋਠੀ ਬਣਾਈ। ਉਸ ਦੇ ਚੁਪਾਸੀਂ ਤਰ੍ਹਾਂ ਤਰ੍ਹਾਂ ਦੇ ਫੁੱਲਾਂ ਤੇ ਫਲਾਂ ਤੇ ਬੂਟੇ ਲਹਿਲਹਾ ਰਹੇ ਹਨ। ਤੁਸੀਂ ਉਨ੍ਹਾਂ ਨੂੰ ਕੋਠੀ ਮਿਲਣ ਜਾਉ, ਤਾਂ ਉਹ ਤੁਹਾਨੂੰ ਕੋਠੀ ਦੇ ਉਪਰਲੇ ਕਮਰੇ ਲੈ ਜਾਣਗੇ। ਕਮਰੇ ਵਿਚ ਵੜਨ ਤੋਂ ਪਹਿਲਾਂ ਕਹਿਣਗੇ :

''ਇਥੇ ਜੁਤੀਆਂ ਉਤਾਰ ਦਿਓ। ਅੰਦਰ ਬੈਠੋ। ਪਰ ਕਿਸੇ ਦੀ ਨਿੰਦਾ ਚੁਗਲੀ ਨਹੀਂ ਕਰਨੀ। ਗਲਤ ਗੱਲ ਨਹੀਂ ਕਹਿਣੀ। ਕਿਸੇ ਦਾ ਬੁਰਾ ਨਹੀਂ ਚਿਤਵਣਾ। ਇਹ ਕਮਰਾ ਮੇਰਾ ਪ੍ਰਾਰਥਨਾ ਸਥਾਨ ਹੈ''।

ਤੁਸੀਂ ਕਮਰੇ ਅੰਦਰ ਪਹੁੰਚੋਗੇ, ਤਾਂ ਤੁਹਾਨੂੰ ਕੁਝ ਗ੍ਰੰਥ ਰੁਮਾਲਾਂ ਵਿਚ ਲਪੇਟੇ ਸਤਿਕਾਰ ਨਾਲ ਰਖੇ ਮਿਲਣਗੇ। ਕਮਰੇ ਦਾ ਵਾਤਾਵਰਣ ਇਡਾ ਪ੍ਰਭਾਵਸ਼ਾਲੀ ਤੇ ਸ਼ਾਂਤਮਈ ਹੈ, ਜਿਵੇਂ ਕਿਸੇ ਦੇਵਤੇ ਦਾ ਤਪ ਅਸਥਾਨ ਹੋਵੇ।

ਤੀਜੀ ਵਿਸ਼ਵ ਕਾਨਫਰੰਸ ਤੇ ਬੰਕਾਕ ਉਨ੍ਹਾਂ ਦੇ ਦਰਸ਼ਨ ਹੋਏ। ਉਥੇ ਜਿੰਨੇ ਵਡੇ ਛੋਟੇ ਬੰਦੇ ਸਨ। ਸਭ ਉਨ੍ਹਾਂ ਦੀਆਂ ਤਾਰੀਫਾਂ ਕਰ ਰਹੇ ਸਨ। ਉਥੇ ਉਨ੍ਹਾਂ ਦਾ ਢੁਕਵਾਂ ਸਤਿਕਾਰ ਵੀ ਹੋਇਆ। ਸਚਮੁਚ ਉਨ੍ਹਾ ਬਿਨਾਂ ਪੰਜਾਬ ਅਧੂਰਾ ਹੈ ਤੇ ਇਹ ਗੱਲ ਬਿਲਕੁਲ ਠੀਕ ਹੈ, ਕਿ ਉਹ ਪੰਜਾਬ ਦੇ ਛੇਵੇਂ ਦਰਿਆ ਸਨ। ਆਪਣਾ ਇਹ ਲੇਖ ਖਤਮ ਕਰਨ ਸਮੇਂ ਮੈਂ ਗਾਲਬ ਦਾ ਇਹ ਸ਼ੇਅਰ ਗੁਨਗੁਨਾ ਰਿਹਾ ਹਾਂ:

''ਖਤਮ ਕਰਤਾ ਹੂੰ ਅਬ ਦੁਆ ਪੇ ਕਲਾਮ
ਸ਼ਾਇਰੀ ਸੇ ਨਹੀਂ ਮੁਝੇ ਸਰੋਕਾਰ।
ਤੁਮ ਸਲਾਮਤ ਰਹੋ ਹਜ਼ਾਰ ਬਰਸ,
ਹਰ ਬਰਸ ਕੇ ਹੋ ਦਿਨ ਪਚਾਸ ਹਜ਼ਾਰ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


# ਦੀਵਾਨ ਸਿੰਘ ਮਫ਼ਤੂੰ

ਉਰਦੂ ਦੇ ਪ੍ਰਸਿੱਧ ਅਦੀਬ ਪੱਤਰਕਾਰ ਦੀਵਾਨ ਸਿੰਘ ਮਫ਼ਤੂੰ ਗੁਜਰਾਂਵਾਲੇ (ਪਾਕਿਸਤਾਨ) ਦੇ ਜੰਮਪਲ ਸਨ। ਉਹ ਵਿਲੱਖਣ ਸ਼ਖਸ਼ੀਅਤ ਦੇ ਮਾਲਕ ਸਨ। ਉਨ੍ਹਾਂ ਨੇ ਜ਼ਿੰਦਗੀ ਵਿੱਚ ਕਈ ਪਾਪੜ ਵੇਲੇ। ਬਚਪਨ ਵਿੱਚ ਉਨ੍ਹਾਂ ਨੇ ਕੰਪੌਂਡਰੀ ਕੀਤੀ। ਫਿਰ ਉਹ ਡਾਕਟਰ ਬਣ ਗਏ। ਉਨ੍ਹਾਂ ਨੇ ਕਈ ਰਿਆਸਤਾਂ ਵਿੱਚ ਨੌਕਰੀਆਂ ਕੀਤੀਆਂ। ਨਾਭਾ ਨਰੇਸ਼, ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਉਹ ਵਿਸ਼ਵਾਸੀ ਸਲਾਹਕਾਰ ਅਤੇ ਮਿੱਤਰ ਸਨ। ਉਹ ਮਹਾਰਾਜਾ ਪਟਿਆਲਾ ਦੇ ਦੁਸ਼ਮਣਾਂ ਵਿੱਚੋਂ ਗਿਣੇ ਜਾਂਦੇ ਸਨ। ਬੜੇ ਕੌਮਪ੍ਰਸਤ ਤੇ ਦੋਸਤਨਵਾਜ਼। ਭਾਰਤ ਦੀਆਂ 600 ਰਿਆਸਤਾਂ ਵਿੱਚੋਂ ਕਿਸੇ ਰਾਜੇ ਮਹਾਰਾਜੇ ਜਾਂ ਨਵਾਬ ਨੇ ਆਪਣੀ ਪਰਜਾ ਤੇ ਜ਼ੁਲਮ ਢਾਹੇ। ਆਪਣੀ ਰਿਆਸਤ ਦੇ ਬਣਾਏ ਕਾਨੂੰਨਾਂ ਵਿਰੁਧ ਕਾਰਜ ਕੀਤਾ, ਤਾਂ ਉਨ੍ਹਾਂ ਨੂੰ ਦੀਵਾਨ ਸਿੰਘ ਮਫ਼ਤੂੰ ਨੇ ਬਖਸ਼ਿਆ ਨਹੀਂ ਸੀ। ਉਹ ਦੋਸਤਾਂ ਦੇ ਦੋਸਤ ਸਨ, ਅਤੇ ਦੁਸ਼ਮਣਾਂ ਨੂੰ ਕਬਰ ਵਿੱਚ ਦਫਨਾਏ ਜਾਣ ਮਗਰੋਂ ਵੀ ਉਨ੍ਹਾਂ ਨੇ ਮੁਆਫ ਨਹੀਂ ਕੀਤਾ। ਲੋੜਵੰਦਾਂ, ਗਰੀਬਾਂ ਤੇ ਮਜ਼ਲੂਮਾਂ ਦੀ ਉਹ ਆਪਣੀ ਜਾਨ ਤੇ ਖੇਡ ਕੇ ਵੀ ਮਦਦ ਕਰਦੇ ਸਨ। ਰਿਆਸਤਾਂ ਦੇ ਨਵਾਬਾਂ ਰਾਜਿਆਂ ਮਹਾਰਾਜਿਆਂ ਦੇ ਜ਼ੁਲਮਾਂ ਨੂੰ ਨੰਗਿਆਂ ਕਰ ਕੇ, ਉਨ੍ਹਾਂ ਤੋਂ ਲੱਖਾਂ ਰੁਪੈ ਬਟੋਰਦੇ ਅਤੇ ਲੋੜਵੰਦਾਂ ਵਿੱਚ ਵੰਡ ਦਿੰਦੇ। ਸਵੇਰੇ ਹਜ਼ਾਰਾਂ ਰੁਪੈ ਆਏ ਅਤੇ ਸ਼ਾਮ ਨੂੰ ਵੰਡ ਵੰਡਾ ਕੇ ਉਹ ਲਾਂਭੇ ਹੋ ਗਏ। ਕਿਸੇ ਸਮੇਂ ਉਨ੍ਹਾਂ ਪਾਸ ਫੁੱਟੀ ਕੌਡੀ ਨਹੀਂ ਸੀ ਬਚਦੀ। ਸ਼ਾਮ ਨੂੰ ਜਦੋਂ ਉਨ੍ਹਾਂ ਦੀ ਜੇਬ ਬਿਲਕੁਲ ਖਾਲੀ ਹੋ ਜਾਂਦੀ, ਉਸ ਘੜੀ ਜੇ ਕੋਈ ਮਹਿਮਾਨ ਆ ਗਿਆ, ਤਾਂ ਆਪਣੇ ਦੋਸਤਾਂ ਮਿੱਤਰਾਂ ਤੋਂ ਕਰਜ਼ਾ ਲੈ ਕੇ ਵੀ ਉਸ ਦੀ ਸੇਵਾ ਕੀਤੀ ਤੇ ਇਸ ਗੱਲ ਦਾ ਉਨ੍ਹਾਂ ਦੇ ਮਹਿਮਾਨਾਂ ਨੂੰ ਵੀ ਪਤਾ ਨਹੀਂ ਸੀ ਲਗਦਾ, ਕਿ ਇਸ ਸਮੇਂ ਦੀਵਾਨ ਸਿੰਘ ਪੈਸੇ ਵਲੋਂ ਬਿਲਕੁਲ ਮੁਫਲਸ ਹੈ।

ਇਕ ਵਾਰ ਉਰਦੂ ਦੇ ਪ੍ਰਸਿੱਧ ਸ਼ਾਇਰ ਮਜਾਜ਼ ਨੇ ਆਪਣੇ ਬਜ਼ੁਰਗ ਮਿੱਤਰ ਇਨਕਲਾਬੀ ਸ਼ਾਇਰ ਜੋਸ਼ ਮਲੀਹਾਬਾਦੀ ਨੂੰ ਬੜਾ ਦਿਲਚਸਪ ਕਿੱਸਾ ਸੁਣਾਇਆ, "ਜੋਸ਼ ਸਾਹਿਬ! ਕਲ ਰਾਤੀਂ ਜਦੋਂ ਮੈਂ ਦੀਵਾਨ ਸਿੰਘ ਪਾਸ ਪੁਜਾ, ਤਾਂ ਉਨ੍ਹਾਂ ਨੇ ਆਪਣੇ ਨੌਕਰ ਨੂੰ ਬੁਲਾਇਆ, ਕਿ ਦੌੜ ਕੇ ਬਜ਼ਾਰੋਂ 4 ਦਰਜਨ ਸੋਡੇ ਦੀਆਂ ਬੋਤਲਾਂ ਲੈ ਆਓ। ਜਦੋਂ ਬੋਤਲਾਂ ਆ ਗਈਆਂ, ਤਾਂ ਉਨ੍ਹਾਂ ਵਿੱਚੋਂ 6 ਬੋਤਲਾਂ ਆਪਣੇ ਪਾਸ ਰਖ ਕੇ ਬਾਕੀਆਂ ਬੋਤਲਾਂ ਗੁਸਲਖਾਨੇ ਵਿੱਚ ਖਾਲੀ ਕਰ ਦਿਤੀਆਂ। ਫਿਰ ਉਨ੍ਹਾਂ ਨੂੰ ਨੌਕਰ ਰਾਹੀਂ ਕਬਾੜੀ ਪਾਸ ਭੇਜ ਕੇ ਜੋ ਪੈਸੇ ਮਿਲੇ, ਉਸ ਨਾਲ ਮੇਰੇ ਲਈ ਸ਼ਰਾਬ ਦੀ ਬੋਤਲ ਮੰਗਵਾ ਲਈ ਬਾਕੀ ਦੇ ਪੈਸੇ ਮੇਰੀ ਸੇਵਾ ਲਈ ਤੇ ਰੋਟੀ ਪਾਣੀ ਲਈ ਰੱਖ ਲਏ।"

ਇਹ ਮਹਿਮਾਨਨਵਾਜ਼ੀ ਅਤੇ ਦੂਸਰਿਆਂ ਦੀ ਖਿਦਮਤ ਦਾ ਇਸਤਰ੍ਹਾਂ ਦਾ ਮਾਣ ਸ਼ਾਇਦ ਦੀਵਾਨ ਸਿੰਘ ਮਫ਼ਤੂੰ ਦੇ ਹੀ ਹਿਸੇ ਆਇਆ ਹੋਵੇ।

ਦੀਵਾਨ ਸਿੰਘ ਦਾ ਦੋਸਤ. ਜੋਸ਼ ਮਲੀਹਾਬਾਦੀ ਆਪਣੀ ਸ੍ਵੈ-ਜੀਵਨੀ ਵਿੱਚ ਲਿਖਦਾ ਹੈ. "ਇਕ ਵਾਰ ਮੈਂ ਦੀਵਾਨ ਸਿੰਘ ਮਫ਼ਤੂੰ ਕੋਲ ਬੈਠਾ ਹੋਇਆ ਸੀ। ਉਸੇ ਘੜੀ ਉਹ ਕਿਸੇ ਰਿਆਸਤ ਦੇ ਨਵਾਬ ਤੋਂ 70-80 ਹਜ਼ਾਰ ਰੂਪੈ ਬਟੋਰ ਕੇ ਲਿਆਇਆ ਸੀ। ਮੇਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਹਮਣੇ ਹੀ ਉਸ ਨੇ ਉਨ੍ਹਾਂ ਨੋਟਾਂ ਨੂੰ ਆਪਣੇ ਮੇਜ਼ ਦੇ ਦਰਾਜ਼ ਵਿੱਚ ਤੂਸ ਦਿਤਾ, ਤੇ ਸਾਡੀਆਂ ਆਪੋ ਵਿੱਚ ਗੱਲਾ ਸ਼ੁਰੂ ਹੋ ਗਈਆਂ। ਏਨੇ ਚਿਰ ਨੂੰ ਉਨ੍ਹਾਂ ਦਾ ਇਕ ਮਿੱਤਰ ਆਇਆ। ਹਥ ਜੋੜ ਕੇ ਉਸ ਨੇ ਨਮਸਕਾਰ ਕੀਤੀ। ਦੀਵਾਨ ਸਿੰਘ ਨੇ ਉਠ ਕੇ ਉਸ ਨੂੰ ਜਫੀ ਪਾ ਲਈ। ਕੁਰਸੀ ਤੇ ਬੈਠਣ ਲਈ ਕਿਹਾ, ਪਰ ਉਹ ਨਾ ਮੰਨਿਆ। ਖੜੋਤੇ ਖੜੋਤੇ ਹੀ ਰੁਦਨ ਭਰੇ ਸਵਰ ਵਿੱਚ ਉਹ ਬੋਲਿਆ, "ਮਫ਼ਤੂੰ ਸਾਹਿਬ! ਤੁਹਾਡੇ ਇਸ ਖਾਕਸਾਰ ਦੋਸਤ ਕੋਲੋਂ ਕੋਈ ਗਲਤੀ ਹੋ ਗਈ ਹੋਵੇ, ਤਾਂ ਮਾਫ ਕਰਨਾ। ਸ਼ਾਇਦ ਮੈਂ ਮੁੜ ਕੇ ਤੁਹਾਡੇ ਨਾਲ ਮੁਲਾਕਾਤ ਨਾਂਹ ਕਰ ਸਕਾਂ। ਹਾਲਾਤਵਸ ਮੈਂ ਕਿਸੇ ਦੂਰ ਦੇਸ਼ ਵਿੱਚ ਜਾ ਟਿਕਾਂਗਾ। ਆਖਰੀ ਵੇਲੇ ਦਰਸ਼ਨਾਂ ਦੀ ਤਾਂਘ ਤੁਹਾਡੀ ਤੀਕ ਖਿਚ ਕੇ ਲੈ ਆਈ ਹੈ। ਸੋ ਹੁਣ ਵਿਦਾ ਹੋਣਾ ਚਾਹੁੰਦਾ ਹਾਂ।" ਇਹ ਕਹਿੰਦਿਆਂ ਹੋਇਆਂ ਉਹ ਹੇਠਾਂ ਜਾਣ ਵਾਲੀਆਂ ਪੌੜੀਆਂ ਵਲ ਵਧਿਆ। ਕੁਰਸੀ ਤੋਂ ਉਠ ਕੇ ਦੀਵਾਨ ਸਿੰਘ ਨੇ ਉਸ ਦਾ ਰਸਤਾ ਰੋਕ ਲਿਆ ਅਤੇ ਕਹਿਣ ਲਗਾ, "ਪਿਆਰੇ! ਮੈਂ ਕਸਮ ਖਾ ਕੇ ਕਹਿੰਦਾ ਹਾਂ, ਕਿ ਉਨਾ ਚਿਰ ਮੈਂ ਤੈਨੂੰ ਜਾਣ ਨਹੀਂ ਦੇਵਾਂਗਾ, ਜਦ ਤਕ ਤੂੰ ਆਪਣੀ ਮੁਸੀਬਤ ਦੀ ਕਹਾਣੀ ਮੈਨੂੰ ਨਾ ਦਰਸਾ ਸਕੇ।" ਉਸ ਨੂੰ ਉਸ ਨੇ ਜ਼ਬਰਦਸਤੀ ਫੜ ਕੇ ਕੁਰਸੀ ਤੇ ਬਿਠਾ ਦਿਤਾ ਤੇ ਦੁਬਾਰਾ ਉਹ ਕਹਿਣ ਲਗਾ :

"ਮੈਂ ਹੁਣ ਕਸਮ ਪਾ ਲਈ ਹੈ। ਤੈਨੂੰ ਜਾਣ ਉਦੋਂ ਹੀ ਦਿਆਂਗਾ, ਜਦ ਤੱਕ ਤੂੰ ਇਹ ਨਾ ਦੱਸੇਂ, ਕਿ ਆਪਣਾ ਘਰ ਘਾਟ ਤਿਆਗ ਕੇ ਤੂੰ ਕਿਉਂ ਜਾਣਾ ਚਾਹੁੰਦਾ ਏਂ?"

ਅਖੀਰ ਉਸ ਦੋਸਤ ਨੇ ਝਿਜਕਦਿਆਂ ਝਿਜਕਦਿਆਂ ਦਸਿਆ, "ਦੀਵਾਨ ਸਾਹਿਬ! ਗੱਲ ਇਹ ਹੈ, ਕਿ ਪਿਛਲੇ ਕਈ ਸਾਲਾਂ ਤੋਂ ਮੈਂ ਬੁਰੀ ਤਰ੍ਹਾਂ ਕਰਜ਼ ਹੇਠਾਂ ਦਬਿਆ ਹੋਇਆ ਹਾਂ। 12-13 ਹਜ਼ਾਰ ਰੁਪਿਆ ਮੈਂ ਲੋਕਾਂ ਦਾ ਦੇਣਾ ਹੈ। ਆਪਣੇ ਪੱਲੇ ਕੱਚੀ ਕੌਡੀ ਨਹੀਂ। ਨਾ ਹੀ ਕਿਧਰੋਂ ਆਉਣ ਦੀ ਆਸ ਹੈ। ਇਸ ਲਈ ਮੈਂ ਇਹੋ ਫੈਸਲਾ ਕੀਤਾ ਹੈ, ਕਿ ਸਭ ਕੁਝ ਛੱਡ ਛੱਡਾ ਕੇ ਦਿੱਲੀ ਤੋਂ ਦੂਰ ਅਗਿਆਤ ਵਾਸ ਹੋ ਜਾਵਾਂ।", ਇਹ ਕਹਿੰਦਿਆਂ ਹੋਇਆਂ ਦੋਸਤ ਦੀਆਂ ਅੱਖਾਂ ਵਿੱਚ ਹੰਝੂ ਨਿਕਲ ਆਏ, ਤੇ ਅਗੋਂ ਉਹ ਕੁਝ ਬੋਲ ਨਾ ਸਕਿਆ।

ਦੀਵਾਨ ਸਿੰਘ ਨੇ ਦਰਾਜ ਖੋਲ੍ਹ ਕੇ 15 ਹਜ਼ਾਰ ਰੁਪੈ ਦੀ ਦੱਥੀ ਕੱਢ ਕੇ ਉਸ ਦੋਸਤ ਦੇ ਹਵਾਲੇ ਕਰ ਦਿਤੀ, "ਤੁਸੀਂ ਇਸ ਰੁਪਏ ਨਾਲ ਆਪਣਾ ਕਰਜ਼ਾ ਉਤਾਰ ਦਿਉ। ਬਾਕੀ ਦੀ ਰਕਮ ਘਰ ਦੇ ਖਰਚਾਂ ਲਈ ਰਖ ਲੈਣੀ।" ਇਹ ਕਹਿ ਕੇ ਉਸ ਦੋਸਤ ਨੂੰ ਘੁੱਟ ਕੇ ਜਫੀ ਪਾ ਲਈ, ਤੇ ਉਸ ਨੂੰ ਵਿਦਾ ਕਰ ਦਿਤਾ।

ਮਫ਼ਤੂੰ ਸਾਹਿਬ ਨਾਲ ਮੇਰੀ ਪਹਿਲੀ ਮੁਲਾਕਾਤ ਸੰਨ 1955 ਈਸਵੀ ਵਿੱਚ ਹੋਈ। ਉਦੋਂ ਉਹ ਦਰਿਆ ਗੰਜ ਦੀ ਇਕ ਪੁਰਾਣੀ ਵਡੀ ਹਵੇਲੀ ਵਿੱਚ ਰਹਿ ਰਿਹਾ ਸੀ। ਬਿਲਕੁਲ ਇਕੱਲਾ। ਇਕ ਨੌਕਰ ਉਸ ਪਾਸ ਸੀ। ਉਸ ਦੀ ਪਤਨੀ ਉਸ ਤੋਂ ਅਲਗ, ਸ਼ਹਿਰ ਵਿੱਚ ਰਹਿੰਦੀ ਸੀ। ਉਸਦਾ ਬੇਟਾ ਵੀ ਵੱਖਰਾ ਹੀ ਰਹਿ ਰਿਹਾ ਸੀ।

ਇਸ ਪਹਿਲੀ ਮੁਲਾਕਾਤ ਮਗਰੋਂ ਮੇਰੀ ਇਹ ਪ੍ਰਥਾ ਬਣ ਗਈ, ਕਿ ਹਰ ਰੋਜ਼ ਸ਼ਾਮ ਨੂੰ 7 ਵਜੇ ਦੋ ਦੋਸਤਾਂ ਸ੍ਰ: ਪ੍ਰੀਤਮ ਸਿੰਘ ਤੇ ਗਿ: ਜਸਵੰਤ ਸਿੰਘ ਨਾਲ ਉਸ ਨੂੰ ਮਿਲਣ ਜਾਣਾ। ਉਸ ਸਮੇਂ ਉਹ ਵਿਹਲਾ ਹੁੰਦਾ ਸੀ। ਗਪਸ਼ਪ ਚਲਦੀ ਰਹਿੰਦੀ। ਸਾਨੂੰ ਚਾਹ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਪਕੌੜੇ ਜਾਂ ਆਮਲੇਟ ਅਪਣੇ ਹੱਥੀਂ ਬਣਾ ਕੇ ਛਕਾਏ ਜਾਂਦੇ। ਫਿਰ ਦੋ ਢਾਈ ਘੰਟੇ ਉਹ ਆਪ ਬੀਤੀਆਂ, ਜ਼ਿੰਦਗੀ ਦੇ ਤਜਰਬੇ, ਮਹਾਰਾਜਿਆਂ ਨਵਾਬਾਂ ਤੇ ਜਾਗੀਰਦਾਰਾਂ ਦੇ ਆਪਸੀ ਝਗੜੇ, ਨੇਤਾ ਲੋਕਾਂ ਦੀਆਂ ਇਕ ਦੂਜੇ ਨਾਲ ਦੁਸ਼ਮਣੀਆਂ, ਸਰਕਾਰੀ ਕਰਮਚਾਰੀਆਂ ਦੇ ਦਿਲਚਸਪ ਕਿੱਸੇ ਆਦਿ ਸੁਣਾ ਸੁਣਾ ਉਹ ਹੱਸ ਹੱਸ ਸਾਡੇ ਢਿੱਡੀਂ ਪੀੜਾਂ ਪਾਂਦਾ ਰਹਿੰਦਾ। ਉਸ ਨੂੰ ਜ਼ਿੰਦਗੀ ਦੇ ਹਰ ਮਸਲੇ ਬਾਰੇ ਅਥਾਹ ਗਿਆਨ ਸੀ। ਸਿਹਤ ਬਾਰੇ, ਗ੍ਰਹਿਸਤੀ ਬਾਰੇ, ਜੀਵਨ ਬਾਰੇ, ਦੋਸਤਾਂ ਬਾਰੇ। ਕਈ ਵਾਰ ਉਹ ਜੇਲ੍ਹ ਗਿਆ। ਜੇਲ੍ਹ ਦੇ ਕੈਦੀਆਂ, ਕਾਤਲਾਂ, ਰਾਜਸੀ ਕੈਦੀਆਂ, ਦਰੋਗਿਆਂ, ਡਾਕਟਰਾਂ ਆਦਿ ਬਾਰੇ ਦਿਲਚਸਪ ਗੱਲਾਂ ਸੁਣਾਂਦਾ ਰਹਿੰਦਾ। ਇਹ ਸਾਰਾ ਸਮਾਂ ਮਨੋਰੰਜਨ ਵਿੱਚ ਲੰਘ ਜਾਂਦਾ। ਅਖੀਰ ਅਸੀਂ 9 ਵਜੇ ਦਰਿਆ ਗੰਜ ਤੋਂ ਬਸ ਫੜ ਕੇ ਆਪਣੇ ਠਿਕਾਣੇ ਮਹਿਰੋਲੀ ਪਹੁੰਚ ਜਾਂਦੇ।

ਉਨ੍ਹੀਂ ਦਿਨੀਂ ਉਸ ਦੀ ਸ੍ਵੈ-ਜ਼ਿੰਦਗੀ ਦੇ ਤਜਰਬਿਆਂ ਦਾ ਸਾਰ ਅੰਸ਼ ਉਰਦੂ ਦੀ ਪੁਸਤਕ 'ਨਾਕਾਬਲੇ-ਫਰਾਮੋਸ਼' ਛਪ ਕੇ ਆ ਗਈ ਸੀ। ਉਸ ਦੇ ਹਫਤੇਵਾਰੀ ਅਖਬਾਰ 'ਰਿਆਸਤ' ਦੀ ਹਾਲਤ ਬੜੀ ਡਾਵਾਂਡੋਲ ਸੀ। ਉਰਦੂ ਸਾਹਿਤ ਦੀਆਂ ਸੇਵਾਵਾਂ ਹਿਤ ਉਸ ਨੂੰ ਕੇਂਦਰੀ ਸਰਕਾਰ ਦੇ ਵਿਦਿਅਕ ਮਹਿਕਮੇ ਵਲੋਂ 300 ਰੁਪੈ ਮਾਸਕ ਪੈਨਸ਼ਨ ਮਿਲਦੀ ਸੀ। ਉਨ੍ਹੀਂ ਦਿਨੀਂ ਉਹ ਰਿਆਸਤ ਨੂੰ ਬੰਦ ਕਰਨ ਤੇ ਦਿੱਲੀ ਛਡ ਡੇਹਰਾਦੂਨ ਜਾਣ ਬਾਰੇ ਸੋਚ ਰਿਹਾ ਸੀ। ਉਸ ਦੀ ਆਤਮਕ ਸ਼ਕਤੀ ਬੜੀ ਬਲਵਾਨ ਸੀ। ਇਕ ਵਾਰ ਉਹ ਜੋ ਫੈਸਲਾ ਕਰ ਲੈਂਦਾ, ਉਸ ਤੋਂ ਪਿਛੇ ਹਟਣਾ ਸੰਭਵ ਨਹੀਂ ਸੀ। ਇਕ ਸਾਲ ਮਗਰੋਂ ਉਸ ਨੇ ਦਿੱਲੀ ਛਡ ਦੇਣ ਦਾ ਪੱਕਾ ਫੈਸਲਾ ਕਰ ਲਿਆ।

ਉਸ ਨੇ ਰਾਜਪੁਰਾ ਰੋਡ ਡੇਹਰਾਦੂਨ ਸਥਿਤ ਇਕ ਮਕਾਨ ਵਿੱਚ ਜਾ ਡੇਰਾ ਲਾਇਆ। ਕੁਝ ਚਿਰ ਬਾਦ ਉਸ ਨੇ ਮਹਿਸੂਸ ਕੀਤਾ, ਕਿ ਉਸ ਦਾ ਇਹ ਫੈਸਲਾ ਗਲਤ ਸੀ। ਦਿੱਲੀ ਵਿਖੇ ਉਸ ਨੂੰ ਦੋਸਤ ਮਿੱਤਰ, ਬੜੇ ਵੱਡੇ ਸਰਕਾਰੀ ਕਰਮਚਾਰੀ, ਨੇਤਾ, ਵਜ਼ੀਰ, ਆਦਿ ਮਿਲਣ ਵਾਲਿਆਂ ਦਾ ਉਸ ਦੇ ਘਰ ਤਾਂਤਾ ਲਗਾ ਰਹਿੰਦਾ ਸੀ। ਦਿੱਲੀ ਵਾਲੀਆਂ ਰੌਣਕਾਂ ਹੁਣ ਗਏ ਬੀਤੇ ਦੀਆਂ ਗੱਲਾਂ ਸਨ। ਅਖਬਾਰ ਬੰਦ ਸੀ। ਆਮਦਨ ਦਾ ਕੋਈ ਜ਼ਰੀਆ ਨਹੀਂ ਸੀ। ਸਿਰਫ 300 ਰੁਪਿਆ ਸਰਕਾਰੀ ਪੈਨਸ਼ਨ ਅਤੇ 100 ਰੁਪਿਆ ਉਸ ਦਾ ਇਕ ਦੋਸਤ ਉਸ ਦੀ ਸਹਾਇਤਾ ਵਜੋਂ ਘੱਲ ਦਿੰਦਾ ਸੀ। ਇਸੇ ਵਿੱਚ ਹੀ ਉਹ ਸਾਰਾ ਖਰਚ, ਖਾਣ-ਪੀਣ, ਨੌਕਰ, ਤੇ ਦਵਾਈਆ ਆਦਿ ਦਾ ਬੁਤਾ ਸਾਰ ਲੈਂਦਾ ਸੀ। ਸਾਨੂੰ ਉਸ ਪਿਆਰੇ ਮਿੱਤਰ ਦੀਆਂ ਚਿਠੀਆਂ ਆਮ ਆਂਦੀਆਂ ਰਹਿੰਦੀਆਂ ਸਨ।

ਉਨ੍ਹੀਂ ਦਿਨੀਂ ਮੇਰੀ ਆਪਣੀ ਆਰਥਕ ਹਾਲਤ ਬੜੀ ਡਾਵਾਂਡੋਲ ਸੀ। ਮੇਰੇ ਪਲੇ ਇੰਨੇ ਪੈਸੇ ਨਹੀਂ ਸਨ, ਕਿ ਉਸ ਨੂੰ ਡੇਹਰਾਦੂਨ ਜਾ ਕੇ ਮਿਲ ਆਵਾਂ। ਇਨ੍ਹੀਂ ਦਿਨੀਂ ਉਸ ਦੀ ਉਰਦੂ ਦੀ ਪੁਸਤਕ 'ਨੂਰੇ ਮਸ਼ਰਕ' ਤੇ ਹਿੰਦੀ ਦਾ ਅਨੁਵਾਦ ਛੱਪ ਚੁੱਕੇ ਸਨ। ਵਿਕਰੀ ਦਾ ਕੋਈ ਪ੍ਰਬੰਧ ਨਹੀਂ ਸੀ। ਜੋ ਪੱਲੇ ਅਸਾਸਾ ਸੀ, ਉਹ ਕਿਤਾਬਾਂ ਦੀ ਛਪਾਈ ਤੇ ਕਾਗਜ਼ ਤੇ ਖਰਚ ਹੋ ਚੁਕਾ ਸੀ। ਉਸ ਦੀ ਚਿੱਠੀ ਆਈ, "ਦਾਤਾ ਜੀ! ਮੇਰੀਆਂ ਸਾਰੀਆਂ ਛਪੀਆਂ ਪੁਸਤਕਾਂ ਟਰੱਕ ਤੇ ਲਦ ਕੇ ਦਿੱਲੀ ਲੈ ਜਾਓ। ਇਸ ਦੀ ਵਿਕਰੀ 'ਚੋਂ ਕੁਝ ਹਿਸਾ ਮੈਨੂੰ ਘੱਲ ਦਿਓ, ਬਾਕੀ ਆਪਣੇ ਪਾਸ ਰਖੋ. . .।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਇਸ ਚਿੱਠੀ ਤੋਂ ਹੀ ਪਤਾ ਲਗਦਾ ਸੀ, ਕਿ ਦੀਵਾਨ ਸਿੰਘ ਦੀ ਆਰਥਕ ਹਾਲਤ ਕਿਤਨੀ ਪਤਲੀ ਹੋ ਚੁਕੀ ਹੈ। ਇਧਰ ਮੇਰੀ ਵੀ ਉਸ ਤੋਂ ਘੱਟ ਪਤਲੀ ਹਾਲਤ ਨਹੀਂ ਸੀ। ਆਪਣੀਆਂ ਛਪੀਆਂ ਪੁਸਤਕਾਂ ਛਤ ਤੀਕ ਤੂਸੀਆਂ ਹੋਈਆਂ ਸਨ। ਪੰਜਾਬੀ ਕਿਤਾਬਾਂ ਨੂੰ ਨਾ ਕੋਈ ਪੁਛਦਾ ਸੀ, ਨਾ ਖ਼੍ਰੀਦਦਾ ਸੀ। ਸਿਰ ਤੇ ਮਣਾਂ ਮੂਹੀ ਕਰਜ਼ਾ ਸੀ। ਮੇਰੇ ਵਿੱਚ ਉਸ ਦੀਆਂ ਪੁਸਤਕਾਂ ਨੂੰ ਡੇਹਰਾਦੂਨ ਤੋਂ ਦਿੱਲੀ ਪਹੁੰਚਾਣ ਤਕ ਦੀ ਸਮਰਥਾ ਵੀ ਨਹੀਂ ਸੀ ਤੇ ਉਸ ਪਿਛੋਂ ਕਿਸ ਗੁਦਾਮ ਵਿੱਚ ਉਹ ਸਟਾਕ ਸਟੋਰ ਕੀਤਾ ਜਾਵੇ। ਉਨ੍ਹਾਂ ਪੁਸਤਕਾਂ ਦੀ ਜਿਲਦ ਬੰਦੀ ਕਰਵਾ ਕੇ ਕਿਵੇਂ ਵੇਚਿਆ ਜਾਵੇ? ਇਹ ਆਪਣੀ ਸਮਰਥਾ ਤੋਂ ਬਾਹਰ ਸੀ। ਜਦ ਮੈਂ ਆਪਣੀ ਹਾਲਤ ਬਾਰੇ ਦੀਵਾਨ ਸਿੰਘ ਨੂੰ ਲਿਖਿਆ, ਤਾਂ ਉਸ ਨੂੰ ਬੜੀ ਨਿਰਾਸ਼ਾ ਹੋਈ, ਪਰ ਚਾਰਾ ਕੋਈ ਨਹੀਂ ਸੀ।

ਕੁਝ ਦਿਨਾਂ ਪਿਛੋਂ ਉਸ ਦੀ ਚਿੱਠੀ ਆਈ, "ਮੇਰੀ ਸਿਹਤ ਬੜੀ ਡਾਵਾਂਡੋਲ ਹੈ। ਮਿਲਣ ਵਾਲਾ ਕੋਈ ਟਾਵਾਂ ਟਾਵਾਂ ਹੀ ਦੋਸਤ ਜਾਂ ਅਦੀਬ ਇਧਰ ਚਕਰ ਮਾਰਦਾ ਹੈ। ਤੁਸੀਂ ਆ ਕੇ ਮਿਲ ਜਾਓ।"

ਜੀਅ ਕਰਦਾ ਸੀ ਕਿ ਉਸ ਅਦੀਬ ਨੂੰ ਉਡ ਕੇ ਮਿਲ ਆਵੇਂ।

ਇਹ ਸ਼ਾਇਦ ਦਸੰਬਰ 1974 ਦੀ ਗੱਲ ਹੈ। ਮੇਰੇ ਮਿੱਤਰ ਸ੍ਰ: ਰਾਜਿੰਦਰ ਸਿੰਘ ਭਾਟੀਆ, ਸੰਪਾਦਕ ਕੌਮੀ ਏਕਤਾ ਤੇ ਸ੍ਰ: ਪ੍ਰੀਤਮ ਸਿੰਘ ਸੰਪਾਦਕ ਆਰਸੀ ਡੇਹਰਾਦੂਨ ਗਏ। ਉਹ ਆਪਣਾ ਕੰਮ ਮੁਕਾ ਕੇ ਸ੍ਰ: ਦੀਵਾਨ ਸਿੰਘ ਨੂੰ ਮਿਲਣ ਗਏ। ਇਕ ਛੋਟੇ ਜਿਹੇ ਕਮਰੇ, ਜਿਸ ਵਿੱਚ ਮਖੀਆਂ ਭਿਣ-ਭਿਣ ਕਰ ਰਹੀਆਂ ਸਨ, ਵਿੱਚ ਦੀਵਾਨ ਸਿੰਘ ਬਿਸਤਰੇ ਤੇ ਲੇਟਿਆ ਹੋਇਆ ਸੀ। ਮੇਜ਼ ਤੇ ਪਾਣੀ ਦੀ ਬੋਤਲ ਤੇ ਦਵਾਈਆਂ ਰਖੀਆਂ ਹੋਈਆਂ ਸਨ। ਤੀਮਾਰਦਾਰੀ ਲਈ ਨਾ ਕੋਈ ਆਪਣਾ ਰਿਸ਼ਤੇਦਾਰ, ਮਿੱਤਰ ਪਿਆਰਾ ਜਾਂ ਕੋਈ ਨੌਕਰ ਕੋਈ ਪਾਸ ਨਹੀਂ ਸੀ। ਆਪਣੇ ਦੋਵੇਂ ਮਿੱਤਰਾਂ ਨੂੰ ਵੇਖ ਦੀਵਾਨ ਸਿੰਘ ਦਾ ਮੁਰਝਾਇਆ ਚੇਹਰਾ ਖਿੜ ਗਿਆ। ਅੱਤਿ ਦੇ ਕਮਜ਼ੋਰ ਹੋਣ ਤੇ ਵੀ ਉਹ ਬਿਸਤਰੇ ਤੋਂ ਉਠ ਬੈਠਾ। ਬੜੀ ਮੁਸ਼ਕਲ ਨਾਲ ਉਹ ਗੱਲਾਂ ਕਰ ਸਕਦਾ ਸੀ।

ਜਦੋਂ ਆਪਣੇ ਇਨ੍ਹਾਂ ਦੋਹਾਂ ਮਿੱਤਰਾਂ ਨੇ ਸ੍ਰ: ਦੀਵਾਨ ਸਿੰਘ ਦੀ ਇਹ ਹਾਲਤ ਮੈਨੂੰ ਦਸੀ, ਤਾਂ ਮਨ ਕੁਰਲਾ ਉਠਿਆ। ਜਨਵਰੀ ਦੇ ਆਖਰੀ ਹਫਤੇ ਉਸ ਨੂੰ ਮਿਲਣ ਦਾ ਪ੍ਰੋਗਰਾਮ ਬਣਾ ਰਿਹਾ ਸਾਂ ਕਿ ਅਚਾਨਕ ਰੇਡੀਓ ਤੋਂ ਇਹ ਮਨਹੂਸ ਖਬਰ ਸੁਣੀ, ਕਿ "ਉਰਦੂ ਦਾ ਪ੍ਰਸਿੱਧ ਅਖਬਾਰ ਨਵੀਸ ਬੇਸਰੋ-ਸਾਮਾਨੀ ਦੀ ਹਾਲਤ ਵਿੱਚ 27 ਜਨਵਰੀ ਸੰਨ 1975 ਨੂੰ ਚਲ ਵਸਿਆ ਹੈ।" ਦੀਵਾਨ ਸਿੰਘ ਦੀ ਕਲਮ ਦੇ ਲੱਖਾਂ ਆਸ਼ਕ ਉਸ ਦਾ ਦੰਮ ਭਰਦੇ ਸਨ। ਆਖਰੀ ਵੇਲੇ ਗਿਣਤੀ ਦੇ ਹੀ ਕੁਝ ਲੋਕਲ ਬੰਦੇ ਹੀ ਉਸ ਦੀ ਅਰਥੀ ਨਾਲ ਸ਼ਾਮਲ ਸਨ। ਤੇ ਇਹ ਸੀ ਅੰਤ, ਉਰਦੂ ਦੇ ਬੜੇ ਵਡੇ ਸਾਹਿਤਕਾਰ, ਦੋਸਤਾਂ ਦੇ ਦੋਸਤ, ਗਰੀਬਾਂ ਤੇ ਲੋੜਵੰਦਾਂ ਦੇ ਸਹਾਇਕ, ਤੇ ਬੜੀ ਦਿਲਚਸਪ ਤੇ ਵਿੱਲਖਣ ਸ਼ਖਸੀਅਤ ਤੇ, ਸਾਡੇ ਮਿੱਤਰ ਦੀਵਾਨ ਸਿੰਘ ਦਾ। ਹਾਏ! ਆਪਣੇ ਮਿੱਤਰ ਦੀਵਾਨ ਸਿੰਘ, ਕਿਤਨੀ ਬੇਬਸੀ ਦੀ ਹਾਲਤ ਵਿੱਚ ਆਪਣੇ ਚਾਹੁਣ ਵਾਲੇ ਪ੍ਰੇਮੀਆਂ ਨੂੰ ਮਿਲੇ ਬਿਨਾਂ ਹੀ ਤੁਰ ਗਏ। ਸਚਮੁਚ ਦੀਵਾਨ ਸਿੰਘ ਵਰਗੇ ਫਰਿਸ਼ਤੇਨੁਮਾ ਮਨੁੱਖ ਨੂੰ ਕੁਦਰਤ ਸਦੀਆਂ ਮਗਰੋਂ ਹੀ ਪੈਦਾ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਅੰਤਕਾ

# ਜ਼ਿੰਦਗੀ ਦੀ ਸ਼ਾਮ

'ਜ਼ਿੰਦਗੀ ਦੀ ਸ਼ਾਮ' ਹੋ ਚੁੱਕੀ ਹੈ। ਅਸਲ ਵਿੱਚ ਤਾਂ ਜ਼ਿੰਦਗੀ ਦੀ ਸ਼ਾਮ ਦਾ ਆਰੰਭ 60 ਸਾਲ ਦੀ ਉਮਰ ਤੋਂ ਸ਼ੁਰੂ ਹੋ ਜਾਂਦਾ ਹੈ। ਸਾਡੇ ਦੇਸ਼ ਵਿੱਚ 58-60 ਸਾਲ ਦੀ ਉਮਰ ਵਿੱਚ ਬੰਦਾ ਸਰਕਾਰੀ ਨੌਕਰੀ ਜਾਂ ਆਪਣੇ ਨਿੱਜੀ ਕਾਰੋਬਾਰ ਤੋਂ ਰਿਟਾਇਰ ਹੋ ਜਾਂਦਾ ਹੈ। ਅਗਲੀ ਉਮਰ ਬੀਮਾਰੀਆਂ, ਪ੍ਰੇਸ਼ਾਨੀਆਂ, ਝੋਰਿਆਂ ਅਤੇ ਦਵਾਈਆਂ ਆਸਰੇ ਹੀ ਲੰਘਦੀ ਹੈ। ਕੋਈ ਖੁਸ਼ਕਿਸਮਤ ਵਿਅਕਤੀ ਹੀ 60 ਸਾਲ ਤੋਂ ਉਪਰ ਦਾ ਸਮਾਂ ਸਹਿਜ ਅਵਸਥਾ ਵਿੱਚ ਬਿਤਾਂਦਾ ਹੈ।

ਮੇਰਾ ਜਨਮ 15 ਜੁਲਾਈ, 1910 ਵਿੱਚ ਪਾਕਿਸਤਾਨ ਵਿੱਚ ਹੋਇਆ। 19 ਸਾਲ ਦੀ ਉਮਰ ਵਿੱਚ ਸਕੂਲ ਦੀ ਪੜ੍ਹਾਈ ਮਗਰੋਂ ਅੱਗੋਂ ਦੀ ਪੜ੍ਹਾਈ ਪ੍ਰਾਈਵੇਟ ਕਾਲਜਾਂ ਵਿੱਚ ਕੀਤੀ ਤੇ ਨਾਲ ਹੀ ਇਸ ਛੋਟੀ ਉਮਰ ਵਿੱਚ ਹੀ ਕਾਰੋਬਾਰ ਵਿੱਚ ਖਚਤ ਹੋ ਗਿਆ। ਚਾਰ ਸਾਲ ਰਾਵਲਪਿੰਡੀ ਤੋਂ ਕੋਹਮਰੀ ਤਕ ਆਪਣੀ ਕਾਰ-ਟੈਕਸੀ ਤੇ ਤੌਰ ਤੇ ਚਲਾਈ। ਮਗਰੋਂ ਇਸ ਕਿੱਤੇ ਨੂੰ ਛੱਡ ਕੇ ਕਈ ਪਾਪੜ ਵੇਲੇ।

ਸਕੂਲ ਦੀ ਪੜ੍ਹਾਈ ਸਮੇਂ ਅਕਾਲੀ ਲਹਿਰ ਜ਼ੋਰਾਂ 'ਤੇ ਸੀ। ਸੰਨ 1924 ਦੀਆਂ ਗਰਮੀ ਦੀਆਂ ਛੁੱਟੀਆਂ ਵਿੱਚ ਆਪਣੇ ਤਿੰਨ ਸਾਥੀਆਂ ਨਾਲ ਘਰ ਦੱਸੇ ਬਿਨਾਂ ਮੈਂ ਅੰਮ੍ਰਿਤਸਰ ਜਾ ਪੁੱਜਾ। ਉਸ ਸਮੇਂ ਸਿੱਖਾਂ ਵਿੱਚ ਬੜਾ ਜੋਸ਼ ਖਰੋਸ਼ ਸੀ। ਧਰਮ ਤੇ ਪੰਥ ਦੇ ਨਾਂ ਤੇ ਲੱਖਾਂ ਨੌਜਵਾਨ ਤੇ ਬਜ਼ੁਰਗ ਇਸ ਸੰਘਰਸ਼ ਵਿੱਚ ਕੁਦ ਪਏ ਸਨ ਤੇ ਇਹ ਨਜ਼ਾਰਾ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ।

ਆਪਣੇ ਸਕੂਲ ਦਾ ਮਾਹੌਲ ਸਾਹਿਤਕ ਸੀ। ਅਕਾਲੀ ਲਹਿਰ ਤੇ ਦੇਸ਼ ਪਿਆਰ ਸਬੰਧੀ ਕਵੀ ਦਰਬਾਰਾਂ ਵਿੱਚ ਨਗਰ ਦੇ ਬਾਕੀ ਕਵੀਆਂ ਵਾਂਗ ਮੈਂ ਵੀ ਕਵਿਤਾ ਪੜ੍ਹਿਆ ਕਰਦਾ। ਛੋਟੀ ਉਮਰ ਵਿੱਚ ਹੀ 'ਪ੍ਰੀਤਮ' ਪੰਜਾਬੀ ਦੇ ਇਕੋ ਇਕ ਰਸਾਲੇ ਵਿੱਚ ਮੇਰੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ।

ਉਹਨਾਂ ਦਿਨਾਂ ਵਿੱਚ ਭਾਈ ਮੋਹਨ ਸਿੰਘ ਵੈਦ ਤਰਨਤਾਰਨ ਦੀ ਸਵਦੇਸ਼ੀ ਪ੍ਰਚਾਰ ਲੜੀ ਦੀਆਂ 250 ਦੇ ਲਗਭਗ ਪੁਸਤਕਾਂ ਛਪੀਆਂ ਹੋਈਆਂ ਸਨ। ਉਹ ਸਾਰੀਆਂ ਹੀ ਮੈਂ ਮੁਕਾ ਲਈਆਂ। ਮੇਰਾ ਪੰਜਾਬੀ, ਉਰਦੂ ਤੇ ਅੰਗਰੇਜ਼ੀ ਵਿੱਚ ਬੜਾ ਵਧੀਆ ਦਸਖਤ ਸੀ। ਸਕੂਲ ਵਿੱਚ ਮੈਂ ਹਾਕੀ ਤੇ ਵਾਲੀਬਾਲ ਖੇਡਣਾ ਅਰੰਭ ਕੀਤਾ। ਖੇਡਾਂ ਵਿੱਚ ਮੈਂ ਬੜੀ ਸਰਗਰਮੀ ਨਾਲ ਹਿੱਸਾ ਲੈਂਦਾ ਸਾਂ। ਇਕ ਮੀਲ ਦੀ ਦੌੜ ਵਿੱਚ ਮੈਂ ਇਸ ਛੋਟੀ ਉਮਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿੱਚ ਹੀ ਪਹਿਲੇ ਨੰਬਰ 'ਤੇ ਆਇਆ, ਤੇ ਪਹਿਲਾ ਇਨਾਮ ਪ੍ਰਾਪਤ ਕੀਤਾ। ਵਾਲੀਬਾਲ ਦੀ ਗੇਮ ਸੰਨ 1926 ਤੋਂ ਲੈ ਕੇ 1946 ਤਕ ਮੈਂ ਲਗਾਤਾਰ 20 ਸਾਲ ਬੜੇ ਜੋਸ਼-ਖਰੋਸ਼ ਨਾਲ ਖੇਡਦਾ ਰਿਹਾ।

ਸੰਨ 1929 ਤੋਂ ਮੈਂ ਸਵੇਰ ਦੀ ਸੈਰ, ਵਰਜਿਸ਼ ਤੇ ਜਿਮਨਾਸਟਿਕ ਅਰੰਭ ਕੀਤੀ। ਸ਼ਹਿਰ ਵਿੱਚ ਜਦੋਂ ਲੋਕ ਹਾਲੀ, ਅੱਖਾਂ ਮਲਦੇ ਮੰਜੇ ਤੋਂ ਉਠ ਰਹੇ ਹੁੰਦੇ, ਉਦੋਂ ਮੈਂ ਆਪਣੇ ਸਾਥੀਆਂ ਨਾਲ ਸੈਰ, ਵਰਜਿਸ਼ ਤੇ ਦੌੜਾਂ ਲਗਾ ਕੇ ਘਰ ਪਰਤ ਆਉਂਦਾ। ਉਨ੍ਹੀਂ ਦਿਨੀਂ ਰਾਵਲਪਿੰਡੀ ਸ਼ਹਿਰ, ਰਾਜਸੀ ਸਰਗਰਮੀਆਂ ਦਾ ਕੇਂਦਰ ਸੀ। ਮੈਂ, ਜੈ ਪ੍ਰਕਾਸ਼ ਨਾਰਾਇਣ ਵਾਲੀ ਸੋਸ਼ਲਿਸਟ ਪਾਰਟੀ, ਸ: ਭਗਤ ਸਿੰਘ ਦੀ ਨੌਜਵਾਨ ਭਾਰਤ ਸਭਾ ਅਤੇ ਕਾਂਗਰਸ ਦਾ ਸਰਗਰਮ ਵਰਕਰ ਸਾਂ।

ਸੰਨ 1940 ਵਿੱਚ ਰਾਜਸੀ ਸਰਗਰਮੀਆਂ ਕਾਰਨ ਸੋਸ਼ਲਿਸਟ ਪਾਰਟੀ ਦੇ ਕਈ ਕਾਰਕੁੰਨਾਂ ਦੇ ਗ੍ਰਿਫਤਾਰੀ ਦੇ ਵਾਰੰਟ ਨਿਕਲ ਗਏ। ਉਸ ਵਰ੍ਹੇ ਮੈਂ ਪਾਰਟੀ ਦਾ ਇਕ ਵਿਸ਼ੇਸ਼ ਕਾਰਕੁੰਨ ਸਾਂ। ਸਾਰੇ ਕਾਰਕੁੰਨ ਰੂਪੋਸ਼ ਹੋ ਗਏ, ਤੇ ਮੈਨੂੰ ਵੀ ਉਹਨਾਂ ਸੁਨੇਹਾ ਭੇਜ ਦਿੱਤਾ, ਕਿ ਇਕਦੰਮ ਅੰਡਰ-ਗਰਾਉਂਡ ਹੋ ਜਾਓ। ਉਨ੍ਹੀਂ ਦਿਨੀ ਮੈਂ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਹੋਰਾਂ ਦੇ ਸੰਪਰਕ ਵਿੱਚ ਸਾਂ। ਸੋ ਰਾਵਲਪਿੰਡੀ ਛੱਡ ਪ੍ਰੀਤਨਗਰ ਪਹੁੰਚ ਗਿਆ। ਦੋ ਸਾਲ ਮਗਰੋਂ ਸ: ਗੁਰਬਖਸ਼ ਸਿੰਘ ਹੋਰਾਂ ਮੈਨੂੰ ਪ੍ਰੀਤਨਗਰ ਸ਼ਾਪ ਲਾਹੌਰ ਦਾ ਮੈਨੇਜਰ ਥਾਪ ਲਾਹੌਰ ਭੇਜ ਦਿੱਤਾ। ਲਾਹੌਰ ਪਹੁੰਚ ਮੇਰੀਆਂ ਰਾਜਸੀ ਸਰਗਰਮੀਆਂ ਬਿਲਕੁਲ ਖਤਮ ਹੋ ਗਈਆਂ। ਲਾਹੌਰ ਵਿਖੇ ਹੀ ਮੈਂ ਯੋਗਾ-ਆਸਨ ਸਿਖਿਆ, ਜਿਸ ਨੂੰ ਮੈਂ ਅੱਜ ਤਕ ਲਗਾਤਾਰ ਕਰਦਾ ਚਲਾ ਆ ਰਿਹਾ ਹਾਂ।

ਪ੍ਰੀਤਨਗਰ ਰਹਿਣ ਸਮੇਂ ਮੈਂ ਬੜਾ ਕੁਝ ਸਿਖਿਆ। ਉਸ ਸਮੇਂ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਸਾਰੀ ਉਮਰ ਮੇਰੇ ਨਾਲ ਰਹਿਣਗੀਆਂ। ਪ੍ਰੀਤਨਗਰ ਰਹਿੰਦਿਆਂ ਹੋਇਆਂ ਬੜੇ ਵਧੀਆ ਵਿਕਤੀਆਂ ਨਾਲ ਮੁਲਾਕਾਤ ਹੋਈ, ਜਿਹਨਾਂ ਨੂੰ ਮੈਂ ਭੁਲ ਨਹੀਂ ਸਕਦਾ। ਸ: ਗੁਰਬਖਸ਼ ਸਿੰਘ ਹੋਰਾਂ ਤੋਂ ਬਿਨਾਂ ਸ: ਨਾਨਕ ਸਿੰਘ ਨਾਵਲਿਸਟ, ਸ: ਸੋਭਾ ਸਿੰਘ ਆਰਟਿਸਟ, ਡਾ: ਮਹਿੰਦਰ ਸਿੰਘ ਰੰਧਾਵਾ, ਅੰਮ੍ਰਿਤਾ ਪ੍ਰੀਤਮ, ਪ੍ਰੋਫੈਸਰ ਤੇਜਾ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ ਮਾਹਿਰ ਤੇ ਬਲਵੰਤ ਗਾਰਗੀ ਤੋਂ ਛੁਟ ਬਾਬੂ ਕਪੂਰ ਸਿੰਘ (ਡਾ: ਜਸਵੰਤ ਗਿੱਲ ਦੇ ਪਿਤਾ ਜੀ), ਡਾ: ਰਾਮ ਸਿੰਘ, ਪ੍ਰੋਫੈਸਰ ਉਜਾਗਰ ਸਿੰਘ ਮਾਡਲ ਟਾਊਨ, ਲੁਧਿਆਣਾ ਆਦਿ ਮਹਾਨ ਵਿਅਕਤੀਆਂ ਦੇ ਵੀ ਇਥੇ ਹੀ ਦਰਸ਼ਨ ਹੋਏ। ਇਹਨਾਂ ਤੋਂ ਵੀ ਮੈਂ ਬੜਾ ਕੁਝ ਸਿਖਿਆ। ਸੰਨ 1948 ਵਿੱਚ ਦਿੱਲੀ ਪਹੁੰਚ 1966 ਤੋਂ 1986 ਤਕ ਹਾਸ ਵਿਅੰਗ ਦਾ ਇਕੋ ਇਕ ਪੰਜਾਬੀ ਮੈਗਜ਼ੀਨ 'ਨਵਾਂ ਸਾਹਿਤ' ਕਢਣ ਸਮੇਂ ਦੇਸ਼ ਵਿਦੇਸ਼ ਦੇ ਹਜ਼ਾਰਾਂ ਸਾਹਿਤਕ ਰੁਚੀਆਂ ਵਾਲੇ ਪ੍ਰੇਮੀਆਂ ਨਾਲ ਕਲਮੀ ਸਾਂਝ ਬਣੀ। ਇਹਨਾਂ ਸਭ ਤੋਂ ਮੈਨੂੰ ਬੜਾ ਪਿਆਰ ਮਿਲਿਆ। ਵਿਦੇਸ਼ ਦੇ ਕਈ ਮੁਲਕਾਂ ਦੀ ਯਾਤਰਾ ਕੀਤੀ। 1973 ਵਿੱਚ ਥਾਈਲੈਂਡ, ਸਿੰਘਾਪੁਰ, ਮਲੇਸ਼ੀਆ 1975-76 ਵਿੱਚ, ਦੋ ਵਾਰ ਪਾਕਿਸਤਾਨ, 1980 ਵਿੱਚ ਮਾਲਦੀਪ ਤੇ ਸ੍ਰੀ ਲੰਕਾ ਤੋਂ ਬਿਨਾਂ ਆਪਣੇ ਦੇਸ਼ ਦੇ ਬਹੁਤ ਸਾਰੇ ਪਹਾੜਾਂ ਦੀ ਛੋਹ ਇਹਨਾਂ ਪੈਰਾਂ ਨੂੰ ਪ੍ਰਾਪਤ ਹੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਜਦ ਤੋਂ ਸੁਰਤ ਸੰਭਾਲੀ, ਸੈਰ, ਵਰਜਿਸ਼, ਜਿਮਨਾਸਟਿਕ, ਯੋਗਾ ਆਸਨ, ਪਹਾੜਾਂ ਦੀ ਸੈਰ ਤੇ ਟਰੈਕਿੰਗ ਕਰਨ ਕਾਰਨ ਕੋਈ ਖਾਸ ਬੀਮਾਰੀ ਨਾ ਹੋਈ। ਕੋਈ ਨਸ਼ਾ ਨਹੀਂ ਕੀਤਾ। ਵਖੋ ਵੱਖ ਕਿੱਤਿਆਂ ਵਿੱਚ ਆਪਣੇ ਆਪ ਨੂੰ ਸਦਾ ਮਸਰੂਫ ਰਖਿਆ। ਪੜ੍ਹਨ ਲਿਖਣ, ਖੇਡਾਂ ਤੇ ਸੈਰ ਸਪਾਟੇ ਵਿੱਚ ਦਿਲਚਸਪੀ ਰਹੀ। ਆਮ ਲੋਕਾਂ ਨੂੰ ਭਾਵੇਂ 60 ਸਾਲ ਤੋਂ ਮਗਰੋਂ ਰੀਟਾਇਰਮੈਂਟ ਮਿਲ ਜਾਂਦੀ ਹੈ, ਸਿਹਤ ਵਜੋਂ ਵੀ ਮੱਨੁਖ ਦਿਨ-ਬ-ਦਿਨ ਪਿਛੇ ਹੀ ਰਹਿੰਦਾ ਜਾਂਦਾ ਹੈ, ਪਰ ਆਪਣੀ ਇਹ ਹਾਲਤ ਨਹੀਂ।

15 ਜੁਲਾਈ, 1992 ਨੂੰ ਮੈਂ ਆਪਣਾ 82 ਵਾਂ ਜਨਮ ਦਿਨ ਮਨਾਇਆ। ਇਸ ਘੜੀ 82ਵੇਂ ਸਾਲ ਨੂੰ ਪਾਰ ਕਰਨ ਮਗਰੋਂ 83 ਵੇਂ ਸਾਲ ਨੂੰ "ਜੀਉ ਆਇਆਂ" ਕਹਿਣ ਜਾ ਰਿਹਾ ਹਾਂ। ਸਰੀਰਕ ਤੇ ਮਾਨਸਿਕ ਤੌਰ ਤੇ ਮੈਂ ਚੜ੍ਹਦੀਆਂ ਕਲਾਂ ਵਿੱਚ ਹਾਂ। ਬੀ.ਪੀ. ਸਦਾ ਹੀ ਨਾਰਮਲ ਯਾਨੀ ਕਿ 82-120 ਰਹਿੰਦਾ ਹੈ। ਜ਼ੁਕਾਮ ਸਿਰ ਦਰਦ ਤੇ ਖਾਂਸੀ ਆਦਿ ਬੀਮਾਰੀਆਂ ਤੋਂ ਅਭਿੱਜ ਹਾਂ। ਇਸ ਘੜੀ ਵੀ ਪਹਾੜਾਂ ਵੱਲ ਦੌੜ ਜਾਣ ਨੂੰ ਜੀਅ ਕਰਦਾ ਹੈ।

ਜਨਮ ਤੋਂ ਹੀ ਮਾਪਿਆਂ, ਭੈਣਾਂ ਭਰਾਵਾਂ, ਰਿਸ਼ਤੇਦਾਰਾਂ ਤੇ ਦੋਸਤ ਮਿੱਤਰਾਂ ਵਲੋਂ ਭਰਪੂਰ ਪਿਆਰ ਤੇ ਸਤਿਕਾਰ ਪ੍ਰਾਪਤ ਹੋਇਆ ਹੈ। ਸਾਰੀ ਉਮਰ ਆਰਥਿਕ ਤੌਰ ਤੇ ਮੈਂ ਡਾਵਾਂਡੋਲ ਰਹਿੰਦਾ ਰਿਹਾ ਹਾਂ। ਕਰਜ਼ ਦੀ ਪਹਾੜ ਜਿੱਡੀ ਬੋਝਲ ਪੰਡ ਸਦਾ ਸਿਰ ਤੇ ਸਵਾਰ ਰਹੀ। ਸੰਨ, 1960 ਨੂੰ ਆਰਥਿਕ ਸੰਘਰਸ਼ ਕਾਰਨ ਨਰਵਸ ਬਰੇਕ ਡਾਊਨ ਹੋ ਗਈ। ਡਾਕਟਰਾਂ ਦੀ ਰਾਇ ਸੀ ਕਿ ਪ੍ਰੇਸ਼ਾਨੀਆਂ ਕਾਰਨ ਇਹ ਬੀਮਾਰੀ ਆ ਚਮੜੀ ਹੈ। ਇਸ ਲਈ ਇਕ-ਦਮ ਹਥਲਾ ਕੰਮ ਛੱਡ ਕੇ ਕਿਸੇ ਇਕਾਂਤ ਥਾਂ ਤੇ ਕੁਝ ਦਿਨ ਆਰਾਮ ਕਰੋ। ਡਾਕਟਰ ਦੀ ਸਲਾਹ ਮੰਨ ਕੇ ਮੈਂ ਕੁਝ ਦਿਨਾਂ ਲਈ ਪਹਾੜ ਤੇ ਚਲਾ ਗਿਆ। ਉਥੋਂ ਮੁੜ ਨਵਾਂ ਨਰੋਆ ਹੋ ਕੇ ਦਿੱਲੀ ਆ ਗਿਆ, ਪਰ ਮੁੜ ਜਦੋਂ ਕਾਰੋਬਾਰ ਨੂੰ ਸੰਭਾਲਿਆ, ਤਾਂ ਫਿਰ ਨਰਵਸ ਬਰੇਕ ਡਾਊਨ ਨੇ ਹੱਲਾ ਬੋਲਿਆ। ਇਸ ਤਰ੍ਹਾਂ ਕਈ ਵਾਰ ਹੋਇਆ ਪਰ ਅਖੀਰ ਕੁਝ ਮਹੀਨਿਆਂ ਦੇ ਆਰਾਮ ਨਾਲ ਸੰਨ 1965 ਨੂੰ ਮੁੜ ਨਵਾਂ ਨਰੋਆ ਹੋ ਗਿਆ।

ਅਗਲੇ ਸਾਲ ਬਹੁਤਾ ਲਿਖਣ ਕਾਰਨ ਸੱਜੇ ਹੱਥ ਦੀਆਂ ਉਂਗਲਾਂ ਵਿੱਚ ਪੀੜ ਹੋਣੀ ਸ਼ੁਰੂ ਹੋ ਗਈ, ਜਿਸ ਨੂੰ ਡਾਕਟਰ ਨੇ ਰਾਈਟਰਜ਼ ਕਰੈਂਪ ਕਰਾਰ ਦਿੱਤਾ। ਮੋਟੀ ਕਲਮ ਦੀ ਵਰਤੋਂ ਤੇ ਬਾਂਹ ਦੀ ਮਾਲਸ਼ ਨਾਲ ਇਸ ਦਰਦ ਵਿੱਚ ਕੁਝ ਕਮੀ ਹੋ ਗਈ, ਪਰ ਹੁਣ ਤੀਕ ਇਸ ਨੇ ਮੇਰਾ ਖਹਿੜਾ ਨਹੀਂ ਛਡਿਆ। ਹੁਣ ਤੀਕ ਸਜੇ ਹਥ ਦੀਆਂ ਉਂਗਲਾਂ ਤੇ ਸਜੀ ਬਾਂਹ ਦੀ ਲਗਾਤਾਰ ਕਸਰਤ ਤੇ ਮਾਲਿਸ਼ ਨਾਲ ਮੈਂ ਆਪਣਾ ਲਿਖਣ ਪੜ੍ਹਨ ਦਾ ਕੰਮ ਤੋਰੀ ਜਾ ਰਿਹਾ ਹਾਂ।

ਵਰਜ਼ਿਸ਼, ਜਿਮਨਾਸਟਿਕ, ਯੋਗਾ ਆਸਨ, ਨਿਯਮਬਧ ਸੈਰ, ਦੌੜਾਂ ਆਦਿ ਦੇ ਬਾਵਜੂਦ 1930 ਤੋਂ ਕਬਜ਼ੀ ਨੇ ਮੇਰਾ ਸਾਥ ਦਿੱਤਾ। ਸੰਨ 1984 ਨੂੰ ਕਬਜ਼ੀ ਦੀ ਕ੍ਰਿਪਾ ਕਾਰਣ ਹੀ ਮੈਨੂੰ ਹਰਨੀਆ ਹੋ ਗਿਆ। ਸੰਨ 1985 ਵਿੱਚ ਇਕ ਕੁਦਰਤੀ ਇਲਾਜ ਦੇ ਹਸਪਤਾਲ ਵਿੱਚ 8 ਦਿਨਾਂ ਲਈ ਤਜਰਬੇ ਦੇ ਤੌਰ ਤੇ ਮੈਂ ਦਾਖਲ ਹੋ ਗਿਆ। ਚਾਹ, ਦੁੱਧ, ਸਭ ਬੰਦ। ਹਸਪਤਾਲ ਦੇ ਲੰਗਰ ਵਿੱਚ ਬਣੀ ਸਬਜ਼ੀ ਤੇ ਫਲ ਆਦਿ ਖਾਣ ਲਈ ਮਿਲਦੇ ਅਨੀਮਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਭਾਪ, ਧੁੱਪ ਆਦਿ ਨਾਲ 60 ਸਾਲ ਪੁਰਾਣੀ ਕਬਜ਼ੀ ਦੋ ਦਿਨਾਂ ਵਿੱਚ ਗ਼ਾਇਬ। ਸਿਹਤ ਬਿਲਕੁਲ ਨਵੀਂ ਨਰੋਈ। ਬਾਕੀ ਮਰੀਜ਼ ਕਈ ਮਹੀਨਿਆਂ ਲਈ ਹਸਪਤਾਲ ਵਿੱਚ ਦਾਖਲ, ਪਰ ਬੜੇ ਘਟ ਅਰਸੇ ਵਿੱਚ ਨੇਚਰ ਕਿਉਰ 'ਕੁਦਰਤੀ ਇਲਾਜ' ਨਾਲ ਮੇਰੀ ਸਿਹਤ ਬਿਲਕੁਲ ਨਾਰਮਲ ਹੋ ਗਈ ਇਸ ਪਿਛੋਂ ਮੈਂ ਹਰਨੀਏ ਦਾ ਆਪ੍ਰੇਸ਼ਨ (ਸੰਨ 1986) ਕਰਵਾਇਆ। ਡਾਕਟਰਾਂ ਨੇ ਤਿੰਨ ਮਹੀਨੇ ਲਈ ਘਰ ਆਰਾਮ ਦਾ ਮਸ਼ਵਰਾ ਦਿਤਾ, ਪਰ ਮੈਂ ਦੋ ਕੁ ਮਹੀਨੇ ਮਗਰੋਂ ਸੈਰ, ਵਰਜ਼ਿਸ਼ ਕਰਨੀ ਸ਼ੁਰੂ ਕਰ ਦਿਤੀ ਤੇ ਤਿੰਨ ਮਹੀਨੇ ਮਗਰੋਂ ਸਕੂਟਰ ਚਲਾਣਾ ਸ਼ੁਰੂ ਕਰ ਦਿਤਾ।

ਸੰਨ 1986 ਵਿੱਚ ਮੈਂ ਯੂਥ ਹੋਸਟਲ ਐਸੋਸੀਏਟਸ਼ਨ ਆਫ ਇੰਡੀਆ ਦੇ ਪ੍ਰੋਗਰਾਮ ਮੁਤਾਬਕ ਸ਼ਿਮਲੇ ਤੋਂ 200 ਮੀਲ ਦੀ ਦੂਰੀ ਤੇ ਸਰਹਾਨ ਵਾਦੀ ਦੀ ਟਰੈਕਿੰਗ ਕੀਤੀ। ਇਸ ਪ੍ਰੋਗਰਾਮ ਵਿੱਚ ਲਗਭਗ 20 ਕੁ ਗਰੁੱਪ ਸਨ। ਇਹਨਾਂ ਵਿੱਚ ਭਾਰਤ ਦੇ ਸਾਰੇ ਪ੍ਰਦੇਸ਼ਾਂ ਵਿੱਚੋਂ ਨੌਜਵਾਨ ਮੁੰਡੇ ਕੁੜੀਆਂ ਸ਼ਾਮਲ ਹੁੰਦੇ ਹਨ। ਇਹਨਾਂ ਦੀਆਂ ਉਮਰਾਂ ਲਗਪਗ 20 ਤੋਂ ਲੈ ਕੇ 30-35 ਸਾਲ ਦੀਆਂ ਹੁੰਦੀਆਂ ਹਨ। ਇਸ ਟਰੈਕਿੰਗ ਪ੍ਰੋਗਰਾਮ ਵਿੱਚ ਮੈਂ ਹੀ ਇਕ ਨੌਜਵਾਨ-ਬਜ਼ੁਰਗ 76 ਸਾਲ ਦਾ ਸੀ। ਪਰ ਕੁਦਰਤ ਦੀ ਸਿਤਮ-ਜ਼ਰੀਫੀ ਵੇਖੋ, ਟਰੈਕਿੰਗ ਦੀ ਪੂਰਤੀ ਤੋਂ ਇਕ ਸਾਲ ਮਗਰੋਂ ਸੰਨ 1987 ਵਿੱਚ ਉਨ੍ਹੀਂ ਦਿਨੀਂ ਹੀ ਆਪਣੇ ਸਕੂਟਰ ਤੇ ਜਾਂਦਿਆਂ ਹੋਇਆਂ ਮੇਰੇ ਤੇ ਫਾਜਿਲ (ਅਧਰੰਗ) ਆਣ ਡਿੱਗਿਆ। ਜ਼ਬਾਨ ਬੰਦ ਹੋ ਗਈ। ਯਾਦ ਸ਼ਕਤੀ ਗ਼ਾਇਬ ਹੋ ਗਈ। ਯਾਦ ਨਹੀਂ ਸੀ ਆ ਰਿਹਾ, ਕਿ ਮੈਂ ਕਿਥੋਂ ਆਇਆ ਹਾਂ, ਤੇ ਕਿਥੇ ਜਾਣਾ ਹੈ? ਇਹ ਹਾਲਤ ਤਿੰਨ ਘੰਟੇ ਰਹੀ। ਮੈਂ ਆਪਣੇ ਸਕੂਟਰ ਦੀ ਗੱਦੀ ਤੇ ਬੈਠਾ "ਜ਼ਿੰਦਗੀ ਦੀ ਸ਼ਾਮ" ਦੀਆਂ ਘੜੀਆਂ ਗਿਣ ਰਿਹਾ ਸਾਂ, ਕਿ ਹੁਣ ਅੰਤ ਸਮੇਂ ਦੀ ਘੜੀ ਆ ਪਹੁੰਚੀ ਹੈ।

ਪਰ ਕੁਦਰਤ ਮੇਰੇ ਤੇ ਬਹੁਤ ਮਿਹਰਬਾਨ ਸੀ। ਉਸ ਨੇ ਤਿੰਨ ਦਿਨਾਂ ਵਿੱਚ ਹੀ ਨੌ-ਬਰ-ਨੌ ਕਰ ਕੇ ਮੈਨੂੰ ਘਰ ਭੇਜ ਦਿੱਤਾ। ਇਕ ਮਹੀਨੇ ਦੇ ਅੰਦਰ ਅੰਦਰ ਮੈਂ ਸੈਰ ਤੇ ਵਰਜ਼ਿਸ਼ ਸ਼ੁਰੂ ਕਰ ਦਿੱਤੀ। ਦੋ ਮਹੀਨਿਆਂ ਮਗਰੋਂ ਯੋਗਾ ਆਸਨ ਵੀ ਕਰਨ ਲਗ ਪਿਆ। ਤਿੰਨ ਮਹੀਨੇ ਮਗਰੋਂ ਮੈਂ ਸਕੂਟਰ ਚਲਾਣਾ ਸ਼ੁਰੂ ਕਰ ਦਿਤਾ।

ਕੁਝ ਮਹੀਨਿਆਂ ਮਗਰੋਂ ਫਿਰ ਪਹਾੜਾਂ ਤੇ ਜਾਣ ਦੀ ਲਿਵ ਲਗ ਗਈ। ਸੰਨ 1987 ਦੇ ਇਸ ਦੌਰੇ ਮਗਰੋਂ ਮੈਂ ਕਈ ਪਹਾੜ ਗਾਹੇ। ਡਲਹੋਜ਼ੀ, ਧਰਮਸ਼ਾਲਾ, ਅੰਧਰੇਟਾ, ਕੁਲੂ, ਮਨਾਲੀ, ਰੋਹਤਾਂਗ ਪਾਸ, ਕੇਲਿਮ ਤੇ ਮਨੀਕਰਨ ਹੁੰਦੇ ਹੋਏ ਅਗਲੇ ਸਾਲ ਸ਼ਿਮਲਾ, ਬੜੂ ਸਾਹਿਬ, ਡੇਹਰਾਦੂਨ, ਹਰਦੁਆਰ, ਰਿਸ਼ੀਕੇਸ਼ ਤੋਂ ਹੋ ਕੇ ਹੇਮਕੁੰਟ ਤੇ ਬਦਰੀ ਨਾਥ ਆਦਿ ਪਰਬਤਾਂ ਦੀ ਯਾਤਰਾ ਕੀਤੀ।

ਜ਼ਿੰਦਗੀ ਦੇ ਆਖਰੀ ਪੜਾਅ : 15 ਅਗਸਤ ਸੰਨ 1991 ਨੂੰ ਆਪਣੇ ਇਕ ਮਿੱਤਰ ਲੈ: ਕਰਨਲ ਜੀ.ਐਸ ਗ੍ਰੇਵਾਲ ਦੇ ਸੱਦੇ ਤੇ ਮੈਂ ਆਪਣੇ ਇਕ ਅਜ਼ੀਜ਼ ਸਤਿੰਦਰ ਸਿੰਘ ਨੂੰ ਨਾਲ ਲੈ ਕੇ ਦਿੱਲੀਓਂ ਜਲਪਾਈਗੁੜੀ (ਬੰਗਾਲ) ਜਾ ਪੁੱਜਾ। ਦਸ ਦਿਨਾਂ ਵਿੱਚ ਮੈਂ ਦਾਰਜੀਲਿੰਗ, ਮਿਰਕ, ਕਾਲੀਪਾਂਗ, ਗੰਟੋਕ (ਸਿਕਮ), ਸਿਲੀਗੁੜੀ ਆਦਿ ਅਸਥਾਨਾਂ ਦੀ ਭਰਵੀਂ ਸੈਰ ਕੀਤੀ। ਨਦੀਆਂ, ਝਰਨਿਆਂ, ਪਹਾੜਾਂ, ਚਾਹ ਦੇ ਬਾਗਾਂ ਤੇ ਹਰੀਆਂ ਭਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਿਆਰੀਆਂ ਖ਼ੂਬਸੂਰਤ ਵਾਦੀਆਂ ਦੀ ਯਾਤਰਾ ਕੀਤੀ।

ਬਹੁਤੇ ਲੋਕਾਂ ਨੂੰ 60 ਸਾਲ ਦੀ ਉਮਰ ਵਿੱਚ ਨੀਂਦ ਘੱਟ ਆਉਂਦੀ ਹੈ। ਕਈਆਂ ਨੂੰ ਤਾਂ ਨੀਂਦ ਆਉਂਦੀ ਨਹੀਂ ਤੇ ਉਹਨਾ ਨੂੰ ਰੋਜ਼ ਰਾਤ ਨੂੰ ਨੀਂਦ ਦੀਆਂ ਗੋਲੀਆਂ ਖਾਣੀਆਂ ਪੈਂਦੀਆਂ ਹਨ। ਪਰ ਆਪਣੀ ਇਹ ਹਾਲਤ ਹੈ, ਕਿ ਰਾਤੀਂ 8 ਤੋਂ 9 ਵਜੇ ਤੀਕ ਰੋਟੀ ਖਾਣ ਤੇ ਦਿਨੇ ਰੋਟੀ ਖਾਣ ਮਗਰੋਂ ਇਕ ਦਮ ਨੀਂਦ ਆਣ ਘੇਰਦੀ ਹੈ। ਰਾਤ 10 ਵਜੇ ਆਪਣੇ ਕਮਰੇ ਦੀ ਬੱਤੀ ਬੰਦ ਕਰ ਕੇ ਮਿੰਟਾਂ ਸਕਿੰਟਾ ਵਿੱਚ ਨੀਂਦ ਰਾਣੀ ਦੀ ਗੋਦ ਵਿੱਚ ਜਾ ਡਿਗਦਾ ਹਾਂ। ਸਵੇਰੇ ਪੰਜ ਵਜੇ ਉਠ ਕੇ ਸੱਭ ਤੋਂ ਪਹਿਲਾਂ ਨਿੰਬੂ ਪਾਣੀ ਤੇ ਸ਼ਹਿਦ ਦਾ ਵੱਡਾ ਸਾਰਾ ਗਿਲਾਸ ਪੀ ਕੇ ਗੁਸਲਖਾਨੇ ਜਾ ਵੜੀਦਾ ਹੈ। ਸਾਰੇ ਸਰੀਰ ਤੇ ਸਰੋਂ ਦੇ ਤੇਲ ਦੀ ਮਾਲਿਸ਼ ਕਰਕੇ ਨਹਾ ਧੋ ਤੇ ਥੋੜ੍ਹੀ ਵਰਜਿਸ਼ ਕਰ ਕੇ ਗੁਸਲਖਾਨੇ ਤੋਂ ਬਾਹਰ ਨਿਕਲਦਾ ਹਾਂ। ਉਸ ਪਿਛੋਂ ਯੋਗਾ ਆਸਨ, ਹਲਕੀ ਜਿਹੀ ਵਰਜ਼ਿਸ਼ ਕਰਨ ਮਗਰੋਂ ਸੈਰ ਲਈ ਨਿਕਲ ਜਾਂਦਾ ਹਾਂ।

ਨੀਂਦ ਦੀ ਇਹ ਸਥਿਤੀ ਹੈ, ਕਿ ਵਧੀਆ ਤੋਂ ਵਧੀਆ ਫਿਲਮ ਜਾਂ ਸੀਰੀਅਲ ਸੰਪੂਰਣ ਤੋਰ ਤੇ ਮੈਂ ਨਹੀਂ ਵੇਖ ਸਕਦਾ। ਖਬਰਾਂ, ਫਿਲਮ ਤੇ ਸੀਰੀਅਲ ਆਦਿ ਵੇਖਣ ਵਿੱਚਕਾਰ ਹੀ ਨੀਂਦ ਆ ਜਾਂਦੀ ਹੈ।

ਆਪਣੀ ਸਰੀਰਕ ਤੇ ਮਾਨਸਿਕ ਹਾਲਤ ਵੇਖ ਕੇ ਸੋਚਦਾ ਹਾਂ, ਕਿ ਸ਼ਾਇਦ ਮੈਂ 85ਵਾਂ ਜਨਮ ਦਿਨ ਮਨਾ ਕੇ ਹੀ 'ਹਰੀ ਦਾ ਦਰ' ਜਾ ਖੜਕਾਵਾਂ, ਕਿ "ਐ ਪ੍ਰਭੂ! ਇਸ ਸੰਸਾਰ ਵਿੱਚ ਆਇਆ 85 ਸਾਲ ਹੋ ਗਏ ਹਨ, ਤੇ ਹੁਣ ਤਕ ਏਨੀਆਂ ਹੀ ਸੁੰਦਰ ਬਹਾਰਾਂ ਦਾ ਅਨੰਦ ਮਾਣ ਲਿਆ ਹੈ। ਹੁਣ ਆਪਣੀ ਉਸ ਧਰਤੀ, ਯਾਨੀ ਕਿ 'ਬੇਗ਼ੱਮਪੁਰੇ' ਦੇ ਵੀ ਦਰਸ਼ਨ ਕਰਾਓ, ਜਿਥੇ ਅੰਤ ਸਮੇਂ ਹਰ ਵਿਅਕਤੀ ਨੇ ਜਾਣਾ ਹੁੰਦਾ ਹੈ। ਵੇਖੋ ਨਾ, ਪ੍ਰਭੂ ਜੀ! ਜੇ ਤੁਹਾਡੀ ਵਹੀ ਵਿੱਚ ਇਸ ਖਾਦਮ ਦੇ ਨਾਂ ਦਾ ਇੰਦਰਾਜ ਬਿਲਕੁਲ ਠੀਕ ਠਾਕ ਦਰਜ ਹੈ, ਤੇ ਇਸੇ ਤਰ੍ਹਾਂ ਮੇਰੀ ਸਰੀਰਕ ਤੇ ਮਾਨਸਕ ਸਥਿਤੀ ਵੀ ਬਿਲਕੁਲ ਨਾਰਮਲ ਹੈ, ਤਾਂ ਹੇ ਨੀਲੀ ਛਤਰੀ ਵਾਲਿਆ! ਆਪਣੇ 85ਵੇਂ ਜਨਮ ਦਿਨ ਯਾਨੀ ਕਿ 15 ਜੁਲਾਈ ਸੰਨ 1995 ਤੋਂ ਪਹਿਲਾਂ ਬੇਗਮ ਪੁਰੇ, ਨਾ ਬੁਲਾਣਾ।" ਪਰ ਫਿਰ ਸੋਚਦਾ ਹਾਂ, 'ਸਾਮਾਨ ਸੌ ਬਰਸ ਕਾ, ਕਲ੍ਹ ਕੀ ਖਬਰ ਨਹੀਂ।' ਤੇ ਇਧਰ ਤੂੰ 85 ਸਾਲ ਤਕ (ਜਾਂ ਥੋੜੀ ਬਹੁਤੀ ਹੋਰ ਐਕਸਟੈਂਸ਼ਨ) ਦੇ ਸੁਪਨੇ ਲੈ ਰਿਹਾ ਏਂ?

ਇਸ ਘੜੀ ਮੈਂ ਸੰਪੂਰਨ ਤੋਂਰ ਤੇ ਸਵੱਸਥ ਹਾਂ। ਸੈਰ ਸਪਾਟਾ, ਵਰਜ਼ਿਸ਼ ਤੇ ਯੋਗਾ ਆਸਨ ਮੇਰੇ ਨਿੱਤ ਕਰਮ ਹਨ। ਇਹਨਾਂ ਕਾਰਜਾਂ ਨੂੰ ਮੈਂ ਸਿਮਰਨ ਜਾਂ ਫਰਜ਼ ਸਮਝ ਕੇ ਕਰਦਾ ਹਾਂ। ਸਕੂਟਰ - ਕਿਨਾਟਕ ਹਾਂਡਾ ਤੇ ਸਵਾਰ ਹੋ ਕੇ ਮੈਂ ਸਵੇਰੇ ਸਵੇਰੇ ਆਪਣੇ ਦੋਸਤਾਂ ਮਿੱਤਰਾਂ ਨੂੰ ਮਿਲਣ ਤੁਰ ਪੈਂਦਾ ਹਾਂ, ਤਾ ਘਰ ਵਾਲਿਆਂ ਨੂੰ ਪਤਾ ਹੁੰਦੈ, ਕਿ ਇਸ ਨੇ ਸ਼ਾਮੀ 7-8 ਵਜੇ ਹੀ ਵਾਪਸ ਪਰਤਣਾ ਹੈ। ਇਸੇ ਲਈ ਮੈਂ ਹਾਲੀਂ ਤਕ ਆਪਣੇ ਆਪ ਨੂੰ ਬਿਰਧ ਲੋਕਾਂ ਦੀ ਢਾਣੀ 'ਚ ਨਹੀਂ ਗਿਣਦਾ।

ਇਸ 'ਜ਼ਿੰਦਗੀ ਦੀ ਸ਼ਾਮ' ਸਮੇਂ ਮੈਨੂੰ ਭਰਪੂਰ ਜਵਾਨੀ ਸਮੇਂ ਦੇ ਦਿਨਾਂ ਵਾਂਗ ਭੀੜ ਭੜੱਕੇ ਵਾਲੇ ਨਗਰਾਂ ਦੀ ਗਹਿਮਾ-ਗਹਿਮੀ ਤੋਂ ਨਠ ਕੇ, ਆਕਾਸ਼ ਛੂੰਹਦੇ ਪਰਬਤਾਂ, ਸਵੱਛ ਨਦੀਆਂ, ਝਰਨਿਆਂ, ਫਾਲਾਂ ਤੇ ਸੁੰਦਰ ਮਹਿਕਾਂ ਛਡਦੀਆਂ ਫੁੱਲਾਂ ਦੀਆਂ ਵਾਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਵਿੱਚ ਵਿੱਚਰਣ ਦੀ ਰੀਝ ਹੁੰਦੀ ਹੈ। ਮਨ ਕਰਦਾ ਹੈ, ਕਿ ਗੋਬਿੰਦ ਧਾਮ ਦੇ ਨੇੜੇ ਹੇਮਕੁੰਟ ਦੇ ਰਾਹ ਵਿੱਚ ਖਬੇ ਪਾਸੇ ਦੀ ਫੁੱਲਾਂ ਦੀ ਸੁੰਦਰ ਵਾਦੀ (ਵੈਲੀ ਆਫ ਫਲਾਵਰਜ਼) ਵਿੱਚ ਵਿੱਚਰਦਿਆਂ ਤੇ ਕੁਦਰਤ ਦੇ ਰੰਗ ਮਾਣਦਿਆਂ, ਆਪਣਾ ਆਖਰੀ ਸਾਹ ਨਿਕਲੇ। ਜਿਥੇ ਚਹੁੰ ਪਾਸੀਂ ਕੁਦਰਤ ਪਸਰੀ ਹੋਈ ਹੋਵੇ। ਪਾਸ ਕੋਈ ਆਪਣਾ, ਪਰਾਇਆ, ਮਿੱਤਰ ਸੱਜਣ ਵੀ ਨਾ ਹੋਵੇ। ਉਥੇ ਹੀ ਆਪਣੇ ਪ੍ਰਾਣ ਪੰਖੇਰੂ ਕੁਦਰਤ ਨਾਲ ਇਕ-ਮਿਕ ਹੋ ਜਾਣ। ਬਸ ਇਹੀ ਮੇਰੀ ਆਖਰੀ ਤਮੱਨਾ ਹੈ। ਆਮੀਨ!

**15 ਜੁਲਾਈ 1992**

8595

पुस्तकालय
पुस्तकालय
गुरुकुल कांगड़ी विश्वविद्यालय

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

| | Signature | Date |
|---|---|---|
| Accession | | 21.5.2 |
| Classion | | |
| Caton | | |
| Tag etc | | |
| Filing | | |
| E A R. | | |
| Any other | | |
| Checked | | |

DONATION

CC-0. In Public Domain. Gurukul Kangri Collection, Haridwar

Digitized by A

ਪੰਜਾਬੀ ਸਾਹਿਤ ਦੇ ਅਧੁਨਿਕ, ਸੁਤੰਤਰ ਕਾਲ ਵਿਚ ਪਿਆਰਾ ਸਿੰਘ ਦਾਤਾ ਦਾ ਆਪਣਾ ਵਿਸ਼ੇਸ਼ ਅਸਥਾਨ ਹੈ। ਦਾਤਾ, ਪੰਜਾਬੀ ਸਾਹਿਤ ਦਾ ਬਹੁ-ਪੱਖੀ, ਬਹੁ-ਰੰਗੀ ਤੇ ਸਰਬੰਗੀ ਚਾਨਣਹਾਰਾ ਹੈ। ਉਹ ਮਾਤ ਬੋਲੀ ਪੰਜਾਬੀ ਦਾ ਨਿਸ਼ਕਾਮ ਸੇਵੀ। ਉਸਨੇ ਪੰਜਾਬੀ ਵਾਰਤਕ ਦੀ ਰੱਜ ਕੇ ਸੇਵਾ ਕੀਤੀ, ਤੇ ਇਸ ਦੇ ਭੰਡਾਰ ਨੂੰ ਭਰਪੂਰ ਕੀਤਾ ਹੈ।

**ਡਾ: ਜੀਤ ਸਿੰਘ ਸੀਤਲ**

ਪਿਆਰਾ ਸਿੰਘ ਦਾਤਾ ਦੀ ਹੱਸਮੁਖ ਨਿੰਮ੍ਹੀ ਸ਼ਖ਼ਸੀਅਤ ਦੀ ਝਲਕ, ਮੈਨੂੰ ਉਸਦੀਆਂ ਕਿਰਤਾਂ ਤੇ ਭਾਪਾ ਨਾਨਕ ਸਿੰਘ ਦੀਆਂ ਗੱਲਾਂ ਤੋਂ ਮਿਲਦੀ ਰਹੀ ਹੈ। ਹਾਸ ਰਸ ਬੜੀ ਵਚਿੱਤਰ ਚੀਜ਼ ਹੈ; ਜਿਹੜਾ ਬੰਦਾ ਬਾਹਰੋਂ ਰੋਵੇ ਤੇ ਅੰਦਰੋਂ ਹੱਸੇ, ਅਸੀ ਉਸ ਨੂੰ ਨਿਰਛਲ ਨਹੀਂ ਆਖ ਸਕਦੇ. . .ਪਰ ਜਿਹੜਾ ਬਾਹਰੋਂ ਹੱਸੇ, ਤੇ ਅੰਦਰੋਂ ਰੋਵੇ, ਉਹ ਦੁਨੀਆਂ ਲਈ ਬੰਦਾ-ਨਵਾਜ਼ ਤੇ ਆਪਣੇ ਆਪ ਲਈ ਜ਼ਾਲਮ ਹੈ।. . .ਅਸੀਂ ਪਿਆਰਾ ਸਿੰਘ ਦਾਤਾ ਦੀ ਸਿਰਜਨਾ ਦਾ ਭਵਿੱਖ ਬਹੁਤ ਉਜਵਲ ਤੇ ਤਵੀਲ ਆਖ ਸਕਦੇ ਹਾਂ।

**ਬਲਰਾਜ ਸਾਹਨੀ**

ਪੰਜਾਬੀ ਹਾਸ ਰਸ ਸਾਹਿਤ ਵਿਚ ਦਾਤਾ ਜੀ ਦੀ ਦੇਣ ਬਹੁਤ ਵੱਡੀ ਹੈ। ਉਨ੍ਹਾਂ ਇਨਾਂ ਲਿਖਿਆ ਹੈ, ਤੇ ਇਨਾਂ ਵਧੀਆ ਲਿਖਿਆ ਹੈ, ਕਿ ਇਉਂ ਜਾਪਦਾ ਹੈ, ਜਿਵੇਂ ਉਨ੍ਹਾਂ ਦਾ ਦਿਮਾਗ ਇਕ ਅਣਥੱਕ ਕੰਮਪਿਊਟਰ ਹੈ। ਉਹ ਜਿਉਂ ਜਿਉਂ ਬੁਢੇ ਹੁੰਦੇ ਜਾ ਰਹੇ ਹਨ, ਉਨ੍ਹਾਂ ਦੀ ਕਲਪਨਾ ਸ਼ਕਤੀ ਜਵਾਨ ਹੁੰਦੀ ਜਾ ਰਹੀ ਹੈ।. . .ਇਹ ਸ਼ਰਧਾਂਜਲੀ ਤਾਂ ਨਹੀਂ, ਜਿਸਦੇ ਦਾਤਾ ਜੀ ਯੋਗ ਹਨ, ਇਸ ਦੀ ਹੈਸੀਅਤ ਉਸ ਪਰਨਾਮ ਵਾਂਗ ਹੈ, ਜਿਹੜਾ ਸੱਚੇ ਨਿੱਘ ਤੇ ਡੂੰਘੇ ਪਿਆਰ ਦਾ ਪਰਤੀਕ ਹੁੰਦਾ ਹੈ।

**ਕਨ੍ਹਈਆ ਲਾਲ ਕਪੂਰ**

ਵਗਦੇ ਦਰਿਆ ਵਾਂਗੂ, ਪੁਰਾਣੀਆਂ ਯਾਦਾਂ, ਭਾਂਵੇਂ ਫਿਕੀਆਂ ਤੇ ਕੌੜੀਆਂ, ਦਾਤਾ ਜੀ ਦੇ ਦਿਮਾਗ ਵਿਚੋਂ ਫਿਲਟਰ ਹੁੰਦੀਆਂ ਆਪਣੇ ਨਾਲ ਤਾਜਗੀ ਤੇ ਹਾਸੇ ਦੀ ਛਣਕਾਰ ਲੈ ਟੁਰਦੀਆਂ ਹਨ। ਤੇ ਕਲਮ ਦੀ ਤੋਰ ਤੋਂ ਵੀ ਕਾਹਲੀਆਂ, ਇਹ ਚਿਟੇ ਕਾਗਜ਼ ਉਤੇ ਸਿਆਹੀ ਦੀਆ ਲਕੀਰਾਂ ਵਾਹੀ ਜਾਂਦੀਆਂ ਹਨ।

**ਡਾ: ਜਸਵੰਤ ਗਿੱਲ**

CC-0. In Publ

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar